ਜੀਵਨ ਕਥਾ ਗੁਰੂ ਹਰਿ ਰਾਇ ਜੀ



ਸਤਗੁਰ ਅਸੇ ਜੇਹਾ ਕਰ

ਹਰਨਾਮ ਦਾਸ 'ਸਹਿਰਾਈ'

ਸੰਸਕਰਣ— 1994

SATLUJ AJE JERA KAR
(A Historical Novel)
By
Harnam Dass Sehrai

ਮੁੱਲ : 100 ਰੁਪਏ

ਪ੍ਰਕਾਸ਼ਕ :
ਸਵੇਰਾ ਪ੍ਰਕਾਸ਼ਨ,
ਐਨ. ਐਫ. 134,
ਅੰਦਰੂਨ ਮਾਈ ਹੀਰਾਂ ਗੇਟ,
ਜਲੰਧਰ-144 001

ਕੰਪੋਜ਼ਿੰਗ :
ਪਲਾਹਾ ਕੰਪੋਜ਼ਿੰਗ ਹਾਊਸ,
N.H. 386, ਨੀਲਾ ਮਹਿਲ,
ਜਲੰਧਰ-144 008

ਛਾਪਕ :
ਸੈਂਟੋ ਪ੍ਰਿੰਟਰਜ਼,
ਫਗਵਾੜਾ ਗੇਟ,
ਜਲੰਧਰ-144 001

ਚਿੱਤਰਕਾਰ :
ਕਸ਼ਮੀਰ ਸਿੰਘ

ਜੀਵਨ ਕਥਾ ਗੁਰੂ ਹਰਿ ਰਾਇ ਜੀ



ਸਤਲੁਜ ਅਤੇ ਜੇਰਾ ਕਰ

ਹਰਨਾਮ ਦਾਸ 'ਸਹਿਰਾਈ'

ਹਰਿਮੰਦਰ ਦਾ ਕਲਸ਼

ਉਹ ਸਾਹਿੱਤ ਦਾ ਸ਼ਾਹੂਕਾਰ ਹੈ
ਰਾਜਾ ਸਾਂਹਸੀ ਦੇ ਸੰਤ ਸਿੰਹੋ ਜਰਗਰ ਦਾ ਪੁੱਤ
ਆਰੀਆ ਸਮਾਜਣ ਮਾਂ ਲਾਜਵੰਤੀ ਦਾ
ਪ੍ਰਚੰਡ ਲਾਡਲਾ,
ਸਫ਼ਲੀ ਕੁੱਖ ਦਾ ਸਾਹਿੱਤਕਾਰ
ਉਹ ਗੱਦ-ਗੱਦ ਹੋ ਗਈ
ਜਦੋਂ ਭਾਸ਼ਾ ਵਿਭਾਗ ਦਾ ਸਨਮਾਨ
ਉਸ ਨੇ ਮਾਂ ਦੇ ਚਰਨਾਂ ਵਿਚ ਲਿਆ ਰੱਖਿਆ।
ਵਿਧਵਾ-ਕਲਿਆਣੀ ਆਰੀਆ ਸਮਾਜੀ ਨਾਨੇ
ਸਰਵਾਨੰਦ ਦਾ ਦੋਹਤਾ ਹੈ
ਦੋ ਇਨਕਲਾਬਾਂ ਦਾ ਸੰਗਮ,
ਜੋ ਸੰਧਾਵਲੀਆਂ ਦੀ ਸੱਥ 'ਚੋਂ
ਸਿੱਖ-ਸੂਰਮਗਤੀ ਦੀਆਂ ਬਾਤਾਂ
ਸੁਣਦਿਆਂ ਪ੍ਰਵਾਨ ਚੜ੍ਹਿਆ
ਉਹ ਚੂੰਗਾ ਭੁਗਤਾਉਣ ਵਾਲਾ ਹਟਵਾਣੀਆ ਨਹੀਂ,
ਸਾਹਿੱਤ ਦਾ ਬੈਂਕਰ ਹੈ
ਕੋਈ ਟਾਵਾਂ-ਟਾਵਾਂ ਹੀ ਭੁਲਦਾ ਕਰਜਾਈ ਨਹੀਂ
ਸਮੁੱਚੀ ਸਿੱਖ-ਮਾਨਸਿਕਤਾ
ਉਸਦੀ ਦੇਣਦਾਰ ਹੈ, ਕਰਜ਼ਾਈ ਹੈ।
ਮੈਂ ਉਸ ਨੂੰ ਨਹੀਂ ਹਰਿਮੰਦਰ ਦਾ ਕਲਸ਼ ਕਹਿੰਦਾ ਹਾਂ
ਭਾਵੇਂ ਉਹ ਸਭੇ ਐਬ ਸ਼ਰਈ ਹੈ
ਪਰ ਕੌਣ ਹੈ ਜੋ
ਸਭੋਂ ਐਬ ਸ਼ਰਈ ਨਹੀਂ ?
ਫ਼ਰਕ ਚੌਰਾਹੇ ਤੇ ਬੰਦ-ਕੋਠੜੀ ਦਾ ਹੈ।
ਉਸ ਨੂੰ ਕਿਸੇ ਵੀ ਮਰਯਾਦਾ ਦਾ ਭੈ ਨਹੀਂ
ਉਹ ਤਨ ਦੀ ਤਲਬ ਦੀ ਸੁਣੇਗਾ
ਮਨ ਨੂੰ ਗੁਰ-ਮਹਿਮਾ 'ਚ ਜੋੜੇਗਾ
ਭਾਈ ਕਲਮਾਂ ਦੀ ਤਾਬਿਆ 'ਚ ਬੈਠੇਗਾ
ਪੰਜ ਸਦੀਆਂ ਦੇ ਅੰਗ-ਸੰਗ ਵਿਚਰੇਗਾ
ਪ੍ਰਤਿਭਾ ਬਾਤਾਂ ਦੀ ਜ਼ੰਜੀਰ ਟੁਕੇਗੀ
ਕਲਪਨਾ ਗੁਰ-ਹਜ਼ੂਰੀ 'ਚ ਪੁੱਜੇਗੀ
ਚਰਨ ਪਰਸੇਗੀ, ਗੜਵਈ ਬਣੇਗੀ
ਗੁਰੂ-ਹਜ਼ੂਰ ਦੇ ਨੂਰ 'ਚ ਧੁਸ ਜਾਵੇਗੀ ਉਹ
ਅਤੀਤ ਮੁਨੱਵਰ ਹੋ ਜਾਵੇਗਾ ਉਸ ਦੇ ਮੱਥੇ ਵਿਚ
ਉਸਦੀ ਵਰਾਸਤੀ ਮੀਨਾਕਾਰੀ
ਉਸਦੀ ਕਲਮ 'ਚ ਆ ਜੁੜੇਗੀ

ਸੂਤਰ-ਦ੍ਰਿਸ਼ਟੀ ਦਾ ਮੂਲ ਸੰਕੇਤ ਮਿਲੇਗਾ
'ਇਲ੍ਹ ਪੁੱਤ ਪੰਜੇ ਤੇ।
ਦਿਖਾ ਮਿਲੀਆਂ ਰਖਸ਼ਿਸ਼ਾਂ ਦੇ ਜੌਹਰ।'
ਸੰਤ ਸਿੰਹੋ ਜ਼ਰਗਰ ਦਾ ਪੁੱਤ ਹੈ ਨਾ
ਨਗੀਨਿਆਂ ਜੜਤ ਗਹਿਣਾ।
ਇਕੋ ਹੀ ਵਾਰ ਘੜ ਸੁੱਟੇਗਾ,
ਫਾਰਸੀ ਲਿਪੀ 'ਚ ਠੇਠ ਮਾਝੀ 'ਚ
ਉਸ ਦੇ ਕਿਸੇ ਵੀ ਖਰੜੇ ਵਿਚ
ਇਕ ਵੀ ਸ਼ਬਦ ਕੱਟਿਆ ਜਾਂ
ਸੋਧਿਆ ਨਹੀਂ ਮਿਲਦਾ।
ਉਸ ਲਿਖਤ ਨੂੰ
ਮੁੜ ਪੜ੍ਹਨ ਦੀ ਲੋੜ ਹੀ ਨਹੀਂ ਸਮਝੀ।
ਏਨਾ ਭਰੋਸਾ ਹੈ ਉਸ ਨੂੰ
ਕਲਮ ਤੇ ਹੋਈ ਨਿਵਾਜ਼ਿਸ਼ ਦਾ।
ਉਹ ਨਿਰਾ ਸ੍ਵੈ-ਭਰੋਸਾ ਹੈ—ਸਾਕਾਰ!
ਅੱਖੜ, ਅੜਬ, ਮੂੰਹ-ਜ਼ੋਰ, ਨਿਰੀ-ਗਾਲ੍ਹ।
ਗਾਲ੍ਹ ਤਾਂ ਉਸਦਾ ਤਕੀਆ ਕਲਾਮ ਹੈ।
ਤੇ ਸੋਚ
ਪਹਾਰੇ ਦੀ ਚੰਗਿਆੜੀ ਵਰਗੀ
ਜਦੋਂ ਉਹ ਫੂਕ ਲਾਉਂਦਾ ਹੈ
ਤਾਂ ਸਾਰਾ ਸੁਨਹਿਰੀ ਅਤੀਤ
ਉਸਦੀ ਕੁਠਾਲੀ 'ਚ ਆ ਢਲਦਾ ਹੈ—
'ਲੈ ਬਣਾ ਲੈ ਜੋ ਮਰਜ਼ੀ।'
ਪਾਸੇ ਦਾ ਸੋਨਾ
ਸਿਰ-ਸੁੱਟ ਖੜੋਂਦਾ ਹੈ।
ਤੁਸੀਂ ਜਾਣਦੇ ਹੋ ਨਾ
ਰੂਪਵਤੀਆਂ ਦੇ ਬਿਸਕੁਟ ਕੰਨੀ-ਡਲ੍ਹੀਂ ਨਹੀਂ
ਪਾਈ ਫਿਰਦੀਆਂ।
ਉਹ ਸ਼ਬਦਾਂ ਦੀ ਆਰਸੀ ਘੜਦਾ ਹੈ
ਕਲਪਨਾ ਦੀ ਮਿਕਨਾਤੀਸੀ ਰਲਾਉਂਦਾ ਹੈ
ਅਤੀਤ ਦੇ ਯਥਾਰਥ ਵਿਚ
ਕਲਪਨਾ ਦੀਆਂ ਬਾਗ਼ੀਚੀਆਂ ਲਾਉਂਦਾ ਹੈ।
ਇਤਿਹਾਸ ਤੋਂ ਵੀ ਸੱਚੇ
ਪਾਤਰ ਘੜਦਾ ਹੈ।
ਉਸ ਨੂੰ ਸਿੱਖ ਇਤਿਹਾਸ ਦੀ ਖੰਡੇ ਦੀ
ਧਾਰ ਤੇ ਤੁਰਨਾ ਆਉਂਦਾ ਹੈ।
ਬੜੀ ਅਥਰੀ ਹੈ ਉਸ ਦੀ ਕਲਮ
ਉਹ ਸਿੱਖ-ਸਾਹਿਬਾਂ ਦੇ

ਮਰਦਾਵੇਂ ਰੂਪ ਦੀਆਂ ਆਸ਼ਿਕ
ਰੂਪਵਤੀਆਂ ਦੀ ਗੱਲ ਕਰ ਸਕਦਾ ਹੈ
ਉਹ ਅਨੂਪ ਕੌਰ ਦੀਆਂ ਸ਼ਰਾਬੀ ਅੱਖਾਂ ਦੀ
ਕਸ਼ਿਸ਼ ਜਾਣਦਾ ਹੈ
ਤੇ ਲਾਹੌਰ ਦੇ ਕਾਜ਼ੀ ਦੀ ਸੂਫ਼ੀ ਧੀ,
ਨੂਰਜਹਾਂ ਦੀ ਸਹੇਲੀ,
ਕਮਰ-ਉਲਨਿਸਾਂ-ਕੋਲਾਂ ਦੀ,
ਬੇਬਾਕੀ ਉਸਦੇ ਅੰਗ-ਸੰਗ ਹੈ
ਉਸਦੇ ਲੋਹ-ਕਿੱਤੇ ਦੇ ਬਿਉਪਾਰ ਵਾਂਗ।
ਡੰਡਉਤ ਹੈ
ਉਸਦੇ ਕਿੱਤੇ ਨੂੰ
ਜੋ ਉਸ ਦੀ ਪ੍ਰਤਿਭਾ ਨੂੰ ਚੱਪੇ-ਚੱਪੇ 'ਚ
ਲੈ ਗਿਆ।
ਹਿੰਦਵਈਏ, ਬੰਗਾਲੀ, ਮਰਾਠੇ ਤੇ ਗੁਜਰਾਤੀ
ਉਸਦੇ ਯਾਰ ਬਾਸ਼ ਹਨ,
ਜਿਨ੍ਹਾਂ ਉਸ ਨੂੰ
ਆਪਣੀਆਂ ਭਾਸ਼ਾਵਾਂ ਦੀ ਬੁਕਲ 'ਚ ਸਾਂਭਿਆ ਹੈ
ਉਸਦਾ ਲੋਹਗੜ੍ਹ ਕੌਮੀ ਸੁਗਾਤ ਹੈ।
ਉਹ ਜਾਣਦਾ ਹੈ
ਕਿ ਸ਼ਿਵਾ ਜੀ ਕਿਵੇਂ ਛਤਰਪਤੀ ਬਣ ਗਿਆ
ਤੇ ਗੁਰੂ ਗੋਬਿੰਦ ਸਿੰਘ ਨੂੰ ਕਿਉਂ ਰੁਲਣਾ ਪਿਆ
ਇਤਿਹਾਸ ਉਸਦੇ ਹਿਰਦੇ ਦੀ ਕਰਕ ਹੈ
ਤੇ ਸੰਘਰਸ਼ ਸ਼ਕਤੀ।
ਉਸ ਨੂੰ ਤੇਰਾਂ ਬੋਲੀਆਂ ਭਖਸ਼ਕ ਹੈ
ਆਪਣੀ ਮਾਂ ਬੋਲੀ ਪੰਜਾਬੀ ਤੇ ਫ਼ਖ਼ਰ ਹੈ।
ਮਿੱਸੀ ਬੋਲੀ ਦਾ ਮਿੱਸਾ ਖ਼ਜ਼ਾਨਾ
ਨਿਰਾ ਹਾਜ਼ਮਾ,
ਲੋਕਯਾਨ ਦਾ ਵਲਟੋਹਾ
ਉਹ ਸਾਕਾਰ ਇਰਾਦਾ ਹੈ—ਤੌਫ਼ੀਕ।
ਹਰਿਮੰਦਰ ਦੇ ਹਜ਼ੂਰ
ਉਹ ਮਾਲਾ ਲਪੇਟੀ
ਅਰਦਾਸ ਦੀ ਮੁਦਰਾ 'ਚ ਖੜ੍ਹਾ ਹੈ
'ਸੱਚੇ ਪਾਤਸ਼ਾਹ—ਤੌਫ਼ੀਕ ਬਖਸ਼
ਮੈਂ ਤੇਰੀਆਂ ਦਸ ਜੋਤਾਂ ਦੀਆਂ
ਦਸ ਗਲਪ-ਜੋਤਾਂ ਜਗਾ ਸਕਾਂ।'
ਇਕ ਲਿਸ਼ਕਾਰਾ ਜਿਹਾ ਵਜਦਾ ਹੈ
ਤੇ ਬਖਸ਼ਿਸ਼ ਉਸ ਵਿਚ ਪ੍ਰਵੇਸ਼ ਕਰ ਜਾਂਦੀ ਹੈ,
ਮੈਂ ਕਿਹਾ ਹੈ ਨਾ
ਸਾਡੀ ਸਿੱਖ-ਮਾਨਸਿਕਤਾ
ਉਸਦੀ ਕਰਜ਼ਾਈ ਹੈ, ਦੇਣਦਾਰ ਹੈ

ਪਰ !
ਕਿਸੇ ਵੀ ਧਨੀ ਸਿੱਖ ਜਾਂ ਸੰਸਥਾ ਵਿਚ
ਇਸ ਕੌਮੀ-ਕਰਜ਼ੇ ਦੀ
ਇਕ ਪਾਈ ਤੱਕ ਵੀ ਮੋੜਨ ਦੀ
ਨਮੋਸ਼ੀ ਨਹੀਂ,
ਅਣਖ ਨਹੀਂ, ਸੂਝ ਨਹੀਂ, ਸੋਝੀ ਨਹੀਂ।
ਉਹ ਤੁਹਾਡੇ ਸਿਰੋਪਿਆਂ ਨੂੰ ਕੀ ਕਰੇ ?
ਉਹ ਤਾਂ ਸਿਗਰਟੀ ਮੋਨਾ ਹੈ
ਕੀ ਉਹ ਤੁਹਾਡੀ ਹਜ਼ਾਰ-ਖੰਡ ਦੀ
ਫ਼ੈਲੋਸ਼ਿਪ ਲਈ ਗਿੜਗੜਾਵੇ ?
ਮਾਣਤਾ ਦੀਆਂ ਬੁਰਕੀਆਂ ਲਈ
ਪੂਛ ਹਿਲਾਵੇ ?
ਨਹੀਂ ! ਨਹੀਂ !
ਉਹ ਹਰਨਾਮ ਦਾਸ ਸਹਿਰਾਈ ਹੈ
'ਈਗਲ' ਬਰਾਂਡ ਔਜ਼ਾਰਾਂ ਦਾ ਨਿਰਮਾਤਾ।
ਹਰਿਮੰਦਰ ਦਾ ਕਲਸ਼
ਉਹ ਤੁਹਾਡੀ ਮਰਜ਼ੀ ਦੀ ਗੋਲਕ ਦਾ ਗੁਲਾਮ ਨਹੀਂ।
ਯਾਦ ਰੱਖੋ, ਫ਼ਿਰਦੌਸੀ ਦੇ 'ਸ਼ਾਹ ਨਾਮੇ' ਦਾ ਦਾਗ
ਮਹਿਮੂਦ ਕਦੇ ਨਾ ਹੋ ਸਕਿਆ।
ਕਲਮ ਦੇ ਸਮਰਾਟ
ਸਦੀਵੀ ਹੁੰਦੇ ਹਨ
ਧੰਨ ਦਾ ਫ਼ਰੇਬ ਤਾਂ
ਛਿਣ ਭੰਗਰਾ ਹੈ।
ਬਖਸ਼ਿਸ਼ ਉਸ
ਆਪਣੀ ਸਾਧਨਾ ਨਾਲ ਕਮਾਈ ਹੈ
ਤੇ ਉਹ ਗੁਰੂ ਦੀ ਲਾਜ ਰੱਖਣੀ ਜਾਣਦਾ ਹੈ
ਉਹ ਜੋ ਸਭੇ ਐਬ ਸ਼ਰੱਈ ਹੈ
ਨਿਰੀ ਪੁਨੀਤ ਨਾਨਕ ਸ਼ਾਹੀ ਕਲਮ ਹੈ
ਭਾਈ ਗੁਰਦਾਸ ਹੈ,
ਭਾਈ ਮਨੀ ਸਿੰਘ ਹੈ,
ਭਾਈ ਸੰਤੋਖ ਸਿੰਘ ਹੈ
ਭਾਈ ਵੀਰ ਸਿੰਘ ਹੈ,
ਭਾਈ ਹਰਨਾਮ ਦਾਸ ਸਹਰਾਈ।
ਅਤੇ ਨਾਨਕੀ-ਸੰਸਥਾਵਾਂ ਦੇ ਡਕੈਂਤਾਂ ਨੂੰ
ਚਣੌਤੀ ਹੈ।
ਵੇਖਦੇ ਹਾਂ ਕੰਨ ਜਾਂ ਅੱਖਾਂ
ਖੁਲ੍ਹਦੀਆਂ ਵੀ ਹਨ ਜਾਂ ਨਹੀਂ।
ਪਰ ਗੱਲ ਮਹਿਮੂਦ ਦੇ ਪਛਤਾਵੇ ਵਾਲੀ ਨਾ ਹੋਵੇ।
ਓਮ ਸਤਿਅੰਮ, ਸ਼ਿਵਮ, ਸੁੰਦਰਮ।

ਡਾ: ਆਤਮ ਹਮਰਾਹੀ

ਜੀਵਨ ਕਥਾ ਗੁਰੂ ਹਰਿ ਰਾਇ ਜੀ



ਸਤਲੁਜ ਅਤੇ ਜੇਰਾ ਕਰ

ਹਰਨਾਮ ਦਾਸ 'ਸਹਿਰਾਈ'

ਸਪਤਮ ਮਹਲ ਅਗਮ ਹਰਿ ਰਾਇਆ ।
ਜਿਨ ਸੁੰਨ ਧਿਆਨੇ ਕਰ ਜੋਗ ਕਮਾਇਆ ।
ਚੜ ਗਗਨ ਗੁਫਾ ਮਹਿ ਰਹਿਓ ਸਮਾਈ ।
ਜਹਿ ਬੈਠ ਅਡੰਲ ਸਮਾਧਿ ਲਗਾਈ ।
ਸਭ ਕਲਾ ਖੈਂਚ ਕਰਿ ਗੁਪਤ ਰਹਾਯੇ ।
ਤਹਿ ਅਪਨ ਰੂਪ ਕੋ ਨਹਿ ਦਿਖਲਾਯੇ । ੨੨ ।

—ਭਾਈ ਗੁਰਦਾਸ ਦੂਜਾ

ਜੀਵਨ ਕਥਾ ਗੁਰੂ ਹਰਿ ਰਾਇ ਜੀ



ਸਤਲੁਜ ਅਜੇ ਜੇਰਾ ਕਰ

ਹਰਨਾਮ ਦਾਸ 'ਸਹਿਰਾਈ'

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥
ਚਾਰ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥
ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥
ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥
ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥
ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥
ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥
ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥
ਹਰਿ ਮੇਲਹੁ ਸੁਆਮੀ ਸੰਗ ਪ੍ਰਭ ਜਿਸ ਕਾ ਨਿਹਚਲ ਧਾਮ ॥

ਬਾਰਹ ਮਾਹਾ : ਮਾਝ ਮਹਲਾ ੫, ਘਰੁ ੪

੧ ਮੰਗਲਾਚਰਨ

੧

ਗੱਲ ਇਕ ਬਾਦਸ਼ਾਹ ਦੀ

ਗੋਂ ਭੁਨਾਵੇ ਜੌਂ ਭਾਵੇਂ ਕੱਚੇ ਹੀ ਹੋਣ !

ਦੁੱਖ ਪੁੱਤ ਦਾ ਕੋਈ ਵਿਰਲਾ ਹੀ ਬੰਦਾ ਸਹਾਰੇ ਤੇ ਸਹਾਰ ਲਏ ਵਰਨਾ ਇਸ ਸ੍ਰਿਸ਼ਟੀ ਤੇ ਕੋਈ ਬੰਦਾ ਵੀ ਪੁੱਤ ਦਾ ਦੁੱਖ ਜਰ ਨਹੀਂ ਸਕਦਾ। ਔਲਾਦ ਲਈ ਲੋਕ ਸੱਪਾਂ ਦੀਆਂ ਸਿਰੀਆਂ ਮਿਧਦੇ ਹਨ। ਹੁਜਰੇ ਪੂਜਦੇ, ਮਕਬਰਿਆਂ ਤੇ ਮੱਥੇ ਟੇਕਦੇ। ਸੰਤਾਂ, ਸਾਧੂਆਂ ਅੱਗੇ ਨੱਕ ਰਗੜਦੇ। ਝੋਲੀ ਖੈਰ ਪੈ ਜਾਏ ਕਿਤੋਂ ਵੀ ਪੈ ਜਾਏ। ਪੁੱਤ ਨੂੰ ਲੱਗਾ ਦੁੱਖ ਦੂਰ ਹੋ ਜਾਏ ਤਾਂ ਠੰਡ ਪੈਂਦੀ ਏ ਕਲੇਜੇ ਪਿਓ ਦੇ। ਜੇ ਪੁੱਤ ਤੜਫਦਾ ਹੋਵੇ ਮੰਜੇ ਤੇ ਪਿਓ ਦੀ ਨੀਂਦ ਹਰਾਮ ਜੀਣਾ ਅਜ਼ਾਬ। ਮਾਂ ਨੇ ਤੇ ਦੁੱਖੀ ਹੋਣਾ ਹੀ ਏ, ਪਰ ਪਿਓ ਹੀਲੇ ਵਸੀਲੇ ਹੀ ਕਰ ਸਕਦਾ ਏ। ਮਾਂ ਤਾਂ ਸਿਰਫ ਢਾਹਾਂ ਮਾਰਨ ਜੋਗੀ ਹੀ ਹੁੰਦੀ ਏ। ਪੁੱਤ ਗ਼ਰੀਬ ਦਾ ਹੋਵੇ ਜਾਂ ਅਮੀਰ ਦਾ ਪਿਓ ਘਰ-ਬਾਰ, ਝੁਗਾ ਤੱਕ ਵੇਚ ਕੇ ਉਹਦੇ ਤੇ ਲਾ ਦਿੰਦਾ ਏ। ਸਿਰਫ ਏਸ ਉਮੀਦ ਉਤੇ ਕਿ ਮੈਂ ਜਦ ਬੁੱਢਾ ਹੋਵਾਂਗਾ ਤਾਂ ਮੇਰੀ ਲਾਠੀ ਦਾ ਸਹਾਰਾ ਬਣੇਗਾ। ਹੈ ਤੇ ਇਹ ਸੁਪਨਿਆਂ ਦੀ ਗੱਲ ਪਰ ਸਾਰਾ ਜਹਾਨ ਇਕੋ ਜਿਹਾ ਨਹੀਂ। ਕਈਆਂ ਘਰਾਂ ਵਿਚ ਸਰਵਣ ਜਿਹੇ ਪੁੱਤ ਵੀ ਜੰਮ ਪੈਂਦੇ ਹਨ। ਬਾਕੀ ਤੇ ਗਲ ਭਾਗਾਂ ਤੇ ਮੁਕਦੀ ਏ। ਕੀ ਪਤਾ ਏ ਕਿ ਪਿਓ ਨੇ ਮੰਜੇ ਤੇ ਹੀ ਅੱਡੀਆਂ ਰਗੜਦੇ ਰਹਿਣਾ ਏ, ਮੰਜੇ ਤੇ ਅੜਿੰਗਦਾ ਰਹਿਣਾ ਏ ਤੇ ਕਿਸੇ ਪੁੱਤ ਨੇ ਪਿਓ ਦੇ ਮੂੰਹ ਵਿਚ ਪਾਣੀ ਦਾ ਤੁਪਕਾ ਵੀ ਨਹੀਂ ਚੋਣਾ। ਨਾ ਹੋਵੇ ਪਰ ਪਿਓ ਦਾ ਤੇ ਫਰਜ਼ ਬਣਦਾ ਏ ਕਿ ਔਲਾਦ ਦੀ ਦੇਖ-ਭਾਲ ਕਰੇ। ਆਪਣੀ ਚਮੜੀ

ਵੀ ਵੇਚ ਕੇ ਪੁੱਤ ਦਾ ਇਲਾਜ ਕਰੇ। ਜਵਾਨ ਪੁੱਤ ਬੀਮਾਰ ਹੋਵੇ ਤਾਂ ਮਾਂ ਪਿਓ ਦੀਆਂ ਰਾਤਾਂ ਦੋਜ਼ਖ ਦੀਆਂ ਤੇ ਦਿਨ ਕਿਆਮਤ ਦੇ। ਇਹ ਗੱਲ ਤਾਂ ਹੋਈ ਨਾ ਆਮ ਬੰਦੇ ਦੀ। ਤੁਹਾਡੀ ਸਾਡੀ ਗੱਲ।

ਆਓ ਹੁਣ ਗੱਲ ਕਰੀਏ ਬਾਦਸ਼ਾਹਾਂ ਦੀ। ਬਾਦਸ਼ਾਹਾਂ ਨੂੰ ਜਿਦਾਂ ਰੋਗ ਲਗਦੇ ਹੀ ਨਹੀਂ। ਲੱਗਣ ਵੀ ਕਿਉਂ। ਏਨੇ ਹਕੀਮ, ਵੈਦ, ਡਾਕਟਰ, ਉਨ੍ਹਾਂ ਦੇ ਹੁੰਦਿਆਂ ਬੰਦਾ ਬੀਮਾਰ ਕਿਸ ਤਰ੍ਹਾਂ ਹੋ ਜਾਏ, ਪੈਸੇ ਦੀ ਘਾਟ ਨਹੀਂ। ਦਵਾਈਆਂ ਦੀ ਥੋੜ੍ਹ ਨਹੀਂ। ਜਦੋਂ ਜੋ ਜੀਅ ਆਏ ਖਾਏ ਤੇ ਫੇਰ ਬੀਮਾਰੀ ਕਿਸ ਤਰ੍ਹਾਂ ਨੇੜੇ ਆ ਸਕਦੀ ਏ। ਪਰ ਨਹੀਂ। ਕੁਦਰਤ ਬੜੀ ਬੇਨਿਆਜ਼ ਏ। ਜੇ ਗਰੀਬ ਨੂੰ ਬੀਮਾਰੀ ਆਉਂਦੀ ਏ ਤਾਂ ਉਹ ਹਕੀਮ ਕੋਲੋਂ ਦੋ ਚਾਰ ਪੁੜੀਆਂ ਲੈ ਲਵੇਗਾ ਤੇ ਅੱਲਾਹ ਦਾ ਨਾਂ ਲੈ ਕੇ ਖਾਊ। ਕੁਦਰਤ ਦੀ ਰਹਿਮਤ ਨਾਲ ਆਰਾਮ ਆ ਗਿਆ ਤੇ ਆ ਗਿਆ। ਗ਼ਰੀਬ ਤਾਂ ਰੱਬ ਦੇ ਆਸਰੇ ਜਿਉਂਦੇ ਹਨ ਪਰ ਬਾਦਸ਼ਾਹ ਤਾਂ ਰੱਬ ਨੂੰ ਬੂਹੇ ਨਹੀਂ ਫਟਕਣ ਦੇਂਦੇ। ਰੱਬ ਕੀ ਏ? ਉਨ੍ਹਾਂ ਦੇ ਕਦੀ ਖ਼ਾਬੋ ਖ਼ਿਆਲ ਵਿਚ ਹੀ ਨਹੀਂ ਆਇਆ। ਉਹ ਤੇ ਆਪ ਰੱਬ ਹਨ। ਰੱਬ ਕੋਲ ਹੋਰ ਕਿਹੜੀ ਵਖਰੀ ਖ਼ੁਦਾਈ ਏ ਕਿ ਬੰਦੇ ਦੀ ਜਾਨ ਕੱਢਣੀ ਏ। ਬਾਕੀ ਰੱਬ ਹੋਰ ਕਿਹੜਾ ਹਲ ਵਾਹੁੰਦਾ ਏ? ਬਾਦਸ਼ਾਹ ਉਹ ਦਿਨ ਵਿਚ ਵੀਹ ਕਤਲ ਕਰਵਾ ਦੇਵੇ। ਪੰਜ ਸੌ ਬੰਦਿਆਂ ਨੂੰ ਪੁੱਛਿਆਂ ਤੋਂ ਬਗੈਰ ਕਿਸੇ ਕਸੂਰ ਦੀ ਤੁਹਮਤ ਲਾਇਆਂ ਬਗੈਰ ਹੀ ਕਤਲ ਕਰਵਾ ਦੇਵੇ, ਕੋਈ ਬੇਗੁਨਾਹ ਮਾਰਿਆ ਜਾਵੇ ਜਾਂ ਦੋਸ਼ੀ। ਬਾਦਸ਼ਾਹ ਨੂੰ ਕੌਣ ਆਖੇ। ਨੀਲੀ ਛੱਤਰੀ ਤੇ ਰੱਬ ਰਹਿੰਦਾ ਹੋਵੇਗਾ ਪਰ ਬਾਦਸ਼ਾਹ ਤਾਂ ਧਰਤੀ ਤੇ ਵਸਦਾ ਏ। ਉਹਦੀ ਜ਼ਬਾਨ ਵਿਚੋਂ ਨਿਕਲਿਆ ਇਕ ਸ਼ਬਦ ਵੀ ਕਾਨੂੰਨ ਬਣ ਜਾਂਦਾ ਏ। ਬਾਦਸ਼ਾਹ ਰੱਬ ਦਾ ਦੂਜਾ ਸ਼ਰੀਕ ਭਰਾ ਏ। ਇਹ ਗੱਲ ਓਸ ਬਾਦਸ਼ਾਹ ਦੀ ਜਿਹੜਾ ਇਨਸਾਫ ਪਸੰਦ ਏ, ਰਹਿਮ ਦਿਲ ਏ। ਵਰਨਾ ਚੰਗੇਜ਼ ਖਾਂ ਤੇ ਹਲਾਕੂ ਵਰਗੇ ਜ਼ਰਾ ਜ਼ਬਾਨ ਹਿਲਾਉਣ ਤਾਂ ਰੱਬ ਵੀ ਕਤਲ ਹੋ ਜਾਏ, ਚਿੱਟੇ ਦਿਨ, ਤਿੱਖੜ ਦੁਪਹਿਰੇ।

ਏਸ ਜਹਾਨ ਵਿਚ ਵਡੇ ਵਡੇ ਸਿਕੰਦਰ ਆਏ ਤੇ ਚਲੇ ਗਏ। ਚਾਰ ਦਿਨ ਖੂਬ ਚਾਂਗਰਾਂ ਮਾਰੀਆਂ ਤੇ ਖ਼ੁਦਾਈ ਦੇ ਦਾਅਵੇ ਬੰਨ੍ਹੇ ਪਰ ਜਦੋਂ ਹਵਾ ਦਾ ਇਕ ਬੁੱਲ੍ਹਾ ਆਇਆ ਤਾਂ ਵਾਵਰੋਲੇ ਵਾਂਗੂ ਉੱਡ ਗਏ। ਤੁਸੀਂ ਪੁੱਛੋਗੇ ਕਿ ਕਿੱਥੇ ਗਈ ਉਨ੍ਹਾਂ ਦੀ ਤਾਕਤ ਤੇ ਖ਼ੁਦਾਈ? ਉਹ ਦਮਗਜੇ ਕਿਧਰ ਗਏ? ਉਹ ਤੇ ਹੁਣੇ ਹਵਾ ਵਿਚ ਤਲਵਾਰਾਂ ਮਾਰਦੇ ਸਨ ਤੇ ਪਲ ਵਿਚ ਮਿੱਟੀ ਦੀ ਮੁੱਠ ਹੋ ਗਿਆ ਸਭ ਕੁਝ ਕਿਤੇ ਨਾਂ ਨਿਸ਼ਾਨ ਨਜ਼ਰ ਨਹੀਂ ਆਉਂਦਾ। ਭਈ ਇਹਨੂੰ ਤੇ ਆਖਦੇ ਹਨ ਕੁਦਰਤ, ਖ਼ੁਦਾਈ ਅਜ਼ਾਬ! ਰੱਬ, ਰੱਬ ਹੀ ਏ। ਉਹਦਾ ਕੋਈ ਸ਼ਰੀਕ ਨਹੀਂ। ਬਾਦਸ਼ਾਹ ਤਾਂ ਰੱਬ ਦੀ ਸ਼ਤਰੰਜ ਦੇ ਮੋਹਰੇ ਹਨ ਤੇ ਗ਼ਰੀਬ ਭੇਡ ਬਕਰੀਆਂ।

ਦੁਨੀਆ ਇਕ ਤਲਾਅ ਏ ਤੇ ਉਹਦੇ ਵਿਚ ਜੀਅ ਜੰਤ ਮੱਛੀਆਂ ਹਨ, ਛੋਟੀਆਂ, ਵੱਡੀਆਂ। ਜਿਹੜੀ ਸਭ ਤੋਂ ਮੋਟੀ ਤੇ ਵੱਡੀ ਹੋਈ ਉਹਨੂੰ ਬਾਦਸ਼ਾਹ ਗਿਣ ਲਵੋ ਤੇ ਉਹਦੇ ਤੋਂ ਜਿਹੜੀ ਜ਼ਰਾ ਕੁ ਮਾੜੀ ਹੋਈ ਉਹਨੂੰ ਵਜ਼ੀਰ ਮੰਨ ਲਵੋ ਤੇ ਬਾਕੀਆਂ ਨੂੰ ਅਹਿਲਕਾਰ ਮੁਨਸ਼ੀ ਮੁਸੱਦੀ ਆਖਿਆ ਜਾ ਸਕਦਾ ਏ ਤੇ ਬਾਕੀ ਰਹੀ ਰਹਿੰਦ-ਖੂੰਹਦ, ਉਹ ਅਸੀਂ ਹੋ ਗਏ ਗ਼ਰੀਬ, ਮਾੜੇ ਮੋਟੇ ਲੋਕ।

ਦੁੱਖ ਬੀਮਾਰੀ ਹਰ ਬੰਦੇ ਨੂੰ ਆਉਂਦੀ ਏ। ਬੀਮਾਰੀ ਨਾ ਬਾਦਸ਼ਾਹ ਵੇਖੇ ਤੇ ਨਾ ਗ਼ਰੀਬ। ਬੰਦਾ ਇਕ ਮਸ਼ੀਨ ਏ। ਉਹਦਾ ਕਲ ਪੁਰਜ਼ਾ ਤੇ ਖ਼ਰਾਬ ਹੋਣਾ ਹੀ ਹੋਇਆ। ਉਸੇ ਨੂੰ ਬੀਮਾਰੀ ਆਖਦੇ ਹਨ। ਹਕੀਮ ਦਾ ਕੰਮ ਏ ਦਵਾਈ ਦੇਣਾ। ਕਲ ਪੁਰਜ਼ਾ ਠੀਕ ਤਾਂ ਬੰਦਾ ਨੌ ਬਰ ਨੌ।

ਬੀਮਾਰੀ ਤੋਂ ਗ਼ਰੀਬ ਦਾ ਖਹਿੜਾ ਛੇਤੀ ਟੁੱਟ ਜਾਂਦਾ ਏ। ਉਹ ਛੋਟੀ ਮੋਟੀ ਦਵਾਈ

ਖਾ ਲੈਂਦਾ ਏ ਪਰ ਅਮੀਰ ਨੂੰ ਕੁਸ਼ਤਿਆਂ ਵਿਚ ਮਾਰੀ ਹੋਈ ਦਵਾਈ ਲੱਗੇਗੀ ਤਾਂ ਉਹਨੂੰ ਆਰਾਮ ਆਊ ਭਾਵੇਂ ਮਾੜਾ ਜਿਹਾ ਪੇਟ ਵਿਚ ਵੱਟ ਹੀ ਕਿਉਂ ਨਾ ਪੈਂਦਾ ਹੋਵੇ।

ਬਾਦਸ਼ਾਹ ਦੀ ਗੱਲ ਸੁਣੋ, ਜ਼ੁਕਾਮ ਹੋਇਆ ਤੇ ਹਕੀਮ ਨੇ ਕੇਸਰ ਕਸਤੂਰੀ ਦੀਆਂ ਮਾਜੂਨਾਂ ਦਿੱਤੀਆਂ। ਪੰਜ ਸੱਤ ਬੰਦੇ ਸਿਰਹਾਣੇ ਆਣ ਬੈਠੇ ਖ਼ਬਰਾਂ ਲੈਣ ਵਾਲੇ। ਦਸ ਹਕੀਮ ਕੋਈ ਅਰਕ ਕੱਢ ਰਿਹਾ ਏ ਤੇ ਕੋਈ ਕੁਸ਼ਤਾ ਫੂਕ ਰਿਹਾ ਏ। ਬਾਦਸ਼ਾਹਾਂ ਦੀਆਂ ਬੀਮਾਰੀਆਂ ਵੀ ਬਾਦਸ਼ਾਹੀ ਹੁੰਦੀਆਂ ਨੇ।

ਜਦੋਂ ਮੁਲਕ ਵਿਚ ਸ਼ਾਂਤੀ ਹੋਵੇ ਤੇ ਬਾਦਸ਼ਾਹ ਨੂੰ ਜ਼ਰਾ ਨਿੱਛ ਵੀ ਆ ਜਾਵੇ ਤਾਂ ਸਾਰੇ ਦਰਬਾਰ ਦੀ ਬਣ ਜਾਂਦੀ ਏ। ਪਰ ਜਦੋਂ ਦੁਸ਼ਮਣ ਸਿਰ ਤੇ ਚੜ੍ਹਿਆ ਹੋਵੇ ਅਤੇ ਅੱਧੀ ਧੌਣ ਵੀ ਵੱਢੀ ਹੋਵੇ ਤਾਂ ਪਰਵਾਹ ਨਹੀਂ।

ਵਕਤ ਵਕਤ, ਬੀਮਾਰੀ ਬੀਮਾਰੀ ਵਿਚ ਫਰਕ ਏ।

ਸ਼ਾਹ ਜਹਾਨ ਦਿੱਲੀ ਦੇ ਤਖਤ ਦਾ ਸ਼ਹਿਨਸ਼ਾਹ, ਹਿੰਦੁਸਤਾਨ ਦਾ ਵਾਲੀ ਤੇ ਉਹਦਾ ਲਾਡਲਾ ਪੁੱਤ ਵਲੀ ਅਹਿਦ ਹਿੰਦੁਸਤਾਨ ਦਾ ਪੁੱਤ ਪਲੇਠੀ ਦਾ ਬੀਮਾਰ ਪੈ ਗਿਆ। ਇਲਾਜ ਜਾਰੀ ਸੀ। ਹਕੀਮ ਅੱਡੀਆਂ ਤੱਕ ਜ਼ੋਰ ਲਾ ਥੱਕੇ। ਪਰ ਜ਼ਰਾ ਮੋੜਾ ਨਾ ਪਿਆ।

ਵਿਚੋਂ ਗੱਲ ਕੁੱਝ ਨਹੀਂ ਸੀ। ਦਾਰਾ ਸ਼ਿਕੋਹ ਦਾ ਪੇਟ ਖਰਾਬ ਸੀ। ਰੋਟੀ ਹਜ਼ਮ ਨਹੀਂ ਸੀਂ ਹੁੰਦੀ। ਪਾਣੀ ਪੀਂਦਾ ਤੇ ਨਿਕਲ ਜਾਂਦਾ।

ਹਾਜ਼ਮਾ ਖਰਾਬ ਸੀ। ਗ਼ਰੀਬ ਨਾਲ ਜੇ ਇਹ ਗੱਲ ਵਾਪਰਦੀ ਤਾਂ ਉਹ ਜਵੈਣ ਦਾ ਫੱਕਾ ਮਾਰਦਾ ਤੇ ਆਰਾਮ ਆ ਜਾਂਦਾ। ਪਰ ਇਹ ਬੀਮਾਰੀ ਤਾਂ ਬਾਦਸ਼ਾਹ ਦੇ ਪੁੱਤ ਨੂੰ ਲੱਗੀ ਸੀ।

ਇਲਾਜ ਵੀ ਤੇ ਬਾਦਸ਼ਾਹੀ ਹੀ ਹੋਣਾ ਚਾਹੀਦਾ ਏ।

ਦਾਰਾ ਸ਼ਿਕੋਹ ਦੀ ਹਾਲਤ ਦਿਨ ਬਦਿਨ ਖਰਾਬ ਹੋ ਰਹੀ ਸੀ। ਜਾਨ ਦੇ ਲਾਲੇ ਪੈ ਰਹੇ ਸਨ। ਬਾਦਸ਼ਾਹ ਸ਼ਾਹ ਜਹਾਨ ਬੇਚੈਨ ਸੀ। ਉਹਦਾ ਜੀਣਾ ਹਰਾਮ ਹੋ ਗਿਆ। ਉਹ ਚਾਹੁੰਦਾ ਸੀ ਪੁੱਤ ਰਾਜ਼ੀ ਹੋ ਜਾਏ, ਦੌਲਤ ਜਿੰਨੀ ਮਰਜ਼ੀ ਖ਼ਰਚ ਹੋਵੇ।

ਔਰੰਗਜ਼ੇਬ ਦਾਰਾ ਸ਼ਿਕੋਹ ਦਾ ਸੱਕਾ ਭਰਾ ਸੀ। ਉਹ ਖੁਸ਼ ਸੀ ਦਾਰਾ ਦੀ ਬੀਮਾਰੀ ਤੇ ਉਹ ਚਾਹੁੰਦਾ ਸੀ ਕਿ ਦਾਰਾ ਮਰੇ ਅਤੇ ਉਸਦਾ ਰਾਹ ਸਾਫ ਹੋਵੇ। ਇਕ ਜੂਠ ਗਲੋਂ ਲੱਥੇ ਤੇ ਕਿਸੇ ਦੂਜੇ ਨੂੰ ਤਖ਼ਤ ਤੇ ਬਹਿਣ ਦਾ ਮੌਕਾ ਮਿਲੇ।

ਔਰੰਗਜ਼ੇਬ ਨੇ ਚਲਾਕੀ ਨਾਲ ਸ਼ੇਰ ਦੀ ਮੁੱਛ ਦਾ ਵਾਲ ਖਵਾ ਦਿੱਤਾ ਸੀ ਦਾਰੇ ਨੂੰ। ਛੋਟੇ ਭਰਾ ਨੇ ਵੱਡੇ ਭਰਾ ਲਈ ਮੌਤ ਮੰਗੀ ਸੀ। ਤਖ਼ਤ ਬਦਲੇ ਬੰਦੇ ਬੜੇ-ਬੜੇ ਪਾਪੜ ਵੇਲਦੇ ਨੇ।

ਇਹਦਾ ਕੋਈ ਇਲਾਜ ਨਹੀਂ। ਇਹਦਾ ਇਲਾਜ ਏ ਸਿਰਫ ਮੌਤ। ਔਰੰਗਜ਼ੇਬ ਦਾ ਅਕੀਦਾ ਸੀ।

□

੨

ਹਕੀਮਾਂ ਦੇ ਭਾਅ ਦੀ ਬਣੀ

—ਬੈਠਕ ਬੈਠੀ ਵੈਦਾਂ ਤੇ ਹਕੀਮਾਂ ਦੀ, ਸਿਰਫ ਇਕੋ ਹੀ ਫੈਸਲਾ ਕਰਨਾ ਸੀ।

—ਸ਼ਹਿਜ਼ਾਦੇ ਨੂੰ ਕੀ ਬੀਮਾਰੀ ਏ ? ਕੋਈ ਦਵਾ ਅਸਰ ਕਿਉਂ ਨਹੀਂ ਕਰਦੀ ? ਇਹ ਵੀ ਇਕ ਸਵਾਲ ਸੀ।

—ਸਾਡੀ ਯੂਨਾਨੀ ਹਿਕਮਤ ਤੇ ਹੱਥ ਖੜ੍ਹੇ ਕਰ ਚੁੱਕੀ ਏ ਸਾਨੂੰ ਤੇ ਕੋਈ ਰਾਹ ਨਹੀਂ ਲੱਭਦਾ।

—ਇਹ ਹਿੰਦੁਸਤਾਨ ਏ ਤੇ ਇਥੇ ਵੈਦ ਹੀ ਕੋਈ ਸੁਝਾਉ ਦੇ ਸਕਦੇ ਹਨ।

—ਇਕ ਅੰਗਰੇਜ਼ ਡਾਕਟਰ ਵੀ ਅੱਜ ਕਲ ਹਿੰਦੁਸਤਾਨ ਆਇਆ ਹੋਇਆ ਏ ਉਹਦੀ ਸਲਾਹ ਲੈਣੀ ਕੋਈ ਹਰਜ ਵਾਲੀ ਗੱਲ ਨਹੀਂ।

—ਸਲਾਹ ਸਾਰਿਆਂ ਦੀ ਲਵੋ, ਕਿਸੇ ਨਤੀਜੇ ਤੇ ਪੁੱਜੋ ਤੇ ਫਿਰ ਇਲਾਜ ਕਰਨਾ।

—ਇਹ ਬੀਮਾਰੀ ਕੋਈ ਖ਼ੁਦਾਈ ਅਜ਼ਾਬ ਏ, ਕਹਿਰ ਏ ਅੱਲਾ ਤਾਲਾ ਦਾ।

—ਖ਼ੁਦਾ ਤੋਂ ਮੁਨਕਰ ਨਾ ਹੋ ਬੰਦੇ। ਜਿਸ ਬਿਮਾਰੀ ਦਿੱਤੀ ਏ ਉਹੋ ਈ ਕੱਟੂ।

—ਕੋਈ ਰੋਗ ਨਹੀਂ ਕੋਈ ਬੀਮਾਰੀ ਨਹੀਂ। ਕਿਸਮਤ ਦੇ ਦਿਨਾਂ ਵਿਚ ਫੇਰ ਏ।

—ਮੈਂ ਵਗਦਾ ਪਾਣੀ ਬੰਨ੍ਹ ਸਕਦਾ ਹਾਂ, ਮੇਰੀ ਦਵਾਈ ਵਿਚ ਏਨੀ ਸ਼ਕਤੀ ਏ।

—ਪਰ ਮੈਂ ਆਪਣੀ ਸਾਰੀ ਵਾਹ ਲਾ ਚੁਕਿਆ ਹਾਂ, ਮੇਰੀ ਅਕਲ ਜਵਾਬ ਦੇ ਗਈ ਏ। ਜ਼ਿੰਨਾ ਗੜ੍ਹ ਹਕੀਮਾਂ ਦਾ ਅੱਜ ਇਕੱਠਾ ਹੋਇਆ ਏ ਕਦੇ ਹਯਾਤੀ ਵਿਚ ਵੀ ਇਕੱਠਾ ਨਹੀਂ ਹੋ ਸਕਦਾ। ਯਾਰੋ ਬੀਮਾਰੀ ਫਿਰ ਵੀ ਨਾ ਲੱਭੇ ਤੇ ਫਿਰ ਸਾਡੀ ਬਦਕਿਸਮਤੀ ਏ।

—ਦਰਿਆ ਵਿਚ ਰੋੜ੍ਹ ਦਿਓ ਇਹ ਹਿਕਮਤ ਦੇ ਗ੍ਰੰਥ, ਸਾਧ ਹੋ ਜਾਓ, ਹਕੀਮ ਬਨਣ ਦੀ ਕੀ ਲੋੜ ਏ।

ਜੇ ਤੁਸੀਂ ਸ਼ਹਿਜ਼ਾਦੇ ਦਾ ਇਲਾਜ ਨਹੀਂ ਕਰ ਸਕਦੇ ਤਾਂ ਇਹਨੂੰ ਖ਼ੁਦਾ ਦੇ ਰਹਿਮੋ-ਕਰਮ ਤੇ ਛੱਡ ਦਿਓ, ਦੁਆ ਕਰੋ ਮੇਰੇ ਨਾਲ ਰਲ ਕੇ, ਸ਼ਾਇਦ ਖ਼ੁਦਾ ਸੁਣ ਲਵੇ। ਮੈਂ ਹੁਣ ਹੋਰ ਕਿਹੜੇ ਸੱਤਵੇਂ ਅਸਮਾਨ ਤੋਂ ਹਕੀਮ ਮੰਗਵਾਵਾਂ, ਸੱਜਣੋ ਜਾਓ ਆਪਣੇ-ਆਪਣੇ ਘਰ ਨੂੰ, ਮੇਰਾ ਵਲੀ ਅਹਿਦ ਨਹੀਂ ਬਚ ਸਕਦਾ, ਵਕਤ ਬਰਬਾਦ ਨਾ ਕਰੋ। ਮੈਂ ਦੁਖੀ ਮੇਰਾ ਕਬੀਲਾ ਦੁਖੀ, ਸਾਰਾ ਹਿੰਦੁਸਤਾਨ ਲਹੂ ਦੇ ਅਥਰੂ ਵਗਾ ਰਿਹਾ ਏ। ਜਦ ਇਹ ਮੇਰੇ ਕਰਮਾਂ ਵਿਚ ਹੀ ਨਹੀਂ ਤੇ ਮੈਂ ਕਰ ਵੀ ਕੀ ਸਕਦਾ ਹਾਂ। ਮੈਂ ਚਾਹੇ ਹਿੰਦੁਸਤਾਨ ਦਾ ਇਕ ਨੇਕ ਦਿਲ, ਇਨਸਾਫ ਪਸੰਦ, ਰਹਿਮ ਦਿਲ ਬਾਦਸ਼ਾਹ ਹਾਂ ਪਰ ਜੇ ਹਿੰਦੁਸਤਾਨ ਦੀ ਕਿਸਮਤ ਵਿਚ ਹੀ ਨਹੀਂ ਕਿ ਉਹਦਾ ਹੋਣ ਵਾਲਾ ਬਾਦਸ਼ਾਹ ਜ਼ਿੰਦਾ ਰਹੇ। ਅੱਛਾ ਜੋ ਖ਼ੁਦਾ ਨੂੰ ਭਾਵੇ। ਸ਼ਾਹਜਹਾਨ, ਸ਼ਹਿਨਸ਼ਾਹੇ ਹਿੰਦੁਸਤਾਨ ਮੱਥੇ ਤੇ ਹੱਥ ਮਾਰ ਰਿਹਾ ਸੀ।

—ਸ਼ਹਿਨਸ਼ਾਹ ਦੁੱਖੀ ਨਾ ਹੋਵੋ, ਸ਼ਹਿਜ਼ਾਦਾ ਸਾਡਾ ਵੀ ਕੁਝ ਲੱਗਦਾ ਏ, ਸਾਡਾ ਵੀ ਕੁਝ ਹੱਕ ਏ, ਹਿਕਮਤ ਓਨਾ ਚਿਰ ਤਕ ਨਿਰਾਸ਼ ਨਹੀਂ ਹੁੰਦੀ ਜਦ ਤੱਕ ਨਬਜ਼ ਚਲਦੀ ਏ। ਅੱਜ

ਅਸੀਂ ਕੁਝ ਫੈਸਲਾ ਕਰਕੇ ਹੀ ਉਠਾਂਗੇ। ਭਾਵੇਂ ਧਨੰਤਰੀ ਦੇ ਅੱਗੇ ਜਾ ਕੇ ਮੱਥਾ ਹੀ ਕਿਉਂ ਨਾ ਰਗੜਨਾ ਪਵੇ।

—ਕਦੋਂ ਜਾਣਾ ਏ, ਜਦੋਂ ਮੇਰੇ ਮਹਿਲਾਂ ਵਿਚ ਕਬੂਤਰ ਬੋਲਣ ਲੱਗ ਪੈਣਗੇ ?

—ਸ਼ਹਿਨਸ਼ਾਹ ਇਹ ਤਖ਼ਤੇ ਤਾਊਸ ਨਹੀਂ, ਜਿਥੇ ਜ਼ਬਾਨ ਦਾ ਹਰ ਬੋਲ ਕਾਨੂੰਨ ਬਣ ਜਾਵੇਗਾ, ਖਿਹ ਜ਼ਿੰਦਗੀ ਤੇ ਮੌਤ ਦੀ ਇਕ ਕਸ਼ਮਕਸ਼ ਏ। ਇਹ ਉਹ ਜੰਗ ਏ ਜਿਸ 'ਚ 18 ਤਲਵਾਰਾਂ ਦੀ ਚਮਕ ਦਾ ਕੋਈ ਮੁੱਲ ਨਹੀਂ। ਸੁਲਾਹ ਨਾਲ ਇਹ ਜੰਗ ਜਿੱਤੀ ਜਾਵੇਗੀ। ਠੰਡੇ ਸੁਭਾਅ ਨਾਲ ਖ਼ੁਦਾ ਕੋਈ ਰਾਹ ਕੱਢੂ।

—ਆਓ ਵੈਦੋ, ਤੁਸੀਂ ਵੀ ਕਿਸਮਤ ਅਜ਼ਮਾ ਕੇ ਵੇਖੋ। ਸ਼ਾਇਦ ਤੁਹਾਡੇ ਹੱਥੋਂ ਹੀ ਸ਼ਫਾ ਲਿਖੀ ਹੋਵੇ। ਵੈਦਿਕ ਨੇ ਵੀ ਸਿਖਰਾਂ ਛੂਹੀਆਂ ਹੋਈਆਂ ਨੇ। ਤੁਸੀਂ ਈ ਅੱਜ ਆਪਣਾ ਕਸਬ ਅਜ਼ਮਾ ਵੇਖੋ।

—ਨਹੀਂ ਸ਼ਹਿਨਸ਼ਾਹ ਨਬਜ਼ ਤੇ ਕੁਝ ਦੱਸਦੀ ਨਹੀਂ, ਰੋਗ ਕੁਝ ਸਮਝ ਵਿਚ ਨਹੀਂ ਆਉਂਦਾ। ਸ਼ਹਿਜ਼ਾਦੇ ਦੇ ਪੇਟ ਵਿਚ ਬਿਮਾਰੀ ਤੇ ਕੋਈ ਹੈ ਨਹੀਂ। ਖ਼ੂਨ ਦੀ ਹਰਕਤ ਵਿਚ ਕੋਈ ਫਰਕ ਨਹੀਂ, ਸਿਰਫ ਅੱਗ ਏ, ਜ਼ਖੀਰਾ ਅੱਗ ਦਾ ਸ਼ਹਿਜ਼ਾਦੇ ਦੇ ਪੇਟ ਅੰਦਰ ਲੁਕਿਆ ਹੋਇਆ। ਤਾਹੀਓਂ ਤੇ ਕੋਈ ਚੀਜ਼ ਹਜ਼ਮ ਨਹੀਂ ਹੁੰਦੀ, ਜਲਾਬ ਦਿੱਤੇ ਜਾਂਦੇ ਹਨ। ਉਹ ਉਤਲੀ ਤਹਿ ਤੋਂ ਗਲਾਜ਼ਤ ਬਾਹਰ ਕੱਢ ਲਿਆਉਂਦੇ ਹਨ, ਅੰਦਰ ਦੀ ਤਹਿ ਵਿਚ ਕੋਈ ਚੀਜ਼ ਫੱਸੀ ਹੋਈ ਏ। ਚੀਜ਼ ਕੀ ਏ ਉਹਦਾ ਕੋਈ ਪਤਾ ਨਹੀਂ ਲੱਗਦਾ।

—ਕੀ ਮੈਂ ਵਿਚ ਕੁਝ ਬੋਲ ਸਕਦਾ ਹਾਂ। ਮੈਂ ਹਕੀਮ ਤੇ ਨਹੀਂ, ਤਲਵਾਰ ਦਾ ਧਨੀ ਹਾਂ। ਇਜਾਜ਼ਤ ਦਿਓ ਤੇ ਮੈਂ ਕੁਝ ਅਰਜ਼ ਕਰਾਂ। ਮੈਂ ਚਿਤੌੜ ਤੋਂ ਆ ਰਿਹਾ ਸਾਂ। ਫਤਹਿ ਦੀ ਖ਼ੁਸ਼ੀ ਵਿਚ ਘੋੜੇ ਤੇ ਬੈਠਾ ਝੂਮ ਰਿਹਾ ਸਾਂ, ਮੇਰੇ ਨਾਲ ਇਕ ਭੀਲ ਸੀ। ਇਹ ਐਵੇਂ ਦੇਸੀ ਟੋਟਕਿਆਂ ਨਾਲ ਕੁਝ ਇਲਾਜ ਕਰਦੇ ਹਨ ਮੈਂ ਗੱਲ ਕੀਤੀ ਸੀ। ਭੀਲ ਨੇ ਹਾਮੀ ਭਰੀ ਮੈਂ ਨਾਲ ਲੈ ਕੇ ਆਇਆ ਹਾਂ। ਉਹਨੂੰ ਵੀ ਇਜਾਜ਼ਤ ਦਿਓ ਇਕ ਵਾਰ ਉਹ ਸ਼ਹਿਜ਼ਾਦੇ ਦੀ ਹਜ਼ੂਰੀ ਭਰੇ। ਮੈਂ ਅਰਜ਼ ਕਰ ਰਿਹਾ ਹਾਂ ਜ਼ੁਲਫਕਾਰ ਅਲੀ।

—ਸੁਭਾਨ ਅੱਲ੍ਹਾ, ਜ਼ਹੇ ਕਿਸਮਤ ਆਓ ਭੀਲ ਰਾਜ, ਸ਼ਾਇਦ ਤੁਹਾਡੀ ਮੁੰਜ ਦੀ ਰੱਸੀ ਮੋਤੀਆਂ ਨਾਲ ਜੜੀ ਜਾਵੇ।

ਸ਼ਹਿਜ਼ਾਦਾ ਕੁਰਲਾ ਰਿਹਾ ਸੀ, ਤੜਫਦਾ ਵੇਖਿਆ ਨਾ ਜਾਂਦਾ, ਭੀਲ ਰਾਜ ਖੜੇ ਸਨ ਸ਼ਹਿਜ਼ਾਦੇ ਦੇ ਪਲੰਘ ਦੀ ਪੁਆਂਦੀ।

—ਵੇਖੋ ਨਜ਼ਦੀਕ ਜਾ ਕੇ, ਭੀਲ ਰਾਜ ਦੇਰ ਕਰਨ ਦੀ ਲੋੜ ਨਹੀਂ।

—ਹੱਥ ਜੋੜੇ ਭੀਲ ਰਾਜ ਨੇ, ਮੈਂ ਸ਼ਹਿਜ਼ਾਦੇ ਦਾ ਪੇਟ ਵੇਖਣਾ ਚਾਹੁੰਦਾ ਹਾਂ, ਅੱਖੀਆਂ ਵਿਚ ਅੱਖੀਆਂ ਪਾ ਕੇ ਇਹਦੀਆਂ ਅੱਖੀਆਂ ਦਾ ਰੰਗ ਵੇਖਣਾ ਏ। ਬੱਸ ਮੇਰੇ ਕੋਲ ਏਨੀ ਕਾਰੀਗਰੀ ਏ, ਅਸੀਂ ਹਕੀਮ ਥੋੜ੍ਹੇ ਹਾਂ, ਅਸੀਂ ਤੇ ਜੰਗਲ ਦੇ ਵਾਸੀ ਹਾਂ, ਲੱਗ ਗਿਆ ਤੀਰ ਨਹੀਂ ਤੇ ਤੁੱਕਾ ਹੀ ਸਹੀ।

ਨਜ਼ਰ ਨਾਲ ਨਜ਼ਰ ਮਿਲੀ ਪੇਟ ਨੂੰ ਨੰਗਾ ਕਰ ਕੇ ਵੇਖਿਆ। ਭੀਲ ਰਾਜ ਇਕ ਦਮ ਤ੍ਰਬਕਿਆ ਤੇ ਆਖਿਆ, ਹਜ਼ੂਰ ਜਾਨ ਬਖ਼ਸ਼ੀ ਹੋਵੇ ਤੇ ਕੁਝ ਅਰਜ਼ ਕਰਾਂ।

—ਨਿਧੜਕ, ਬੇਖਟਕੇ ਜੋ ਮਰਜ਼ੀ ਆਖੋ, ਇਹ ਮਹਿਫਲ ਦਾਨਸ਼ਵਰਾਂ ਦੀ ਏ।

—ਸ਼ਹਿਜ਼ਾਦੇ ਨੂੰ ਕੋਈ ਬੀਮਾਰੀ ਨਹੀਂ। ਸ਼ਹਿਜ਼ਾਦੇ ਨੇ ਇਕ ਬਹੁਤ ਵੱਡੀ ਗਲਤੀ ਕੀਤੀ ਏ ਜਾਂ ਕਿਸੇ ਨੇ ਆਪਣਾ ਵੈਰ ਕੱਢਿਆ ਏ। ਚੰਗਾ ਹੋਇਆ ਤੁਸਾਂ ਮੈਨੂੰ ਮੌਕਾ ਦਿੱਤਾ ਏ। ਸ਼ਹਿਜ਼ਾਦੇ ਨੇ ਸ਼ੇਰ ਦੀ ਮੁੱਛ ਦਾ ਵਾਲ ਖਾ ਲਿਆ ਏ। ਇਹਦੇ ਪੇਟ ਵਿਚ ਅੱਗ ਲੱਗੀ ਹੋਈ ਏ। ਬੱਸ ਇਹਦੀ ਇਹੋ ਹੀ ਬੀਮਾਰੀ ਏ, ਇਹਦੇ ਪੇਟ ਵਿਚੋਂ ਵਾਲ ਨਿਕਲ ਗਿਆ, ਬੱਸ ਸ਼ਹਿਜ਼ਾਦਾ ਨੌ ਬਰ ਨੌ। ਭੀਲ ਰਾਜ ਚੁੱਪ ਸਨ।

—ਇਹਦਾ ਇਲਾਜ ਕੋਈ ਦਵਾ, ਕੋਈ ਦਾਰੂ।

—ਚਿਤੌੜ ਵਿਚੋਂ ਸ਼ਾਇਦ ਲੱਭ ਪਵੇ, ਵਰਨਾ ਹੋਰ ਕਿਤਿਓਂ ਮਿਲਣਾ ਮੁਸ਼ਕਲ ਏ।

—ਦਵਾਈ ਦਾ ਨਾਂ ਦੱਸੋ, ਪੈਦਾ ਕਰਨਾ ਸਾਡਾ ਕੰਮ।

—ਸਿਰਫ ਦੋ ਲੌਂਗ, ਜਿਹਦਾ ਇਕ ਦਾ ਵਜ਼ਨ ਇਕ ਤੋਲਾ ਹੋਵੇ। ਹਰੜ ਵਜ਼ਨ ਇਕ ਸਰਸਾਹੀ, ਗਜ਼ ਮੋਤੀ ਲੱਭੋ। ਇਲਾਜ ਮੈਂ ਕਰੂੰ।

—ਮੁਸ਼ਕਲ ਬਹੁਤ ਮੁਸ਼ਕਲ, ਨਾ ਮੁਮਕਨ, ਨਾ ਕਦੀ ਸੁਣਿਆ ਤੇ ਨਾ ਕਦੇ ਵੇਖਿਆ। ਤੋਲਾ ਲੌਂਗ ਦਾ ਵਜ਼ਨ, ਗੱਪ ਸ਼ਹਿਨਸ਼ਾਹ ਗੱਪ, ਹਰੜਾਂ ਤੇ ਵੇਖੀਆਂ ਨੇ ਪਰ ਇਕ ਸਰਸਾਹੀ ਦੀਆਂ ਨਹੀਂ, ਗਜ਼ ਮੋਤੀ ਮਿਲਣਗੇ ਸਿਰਫ ਚਿਤੌੜ ਵਿਚ।

ਏਨੇ ਚਿਰ ਵਿਚ ਸ਼ਹਿਨਸ਼ਾਹ ਆ ਗਏ ਸਾਰਿਆਂ ਉੱਠ ਕੇ ਫਰਸ਼ੀ ਸਲਾਮ ਕੀਤੀ।

—ਹੱਥ ਬੰਨ੍ਹ ਹਕੀਮ ਆਖਣ ਲੱਗਾ, ਇਹ ਭੀਲ ਰਾਜ ਹਨ ਇਹਨਾਂ ਦਾ ਖਿਆਲ ਏ ਕਿ ਸ਼ਹਿਜ਼ਾਦੇ ਨੇ ਸ਼ੇਰ ਦੀ ਮੁੱਛ ਦਾ ਵਾਲ ਖਾ ਲਿਆ ਏ, ਇਹਦਾ ਇਲਾਜ ਸਿਰਫ ਤਿੰਨ ਚੀਜ਼ਾਂ ਨਾਲ ਹੋ ਸਕਦਾ ਏ, ਹਰੜ, ਗਜ਼ ਮੋਤੀ ਤੇ ਲੌਂਗ।

—ਏਡਾ ਵੱਡਾ ਹਿੰਦੋਸਤਾਨ ਏ ਤੇ ਕੀ ਇਹ ਤਿੰਨ ਚੀਜ਼ਾਂ ਨਾ ਮਿਲਣਗੀਆਂ ਸ਼ਹਿਨਸ਼ਾਹ ਦੇ ਬੋਲ ਸਨ।

—ਜਾਂ ਭੀਲ ਰਾਜ ਨੇ ਬੁਝਾਰਤ ਪਾਈ ਏ ਤੇ ਜਾਂ ਸਹੀ ਇਲਾਜ ਦੱਸਿਆ ਏ ਤੇ ਜਾਂ ਸਾਨੂੰ ਪਰਖ ਕੇ ਵੇਖਿਆ ਏ।

—ਸਰਕਾਰ ਅਸੀਂ ਜੰਗਲ ਦੇ ਵਾਸੀ ਇਹ ਸਾਡਾ ਰੋਜ਼ ਦਾ ਕਿੱਤਾ ਏ। ਜੰਗਲ ਵਿਚ ਰਹਿਣਾ ਤੇ ਜੰਗਲ ਦੇ ਜਾਨਵਰਾਂ ਨਾਲ ਖੇਡਣਾ, ਜੇ ਸ਼ਹਿਜ਼ਾਦੇ ਦੇ ਪੇਟ ਵਿਚੋਂ ਸ਼ੇਰ ਦੀ ਮੁੱਛ ਦਾ ਵਾਲ ਨਾ ਨਿਕਲਿਆ ਤਾਂ ਮੈਂ ਆਪਣੇ ਹੱਥੀਂ ਆਪਣਾ ਸਿਰ ਕਲਮ ਕਰ ਦਿਆਂਗਾ।

—ਸ਼ਹਿਨਸ਼ਾਹ ! ਮੁਸ਼ਕਲ, ਬਹੁਤ ਮੁਸ਼ਕਲ ਇਹ ਗਲ ਅਣਹੋਣੀ ਏ, ਹੋਣੀ ਨਹੀਂ ਹੋ ਸਕਦੀ।

ਆਖਣ ਲੱਗਾ ਸਾਂਈਂ ਬਾਬਾ—ਹੋ ਸਕਦੀ ਏ। ਜਾਂ ਚਿਤੌੜ ਤੇ ਮਾਹਰਾਜੇ ਕੋਲ ਇਹ ਤਿੰਨ ਵਸਤੂਆਂ ਮਿਲਣਗੀਆਂ ਤੇ ਜਾਂ ਸਿੱਖਾਂ ਦੇ ਗੁਰੂ ਹਰਿਰਾਏ ਆਪਣੇ ਦਵਾ ਖਾਨੇ ਵਿਚੋਂ ਦੇ ਸਕਦੇ ਹਨ। ਇਹੋ ਜਿਹੀਆਂ ਨਾਯਾਬ ਚੀਜ਼ਾਂ ਦਾ ਉਹਨਾਂ ਪਾਸ ਖਜ਼ਾਨਾ ਏ, ਅਸੀਂ ਤੇ ਫਕੀਰ ਲੋਕ ਹਾਂ, ਸਾਂਈਂ ਲੋਕ ਲੋਕ ਥਾਂ ਥਾਂ ਜਾਂਦੇ ਹਨ ਤੇ ਹਰ ਜਗ੍ਹਾ ਦੀ ਸੂਹ ਰੱਖਦੇ ਹਨ।

□

੩

ਜਾਏ ਕੌਣ

ਦੋਵੇਂ ਧਿਰਾਂ ਵਿਚ ਆਪਸ ਦੀ ਦੁਸ਼ਮਣੀ, ਇੱਟ ਘੜੇ ਦਾ ਵੈਰ। ਉਨ੍ਹਾਂ ਨਾਲ ਹੋਈ ਬੇਇਨਸਾਫ਼ੀ ਜਿਹਦੀ ਹੱਦ ਹੀ ਕੋਈ ਨਹੀਂ, ਕਿਹੜਾ ਮੂੰਹ ਲੈ ਕੇ ਜਾਈਏ ਅਸੀਂ ਉਹਨਾਂ ਦੀ ਕਿਹੜੀ ਭਲਾਈ ਕੀਤੀ ਏ, ਮੇਰਾ ਦਿਲ ਗਵਾਹੀ ਨਹੀਂ ਦਿੰਦਾ।

ਮੰਗਣ ਗਿਆ ਸੋ ਮਰ ਗਿਆ

ਮੰਗਣ ਮੂਲ ਨਾ ਜਾਹ।

—ਸ਼ਹਿਨਸ਼ਾਹ ਹਿੰਦੋਸਤਾਨ ਦਾ, ਉਹਦਾ ਹੁਕਮ ਲੈ ਕੇ ਉਥੇ ਗਏ ਤੇ ਉਹਨਾਂ ਜਵਾਬ ਦੇ ਦਿੱਤਾ ਤਾਂ ਕੀ ਮੂੰਹ ਲੈ ਕੇ ਆਵਾਂਗੇ। ਦੁਸ਼ਮਣੀ ਨੂੰ ਹੋਰ ਹਵਾ ਮਿਲੂ, ਇਕ ਪਾਸੇ ਘਰ ਉਜੜ ਰਿਹਾ ਏ ਤੇ ਦੂਜੇ ਪਾਸੇ ਨੱਕ ਨਮੂਜ ਦਾ ਕੁੱਕੜ ਬਾਂਗਾਂ ਦੇ ਰਿਹਾ ਏ। ਇਹ ਇਕ ਅੜਾਉਣੀ ਏ ਜਿਹੜੀ ਭੀਲ ਰਾਜ ਨੇ ਪਾ ਦਿੱਤੀ ਏ। ਹੈਦਰਾਬਾਦ ਦੱਖਣ, ਬੀਜਾਪੁਰ, ਗੁਰਬਰਗਾ, ਅਹਿਮਦ ਨਗਰ ਕੀ ਇਹਨਾਂ ਦੇ ਦਵਾਖਾਨੇ ਵਿਚੋਂ ਨਾ ਮਿਲਣਗੀਆਂ ਇਹ ਚੀਜ਼ਾਂ, ਸ਼ਾਹਜਹਾਨ ਪਰੇਸ਼ਾਨ ਸੀ।

—ਅੰਨਦਾਤਾ ਇਹ ਚੀਜ਼ਾਂ ਰੁਪਿਆਂ ਨਾਲ ਨਹੀਂ ਖਰੀਦੀਆਂ ਜਾ ਸਕਦੀਆਂ, ਇਹ ਨਾਯਾਬ ਚੀਜ਼ਾਂ ਸਾਧੂਆਂ ਕੋਲ ਅਮਾਨਤ ਏ ਖ਼ੁਦਾ ਦੀ। ਮੌਜ ਆਈ ਤੇ ਕਿਸੇ ਨੂੰ ਬਖਸ਼ ਦਿੱਤੀਆਂ। ਨਾ ਹੀ ਇਹਦਾ ਕੋਈ ਮੁੱਲ ਏ ਤੇ ਨਾ ਹੀ ਇਹਦਾ ਕੋਈ ਮੁੱਲ ਤਾਰ ਸਕਦਾ ਏ। ਫਕੀਰ ਵੀ ਤੇ ਸ਼ਹਿਨਸ਼ਾਹਾਂ ਨਾਲੋਂ ਘੱਟ ਨਹੀਂ ਨਾ।

"ਮੌਜ ਆਈ ਫਕੀਰ ਦੀ, ਦੀਆ ਝੌਂਪੜਾ ਫੂਕ"

—ਸਾਰੀ ਹਯਾਤੀ ਵਿਚ ਅੱਜ ਪਤਾ ਲੱਗਾ ਏ ਕਿ ਫਕੀਰ ਵੀ ਖ਼ੁਦਾ ਦਾ ਦੂਜਾ ਰੂਪ ਏ, ਸ਼ਹਿਨਸ਼ਾਹ ਦੇ ਬੋਲ ਸਨ।

—ਅੱਲ੍ਹਾ ਦਾ ਦਰਵਾਜ਼ਾ ਸਿਰਫ ਫਕੀਰ ਹੀ ਖੋਲ੍ਹ ਸਕਦਾ ਏ, ਫਕੀਰ ਦੀ ਇਕ ਨਜ਼ਰ ਹੀ ਸਿਰਫ ਅਕਸੀਰ ਏ।

—ਖਾਨ ਬਹਾਦਰ ਗੱਲਾਂ ਵਿਚ ਵਕਤ ਨਾ ਗਵਾਓ, ਬੰਦਾ ਤਲਾਸ਼ ਕਰੋ ਜਿਹੜਾ ਕੀਰਤਪੁਰ ਜਾਏ। ਪੁੱਤ ਬਦਲੇ ਪਿਓ ਨੂੰ ਕੀ ਕੁਝ ਨਹੀਂ ਕਰਨਾ ਪੈਂਦਾ, ਮੇਰਾ ਤਾਜ ਨੀਵਾਂ ਹੁੰਦਾ ਏ ਤੇ ਹੋਣ ਦਿਓ, ਸ਼ਾਹੀ ਪੱਗ ਝੁਕਦੀ ਏ ਤੇ ਝੁਕਣ ਦਿਓ। ਅਸੀਂ ਖੁਦਾ ਦੇ ਯਾਰਾਂ ਅੱਗੇ ਸਿਰ ਝੁਕਾਉਂਦੇ ਹਾਂ ਝੁਕਿਆ ਰਹੇ। ਫਕੀਰ ਅੱਗੇ ਜੇ ਬਾਦਸ਼ਾਹ ਝੁਕ ਗਿਆ ਤਾਂ ਕਹਿਰ ਕੀ ਆ ਗਿਆ। ਸ਼ਹਿਨਸ਼ਾਹੇ ਅਕਬਰ ਨੰਗੇ ਪੈਰੀਂ ਗਿਆ ਸੀ, ਹਜ਼ਰਤ ਸਲੀਮ ਚਿਸ਼ਤੀ ਦੇ ਹਜ਼ੂਰ, ਫਤਹਿਪੁਰ ਸੀਕਰੀ। ਔਲਾਦ ਵਾਸਤੇ ਕਈ ਪੱਤਣ ਤਰਨੇ ਪੈਂਦੇ ਹਨ। ਸ਼ਹਿਨਸ਼ਾਹ ਸ਼ਾਹਜਹਾਨ ਦਾ ਫੁਰਮਾਨ ਸੀ।

—ਖਲੋਤਾ ਕੀ ਵੇਖ ਰਿਹਾ ਏਂ ਪੰਜ ਹਜ਼ਾਰੀ ਅੱਜ ਪੱਕੀ ਹੋ ਸਕਦੀ ਏ, ਵਕਤ ਈ, ਨਿਤਰ ਮੈਦਾਨ ਵਿਚ, ਮੈਂ ਤੇਰੇ ਨਾਲ ਹਾਂ। ਮੋਢਾ ਮਾਰਿਆ ਆਦਲ ਖਾਂ ਨੇ ਤੇ ਨਾਲੇ ਹੀ ਹੁਝ ਮਾਰੀ ਗੁਲਬੇਗ ਖਾਂ ਨੂੰ।

ਗੁਲਬੇਗ ਖਾਂ ਅੱਗੇ ਵਧਿਆ ਫਰਜ਼ੀ ਸਲਾਮ ਕੀਤੀ ਤੇ ਅਰਜ਼ ਕੀਤੀ ਕਿ—ਮੈਂ ਜਾਂਦਾ ਹਾਂ ਹਾਂ ਕੀਰਤਪੁਰ, ਖ਼ੁਦਾ ਨੇ ਚਾਹਿਆ ਤਾਂ ਤਿੰਨੇ ਚੀਜ਼ਾਂ ਲੈ ਕੇ ਆਵਾਂਗਾ।

—ਚਲੋ ਹੇਠੀ ਹੁੰਦੀ ਏ ਤੇ ਹੋਣ ਦਿਓ, ਸ਼ਾਹਜਹਾਂ ਨੇ ਇਕ ਵਾਰ ਸੋਚਿਆ।

ਪੀਰ ਹਸਨਅਲੀ, ਸ਼ੇਖ ਅਬੁਲ ਗੰਨੋਰੀ ਪਤਾ ਨਹੀਂ ਕਿਧਰੋਂ ਆਨ ਨਿਕਲੇ !

ਤੌਬਾ ਤੌਬਾ ਇਹ ਗੁਨਾਹ ਏ, ਗੁਰੂ ਨਾਨਕ ਦੇਵ ਦੇ ਘਰ ਬਾਰੇ ਸੋਚਣਾ। ਉਹ ਪੀਰ ਮੁਰਸ਼ਦ ਸਭਨਾਂ ਦਾ ਸਾਂਝਾ ਏ, ਉਹ ਸਰਬਤ ਦਾ ਭਲਾ ਮੰਗਣ ਵਾਲੇ ਫਕੀਰ ਹਨ, ਉਹ ਭੁੱਲ ਭੁਲਾ ਗਏ ਹਨ ਤੁਹਾਡੀਆਂ ਜ਼ਿਆਦਤੀਆਂ ਨੂੰ। ਉਹਨਾਂ ਤੇ ਖ਼ੁਦਾ ਦੀ ਰਜ਼ਾ ਨੂੰ ਮੰਨਣਾ ਸੀ ਉਹ ਬਹੁਤ ਫ਼ਰਾਖ਼ ਦਿਲ ਹਨ ਆਬੇਹਯਾਤ ਵਾਂਗੂੰ, ਪਾਕੀਜ਼ਾ ਹਨ ਗੰਗਾ ਦੇ ਪਵਿੱਤਰ ਜਲ ਵਾਂਗੂੰ । ਇਹ ਤੇ ਕੋਈ ਸ਼ੈਅ ਹੀ ਨਹੀਂ, ਜੇ ਕਿਸੇ ਦੀ ਜਾਨ ਬਦਲੇ ਜਾਨ ਵੀ ਦੇਣੀ ਪਵੇ ਤਾਂ ਇਹ ਉਹ ਵੀ ਦੇ ਦੇਣਗੇ। ਜਾਓ ਬੇਖ਼ੌਫ ਹੋ ਕੇ।

ਆਕਲ ਖਾਂ ਆਖਣ ਲੱਗਾ— ਅੰਨਦਾਤਾ, ਮੈਂ ਜਾਣਦਾ ਹਾਂ ਮੈਂ ਕਈ ਵਾਰ ਦੀਦਾਰ ਕੀਤੇ ਹਨ ਬਹੁਤ ਬੇਨਿਆਜ਼ ਹਨ ਗੁਰੂ ਹਰ ਰਾਏ ਸਾਹਿਬ, ਉਹਨਾਂ ਦੇ ਦਰ ਤੋਂ ਕੋਈ ਖਾਲੀ ਨਹੀਂ ਆਇਆ।

—ਸ਼ਾਹੀ ਫਰਮਾਨ ਲੈ ਕੇ ਜਾਓ, ਤੋਹਫੇ ਵੀ, ਖ਼ਿਲਅੱਤ ਵੀ। ਤੇ ਅਰਜ਼ ਕਰਨੀ ਹਿੰਦੋਸਤਾਨ ਦਾ ਸ਼ਹਿਨਸ਼ਾਹ ਮੰਗਣ ਆਇਆ ਏ। ਪੁੱਤ ਬਦਲੇ ਮੈਂ ਆਪ ਜਾਂਦਾ ਹਾਂ। ਇਹਦੇ ਵਿਚ ਮੈਨੂੰ ਕਾਹਦੀ ਸ਼ਰਮ ਏ !

— ਉਥੇ ਕੋਈ ਫਰਕ ਨਹੀਂ ਬਾਦਸ਼ਾਹ ਤੇ ਫ਼ਕੀਰ ਵਿਚ ਉਸ ਦਰਬਾਰ ਵਿਚ ਸਾਰੇ ਹੀ ਇਕੋ ਜਿਹੇ ਹਨ।

—ਸਾਰੇ ਰੱਬ ਦੇ ਰੂਪ ਹਨ, ਗੁਰੂ ਬੇਨਿਆਜ਼ ਹਨ। ਐਵੇਂ ਝਕੀ ਜਾਂਦੇ ਹੋ। ਹਿੰਮਤ ਕਰੋ ਸ਼ੇਖ ਅਬੁਲ ਗਨੌਰੀ ਨੇ ਆਖਿਆ।

ਪੀਰ ਹਸਨ ਅਲੀ ਨੇ ਥਾਪੀ ਦਿੱਤੀ।

—ਜਾਓ ਬਾਦਸ਼ਾਹਾਂ ਦੇ ਦਰਬਾਰ ਤੁਸਾਂ ਕਈ ਵੇਖੇ ਹਨ। ਫਕੀਰਾਂ ਦੇ ਵੀ ਝੁਗੇ ਵੇਖੋ, ਰਹਿਮਤਾਂ ਦਾ ਆਨੰਦ ਲਵੋ। ਉਹ ਏਨੀਆਂ ਬਖਸ਼ਸ਼ਾਂ ਕਰਨਗੇ ਤੁਸੀਂ ਚੁਕ ਕੇ ਨਹੀਂ ਲਿਆ ਸਕਦੇ।

ਸ਼ਾਹਜਹਾਨ ਦਾ ਸੇਰ ਲਹੂ ਵੱਧ ਗਿਆ। ਉਮੀਦ ਦੀ ਕਿਰਨ ਦੀ ਝਲਕ ਵੱਜੀ। ਇਉਂ ਜਾਪੇ ਜਿਵੇਂ ਸੂਰਜ ਉਹਦੇ ਵਿਹੜੇ ਵਿਚ ਚੜ੍ਹ ਆਇਆ ਏ। ਚਿੱਠੀ ਲਿਖੀ ਗੁਰੂ ਹਰਰਾਇ ਨੂੰ।

ਖ਼ਾਕਸਾਰ ਸ਼ਹਿਨਸ਼ਾਹ ਸ਼ਾਹਜਹਾਨ ਹਿੰਦੋਸਤਾਨ ਵਲੋਂ :

—ਹਜ਼ੂਰ ਮੈਂ ਸ਼ਹਿਨਸ਼ਾਹ ਸ਼ਾਹਜਹਾਂ ਹੋਣ ਦੇ ਨਾਤੇ ਇਹ ਚਿੱਠੀ ਨਹੀਂ ਲਿਖ ਰਿਹਾ ਬਲਕਿ ਸਿਰਫ਼ ਸ਼ਾਹਜਹਾਂ ਅਰਜ਼ ਕਰ ਰਿਹਾ ਹਾਂ। ਮੈਂ ਗੁਨਾਹਗਾਰ ਬਾਪ ਹਾਂ। ਮੇਰਾ ਪੁੱਤ ਯੁਵਰਾਜ ਦਾਰਾ ਕਿਸੇ ਗੈਬੀ ਰੋਗ ਵਿਚ ਜਕੜਿਆ ਹੋਇਆ ਏ। ਉਹਦੀ ਦਵਾ ਤੁਹਾਡੇ ਪਾਸ ਏ, ਜੇ ਤੁਹਾਡੀ ਰਹਿਮਤ ਹੋ ਜਾਏ ਤਾਂ ਵਲੀ ਅਹਿਦ ਦੀ ਜਾਨ ਬਚ ਸਕਦੀ ਏ। ਵਰਨਾ ਖ਼ੁਦਾ ਹੀ ਉਹਦੇ ਤੇ ਕੋਈ ਰਹਿਮਤ ਕਰੇ, ਹਿੰਦੋਸਤਾਨ ਵਿਚ ਇਹਦਾ ਕੋਈ ਇਲਾਜ ਨਹੀਂ। ਮੇਰੇ ਹਕੀਮਾਂ ਤੇ ਵੈਦਾਂ ਦੀ ਬੈਠਕ ਨੇ ਫੈਸਲਾ ਕੀਤਾ ਏ, ਤਿੰਨ ਨਿਆਮਤਾਂ ਜਿਹੜੀਆਂ ਤੁਹਾਡੇ ਕੋਲ ਹਨ ਉਹੋ ਹੀ ਸ਼ਹਿਜ਼ਾਦੇ ਦਾ ਇਲਾਜ ਏ।

ਸ਼ਹਿਜ਼ਾਦੇ ਦੀ ਜਾਨ ਹੁਣ ਜਾਂ ਖ਼ੁਦਾ ਦੇ ਹੱਥ ਵਿਚ ਏ ਜਾਂ ਤੁਹਾਡੇ ਹੱਥ।

ਮੋਹਰ

ਸ਼ਹਿਨਸ਼ਾਹੇ ਹਿੰਦੋਸਤਾਨ ਸ਼ਾਹਜਹਾਨ।

ਸ਼ਿੰਗਾਰੇ ਹੋਏ ਘੋੜਿਆਂ ਤੇ ਚੜ੍ਹੇ ਦੋਵੇਂ ਜਵਾਨ ਤੇ ਮੂੰਹ ਕਰ ਲਿਆ ਕੀਰਤਪੁਰ ਵੱਲ।

—ਚਲੋ ਇਸੇ ਬਹਾਨੇ ਮੱਕੇ ਦੇ ਦੀਦਾਰ ਹੋ ਜਾਣਗੇ।

—ਭਈ ਤੇਰੇ ਨਾਲ ਅਸੀਂ ਵੀ ਤਰ ਜਾਵਾਂਗੇ।

—ਯਾਰ ਤੇਰੀ ਤੇ ਪੰਜ ਹਜ਼ਾਰੀ ਪੱਕੀ ਹੋ ਗਈ। ਆਪਣੀ ਦਾਅਵਤ।

—ਤੇਰੀ ਜ਼ੁਬਾਨ ਮੁਬਾਰਕ ਹੋਵੇ, ਤੇਰੇ ਮੂੰਹ ਵਿਚ ਘਿਓ ਸ਼ਕਰ।

—ਘੋੜਿਆਂ ਨੇ ਹਵਾ ਦੀ ਸਵਾਰੀ ਕੀਤੀ, ਇਕ ਤਾਂਘ ਤੇ ਦੂਜਾ ਸ਼ੌਕ।

—ਦੂਜੇ ਦਿਨ ਮੂੰਹ ਹਨੇਰੇ ਕੀਰਤਪੁਰ ਪੁੱਜੇ। ਰਾਤਾਂ ਦੋ ਓਦਾਂ ਦਿਨ ਤਿੰਨ। ਲੰਗਰ ਛੱਕਿਆ ਤੇ ਸੌਂ ਗਏ। ਥੱਕੇ ਟੁੱਟੇ ਤਿੰਨਾਂ ਦਿਨਾਂ ਦੇ, ਸੁਰਤ ਹੀ ਨਾ ਰਹੀ।

—ਸ਼ਾਹੀ ਹਰਕਾਰੇ ਹਨ ਅਰਾਮ ਕਰਨ ਦਿਉ, ਗੁਰੂ ਦੇ ਘਰ ਆਏ ਹਨ। ਸਿੱਖਾਂ ਨੇ ਦੁੱਧ ਦੇ ਛੰਨੇ ਭਰ ਭਰ ਕੇ ਬਾਹੋਂ ਫੜਕੇ ਉਠਾ ਕੇ ਪਿਆਏ।

—ਕਿਥੇ ਬਾਦਸ਼ਾਹੀ ਬਾਰਾਂਦਰੀਆਂ ਤੇ ਕਿਥੇ ਫਕੀਰਾਂ ਦੇ ਝੌਂਪੜੇ। ਸੌਂ ਜਾਓ ਯਾਰ, ਸੂਰਜ ਚੜ੍ਹੇਗਾ ਤੇ ਕਿਸਮਤ ਪਲਟੇਗੀ।

□

੪
ਖੁਲ੍ਹੇ ਦਰ

ਲਗੇ ਦੀਵਾਨ ਵਿਚ ਹਾਜ਼ਰੀ ਜਾ ਭਰੀ, ਗੁਲਬੇਗ ਤੇ ਆਕਲ ਖਾਂ ਨੇ।

—ਕਿਥੋਂ ਆਈਆਂ ਨੇ ਸੰਗਤਾਂ, ਗੁਰਾਂ ਫਰਮਾਇਆ।

—ਦਿੱਲੀ ਤੋਂ ਸ਼ਹਿਨਸ਼ਾਹ ਨੇ ਭੇਜਿਆ ਏ, ਮੱਥਾ ਟੇਕਣਾ ਚਾਹੁੰਦੇ ਨੇ ਸ਼ਹਿਨਸ਼ਾਹ।

—ਧੰਨ ਭਾਗ ਜੇ ਇਧਰ ਵੀ ਵਾਗਾਂ ਮੋੜੀਆਂ ਨੇ, ਹਕੂਮਤ ਵਲੋਂ ਕੋਈ ਹੁਕਮ।

— ਨਹੀਂ ਅਸੀਂ ਅਰਜ਼ ਕਰਨ ਆਏ ਹਾਂ। ਸ਼ਹਿਨਸ਼ਾਹ ਖੁਦ ਆਉਣਾ ਚਾਹੁੰਦੇ ਸਨ ਪਰ ਵਲੀ ਅਹਿਦ ਦੀ ਹਾਲਤ ਨਾਜ਼ੁਕ ਸੀ, ਇਸੇ ਲਈ ਸਾਨੂੰ ਹਾਜ਼ਰੀ ਭਰਨ ਲਈ ਭੇਜਿਆ ਏ। ਇਹ ਸ਼ਾਹੀ ਫਰਮਾਨ ਤੇ ਇਹ ਹਨ ਨਜ਼ਰਾਨੇ, ਤੋਹਫੇ, ਸਾਰਾ ਹਿੰਦੋਸਤਾਨ ਢੁਕ ਰਿਹਾ ਏ ਹਜ਼ੂਰ ਦੇ ਦਰਬਾਰ ਵਿਚ।

—ਫਰਮਾਨ ਪੜ੍ਹਿਆ, ਬਾਦਸ਼ਾਹ ਪਰੇਸ਼ਾਨ ਏ, ਵਲੀ ਅਹਿਦ ਨੂੰ ਸੱਤੇ ਖੈਰਾਂ ਨੇ। ਬਦਲੀਆਂ ਦਾ ਕਦੀ ਰੁੱਖ ਬਦਲ ਜਾਂਦਾ ਏ, ਵੈਸੇ ਵਰਖਾ ਤੇ ਨਿਹਮਤ ਏ, ਘਬਰਾਉਣ ਦੀ ਗਲ ਨਹੀਂ, ਗੁਰੂ ਮਿਹਰ ਕਰੂ। ਦਵਾਈ ਸਾਡੇ ਕੋਲ ਏ ਹੁਣੇ ਲੈ ਲਵੋ ਤੇ ਹੁਣੇ ਚਲੇ ਜਾਓ, ਬਿਮਾਰ ਨੂੰ ਲੋੜ ਏ ਜਲਦੀ, ਤੇ ਦੇਰ ਨਹੀਂ ਕਰਨੀ, ਫੁਰਮਾਇਆ ਹਜ਼ੂਰ ਨੇ।

—ਦਵਾਖਾਨੇ ਵਿਚੋਂ ਉਸੇ ਵੇਲੇ ਤਿੰਨ ਚੀਜ਼ਾਂ ਮੰਗਵਾਈਆਂ ਤੇ ਅੱਖ ਦੇ ਝਮਕਣ ਤੋਂ

ਪਹਿਲਾਂ ਹੀ ਹਰਕਾਰੇ ਤੋਰ ਦਿੱਤੇ, ਅਸੀਸਾਂ ਦੇ ਕੇ ਮਿਹਰ ਬਾਬੇ ਨਾਨਕ ਦੀ। ਯਾਦਆਵਰੀ ਦਾ ਸ਼ੁਕਰੀਆ। ਗੁਰੂ ਹਰਿਰਾਏ ਨੇ ਬਚਨ ਕੀਤੇ।

ਪਲੇ ਪ੍ਰਸ਼ਾਦ ਬੰਨ੍ਹ ਕੇ ਤੋਰਿਆ ਸੀ ਤੇ ਦੁੱਧ ਦੇ ਛੰਨਿਆਂ ਨਾਲ ਪਿਆਸ ਬੁਝਾਈ ਸੀ।

—ਕਮਾਲ ਏ, ਧੰਨ ਏ ਸਿੱਖੀ, ਧੰਨ ਏ ਗੁਰੂ ਦਰਬਾਰ, ਇਹ ਵਾਕਿਆ ਈ ਖ਼ੁਦਾ ਦਾ ਰੂਪ ਹਨ। ਬੋਲ ਸਨ ਗੁਲਬੇਗ ਖਾਂ ਦੇ।

—ਇਸਲਾਮ ਨੇ ਕੀ ਖ਼ੁਦਾ ਨੂੰ ਮੁੱਲ ਖਰੀਦਿਆ ਏ, ਖ਼ੁਦਾ ਤੇ ਸਾਰੀ ਮਖ਼ਲੂਕ ਦਾ ਖ਼ੁਦਾ ਏ। ਮੌਲਾਨੇ, ਕਾਜ਼ੀ, ਮੁੱਲਾਂ, ਖ਼ੁਦਾ ਨੂੰ ਗੰਢ ਵਿਚ ਬੰਨ੍ਹ ਕੇ ਸਿਰ ਤੇ ਚੁਕ ਲੈਣ, ਕੀ ਖ਼ੁਦਾ ਇਹਨਾਂ ਦੀ ਗੱਲ ਸੁਣੂ। ਕਿਉਂਕਿ ਤਾਜ ਜੂ ਇਹਨਾਂ ਦਾ ਏ। ਬਾਕੀ ਜਾਤਾਂ ਕੀ ਸਮੁੰਦਰ ਵਿਚ ਡੁਬ ਮਰਨਗੀਆਂ, ਗਲਤ ਏ, ਰੱਬ ਨੇੜੇ ਕਿ ਘਸੁੰਨ।

—ਘਸੁੰਨ ਤੋਂ ਦੁਨੀਆ ਡਰਦੀ ਏ। ਇਸ ਲਈ ਇਹ ਖ਼ੁਦਾ ਦੇ ਦਾਅਵੇਦਾਰ ਬਣੇ ਫਿਰਦੇ ਨੇ। ਆਕਲ ਖਾਂ ਦੇ ਬੋਲ ਸਨ।

—ਯਾਰ ਤੇਰੀ ਪੰਜ ਹਜ਼ਾਰੀ ਪੱਕੀ, ਇਹ ਕੰਮ ਤੇਰੀ ਦਲੇਰੀ ਨਾਲ ਹੋਇਆ ਏ। ਵਰਨਾ ਕਿਸੇ ਨੇ ਜੁਰਅਤ ਨਹੀਂ ਸੀ ਕਰਨੀ ਕੀਰਤਪੁਰ ਜਾਣ ਦੀ। ਸ਼ਹਿਨਸ਼ਾਹ ਨੇ ਸ਼ਹਿਜ਼ਾਦੇ ਦੇ ਸਿਰ ਤੋਂ ਵਾਰ ਕੇ ਤੈਨੂੰ ਪੰਜ ਹਜ਼ਾਰੀ ਦੇ ਦੇਣੀ ਏ।

—ਯਾਰ ਪੰਘੂੜੇ ਵਿਚ ਬੈਠਾਂਗਾ ਤੂੰ ਵੀ ਝੂਟੇ ਲੈ ਲਈਂ। ਯਾਰਾਂ ਦੇ ਸਦਕੇ ਹੀ ਮੌਜ ਬਹਾਰਾਂ ਹੁੰਦੀਆਂ ਨੇ।

—ਦਿੱਲੀ ਤਾਂ ਪੁੱਜੋ ਫਿਰ ਵੇਖਾਂਗੇ ਤੇਲ ਤੇ ਤੇਲ ਦੀ ਧਾਰ।

—ਫਿਕਰ ਨਾ ਕਰ ਤੇਰੀਆਂ ਪੰਜੇ ਹੀ ਘਿਓ ਵਿਚ ਹਨ।

—ਇਹ ਸਭ ਕੁਝ ਤੇਰੇ ਸਿਰ ਦੇ ਸਦਕੇ ਹੀ ਹੋਇਆ ਏ।

—ਯਾਰ ਗੁਰੂ ਬਹੁਤ ਹੀ ਮਿਹਰਬਾਨ ਹਨ। ਏਨੇ ਵਿਸ਼ਾਲ ਹਿਰਦੇ ਦੇ ਬੰਦੇ ਇਹ ਇਨਸਾਨ ਨਹੀਂ ਦੇਵਤੇ ਹਨ। ਕੀ ਇਹ ਹਜ਼ਰਤ ਨਿਜ਼ਾਮੂਦੀਨ ਤੋਂ ਘੱਟ ਹਨ।

—ਫਕੀਰੀ ਕੋਈ ਜ਼ਾਤ ਹੀ ਨਿਰਾਲੀ ਏ। ਦੂਈ ਦਵੈਤ ਇਹਨਾਂ ਦੇ ਕੋਲ ਹੀ ਨਹੀਂ ਫਟਕੀ, ਸਾਰਾ ਪੰਜਾਬ ਨੰਗੇ ਪੈਰੀਂ ਆਉਂਦਾ ਏ ਦਰਸ਼ਨ ਕਰਨ।

—ਪੰਜਾਬ ਦੀ ਰੂਹ, ਪੰਜਾਬ ਦੀ ਆਤਮਾ, ਪੰਜਾਬ ਦਾ ਦਿਲ ਹਨ ਗੁਰੂ।

—ਜੇ ਇਹਨਾਂ ਨੂੰ ਛੇੜਿਆ ਨਾ ਜਾਏ ਤੇ ਇਹ ਜ਼ਰੂਰ ਮੰਦਰ ਤੇ ਮਸਜਿਦ ਦਾ ਦਰਵਾਜ਼ਾ ਇਕ ਰੱਖ ਦੇਣਗੇ।

—ਤੇ ਫਿਰ ਹਿੰਦੋਸਤਾਨ ਸਵਰਗ ਬਣ ਜਾਊ, ਹੱਜ ਕਰਨ ਦੀ ਫਿਰ ਕਿਸੇ ਨੂੰ ਲੋੜ ਹੀ ਨਾ ਰਹੇਗੀ।

ਅੱਧੇ ਸਫਰ ਦਾ ਲੱਕ ਤੋੜ ਦਿੱਤਾ ਸੀ ਸ਼ਾਹੀ ਸਵਾਰਾਂ ਨੇ। ਖ਼ੁਸ਼ੀ ਵਿਚ ਪੈਂਡਾ ਕ੍ਰਿਵੇਂ ਮੁੱਕ ਗਿਆ ਪਤਾ ਹੀ ਨਾ ਲੱਗਾ, ਹੁਣ ਦਿੱਲੀ ਦੂਰ ਨਹੀਂ, ਦੋ ਮੰਜ਼ਲਾਂ ਮਾਰੀਆਂ ਤੇ ਦਿੱਲੀ ਪੁੱਜ ਗਏ।

—ਇਕ ਪੂਰੀ ਰਾਤ ਦਾ ਸਫਰ ਕੀਤਾ ਤੇ ਸੂਰਜ ਦੀ ਟਿੱਕੀ ਦਾ ਦਿੱਲੀ ਜਾ ਕੇ ਦਰਸ਼ਨ ਕੀਤਾ।

ਦਰਬਾਰ ਵਿਚ ਉਡੀਕ ਹੋ ਰਹੀ ਸੀ, ਘੋੜ ਸਵਾਰਾਂ ਦੀ ਇਤਲਾਹ ਪੁੱਜ ਗਈ ਦਰਬਾਰ ਵਿਚ, ਕਾਮਯਾਬੀ, ਦਰਬਾਰ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ।

—ਅਕੀਦਤ, ਮੁਹੱਬਤ, ਸ਼ਾਹੀ ਰਸੂਮ ਕੇ ਮੁਤਾਬਕ ਉਸ ਨਿਆਮਤੇ ਇਲਾਹੀ ਕਾ ਸਵਾਗਤ ਕੀਆ ਜਾਏ ।

ਸ਼ਾਦੀਆਨੇ ਵੱਜੇ, ਸਲਾਮੀ ਦਿੱਤੀ ਗਈ, ਸਿਰ ਝੁਕੇ, ਸੋਨੇ ਦੀ ਥਾਲੀ ਵਿਚ ਰੱਖਕੇ ਤਿੰਨੇ ਚੀਜ਼ਾਂ ਸ਼ਹਿਨਸ਼ਾਹ ਦੇ ਹਜ਼ੂਰ ਵਿਚ ਪੇਸ਼ ਕੀਤੀਆਂ ਗਈਆਂ ।

ਪਹਿਲਾ ਬੋਸਾ ਦਿੱਤਾ ਸ਼ਹਿਨਸ਼ਾਹ ਨੇ । ਤੇ ਸਲਾਮ ਕੀਤੀ ਤੇ ਫਿਰ ਹਕੀਮਾਂ ਦੇ ਹਵਾਲੇ ਕੀਤੀਆਂ ਗਈਆਂ ਤਿੰਨੇ ਨਿਹਮਤਾਂ । ਮੁਬਾਰਕ, ਸ਼ਹਿਨਸ਼ਾਹ ਮੁਬਾਰਕ ਹੋ ।

—ਸ਼ਹਿਜ਼ਾਦੇ ਨੂੰ ਹੱਸਦਿਆਂ ਖੇਡਦਿਆਂ ਤੁਸੀਂ ਹੁਣੇ ਹੀ ਵੇਖ ਸਕੋਗੇ । ਭੀਲ ਰਾਜ ਨੇ ਅਰਜ਼ ਕੀਤੀ ।

—ਤੁਮਾਰੀ ਜ਼ੁਬਾਨ ਮੁਬਾਰਕ ਹੋ ਭੀਲ ਰਾਜ, ਹਮ ਤੁਮ੍ਹੇਂ ਮੋਤੀਓਂ ਸੇ ਤੋਲ ਦੇਂਗੇ । ਸ਼ਾਹ ਦੀ ਜ਼ਬਾਨੇ ਮੁਬਾਰਕ ਦਾ ਫ਼ਰਮਾਨ ਸੀ ।

—ਹਜ਼ੂਰ ਮੈਂ ਜ਼ਰਾ ਭਗਵਾਨ ਦੀ ਹਜ਼ੂਰੀ ਵਿਚ ਹਾਜ਼ਰੀ ਭਰ ਆਵਾਂ ਥੋੜੀ ਜਿਹੀ ਦੇਰ ਲਗੇਗੀ ।

—ਭਗਵਾਨ ਦੇ ਮੰਦਰ ਜਾਣਾ ਚਾਹੁੰਦੇ ਹੋ ਭੀਲ ਰਾਜ । ਸਾਡੇ ਸ਼ਾਹੀ ਮਹਿਲ ਵਿਚ ਇਕ ਨਾਯਾਬ ਮੰਦਰ ਏ ਅੱਜ ਉਥੇ ਹੀ ਪੂਜਾ ਕਰੋ, ਇਹ ਮੇਰੀ ਦਿਲੀ ਖਾਹਸ਼ ਏ ।

—ਮੰਦਰ ਹਰਮ ਵਿਚ ਹੋਣਾ ਏ ਐਵੇਂ ਕਿਉਂ ਕਸ਼ਟ ਦਿੱਤਾ ਜਾਏ ।

—ਬਾਹਰ ਨਹੀਂ ਜਾਣਾ, ਹਰਮ ਵਿਚ ਏ ਤੇ ਫਿਰ ਕੀ, ਜਦ ਭਗਵਾਨ ਸਾਡੇ ਘਰ ਵਿਚ ਏ ਤੇ ਫਿਰ ਬਾਹਰ ਜਾਣ ਦੀ ਕੀ ਲੋੜ ਏ । ਸ਼ਹਿਨਸ਼ਾਹ ਦੀ ਅਵਾਜ਼ ਸੀ ।

—ਮੈਂ ਤੁਹਾਡੇ ਨਾਲ ਚਲਦਾ ਹਾਂ, ਚਲੋ, ਭੀਲ ਰਾਜ ਘਬਰਾਓ ਨਹੀਂ ।

—ਸਭ ਤੋਂ ਪਹਿਲਾਂ ਇਸ਼ਨਾਨ ਕੀਤਾ । ਤੇ ਚਰਨਾਮ੍ਰਿਤ ਲਈ ਗੜਵੀ ਭਰੀ, ਧੂਪ, ਫੁੱਲ, ਫਲ, ਪਰਸ਼ਾਦ ਆਗਿਆ ਸੋਨੇ ਦੀ ਥਾਲੀ ਵਿਚ ਸੱਜਿਆ ਹੋਇਆ । ਮੱਥਾ ਟੇਕਿਆ, ਕੰਨ ਫੜੇ । ਭਗਵਾਨ ਦੇ ਦਰਬਾਰ ਤੇ ਲਕੀਰਾਂ ਕੱਢੀਆਂ, ਪ੍ਰਭੂ ਮੇਰੀ ਲਾਜ ਰੱਖਣਾ । ਘੰਟੀਆਂ, ਛੈਣਿਆਂ ਤੇ ਘੜਿਆਲ ਦੀ ਅਵਾਜ਼ ਗੂੰਜੀ ।

—ਭਗਵਾਨ ਨੇ ਥਾਪਣਾ ਦੇ ਦਿੱਤੀ ਏ । ਹਜ਼ੂਰ ਚਲੋ, ਹੁਣੇ ਲੈ ਕੇ ਆਉਂਦੇ ਹਾਂ ਸ਼ਹਿਜ਼ਾਦੇ ਨੂੰ ਹਰਮ ਵਿਚ ।

—ਕਮਾਲ ਏ, ਕਮਾਲ ਏ, ਨਿਸ਼ਚਾ, ਕਿਆ ਅਕੀਦਤ ਏ, ਕਿਆ ਦ੍ਰਿੜ ਇਰਾਦਾ ਏ । ਧੰਨ ਹਨ ਇਹ ਲੋਕ । ਸ਼ਹਿਨਸ਼ਾਹ ਫਰਮਾ ਰਿਹਾ ਸੀ ।

—ਜੰਗ ਹਰੀੜ ਕੁਟੀ, ਛਾਣੀ, ਤੇ ਫਕੀ ਦਿੱਤੀ ਸ਼ਹਿਜ਼ਾਦੇ ਨੂੰ ਤੇ ਮਗਰੋਂ ਇਕ ਕਟੋਰੀ ਪਾਣੀ ਪਿਆਇਆ, ਖੁਲ੍ਹ ਕੇ ਜੁਲਾਬ ਆ ਗਿਆ ਤੇ ਰੌਣਕ ਆ ਗਈ ।

—ਮੈਂ ਤੰਦਰੁਸਤ ਹਾਂ ਸ਼ਹਿਨਸ਼ਾਹੇ ਆਲਮ ! ਇਹ ਕੋਈ ਖ਼ੁਦਾਈ ਮੁਅੱਜਜ਼ਾ ਏ, ਦਾਰਾ ਸ਼ਕੋਹ ਦੇ ਬੋਲ ਸਨ ।

—ਠਹਿਰੋ ਅਜੇ ਜ਼ਰਾ ਹੋਰ ਅਰਾਮ ਦੀ ਲੋੜ ਏ, ਲੌਂਗ ਪੀਸ ਕੇ ਇਕ ਚੁਟਕੀ ਦਿੱਤੀ, ਜ਼ਰਾ ਕੁ ਠੰਡ ਪਈ ਲੋਹੇ ਨੂੰ ਲੋਹੇ ਨੇ ਕੱਟਿਆ ਤੇ ਫਿਰ ਹੌਲੀ-ਹੌਲੀ ਗਜ਼ ਮੋਤੀਆਂ ਦਾ ਕੁਸ਼ਤਾ ਦਿੱਤਾ ਗਿਆ, ਸਿਰਫ ਅੱਧੀ ਘੜੀ ਵਿਚ ਸ਼ਹਿਜ਼ਾਦਾ ਉਠ ਕੇ ਬਹਿ ਗਿਆ । ਅੱਬਾ ਜਾਨ-ਖ਼ੁਦਾ ਦੀ ਰਹਿਮਤ ਏ, ਮੈਂ ਬਿਲਕੁਲ ਤੰਦਰੁਸਤ ਹਾਂ ।

—ਮੋਤੀਆਂ ਨਾਲ ਤੋਲ ਦਿਓ ਭੀਲ ਰਾਜ ਨੂੰ, ਭੀਲ ਰਾਜ ਸ਼ਾਹੀ ਮਹਿਮਾਨਖਾਨੇ ਵਿਚ ਰਹੋ, ਕੁਝ ਦਿਨ ਅਰਾਮ ਕਰਨ ਤੋਂ ਬਾਅਦ ਜਾਣਾ । ਮੈਂ ਸ਼ਹਿਨਸ਼ਾਹ ਨਹੀਂ ਬਾਪ ਬੋਲ ਰਿਹਾ ਹਾਂ । □

੫

ਜ ਸ਼ਰਨ ਆਵੇ, ਤਿਸ ਕੰਠ ਲਾਵੇ

ਹਾਥੀ ਝੂਮਦੇ ਸਣੇ ਅਮਾਰੀਆਂ ਦੇ। ਝੰਡੇ ਲਹਿਰਾ ਰਹੇ ਸਨ, ਸਾਰੀ ਦਿੱਲੀ ਵਿਚ ਖੁਸ਼ੀਆਂ ਦਾ ਗੁੜ ਵੰਡਿਆ ਜਾ ਰਿਹਾ ਸੀ। ਘੋੜੇ, ਹਾਥੀ, ਸੂਰਬੀਰ ਬਹਾਦਰ, ਰਾਜਪੂਤ ਮੁਗਲ ਕੁੰਢੀਆਂ ਮੁੱਛਾਂ ਵਾਲੇ, ਪੱਗਾਂ ਦੇ ਸ਼ਮਲੇ ਗੱਲਾਂ ਕਰਨ ਅਸਮਾਨ ਨਾਲ, ਵਲੀ ਅਹਿਦ ਦਾਰਾ ਸ਼ਿਕੋਹ ਹਾਜ਼ਰੀ ਭਰਨ ਜਾ ਰਿਹਾ ਸੀ, ਗੁਰੂ ਦਰਬਾਰ ਵਿਚ। ਸ਼ਾਹੀ ਖਿਲਅਤ ਸ਼ਹਿਨਸ਼ਾਹ ਵਲੋਂ ਤੇ ਹੋਰ ਨਜ਼ਰਾਨੇ ਤੇ ਅਕੀਦਤ ਦੇ ਫੁੱਲ। ਮਲਕਾ-ਏ-ਆਲਮ ਵਲੋਂ ਮੋਤੀਆਂ ਦੀ ਮਾਲਾ, ਦਿੱਲੀ ਤੋਂ ਚੁੱਕ ਕੇ ਲਿਜਾ ਰਿਹਾ ਸੀ ਕੀਰਤਪੁਰ ਵੱਲ ਨੂੰ ਸਹਿਜ਼ਾਦਾ। ਹਾਜ਼ਰੀ ਜੋ ਭਰਨੀ ਸੀ ਗੁਰੂ ਦੀ।

—ਸ਼ਹਿਜ਼ਾਦਾ ਕਾਫਰ ਹੋ ਗਿਆ ਏ, ਸੱਜਣਾ ਤੇ ਉਹ ਵੀ ਇਕ ਕਾਫਰ ਦੀ ਦਰਗਾਹ ਤੇ। ਔਰੰਗਜ਼ੇਬ ਆਖਣ ਲੱਗਾ।

—ਸ਼ਹਿਜ਼ਾਦਾ ਪਿਓ ਵਰਗਾ ਭਰਾ ਏ, ਬੀਮਾਰੀ ਤੋਂ ਉਠਿਆ ਏ, ਸਲਾਮ ਕਰਨ ਚਲਿਆ ਏ। ਇਕ ਹਮਜੋਲੀ ਨੇ ਆਖਿਆ।

—ਮਰ ਜਾਂਦਾ ਤਾਂ ਚੰਗਾ ਸੀ, ਇਸ ਇਸਲਾਮ ਨੂੰ ਮਿੱਟੀ ਵਿਚ ਰੋਲ ਕੇ ਰੱਖ ਛੱਡਣਾ ਏ। ਜੇ ਹਿੰਦੁਸਤਾਨ ਵਿਚ ਹਿੰਦੂ ਰਾਜ ਨਾ ਹੋ ਗਿਆ ਤਾਂ ਮੇਰਾ ਨਾਂ ਵਟਾ ਦਿਓ। ਔਰੰਗਜ਼ੇਬ ਦੇ ਬੋਲਾਂ ਵਿਚ ਕੁੜੱਤਣ ਸੀ। ਵਲੀ ਅਹਿਦ ਇਕ ਮਾਮੂਲੀ ਜਿਹੇ ਗੁਰੂ ਦੇ ਦਰਬਾਰ ਵਿਚ ਜਾ ਰਿਹਾ ਏ, ਲਾਅਨਤ ਏ ਵਲੀ ਅਹਿਦ ਦੀ ਅਕਲ ਤੇ, ਕਿਥੇ ਰਾਜਾ ਭੋਜ ਤੇ ਕਿਥੇ ਗੰਗੂ ਤੇਲੀ, ਸੱਪ ਵਾਂਗੂ ਮਰੋੜ ਖਾਧਾ ਔਰੰਗਜ਼ੇਬ ਨੇ।

—ਕਾਫਲਾ ਲੰਘ ਰਿਹਾ ਸੀ। ਸ਼ਾਹੀ ਜਲੂਸ ਔਰੰਗਜ਼ੇਬ ਦੀਆਂ ਅੱਖਾਂ ਵਿਚ ਰੜਕਿਆ ਪਰ ਕਰ ਕੁਝ ਨਹੀਂ ਸੀ ਸਕਦਾ।

—ਵੱਡੇ ਪੁੱਤ ਦੇ ਹੁੰਦਿਆਂ ਛੋਟਾ ਕੀ ਦੀਵਾਰਾਂ ਨਾਲ ਟਕਰਾਂ ਮਾਰੂ। ਪਲੇਠੀ ਦਾ ਪੁੱਤ ਹੀ ਤਖ਼ਤ ਦਾ ਮਾਲਕ ਹੁੰਦਾ ਏ। ਔਰੰਗਜ਼ੇਬ ਦੇ ਹੱਥਾਂ ਵਿਚੋਂ ਤਸਬੀ ਥਿੜਕ ਰਹੀ ਸੀ।

—ਘਰ ਵਿਚ ਠੰਡੀ ਜੰਗ ਚਲ ਰਹੀ ਸੀ। ਸਾਰੇ ਘਰ ਵਿਚ ਇਕੋ ਹੀ ਬੰਦਾ ਚਲਾਕ ਤੇ ਸੀ ਉਹ ਹਰ ਕੰਮ ਖਾਮੋਸ਼ੀ ਦੀ ਗੋਦ ਵਿਚ ਕਰਦਾ ਸੀ। ਉਹ ਆਪਣੇ ਬਾਕੀ ਭਰਾਵਾਂ ਨੂੰ ਆਪਣੇ ਹੱਥਾਂ ਤੇ ਪਾ ਰਿਹਾ ਸੀ ਕਿਸੇ ਨੂੰ ਆਖਦਾ ਮੈਂ ਤੇ ਹੱਜ ਕਰਨ ਚਲੇ ਜਾਣਾ ਏ, ਮੈਨੂੰ ਤਖ਼ਤ ਤੇ ਤਾਜ ਨਾਲ ਕੋਈ ਹਮਦਰਦੀ ਨਹੀਂ, ਮੈਂ ਤੇ ਦਰਵੇਸ਼ ਹਾਂ। ਫਕੀਰੀ ਮੇਰਾ ਈਮਾਨ ਏ ਅੱਲਾ ਅੱਲਾ ਕਰਨਾ। ਵੈਸੇ ਦਾਰਾ ਹਕੂਮਤ ਦੀ ਲੁੱਟੀਆ ਡਬੋ ਕੇ ਰੱਖ ਦੇਊ। ਅੱਬਾ ਜਾਨ ਪਿਤਰੀ ਮੁਹੱਬਤ ਦੇ ਸਦਕੇ ਦਾਰਾ ਤੇ ਮਿਹਰਬਾਨ ਹਨ। ਨੰਗੀਂ ਪੈਰੀਂ ਫਕੀਰਾਂ, ਸਾਧੂਆਂ ਦਰਵੇਸ਼ ਤੇ ਵਲੀ ਅੱਲ੍ਹਾ ਦੇ ਹੁਜਰਿਆਂ ਵਿਚ ਚਲਾ ਜਾਂਦਾ ਏ। ਉਸ ਸ਼ਰਮ ਹੀ ਲਾਹ ਦਿੱਤੀ ਏ। ਓਮ ਨਾਮ ਦਾ ਨਗ ਜੜ੍ਹ ਕੇ ਮੁੰਦਰੀ ਵਿਚ ਪਾ ਲਿਆ, ਤਿਲਕ ਲਾਉਂਦਾ ਏ, ਵੇਦਾਂ ਤੇ ਸ਼ਾਸਤ੍ਰਾਂ ਵਿਚ ਉਸ ਈਮਾਨ ਲੇ ਆਂਦਾ ਏ, ਕੁਰਾਨ ਉਲਾ ਨੂੰ ਉਸ ਛਿੱਕੇ ਤੇ ਟੰਗ ਦਿੱਤਾ ਏ ਭਲਾ ਹਿੰਦੂ ਵੀ ਕਦੇ ਸਾਡੇ ਦੋਸਤ ਬਣ ਸਕਦੇ ਹਨ। ਅਸੀਂ ਜਿਉਂ ਹੀ ਤਾਂ ਸਕਦੇ ਹਾਂ ਜੇ ਸਾਰੇ ਹਿੰਦੁਸਤਾਨ ਵਿਚ ਇਸਲਾਮੀ ਕਾਨੂੰਨ ਲਾਗੂ ਕਰ ਦੇਈਏ ਤੇ ਫੇਰ ਸਾਡੀ ਹਕੂਮਤ ਤਾ ਕਿਆਮਤ ਕਾਇਮ ਰਹੇਗੀ। ਔਰੰਗਜ਼ੇਬ ਉਤੋਂ ਬੜਾ ਭੋਲਾ ਭਾਲਾ ਸੀ ਤੇ ਵਿਚੋਂ ਜ਼ਹਿਰ ਦੀ ਪੁੜੀ ਸੀ।

ਦਾਰਾ ਸ਼ਿਕੋਹ ਨੇ ਕਿਸੇ ਦੀ ਪਰਵਾਹ ਨਾ ਕੀਤੀ ਸਿਰਫ ਸ਼ਹਿਨਸ਼ਾਹ ਪਾਸੋਂ ਇਜਾਜ਼ਤ ਲੈ ਲਈ ਤੇ ਸ਼ੁਕਰੀਆ ਕਰਨ ਜਾ ਰਿਹਾ ਸੀ ਗੁਰੂ ਸਾਹਿਬ ਦਾ ਜਿਨ੍ਹਾਂ ਉਹਨੂੰ ਜੀਵਨ ਦਾਨ ਦਿੱਤਾ ਸੀ।

ਸ਼ਾਹਜਹਾਨ ਦਿਲੋਂ ਜਾਣਦਾ ਸੀ ਕਿ ਦਾਰਾ ਦਾ ਮੁੜ ਕੇ ਨਵਾਂ ਜਨਮ ਹੋਇਆ ਏ। ਸਾਨੂੰ ਰਾਜਪੂਤਾਂ ਤੇ ਸਿੱਖਾਂ ਨਾਲ ਬਣਾ ਕੇ ਰੱਖਣੀ ਚਾਹੀਦੀ ਏ। ਇਹਨਾਂ ਦੇ ਸਿਰ ਸਦਕੇ ਹੀ ਅਸੀਂ ਹਕੂਮਤ ਕਰ ਰਹੇ ਹਾਂ।

ਸ਼ਾਹੀ ਜਲੂਸ ਸ਼ਾਦੀਆਨੇ ਵਜਾਉਂਦਾ ਜਾ ਰਿਹਾ ਸੀ। ਸਾਰਾ ਪੰਜਾਬ ਸ਼ਹਿਜ਼ਾਦੇ ਦੀ ਕਦਮ ਬੋਸੀ ਵਾਸਤੇ ਤਿਆਰ ਖੜਾ ਸੀ। ਸੱਤਾਂ ਦਿਨਾਂ ਵਿਚ ਸ਼ਾਹੀ ਜਲੂਸ ਕੀਰਤਪੁਰ ਦੇ ਲਾਗੇ ਪੁੱਜਾ, ਹਰਕਾਰੇ ਪਹਿਲਾਂ ਜਾ ਚੁੱਕੇ ਸਨ। ਤੇ ਇਧਰ ਗੁਰੂ ਹਰਰਾਇ ਨੇ ਵੀ ਸਵਾਗਤ ਦੀਆਂ ਤਿਆਰੀਆਂ ਕਰ ਲਈਆਂ ਸਨ। ਭਾਵੇਂ ਇਹ ਸਾਰਾ ਕੰਮ ਮੁਗ਼ਲਾਂ ਆਪ ਹੀ ਕੀਤਾ ਸੀ ਤੇ ਗੁਰੂ ਤੇ ਬੜੇ ਬੇਪਰਵਾਹ ਸਨ ਪਰ ਹਕੂਮਤ ਤੇ ਆਖਰ ਹਕੂਮਤ ਈ ਏ।

ਵਲੀ ਅਹਿਦ ਦਾਰਾ ਸ਼ਿਕੋਹ ਸਲਾਮ ਕਰਨ ਆ ਰਿਹਾ ਏ।

—ਚੰਗਾ, ਲੰਗਰ ਦਾ ਇੰਤਜ਼ਾਮ ਗੁਰੂ ਘਰ ਕਰੇਗਾ, ਦੀਵਾਨ ਸਜਿਆ ਹੋਇਆ ਸੀ।

ਤੋਹਫੇ, ਨਜ਼ਰਾਨੇ ਸੁਗਾਤਾਂ ਸਿਰ ਤੇ ਚੁੱਕ ਅਹਿਲਕਾਰ ਪਹਿਲਾਂ ਹੀ ਪੁੱਜ ਗਏ ਸਨ, ਜਲੂਸ ਅਜੇ ਪਿੱਛੇ ਸੀ। ਨੌਬਤਾਂ, ਵਾਜੇ ਗਾਜੇ, ਸ਼ੋਰਸ਼ਰਾਬਾ, ਝੂਮਦੇ ਹਾਥੀ ਤੇ ਮਛਰੂ ਘੋੜਿਆਂ ਨੇ ਕੀਰਤਪੁਰ ਦੀ ਧਰਤੀ ਵਿਚ ਕਦਮ ਰੱਖੇ। ਨੰਗੀਂ ਪੈਰੀਂ ਸ਼ਹਿਜ਼ਾਦਾ ਪੁੱਜਾ ਦੀਵਾਨ ਵਿਚ। ਮੱਥਾ ਟੇਕਿਆ, ਨਜ਼ਰਾਨਾ ਪੇਸ਼ ਕੀਤਾ, ਸ਼ਾਹੀ ਖਿਲਅਤ, ਬਾਦਸ਼ਾਹ ਵਲੋਂ ਹੱਥ ਜੋੜੇ ਤੇ ਅਰਜ਼ ਕੀਤੀ।

—ਮੈਂ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਮੈਨੂੰ ਨਵੀਂ ਜ਼ਿੰਦਗੀ ਬਖਸ਼ੀ ਏ। ਬੋਲ ਸ਼ਹਿਜ਼ਾਦੇ ਦੇ ਸਨ।

—ਇਹ ਸਭ ਕੁਝ ਗੁਰੂ ਘਰ. ਦਾ ਹੀ ਸਦਕਾ ਏ। ਆਓ ਬੈਠੋ ਆਸਣ ਤੇ ਗੁਰਾਂ ਫਰਮਾਇਆ।

—ਨਹੀਂ ਨਹੀਂ ਮੇਰਾ ਇਹ ਅਸਥਾਨ ਨਹੀਂ, ਮੈਂ ਤੇ ਦੀਵਾਨ ਵਿਚ ਹੀ ਬੈਠਾ ਸੋਭਦਾ ਹਾਂ।

—ਇਹ ਆਸਣ ਤੁਹਾਡੇ ਲਈ ਹੀ ਵਿਛਾਇਆ ਏ, ਸਤਿਗੁਰਾਂ ਫਰਮਾਇਆ।

—ਮੈਂ ਤੇ ਸਵਾਲੀ ਹਾਂ। ਗੁਰੂ ਦੀ ਬਰਾਬਰੀ ਕਿਸ ਤਰ੍ਹਾਂ ਕਰ ਸਕਦਾ ਹਾਂ।

ਸਾਰੇ ਮੁਗ਼ਲ ਹੈਰਾਨ ਸਨ ਸ਼ਹਿਜ਼ਾਦਾ ਜ਼ਬਰਦਸਤੀ ਦੀਵਾਨ ਵਿਚ ਬੈਠ ਗਿਆ। ਦੀਵਾਨ ਖਚਾ ਖਚ ਭਰਿਆ ਹੋਇਆ ਸੀ। ਗੁਰਬਾਣੀ ਦਾ ਪਰਵਾਹ ਚਲ ਰਿਹਾ ਸੀ। ਕੀਰਤਨ ਦਾ ਅਨੰਦ ਮਾਣਿਆ, ਮਗਨ ਹੋ ਗਿਆ ਦਾਰਾ ਸ਼ਿਕੋਹ।

—ਹਜ਼ੂਰ ਜੇ ਇਸ ਇਲਾਹੀ ਬਾਣੀ ਦਾ ਫ਼ਾਰਸੀ ਵਿਚ ਤਰਜਮਾ ਹੋ ਜਾਵੇ ਤਾਂ ਸਾਰਾ ਹਿੰਦੋਸਤਾਨ ਫੈਜ਼ਯਾਬ ਹੋਏਗਾ। ਅਰਜ਼ ਕੀਤੀ ਸ਼ਹਿਜ਼ਾਦੇ ਨੇ।

—ਵਕਤ ਆਉਣ ਤੇ ਹੋ ਜਾਏਗਾ। ਕਾਹਲੀ ਕਾਹਦੀ ਏ।

—ਹਜ਼ੂਰ ਜੇ ਮੇਰੇ ਤੇ ਬਖਸ਼ਸ਼ ਕਰਨ ਇਹ ਕੰਮ ਮੈਂ ਆਪ ਕਰ ਸਕਦਾ ਹਾਂ, ਮੈਂ ਇਸ ਤੋਂ ਪਹਿਲਾਂ ਵੇਦ, ਸ਼ਾਸਤਰ, ਉਪਨਿਸ਼ਦਾਂ ਦਾ ਤਰਜਮਾ ਕੀਤਾ ਏ। ਬਰਾਹਮਣਾਂ, ਰਿਸ਼ੀਆਂ ਤੇ ਸੰਤਾਂ ਦੇ ਸਦਕੇ ਹੀ ਮੈਨੂੰ ਹਿੰਦੂ ਮਤ ਦੀ ਰੰਗਤ ਚੜ੍ਹੀ ਏ।

—ਸੁਣਿਆ ਮੈਂ ਵੀ ਸੀ, ਪਰ ਅੱਜ ਮੈਨੂੰ ਯਕੀਨ ਹੋ ਗਿਆ ਏ, ਜ਼ਰੂਰ ਸ਼ਹਿਜ਼ਾਦੇ ਨੇ ਤਰਜਮਾ ਆਪ ਹੀ ਕੀਤਾ ਹੋਣਾ ਏ। ਪਹਿਲਾਂ ਸਾਡਾ ਖਿਆਲ ਸੀ ਕਿ ਸੂਫ਼ੀ ਮਤ ਦੇ ਆਲਮਾਂ ਇਹ ਕੰਮ ਆਰੰਭਿਆ ਏ। ਗੁਰੂ ਸਾਹਿਬ ਦੇ ਬਚਨ ਸਨ।

—ਹਿੰਦੋਸਤਾਨ ਦੀ ਆਬੋ ਹਵਾ ਵਿਚ ਜਿੰਨ ਰਹਿਣਾ ਏ ਉਸ ਇਥੋਂ ਦੀ ਖੁਸ਼ਬੂ ਸੁੰਘਣੀ ਏ ਤੇ ਉਹਨੂੰ ਇਥੋਂ ਦੇ ਧਰਮਾਂ ਦਾ ਅਧਿਅਨ ਕਰਨਾ ਬਹੁਤ ਜ਼ਰੂਰੀ ਏ। ਬਚਨ ਸੁਣਿਆਂ ਭਰਮ ਮੁਕਦੇ ਹਨ, ਬ੍ਰਹਮ ਨਜ਼ਰੀਂ ਆਉਂਦਾ ਹੈ। ਬਖਸ਼ਸ਼ ਹੁੰਦੀ ਤੇ ਰਾਜਯੋਗ ਦੀ ਪਦਵੀ ਮਿਲਦੀ ਏ। ਇਹ ਆਖਣ ਵਾਲਾ ਇਕ ਸੂਫ਼ੀ ਫਕੀਰ ਸੀ।

—ਅਮਲਾਂ ਤੇ ਹੋਣ ਨਿਬੇੜੇ, ਦਿਲ ਰੋਸ਼ਨ ਹੁੰਦਾ ਏ ਇਕ ਸਰੂਰ ਜਿਹਾ ਆਉਂਦਾ ਏ। ਤੇ ਜ਼ਿੰਦਗੀ ਪਾਕੀਜ਼ਗੀ ਦਾ ਰਾਹ ਮਲ ਲੈਂਦੀ ਏ। ਸ਼ਹਿਜ਼ਾਦੇ! ਕਿਥੇ ਹਕੂਮਤ ਤੇ ਕਿਥੇ ਫਕੀਰੀ।

—ਇਹ ਰੂਹਾਨੀ ਖੁਰਾਕ, ਇਹ ਅੰਮ੍ਰਿਤ ਦੇ ਪਿਆਲੇ ਮੈਂ ਹਜ਼ਰਤ ਨਿਜ਼ਾਮੁਦੀਨ ਔਲੀਆ ਦੀ ਦਰਗਾਹ ਤੋਂ ਹਾਸਲ ਕੀਤੇ ਹਨ।

—ਜਿਥੇ ਤੁਸਾਂ ਏਨੀਆਂ ਬਖਸ਼ਸ਼ਾਂ ਕੀਤੀਆਂ ਨੇ ਮੈਨੂੰ ਰੂਹਾਨੀ ਸਬਕ ਵੀ ਦਿਓ ਤਾਂ ਜੋ ਮੇਰਾ ਅੰਦਰ ਨੂਰੋ ਨੂਰ ਹੋ ਜਾਏ। ਮੈਂ ਘਰੇਂ ਹੱਜ ਕਰਨ ਆਇਆ ਹਾਂ ਤੁਹਾਡੀ ਮਿਹਰ ਸਦਕਾ ਮੇਰਾ ਹੱਜ ਕਬੂਲ ਹੋ ਸਕਦਾ ਏ। ਸ਼ਹਿਜ਼ਾਦਾ ਆਖ ਰਿਹਾ ਸੀ।

—ਇਹ ਗੁਰੂ ਦਰਬਾਰ ਏ। ਇਥੇ ਸਿਰਫ ਰੂਹਾਨੀਅਤ ਦੇ ਹੀ ਬਚਨ ਹੁੰਦੇ ਹਨ। ਨਾ ਸਾਨੂੰ ਹਕੂਮਤ ਨਾਲ ਕੋਈ ਲਾਲਚ ਏ ਤੇ ਨਾ ਜ਼ਮੀਨ ਤੇ ਹੀ ਕਬਜ਼ਾ ਕਰਨਾ ਏ। ਅਸੀਂ ਤੇ ਫਕੀਰ ਹਾਂ, ਗੁਰੂ ਨਾਨਕ ਦੇਵ ਦਾ ਪੈਗਾਮ ਅਸੀਂ ਲੋਕਾਂ ਦੇ ਕੰਨਾਂ ਵਿਚ ਪਾ ਰਹੇ ਹਾਂ। ਏਸੇ ਲਈ ਤੇ ਇਕ ਖੂੰਜੇ ਡੇਰਾ ਬਣਾ ਲਿਆ ਏ।

—ਮੇਰੇ ਸਿਰ ਤੇ ਹੱਥ ਰੱਖੋ ਤੇ ਮੇਰੀ ਕਾਇਆ ਪਲਟ ਦਿਓ।

—ਸ਼ਹਿਜ਼ਾਦੇ ਇਹ ਖਜ਼ਾਨਾ ਨਹੀਂ ਜਿਹਦੀਆਂ ਚਾਬੀਆਂ ਮੈਂ ਤੇਰੇ ਹੱਥ ਫੜਾ ਦਿਆਂ, ਇਹ ਅਭਿਆਸ, ਸਾਧਨਾ ਤੇ ਭਗਤੀ ਮਨ ਮਾਰਿਆਂ ਸਭ ਕੁਝ ਲੱਭਦਾ ਏ, ਗੁਰਾਂ ਬਚਨ ਕੀਤੇ। ਪਹਿਲਾਂ ਲੰਗਰ ਛੱਕੋ ਤੇ ਫਿਰ ਕੋਈ ਦੂਜਾ ਕੰਮ, ਭੁਖਿਆਂ ਨਾਮ ਨਹੀਂ ਜਪਿਆ ਜਾਂਦਾ।

ਸੱਤ ਬਚਨ, ਅਹਿਲਕਾਰਾਂ ਨੂੰ ਹੁਕਮ ਦਿੱਤਾ ਪੰਗਤਾਂ ਲਾ ਕੇ ਬੈਠ ਜਾਓ ਤੇ ਮਰਿਆਦਾ ਵਿਚ ਬੈਠ ਕੇ ਭੋਜਨ ਪਾਓ, ਹੁਕਮ ਸੀ ਸ਼ਹਿਜ਼ਾਦੇ ਦਾ। ਪੰਗਤ ਲੱਗੀ ਤੇ ਸਾਰੇ ਜਲੂਸ ਨੇ ਲੰਗਰ ਛੱਕਿਆ।

ਆਰਾਮ ਕਰੋ ਤੇ ਫਿਰ ਮੁਲਾਕਾਤ ਹੋਵੇਗੀ। ਸ਼ਾਹੀ ਖ਼ੇਮੇ ਲੱਗੇ ਹੋਏ ਸਨ ਆਰਾਮ ਕਰਨ ਚਲਾ ਗਿਆ ਸ਼ਹਿਜ਼ਾਦਾ। ਸੰਧਿਆ ਦੇ ਦੀਵਾਨ ਵਿਚ ਬਚਨ ਕਰ ਰਹੇ ਸਨ ਸਤਿਗੁਰੂ ਹਰਿ ਰਾਇ ਜੀ।

—ਦਾਰਾ ਸ਼ਿਕੋਹ ਨੇ ਹੱਥ ਬੰਨ੍ਹੇ ਤੇ ਅਰਜ਼ ਕੀਤੀ, ਮਿਹਰਬਾਨ ਮੇਰਾ ਮਨ ਸ਼ਾਂਤ ਨਹੀਂ! ਅੱਗੇ ਤੁਹਾਡੀ ਮਿਹਰ ਸਦਕਾ ਸਰੀਰਕ ਰੋਗ ਤੋਂ ਮੁਕਤ ਹੋਇਆ ਹਾਂ ਹੁਣ ਆਤਮਕ ਅਨੰਦ ਵੀ ਦਿਓ।

—ਸ਼ਹਿਜ਼ਾਦੇ! ਜਦ ਰਣਭੂਮੀ ਵਿਚ ਨਗਾਰੇ ਵਜਦੇ ਹਨ ਤਾਂ ਸੂਰਮਿਆਂ ਨੂੰ ਲਾਲੀਆਂ ਚੜ੍ਹਦੀਆਂ ਹਨ, ਚਾਅ ਚੜ੍ਹ ਜਾਂਦਾ ਏ। ਪਿੱਛੇ ਵੱਲ ਨਹੀਂ ਤੱਕਦਾ ਬਹਾਦਰ। ਸ਼ਮਾਂ ਜਲ ਰਹੀ ਏ ਪਤੰਗਾ ਮਰਨ ਤੋਂ ਨਹੀਂ ਝਕਦਾ। ਸ਼ੇਰ ਜਦ ਦਰਿਆ ਵਿਚ ਪੈਰ ਰੱਖਦਾ ਏ ਤਾਂ ਸਿੱਧਾ ਜਾਂਦਾ ਏ, ਜਿਹੜਾ ਇਕ ਪਾਸੇ ਇਕ ਵਾਰ ਤੁਰ ਪੈਂਦਾ ਏ ਉਸ ਨੂੰ ਪਿੱਛੇ ਮੁੜ ਕੇ ਨਹੀਂ ਵੇਖਣਾ ਚਾਹੀਦਾ,

ਬੱਚਾ ! ਬਲੀਦਾਨ ਦੀ ਜ਼ਿੰਦਗੀ ਏ, ਤਿਆਗ ਹੀ ਜੀਵਨ ਏ। ਹਰ ਬੰਦੇ ਨੂੰ ਆਪਣਾ ਕਰਮ ਨਹੀਂ ਭੁਲਣਾ ਚਾਹੀਦਾ।

ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰ ਧਰਿ ਤਲੀ ਗਲੀ ਮੇਰੀ ਆਉ ॥

ਸੰਸਾਰ ਦੀ ਅਸਲੀਅਤ ਬਾਰੇ ਸਿਰਫ਼ ਇਕੋ ਹੀ ਗੱਲ ਸਮਝਣ ਦੇ ਯੋਗ ਏ। ਸੋਨੇ ਦੇ ਗਹਿਣੇ ਤੇ ਲੋਹੇ ਦੇ ਸ਼ਸਤਰ ਤਰ੍ਹਾਂ ਤਰ੍ਹਾਂ ਦੇ ਹੁੰਦੇ ਹਨ। ਪਰ ਸੋਨਾ ਲੋਹੇ ਤੋਂ ਵੱਖ ਨਹੀਂ। ਤੂੰ ਵੇਖਦਾ ਏ ਸੰਸਾਰ ਦਾ ਕਿੱਡਾ ਵੱਡਾ ਪਸਾਰਾ ਏ। ਉਹ ਪ੍ਰਭੂ ਤੋਂ ਅਲੱਗ ਨਹੀਂ। ਆਤਮਕ ਅਨੰਦ ਦਾ ਸਫ਼ਰ ਹੀ ਕੁਝ ਨਿਰਾਲਾ ਏ, ਜਿਵੇਂ ਚੰਦਨ ਦੇ ਰੁੱਖਾਂ ਦੇ ਇਰਦ-ਗਿਰਦ ਜਿਹੜੇ ਦਰੱਖਤ ਉਗੇ ਹੁੰਦੇ ਹਨ ਉਹ ਵੀ ਚੰਦਨ ਦਾ ਅਸਰ ਕਬੂਲ ਲੈਂਦੇ ਹਨ ਤੇ ਉਹਨਾਂ ਵਿਚ ਵੀ ਸੁਗੰਧੀ ਆ ਜਾਂਦੀ ਏ। ਪਾਣ ਦੇਣ ਨਾਲ ਬਸਤਰਾਂ ਤੇ ਰੰਗ ਪੱਕਾ ਚੜ੍ਹ ਜਾਂਦਾ ਏ, ਕਪੜਾ ਪਾਟਦਾ ਪਾਟ ਜਾਏ ਪਰ ਰੰਗ ਨਹੀਂ ਉਤਰਦਾ। ਜਦ ਵਰਖਾ ਰੁੱਤ ਦੀਆਂ ਬੂੰਦਾਂ ਪੈਂਦੀਆਂ ਹਨ ਤਾਂ ਧੂੜ ਬੈਠ ਜਾਂਦੀ ਏ। ਬਾਰਸ਼ ਦੀਆਂ ਬੂੰਦਾਂ ਮੁਖੜਾ ਧੋ ਦੇਂਦੀਆਂ ਹਨ, ਚਿਹਰਾ ਨਿਖਰ ਆਉਂਦਾ ਏ। ਭ੍ਰਿੰਗੀ ਆਪਣਾ ਹੀ ਰੂਪ ਖੇੜੇ ਨੂੰ ਦੇਂਦੀ ਏ। ਤੂੰ ਗੁਰੂ ਪਾਸ ਆਇਆ ਏਂ, ਸਾਧਨਾ ਪੱਕੀ ਹੁੰਦੀ ਏ ਤੇ ਲੋਕ ਵੀ ਸੁਧਰੇ ਤੇ ਪ੍ਰਲੋਕ ਵੀ ਸੁਧਰੇ। ਆਨੰਦ ਲੈਣਾ ਏ ਤਾਂ ਸਾਧ ਸੰਗਤ ਵਿਚ ਬੈਠ ਕੇ ਲਵੋ। ਬਾਕੀ ਰਿਹਾ ਪਾਉਣਾ, ਉਹ ਤੇ ਆਪਣੀ ਸਾਧਨਾ, ਤਪੱਸਿਆ ਕਰਨ ਨਾਲ ਹੀ ਮਿਲਦਾ ਏ।

ਆਨੰਦ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ.........

ਅਰਦਾਸ ਹੋਈ ਦੀਵਾਨ ਦੀ ਸਮਾਪਤੀ ਪਿੱਛੋਂ ਦਾਰਾ ਸ਼ਿਕੋਹ ਨੇ ਕੂਚ ਦਾ ਨਗਾਰਾ ਵਜਾ ਦਿੱਤਾ।

ਆਨੰਦ ਪਰਾਪਤ ਕੀਤਾ ਤੇ ਰੂਹਾਨੀ ਖੁਰਾਕ ਲੈ ਕੇ ਪਰਤਿਆ ਦਾਰਾ ਸ਼ਿਕੋਹ। ਇਕ ਮਾਲਾ ਦੀ ਬਖਸ਼ਸ਼ ਕੀਤੀ ਸਤਿਗੁਰਾਂ।

□

੨
ਚੇਤਿ

ਚੇਤ ਗੋਵਿੰਦੁ ਅਰਾਧੀਐ ਹੋਵੈ ਅਨੰਦ ਘਣਾ ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕਉ ਮਨੁ ਲੋਚਦਾ ਨਾਨਕ ਪਿਆਸ ਮਨਾ ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥

—ਗੁਰੂ ਅਰਜਨ ਦੇਵ

੬

ਵੱਡੀ ਚੀਜ਼ ਦਾ ਗਾਹਕ

ਲੀਲਾ ਰੱਚੀ ਹੋਈ ਸੀ ਅੰਮ੍ਰਿਤਸਰ ਵਿਚ ਗੁਰੂ ਹਰਗੋਬਿੰਦ ਨੇ। ਅੰਮ੍ਰਿਤਸਰ ਦੇ ਲੋਕ ਵੀ ਮਾਲਾ ਵਿਚ ਮਣਕਿਆਂ ਵਾਂਗੂੰ ਪਰੁੱਚ ਗਏ ਸਨ। ਜਿਨ੍ਹਾਂ ਮਾਲਾ ਦਾ ਆਨੰਦ ਮਾਣਿਆ ਸੀ ਉਹ ਹੁਣ ਤਲਵਾਰਾਂ ਦੀ ਧਾਰ ਪਰਖਣ ਵਿਚ ਰੁਝੇ ਹੋਏ ਸਨ, ਪਾਨ ਚੜ੍ਹ ਚੁਕੀ ਸੀ। ਲਿਫਣਾ ਉਹ ਜਾਣਦੇ ਹੀ ਨਹੀਂ ਸਨ। ਟੁੱਟਣ ਵਿਚ ਆਪਣੀ ਸ਼ਾਨ ਸਮਝਦੇ ਸਨ।

ਸੰਗਤ ਤੇ ਪੰਗਤ ਵਿਚ ਹੀ ਦਿਨ ਗਵਾਚ ਗਿਆ ਸੀ ਗੁਰੂ ਹਰਗੋਬਿੰਦ ਦਾ। ਕੀਰਤਪੁਰ ਦਾ ਤੇ ਚੇਤਾ ਹੀ ਭੁੱਲ ਗਿਆ ਸੀ।

ਕੀਰਤਪੁਰ ਤੋਂ ਸੁਨੇਹਾ ਆਇਆ ਖੁਸ਼ੀਆਂ ਭਰਿਆ, ਬਾਲਕ ਨੇ ਜਨਮ ਲਿਆ ਏ, ਬਾਬਾ ਗੁਰਦਿੱਤਾ ਵੀ ਪੁੱਤਰਾਂ ਵਾਲਾ ਹੋ ਗਿਆ ਏ।

ਖੁਸ਼ੀਆਂ ਦੀਆਂ ਪੰਡਾਂ ਬੰਨ੍ਹ ਕੇ ਸੰਗਤ ਨੇ ਹਜ਼ੂਰ ਦੀ ਹਾਜ਼ਰੀ ਭਰੀ। ਵਧਾਈਆਂ ਦੇਣ ਵਾਲਿਆਂ ਗੁਰੂ ਦੀ ਝੋਲੀ ਭਰ ਦਿੱਤੀ।

ਪੋਤਰਾ ਭਾਗਾਂ ਵਾਲਿਆਂ ਨੂੰ ਨਸੀਬ ਹੁੰਦਾ ਏ, ਗੁਰੂ ਘਰ ਦੇ ਵਿਹੜੇ ਵਿਚ ਖੁਸ਼ੀਆਂ ਨੇ ਗਿੱਧੇ ਦਾ ਪਿੜ ਬੰਨ੍ਹਿਆ ਏ, ਲਡੂ ਵੰਡੇ ਜਾਣ, ਗੁੜ ਦਾ ਵੀ ਸ਼ਗਨ ਕੀਤਾ ਜਾਏ। ਪਰਾਤਾਂ ਭਰ ਭਰ ਕੇ ਲਡੂ ਵੰਡੋ, ਕੋਈ ਬਿਨਾਂ ਲਡੂਆਂ ਦੇ ਰਹਿ ਨਾ ਜਾਏ। ਸਤਿਗੁਰੂ ਨੇ ਭਾਗ ਲਾਏ ਹਨ, ਦਿਨ ਖੁਸ਼ੀਆਂ ਦੇ ਨੇ, ਖੁਸ਼ੀਆਂ ਮਨਾਓ। ਫਰਮਾਇਆ ਸਤਿਗੁਰ ਹਰਗੋਬਿੰਦ ਨੇ।

ਰੀਝਾਂ ਲਾਹ ਕੇ ਲਡੂ ਵੰਡੇ ਗਏ, ਕਿੰਨੀਆਂ ਕੁ ਅਸੀਸਾਂ ਦਿੱਤੀਆਂ ਹੋਣਗੀਆਂ ਸੰਗਤ ਨੇ ਏਨੀਆਂ ਤੇ ਸਾਂਭਣੀਆਂ ਵੀ ਮੁਸ਼ਕਲ ਹੋ ਜਾਂਦੀਆਂ ਨੇ। ਪਰ ਧੰਨ ਹਨ ਸਤਿਗੁਰੂ ਜਿਹੜੇ ਜਰ ਲੈਂਦੇ

ਹਨ। ਚਲੋ ਪੋਤਰੇ ਦਾ ਮੁਖੜਾ ਵੇਖਿਆ ਜਾਏ। ਕੀਰਤਪੁਰ ਵੱਲ ਤਿਆਰੀਆਂ ਕੱਸੀਆਂ ਗਈਆਂ, ਕੀਰਤਪੁਰ ਪੁੱਜੇ, ਸੰਗਤਾਂ ਨਿਹਾਲ ਹੋ ਗਈਆਂ! ਗੁਰੂ ਦੇ ਵਿਹੜੇ ਅੱਜੇ ਹੀ ਖੁਸ਼ੀਆਂ ਭੰਗੜੇ ਪਾ ਰਹੀਆਂ ਸਨ। ਨਚ ਰਿਹਾ ਸੀ ਖੇੜਾ। ਹੋਰ ਚਾਅ ਚੜ੍ਹ ਗਿਆ। ਗਿੱਠ ਗਿੱਠ ਲਾਲੀਆਂ ਸਨ ਉਹਨਾਂ ਦੇ ਮੁਖੜਿਆਂ ਤੇ।

ਅਜੇ ਆਸਣ ਤੇ ਬੈਠੇ ਹੀ ਸਨ ਪੋਤਰਾ ਲਿਆ, ਗੋਦ ਵਿਚ ਪਾਇਆ।

—ਮਿਹਰ ਬਾਬੇ ਨਾਨਕ ਦੀ ਜਿੰਨ ਵੇਲ ਵਧਾਈ ਏ।

ਜਿਉਂ ਜਿਉਂ ਬਾਲਕ ਨੂੰ ਵੇਖਦੇ ਬਖਸ਼ਸ਼ਾਂ ਕਰਦੇ ਜਾਂਦੇ, ਵੱਡੀ ਚੀਜ਼ ਦਾ ਗਾਹਕ ਆ ਗਿਆ ਏ। ਸਿਰ ਤੇ ਹੱਥ ਧਰਿਆ ਤੇ ਬਾਲਕ ਨੂੰ ਮਹਿਲਾਂ ਵਿਚ ਵਾਪਸ ਭੇਜ ਦਿੱਤਾ। ਮਾਤਾ ਰਾਜ ਕੌਰ ਦੀ ਕੁੱਖ ਵਿਚੋਂ ਬਾਲਕ ਨੇ ਜਨਮ ਲਿਆ। 30 ਜਨਵਰੀ ਦਿਨ ਐਤਵਾਰ ਦਾ ਤੇ ਸੰਨ 1630 ਭਾਗਾਂ ਵਾਲਾ ਏ। ਬਾਬਾ ਗੁਰਦਿੱਤਾ ਜਿਹਦੇ ਘਰ ਤਪਸਵੀ ਪੁੱਤ ਜੰਮਿਆ ਏ, ਧੰਨ ਏ ਉਹ ਮਾਤਾ ਜਿਸ ਪੁੱਤ ਜੰਮਿਆ ਏ ਜਿਹੜਾ ਵਾਗਡੋਰ ਸੰਭਾਲੂ ਕੌਮ ਦੇ ਕਾਫਲੇ ਦੀ।

—ਨੂਰ ਡਲ੍ਹਕਾਂ ਮਾਰਦਾ, ਤੇਜ ਝਲਿਆ ਨਾ ਜਾਂਦਾ ਪਰਤਾਪੀ ਸ਼ਾਹਿਬਜ਼ਾਦਾ ਏ। ਆਖਣ ਵਾਲਾ ਇੱਕ ਸੇਵਕ ਸੀ।

ਗੁਰੂ ਗ੍ਰੰਥ ਸਾਹਿਬ ਨੂੰ ਸੁਰਖਿਅਤ ਹੱਥਾਂ ਵਿਚ ਦੇਖ ਕੇ ਗੁਰੂ ਹਰਗੋਬਿੰਦ ਨੇ ਘੋੜੇ ਤੇ ਪਲਾਕੀ ਮਾਰੀ, ਕਰਤਾਰਪੁਰ ਵਿਚ ਹੀ ਸੌਂਪਣਾ ਕੀਤੀ ਗਈ। ਪਰ ਵਾਰਸ ਗੁਰੂ ਨੇ ਅਜੇ ਕਰਤਾਰ-ਪੁਰ ਵਿਚੋਂ ਪੈਰ ਬਾਹਰ ਹੀ ਕੱਢੇ ਸਨ, ਗੁਰੂ ਗ੍ਰੰਥ ਸਾਹਿਬ ਨੂੰ ਖੋਹ ਲਿਆ। ਤੇ ਆਖਿਆ ਕੌਣ ਓ ਤੁਸੀਂ, ਇਹ ਤੇ ਸਾਡੀ ਮਾਲਕੀ ਏ ਅਸੀਂ ਮਾਲਕ ਹਾਂ ਇਸ ਗ੍ਰੰਥ ਦੇ।

ਸਿੱਖ ਦੀ ਬੂਥੀ ਨਿਕਲ ਆਈ। ਇਹ ਸੀਨਾ ਜ਼ੋਰੀ ਏ, ਤਾਕਤ ਦਾ ਕੋਈ ਵਿਖਾਵਾ ਏ। ਗੁਰੂ ਘਰ ਵਿਚ ਤਾਕਤ ਦਾ ਕੋਈ ਅਸਥਾਨ ਨਹੀਂ, ਮਨ ਹੀ ਮਨ ਵਿਚ ਸੋਚ ਰਿਹਾ ਸੀ ਗੁਰੂ ਦਾ ਸਿੱਖ।

ਇਹ ਸਾਡੇ ਘਰ ਦੀ ਜਾਇਦਾਦ ਏ, ਇਹਦੀਆਂ ਬਜ਼ਾਰਾਂ ਵਿਚ ਵੰਡੀਆਂ ਨਹੀਂ ਪੈ ਸਕਦੀਆਂ। ਅਵਾਜ਼ ਗੁਰੂ ਘਰ ਵਿਚੋਂ ਆ ਰਹੀ ਸੀ।

ਸ਼ਹਿ ਸੀ ਮਸੰਦਾਂ ਦੀ, ਡਾਂਗਾਂ ਲਿਸ਼ਕ ਰਹੀਆਂ ਸਨ ਛਵੀਆਂ ਲਿਸ਼ਕਦੀਆਂ ਵੇਖ ਕੇ ਸਾਰੇ ਸਾਊ ਬੰਦੇ ਡਰ ਹੀ ਜਾਂਦੇ ਹਨ। ਇਹ ਫਿਤਨਾ ਗੁਰੂ ਘਰ ਵਿਚੋਂ ਹੀ ਉਠਿਆ ਸੀ ਤੇ ਇਹ ਅਮਾਨਤ ਵੀ ਤੇ ਗੁਰੂ ਘਰ ਦੀ ਹੀ ਏ, ਅਸਾਂ ਵੀ ਤੇ ਗੁਰੂ ਘਰ ਨੂੰ ਹੀ ਜਾ ਕੇ ਸੌਂਪਣੀ ਏ, ਪਰ ਇਹ ਝਗੜਾ ਕਿਉਂ।

ਚਾਗੜ ਹੱਥੇ ਆਪਣੀ ਚੌਧਰ ਬਣਾਉਣਾ ਚਾਹੁੰਦੇ ਸਨ। ਉਹਨਾਂ ਦੀ ਚੌਧਰ ਇਸੇ ਤਰ੍ਹਾਂ ਕਾਇਮ ਰੱਖਣੀ ਚਾਹੁੰਦੇ ਸਨ। ਇਕ ਵਾਰ ਧਾਂਕ ਜੰਮ ਗਈ ਫਿਰ ਕਰਤਾਰਪੁਰ ਵਿਚੋਂ ਕੋਈ ਸਿਰ ਕੱਢ ਕੇ ਨਹੀਂ ਬੋਲੇਗਾ।

ਸਾਰੇ ਰਾਹ ਵਿਚ ਗੁਰੂ ਹਰਗੋਬਿੰਦ ਸੋਟ ਕਰਦੇ ਆ ਰਹੇ ਸਨ, ਪੋਤਰੇ ਦੀ ਖੁਸ਼ੀ ਰੀਝ ਲਾਹ ਕੇ ਮਨਾਈ ਗਈ, ਜੀਅ ਖੋਲ੍ਹ ਕੇ ਸੰਗਤਾਂ ਨੇ ਵਧਾਈਆਂ ਦਿੱਤੀਆਂ। ਤੇ ਗੁਰੂਆਂ ਵੀ ਵਰ ਦੇਣ ਲਗਿਆਂ ਸੰਕੋਚ ਨਾ ਕੀਤਾ। ਸਾਰੇ ਪੰਜਾਬ ਦੀ ਅੱਜ ਰੂਹ ਨਚ ਉਠੀ ਸੀ।

ਜਦ ਤਕ ਬਾਲਕ ਘਰ ਵਿਚ ਰਿਹਾ, ਸਰਵਾਰਨੇ ਕਰਦੇ ਰਹੇ। ਤੇ ਨਾਂ ਰੱਖਿਆ ਹਰਰਾਇ ਤੇ ਫਰਮਾਇਆ ਕਿ ਇਹ ਧਰਤੀ ਦਾ ਭਾਰ ਹੌਲਾ ਕਰਨ ਲਈ ਸੰਸਾਰ ਵਿਚ ਆਏ ਨੇ, ਗੁਰੂ ਬਚਨ ਸਨ।

ਦੋ ਮਹੀਨੇ ਕੀਰਤਪੁਰ ਟਿਕਾਣਾ ਕੀਤਾ ।

ਜਿਸ ਤਰ੍ਹਾਂ ਅਸਮਾਨ ਵਿਚੋਂ ਬਿਜਲੀ ਡਿਗ ਪਏ, ਅੱਗ ਲੱਗ ਜਾਏ ਵਿਆਹ ਵਾਲੇ ਸ਼ਾਮਿਆਨੇ ਨੂੰ। ਖੁਸ਼ੀਆਂ ਦੇ ਕਾਰਜ ਵਿਚ ਜਿਦਾਂ ਕੋਈ ਕਾਂਜੀ ਘੋਲ ਦੇਵੇ।

ਸੁਨੇਹਾ ਆ ਗਿਆ ਵਡਾਲੀ ਤੋਂ । ਕਸ਼ਸ਼ ਭਾਈ ਸਾਧੂ ਦੀ ਸੀ ਪਰ ਗਲ ਕਿਸੇ ਨੇ ਨਾ ਦੱਸੀ।

ਖਿੜਿਆ ਫੁੱਲ ਜ਼ਰਾ ਕੁ ਮੁਰਝਾਇਆ, ਖੁਸ਼ੀ ਵਿਚ ਵਿਘਨ ਨਾ ਪਵੇ, ਗੁਰੂ ਹਰ ਗੋਬਿੰਦ ਨੇ ਘੋੜੇ ਤੇ ਪਲਾਕੀ ਮਾਰੀ ਤੇ ਵਡਾਲੀ ਨੂੰ ਤੁਰ ਪਏ, ਤੁਸੀਂ ਆਨੰਦ ਲਵੋ ਤੇ ਅਸੀਂ ਆਏ।

□

੭
ਮਾਤਮ

ਕੁਦਰਤ ਬੜੀ ਬੇਨਿਆਜ਼ ਏ ਜਿਥੇ ਸ਼ਹਿਨਾਈਆਂ ਵਜਦੀਆਂ ਹਨ ਉਥੇ ਮਾਤਮ ਵੀ ਹੁੰਦੇ ਹਨ ! ਜੀਣਾ ਮਰਨਾ ਤੇ ਉਸ ਕਰਤਾਰ ਦੇ ਹੱਥ ਵਿਚ ਏ। ਮਿੱਟੀ ਦੇ ਖਿਡੌਣਿਆਂ ਆਖਰ ਭੱਜਣਾ ਹੀ ਏ, ਭਾਂਡਾ ਘੜਿਆ ਆਖਰ ਉਸ ਟੁੱਟਣਾ ਹੀ ਏ । ਕਿੰਨਾ ਕੁ ਚਿਰ ਕੋਈ ਸੰਭਾਲ ਕੇ ਰੱਖੂ, ਅਮਾਨਤ ਦੇਣ ਵਾਲਿਆਂ ਨੇ ਅਮਾਨਤ ਲੈ ਹੀ ਜਾਣੀ ਏ, ਇਹ ਮੌਤ ਦਾ ਸਾਇਆ, ਇਹ ਮੌਤ ਦਾ ਢੋਲ ਹਮੇਸ਼ਾਂ ਵਜਦਾ ਰਹਿੰਦਾ ਏ। ਉਹ ਲੋਕ ਚੰਗੇ ਹਨ ਜਿਹੜੇ ਇਸ ਤੋਂ ਡਰਦੇ ਹਨ।

ਇਹ ਧੁੱਪ ਏ ਕਦੀ ਬਨੇਰਿਆਂ ਤੇ ਕਦੀ ਵਿਹੜੇ ਵਿਚ । ਇਹ ਮਿੱਠਾ ਜ਼ਹਿਰ ਗੁਰੂਆਂ ਨੂੰ ਵੀ ਪੀਣਾ ਪੈਂਦਾ ਏ । ਘਰੋਂ ਵਡਾਲੀ ਗਏ ਸਨ ਖੁਸ਼ੀਆਂ ਦਾ ਰੰਗ ਛੱਡ ਕੇ, ਪਰ ਜਦੋਂ ਗੁਰੂ ਹਰਗੋਬਿੰਦ ਵਡਾਲੀ ਪੁੱਜੇ ਤਾਂ ਉਥੇ ਕੁਦਰਤ ਨੇ ਹੋਰ ਹੀ ਖੇਡ ਰਚਾ ਦਿੱਤੀ, ਦਾਤੇ ਨੇ ਖੇਡ ਰਚਾਈ ਸੀ ਕੌਣ ਦਾਤੇ ਨੂੰ ਆਖੇ ਕਿ ਇਦਾਂ ਨਾ ਕਰ । ਭਾਣਾ ਜਿਸ ਮਿੱਠਾ ਕਰਕੇ ਮੰਨ ਲਿਆ ਉਹਦਾ ਮਨ ਸ਼ਾਂਤ ਰਿਹਾ । ਜਿਨੇ ਉਹਨੂੰ ਕਹਿਰ ਕਰਕੇ ਸਮਝਿਆ ਦੁੱਖੀ ਹੋਇਆ ।

ਬਰੂਹਾਂ ਟੱਪੀਆਂ ਅੱਗੇ ਮਾਤਾ ਦਮੋਦਰੀ ਸਾਹ ਵਰੋਲ ਰਹੀ ਸੀ, ਉਡੀਕ ਵਿਚ ਸੀ ਸਿਰਫ ਏਨਾ ਹੀ ਆਖ ਸਕੀ :

—ਸਤਿਗੁਰੂ ਮੇਰਾ ਸਮਾਂ ਆ ਗਿਆ ਏ ਤੁਸੀਂ ਆ ਗਏ ਹੋ ਹੱਥੀਂ ਤੋਰੋ ! ਮਾਤਾ ਦਮੋਦਰੀ ਦੇ ਬੋਲ ਥਿੜਕ ਰਹੇ ਸਨ ।

—ਗੁਰੂ ਆਪਣੇ ਚਰਨਾਂ ਵਿਚ ਰੱਖੇ, ਸਤਿਨਾਮ ਕਹੋ ।

ਸਤਿਨਾਮ ਅਜੇ ਆਖਿਆ ਹੀ ਸੀ ਦੀਵਾ ਬੁਝ ਗਿਆ । ਇਕ ਭੁਬਾਕਾ ਵਜਾ, ਰੌਸ਼ਨੀ ਗੁੰਮ ਹੋ ਗਈ। ਸਰੀਰ ਵਿਚ ਜਿਹੜਾ ਤੋਤਾ ਬੋਲਦਾ ਸੀ ਖਾਮੋਸ਼ ਹੋ ਗਿਆ ਹੁਣ ਤੇ ਇਕ ਮਿੱਟੀ ਦੀ ਮੁੱਠ ਰਹਿ ਗਈ ਸੀ, ਭੌਰ ਉਡਾਰੀ ਮਾਰ ਗਿਆ ।

ਘਰ ਵਿਚ ਕੁਹਰਾਮ ਤੇ ਮਚਣਾ ਹੀ ਸੀ ਪਰ ਸਤਿਗੁਰਾਂ ਫਰਮਾਇਆ ਕਿ ਨਾਮ ਜਪੋ ਇਸੇ ਵਿਚ ਹੀ ਭਲਾਈ ਏ । ਸਾਰੀ ਰਾਤ ਸ਼ਬਦ ਕੀਰਤਨ ਹੁੰਦਾ ਰਿਹਾ।

ਦਿਨ ਚੜ੍ਹਿਆ ਤੇ ਬਾਬੇ ਗੁਰਦਿੱਤੇ ਤੇ ਬਾਬੇ ਸੂਰਜਮਲ, ਭਾਈ ਜੇਠਾ, ਭਾਈ ਬਿਧੀ ਚੰਦ ਨੇ ਅਰਥੀ ਆਪਣੇ ਮੋਢਿਆਂ ਤੇ ਚੁਕੀ ਤੇ ਆਪ ਆਪਣੇ ਹੱਥਾਂ ਨਾਲ ਚਿਤਾ ਤੇ ਰੱਖੀ।

ਜਿਸ ਘਰ ਵਿਚ ਮਾਤਾ ਦਮੋਦਰੀ ਦਾ ਬੋਲ ਬਾਲਾ ਸੀ, ਜ਼ਬਾਨ ਗੂੰਗੀ ਹੋ ਗਈ ਹਮੇਸ਼ਾ ਲਈ ਖਾਮੋਸ਼ੀ ਛਾ ਗਈ, ਮੁੜ ਕੇ ਇਹਨਾਂ ਮੰਦਰਾਂ ਵਿਚ ਕੋਈ ਮਾਤਾ ਦਮੋਦਰੀ ਦੀ ਅਵਾਜ਼ ਨਹੀਂ ਸੁਣ ਸਕੇਗਾ। ਗਏ ਵੀ ਕਦੇ ਪਰਤੇ ਨੇ, ਗਲ ਇਥੇ ਹੀ ਨਾ ਮੁੱਕੀ। ਕੁਦਰਤ ਅਜੇ ਕੁਝ ਹੋਰ ਭਾਣਾ ਵਰਤਾਉਣਾ ਚਾਹੁੰਦੀ ਸੀ। ਭੈਣ ਰਾਮੋ ਦਾ ਏਨਾ ਪਿਆਰ ਸੀ ਸੱਟ ਸਹਾਰ ਨਾ ਸਕੀ ਤੇ ਉਸੇ ਹੀ ਦਿਨ ਪ੍ਰਾਣ ਤਿਆਗ ਦਿੱਤੇ। ਸਤਿਜੁਗੀ ਲੋਕ ਸਨ ਸੱਪ ਜਿਦਾਂ ਕੁੰਜ ਛੱਡ ਜਾਂਦਾ ਏ, ਭਰਿਆ ਘਰ ਛੱਡ ਗਈ, ਰਾਮੋ।

ਅਰਥੀ ਇਕ ਹੋਰ ਸਜਾਈ ਗਈ। ਮੁੜ ਚਿਤਾ ਲਈ ਬਾਲਣ ਇੱਕਠਾ ਕੀਤਾ ਗਿਆ, ਅਰਥੀ ਫਿਰ ਚੁਕੀ ਗਈ। ਅਜੇ ਲੋਕ ਸ਼ਮਸ਼ਾਨ ਵਿਚ ਹੀ ਸਨ ਤੇ ਮਗਰੋ ਹੀ ਸੁਨੇਹਾ ਮਿਲ ਗਿਆ ਕਿ ਭਾਈ ਸਾਂਈਂ ਦਾਸ ਚੜ੍ਹਾਈ ਕਰ ਗਏ ਹਨ। ਤੀਜੀ ਅਰਥੀ ਦਾ ਪ੍ਰਬੰਧ ਕਰਨ ਲੱਗੀ ਸੰਗਤ। ਗੁਰੂ ਖਾਮੋਸ਼ ਸਨ, ਗਮ ਦੀ ਲਹਿਰ ਸਾਰੇ ਘਰ ਤੇ ਛਾਈ ਹੋਈ ਸੀ। ਉਸ ਅਰਥੀ ਨੂੰ ਵੀ ਸ਼ਮਸ਼ਾਨ ਵੱਲ ਲੈ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ ਅਜੇ ਚਿਤਾ ਬਲੀ ਨਹੀਂ ਸੀ। ਅਜੇ ਤੇ ਅਰਥੀ ਘਰ ਵਿਚ ਹੀ ਸੀ। ਦੋ ਨੂੰਹਾਂ ਨੇ ਆਪਣੇ ਜਾਮੇ ਤਿਆਗ ਦਿੱਤੇ, ਭਾਈ ਨਾਰਾਇਣ ਦਾਸ ਤੇ ਮਾਤਾ ਦਿਆ ਕੌਰ।

—ਸਤਿਗੁਰਾਂ ਫਰਮਾਇਆ, ਭੈਣ ਰਾਮੋ ਦੀ ਅਰਥੀ ਅਜੇ ਨਾ ਚੁਕੋ, ਇਹ ਤਿੰਨੇ ਅਰਥੀਆਂ ਇਕੱਠੀਆਂ ਹੀ ਜਾਣਗੀਆਂ ਇਹ ਤਿੰਨੇ ਇਕੋ ਹੀ ਰਾਹ ਦੇ ਪਾਂਧੀ ਹਨ ਸਾਥ ਵਿਛੜ ਨਾ ਜਾਏ, ਇਕੱਠਿਆਂ ਨੂੰ ਲੈ ਕੇ ਚਲਾਂਗੇ ਸ਼ਮਸ਼ਾਨ ਵਿਚ। ਰਾਹ ਵਿਛੜ ਨਾ ਜਾਏ, ਲੰਮਾ ਸਫਰ ਏ। ਗੁਰੂ ਘਰ ਵਿਚ ਮਾਤਮ ਦੀਆਂ ਸਫ਼ਾਂ ਵਿਛ ਗਈਆਂ।

ਤਿੰਨ ਅਰਥੀਆਂ ਇਕੱਠੀਆਂ ਚੁਕੀਆਂ ਗਈਆਂ। ਕੀਰਤਪੁਰ ਲਹੂ ਦੇ ਅਥਰੂ ਰੋ ਰਿਹਾ ਸੀ।

ਖੁਸ਼ੀਆਂ ਦੀ ਚਾਦਰ ਨੇ ਗਮੀਆਂ ਦੀ ਬੁਕਲ ਮਾਰ ਲਈ।

—ਸ਼ਬਦ ਕੀਰਤਨ ਕਰੋ, ਮੁਸਾਫਰ ਚਲੇ ਹਨ ਰਾਹ ਸੌਖਾ ਹੋ ਜਾਊ।

ਜਦੋਂ ਅਰਥੀਆਂ ਇਕੱਠੀਆਂ ਉੱਠੀਆਂ ਤਾਂ ਗਮ ਨੇ ਖੁਸ਼ੀਆਂ ਦੀ ਸੰਘੀ ਘੁੱਟ ਦਿੱਤੀ। ਇਹ ਜਗ ਏ ਇਥੇ ਰਹਿਣਾ ਏ, ਜਰਨਾ ਪਊ। ਖੁਸ਼ੀਆਂ ਵੀ ਏਥੇ ਹਨ ਤੇ ਗਮੀਆਂ ਵੀ ਏਥੇ। ਤਿੰਨ ਚਿਤਾਵਾਂ ਨੂੰ ਇਕੱਠੀ ਅੱਗ ਦਿੱਤੀ ਗਈ।

ਇਨ੍ਹਾਂ ਕਹਿਰ ਦੀਆਂ ਮੌਤਾਂ ਨੇ ਗੁਰੂ ਘਰ ਤੇ ਜ਼ਰਾ ਵੀ ਤਰੇਲੀ ਨਾ ਆਉਣ ਦਿੱਤੀ ਸਿਰਫ ਸਤਿਨਾਮ ਦਾ ਜਾਪ। ਸਿਰਫ ਉਹੋ ਹੀ ਠੰਡ ਪਾਊ।

ਆਵਰ ਸਿਖ ਹਮਾਰੀ ਸੁਨ ਲੀਜੈ, ਕੋਈ ਮ੍ਰਿਤਕ ਕੁਲ ਰੁਦਰ ਨਾ ਕੀਜੈ
ਸਤਿਗੁਰੂ ਭਾਵੇ ਅਨੰਦ ਧਾਰੇ, ਸਤਿ ਨਾਮ ਮੁਖ ਮੰਤ੍ਰ ਉਚਾਰੇ।
ਭਰਾ ਸ੍ਰੀ ਗੁਰੂ ਗਰੰਥ ਕਾ, ਪਾਵੇ ਡੇਰ ਨਾ ਲਾਇ
ਮਿਲਬੇ ਤੂ ਹਰਖਹਿ ਨ ਗਿਆਨੀ, ਬਿਛੜੇ ਸ਼ੋਕ ਨੂੰ ਦੁੱਖ ਕੋ ਜਾਣੀ।
ਦੁੱਖ ਜਰਨ, ਗਮ ਸਹਾਰਨ ਤੇ ਮਨ ਨੂੰ ਟਿਕਾਉਣ ਦਾ ਇਕ ਨਵਾਂ ਰਸਤਾ ਦੱਸਿਆ।
ਸਤਿਨਾਮ, ਸਤਿਗੁਰੂ ਤੂੰ ਹੀ ਸੱਚ ਏਂ। ਬਾਕੀ ਸਭ ਝੂਠ।

□

੮

ਜੰਗਾਂ ਦਾ ਕੁੱਕੜ ਬੋਲਿਆ

ਤੀਜੀ ਜੰਗ ਦੀਆਂ ਤਿਆਰੀਆਂ ਕਰ ਰਿਹਾ ਸੀ ਵੈਰੀ, ਖਬਰਾਂ ਪੁਜੀਆਂ ਗੁਰਾਂ ਨੇ ਮੁਹਾਰਾਂ ਮੋੜੀਆਂ, ਨਕਸ਼ਬੰਦਾਂ ਦੇ ਮੋਢੀ, ਅਲਫ਼ ਮੁਜੱਦਦ ਸਾਨੀ ਸਰਹੱਦੀ ਨੇ ਚਿੱਠੀਆਂ ਲਿਖ ਲਿਖ ਕੇ ਲੱਲਾ ਬੇਗ ਨੂੰ ਉਸ਼ਕਲ ਦੇ ਦਿੱਤੀ ਸੀ ਕਿ ਕਾਫਰ ਨੂੰ ਮਿਟਾਇਆ ਜਾਵੇ ਪਰ ਵਿਚਾਰੇ ਨੂੰ ਇਹ ਨਹੀਂ ਸੀ ਪਤਾ ਕਿ ਉਹਦੀ ਮੌਤ ਵਾਜਾਂ ਮਾਰ ਰਹੀ ਏ।

ਕਾਬਲ ਦੀ ਸੰਗਤ ਗੁਰਦਰਸ਼ਨਾਂ ਨੂੰ ਆ ਰਹੀ ਸੀ ਦੋ ਘੋੜੇ ਭੇਟਾ ਲਈ ਨਾਲ ਸਨ। ਦੋਵੇਂ ਖੋਹ ਲਏ ਇਹ ਆਖ ਕੇ ਇਹ ਘੋੜੇ ਬਾਦਸ਼ਾਹ ਦੀ ਸਵਾਰੀ ਦੇ ਲਾਇਕ ਹਨ। ਤੁਸੀਂ ਹੋਰ ਘੋੜੇ ਲੈ ਆਵੋ, ਫਕੀਰ ਇਹੋ ਜਿਹੇ ਘੋੜਿਆਂ ਤੇ ਨਹੀਂ ਸੋਭਦੇ। ਜ਼ਬਰਦਸਤੀ ਘੋੜੇ ਖੋਹ ਲਏ ਗਏ ਸਨ ਤੇ ਧੱਕੇ ਮਾਰ ਕੇ ਤੇ ਖਾਲੀ ਹੱਥ ਤੋਰ ਦਿੱਤਾ ਸੰਗਤ ਨੂੰ।

—ਇਹਦਾ ਅੰਜਾਮ, ਇਹ ਗੁਰਭੇਟਾ ਏ, ਕਾਹਨੂੰ ਸੁੱਤੀ ਮੌਤ ਨੂੰ ਵਾਜਾਂ ਮਾਰ ਰਹੇ ਹੋ।

—ਵੇਖਿਆ ਜਾਊ ਅਸਮਾਨ ਤੇ ਖ਼ੁਦਾ ਤੇ ਜ਼ਮੀਨ ਦੇ ਖੁਦਾਈ ਤਾਕਤ। ਇਨਸਾਨ ਦੀ ਤਕਦੀਰ ਤੇ ਬਾਦਸ਼ਾਹ ਦੀ ਮੋਹਰ। ਲੱਲਾ ਬੇਗ ਆਖ ਰਿਹਾ ਸੀ।

—ਰੱਬ ਤੋਂ ਡਰੋ, ਪਰਜਾ ਤੁਹਾਡੀ ਔਲਾਦ ਦੇ ਸਾਮਾਨ ਏ। ਏਨਾ ਕਹਿਰ ਚੰਗਾ ਨਹੀਂ।

—ਵਾਹ ਭਈ ਵਾਹ, ਬਿੱਲੀ ਨੇ ਸ਼ੇਰ ਪੜ੍ਹਾਇਆ, ਤੇ ਬਿੱਲੀ ਨੂੰ ਖਾਣ ਆਇਆ। ਇਹ ਤੇ ਕਹਾਵਤ ਹੀ ਸੁਣੀ ਸੀ ਪਰ ਯਾਰ ਅੱਜ ਤੇ ਬਿੱਲੀ ਸ਼ੇਰ ਨੂੰ ਨਸੀਹਤਾਂ ਦੇ ਰਹੀ ਏ।

ਬਿੱਧੀ ਚੰਦ ਨੂੰ ਗੁਰਾਂ ਨੇ ਥਾਪਣਾ ਦਿੱਤੀ ਤੇ ਤੋਰਿਆ, ਘੋੜੇ ਲੈ ਆ, ਸੰਗਤਾਂ ਦਾ ਦਿਲ ਨਾ ਟੁੱਟੇ, ਪਹਿਲੀ ਵਾਰ ਘਾਹੀ ਬਣਕੇ ਤੇ ਦੂਜੀ ਵਾਰ ਖੋਜੀ ਬਣਕੇ ਦੋਵੇਂ ਘੋੜੇ ਗੁਰੂ ਦਰਬਾਰ ਵਿਚ ਪੇਸ਼ ਕੀਤੇ ਗਏ। ਸਾਰਾ ਲਾਹੌਰ ਮੂੰਹ ਵਿਚ ਉਂਗਲਾਂ ਪਾ ਰਿਹਾ ਸੀ। ਨਥਾਨਾ ਦੇ ਅਸਥਾਨ ਤੇ ਟੱਕਰ ਹੋਈ। ਲੱਲਾ ਬੇਗ ਗੁਰੂ ਦੇ ਹੱਥੋਂ ਮਾਰਿਆ ਗਿਆ। ਪਾਪੀ ਨੂੰ ਉਹਦਾ ਪਾਪ ਹੀ ਮਾਰ ਦੇਂਦਾ ਏ। ਅਜੇ ਸਾਹ ਕਿੱਥੋਂ ਆਇਆ ਸੀ ਕਿ ਚੌਥੀ ਜੰਗ ਦੇ ਨਗਾਰੇ ਵੱਜੇ। ਨੌਬਤ ਖੜਕੀ, ਹਾਕਮ ਕਿੜ ਕੱਢਣਾ ਚਾਹੁੰਦੇ ਸਨ। ਯਾਰੋ ਫਕੀਰਾਂ ਦਾ ਟੋਲਾ ਹੋਵੇ ਤੇ ਘੋੜੇ ਵੀ ਲੈ ਜਾਏ ਸਾਡੇ ਕਿਲੇ ਵਿਚੋਂ ਤੇ ਜੰਗ ਵੀ ਜਿੱਤ ਲਏ। ਅਸੀਂ ਤੇ ਫਿਰ ਮਿੱਟੀ ਦੇ ਮਾਧੋ ਹੀ ਬਣੇ ਰਹੇ। ਕੀੜੀਆਂ ਨੂੰ ਵੀ ਖੰਭ ਨਿਕਲ ਆਏ ਨੇ।

ਸ਼ਾਹਜਹਾਨ ਜਦ ਬਾਦਸ਼ਾਹ ਬਣਿਆ ਤਾਂ ਪਹਿਲੀ ਵਾਰ ਲਾਹੌਰ ਆ ਰਿਹਾ ਸੀ ਤੇ ਰਾਹ ਵਿਚੋਂ ਹੀ ਮੁੜ ਗਿਆ। ਸ਼ਕਾਇਤਾਂ, ਅਰਜ਼ੀਆਂ ਦੀ ਪੰਡ ਬੰਨ੍ਹ ਕੇ ਲੈ ਗਏ ਸਨ ਹਾਕਮ ਬਾਦਸ਼ਾਹ ਕੋਲ, ਪਰ ਵਿਚ ਪੈ ਗਿਆ ਵਜ਼ੀਰ ਖਾਂ ਤੇ ਉਸ ਸਾਰੀ ਗੰਢ ਉਹਨਾਂ ਤੋਂ ਖੋਹ ਲਈ।

—ਮੈਂ ਜਾਣਦਾ ਹਾਂ, ਮੈਂ ਬਹੁਤ ਗੱਲਾਂ ਤੋਂ ਜਾਣੂ ਹਾਂ। ਇਹ ਸ਼ਿਕਾਇਤਾਂ, ਇਹ ਸਭ ਸ਼ਰਾਰਤਾਂ ਦੇ ਮੋਢੀ ਹਨ, ਉਹ ਫਕੀਰ ਹਨ ਬਾਦਸ਼ਾਹ ਨਹੀਂ, ਉਹਨਾਂ ਹਕੂਮਤ ਨਹੀਂ ਕਰਨੀ, ਜਗ੍ਹਾ ਨਹੀਂ ਹਥਿਆਉਣੀ, ਉਹ ਤੇ ਬੇਨਿਆਜ਼ ਹਨ ਉਹਨਾਂ ਤੇ ਲੋਕਾਂ ਦਾ ਮਨ ਜਿੱਤਿਆ ਏ। ਉਹ ਤੇ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਹਨ। ਉਹ ਤੇ ਰੂਹਾਨੀ ਬਾਦਸ਼ਾਹ ਹਨ। ਉਹਨਾਂ ਨੂੰ ਇਸ ਫ਼ਾਨੀ ਦੁਨੀਆਂ ਨਾਲ ਕੋਈ ਪਿਆਰ ਨਹੀਂ। ਉਹ ਤੇ ਸਾਰੀ ਰਾਤ ਤੇ ਸਾਰਾ ਦਿਨ ਰੱਬ ਰੱਬ ਕਰਦੇ

ਹਨ। ਸ਼ਹਿਨਸ਼ਾਹ ਇਹ ਸਭ ਝੂਠ ਦੀ ਗਠੜੀ ਏ। ਨਾ ਉਹ ਮੱਲਾਂ ਹੀ ਮਾਰਨ ਤੇ ਨਾ ਉਹ ਖਜ਼ਾਨੇ ਹੀ ਜਮ੍ਹਾਂ ਕਰਨ, ਜੋ ਕੁਝ ਚੜ੍ਹਾਵਾ ਆਇਆ ਲੰਗਰ ਵਿਚ ਪਾ ਦਿੱਤਾ, ਭੁੱਖਾ ਪਿਆਸਾ ਆਏ, ਲੰਗਰ ਛਕੇ ਤੇ ਸ਼ੁਕਰ ਗੁਜ਼ਾਰੇ।

—ਪੀਰਾਂ ਫਕੀਰਾਂ ਨਾਲ ਬਾਦਸ਼ਾਹ ਦਾ ਵੈਰ ਸੋਭਦਾ ਨਹੀਂ। ਫਕੀਰਾਂ ਦੀਆਂ ਦੁਆਵਾਂ ਵਿਚ ਹੀ ਬਰਕਤਾਂ ਨੇ। ਦੁਆਵਾਂ ਲਵੋ ਸ਼ਹਿਨਸ਼ਾਹ, ਮੈਂ ਜ਼ਿੰਮੇਵਾਰ ਹਾਂ ਉਹ ਸਾਧ ਸਿਰਫ ਰੱਬ ਦੇ ਹੀ ਪੁਜਾਰੀ ਹਨ, ਮਾਲਾ ਫੜਨ ਤੋਂ ਬਗੈਰ ਕੁਝ ਨਹੀਂ ਜਾਣਦੇ, ਜ਼ਬਰਦਸਤੀ ਉਹਨਾਂ ਦੇ ਸਿਰ ਜੰਗ ਨਾ ਮੜ੍ਹੋ:

ਉਪਜ ਬਿਨਸ ਜਗ ਰੀਤ ਹੈ, ਕਰੇ ਚਿਤ ਅਗਿਆਨਾ।
ਹਮ ਕੋ ਸਦਾ ਅਨੰਦ ਹੈ, ਸ੍ਰੀ ਗੁਰੂ ਨਾਨਕ ਧਿਆਨਾ॥

ਪੋਟੇ ਮਿਣ ਮਿਣ ਪਾਲਿਆ ਪੈਂਦੇ ਖਾਂ, ਜਿਹੜਾ ਆਪਣੇ ਪੁੱਤਾਂ ਤੋਂ ਪਿਆਰਾ ਸੀ। ਕਿਹੜੀਆਂ ਨਿਹਮਤਾਂ ਉਹਨੂੰ ਨਾ ਬਖਸ਼ੀਆਂ, ਕਿਹੜੇ ਰੁਤਬੇ ਨਾ ਦਿੱਤੇ, ਚੁੱਕ ਵਿਚ ਆਇਆ ਬੰਦਾ ਪਲ ਵਿਚ ਹੀ ਨਮਕ ਹਲਾਲ ਬਣ ਜਾਂਦਾ ਏ, ਜਲੰਧਰ ਦੇ ਹਾਕਮਾਂ ਨਾਲ ਮਿੱਠੇ ਚੌਲਾਂ ਤੇ ਹੀ ਰੀਝ ਪਿਆ, ਵਿਛੜੇ ਭਰਾ ਯਾਦ ਆ ਗਏ, ਇਸਲਾਮ ਦਾ ਭੂਤ ਸਿਰ ਤੇ ਸਵਾਰ ਹੋ ਗਿਆ। ਸੂਬੇਦਾਰ ਜਲੰਧਰ ਨੂੰ ਉਸ ਹੱਥਾਂ ਤੇ ਪਾ ਲਿਆ। ਪੈਂਦੇ ਖਾਂ ਆਖ ਰਿਹਾ ਸੀ ਗੁਰੂਆਂ ਦੀ ਫੌਜਾਂ ਦੀ ਸਾਰੀ ਸ਼ਕਤੀ ਮੇਰੇ ਨਾਲ ਸੀ ਵਰਨਾ ਗੁਰੂ ਹੈਨ ਕੀ, ਉਹਨਾਂ ਨੂੰ ਤੇ ਮਾਲਾ ਫੇਰਨ ਤੋਂ ਫੁਰਸਤ ਹੀ ਨਹੀਂ, ਤਲਵਾਰ ਉਹਨਾਂ ਲਈ ਖਿਡਾਉਣਾ ਏ, ਤਲਵਾਰ ਚਲਾਉਣਾ ਤੇ ਦਰਕਨਾਰ ਉਹਨਾਂ ਅਜੇ ਤਲਵਾਰ ਦੀ ਸ਼ਕਲ ਵੀ ਨਹੀਂ ਵੇਖੀ, ਹੰਕਾਰੀ ਆਪਣੇ ਹੰਕਾਰ ਵਿਚ ਹੀ ਮਾਰਿਆ ਗਿਆ ਉਸੇ ਗੁਰੂ ਦੇ ਹੱਥੋਂ ਜਿਨ ਕਟੋਰੇ ਭਰ ਭਰ ਕੇ ਦੁੱਧ ਪਿਆਇਆ ਸੀ।

ਪਿਉ ਪੁੱਤ ਦਾ ਮੁਕਾਬਲਾ, ਭਰਾ ਭਰਾ ਨਾਲ ਦੋ ਹੱਥ ਕਰਨਾ ਚਾਹੁੰਦੇ ਸਨ ਪਰ ਗੁਰਾਂ ਨੇ ਮੋੜਿਆ ਤੇ ਆਖਿਆ, ਅੱਜ ਯੁੱਧ ਸਾਡਾ ਏ, ਤੁਸੀਂ ਵੇਖੋ ਤੇ ਅਸੀਂ ਲੜਾਂਗੇ। ਫਰਮਾਇਆ ਸਤਿਗੁਰਾਂ ਨੇ।

ਬਾਬਾ ਗੁਰਦਿੱਤਾ ਆਖ ਰਿਹਾ ਸੀ ਪਿਤਾ ਜੀ ਪੈਂਦੇ ਖਾਂ ਨਾਲ ਸਾਨੂੰ ਲੜ ਕੇ ਵੇਖ ਲੈਣ ਦਿਓ, ਸਾਡੇ ਹੱਥ ਕਿਵੇਂ ਖੁਲ੍ਹਣਗੇ।

ਅੱਜ ਪੈਂਦੇ ਖਾਂ ਦੀ ਮੌਤ ਦਾ ਨਜ਼ਾਰਾ ਵੇਖੋ, ਜੰਗ ਕਿਸੇ ਦੀ ਸਕੀ ਨਹੀਂ। ਮੌਤ ਇਕ ਜਰਨੈਲ ਦੀ ਮੌਤ, ਇਕ ਭਰਾ ਦੀ ਮੌਤ, ਖੂਬ ਲਹੂ, ਦਹਿਸ਼ਤ, ਇਕ ਵਾਰ ਵਿਚ ਹੀ ਮੌਤ ਦੀ ਬੁਰਕੀ ਬਣ ਗਿਆ ਪੈਂਦੇ ਖਾਂ।

ਬਾਬੇ ਗੁਰਦਿੱਤੇ ਨੇ ਜਦ ਆਪਣਾ ਘੋੜਾ ਫੇਰਿਆ ਤਾਂ ਸਾਰੇ ਦੋਖੀ ਭੱਜ ਉਠੇ ਤੇ ਮੈਦਾਨ ਖਾਲੀ ਸੀ।

ਸਭ ਤੋਂ ਨਿਰਾਲੀ ਗੱਲ ਇਹ ਸੀ ਕਿ ਗੁਰੂ ਦੇ ਮਹਿਲਾਂ ਨੇ ਇਹ ਸਾਰੀ ਜੰਗ ਆਪਣੀ ਅੱਖੀਂ ਮਮਟੀਆਂ ਤੇ ਚੜ੍ਹ ਕੇ ਵੇਖੀ।

ਨਿੱਕਾ ਜਿਹਾ ਹਰਰਾਇ ਵੀ ਜੰਗ ਵੇਖ ਰਿਹਾ ਸੀ। ਮਮਟੀ ਤੇ ਬੈਠਾ ਹੋਇਆ ਸੀ। ਲੁਕਿਆ ਹੋਇਆ, ਕਈ ਵਾਰ ਛਾਲ ਮਾਰਨ ਦੀ ਜੁਰਅਤ ਕੀਤੀ ਮਰ ਮਾਤਾ ਜੀ ਨੇ ਹਰ ਵਾਰ ਮੋੜਿਆ।

ਗੁਰੂਆਂ ਦਾ ਪਰਤਾਪ ਸੰਗਤ ਜਾਣੇ ਜਾਂ ਫਿਰ ਉਹ ਜਾਣੇ ਜਿਹਦੇ ਤੇ ਵਾਪਰਦੀ ਏ।

□

੯

ਸ਼ਹਿ ਬਦਨਾਮ ਕਰੇ

ਛੋਟੀ ਉਮਰ ਦਾ ਬਾਲਕ ਹਰ ਰਾਇ ਗੁਰੂ ਹਰਗੋਬਿੰਦ ਦੀ ਉਂਗਲੀ ਫੜ ਕੇ ਤੁਰ ਰਿਹਾ ਸੀ। ਬਾਲਕ ਅਜੇ ਨਿਆਣਾ ਸੀ ਪਰ ਉਹ ਗੁਰੂਆਂ ਦੀ ਨਜ਼ਰ ਦਾ ਕੇਂਦਰ ਬਣ ਚੁੱਕਾ ਸੀ। ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ, ਬਾਲ ਗੋਪਾਲ ਪੰਘੂੜੇ ਵਿਚੋਂ ਹੀ ਦਿਸ ਪੈਂਦਾ ਏ। ਪੁੱਤਰਾਂ ਵੱਲ ਨਜ਼ਰ ਨਾ ਗਈ ਪੋਤਰਾ ਹੀ ਜਚ ਗਿਆ, ਉਹਦੀ ਦੇਖ-ਭਾਲ, ਵਿੱਦਿਆ ਸ਼ਸਤਰ ਦੀ ਸਿਖਲਾਈ ਸਭ ਆਪਣੇ ਜ਼ਿੰਮੇ ਲੈ ਲਈ, ਦੀਵਾਨ ਵਿਚ ਆਪਣੇ ਪਾਸ ਬਿਠਾਉਂਦੇ, ਸੌਣ ਲਈ ਵੀ ਮੰਜਾ ਆਪਣੇ ਕੋਲ ਹੀ ਡਹਾ ਲਿਆ ਸੀ, ਖਾਣਾ ਸਾਹਮਣੇ ਬਿਠਾ ਕੇ ਖਵਾਉਣਾ, ਕਪੜੇ ਦੀ ਚੋਣ ਵੀ ਆਪ ਹੀ ਕਰਦੇ। ਗੱਲ ਕੀ ਹਰਰਾਇ ਦੀ ਨਿੱਕੀ-ਨਿੱਕੀ ਗੱਲ ਤੇ ਧਿਆਨ ਦਿੱਤਾ ਜਾਣ ਲੱਗ ਪਿਆ, ਦੀਵਾਨ ਵਿਚ ਗੱਲਾਂ ਤੇ ਛਿੜਨੀਆਂ ਹੀ ਸਨ। ਲੋਕ ਆਖਣ ਲੱਗ ਪਏ ਸਨ ਕਿ ਗੁਰਗੱਦੀ ਲਈ ਤਿਆਰ ਕੀਤਾ ਜਾ ਰਿਹਾ ਏ ਪੋਤਰਾ।

—ਪਰ ਪੁੱਤਾਂ ਦਾ ਕੀ ਬਣਿਆ। ਜਦ ਆਪ ਹਾਣੀ ਪੁੱਤ ਹਨ ਤੇ ਫਿਰ ਪੋਤਰੇ ਤੇ ਏਨੀ ਨਜ਼ਰਸਾਨੀ ਕਿਉਂ।

—ਵਕਤ ਆਉਣ ਤੇ ਉਹਨਾਂ ਦਾ ਵੀ ਗੁਣਾ ਪੈ ਜਾਊ।

—ਪਰ ਹੁਣ ਕਿਉਂ ਨਹੀਂ।

—ਪੋਤਰੇ ਨੂੰ ਏਨਾ ਲਾਡ ਕਿਉਂ ਲਡਾਇਆ ਜਾ ਰਿਹਾ ਏ।

—ਇਹ ਤੇ ਗੁਰੂ ਹੀ ਜਾਣਦੇ ਹਨ ਹੋਰ ਇਹਦੇ ਬਾਰੇ ਕੋਈ ਕੁਝ ਨਹੀਂ ਕਹਿ ਸਕਦਾ। ਈਜਾਦ ਜ਼ਰੂਰਤ ਦੀ ਮਾਂ ਏ। ਦੇਗਾਂ ਚੜ੍ਹੀਆਂ ਹੋਈਆਂ ਸਨ। ਦਾਣੇ ਟੋਹ ਕੇ ਦੇਗ ਦੇ ਗਰਭ ਦਾ ਪਤਾ ਲੱਗਦਾ ਏ।

—ਗੁਰਗੱਦੀ ਦਾ ਤਾਂ ਫੈਸਲਾ ਹੋ ਹੀ ਗਿਆ ਏ ਭਾਵੇਂ ਕੋਈ ਜਾਣੇ ਤੇ ਭਾਵੇਂ ਨਾ ਜਾਣੇ।

—ਅੰਞਾਣਿਆਂ ਨੂੰ ਵੀ ਇਸ ਫੈਸਲੇ ਦਾ ਪਤਾ ਲੱਗ ਜਾਂਦਾ ਏ। ਲੱਛਣ ਵੀ ਦੱਸਦੇ ਹਨ ਕਿ ਭਰਾਈਆਂ ਦਾ ਪਿੰਡ ਪਤਾਲੀਓਂ ਹੀ ਲੱਭ ਪੈਂਦਾ ਏ।

—ਗੁਰਗੱਦੀ ਦਾ ਫੈਸਲਾ ਕਈ ਵਾਰ ਬਦਲਿਆ ਵੀ ਜਾਂਦਾ ਏ।

—ਨਾ ਭਾਈ ਨਾ। ਇਹ ਫੈਸਲਾ ਪੱਥਰ ਤੇ ਲਕੀਰ ਸਮਝੋ, ਇਹ ਖਾਸ ਨਜ਼ਰੇ ਇਨਾਇਤ ਦੱਸਦੀ ਏ ਕਿ ਹਰ ਰਾਇ ਦਾ ਮੱਥਾ ਹੀ ਤਿਲਕ ਦੀ ਇੰਤਜ਼ਾਰ ਕਰ ਰਿਹਾ ਏ।

ਧੀਰ ਮਲ ਆਪਣਾ ਹੱਕ ਜਿਤਲਾ ਰਿਹਾ ਸੀ। ਮਸੰਦ ਉਸਦੇ ਅੱਗੇ ਪਿੱਛੇ ਘੁੰਮ ਰਹੇ ਸਨ।

—ਬਾਬਾ ਧੀਰ ਮੱਲ ਜੀ ਤੁਸੀਂ ਵੀ ਗੁਰੂਆਂ ਕੋਲ ਬੈਠਿਆ ਕਰੋ, ਸੰਗਤ ਦੀਆਂ ਨਜ਼ਰਾਂ ਵੀ ਤੁਹਾਡੇ ਤੇ ਟਿੱਕਣ।

ਬਾਬਾ ਗੁਰਦਿੱਤਾ ਜੀ ਤਾਂ ਉਦਾਸੀ ਹੋ ਗਏ ਸਨ। ਉਹਨਾਂ ਦਾ ਗੁਰਗੱਦੀ ਨਾਲ ਕੋਈ ਵਾਸਤਾ ਨਹੀਂ ਸੀ ਰਿਹਾ। ਉਹ ਤੇ ਨਵੀਂ ਸੰਪਰਦਾ ਦੇ ਮਾਲਕ ਸਨ।

ਜ਼ੋਰ ਪਿਤਾ ਤੇ ਹੁੰਦਾ ਏ। ਬਾਬੇ ਤੇ ਕਾਹਦਾ ਜ਼ੋਰ। ਬਾਬੇ ਦੀ ਤੇ ਆਪਣੀ ਪਹੁੰਚ ਏ।

ਦੇਗ ਵਿਚੋਂ ਚੌਲਾਂ ਦੀਆਂ ਸਿਰਫ ਕਣੀਆਂ ਹੀ ਪਰਖੀਆਂ ਜਾਂਦੀਆਂ ਨੇ।

ਧੀਰ ਮਲ ਨੂੰ ਇਸ ਗੱਲ ਦਾ ਵਿਚੋਂ ਚਾਨਣ ਹੋ ਗਿਆ ਸੀ ਕਿ ਗੱਦੀ ਦਾ ਵਾਰਸ ਮੈਂ ਨਹੀਂ ਕੋਈ ਹੋਰ ਬਣੇਗਾ। ਮਸੰਦ ਸ਼ਹਿ ਦੇ ਰਹੇ ਸਨ, ਆਖਦੇ ਸਨ ਕਿ ਬਾਬਾ ਜੀ ਗੁਰੂ ਗ੍ਰੰਥ ਸਾਹਿਬ ਤੇ ਤੁਹਾਡੇ ਕੋਲ ਏ, ਦੂਜਾ ਗੁਰੂ ਕਿਸ ਤਰ੍ਹਾਂ ਬਣ ਸਕਦਾ ਏ, ਤੁਸੀਂ ਦਿਲ ਛੋਟਾ ਨਾ ਕਰੋ ਗੁਣਾ ਤੁਹਾਡੇ ਤੇ ਹੀ ਪੈਣਾ ਏ।

ਸਾਜ਼ਸ਼ਾਂ ਦੀ ਖ਼ਬਰ ਕੀਰਤਪੁਰ ਵੀ ਪੁੱਜ ਗਈ ਸੀ, ਇਕ ਦੋ ਵਾਰ ਸੁਨੇਹਾ ਭੇਜਿਆ ਪਰ ਧੀਰ ਮੱਲ ਤੇ ਜੂੰ ਨਾ ਸਰਕੀ, ਆਪਣੀ ਆਕੜ ਵਿਚ ਹੀ ਰਿਹਾ, ਤੇ ਇਕ ਮਸੰਦ ਦੇ ਹੱਥ ਲਿਖਤ ਭੇਜੀ ਜਿਹੜੇ ਵਿਚ ਲਿਖਿਆ ਹੋਇਆ ਸੀ, ਗੱਦੀ ਤੇ ਮੇਰਾ ਹੱਕ ਬਣਦਾ ਏ ਤੁਸੀਂ ਐਵੇਂ ਹੀ ਹਰਿ ਰਾਇ ਨੂੰ ਉਂਗਲੀ ਲਈ ਫਿਰਦੇ ਹੋ। ਤੁਸੀਂ ਮੇਰਾ ਹੱਕ ਮਾਰ ਰਹੇ ਹੋ। ਮੈਂ ਇਹ ਫੈਸਲਾ ਕਰ ਲਿਆ ਏ ਕਿ ਸਭ ਕੁਝ ਆਪਣੇ ਬਲ ਨਾਲ ਹਾਸਲ ਕਰਾਂਗਾ। ਉਹਦਾ ਮੂੰਹ ਹਰ ਵੇਲੇ ਲਾਹੌਰ ਵੱਲ ਰਹਿਣ ਲੱਗ ਪਿਆ।

ਗੱਦੀ ਤੇ ਇਲਾਹੀ ਦਾਤ ਏ। ਇਹਨੂੰ ਆਪਣਾ ਚਾਅ ਲਾਹ ਲੈਣ ਦਿਓ। ਇਹ ਵਾਰਸ ਨਹੀਂ ਤੇ ਗੱਦੀ ਵੀ ਵਰਾਸਤ ਨਹੀਂ। ਗੱਦੀ ਤੇ ਬਹਿਣ ਵਾਲਿਆਂ ਦਾ ਨਾਂ ਲਿਖਿਆ ਹੁੰਦਾ ਏ। ਗੁਰੂ ਹਰਗੋਬਿੰਦ ਨੇ ਫਰਮਾਇਆ।

ਮਸੰਦਾਂ ਦੇ ਜ਼ੋਰ ਅੱਗੇ ਕਈ ਵਾਰ ਪਰਖੇ ਗਏ ਸਨ। ਹਮੇਸ਼ਾ ਉਹਨਾਂ ਨੂੰ ਮੂੰਹ ਦੀ ਖਾਣੀ ਪਈ ਏ, ਮੁੰਡੇ ਜਦ ਗਲਤ ਢਾਣੀਆਂ ਵਿਚ ਬਹਿਣ ਲੱਗ ਪੈਂਦੇ ਹਨ ਉਦੋਂ ਉਹ ਇਸੇ ਤਰ੍ਹਾਂ ਦੀਆਂ ਬੋਲੀਆਂ ਬੋਲਿਆ ਕਰਦੇ ਹਨ।

ਮੁੰਡੇ, ਰੋਲ ਰੰਨਾ, ਤਿੰਨੇ ਉਜਾੜ ਦਾ ਬੰਨਾ।

ਮੂੰਹ ਜ਼ੋਰ ਤੇ ਬਦਜ਼ਬਾਨ ਹੋ ਜਾਂਦੇ ਹਨ ਬੰਦੇ।

ਵੱਡਿਆਂ ਗੁਰੂਆਂ ਦੇ ਇਸੇ ਤਰ੍ਹਾਂ ਮਸੰਦਾਂ ਨੇ ਅਤਿ ਚੁੱਕੀ ਸੀ। ਪਰ ਕੁਦਰਤ ਨੇ ਆਪੇ ਤਰੋੜ ਮਰੋੜ ਦਿੱਤੇ। ਡਾਹਣ ਲੱਕ ਵਿਚੋਂ ਨਾ ਟੁੱਟ ਜਾਏ। ਮੁੰਡਾ ਤੇ ਰੰਬਾ ਚੰਡਿਆਂ ਹੀ ਕੰਮ ਆਉਂਦੇ ਹਨ। ਇਹਨਾਂ ਦੇ ਨੱਕ ਵਿਚ ਨਕੇਲ ਜ਼ਰੂਰ ਪਾਉਣੀ ਚਾਹੀਦੀ ਏ।

ਕਈਆਂ ਗੱਲਾਂ ਦਾ ਜਵਾਬ ਨਹੀਂ ਦਿੱਤਾ ਜਾਂਦਾ, ਚੁੱਪ ਰਹੋ, ਉਸ ਜਿਹੜਾ ਸੱਪ ਕੱਢਣਾ ਏ ਕੱਢ ਲੈਣ ਦਿਓ। ਦੋ ਬਿਰਤੀਆਂ ਹੁੰਦੀਆਂ ਹਨ, ਇਕ ਸਿੰਘ ਤੇ ਦੂਜੀ ਸੱਗ ਦੀ। ਸੱਗ ਦੀ ਬਿਰਤੀ ਕੁੱਤੇ ਸਮਾਨ ਏ, ਕੁੱਤੇ ਨੂੰ ਸੋਟੀ ਮਾਰੋ ਤਾਂ ਉਹ ਸੋਟੀ ਨੂੰ ਪੈਂਦਾ ਏ। ਸ਼ੇਰ ਨੂੰ ਜਦੋਂ ਸੋਟੀ ਮਾਰੋ ਉਹ ਸੋਟੀ ਨੂੰ ਨਹੀਂ ਅਗੋਂ ਮਾਰਨ ਵਾਲੇ ਨੂੰ ਪੈਂਦਾ ਏ। ਧੀਰ ਮੱਲ ਦਾ ਕੀ ਕਸੂਰ ਏ, ਉਹ ਤੇ ਕਿਸੇ ਦੀ ਸ਼ਹਿ ਤੇ ਬੋਲ ਰਿਹਾ ਏ। ਧੀਰ ਮੱਲ ਦਾ ਨਾਂ ਲੈਣ ਦੀ ਲੋੜ ਨਹੀਂ। ਉਹਨੂੰ ਆਪਣੀ ਡੱਫਲੀ ਵਜਾਉਣ ਦਿਓ, ਤੁਸੀਂ ਸੁਣੋ ਨਾ, ਬੋਲ ਗੁਰੂ ਦੇ ਸਨ:

ਸਵਾਨ ਬ੍ਰਿਤੀ ਸਦ ਹੀ ਦੁਖਦਾਈ ਕੇਹਰ ਬ੍ਰਿਤੀ ਸੁਖਦ ਸਹਾਈ॥

ਜਦੋਂ ਦਾਣੇ ਮੁਕ ਜਾਣ ਕੀਰਤਪੁਰ ਆ ਜਾਣਾ, ਗੁਰੂ ਦੇ ਦਰਵਾਜ਼ੇ ਖੁਲ੍ਹੇ ਹਨ, ਮੱਤ ਆਪਣੀ ਵਰਤੀਦੀ ਏ ਦੂਜਿਆਂ ਦੀ ਨਹੀਂ ਲਈਦੀ, ਫਰਮਾਇਆ ਗੁਰਾਂ ਨੇ। ਗਦੀ ਦਾ ਫੈਸਲਾ ਧੁਰ ਤੋਂ ਲਿਖਿਆ ਆਉਂਦਾ ਏ, ਮੂਰਖ ਏਥੇ ਬੈਠੇ ਵੀਹ ਫੈਸਲੇ ਕਰ ਲੈਣ, ਕਪੁੱਤ ਬਣਿਆ ਕੁਝ ਨਹੀਂਓਂ ਮਿਲਣਾ, ਪੁੱਤ ਬਣਿਆਂ ਸੱਭ ਕੁਝ ਤੇਰਾ ਏ।

□

੧੦

ਆਵਾਜ਼ ਪਈ ਬਾਬੇ ਗੁਰਦਿੱਤੇ ਨੂੰ

ਕਰਤਾਰਪੁਰ ਨੂੰ ਛੱਡਿਆ ਪੱਕੇ ਟਿਕਾਣੇ ਬਣਾ ਲਏ ਕੀਰਤਪੁਰ। ਇਕ ਤੇ ਜਗ੍ਹਾ ਨਵੇਕਲੀ ਸੀ ਦੂਜਾ ਜਰਨੈਲੀ ਸੜਕ ਤੋਂ ਦੂਰ ਪੈਂਦੀ ਸੀ। ਸੁਰੱਖਿਅਤ ਜਗ੍ਹਾ ਤੇ ਵੱਸਣਾ ਹੀ ਅਕਲਮੰਦੀ ਸੀ। ਪਹਾੜੀ ਰਾਜਿਆਂ ਨੇ ਤੇ ਗਟਾਹੀਆਂ ਸਾਂਝੀਆਂ ਕਰ ਲਈਆਂ ਸਨ। ਦੁੱਖ-ਸੁੱਖ ਦੇ ਭਾਈਵਾਲ ਬਣ ਗਏ ਸਨ, ਪਹਾੜੀ ਰਾਜਿਆਂ ਨੂੰ ਕੁਝ-ਕੁਝ ਅਕਲ ਆਉਣ ਲੱਗ ਪਈ ਸੀ, ਪਹਾੜਾਂ ਖੁੰਦਰਾਂ ਵਿਚੋਂ ਨਿਕਲੇ ਤੇ ਜ਼ਮਾਨੇ ਦੀ ਹਵਾ ਲਗੀ, ਉਹਨਾਂ ਨੂੰ ਪਤਾ ਲੱਗਾ ਕਿਥੇ ਦੁਨੀਆ ਵਸਦੀ ਏ ਪਰ ਅਜੇ ਵੀ ਵਿਚ ਡਰਾਕਲ ਹਨ :

ਦੁਬਿਧਾ ਤੁਰਕ ਸਿਉ ਲੱਗੀ ਹੋਈ ਹੈ, ਦਰਵੇਸ਼ ਉਪਰ ਲਾਹੌਰ ਹੈ :

ਕੀਰਤਪੁਰ ਨੂੰ ਹੀ ਆਪਣਾ ਸਦਰ ਮੁਕਾਮ ਬਣਾਓ। ਰੋਜ਼ ਦਾ ਧੜਕੂ ਮੁੱਕ ਜਾਊ। ਸਤਿਗੁਰਾਂ ਨੇ ਬਾਬੇ ਗੁਰਦਿੱਤੇ ਨੂੰ ਸਮਝਾਇਆ।

ਪਹਾੜਾਂ ਵਿਚ ਪਰਚਾਰ ਦਾ ਸਦਕਾ ਬਿੱਲੀਆਂ ਵੀ ਸ਼ੇਰ ਬਣ ਗਈਆਂ। ਅੱਗੇ ਕੋਈ ਝਗੜਾ ਹੁੰਦਾ ਤਾਂ ਦਿੱਲੀ ਵੱਲ ਤਕਦੇ ਪਰ ਜਦੋਂ ਦੀ ਗੁਰੂ ਹਰਗੋਬਿੰਦ ਨਾਲ ਸੰਗਤ ਕੀਤੀ ਸੀ ਦਿੱਲੀ ਵਲੋਂ ਮੂੰਹ ਮੋੜ ਲਿਆ, ਜਿਹੜਾ ਦੂਤ, ਸਫੀਰ ਸ਼ਾਹੀ ਫਰਮਾਨ ਲੈ ਕੇ ਆਉਂਦਾ ਗੁਰੂ ਵੱਲ ਭੇਜ ਦਿੰਦੇ। ਸਲਾਹ ਕਰ ਲਈਏ ਫਿਰ ਜਵਾਬ ਦੇਂਦੇ ਹਾਂ।

ਇਕ ਵਾਰ ਇਕ ਪਹਾੜੀ ਰਾਜੇ ਨੇ ਦੂਤ ਨੂੰ ਪੁਛਿਆ, ਹੁਣ ਤੁਸੀਂ ਦਿੱਲੀ ਨਹੀਂ ਆਉਂਦੇ।

ਉਸ ਜਵਾਬ ਦਿੱਤਾ ਅਸਾਂ ਸੁਣਿਆ ਏ ਦਿੱਲੀ ਇਕ ਸ਼ਹਿਰ ਏ, ਉਥੋਂ ਦੇ ਰਾਜੇ ਦਾ ਨਾਂ ਕੀ ਏ ਤੇ ਉਹ ਕਿਸ ਰਾਜੇ ਦਾ ਬੇਟਾ ਏ ਕੁਝ ਪਤਾ ਨਹੀਂ। ਅਸੀਂ ਕਦੇ ਮੈਦਾਨੀ ਇਲਾਕੇ ਵਿਚ ਨਹੀਂ ਗਏ। ਸਾਨੂੰ ਕੀ ਕੋਈ ਰਾਜਾ ਹੋਵੇ ਤੇ ਕੋਈ ਵਜ਼ੀਰ ਅਸਾਂ ਤੇ ਖਰਾਜ ਦੇਣਾ ਏ, ਖਜ਼ਾਨੇ ਵਿਚ ਜਮ੍ਹਾਂ ਕਰਵਾ ਦੇਂਦੇ ਹਾਂ, ਅਸਾਂ ਨਾਂ ਪੁੱਛ ਕੇ ਕੀ ਲੈਣਾ ਏ।

ਪਰਚਾਰ ਦੇ ਕਾਰਜ ਨੂੰ ਏਨਾ ਮਜ਼ਬੂਤ ਕਰ ਦਿੱਤਾ ਸੀ ਕਿ ਪਰਚਾਰਕ ਤੇ ਏਨੀ ਸ਼ਰਧਾ ਲੈ ਆਏ ਸਨ ਕਿ ਉਹ ਪਵਿੱਤਰ ਮੂਰਤੀ ਬਣ ਕੇ ਪੂਜਣ ਲੱਗ ਪਏ। ਪਰ ਜਿਸ ਅਜੇਰ ਵਸਤੂ ਨੂੰ ਪਾਉਣਾ ਸੀ ਉਸ ਲਈ ਸਭ ਤੋਂ ਪਹਿਲਾਂ ਕਸਵਟੀ ਤੇ ਪਰਖਣਾ ਸੀ।

ਬਾਬਾ ਗੁਰਦਿੱਤਾ, ਇਕ ਦਿਨ ਭਾਣਾ ਕਰਤਾਰ ਦਾ ਹੋਇਆ ਸ਼ਿਕਾਰ ਨੂੰ ਨਿਕਲ ਪਏ। ਧੁੰਦ ਦੇ ਕਾਰਨ ਸ਼ਿਕਾਰ ਪਛਾਨਣ ਵਿਚ ਭੁਲੇਖਾ ਲੱਗ ਗਿਆ, ਮਾਰਨਾ ਹਿਰਨ ਸੀ ਤੇ ਤੀਰ ਗਾਂ ਨੂੰ ਜਾ ਲੱਗਾ, ਬੜਾ ਦੁੱਖੀ ਹੋਇਆ ਹਿਰਦਾ, ਗਾਂ ਮਾਰਨਾ ਬਹੁਤ ਵੱਡਾ ਪਾਪ ਏ, ਬੰਦਾ ਚੰਡਾਲ ਬਣ ਜਾਂਦਾ ਏ। ਇਸ ਪਾਪ ਨੂੰ ਛੁਪਾਉਣ ਲਈ ਕਮਾਨ ਦੀ ਨੋਕ ਨਾਲ ਮੁਰਦਾ ਗਾਂ ਜਿਵਾ ਦਿੱਤੀ। ਘਰ ਆਏ ਤੇ ਸਿੱਖਾਂ ਨੇ ਬੜੇ ਚਾਅ ਤੇ ਵਡਿਆਈ ਕਰਕੇ ਤਾਰੀਫ ਦੇ ਪੁਲ ਬੰਨ੍ਹ ਦਿੱਤੇ ਗੁਰਾਂ ਅੱਗੇ, ਗਊ ਜਿਉਣ ਦੀ ਕਹਾਣੀ ਸੁਣਾਈ, ਬੜੇ ਠੁਮਣੇ ਦੇ ਦੇ ਕੇ।

—ਇਹ ਤੁਸਾਂ ਕੀ ਕੀਤਾ। ਕਰਾਮਾਤ ਵਿਖਾ ਕੇ ਖਲਕਤ ਨਿਵਾਈ, ਖ਼ਾਲਕ ਨਿਵਾਇਆ।

ਗੁਰੂ ਘਰ ਵਿਚ ਕਰਾਮਾਤ ਨੂੰ ਕਹਿਰ ਗਿਣਦੇ ਹਨ, ਕਰਾਮਾਤ ਵਿਖਾਉਣ ਖਾਤਰ ਬਾਬਾ ਅਟੱਲ ਰਾਏ ਨੇ ਆਪਣਾ ਸੀਸ ਭੇਟਾ ਕੀਤਾ ਸੀ। ਇਹ ਗੱਲ ਬਾਬਾ ਗੁਰਦਿੱਤਾ ਚੰਗੀ ਤਰ੍ਹਾਂ ਜਾਣਦੇ

ਸਨ, ਭੁੱਲ ਜੋ ਹੋ ਗਈ ਕੀ ਕਰੇ, ਇਹ ਸਭ ਬਦਨਾਮੀ ਤੋਂ ਬਚਣ ਲਈ ਕੀਤਾ ਗਿਆ ਸੀ, ਲੋਕ ਹਤਿਆਰਾ ਨਾ ਆਖਣ, ਰਾਈ ਦਾ ਪਹਾੜ ਬਣ ਗਈ ਨਿੱਕੀ ਜਿਹੀ ਗੱਲ। ਧੁੰਦ ਵਿਚ ਇਹ ਕਾਰਾ ਹੋਇਆ ਸੀ। ਧੁੰਦ ਵਿਚ ਹੀ ਗਾਂ ਮਰੀ ਤੇ ਧੁੰਦ ਵਿਚ ਹੀ ਜਿਊ ਪਈ, ਗੁਰਾਂ ਤੱਕ ਗੱਲ ਪੁੱਜਣੀ ਨਹੀਂ ਸੀ ਪਰ ਮਸੰਦਾਂ ਗੱਲ ਛੋਹ ਲਈ, ਇਕ ਪਾਪ ਹੋਇਆ ਸੀ ਇਸ ਤਰ੍ਹਾਂ ਪੁੰਨ ਬਣ ਜਾਊ, ਗੱਲ ਸੱਤਾਂ ਪਰਦਿਆਂ ਵਿਚੋਂ ਵੀ ਬਾਹਰ ਨਿਕਲ ਆਉਂਦੀ ਏ। ਸਾਹਮਣਾ ਹੋ ਗਿਆ ਪਿਤਾ ਤੇ ਪੁੱਤ ਦਾ। ਫਿਰ ਝੂਠ ਦਾ ਪਰਦਾ ਕਿਸ ਤਰ੍ਹਾਂ ਟਿੱਕ ਸਕਦਾ ਸੀ। ਸੱਚ ਨੇ ਤੇ ਫਿਰ ਨਿਤਰ ਹੀ ਆਉਣਾ ਸੀ।

—ਅੱਗੇ ਵੀ ਸਾਡੇ ਘਰ ਇਕ ਵਾਰ ਰੱਬ ਜੰਮਿਆ ਸੀ ਪਰ ਹੁਣ ਸਾਡੇ ਘਰ ਫਿਰ ਕਿਦਾਂ ਰੱਬ ਜੰਮ ਪਿਆ। ਬੇਟਾ ਇਹ ਸਭ ਕੁਝ ਗੁਰ ਮਰਿਆਦਾ ਦੇ ਉਲਟ ਹੋਇਆ ਏ। ਫਰਮਾਇਆ ਗੁਰੂ ਹਰਗੋਬਿੰਦ ਨੇ।

—ਭੁੱਲਾਂ ਬਖਸ਼ਾਈਆਂ ਜਾ ਸਕਦੀਆਂ ਨੇ। ਅਰਜ਼ ਕੀਤੀ ਬਾਬੇ ਗੁਰਦਿੱਤੇ ਨੇ।

ਗੁਰ ਮਰਿਆਦਾ ਬਣਾਉਣ ਵਿਚ ਪੰਜਾਂ ਪੀੜ੍ਹੀਆਂ ਨੇ ਤਿਆਗ ਕੀਤਾ ਤੇ ਯੋਗਦਾਨ ਪਾਇਆ। ਤੇ ਇਕ ਸ਼ਹਾਦਤ ਵੀ ਦੇਣੀ ਪਈ ਤਾਂ ਇਕ ਮਰਿਆਦਾ ਲੱਭੀ। ਸਤਿਗੁਰੂ ਖਾਮੋਸ਼ ਹੋ ਗਏ।

ਬਾਬਾ ਗੁਰਦਿੱਤਾ ਨੇ ਹੱਥ ਜੋੜੇ, ਸੀਸ ਨਿਵਾਇਆ। ਸ਼ੀਸ਼ ਮਹਿਲਾਂ ਵੱਲ ਤੁਰ ਗਿਆ, ਸਿਰ ਸੁੱਟ ਕੇ।

ਇਕ ਕਸ਼ਮਕਸ਼ ਦੀ ਜੰਗ ਹੋ ਰਹੀ ਸੀ ਬਾਬੇ ਗੁਰਦਿੱਤੇ ਦੇ ਮਨ ਵਿਚ। ਮੇਰਾ ਤੇ ਰਾਹ ਅੱਡ ਹੋ ਗਿਆ ਏ। ਕੀ ਹੋਇਆ ਏ ਦੂਜੀ ਡੰਡੀ ਤੇ ਪੈਰ ਰੱਖ ਲਏ ਹਨ, ਅੱਗੇ ਜਾ ਕੇ ਡੰਡੀ ਤੇ ਮਿਲ ਹੀ ਜਾਣਾ ਏ, ਮੰਜ਼ਲ ਤੇ ਇਕ ਹੀ ਏ ਨਾ, ਮੇਰੇ ਪਿਤਾ ਦਾ ਮਨ ਦੁਖੀ ਨਹੀਂ ਹੋਣਾ ਚਾਹੀਦਾ, ਪਰਾਸ਼ਚਿੱਤ ਬੱਸ ਇਸ ਤੋਂ ਅੱਗੇ ਕੁਝ ਨਹੀਂ।

ਇਕ ਵਾਰ ਭਾਈ ਜੇਠਾ ਜੀ ਨੇ ਬੜਾ ਬੋਲ ਬੋਲਿਆ ਸੀ ਤੇ ਹਜ਼ੂਰ ਨੇ ਉਸ ਨੂੰ ਇਕ ਲੋਟਾ ਪਾਣੀ ਵਗਦੇ ਦਰਿਆ ਵਿਚੋਂ ਲਿਆਉਣ ਦਾ ਹੁਕਮ ਦਿੱਤਾ, ਪਾਣੀ ਨਾਲ ਭਰਿਆ ਲੋਟਾ ਲੈ ਆਏ। ਦੂਜਾ ਹੁਕਮ ਸੀ, ਜਾਓ ਇਹ ਪਾਣੀ ਦਾ ਭਰਿਆ ਲੋਟਾ ਉਸ ਵਗਦੇ ਦਰਿਆ ਵਿਚ ਰੋੜ੍ਹ ਆਓ। ਹੁਕਮ ਦੀ ਪਾਲਣਾ ਹੋ ਗਈ। ਭਾਈ ਜੇਠਾ ਵਿਚਾਰਨ ਲੱਗਾ ਇਹ ਕੀ ਕ੍ਰਿਸ਼ਮਾ ਏ, ਪਹਿਲਾਂ ਪਾਣੀ ਮੰਗਵਾਗਿਆ ਗਿਆ ਤੇ ਫਿਰ ਡੋਹਲਣ ਦਾ ਹੁਕਮ ਕੀਤਾ ਗਿਆ। ਸਮਝ ਤੋਂ ਬਾਹਰ ਸੀ ਪਰ ਗੁਰੂ ਹੁਕਮ ਸੀ। ਪਾਲਣਾ ਕੀਤੀ ਗਈ।

—ਗੁਰਾਂ ਫਰਮਾਇਆ ਕੀ ਜਲ ਦਰਿਆ ਵਿਚ ਪਾਉਣ ਨਾਲ ਪਾਣੀ ਵੱਧ ਗਿਆ ਸੀ, ਵੇਖਿਆ ਸੀ, ਕੀ ਕੱਢਣ ਨਾਲ ਘੱਟਿਆ ਤੇ ਨਹੀਂ। ਕੁਝ ਮਹਿਸੂਸ ਹੋਇਆ।

ਜੇਠਾ ਜੀ ਬੋਲੇ ਸਤਿਗੁਰੂ ਨਾ ਪਾਣੀ ਵੱਧਿਆ ਤੇ ਨਾ ਘੱਟਿਆ।

ਫਿਰ ਬੋਲੇ ਸਤਿਗੁਰੂ ਦਰਿਆ ਸਮਾਨ ਹਨ, ਇਹ ਕਰਾਮਾਤਾਂ ਜੋ ਵਿਖਾਈ ਫਿਰਦੇ ਹਨ ਇਹ ਲੋਟੇ ਦੇ ਜਲ ਸਮਾਨ ਹਨ :

ਕਰਾਮਾਤ ਦਿਖਰਾਵਣੀ ਹੈ ਕਹਿਰ ਜ਼ਰੂਰੀ, ਪ੍ਰਭੂ ਰਜਾਇ ਮਿਟਾਇਕੇ ਪਰਨੋ ਹੈ ਦੂਰੀ।

ਬਾਬਾ ਗੁਰਦਿੱਤਾ ਦੇ ਕੰਨੀਂ ਇਹ ਬੋਲ ਪਏ, ਨਿਮਰਤਾ ਨਾਲ ਸਹਾਰੇ, ਇਕ ਮਨ ਵਿਚ ਫੈਸਲਾ ਕਰ ਲਿਆ, ਉੱਠ ਖੜੋਤੇ ਤੇ ਸਿੱਧੇ ਬੁੱਢਣ ਸ਼ਾਹ ਦੀ ਕਬਰ ਤੇ ਜਾ ਪੁੱਜੇ। ਲੇਟ ਗਏ ਚਾਦਰ ਤਾਣ ਲਈ, ਸਵਾਸ ਚੜ੍ਹਾ ਲਏ। ਤੇ ਆਪਾ ਉਸ ਦਾਤੇ ਦੇ ਅਰਪਣ ਕਰ ਦਿੱਤਾ।

ਕੀਓ ਧੰਨ ਦੇਹ ਤਜਾਇ, ਧਰਮ ਧਾਮ ਨਿਜ ਰੂਪ ਸਮਾਇ।

ਜਦ ਖਬਰ ਗੁਰਾਂ ਕੋਲ ਪੁੱਜੀ ਤਾਂ ਧਨ ਜਿਗਰਾ ਸੀ ਪਿਤਾ ਦਾ ਪੁੱਤ ਦੀ ਆਪ ਅਰਦਾਸ ਕੀਤੀ ਤੇ ਕੜਾਹ ਪ੍ਰਸ਼ਾਦ ਆਪ ਵੰਡਿਆ ਤੇ ਸਭ ਨੂੰ ਭਾਣੇ ਵਿਚ ਰਹਿਣ ਦੀ ਆਗਿਆ ਕੀਤੀ।

ਧੀਰ ਮੱਲ ਵੱਲ ਉਚੇਚੇ ਬੰਦੇ ਭੇਜੇ, ਪਾਠ ਰੱਖਣਾ ਏ, ਭੋਗ ਪਾਉਣਾ ਏ ਇਸ ਲਈ ਗੁਰੂ ਗ੍ਰੰਥ ਸਾਹਿਬ ਅਦਬ ਤੇ ਮਰਿਆਦਾ ਮੁਤਾਬਕ ਲੈ ਕੇ ਆਓ।

ਉਹ ਸਿਰੜੀ ਨਾ ਆਪ ਹੀ ਆਇਆ ਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਹੀ ਭੇਜਿਆ। ਚਿੱਤ ਬਹੁਤ ਦੱਖੀ ਹੋਇਆ। ਯਾਰੋ ਆਪਣਾ ਹੀ ਲਹੂ ਫੁੱਟ ਗਿਆ ਏ।

ਮਰਿਆਦਾ ਦੀ ਪਾਲਣਾ ਜ਼ਰੂਰੀ ਏ, ਇਹਦੇ ਤੋਂ ਸਭ ਕੁਝ ਵਾਰਿਆ ਜਾ ਸਕਦਾ ਏ।

ਰਸਮ ਸਾਰੀ ਆਪ ਕੀਤੀ ਤੇ ਜਦ ਪੱਗ ਬੰਨ੍ਹਣ ਦਾ ਸਮਾਂ ਆਇਆ ਤਾਂ ਫਿਰ ਅੱਖਾਂ ਵਿਚ ਇਕ ਅੱਥਰ ਡਿੱਗ ਪਈ ਸੱਚੇ ਪਾਤਸ਼ਾਹ ਗੁਰੂ ਹਰਗੋਬਿੰਦ ਦੀ।

ਹਰਰਾਇ ਨੂੰ ਸੱਦਿਆ ਤੇ ਪੱਗ ਬੰਨ੍ਹਾ ਦਿੱਤੀ ਤੇ ਉਸੇ ਦਿਨ ਤੋਂ ਆਪਣੀ ਦੇਖ ਰੇਖ ਵਿਚ ਲੈ ਲਿਆ ਹਰਰਾਇ। □

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ।
ਹਰਿ ਸਾਜਨ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ।
ਪੁਤ੍ਰ ਕਲਤ੍ਰ ਨਾ ਸੰਗਿ ਧਨ ਹਰਿ ਅਵਿਨਾਸੀ ਓਹੁ ।
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ।
ਇਕਸੁ ਹਰਿ ਕੇ ਨਾਮੁ ਬਿਨੁ ਅਗੈ ਲਈਅਹਿ ਖੋਹਿ ।
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨਾ ਕੋਇ ।
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ।
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ।
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥

੩ ਵੈਸਾਖਿ

੧੧

ਸੀਤ ਪਰਸ਼ਾਦ

—ਹਰਿ ਰਾਇ ਕੋ ਨਿਕਟ ਬਹਾਵੈ, ਸੀਤ ਭੋਗ ਦੇ ਹਰਖ ਧਰਾਵੈ ।

ਪਿਓ ਦੇ ਮਰਨ ਦੀ ਪੱਗ ਜਦੋਂ ਪੁੱਤ ਦੇ ਸਿਰ ਬੰਨ੍ਹ ਦੇਈਏ ਉਸ ਵੇਲੇ ਪੁੱਤ ਦੀ ਜ਼ਿਮੇਵਾਰੀ ਵੱਧ ਜਾਂਦੀ ਏ, ਪਿਓ ਵਾਲੀ ਜਗ੍ਹਾ ਪੁੱਤ ਨੂੰ ਖੜਾ ਹੋਣਾ ਪੈਂਦਾ ਏ । ਹੇਠੀ ਜੇਠੀ ਦਾ ਫਿਰ ਪੁੱਤ ਮਾਲਕ ਹੁੰਦਾ ਏ । ਪੁੱਤ ਛੋਟਾ ਹੋਵੇ ਜਾਂ ਵੱਡਾ, ਹੈ ਤੇ ਪੁੱਤ ਹੀ ਨਾ । ਸ੍ਰਿਸ਼ਟੀ ਵਿਚ ਜਿੰਨ ਰਹਿਣਾ ਏ ਉਹਨੂੰ ਹਰ ਜ਼ਿਮੇਵਾਰੀ ਚੁਕਣੀ ਪੈਣੀ ਏ । ਅਜੇ ਤੇ ਸ਼ੁਕਰ ਏ ਉਸ ਦਾਤੇ ਦਾ ਕਿ ਹਰ ਰਾਇ ਦੇ ਸਿਰ ਬਾਬੇ ਦਾ ਹੱਥ ਸੀ । ਬਾਬੇ ਦੀ ਡਿਊਟੀ ਬਣ ਗਈ ਸੀ ਕਿ ਪੋਤਰੇ ਨੂੰ ਹਰ ਕੰਮ ਵਿਚ ਨਿਪੁੰਨ ਬਣਾਏ ਤੇ ਉਹਨੂੰ ਖਲਕਤ ਵਿਚ ਖੜ੍ਹਾ ਹੋਣ ਜੋਗਾ ਬਣਾ ਦੇਵੇ । ਗੁਰੂ ਹਰਗੋਬਿੰਦ ਨੇ ਹਰ ਰਾਇ ਨੂੰ ਆਪਣੇ ਅੰਗ-ਸੰਗ ਰੱਖਣਾ ਸ਼ੁਰੂ ਕਰ ਦਿੱਤਾ ਤੇ ਉਹਨੂੰ ਇਕ ਪਲ ਵੀ ਆਪਣੇ ਤੋਂ ਵੱਖਰਾ ਨਹੀਂ ਸਨ ਹੋਣ ਦਿੰਦੇ । ਅਜੇ ਖੇਡਣ ਦੇ ਦਿਨ ਸਨ ਪਰ ਧੰਨ ਸਨ ਹਰ ਰਾਇ ਜੀ ਉਹਨਾਂ ਸਾਰੀਆਂ ਖੇਡਾਂ ਨੂੰ ਛਿੱਕੇ ਟੰਗ ਦਿੱਤਾ ਤੇ ਬਾਬੇ ਦਾ ਲੜ ਫੜ ਲਿਆ । ਆਗਿਆ ਵਿਚ ਰਹਿਣ ਦੀ ਜਾਚ ਸਿੱਖਣੀ ਸ਼ੁਰੂ ਕਰ ਦਿੱਤੀ, ਗੁਰ ਮਰਿਆਦਾ ਦੀ ਪਾਲਣਾ ਕਰਨ ਦੀ ਸੰਮਤਾ ਲੈਣੀ ਸ਼ੁਰੂ ਕਰ ਦਿੱਤੀ । ਪ੍ਰਕਾਸ਼ ਜਦ ਹਰ ਰਾਇ ਦਾ ਹੋਇਆ ਸੀ ਉਸ ਵੇਲੇ ਗੁਰੂ ਹਰਗੋਬਿੰਦ ਨੇ ਬਚਨ ਕੀਤੇ ਸਨ ਕਿ ਵੱਡੀ ਵਸਤੂ ਦਾ ਮਾਲਕ ਆਇਆ ਏ । ਗੁਰ ਵਾਕ ਸੱਚੇ ਹੋਣੇ ਹੀ ਹੋਏ ।

ਜਿਸ ਬਾਲਕ ਤੋਂ ਏਨੀਆਂ ਉਮੀਦਾਂ ਦੀ ਆਸ ਸੀ ਉਹਦੀ ਘੜਤ ਦੇ ਘੜਣੀ ਹੀ ਪੈਣੀ ਸੀ, ਹਰ ਨੀਵੇਂ ਉੱਚੇ ਥਾਂ ਦੀ ਜਾਂਚ ਕਰਵਾਉਣੀ ਪੈਣੀ ਸੀ, ਚੰਗੇ ਮੰਦੇ ਲੋਕਾਂ ਦੀ ਪਛਾਣ ਕਰਨ ਦੀ ਭਾਵੇਂ ਕਸਵਟੀ ਗੁਰੂ ਘਰ ਵਿਚ ਹੈ ਸੀ ਪਰ ਪਹਿਚਾਨ ਤੇ ਪਰਖ ਕਰਨ ਦੀ ਜਾਚ ਵੀ ਤੇ ਆਉਣੀ ਚਾਹੀਦੀ ਏ । ਨੀਂਹ ਪੱਕੀ ਹੋਵੇ ਤੇ ਜਿਡਾ ਮਰਜ਼ੀ ਮਹਿਲ ਉਸਾਰ ਲਈਏ, ਨੀਂਹ ਕਮਜ਼ੋਰ ਹਵੇ ਤੇ ਛੱਤ ਡਿਗਣ ਦਾ ਡਰ ਹੁੰਦਾ ਏ ।

ਘੋਟੇ ਮਿਣ ਮਿਣ ਕੇ ਪਾਲਿਆ ਜਾ ਰਿਹਾ ਸੀ ਹਰ ਰਾਇ।

ਭਾਵੇਂ ਮੁਹਾਰ ਨਿਖਰ ਰਹੀ ਸੀ ਪਰ ਵੀ ਕਿਸੇ ਦੀ ਦੇਖ ਰੇਖ ਬਹੁਤ ਜ਼ਰੂਰੀ ਸੀ। ਆਪਣੇ ਗੋਡੇ ਮੁੱਢ ਬਿਠਾ ਕੇ ਪੜ੍ਹਾਉਂਦੇ। ਪੰਡਿਤ ਤੋਂ ਸਿਖਿਆ ਲਈ ਜਾਂਦੀ ਪਰ ਜਿਹੜਾ ਚਾਰ ਘੜੀਆਂ ਆਪ ਪੜ੍ਹਾ ਲੈਣਾ ਏ ਉਸਦੀ ਕੋਈ ਰੀਸ ਨਹੀਂ ਸੀ।

ਪੂਰਨੇ ਪਾ ਕੇ ਲਿਖਾਈ ਪੱਕੀ ਕੀਤੀ। ਫਾਰਸੀ ਉਸ ਵੇਲੇ ਸਰਕਾਰੀ ਜ਼ਬਾਨ ਸੀ ਇਸ ਲਈ ਉਸ ਵੇਲੇ ਇਹਦੀ ਬੜੀ ਲੋੜ ਸੀ। ਸਰਕਾਰੇ ਦਰਬਾਰੇ ਫਾਰਸੀ ਵਾਲੇ ਦੀ ਪੁੱਛ ਬੜੀ ਸੀ ਭਾਵੇਂ ਸਰਕਾਰ ਨਾਲ ਕੋਈ ਸਰੋਕਾਰ ਨਹੀਂ ਸੀ ਪਰ ਹਕੂਮਤ ਵਿਚ ਰਹਿਣਾ ਹੋਵੇ ਉਹਦੀ ਬੋਲੀ ਤੋਂ ਜਾਣੂ ਜ਼ਰੂਰੀ ਅੰਗ ਹਨ।

ਇਕ ਮੌਲਵੀ ਸਿਰਫ ਫਾਰਸੀ ਪੜ੍ਹਾਉਣ ਆਉਂਦਾ, ਚੇਤੰਨ ਬੁੱਧੀ ਵੇਖ ਕੇ ਇਕ ਦਿਨ ਮੌਲਵੀ ਨੇ ਆਖਿਆ ਪੜ੍ਹਿਆਂ ਨੂੰ ਕੀ ਪੜ੍ਹਾਉਣਾ ਹੋਇਆ। ਸਤਿਗੁਰ ਤੁਸੀਂ ਤੇ ਆਪ ਜਾਣੀ ਜਾਣ ਹੋ, ਮੈਨੂੰ ਜਿੰਨੀ ਕੁ ਅਕਲ ਏ ਪੜ੍ਹਾ ਜਾਂਦਾ ਹਾਂ ਪਰ ਤੁਸੀਂ ਤੇ ਬਹੁਤ ਅੱਗੇ ਦੌੜ ਲਾਈ ਜਾਂਦੇ ਹੋ। ਆਖਣ ਨੂੰ ਤੇ ਆਖਿਆ ਜਾਂਦਾ ਏ ਪਰ ਇਕ ਸਾਲ ਵਿਚ ਗੁਲਸਤਾਂ ਬੋਸਤਾਂ ਨੂੰ ਕੰਠ ਕਰ ਲਿਆ। ਇਹ ਸਿਰਫ ਗੁਰੂ ਪੁੱਤ ਦੀ ਹੀ ਸ਼ਕਤੀ ਸੀ।

ਸ਼ਾਸਤ੍ਰਾਂ ਦੀ ਵਿਦਿਆ ਵੀ ਜ਼ਰੂਰੀ ਸਮਝੀ ਜਾਂਦੀ ਸੀ। ਵਿਦਵਾਨ, ਸ਼ਾਸਤ੍ਰ ਅਰਥ ਕਰਕੇ ਵੀ ਸਮਝਾਉਣ ਲੱਗ ਪਏ, ਹਰ ਰਾਇ ਬੜੇ ਧਿਆਨ, ਰੀਝ ਤੇ ਉਤਸ਼ਾਹ ਨਾਲ ਪੜ੍ਹਦੇ।

ਹੁਣ ਹੱਡ ਪੈਰ ਖੁਲ੍ਹ ਗਏ ਸਨ, ਜਵਾਨੀ ਦੀ ਮੱਠੀ ਮੱਠੀ ਗਰਮਾਇਸ਼ ਆਉਣ ਲੱਗ ਪਈ ਬਹਾਰ ਆਉਣ ਦੇ ਲੱਛਣ ਜਾਗਣ ਲੱਗ ਪਏ। ਲੋੜ ਹੁਣ ਘੋੜ ਸਵਾਰੀ ਦੀ ਸੀ। ਕੋਈ ਕਾਬਲ ਉਸਤਾਦ ਮਿਲ ਜਾਏ ਤੇ ਫਿਰ ਬੱਸ ਸਵਾਰ ਬਣ ਗਿਆ ਪੋਤਰਾ। ਵੇਲੇ ਕੁਵੇਲੇ ਤੇ ਲੋੜ ਪੈਣੀ ਹੀ ਹੋਈ ਨਾਲੇ ਉਹ ਯੁੱਗ ਵੀ ਘੋੜ ਸਵਾਰੀ ਦਾ ਸੀ। ਮੁੱਠ ਭੇੜ ਟੱਕਰ ਹੋਣੀ ਸੁਭਾਵਕ ਗੱਲ ਹੀ ਸੀ, ਅੱਥਰੇ ਮੂੰਹ ਜ਼ੋਰ ਅਹਿਲਕਾਰ ਸੀਨਾ ਤਾਣ ਕੇ ਖੜ੍ਹੇ ਹੋ ਜਾਂਦੇ ਫਿਰ ਜਾਂ ਜੁੱਸਾ ਕੰਮ ਆਵੇ ਜਾਂ ਤਲਵਾਰ ਨਹੀਂ ਤਾਂ ਘੋੜ ਸਵਾਰੀ ਆਪਣੀ ਰਖਿਆ ਜ਼ਰੂਰ ਕਰੂ।

ਤਲਵਾਰ ਦੇ ਭਲੱਥੇ ਮਾਰਨੇ, ਗਤਕੇਬਾਜ਼ੀ ਤੇ ਤਲਵਾਰ ਨੂੰ ਹੱਥਾਂ ਵਿਚ ਤੋਲਣਾ ਤੇ ਫਿਰ ਵਾਰ ਕਰਨਾ ਸਾਹਿਬਜ਼ਾਦਿਆਂ ਲਈ ਜ਼ਰੂਰੀ ਬਣਦਾ ਸੀ।

ਜ਼ਿੰਮੇਵਾਰੀ ਵੱਧ ਰਹੀ ਸੀ। ਇਸ ਜ਼ਿੰਮੇਵਾਰੀ ਨੂੰ ਸੰਭਾਲਣਾ, ਹਰ ਕਸਬ ਵਿਚ ਕਸਬੇ ਕਮਾਲ ਹੋਣਾ ਰਾਜਿਆਂ ਦੇ ਪੁੱਤ ਜੇ ਤਲਵਾਰ ਚਲਾਉਣੀ ਵੀ ਨਾ ਸਿਖਣਗੇ ਤਾਂ ਕੀ ਕੰਮੀ ਕਮੀਨ ਤਲਵਾਰ ਚਲਾਉਣਾ ਸਿੱਖਣਗੇ।

ਗੁਰੂ ਹਰਗੋਬਿੰਦ ਨੇ ਆਪ ਖੜ੍ਹੇ ਹੋ ਕੇ ਘੋੜ ਸਵਾਰੀ, ਤੀਰ ਅੰਦਾਜ਼ੀ, ਤਲਵਾਰ ਦੇ ਭਲੱਥੇ ਮਾਰਨੇ ਤੇ ਹੋਰ ਕਸਬਾਂ ਦੀ ਜਾਚ ਆਪ ਦੱਸੀ। ਤੇ ਜੰਗ ਦੇ ਗੁਰ ਵੀ ਹੌਲੀ-ਹੌਲੀ ਝੋਲੀ ਵਿਚ ਪਾਉਣੇ ਸ਼ੁਰੂ ਕਰ ਦਿੱਤੇ।

ਇਕ ਘੜੀ ਦਾ ਵਿਛੋੜਾ ਬਰਦਾਸ਼ਤ ਨਹੀਂ ਸਨ ਕਰਦੇ ਗੁਰੂ ਹਰਗੋਬਿੰਦ, ਉਂਗਲੀ ਲਾ ਕੇ ਤੋਰੀ ਫਿਰਦੇ।

ਪਾਬੰਦੀ ਇਥੋਂ ਤੱਕ ਸਖਤ ਕਰ ਦਿੱਤੀ ਸੀ ਕਿ ਰਾਤੀਂ ਇਕੋ ਕਮਰੇ ਵਿਚ ਹੀ ਬਿਸਤਰੇ ਵਿਛਾਏ ਜਾਂਦੇ ਤੇ ਸਵੇਰੇ ਨਿੱਤ ਨੇਮ ਦੀ ਪੂਰੀ ਪਾਲਣਾ ਕੀਤੀ ਜਾਂਦੀ ਤੇ ਇਸ ਤਰ੍ਹਾਂ ਆਦਤ ਪੱਕੀ ਕੀਤੀ ਜਾ ਰਹੀ ਸੀ।

ਲੰਗਰ ਵਿਚ ਜਦ ਪੰਗਤ ਲੱਗਦੀ ਤਾਂ ਆਪਣੇ ਨਾਲ ਬਹਾਲਿਆ ਜਾਂਦਾ ਸਾਹਿਬਜ਼ਾਦਾ।

ਸਭ ਤੋਂ ਪਹਿਲਾਂ ਆਪਣੀ ਥਾਲੀ ਵਿਚੋਂ ਸੀਤ ਪ੍ਰਸ਼ਾਦ ਦਿੰਦੇ । ਇਕ ਮਰਿਆਦਾ ਵੀ ਏ ਤੇ ਇਕ ਗੁਣ ਵੀ ਏ। ਇਹਦੇ ਨਾਲ ਆਪਣੀ ਹਯਾਤੀ ਦੀ ਕਮਾਈ ਅਗਲੇ ਦੀ ਝੋਲੀ ਵਿਚ ਪਾਈ ਜਾਂਦੀ ਏ।

ਹੌਲੀ ਹੌਲੀ ਕੀਰਤਨ ਕਰਨ ਦੀ ਵੀ ਜਾਚ ਆ ਗਈ। ਆਵਾਜ਼ ਸੁਰੀਲੀ ਤੇ ਮਿੱਠੀ ਸੀ, ਬਾਣੀ ਨੇ ਹੋਰ ਨਿਖਾਰ ਪੈਦਾ ਕਰ ਦਿੱਤਾ।

ਗੁਰੂ ਹਰਗੋਬਿੰਦ ਤਖਤ ਤੇ ਬੈਠ ਕੇ ਕਥਾ ਕਰਦੇ ਤੇ ਆਪਣੇ ਗੋਡੇ ਮੁੱਢ ਬਿਠਾ ਲਿਆ ਜਾਂਦਾ ਸਾਹਿਬਜ਼ਾਦਾ।

ਆਰਾਮ ਕਰਨਾ ਤੇ ਸੁਸਤੀ ਨੂੰ ਆਪਣੇ ਕੋਲ ਨਾ ਫਟਕਣ ਦੇਣਾ। ਆਲਸ ਨੂੰ ਪਹਿਲਾਂ ਹੀ ਧੱਕੇ ਮਾਰ ਕੇ ਨਸਾ ਦਿੱਤਾ ਸੀ। ਜੇ ਹੋਰ ਕੋਈ ਕੰਮ ਨਹੀਂ ਤਾਂ ਲੰਗਰ ਵਿਚ ਸੇਵਾ ਕਰਨ ਲਈ ਜੁੱਟ ਜਾਣਾ।

ਆਖਰਕਾਰ ਗੱਲ ਇਥੋਂ ਤੱਕ ਅੱਪੜ ਗਈ ਕਿ ਗਿਆਨ ਵਿਰਾਗ, ਤੱਤਮੂਲ ਤੇ ਸੱਚ ਦੇ ਚਰਚਾ ਹੋਣ ਲੱਗ ਪਈ।

ਸਾਹਿਬਜ਼ਾਦਾ ਬਟੇਰੇ ਵਾਂਗੂ ਪਟਾਕਦਾ। ਸਤਿਗੁਰ ਬੜੇ ਖੁਸ਼ ਸਨ ਸਾਹਿਬਜ਼ਾਦੇ ਦੀ ਹੋਣਹਾਰੀ ਵੇਖ ਕੇ।

ਪੌਦਾ ਪੁੰਗਰ ਰਿਹਾ ਸੀ, ਮਾਲੀ ਦੀ ਰਾਖੀ ਜ਼ਰੂਰੀ ਏ, ਮੁੰਡਾ ਤੇ ਰੁੱਖਾ ਚੰਗਿਆਂ ਹੀ ਕੰਮ ਆਉਂਦੇ ਨੇ।

ਸੋਨਾ ਤੇ ਅੱਗੇ ਹੀ ਸੋਨਾ ਏ ਜੇ ਘੜਨ ਵਾਲਾ ਸਿਆਣਾ ਏ ਤਾਂ ਸੋਨਾ ਹੋਰ ਖੂਬਸੂਰਤ ਬਣ ਜਾਂਦਾ ਏ।

□

੧੨

ਗੁਲੇਲਾ

ਬਾਬੇ ਹਰਗੋਬਿੰਦ ਦਾ ਕਿੰਨਾ ਕੁ ਪ੍ਰਭਾਵ ਕਬੂਲ ਰਹੇ ਸਨ ਹਰ ਰਾਇ। ਇਹ ਤੇ ਉਹਨਾਂ ਦੀ ਰੋਜ਼ ਦੀ ਕਿਰਿਆ ਤੋਂ ਹੀ ਮਾਲੂਮ ਹੁੰਦਾ ਸੀ ਭਾਵੇਂ ਬਾਲ ਗੋਪਾਲ ਦੀ ਪ੍ਰੀਖਿਆ ਪੰਘੂੜੇ ਵਿਚੋਂ ਹੀ ਹੋ ਜਾਂਦੀ ਪਰ ਕਈ ਵਾਰ ਮੁਹਾਰ ਵੀ ਦੱਸ ਦੇਂਦੀ ਏ ਕਿ ਬਾਲਕ ਕੀ ਬਣੇਗਾ, ਉਹਦੇ ਤੋਂ ਕੀ ਉਮੀਦਾਂ ਰੱਖੀਆਂ ਜਾ ਸਕਦੀਆਂ ਹਨ। ਬਜ਼ੁਰਗਾਂ ਦੀਆਂ ਆਦਤਾਂ ਵੇਖ ਕੇ ਹੋਣਹਾਰ ਆਪਣੀ ਹਯਾਤੀ ਦੀ ਮੰਜ਼ਲ ਨੂੰ ਪੱਕਾ ਕਰੀ ਜਾਂਦੇ ਹਨ। ਜ਼ਿੰਦਗੀ ਵਿਚ ਇਹੋ ਹੀ ਝਮੇਲੇ ਇਹੋ ਹੀ ਉਲਝਣਾਂ ਤੇ ਇਹੋ ਹੀ ਮਸਲੇ ਹਨ। ਦੁਨੀਆਂ ਇਕ ਮੇਲਾ ਏ। ਮੇਲੇ ਵਿਚ ਹਰ ਤਰ੍ਹਾਂ ਦੇ ਬੰਦੇ ਕੁਬੰਦੇ ਆਉਂਦੇ ਹਨ। ਹਰ ਇਕ ਦੀ ਆਪਣੀ ਸਮੱਸਿਆ ਹੁੰਦੀ ਏ ਹਰ ਇਕ ਦੇ ਆਪਣੇ ਚਾਅ ਹੁੰਦੇ ਹਨ। ਓਦਾਂ ਤੇ ਸਾਰਾ ਸੰਸਾਰ ਹੀ ਦੁੱਖਾਂ ਨਾਲ ਭਰਿਆ ਪਿਆ ਏ, ਹਰ ਇਕ ਜੀਅ ਨੂੰ ਕੋਈ ਨਾ

ਕੋਈ ਗੁੱਝਾ ਰੋਗ ਲੱਗਾ ਹੁੰਦਾ ਏ ਉਹ ਫਿਰ ਭਾਲਦਾ ਏ ਗੁਰੂ, ਪੀਰ, ਮੁਰਸ਼ਦ, ਸੰਤ, ਸਨਿਆਸੀ ਜਾਂ ਜੋਗੀ। ਜਿਹੜਾ ਉਹਦਾ ਦੁੱਖ ਆਪ ਲੈ ਲਵੇ, ਗੁਰੂਆਂ ਨੂੰ ਇਹ ਜ਼ਹਿਰ ਪੀਣਾ ਹੀ ਪੈਂਦਾ ਏ। ਸੇਵਕ ਦਾ ਦੁੱਖ ਜੇ ਗੁਰੂ ਨਾ ਵੰਡੇ ਤਾਂ ਹੋਰ ਕੌਣ ਉਹਦੀ ਖ਼ਬਰ ਲਊ। ਦੁੱਖ ਤੇ ਉਹ ਵੀ ਸੰਸਾਰੀ, ਲੋਕਾਂ ਦੇ।

ਜਿਹਨੂੰ ਗੁਰਗੱਦੀ ਲਈ ਤਿਆਰ ਕੀਤਾ ਜਾ ਰਿਹਾ ਸੀ ਉਹਦੇ ਲਈ ਉਹ ਸਾਰੇ ਨੁਸਖ਼ੇ ਯਾਦ ਕਰਵਾਉਣੇ ਜ਼ਰੂਰੀ ਸਨ, ਗੁਰੂ ਤੇ ਸੰਗਤ ਦੀ ਵਿੱਥ ਕਿਵੇਂ ਦੂਰ ਹੋ ਸਕਦੀ ਏ ਸਰਕਾਰ ਨਾਲ ਕਿਵੇਂ ਵਿਹਾਰ ਰੱਖਣਾ ਏ, ਸਰਕਾਰ ਦਾ ਕੰਮ ਏ ਜ਼ਿਆਦਤੀ ਕਰਨੀ ਪਰ ਗੁਰੂ ਘਰ ਨੇ ਸਰਕਾਰ ਨਾਲ ਕਿਸ ਤਰ੍ਹਾਂ ਦਾ ਵਰਤਣ ਕਰਨਾ ਏ, ਜੇ ਸਰਕਾਰ ਪੱਗ ਨੂੰ ਹੱਥ ਪਾ ਲਵੇ ਕੀ ਉਹਦਾ ਹੱਥ ਵੱਢਣਾ ਪਵੇਗਾ ਜਾਂ ਆਪਣੀ ਡੇਢ ਇੱਟ ਦੀ ਮਸੀਤ ਵੱਖਰੀ ਬਣਾਉਣੀ ਪਊ। ਜਾਂ ਨਾ ਮਿਲਵਰਤਣ ਦਾ ਫ਼ਾਰਮੂਲਾ ਅਪਣਾਉਣਾ ਪਊ। ਗੁਰੂਆਂ ਨੇ ਅੱਗੇ ਸਰਕਾਰ ਨਾਲ ਟੱਕਰ ਲਈ: ਜਿਹੜੇ ਅਹਿਲਕਾਰ ਮੱਲੋਮਲੀ ਘਰ ਹੀ ਆਣ ਕੇ ਪੱਤ ਲਾਹੁਣ ਤੇ ਫਿਰ ਉਹਨਾਂ ਨੂੰ ਮੱਤ ਦੇਣੀ, ਜੇ ਉਹ ਗੱਲੀਂ-ਬਾਤੀਂ ਨਾ ਮੰਨਣ ਤੇ ਵਾਹਵਾ ਜੇ ਉਹ ਕੂੜ-ਮਤ ਤੋਂ ਕੰਮ ਲੈਣ ਤਾਂ ਫਿਰ ਚਪੇੜਾਂ ਮਾਰ-ਮਾਰ ਕੇ ਮੂੰਹ ਸੁਜਾਉਣਾ ਹੀ ਪਵੇਗਾ।

ਮਾਲਾ ਨੇ ਤਲਵਾਰ ਦਾ ਰੂਪ ਧਾਰ ਲਿਆ ਏ ਤੇ ਤਲਵਾਰ ਨੂੰ ਹੁਣ ਫਿਰ ਮਾਲਾ ਦਾ ਬਾਣਾ ਪਵਾਉਣਾ ਏ।

—ਮਾਲਾ ਤੇ ਅੱਗੇ ਹੀ ਮਾਲਾ ਏ; ਤਲਵਾਰ ਨਵੀਂ ਹੋਂਦ ਵਿਚ ਆਈ ਏ। ਇਹਨੂੰ ਕਮਰ ਤੋਂ ਵੱਖ ਨਹੀਂ ਕਰਨਾ, ਲੋੜ ਪਵੇ ਤਾਂ ਜ਼ਰੂਰ ਵਰਤੋਂ ਕਰਨੀ ਏ ਪਰ ਜੇ ਵੇਲਾ ਟਲ ਸਕੇ ਤਾਂ ਜ਼ਰੂਰ ਟਾਲਣਾ ਏ।

ਸਤਲੁਜ ਦਾ ਪਾਣੀ ਬਿਫਰੇ, ਹੁਸ਼ਾਂ ਪਿਆ ਮਾਰੇ ਸ਼ਹਿ ਦੇਵੇ, ਕੀ ਉਹਦੇ ਲਲਕਾਰੇ ਸੁਣਨੇ ਪੈਣੇ ਹਨ ਜਾਂ ਉਹਨੂੰ ਰੋਕਿਆ ਜਾਏ।

ਨਹੀਂ ਉਹਨੂੰ ਆਖਣਾ ਏ ਸਤਿਲੁਜ ਅਜੇ ਜੇਰਾ ਕਰ, ਵਕਤ ਆਉਣ ਦੇ ਤੇਰੀਆਂ ਰੀਝਾਂ ਲਾਹ ਦਿਆਂਗੇ। ਤਲਵਾਰ ਜੇ ਫੜ ਲਈ ਤਾਂ ਮੈਦਾਨ ਵਿਚ ਤਲਵਾਰ ਦੀ ਕਿਕਲੀ ਪਵਾ ਕੇ ਸਾਹ ਲੈਣਾ ਏ। ਤੁਹਾਡੇ ਤੇ ਕੋਈ ਚੜ੍ਹ ਆਏ ਫਤਿਹ ਨਹੀਂ ਪਾ ਸਕਦਾ। ਸਤਲੁਜ ਉਹਨੂੰ ਆਪੇ ਹੀ ਸਾਂਭ ਲਊ। ਸਤਲੁਜ ਗੁਰੂਆਂ ਦਾ ਮਿਹਰਬਾਨ ਏ, ਇਹ ਸ਼ਕਤੀਸ਼ਾਲੀ ਦੇਵਤਾ ਏ।

ਹਕੂਮਤ ਨੇ ਪੈਰ-ਪੈਰ ਤੇ ਕਿੱਲੇ ਗਡ ਦਿੱਤੇ ਹਨ। ਕਿੱਲਾ ਪੁੱਟਣਾ ਫਸਾਦ ਦੀ ਜੜ੍ਹ ਏ, ਤੁਹਾਡਾ ਕੀ ਲੱਗਦਾ ਏ ਕਿੱਲਾ, ਵਕਤ ਨੂੰ ਧੱਕਾ ਦਿਓ, ਕਿੱਲਾ ਆਪੇ ਹੀ ਪੁੰਗਰ ਪਊ, ਹੌਲੀ-ਹੌਲੀ ਆਪੇ ਹੀ ਦਰੱਖਤ ਦਾ ਰੂਪ ਧਾਰ ਲਊ। ਇਹੋ ਜਿਹੀਆਂ ਗੱਲਾਂ ਬਾਤਾਂ ਬਾਬੇ ਪੋਤਰੇ ਵਿਚ ਹੁੰਦੀਆਂ ਹੀ ਰਹਿੰਦੀਆਂ ਸਨ।

ਗੁਰੂ ਹਰ ਗੋਬਿੰਦ ਜਦੋਂ ਵੀ ਭੋਜਨ ਪਾਉਣ ਲਈ ਬਹਿੰਦੇ ਆਪਣੀ ਥਾਲੀ ਵਿਚੋਂ ਪੰਛੀਆਂ ਨੂੰ ਜ਼ਰੂਰ ਚੋਗਾ ਚੁਗਾਉਂਦੇ, ਪੰਛੀ ਏਨੇ ਗਿਝ ਗਏ ਸਨ ਕਿ ਥਾਲੀ ਦੇ ਸਾਹਮਣੇ ਨਿੱਠ ਕੇ ਬੈਠ ਜਾਂਦੇ ਤੇ ਚੁੰਝਾਂ ਨਾਲ ਥਾਲੀ ਨੂੰ ਪਵਿੱਤਰ ਕਰਦੇ। ਇਹ ਸੁਭਾਅ ਹੀ ਬਣ ਗਿਆ ਸੀ ਪੰਛੀਆਂ ਦਾ, ਪੰਛੀ ਮਾੜਾ ਜਿਹਾ ਦੁੱਖ ਵੀ ਨਹੀਂ ਸਨ ਸਹਾਰਦੇ। ਜ਼ਰਾ ਕੁ ਕਿਸੇ ਨੇ ਝਿੜਕ ਦਿੱਤੀ ਝਟ ਧੌਣ ਸੁੱਟ ਦਿੱਤੀ, ਤੇ ਕਈ ਵਾਰ ਤਾਂ ਇਸ ਤਰ੍ਹਾਂ ਵੀ ਹੁੰਦਾ ਕਿ ਸਾਰੀ ਥਾਲੀ ਖਾਲੀ ਕਰ ਜਾਂਦੇ ਸਨ ਪੰਖੇਰੂ ਤੇ ਸਤਿਗੁਰ ਨੂੰ ਖਾਲੀ ਪੇਟ ਉਠਣਾ ਪੈਂਦਾ, ਹੱਥ ਧੋ ਲੈਂਦੇ ਸਤਿਗੁਰ, ਪੰਛੀਆ ਨਾਲ ਬੜਾ ਪਿਆਰ ਸੀ, ਕੁਦਰਤੀ ਕਿਸੇ ਨਾ ਕਿਸੇ ਜੀਅ ਨਾਲ ਪਿਆਰ ਹੁੰਦਾ ਈ ਏ। ਕਾਂ ਬੜਾ ਚਲਾਕ ਤੇ

ਸ਼ਰਾਰਤੀ ਹੁੰਦਾ ਏ, ਪੰਛੀਆਂ ਵਿਚ ਇਕ ਕਾਂ ਆ ਰਲਿਆ। ਕਾਂ ਛੋਟੇ ਪੰਛੀਆ ਦਾ ਹਿੱਸਾ ਵੀ ਰਗੜ ਜਾਂਦਾ ਸੀ ਪਰ ਕਈ ਵਾਰ ਸੇਵਕਾਂ ਮੋੜਿਆ ਪਰ ਉਹ ਬੜਾ ਜ਼ਿੱਦੀ ਤੇ ਢੀਠ ਸੀ। ਉਸ ਕਦੀ ਕਿਸੇ ਦੀ ਪਰਵਾਹ ਨਹੀਂ ਸੀ ਕੀਤੀ।

ਜਦ ਗੁਰੂ ਮਿਹਰਬਾਨ ਏ ਤੇ ਦੂਜਾ ਕੌਣ ਏ ਮੋੜਣ ਵਾਲਾ।

'ਸਈਆਂ ਭਏ ਕੋਤਵਾਲ ਡਰ ਕਾਹੇ ਕਾ'

ਗੁਰੂ ਘਰ ਵਿਚ ਵੰਡ ਕੇ ਖਾਣ ਦੀ ਰੀਤ ਪਹਿਲਾਂ ਤੋਂ ਹੀ ਤੁਰੀ ਆਉਂਦੀ ਏ ਪਰ ਕਾਂ ਆਪਣਾ ਹਿੱਸਾ ਵੀ ਖਾ ਜਾਂਦਾ ਤੇ ਦੂਜਿਆਂ ਦੇ ਹਿੱਸੇ ਤੇ ਵੀ ਡਾਕਾ ਮਾਰਨੋਂ ਨਾ ਮੁੜਦਾ।

ਗੁਰੂ ਨੇ ਕਦੇ ਇਸ ਗੱਲ ਦੀ ਪਰਵਾਹ ਨਹੀਂ ਸੀ ਕੀਤੀ, ਜਿੰਨਾ ਕਿਸੇ ਦਾ ਢਿੱਡ ਏ ਓਨਾ ਉਸ ਨੂੰ ਅੰਨ ਚਾਹੀਦਾ ਏ, ਢਿੱਡ ਭਰੇਗਾ ਤਾਂ ਜੀਵੇਗਾ।

ਪਰ ਸੇਵਕ ਵੇਖ ਕੇ ਬੜੇ ਸੜਦੇ, ਪਰ ਕਰ ਕੁਝ ਨਹੀਂ ਸਨ ਸਕਦੇ। ਇਕ ਦਿਨ ਕਾਕੂ ਨਾਂ ਦੇ ਲਾਂਗਰੀ ਨੇ ਕਈ ਵਾਰ ਹਟਾਇਆ, ਮੋੜਿਆ ਪਰ ਕਾਂ ਮੁੜ ਮੁੜ ਟੱਪ ਟੱਪ ਕੇ ਪਏ ਥਾਲ ਉਤੇ। ਧੰਨ ਜਿਗਰਾ ਗੁਰੂ ਦਾ ਬੇਪਰਵਾਹ ਪੰਛੀਆਂ ਨਾਲ ਕਲੋਲ ਕਰ ਰਹੀ ਸੀ ਸਰਕਾਰ।

ਕਾਕੂ ਲਾਂਗਰੀ ਨੂੰ ਬੜਾ ਗੁੱਸਾ ਆਇਆ। ਕਚੀਚੀਆਂ ਵੱਟੀਆਂ ਹੱਥ ਵਿਚ ਗੁਲੇਲ ਸੀ। ਗੁਲੇਲ ਨਿਸ਼ਾਨਾ ਕਰਕੇ ਮਾਰਿਆ ਕਾਂ ਦੀ ਲੱਤ ਟੁੱਟ ਗਈ।

ਇਹ ਕੌਤਕ ਉਦੋਂ ਵਰਤਿਆ ਜਦ ਸਤਿਗੁਰੂ ਪ੍ਰਸ਼ਾਦ ਪਾ ਕੇ ਉਠ ਚੁੱਕੇ ਸਨ। ਪਰ ਕਾਂ ਅਜੇ ਵੀ ਖਾਲੀ ਥਾਲੀ ਨੂੰ ਚੁੰਝਾਂ ਮਾਰ ਰਿਹਾ ਸੀ।

ਕਾਂ ਕਾਂ ਕਰਕੇ ਉਸ ਬੜੀ ਕਾਵਾਂ ਰੌਲੀ ਪਾਈ ਅਤੇ ਆਪਣੇ ਸਾਥੀ ਇਕੱਠੇ ਕਰ ਲਏ।

ਦੂਜੇ ਦਿਨ ਸਤਿਗੁਰ ਪ੍ਰਸ਼ਾਦ ਪਾਉਣ ਲੱਗੇ ਤਾਂ ਲੰਗੜਾ ਕਾਂ ਵੀ ਆ ਗਿਆ। ਡਰਦਾ ਡਰਦਾ ਅੱਗੇ ਵਧਿਆ, ਸਤਿਗੁਰਾਂ ਦੀ ਨਜ਼ਰੀਂ ਪਿਆ।

ਇਸ ਕਾਂ ਨੂੰ ਕੀ ਹੋਇਆ ਏ, ਇਸ ਦੀ ਲੱਤ ਟੁੱਟੀ ਹੋਈ ਏ।

ਅਰਜ਼ ਕੀਤੀ ਇਕ ਸੇਵਾਦਾਰ ਨੇ। ਕਾਕੂ ਲਾਂਗਰੀ ਨੇ ਗੁਲੇਲੇ ਨਾਲ ਫੁੰਡਿਆ ਏ, ਲੱਤ ਟੁੱਟ ਗਈ ਏ।

ਇਕ ਵਾਰ ਤਾਂ ਸੱਚੇ ਪਾਤਸ਼ਾਹ ਦੇ ਮੱਥੇ ਤੇ ਤਿਊੜੀਆਂ ਚੜ੍ਹੀਆਂ ਤੇ ਫਿਰ ਝੱਟ ਹੀ ਵੱਟ ਉਤਰ ਗਏ।

ਕਾਕੂ ਲਾਂਗਰੀ ਕਾਂ ਦੀ ਲੱਤ ਨੂੰ ਟਕੋਰ ਕਰ, ਮੱਲਮ ਪੱਟੀ ਲਗਾ। ਜਦ ਤਕ ਇਹ ਰਾਜ਼ੀ ਨਹੀਂ ਹੁੰਦਾ ਤੂੰ ਵੀ ਖਾਣਾ ਨਹੀਂ ਖਾਣਾ। ਜੇ ਇਹ ਭੁੱਖਾ ਏ ਤਾਂ ਤੂੰ ਵੀ ਭੁੱਖਾ ਰਹਿ। ਤੈਨੂੰ ਪਤਾ ਲੱਗੇ ਭੁੱਖ ਕੀ ਏ। ਤੇਰੀ ਇਹੋ ਸਜ਼ਾ ਏ।

ਸਤਿ ਬਚਨ! ਪਰ ਇਹ ਕਾਂ ਬੜਾ ਲੜਾ ਲਾਲਚੀ, ਭੁੱਖਾ, ਸ਼ਰਾਰਤੀ ਤੇ ਚਲਾਕ ਏ। ਹਰ ਭੁੱਖੇ ਬੰਦੇ ਵਿਚ ਇਹ ਸਾਰੇ ਹੀ ਗੁਣ ਹੁੰਦੇ ਹਨ, ਹਰਰਾਇ ਉਤੇ ਇਹਦਾ ਪ੍ਰਭਾਵ ਬਹੁਤ ਵੱਡਾ ਪਿਆ। ਸ਼ਿਕਾਰ ਖੇਡਣ ਜਾਣ, ਜਾਨਵਰ ਨੂੰ ਮਾਰਨਾ ਨਹੀਂ ਸਗੋਂ ਜਿਊਂਦੇ ਨੂੰ ਫੜ ਕੇ ਲਿਆਉਣਾ।

ਬਨ ਪਸ ਪੰਖੀ ਖੇਦ ਬਸ ਭਰੇ। ਕੋਊ ਨਾ ਮਾਰੇ ਜੀਵਤ ਬਰੇ॥

□

੧੩

ਪੋਸਤ ਦਾ ਡੋਡਾ

ਬਾਗ ਵਿਚ ਇਕ ਪੋਸਤ ਦਾ ਡੋਡਾ ਸੀ। ਰੋਜ਼ ਛੱਟਮ ਪੀਰ ਉਹਨੂੰ ਆਪਣੇ ਹੱਥੀਂ ਪਾਣੀ ਦੇਂਦੇ ਸਨ, ਸਿਰਫ ਇਕੋ ਬੂਟੇ ਨਾਲ ਪਿਆਰ ਸੀ, ਬੜਾ ਪਿਆਰ ਕਰਦੇ ਸਤਿਗੁਰ ਉਹਦੇ ਨਾਲ।

ਇਕ ਦਿਨ ਹਰਰਾਇ ਨੇ ਪੁੱਛਿਆ ਹਜ਼ੂਰ ਸਿਰਫ ਇਕ ਹੀ ਬੂਟੇ ਨੂੰ ਪਾਣੀ ਕਿਉਂ ਦੇਂਦੇ ਹੋ, ਕੀ ਬਾਕੀ ਪੌਦੇ ਦੁਪਿਆਰੇ ਹਨ ?

ਗੁਰੂ ਮੁਸਕਰਾਏ, ਬੇਟਾ ਹੁਣ ਸੋਝੀ ਆ ਰਹੀ ਏ। ਇਹ ਇਕ ਬੂਟਾ ਏ, ਇਹਦੀ ਹਕੀਕਤ ਨੂੰ ਜਾਨਣਾ ਚਾਹੁੰਦਾ ਏਂ। ਲੈ ਸੁਣ। ਇਸ ਪੌਦੇ ਨੂੰ ਪੋਸਤ ਦਾ ਬੂਟਾ ਆਖਦੇ ਹਨ। ਇਹਦੇ ਫੁੱਲ ਬੜੇ ਖੂਬਸੂਰਤ ਹਨ ਪਰ ਇਹ ਗੁਣਾਂ ਦੀ ਗੁਥਲੀ ਵੀ ਏ। ਤੂੰ ਪੁੱਛੇਂਗਾ ਕਿ ਉਹ ਕਿਵੇਂ, ਬੇਟਾ ਸੁਣ। ਪੌਦੇ ਨੂੰ ਇਕ ਡੋਡਾ ਲੱਗ ਗਿਆ ਏ ਨਾ ਜੇ ਇਹਨੂੰ ਨਾ ਛੇੜਿਆ ਜਾਵੇ ਤੇ ਫਿਰ ਜਦ ਇਹ ਪੱਕ ਜਾਵੇਗਾ ਇਹਦੇ ਵਿਚੋਂ ਖਸਖਾਸ ਨਿਕਲੇਗੀ ਜਿਹੜੀ ਪੇਟ ਦੇ ਰੋਗ ਲਈ ਬੜੀ ਅਕਸੀਰ ਏ। ਅਸੀਂ ਇਹਨੂੰ ਪੱਛ ਲਾ ਦਿੱਤੇ ਹਨ ਹੁਣ ਤੂੰ ਇਹਨੂੰ ਹੌਲੀ ਹੌਲੀ ਵੇਖੇਂਗਾ ਕਿ ਇਹਨਾਂ ਪੱਛਾਂ ਵਿਚੋਂ ਪਾਣੀ ਸਿੰਮੇਗਾ ਤੇ ਫਿਰ ਇਹ ਪਾਣੀ ਇਥੇ ਹੀ ਜੰਮ ਜਾਵੇਗਾ। ਇਹਨੂੰ ਅਫੀਮ ਆਖਦੇ ਹਨ। ਇਹ ਮਿਹਨਤ ਦਾ ਸਿੱਟਾ ਏ। ਅਫੀਮ ਇਕ ਨਸ਼ਾ ਏ, ਇਹਦੇ ਖਾਣ ਨਾਲ ਸਰੂਰ ਆਏਗਾ, ਬਿਰਤੀ ਇਕਾਗਰ ਹੋਏਗੀ, ਮਨ ਜੁੜੇਗਾ, ਇਹ ਅੰਮ੍ਰਿਤ ਰਸ ਏ। ਕਾਇਆ ਨੂੰ ਇਸੇ ਤਰ੍ਹਾਂ ਨਾਲ ਸੋਧਿਆ ਜਾਂਦਾ ਏ। ਜਦ ਉਹ ਕਾਇਆ ਸਵਰਨ ਬਣ ਜਾਂਦੀ ਏ ਫਿਰ ਉਹ ਅਫੀਮ ਵਾਂਗੂੰ ਨਸ਼ਾ ਦੇਂਦੀ ਏ, ਇਹ ਨਾਮ ਦੀ ਅਫੀਮ, ਇਹ ਮਿਹਨਤ ਦਾ ਫਲ ਸਾਧਨਾ ਹੀ ਬੰਦੇ ਨੂੰ ਕੁੰਦਨ ਬਣਾਉਂਦੀ ਏ, ਮਨ ਮਾਰੋ ਤੇ ਸਰੀਰ ਤੇ ਪੱਛ ਲਾਓ, ਦੁੱਖ ਝੱਲੋ, ਸਰਦੀ ਗਰਮੀ ਬਰਦਾਸ਼ਤ ਕਰੋ, ਫਿਰ ਅਮਰ ਫਲ ਦੀ ਪਰਾਪਤੀ ਹੁੰਦੀ ਏ। ਕਾਇਆ ਸਾਧੀ ਜਾਂਦੀ ਏ। ਹਰ ਬੂਟੀ ਬੋਲਦੀ ਏ ਉਹਦੀ ਜ਼ਬਾਨ ਸਮਝਣ ਵਾਲਾ ਚਾਹੀਦਾ ਏ ਉਹ ਆਪਣੇ ਗੁਣ ਆਪ ਦੱਸਦੀ ਏ। ਘੱਟ ਖਾਓ ਸਰੂਰ ਤੇ ਆਨੰਦ, ਜ਼ਿਆਦਾ ਖਾਓ ਤੇ ਨਸ਼ਾ। ਹਰ ਚੀਜ਼ ਵਿਉਂਤ ਵਿਚ ਖਾਧੀ ਜਾਏ ਤਾਂ ਸੁੱਖ ਦੇਂਦੀ ਏ ਵਰਨਾ ਦੁੱਖ। ਸੋਨਾ ਭੱਠੀ ਵਿਚ ਪਾਇਆਂ ਹੀ ਕੁੰਦਨ ਬਣਦਾ ਏ। ਇਹ ਸਰੀਰ ਵੀ ਇਕ ਸੋਨਾ ਏ, ਸਾਧਨਾ ਭੱਠੀ ਏ। ਜਿਨ੍ਹੇ ਕੁੰਦਨ ਬਣਾ ਲਿਆ ਉਹ ਬ੍ਰਹਮ ਹੋ ਗਿਆ। ਬਾਣੀ ਮਨ ਨੂੰ ਸ਼ੁੱਧ ਕਰਦੀ ਏ। ਮੈਲ ਨਿਕਲ ਜਾਂਦੀ ਏ। ਉਦਮ, ਸਾਧਨਾ, ਮਿਹਨਤ ਤੇ ਇਹ ਹਰ ਰੋਜ਼ ਦੀ ਕਿਰਿਆ ਏ ਇਹ ਮਨੁੱਖ ਲਈ ਬਹੁਤ ਜ਼ਰੂਰੀ ਏ।

—ਹਰ ਰਾਇ ਬੋਲੇ : ਇਨਸਾਨ ਨੂੰ ਖੁਰਾਕ ਚਾਹੀਦੀ ਏ ਅੰਨ ਖਾਣ ਨਾਲ ਸਵਾਸ ਚਲਦੇ ਹਨ ਤੇ ਰੂਹਾਨੀ ਖੁਰਾਕ ਨਾਲ ਦਿਲ ਰੋਸ਼ਨ ਹੁੰਦਾ ਏ।

—ਹਾਂ ਬੇਟਾ ਸੂਫੀ ਆਖਦੇ ਹਨ ਕਿ ਉਹਨਾਂ ਦਾ ਵੀ ਅਕੀਦਾ ਠੀਕ ਏ ਪਰ ਇਹ ਸਾਧਨਾ ਯੂਨਾਨ ਦੀ ਏ। ਉਹਨਾਂ ਦਾ ਰਹਿਣ ਸਹਿਣ ਸਾਥੋਂ ਵੱਖਰਾ ਏ। ਅਸੀਂ ਤਪੋ ਭੂਮੀ ਦੇ ਵਾਸੀ ਹਾਂ ਸਾਡਾ ਦੇਸ਼ ਰਿਸ਼ੀਆਂ, ਭਗਤਾਂ, ਸਾਧਾਂ ਤੇ ਬ੍ਰਹਮਗਿਆਨੀਆਂ ਦਾ ਏ, ਅਸੀਂ ਭਗਤੀ ਦੇ ਮਾਰਗ ਕਈ ਪਾਰ ਕਰ ਲਏ ਹਨ। ਸਾਡੀ ਤੇ ਉਹਨਾਂ ਦੀ ਸਾਧਨਾ ਵਿਚ ਫਰਕ ਏ, ਪੋਸਤ ਦਾ ਡੋਡਾ ਅੰਮ੍ਰਿਤ ਦਾ ਸਾਗਰ ਏ।

—ਮੈਂ ਸਾਧਨਾ ਤੋਂ ਮੁੱਖ ਨਹੀਂ ਮੋੜਾਂਗਾ, ਨਿਤ ਨੇਮ ਵਿਚ ਨਾਗਾ ਨਹੀਂ ਪਾਵਾਂਗਾ।

—ਬੱਸ ਫਿਰ ਦੁਨੀਆਂ ਵਿਚ ਤੁਹਾਡੀ ਜੈ ਜੈ ਕਾਰ ਹੋਵੇਗੀ। ਕੋਈ ਦੁਸ਼ਮਣ ਤੁਹਡੇ ਨੇੜੇ

ਨਹੀਂ ਆਏਗਾ ਜਿਹੜਾ ਦੁਸ਼ਮਣੀ ਦੀ ਪੰਡ ਬੰਨ੍ਹ ਕੇ ਆਏਗਾ ਕੀਰਤਪੁਰ ਵਿਚ ਉਹ ਖੁਲ੍ਹ ਜਾਏਗੀ। ਉਹਦੀਆਂ ਗੰਢਾਂ ਢਿਲੀਆਂ ਹੋਈਆਂ ਤੇ ਸਾਰੀ ਪੰਡ ਖੇਰੂੰ ਖੇਰੂੰ ਹੋ ਗਈ। ਇਥੋਂ ਉਹ ਮੁਹੱਬਤ ਤੇ ਪਿਆਰ ਦੀਆਂ ਝੋਲੀਆਂ ਭਰ ਕੇ ਲੈ ਜਾਏਗਾ ਹਕੂਮਤ ਦਾ ਨਸ਼ਾ ਏ ਜ਼ਰ, ਜ਼ਮੀਨ ਤੇ ਜ਼ਨ। ਪਰ ਸਾਡਾ ਧਰਮ ਏ ਮਹੱਬਤ ਪਿਆਰ ਤੇ ਰਲ ਕੇ ਬੈਠ ਕੇ ਖਾਣਾ ਭੁੱਖ ਕੱਢਣੀ ਮਨੁੱਖ ਦੀ, ਉਹਨੂੰ ਰੂਹਾਨੀ ਖੁਰਾਕ ਦੇ ਕੇ ਮਾਲਾ ਮਾਲ ਕਰਨਾ, ਮਾਲਾ ਵੀ ਇਕ ਹਥਿਆਰ ਏ ਭਗਤੀ ਦੇ ਮਾਰਗ ਦਾ ਤੇ ਤਲਵਾਰ ਵੀ ਇਕ ਹਥਿਆਰ ਏ ਅਗਲੇ ਦਾ ਮੂੰਹ ਭੰਨਣ ਲਈ ਤੇ ਆਪਣੀ ਰਖਿਆ ਕਰਨੀ, ਲੋਕਾਂ ਕੋਲ ਇਕ ਹਥਿਆਰ ਏ ਤੇ ਉਹ ਵੀ ਜ਼ੰਗ ਖਾਧਾ ਹੋਇਆ। ਤੁਹਾਨੂੰ ਗੁਰੂਆਂ ਨੇ ਦੋ ਹਥਿਆਰ ਬਖਸ਼ੇ ਹਨ।

ਮਹਿਫਲਾਂ ਜੁੜਦੀਆਂ ਗੁਰੂ ਦੇ ਵਿਹੜੇ, ਸਾਧੂ ਸੰਤ, ਸੰਨਿਆਸੀ, ਮਹਾਤਮਾ, ਨਾਂਗੇ ਜੋਗੀ ਹਰ ਕਿਸਮ ਦਾ ਬੰਦਾ ਜੁੜ ਬੈਠਦਾ। ਵਿਚਾਰਾ ਹੁੰਦੀਆਂ, ਸਿੱਟੇ ਕੱਢੇ ਜਾਂਦੇ ਕਈ ਵਾਰ ਗੁੰਝਲ ਵੀ ਪੈ ਜਾਂਦੀ ਆਖਰ ਕਾਰ ਉਹਨੂੰ ਗੁਰੂ ਹਰਗੋਬਿੰਦ ਖੋਲ੍ਹ ਦੇਂਦੇ।

ਕੌਮ ਨੂੰ ਨਿਮਰਤਾ, ਦਲੇਰੀ, ਪਿਆਰ, ਸੰਜਮ ਦੀ ਪੁੱਠ ਦਿੱਤੀ ਜਾ ਰਹੀ ਸੀ ਜਗ੍ਹਾ ਇਕਾਂਤ ਸੀ ਕੋਈ ਸ਼ੋਰ ਸ਼ਰਾਬਾ ਨਹੀਂ ਸੀ। ਹਕੂਮਤ ਦੇ ਡੰਕੇ ਰੋਜ਼ ਵੱਜਦੇ ਪਰ ਦੂਰ, ਉਹਨਾਂ ਦੀ ਅਵਾਜ਼ ਸੁਣਾਈ ਨਹੀਂ ਸੀ ਦਿੰਦੀ।

ਜਦ ਸਤਿਗੁਰ ਪਾਠ ਕਰਦੇ ਉਸ ਵੇਲੇ ਕਿਸੇ ਨੂੰ ਕੋਲ ਬੈਠਣ ਦੀ ਆਗਿਆ ਨਹੀਂ ਸਨ ਦੇਂਦੇ, ਸਿਰਫ ਪੋਤਰੇ ਨੂੰ ਚੌਂਕੀ ਡਾਹ ਕੇ ਕੋਲ ਬਿਠਾਇਆ ਜਾਂਦਾ। ਇਹਦੇ ਨਾਲ ਹਰਰਾਇ ਦਾ ਮਨ ਦਾ ਟਿਕਾਓ ਵੱਧ ਰਿਹਾ ਸੀ, ਸ਼ਬਦ ਵਿਚ ਲੀਨ ਹੋਣਾ, ਸਰੂਰ ਲੈਣਾ ਇਹੋ ਹੀ ਭਗਤੀ ਏ, ਇਸੇ ਨੂੰ ਸਾਧਨਾ ਆਖਦੇ ਹਨ। ਸ਼ਾਸਤਰ ਜੋ ਆਖਦੇ ਹਨ ਠੀਕ ਏ। ਸ਼ਸਤਰਾਂ ਨਾਲ ਪਿਆਰ ਸੀ ਉਹਨਾਂ ਦੀ ਪੂਜਾ ਵੀ ਬਹੁਤ ਜ਼ਰੂਰੀ ਏ। ਸ਼ਸਤਰ ਸਾਫ ਕਰਨੇ ਪੂੰਝਣੇ, ਆਪਣੇ ਦੁਪੱਟੇ ਨਾਲ। ਜਿਹੜਾ ਸ਼ਬਦ ਦੀ ਬੇੜੀ ਚੜ੍ਹ ਗਿਆ ਉਹ ਪਾਰ ਕਰ ਗਿਆ ਭਵਸਾਗਰ ਨੂੰ। ਇਕ ਮੇਲਾ ਜਿਹਾ ਲੱਗ ਜਾਂਦਾ ਰੋਜ਼ ਫਕੀਰਾਂ ਦੇ ਟੋਲੇ ਜਿਹੇ ਆਉਂਦੇ।

ਸਾਧਾਂ ਦੀਆਂ ਜੁੰਡਲੀਆਂ ਡੇਰੇ ਲਾ ਕੇ ਬੈਠ ਜਾਂਦੀਆਂ। ਸੂਫੀ ਫਕੀਰਾਂ ਦੇ ਗਰੋਹ ਦੇ ਗਰੋਹ। ਗੁਰੂ ਕੋਲ ਕੋਈ ਚਮਕ ਪੱਥਰ ਸੀ, ਇਕ ਕਸ਼ਸ਼ ਸੀ ਖਿਚੇ ਚਲੇ ਆ ਰਹੇ ਸਨ। ਮਨ ਸੁਧ ਸੀ ਹਰ ਧਰਮ ਨਾਲ ਪਿਆਰ ਸੀ। ਨਾ ਕਿਸੇ ਨੂੰ ਕੁਸੈਲੇ ਬਚਨ ਆਖਣੇ। ਹਰ ਬੰਦੇ ਦਾ ਸਤਿਕਾਰ ਕਰਨਾ। ਪਿਆਰ ਦੇ ਬੋਲ ਮੁੱਖ ਤੋਂ ਉਚਾਰਨੇ ਤੇ ਪਿਆਰ ਨਾਲ ਅਗਲੇ ਨੂੰ ਬੰਨ੍ਹ ਲੈਣਾ, ਵੈਸੇ ਸੰਗਤ ਤੇ ਪੰਗਤ ਹੀ ਬਲਵਾਨ ਏ।

ਦੁਨੀਆ ਦੀ ਅਸਲੀਅਤ ਤੇ ਵਾਹਿਗੁਰੂ ਦੀ ਹੋਂਦ ਬਾਰੇ ਪੁੱਛਿਆ ਇਕ ਸਾਧ ਨੇ।

ਛੱਟਮ ਪੀਰ ਨੇ ਫਰਮਾਇਆ ਸਭ ਕੂੜ ਦਾ ਪਸਾਰਾ ਏ। ਸਿਰਫ ਹਕੀਕਤ ਖ਼ੁਦਾ ਏ ਇਹਦਾ ਕੋਈ ਸਾਨੀ ਨਹੀਂ। ਬੰਦਾ ਪਾ ਸਕਦਾ ਏ ਉਹਦੀ ਪੌੜੀ ਏ ਸਾਧਨਾ।

ਇਹ ਬੁੱਤ, ਇਹ ਠਾਕਰ ਦਵਾਰੇ, ਇਹ ਮਸਜਿਦ ਸਭ ਖਿਆਲੀ ਪਲਾਓ ਹਨ ਇਹਦੇ ਵਿਚ ਹਕੀਕਤ ਨਹੀਂ, ਇਹ ਸਭ ਨਿਸ਼ਾਨ ਹਨ ਮਨ ਟਿਕਾਉਣ ਲਈ ਇਹ ਹੁਜਰਾ ਏ। ਬਾਕੀ ਉਹ ਨੂਰੇ ਇਲਾਹੀ ਵੱਖਰੀ ਵਸਤੂ ਏ। ਚਾਨਣ, ਖ਼ੁਦਾਈ ਨੂਰ ਏ।

ਛੋਡਹ ਪ੍ਰਾਣੀ ਕੂੜ ਕਬਾੜਾ, ਕੂੜ ਮਾਰੇ ਕਾਲੁ ਉਛਾਹੜਾ
ਸਾਕਤ ਕੂੜਿ ਪਚਹਿ ਮਨਿ ਹਉਮੈ, ਦੁਹੁ ਮਾਰਗ ਪਚੈ ਪਚਾਈ ਹੇ ॥

ਕਈਆਂ ਰਾਜਿਆਂ ਨੇ ਰਾਜ ਤਿਆਗ ਦਿੱਤਾ ਤੇ ਸ਼ਰਨ ਤੱਕੀ ਗੁਰੂ ਹਰ ਗੋਬਿੰਦ ਦੀ। ਡੇਰੇ ਆਣ ਲੱਥੇ, ਕੀਰਤਪੁਰ ਵਿਚ। ਇਥੇ ਨਾ ਲੜਾਈ ਦਾ ਡਰ ਨਾ ਹਕੂਮਤ ਦੀ ਸਖਤੀ। ਮਨ ਪਸੰਦ ਖਾਓ ਤੇ ਮਨ ਭਾਉਂਦਾ ਪਹਿਨੋ।

ਜੈਪੁਰ ਦੇ ਰਾਣਾ ਪਰਤਾਪ ਸਿੰਘ, ਗਵਾਲੀਅਰ ਦੇ ਕਿਲੇ ਦਾ ਸਾਥੀ, ਰਾਣਾ ਸ਼ਿਵ ਸਿੰਘ ਰਾਜਪੂਤਾਨੇ ਦਾ ਧਨਾਢ, ਜੈਸਲਮੇਰ ਦੇ ਰਾਜੇ ਜਿਹਨਾਂ ਨੂੰ ਤਲਵਾਰਾਂ ਨਾਲ ਇਸ਼ਕ ਸੀ। ਉਹਨਾਂ ਅਥਰਿਆਂ ਨੇ ਮਾਲਾ ਤੇ ਈਮਾਨ ਲੈ ਆਂਦਾ। ਧੀਮੂ ਦਾ ਪੋਤਰਾ ਮੰਗਲ ਸ਼ਾਹ ਜਿਹਦੀ ਤੂਤੀ ਬੋਲਦੀ ਸੀ ਸਾਰੇ ਹਿੰਦੋਸਤਾਨ ਵਿਚ ਉਹਦਾ ਤੰਬੂ ਵੀ ਗੱਡਿਆ ਹੋਇਆ ਸੀ ਕੀਰਤਪੁਰ ਵਿਚ:

ਜੋ ਆਵੈ ਤਿਸ ਕੋ ਗੁਰੂ ਨਿਜ ਸਰਣੁ ਰਖਾਵੈ ॥

ਗੁਰੂ ਹਰ ਰਾਇ ਤੇ ਗੁਰੂ ਹਰਗੋਬਿੰਦ ਨੇ ਘਰ ਹੀ ਟਿਕਾਣਾ ਬਣਾ ਲਿਆ ਸੀ। ਸਤਲੁੱਜ ਦੀ ਰਮਣੀਕ ਠੰਡੀ ਹਵਾ ਨਾਲ ਮਨ ਸ਼ੁਧ ਵੀ ਹੁੰਦਾ ਤੇ ਆਨੰਦ ਵੀ ਆਉਂਦਾ। ਸ਼ਾਇਦ ਇਹ ਸਤਲੁੱਜ ਨਦੀ ਦੀ ਕਸ਼ਸ਼ ਸੀ ਜਿਹੜਾ ਆਇਆ ਇਥੋਂ ਦਾ ਹੀ ਬਣ ਗਿਆ, ਘਰ ਬਾਰ ਭੁੱਲ ਗਿਆ।

ਇਸ਼ਕ ਬੁਰੀ ਬਲਾ ਏ।

□

੧੪

ਦਾਮਨ ਸੰਕੋਚ ਚਲੋ

ਕੀਰਤਪੁਰ ਨੂੰ ਜੇ ਦਰਬਾਰੀਆਂ ਦੀ ਨਗਰੀ ਆਖ ਲਿਆ ਜਾਵੇ ਤਾਂ ਕੋਈ ਝੂਠ ਨਹੀਂ। ਬਾਗਾਂ ਦਾ ਸ਼ਹਿਰ, ਦਵਾਖਾਨੇ ਦੀ ਬਾਰਾਦਰੀ, ਚਿੜੀਆ ਘਰ ਤੇ ਸੂਰਮਿਆਂ ਦੀ ਛਾਉਣੀ, ਯੋਧਿਆਂ ਦਾ ਗੜ੍ਹ, ਆਤਮਾ ਦੀ ਸ਼ੁਧੀ ਦਾ ਸਰੋਵਰ, ਬਹਾਦਰੀ ਦਾ ਸੋਮਾ, ਇਹ ਨਗਰੀ ਉਸ ਵੇਲੇ ਕੀ ਹੋਵੇਗੀ ਇਹਦਾ ਕੋਈ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਪਹਾੜ ਦੀ ਨਗਰੀ, ਓਦਾਂ ਹੀ ਰਮਣੀਕ, ਸੁੰਦਰ ਤੇ ਦਿਲ ਖਿਚਵੀਂ ਹੁੰਦੀ ਏ। ਪਰ ਕੀਰਤਪੁਰ ਤੇ ਗੁਰੂ ਦੇ ਚਰਨ ਪਏ ਹਨ, ਗੁਰੂ ਆਪ ਵੱਸਦਾ ਏ ਕੀਰਤਪੁਰ ਵਿਚ, ਇਥੋਂ ਦੇ ਬਾਗਾਂ ਦੀ ਮਸ਼ਹੂਰੀ ਦਿੱਲੀ ਦਰਬਾਰ ਤੱਕ ਪੁੱਜੀ ਸੀ, ਦਵਾਖਾਨੇ ਦੇ ਤਾਂ ਚਰਚੇ ਹੀ ਸਨ ਬੜੀ ਮਿਹਨਤ ਤੇ ਰੀਝ ਨਾਲ ਦਵਾਈਆਂ ਦਾ ਜ਼ਖੀਰਾ ਜਮ੍ਹਾ ਕੀਤਾ ਗਿਆ ਸੀ, ਨਾਯਾਬ ਜੜੀਆਂ ਬੂਟੀਆਂ ਦੇ ਮੂੰਹ ਮੰਗੇ ਦਾਮ ਦਿੱਤੇ ਜਾਂਦੇ। ਗੁਰੂ ਦੀ ਕਿਰਪਾ ਨਾਲ ਜਿਹੜਾ ਵੀ ਕਿਸੇ ਨੇ ਸੰਕਲਪ ਕੀਤਾ ਉਸੇ ਦੀ ਰੂਹ ਪਵਿੱਤਰ ਹੋ ਗਈ। ਫੁਲਵਾੜੀ ਵਿਚ ਵੰਨ ਸੁਵੰਨੇ ਫੁੱਲ ਸਨ ਤੇ ਗੁਰੂ ਹਰਗੋਬਿੰਦ ਨੂੰ ਫੁੱਲਾਂ ਨਾਲ ਬੜਾ ਪਿਆਰ ਸੀ। ਖੁਸ਼ਬੂ ਦੇ ਮਤਵਾਲੇ ਸਨ, ਸੈਰ ਵੀ ਰੱਜ ਕਰਨੀ ਤੇ ਹਰ ਫੁੱਲ ਦੀ ਦੇਖਭਾਲ ਵੀ ਰੱਖਣੀ ਤੇ ਮਾਲੀ ਨੂੰ ਥਾਪੀ ਵੀ ਦੇਣੀ। ਮਾਲੀ ਦਾ ਹੌਂਸਲਾ ਬੁਲੰਦ ਹੋਣਾ ਹੀ ਹੋਇਆ। ਇਕ ਇਕ ਫੁੱਲ ਦਾ ਖਿਆਲ ਰੱਖਿਆ ਜਾਂਦਾ ਸੀ ਕੌਣ ਤੇ ਕਿਹੜਾ ਫੁੱਲ ਕਿਸ ਬੂਟੇ ਤੇ ਖਿੜਿਆ ਹੋਇਆ ਏ ਤੇ ਉਸ ਕਦ ਕੁਮਲਾ ਜਾਣਾ ਏ, ਦਾਦਾ ਗੁਰੂ ਹਰਗੋਬਿੰਦ ਅੱਗੇ-ਅੱਗੇ ਸੈਰ ਕਰਦੇ ਜਾ ਰਹੇ ਸਨ।

ਗੁਲਾਬ ਦਾ ਫੁੱਲ ਆਪਣੇ ਭਰ ਜੋਬਨ ਤੇ ਆਇਆ ਹੋਇਆ ਸੀ, ਗੁਰਾਂ ਵੇਖਿਆ ਤੇ ਮੁਸ਼ਕਰਾਏ ਕਿਆ ਬਾਤ ਹੈ।

—ਵਾਹ ਕੁਦਰਤ ਦੇ ਰੰਗ, ਕੁਦਰਤ ਨੇ ਖ਼ੂਬਸੂਰਤੀ ਵੀ ਦਿੱਤੀ ਏ ਤੇ ਗੁਲਾਬ ਦੇ ਫੁੱਲ ਨੂੰ। ਬਚਨ ਗੁਰੂ ਹਰਗੋਬਿੰਦ ਦੇ ਸਨ।

—ਹਾਂ ਕੁਦਰਤ ਨੇ ਵੀ ਰੀਝਾਂ ਲਾਈਆਂ ਨੇ, ਲੋਕੀ ਇਸੇ ਲਈ ਗੁਲਾਬ ਨੂੰ ਫੁੱਲਾਂ ਦਾ ਬਾਦਸ਼ਾਹ ਆਖਦੇ ਹਨ।

—ਖ਼ੁਸ਼ਬੂ ਵੀ ਤੇ ਕਮਾਲ ਏ; ਰੰਗ ਰੂਪ ਮੁਟਿਆਰ ਦੇ ਜੋਬਨ ਨੂੰ ਵੀ ਪਛਾੜਦਾ ਏ।

ਮੋਤੀਆ, ਮੌਲਸਰੀ, ਚੰਬੇਲੀ ਤੇ ਬੇਲਾ ਭਾਵੇਂ ਆਪਣੀ ਆਪਣੀ ਜਗ੍ਹਾ ਤੇ ਪ੍ਰਸਿੱਧ ਹਨ ਤੇ ਖੁਸ਼ਬੂ ਤੇ ਮਹਿਕ ਮੱਧਮ। ਧੀਮੀ ਜਿਹੀ ਖੁਸ਼ਬੂ, ਪਸੰਦ ਆਪਣੀ ਆਪਣੀ, ਪਰ ਗੁਲਾਬ ਤੇ ਰਾਜਾ ਏ ਫੁਲਵਾੜੀ ਦਾ।

ਗੁਲਾਬ ਦਾ ਫੁੱਲ ਵੇਖਿਆ ਤੇ ਮਨ ਭਰ ਗਿਆ। ਸਤਿਗੁਰੂ ਅੱਗੇ ਲੰਘ ਗਏ ਤੇ ਪਿੱਛੇ ਪਿੱਛੇ ਸਾਹਿਬਜ਼ਾਦਾ ਹਰ ਰਾਇ ਆ ਰਿਹਾ ਸੀ ਨਾਮਖੁਮਾਰੀ ਵਿਚ ਮਸਤ। ਸਰੂਰ ਅੱਖਾਂ ਵਿਚ ਸੀ। ਲੰਘ ਗਏ ਸੈਰ ਕਰਨ ਵਾਲੇ। ਫੁੱਲ ਆਪਣੀ ਆਪਣੀ ਜਗ੍ਹਾ ਝੂਮ ਰਹੇ ਹਨ, ਹਵਾ ਦੇ ਪੰਘੂੜੇ ਤੇ ਝੂਟੇ ਲੈ ਰਹੇ ਸਨ।

ਸੈਰ ਦਾ ਆਨੰਦ ਮਾਣਦੇ, ਬਗੀਚੇ ਦੀ ਛੱਬ ਨੂੰ ਵੇਖ ਕੇ ਮਾਲੀ ਦੀ ਤਾਰੀਫ ਕਰਦੇ ਸਤਿਗੁਰ।

ਮਾਲੀ ਹੱਥ ਜੋੜ ਖੜ੍ਹਾ ਸੀ, ਹਜ਼ੂਰ ਇਹ ਸਭ ਤੁਹਾਡੀ ਬਖਸ਼ਸ਼ ਏ, ਵਰਨਾ ਮੈਂ ਕੀ ਹਾਂ ਮਿੱਟੀ ਦੀ ਇਕ ਮੁੱਠ।

—ਕੀਰਤਪੁਰ ਦੀ ਨੁਹਾਰ ਤੁਸਾਂ ਹੀ ਸੰਵਾਰੀ ਏ। ਸੁਣਿਆ ਕਰਦੇ ਸਾਂ ਕਿ ਚੰਦਨ ਦੇ ਵੀ ਬਾਗ ਹੁੰਦੇ ਨੇ। ਪਰ ਕੀਰਤਪੁਰ ਆਉਣ ਵਾਲਾ ਮਹਿਮਾਨ ਇਕ ਵਾਰ ਤੇ ਨਸ਼ਿਆ ਜਾਂਦਾ ਏ। ਫੁੱਲਾਂ ਦੀ ਖੁਸ਼ਬੂ ਨੇ ਮੁਅੱਤਰ ਕਰ ਦਿੱਤਾ ਏ ਕੀਰਤਪੁਰ। ਪ੍ਰੇਮੀ ਸਿੱਖਾਂ ਨੇ ਕੀਰਤਪੁਰ ਖੂਬ ਸੰਵਾਰਿਆ ਏ, ਧੰਨ ਏ ਸਿੱਖੀ। ਗੁਰੂ ਹਰਗੋਬਿੰਦ ਫਰਮਾ ਰਹੇ ਸਨ।

ਮੁੜੇ ਸੈਰ ਕਰਦੇ ਬਗੀਚੇ ਦੀ, ਪਰਦਖਨਾ ਕਰਦੇ ਛੱਟਮ ਪੀਰ ਆਪਣੀ ਫੁਲਵਾੜੀ ਦੀ।

ਫੁੱਲਾਂ ਤੇ ਆਈ ਬਹਾਰ ਨੇ ਖੁਸ਼ਬੂ ਹੀ ਖੁਸ਼ਬੂ ਫੈਲਾ ਦਿੱਤੀ, ਇਹ ਬਖਸ਼ਸ਼ ਕੁਦਰਤ ਦੀ ਸੀ। ਜੰਗ ਦੀ ਬਦਬੂ ਤੋਂ ਅੱਕੇ ਹਜ਼ੂਰ ਆਰਾਮ ਕਰਨ ਆਏ ਸਨ ਕੀਰਤਪੁਰ। ਮਨ ਪਸੰਦ ਫੁਲਵਾੜੀ ਵੇਖ ਕੇ ਵਾਹਵਾ ਕਰਨ ਨੂੰ ਜੀਅ ਕੀਤਾ।

ਅਚਾਨਕ ਉਸੇ ਬੂਟੇ ਕੋਲ ਆਣ ਖਲੋਤੇ ਜਿਥੇ ਗੁਲਾਬ ਦਾ ਫੁੱਲ ਖਿੜਿਆ ਹੋਇਆ ਸੀ, ਜਦੋਂ ਜਾ ਰਹੇ ਸਨ ਤਾਂ ਗੁਲਾਬ ਦੇ ਫੁੱਲ ਦੀ ਚੜ੍ਹਤ ਕਿਤੇ ਝੱਲੀ ਨਹੀਂ ਸੀ ਜਾਂਦੀ। ਭਰ ਜੋਬਨ ਤੇ ਭਰ ਜਵਾਨੀ ਵਿਚ ਲੋਰੀ ਲੈ ਰਿਹਾ ਸੀ ਫੁੱਲ। ਪਰ ਜਦ ਗੁਰੂ ਨੇ ਵੇਖਿਆ ਕਿ ਫੁੱਲ ਜ਼ਮੀਨ ਤੇ ਡਿੱਗਾ ਹੋਇਆ ਏ ਤੇ ਮਿੱਧ ਸੁਟਿਆ ਏ ਕਿਸੇ ਨੇ ਅੰਨ੍ਹੀ ਜਵਾਨੀ ਦੇ ਗ਼ਰੂਰ ਵਿਚ।

ਸਤਿਗੁਰੂ ਇਕ ਵਾਰ ਰੁਕੇ, ਕੀ ਜ਼ਿੰਦਗੀ ਏ ਫੁੱਲ ਦੀ। ਬੰਦੇ ਦੀ ਵੀ ਕੀ ਜ਼ਿੰਦਗੀ ਏ। ਕੀ ਹੋਇਆ, ਫੁੱਲ ਦਾ ਇਹ ਹਸ਼ਰ ਕਿੱਦਾਂ ਹੋ ਗਿਆ। ਅਸੀਂ ਹੁਣੇ ਛੱਡ ਕੇ ਗਏ ਸਾਂ। ਇਹ ਹੋ ਕਿਸ ਤਰ੍ਹਾਂ ਗਿਆ, ਕਿਹਦੇ ਪੈਰਾਂ ਵਿਚ ਮਿੱਧਿਆ ਗਿਆ। ਜਵਾਨੀ ਕਿਹਦੇ ਮੋਢਿਆਂ ਤੇ ਚੜ੍ਹੀ ਬੈਠੀ ਏ, ਗੁਰਾਂ ਪੁਛਿਆ ਸੇਵਕਾਂ ਨੂੰ।

ਗੱਲ ਕੌਣ ਦੱਸੇ, ਗੱਲ ਕਿਉਂ ਨਾ ਦੱਸੇ ਕੋਈ ਵੀ ਹੋਵੇ ਝੂਠ ਕਿਉਂ ਬੋਲੇ ਸਿੱਖ। ਇਹੋ ਹੀ ਘਾੜਤ ਘੜੀ ਜਾ ਰਹੀ ਸੀ। ਕੌਮ ਦੀ ਉਸਾਰੀ ਦੀ ਪਰਖ ਤੇ ਇਸੇ ਗੱਲ ਤੇ ਹੀ ਸੀ।

ਇਕ ਸਿੱਖ ਨੇ ਗੱਲ ਵਿਚ ਪੱਲਾ ਪਾਇਆ ਤੇ ਅਰਜ ਕੀਤੀ।

—ਸਾਹਿਬਜ਼ਾਦੇ ਨੇ ਕਲੀਆਂ ਵਾਲਾ ਚੋਗਾ ਪਾਇਆ ਹੋਇਆ ਏ ਲੰਮਾ ਏ, ਸੰਭਾਲਿਆ ਨਹੀਂ ਗਿਆ। ਫੁੱਲ ਨਾਲ ਅੜਿਆ, ਫੁੱਲ ਟੁੱਟਾ, ਜ਼ਮੀਨ ਤੇ ਡਿੱਗਾ, ਪੈਰ ਥੱਲੇ ਆਇਆ ਤੇ ਮਿੱਧਿਆ ਗਿਆ। ਇਹਦੇ ਵਿਚ ਸਾਹਿਬਜ਼ਾਦੇ ਦਾ ਕੋਈ ਕਸੂਰ ਨਹੀਂ। ਚੋਗੇ ਦੀ ਗਲਤੀ ਏ ਜਾਂ ਸੰਭਾਲ ਵਿਚ ਅਣਗਹਿਲੀ ਏ।

ਸਤਿਗੁਰ ਛਟਮਪੀਰ ਨੂੰ ਬੜਾ ਰੰਜ ਹੋਇਆ, ਅੱਖਾਂ ਗਿੱਲੀਆਂ ਹੋ ਗਈਆਂ, ਜੀਵਨ ਇਕ ਪਲ ਦਾ ਏ। ਪਾਣੀ ਦਾ ਬੁਲਬੁਲਾ ਜਾਂ ਹਵਾ ਦਾ ਇਕ ਬੁਲ੍ਹਾ।

ਪਿੱਛੇ ਪਿੱਛੇ ਸਾਹਿਬਜ਼ਾਦਾ ਹਰਰਾਇ ਆ ਰਿਹਾ ਸੀ ਉਹਦੇ ਕਿਤੇ ਚਿਤ ਚੇਤੇ ਵਿਚ ਵੀ ਨਹੀਂ ਸੀ ਕਿ ਮੈਂ ਕੋਈ ਗਲਤੀ ਕਰ ਬੈਠਾ ਹਾਂ। ਸਤਿਗੁਰ ਕਿਉਂ ਖਲੋ ਗਏ ਹਨ।

ਸਤਿਗੁਰਾਂ ਇਕ ਵਾਰ ਗਹੁ ਨਾਲ ਪੋਤਰੇ ਦੀ ਨੁਹਾਰ ਨੂੰ ਵੇਖਿਆ। ਚਿਹਰੇ ਦਾ ਰੰਗ ਫਿੱਕਾ ਪੈ ਗਿਆ, ਪਿਲਤਨ ਆ ਗਈ।। ਹਰਿਰਾਇ ਨੇ ਮਹਿਸੂਸ ਕੀਤਾ, ਦਾਦੇ ਗੁਰੂ ਨੂੰ ਕੋਈ ਦੁੱਖ ਦੀ ਪੀੜਾ ਹੋਈ ਏ ਤੇ ਉਹ ਮੇਰੇ ਕਾਰਨ ਜਾਪਦੀ ਏ।

ਸਾਹਿਬਜ਼ਾਦੇ, ਬੋਲ ਸਨ ਗੁਰੂ ਹਰ ਗੋਬਿੰਦ ਦੇ।

ਸਿਰਫ ਏਨਾ ਈ ਫਰਮਾਇਆ ਤੇ ਚੁੱਪ ਸਾਧ ਲਈ।

—ਦਾਮਨ ਸੰਕੋਚ ਕੇ ਚਲੋ, ਜਾਮਾ ਵੱਡਾ ਪਹਿਨਣਾ ਹੋਵੇ ਤਾਂ ਸੰਭਲ ਕੇ ਤੁਰੋ। ਕੁਝ ਪ੍ਰਾਪਤ ਹੋ ਜਾਏ ਤਾਂ ਦੂਜਿਆਂ ਨੂੰ ਮੋਢੇ ਨਹੀਂ ਮਾਰੀਦੇ, ਪਾ ਕੇ ਜਰਨਾ ਹੀ ਗੁਰੂ ਘਰ ਦੀ ਮਰਿਆਦਾ ਏ, ਉਦਾਰਤਾ ਗੁਰੂ ਘਰ ਦੀ ਏ। ਫਲ ਨਾਲ ਭਰੀ ਬੇਰੀ ਝੁਕ ਜਾਂਦੀ ਏ। ਬੱਸ ਅੱਗੋਂ ਕੁਝ ਨਾ ਆਖਿਆ ਛਟਮ ਪੀਰ ਨੇ।

ਸਾਰੀ ਹਯਾਤੀ ਵਿਚ ਭਾਵੇਂ ਉਹਨਾਂ ਨੂੰ ਗੁਰਗੱਦੀ ਵੀ ਮਿਲ ਗਈ ਸੀ। ਉਨ੍ਹਾਂ ਸਾਰੀ ਉਮਰ ਗੱਲ ਬੰਨ੍ਹ ਕੇ ਪੱਲੇ ਰੱਖੀ।

ਜਬ ਕਬ ਚਲੂੰ ਸੰਕੋਚ ਕੇ, ਤੇ ਸੰਜਮ ਧਾਰੀ ਰਖਿਆ।
ਅਲਪ ਉਮਰ ਮੈਂ ਬਡ ਮਤਿ ਪਾਈ, ਲੋਇ ਰਿਝਾਇ ਸੇਵ ਜਗ ਸਈ।।

□

੧੫

ਮੋਦਕ ਗਿਆਨ

ਮੋਦਕ ਗਿਆਨ ਦਾ ਸ਼ਬਦ ਵਰਤਿਆ ਏ, ਮਹਿਮਾ ਪ੍ਰਕਾਸ਼ ਨੇ। ਸੂਝ ਵਾਲਾ ਲੇਖਕ ਆਉਣ ਵਾਲੇ ਜ਼ਮਾਨੇ ਦੀ ਬਾਣੀ ਬੋਲਦਾ ਏ, ਪੱਥਰ ਤੇ ਲਕੀਰ ਬਣ ਜਾਂਦੀ ਏ ਲੇਖਕ ਦੀ ਕਲਮ ਵਿਚੋਂ ਨਿਕਲੇ ਸ਼ਬਦ।

ਲੇਖਕ ਦੇਵਤਾ ਵੀ ਏ ਇਕ ਸ਼ਕਤੀਸ਼ਾਲੀ ਜ਼ਬਾਨ ਦਾ ਧਨੀ ਵੀ ਏ । ਕਈ ਵਾਹਾਂ ਉਹ ਵਲੀ ਬਣ ਜਾਂਦਾ ਏ ਤੇ ਕਈ ਵਾਰੀ ਤਪੱਸਵੀ । ਸਾਧਨਾ ਦੀਆਂ ਪੌੜੀਆਂ ਕੇਵਲ ਲੇਖਕ ਹੀ ਚੜ੍ਹਦਾ ਏ ਬਿਨਾਂ ਤਪੱਸਿਆ ਤੋਂ, ਭਗਤੀ ਨਾਲ ਉਹਦਾ ਕੋਈ ਸੰਬੰਧ ਨਹੀਂ ਉਹ ਸਿਰਫ ਪੁਜਾਰੀ ਏ ਕਲਮ ਦਾ, ਕਲਮ ਹੀ ਸਿਰਫ ਉਹਦਾ ਦੇਵਤਾ ਏ, ਤੇ ਕਲਮ ਹੀ ਉਹਦੀ ਮੂਰਤੀ, ਕਲਮ ਹੀ ਉਹਦਾ ਭਗਵਾਨ ਏ ਤੇ ਕਲਮ ਹੀ ਉਹਦੀ ਸਰਸਵਤੀ । ਉਹ ਪੂਜਾ ਕਰੇ ਤੇ ਫਿਰ ਕਲਮ ਦੀ ਹੀ ਕਿਉਂ ਨਾ ਕਰੇ । ਹਰ ਬੰਦੇ ਦਾ ਆਪਣਾ ਇਸ਼ਟ ਏ । ਲੇਖਕ ਕਲਮ ਦੇ ਸਾਧਨ ਰਾਹੀਂ ਗੱਲ ਕਰਦਾ ਏ ਭਗਵਾਨ ਨਾਲ ।

ਜੇ ਕਿਤੇ ਭਗਵਾਨ ਨੂੰ ਲੋੜ ਪਵੇ ਤਾਂ ਫਿਰ ਲੇਖਕ ਹੀ ਭਗਵਾਨ ਦੀ ਬਣੀ ਭੀੜ ਦਾ ਹੱਲ ਸੋਚਦਾ ਏ, ਲੇਖਕ ਕਈ ਵਾਰਾਂ ਭਗਵਾਨ ਬਣ ਬੈਠਦਾ ਏ । ਬੰਦਾ ਏ ਭਗਵਾਨ ਕਿਉਂ ਨਾ ਬਣੇ । ਭਗਵਾਨ ਦਾ ਸਭ ਤੋਂ ਵੱਡਾ ਪੁਜਾਰੀ ਜੇ ਕੋਈ ਹੈ ਤਾਂ ਉਹ ਹੈ ਲੇਖਕ, ਭਗਵਾਨ ਆਪਣੇ ਰਾਜ ਦਾ ਭਗਵਾਨ, ਤੇ ਲੇਖਕ ਇਸ ਦੁਨੀਆ ਦਾ ਭਗਵਾਨ, ਮੰਨੇ ਤੇ ਭਾਵੇਂ ਕੋਈ ਨਾ ਮੰਨੇ, ਜਿਊਣਾ ਏ ਤੇ ਆਕੜ ਵਿਚ । ਚਾਰ ਪੈਰ ਘੱਟ ਤੁਰਨਾ ਏ ਪਰ ਤੁਰਨਾ ਏ ਮਟਕ ਨਾਲ ।

ਸਰਸਵਤੀ ਤੇ ਲਕਸ਼ਮੀ ਦਾ ਕੋਈ ਮੇਲ ਨਹੀਂ ਪਰ ਧੰਨ ਜਿਗਰਾ ਏ ਲੇਖਕ ਦਾ, ਲਕਸ਼ਮੀ ਨੂੰ ਤਿਆਗ ਦੇਂਦਾ ਏ ਤੇ ਲਕਸ਼ਮੀ ਨੂੰ ਸਿਰ ਤੇ ਰੱਖ ਕੇ ਪੂਜਾ ਕਰਦਾ ਏ । ਢਿੱਡੋਂ ਭੁੱਖਾ ਰਹਿ ਕੇ ਸਾਧਨਾ, ਤਪੱਸਿਆ ਤੇ ਭਗਤੀ ਕਰਦਾ ਏ । ਇਹ ਬਲ ਸਿਰਫ ਲੇਖਕ ਵਿਚ ਹੀ ਏ ।

ਗੁਰੂ ਸਾਹਿਬਜ਼ਾਦੇ ਦੀ ਬਾਲ ਲੀਲਾ ਵੇਖ ਕੇ ਬੜੇ ਪ੍ਰਸੰਨ ਹੁੰਦੇ ਸਨ । ਸੰਗਤ ਵਿਚ ਜਦ ਕਥਾ ਕਰਦੇ ਤਾਂ ਵਿਚ ਉਪਮਾ ਦੇਂਦੇ ਹਰ ਰਾਇ ਦਾ ਨਾਂ ਲੈ ਕੇ ।

ਪ੍ਰੇਮ ਦੀ ਮੂਰਤੀ ਵੇਖਣੀ ਏ ਤਾਂ ਦਰਸ਼ਨ ਕਰੋ ਸਾਹਿਬਜ਼ਾਦੇ ਦੇ ।

ਭਗਤੀ, ਸਰੂਪ, ਵਿਰਾਗ, ਤਪੱਸਿਆ, ਸਾਧਨਾ ਜੇ ਕਿਸੇ ਨੇ ਸਿੱਖਣੀ ਏ ਤਾਂ ਸਹਿਬ-ਜ਼ਾਦੇ ਹਰ ਰਾਇ ਕੋਲੋਂ ਸਿਖੋ ।

ਸਦਾ ਰਜ਼ਾ ਵਿਚ ਰਹਿਣਾ, ਗਿਆਨ ਦੀ ਬੂਟੀ ਨੂੰ ਜ਼ਰਾ ਪੱਥਰ ਦੇ ਚਕਲੇ ਤੇ ਰਗੜੋ ਸੁਗੰਧੀ ਲਵੋ ਗਿਆਨ ਦੀ ।

ਚਿਤ ਟਿਕਾ ਕੇ ਚਿਹਰੇ ਤੇ ਉਦਾਸੀ ਦਾ ਵਾਤਾਵਰਣ ਪੈਦਾ ਕਰਨਾ ਸਹਿਬਜ਼ਾਦੇ ਨੂੰ ਖੂਬ ਆ ਗਿਆ ਸੀ। ਉਨਮਨੀ ਅਵੱਸਥਾ ਵਿਚ ਜਦ ਕੀਰਤਨ ਕਰਦੇ ਤਾਂ ਸ਼ਬਦ ਦਾ ਰੂਪ ਹੀ ਦਿਸਦੇ, ਆਪ ਹੀ ਸ਼ਬਦ ਬਣ ਜਾਂਦੇ ।

ਰੂਹਾਨੀ ਚਿਹਰਾ, ਸੀਤਲ ਸੁਭਾਅ, ਚੰਨ ਵਰਗੀ ਸੀਤਲਤਾ, ਠੰਡ, ਨਿਮਰਤਾ ਦਾ ਗੁਲ-ਦਸਤਾ ਹਰਰਾਇ ।

ਅੱਖ ਨੀਵੀਂ, ਧਿਆਨ ਗੁਰਚਰਨਾਂ ਵੱਲ, ਮਨ ਵਿਚ ਇਸ ਤੋਂ ਵੱਧ ਹੋਰ ਕੋਈ ਲਾਲਚ ਨਹੀਂ ਸੀ ।

ਇਹ ਮਲਾਹ ਹੋਵੇਗਾ ਕੌਮ ਦੀ ਬੇੜੀ ਦਾਂ, ਵਕਤ ਅਜੇ ਆਇਆ ਨਹੀਂ ।

ਸਹਿਬਜ਼ਾਦੇ ਨਾਲ ਪਿਆਰ ਦਿਨ ਬਦਿਨ ਵੱਧਦਾ ਜਾ ਰਿਹਾ ਸੀ। ਦਿਲ ਦੀ ਉਨਸ ਵੱਧ ਸੀ, ਨੇੜੇ ਦੀ ਵਿੱਥ ਜਾਂਦੀ ਰਹੀ ਸੀ । ਸਿਰਫ ਰੂਹ ਵਿਚ ਰੂਹ ਮਿਲਣ ਦੀ ਦੇਰ ਸੀ, ਫੈਸਲਾ ਤੇ ਧੁਰ ਤੋਂ ਹੀ ਆਉਂਦਾ ਏ ਪਰ ਮਨ ਬਣਾ ਲਿਆ ਸੀ ਛੱਟਮ ਪੀਰ ਨੇ ਗੁਰਗੱਦੀ ਦਾ ਹੱਕਦਾਰ ਕੌਣ ਹੋਏਗਾ, ਵੱਡਾ ਪੁੱਤਰ ਤੇ ਬਾਬਾ ਸ੍ਰੀ ਚੰਦ ਲੈ ਗਏ, ਤੇਗ ਬਹਾਦਰ ਨਾਨਕੇ ਜਾ ਬੈਠਾ ਪਰ ਅਜੇ ਉਹਦਾ ਵੇਲਾ ਵੀ ਤੇ ਨਹੀਂ ਨਾ ਆਇਆ । ਉਹ ਇਕ ਮਹਾਨ ਸਾਕੇ ਦਾ ਮੋਢੀ ਹੋਵੇਗਾ, ਅਣੀ

ਗਇ, ਉਹਨੂੰ ਤੇ ਸ਼ਿਕਾਰ ਤੋਂ ਹੀ ਵਿਹਲ ਨਹੀਂ। ਧੀਰ ਮੱਲ ਉਹ ਲਾਲਚੀ, ਲੋਭੀ, ਹੰਕਾਰੀ, ਗੁਰਗੱਦੀ ਦੇ ਲਾਇਕ ਨਹੀਂ, ਬਾਕੀ ਹੋਰ ਹੈ ਕੌਣ ਗੱਦੀ ਨੂੰ ਸੰਭਾਲਣ ਵਾਲਾ।

ਭਾਵੇਂ ਚੋਣ ਪਹਿਲੇ ਦਿਨ ਹੀ ਕਰ ਲਈ ਸੀ ਜਦ ਪੱਗ ਬੰਨ੍ਹਾਈ ਸੀ ਪਿਤਾ ਦੇ ਮਰਨੇ ਦੀ। ਬਿਲਕੁਲ ਬਾਬੇ ਗੁਰੂ ਦੀ ਨੁਹਾਰ ਏ। ਬਿਲਕੁਲ ਉਸੇ ਤਰ੍ਹਾਂ ਦਾ ਚਿਹਰਾ, ਸੁਭਾਅ ਉਸੇ ਤਰ੍ਹਾਂ ਦਾ, ਉਸੇ ਤਰ੍ਹਾਂ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ।

ਨਿਤਨੇਮ ਦੀ ਮਰਿਆਦਾ ਦਾ ਪਾਲਣ ਕਰਨਾ, ਗੁਰੂ ਹਰਗੋਬਿੰਦ ਦੇ ਮੁੱਖ ਵਿਚੋਂ ਨਿਕਲੇ ਸ਼ਬਦ ਆਪਣੇ ਲੜ ਬੰਨ੍ਹ ਲਏ। ਅਮਲ ਕਰਨ ਤੇ ਤੁੱਲ ਪਏ।

ਕਦੀ ਕਦੀ ਮਾਲਾ ਨੂੰ ਛੱਡ ਦੇਣਾ ਤੇ ਤਲਵਾਰ ਦੇ ਕਬਜ਼ੇ ਤੇ ਹੱਥ ਪਾ ਲੈਣਾ।

ਘੋੜ ਸਵਾਰੀ ਕੀਤੀ ਤੇ ਘੋੜੇ ਨੂੰ ਪੈਲਾਂ ਪਵਾਈਆਂ।

ਨੇਜ਼ੇ ਬਾਜ਼ੀ ਦੇ ਮੈਦਾਨ ਵਿਚ ਉਤਰੇ ਤੇ ਨਿਸ਼ਾਨੇ ਤੇ ਤੀਰ ਮਾਰਨ ਦੀ ਮੁਹਾਰਤ ਹਾਸਲ ਕਰ ਲਈ।

ਕੀਰਤਨ ਸ਼ੁਰੂ ਕੀਤਾ। ਸੰਗਤ ਮੋਹ ਲਈ, ਸ਼ਬਦ ਵਿਚ ਹੀ ਰੰਗ ਕੇ ਸ਼ਬਦ ਬਣ ਗਏ। ਰਹਿਮ ਦੀ ਚਾਦਰ ਓੜਣੀ ਤੇ ਸਾਰੀ ਚਾਦਰ ਦੀ ਛਾਂ ਹੇਠ ਬੈਠ ਜਾਣਾ।

ਪੰਡ ਭਾਰੀ ਸੀ। ਕੌਣ ਚੁੱਕੇ ਇਹ ਫੈਸਲਾ ਕਰਨ ਵਾਲਾ ਸੀ।

ਛੱਟਮ ਪੀਰ ਨੇ ਇਹ ਫੈਸਲਾ ਦੇ ਦਿੱਤਾ, ਗੁਰਗੱਦੀ ਦੀ ਪੰਡ ਸਿਰਫ ਹਰਰਾਇ ਹੀ ਚੁੱਕ ਸਕਦਾ ਏ। ਇਸ ਨੂੰ ਅਸੀਂ ਆਪਣੀ ਦੇਖ ਰੇਖ ਵਿਚ ਤਿਆਰ ਕਰ ਰਹੇ ਹਾਂ।

ਨਿਮਰਤਾ ਦੀਆਂ ਹੱਦਾਂ ਛੋਹ ਲਈਆਂ ਸਨ ਸਹਿਬਜ਼ਾਦੇ ਨੇ।

ਭੰਡਾਰ ਸ਼ਕਤੀ ਤੇ ਭਗਤੀ ਦੇ ਹਰ ਰਾਇ। ਸੰਗਤ ਤੇ ਸਹਿਬਜ਼ਾਦੇ ਵਿਚ ਕਿਤੇ ਸੂਈ ਨਹੀਂ ਸੀ ਲੰਘ ਸਕਦੀ।

□

੪
ਜੇਠਿ

ਹਰਿ ਜੇਠਿ ਜੁੜੰਦਾ ਲੋੜੀਐ, ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣ ਲਗਿਆ, ਕਿਸੈ ਨ ਦੇਇ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ੍ ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸਕੈ ਭਾਗੁ ਮਥੰਨਿ ॥ ੪ ॥

੧੯
ਦੀਪਕ ਪ੍ਰਕਾਸ਼ ਦੀਪ ਸੋ ਕਰ

ਧੀਰ ਮਲ ਦੀ ਤਾਂ ਖੁੰਭ ਠੱਪੀ ਗਈ ਸੀ। ਉਹ ਤੇ ਡਰਦਾ ਕੀਰਤਪੁਰ ਦੀ ਜੂਹ ਨਾ ਟਪਦਾ। ਕਰਤਾਰਪੁਰ ਵਿਚ ਈ ਵਿਸ ਘੋਲ ਰਿਹਾ ਸੀ।

ਹੁਣ ਲੋੜ ਸੀ ਗੁਰਗੱਦੀ ਦਾ ਫੈਸਲਾ ਕਰਨ ਦੀ। ਫੈਸਲਾ ਤੇ ਹੋ ਗਿਆ ਸੀ ਪਰ ਐਲਾਨ ਬਹੁਤ ਜ਼ਰੂਰੀ ਸੀ। ਸਾਜ਼ਸ਼ਾਂ ਹੋ ਰਹੀਆਂ ਸਨ। ਜੁੰਡਲੀਆਂ ਇਕੱਠੀਆਂ ਹੁੰਦੀਆਂ ਤੇ ਖਿੰਡ ਪੁੰਡ ਜਾਂਦੀਆਂ। ਲਾਲਚ ਦੌਲਤਾਂ ਦੇ ਕੇ ਡਾਂਗਾਂ ਇਕੱਠੀਆਂ ਕੀਤੀਆਂ ਜਾਂਦੀਆਂ ਤੇ ਜਦੋਂ ਸਾਹਮਣੇ ਮੂੰਹ ਭੰਨਣ ਵਾਲੇ ਲੱਭਦੇ ਤਾਂ ਫੇਰ ਮੂੰਹ ਮੋੜ ਕੇ ਡਾਂਗਾਂ ਉਥੇ ਹੀ ਸੁੱਟ ਕੇ ਘਰੋਂ ਘਰੀਂ ਭੱਜ ਜਾਂਦੇ। ਦੌਲਤ ਠੀਕਰੀਆਂ ਬਣ ਜਾਂਦੀ। ਕੱਲਾ ਇਕੋ ਹੀ ਕੁੱਕੜ ਬਾਂਗਾਂ ਦੇ ਰਿਹਾ ਸੀ। ਬਾਕੀ ਸਾਰੇ ਹੱਕਦਾਰ ਆਪਣੇ ਪਿਤਾ ਦੇ ਅਧੀਨ ਸਨ। ਉਹ ਜਾਣਦੇ ਸਨ ਕਿ ਗੁਰੂ ਘਰ ਦੀ ਰੀਤ ਕੀ ਏ। ਇਥੋਂ ਜੋ ਕੁਝ ਲੈਣਾ ਏ ਤਾਂ ਨਿਮਰਤਾ ਨਾਲ ਹੀ ਮਿਲੇਗਾ। ਅੱਖਾਂ ਕਢਿਆਂ ਸਿਰਫ ਧੱਕੇ ਹੀ ਪੈਣਗੇ ਲੱਭਣਾ ਲਭਾਣਾ ਕੁਝ ਨਹੀਂ। ਜਬ੍ਹਾ ਗੁਰੂ ਹਰਗੋਬਿੰਦ ਜੀ ਦਾ ਇਨਾ ਸੀ ਕਿ ਕੋਈ ਕੀਰਤਪੁਰ ਜਾਣਾ ਤੇ ਦਰਕਿਨਾਰ ਕੋਈ ਓਧਰ ਨੂੰ ਮੂੰਹ ਕਰਕੇ ਵੀ ਮੰਦਾ ਨਹੀਂ ਸੀ ਬੋਲ ਸਕਦਾ। ਆਖ਼ਰ ਉਹ ਦਿਨ ਕਰੀਬ ਆ ਰਹੇ ਸਨ ਜਿਦੀ ਇੰਤਜ਼ਾਰ ਸੀ।

ਹੋਲੀ ਦੇ ਦਿਨ ਸਨ, ਸਭ ਪਾਸੇ ਬਸੰਤ ਖਿੜੀ ਹੋਈ ਸੀ। ਸਰ੍ਹੋਂ ਦੇ ਫੁੱਲਾਂ ਤੇ ਭਰ ਜੋਬਨ ਸੀ। ਸਰ੍ਹੋਂ ਫੁੱਲੀ ਹੋਈ ਸੀ, ਮੌਸਮ ਵਿਚ ਮੱਠੀ ਮੱਠੀ ਠੰਡ ਸੀ। ਗੁਲਾਬੀ ਜਿਹਾ ਮੌਸਮ ਸੀ।

ਸੰਗਤ ਨੂੰ ਉਚੇਚਾ ਸੱਦਿਆ ਗਿਆ। ਅੱਜ ਕੋਈ ਖਾਸ ਈ ਗੱਲ ਹੋਣੀ ਏ। ਤਿੰਨ ਦਿਨ ਸੰਗਤਾਂ ਅਨੰਦ ਮਾਣਦੀਆਂ ਰਹੀਆਂ। ਸੰਗਤ ਤੇ ਪੰਗਤ ਦਾ ਅਨੰਦ ਲਿਆ ਜਾ ਰਿਹਾ ਸੀ। ਬਾਣੀ

ਸਰਵਣ ਕੀਤੀ, ਕਾਇਆ ਸੋਧੀ, ਮਨ ਉਜਲਾ ਹੋਇਆ, ਨਿਮਰਤਾ, ਸ਼ੁੱਧਤਾ, ਕੋਮਲਤਾ ਹਿਰਦੇ ਵਿਚ ਵਸੀ।

ਢਾਡੀਆਂ ਵਾਰਾਂ ਗਾ ਗਾ ਕੇ ਵੀਰਤਾ ਭਰ ਰਹੇ ਸਨ। ਸੁੱਤੀ ਕੌਮ ਜਾਗ ਰਹੀ ਸੀ। ਸੂਰਮੇ ਲਲਕਾਰੇ ਮਾਰਦੇ। ਵੀਰਤਾ ਉਭਰ ਉਭਰ ਕੇ ਆਕੜਾਂ ਭੰਨਦੀ।

ਸਤਿਗੁਰਾਂ ਫੁਰਮਾਇਆ ਸਤਲੁਜ ਅਜੇ ਜੇਰਾ ਕਰ, ਮੱਤ ਆਪਣੇ ਪੁੱਤਰਾਂ ਨੂੰ। ਠੰਡ ਵਰਤਾ, ਧੀਰਜ ਦੇ। ਤੇਰੇ ਜਲ ਵਿਚ ਬੜੀ ਸ਼ਕਤੀ ਏ, ਇਸ਼ਨਾਨ ਕਰਨ ਜਿਹੜਾ ਸੂਰਮਾ ਤੇਰੀ ਗੋਦ ਵਿਚ ਆਵੇ ਉਹਨੂੰ ਇਹ ਉਪਦੇਸ਼ ਦੇ ਕੇ ਅਜੇ ਵੇਲਾ ਨਹੀਂ, ਅਜੇ ਲੋੜ ਏ ਸ਼ਕਤੀ ਨੂੰ ਇਕੱਠਾ ਕਰਨ ਦੀ। ਤੁਹਾਨੂੰ ਮੌਕਾ ਮਿਲਿਆ ਏ, ਆਪਣੇ ਜੁੱਸੇ ਵਿਚ ਬਲ ਪੈਦਾ ਕਰਨ ਦਾ, ਸਾਹ ਲਵੋ, ਆਲਸ ਨਹੀਂ ਕਰਨੀ, ਕਿਰਤ ਨਹੀਂ ਛੱਡਣੀ, ਨਿਤਨੇਮ ਨਹੀਂ ਛੱਡਣਾ, ਅਭਿਆਸ ਨਹੀਂ ਰੋਕਣਾ, ਵਕਤ ਕਰੀਬ ਏ, ਰੀਝਾਂ ਲਾਹ ਲੈਣਾ। ਇਹ ਫੁਰਮਾਨ ਸਤਲੁਜ ਨਦੀ ਦਾ ਏ। ਮੁਖੀਆਂ ਨੂੰ ਸਿਰਫ ਇਕੋ ਹੀ ਬਚਨ ਕੀਤਾ ਜਾਂਦਾ, ਕਾਹਲੀ ਅੱਗੇ ਟੋਏ, ਸਹਿਜ ਪੱਕੇ ਸੋ ਮੀਠਾ ਹੋਏ।

ਦੀਵਾਨ ਭਰਿਆ ਹੋਇਆ ਹੋਇਆ ਸੀ। ਹੁਮ ਹੁਮਾ ਕੇ ਸੰਗਤ ਆਈ ਹੋਈ ਸੀ। ਕੀਰਤਨ ਹੋ ਰਿਹਾ ਸੀ। ਜਦ ਸਮਾਪਤੀ ਹੋਈ ਤਾਂ ਸਤਿਗੁਰੂ ਹਰਗੋਬਿੰਦ ਜੀ ਉਠੇ ਤੇ ਸੰਗਤ ਵਿਚ ਬੈਠੇ ਸਾਹਿਬਜ਼ਾਦੇ ਹਰਿ ਰਾਏ ਨੂੰ ਬਾਂਹ ਤੋਂ ਫੜਿਆ ਤੇ ਆਖਿਆ—

'ਸਾਹਿਬਜ਼ਾਦੇ ਉਠੋ, ਤਖਤ ਤੇ ਬਿਰਾਜੋ, ਤੁਹਾਡਾ ਅਸਥਾਨ ਉਥੇ ਏ।'

ਸਾਹਿਬਜ਼ਾਦੇ ਦੀ ਛੱਬ ਕਿਤੇ ਝੱਲੀ ਨਹੀਂ ਸੀ ਜਾਂਦੀ। ਉਮਰ ਬੇਸ਼ਕ ਛੋਟੀ ਸੀ ਪਰ ਨੂਰਾਨੀ ਚਿਹਰੇ ਤੋਂ ਨਿਰਾਲੀ ਛੱਬ ਡਲ੍ਹਕਾਂ ਮਾਰਦੀ—

ਉਮਰ ਨਵੀਨ ਮ੍ਰਿਦਲ ਨਿਮ੍ਰ ਅਤਿ, ਸੁੰਦਰ ਸ਼ਾਂਤ ਸਰੂਪ।
ਨੂਰ ਜ਼ਹੂਰ ਭੂਰ ਮੁਖ ਦਮਕਤ, ਸਮ ਸਸ ਸਦਲ ਅਨੂਪ।
ਇਉਂ ਲਗਦਾ ਸੀ ਇਕ ਦੀਵਾ ਦੂਜੇ ਨੂੰ ਰੌਸ਼ਨੀ ਦੇ ਰਿਹਾ ਏ।

ਤਖਤ ਤੇ ਬਿਰਾਜੇ ਸਾਹਿਬਜ਼ਾਦਾ ਹਰਿ ਰਾਇ। ਧੁੱਪ ਦੀ ਚਮਕ ਸੂਰਜ ਦਾ ਜਲਾਲ ਬਣ ਗਈ। ਇਕ ਸੂਰਜ ਨਵਾਂ ਚੜ੍ਹ ਪਿਆ। ਸੰਗਤ ਨੇ ਵੇਖਿਆ। ਸਿਰਫ ਅਜੇ ਸਿੰਘਾਸਨ ਤੇ ਬੈਠੇ ਸਨ ਸਾਹਿਬਜ਼ਾਦੇ। ਰੂਪ ਦੂਣ ਸਵਾਇਆ ਚੜ੍ਹ ਗਿਆ।

ਸ਼ਬਦ ਦੀ ਥਾਪਣਾ ਕੀਤੀ, ਪੰਜ ਪੈਸੇ, ਨਾਰੀਅਲ ਰੱਖ ਕੇ ਮੱਥਾ ਟੇਕ ਦਿੱਤਾ, ਪ੍ਰਕਰਮਾ ਕੀਤੀਆਂ। ਭਾਨਾ ਜੀ ਨੇ ਕੇਸਰ ਦਾ ਤਿਲਕ ਲਾਇਆ ਤੇ ਸੰਗਤ ਨੂੰ ਸੰਬੋਧਨ ਕਰਦਿਆਂ ਆਖਿਆ—

'ਇਨਕੋ ਮਮ ਸਮ ਮਾਨਯੋ'

ਸਾਰਿਆਂ ਨੂੰ ਮੱਥਾ ਟੇਕਣ ਦਾ ਹੁਕਮ ਦਿੱਤਾ, ਕਮਾਲ ਸੀ ਕਿ ਸਾਰਿਆਂ ਪੁਤਰਾਂ ਬਾਬਾ ਅਣੀ ਰਾਇ, ਬਾਬਾ ਸੂਦ ਮਲ ਤੇ ਤੇਗ ਬਹਾਦਰ ਨੇ ਬੜੀ ਸ਼ਰਧਾ ਨਾਲ ਸੀਸ ਨਿਵਾਇਆ ਤੇ ਚਰਨ ਬੰਦਨਾ ਕੀਤੀ—

'ਰਾਗ ਰੋਖ ਬਿਨ ਤੀਨੋ ਪੁਤਰਨ, ਝਟ ਉਨ ਬੰਦਨ ਠਾਨਯੋ'

ਇਹ ਕੌਤਕ ਸੀ ਜਾਂ ਕੁਦਰਤ ਦੀ ਸ਼ਕਤੀ, ਕਿਸੇ ਪੁੱਤ ਨੇ ਜੁਰਅਤ ਨਾ ਕੀਤੀ, ਕਿਸੇ ਹੋਰ ਹੱਕਦਾਰ ਨੇ ਸਿਰ ਨਾ ਚੁਕਿਆ ਵਰਨਾ ਗੁਰੂ ਘਰ ਵਿਚ ਇਹੋ ਜਿਹੇ ਸਮੇਂ ਹਮੇਸ਼ਾਂ ਡਾਂਗ ਖੜਕਦੀ ਆਈ ਏ।

ਪਹਿਲਾਂ ਪੁਤਾਂ ਨੇ ਕੌਲ ਨਾ ਪਾਲੇ, ਕੰਨ ਮਰੋੜੇ, ਸਟਪਟਾਏ। ਕਈ ਤੇ ਉਠ ਕੇ ਚਲੇ ਗਏ ਭਰੇ ਦਰਬਾਰ ਵਿਚੋਂ ਤੇ ਕਈਆਂ ਨੇ ਸਾਹਮਣੇ ਬੈਠ ਕੇ ਸ਼ਰੀਕਾ ਪਿਟਿਆ ਤੇ ਹਿੱਕ ਤੇ ਦੀਵਾ ਬਾਲਿਆ। ਗੱਦੀਆਂ ਲਾ ਕੇ ਬਹਿ ਗਏ ਭਾਵੇਂ ਚਾਰ ਦਿਨ ਮਖੀਆਂ ਹੀ ਮਾਰਨੀਆਂ ਪਈਆਂ ਪਰ ਬਰੋਬਰੀ ਨਾ ਛਡੀ। ਜਦ ਕੋਈ ਮੱਥਾ ਟੇਕਣ ਨਾ ਆਇਆ ਤਾਂ ਸ਼ਰਮਿੰਦਗੀ ਨੂੰ ਮਾਰਿਆਂ ਘਰ ਦੀ ਕੋਠੜੀ ਵਿਚ ਚੋਰ ਦੀ ਮਾਂ ਵਾਂਗੂ ਲੁਕ ਬੈਠੇ। ਕਈਆਂ ਨੇ ਦੇਹੁਰੇ ਬਣਾ ਲਏ ਪਰ ਅਜ ਵਡਭਾਗੀ ਭਰਿਆ ਦਿਨ ਸੀ ਨਾ ਪੁਤਰਾਂ ਵਿਚੋਂ ਤੇ ਨਾ ਸਿਖਾਂ ਵਿਚੋਂ; ਨਾ ਸੰਗਤ ਤੇ ਨਾ ਮਸੰਦਾਂ ਵਿਚੋਂ ਕੋਈ ਖੰਘਿਆ ਤਕ ਵੀ ਨਾ। ਕਿਉਂਕਿ ਹਰ ਸਿਖ ਨੂੰ ਚਾਨਣ ਹੋ ਗਿਆ ਸੀ ਕਿ ਗੁਰੂ ਸਰੀਰ ਨਹੀਂ ਜੋਤਿ ਹੈ। ਇਹ ਜੋਤ ਗੁਰੂ ਆਪ ਹੀ ਧਰਦੇ ਹਨ, ਉਹੋ ਹੀ ਪੂਜਣ ਯੋਗ ਹੈ।

ਆਖਣ ਲਗਾ ਮੁਹਸਨ ਫਾਨੀ— ਅਚਰਜ ਗਲ ਇਹ ਸੀ ਕਿ ਤਖਤ ਤੇ ਬੈਠਿਆਂ ਪਿਆਰ, ਮੁਹੱਬਤ, ਤਿਆਗ ਨਾਲ ਖੁਸ਼ੀਆਂ ਦਾ ਤਖਤ ਪਰਾਪਤ ਹੋ ਰਿਹਾ ਸੀ। ਪਰ ਮੈਂ ਜਿੰਨੇ ਵੀ ਇਹੋ ਜਿਹੇ ਮੌਕੇ ਵੇਖੇ ਸਨ, ਲਹੂ ਦੀਆਂ ਨਦੀਆਂ ਵਗਦੀਆਂ ਮੈਂ ਤਕੀਆਂ। ਲਾਸ਼ਾਂ ਨਾਲ ਰਾਹ ਭਰ ਜਾਂਦੇ। ਲਾਸ਼ਾਂ ਨੂੰ ਮਿਧ ਕੇ ਲੋਕਾਂ ਨੂੰ ਤਖਤ ਨਸੀਬ ਹੁੰਦਾ ਏ। ਸਿਖਾਂ ਦਾ ਇਹ ਖ਼ਿਆਲ ਪੱਕਾ ਏ ਕਿ ਗੁਰੂ ਨਾਨਕ ਦੇਵ ਦੇਹ ਨਹੀਂ ਸਨ ਰਖਦੇ। ਕੇਵਲ ਆਪਣੀ ਕੁਦਰਤ ਹੀ ਦਸਦੇ ਰਹੇ। ਜਦ ਉਨ੍ਹਾਂ ਸਰੀਰ ਤਿਆਗਿਆ ਤਾਂ ਜੋਤਿ ਗੁਰੂ ਅੰਗਦ ਦੇਵ ਵਿਚ ਪ੍ਰਵੇਸ਼ ਕਰ ਗਈ।

ਗੁਰੂ ਅੰਗਦ ਦੇਵ ਦੇ ਪ੍ਰਲੋਕਗਮਨ ਵੇਲੇ ਗੁਰੂ ਅਮਰ ਦਾਸ ਦੇ ਜਾਮੇ ਵਿਚ ਜੋਤ ਸਮਾ ਗਈ। ਉਸੇ ਢੰਗ ਨਾਲ ਗੁਰੂ ਅਮਰ ਦਾਸ ਗੁਰੂ ਰਾਮਦਾਸ ਦੇ ਸਰੀਰ ਵਿਚ ਬਿਰਾਜ ਗਏ। ਗੁਰੂ ਰਾਮਦਾਸ ਦੀ ਏਤ ਬਿਧਿ ਗੁਰੂ ਅਰਜਨ ਦੇਵ ਨਾਲ ਇਕ ਮਿਕ ਹੋ ਗਈ। ਜੋ ਗੁਰੂ ਮਹਿਲ ਨੂੰ ਨਾਨਕ ਨਹੀਂ ਜਾਣਦਾ ਮਨਮੁਖ ਤੇ ਕਾਫਰ ਗਿਣਿਆ ਜਾਂਦਾ ਹੈ।

ਮੁਕਦੀ ਗਲ ਗੁਰੂ ਨਾਨਕ ਦੇ ਸਿੱਖ ਬੁੱਤ ਨੂੰ ਉਕਾ ਹੀ ਨਹੀਂ ਮੰਨਦੇ, ਮੂਰਤੀ ਪੂਜਕ ਨਹੀਂ। ਬਾਬਾ ਗੁਰਦਿਤਾ ਜਦ ਸਵਰਗਪੁਰੀ ਨੂੰ ਚਲੇ ਤੇ ਆਪਣੀ ਉਦਾਸੀ ਸੰਪਰਦਾ ਦੇ ਮੰਨਣ ਵਾਲੇ ਲੋਕਾਂ ਨੂੰ ਫੜਾ ਗਏ ਗੁਰੂ ਘਰ ਦਾ। ਸਤਵਾਂ ਮਹੱਲ ਪਹਿਲਾਂ ਸਮਝਦੇ ਸਨ ਬਾਬਾ ਗੁਰਦਿੱਤਾ ਜੀ। ਹਰਿ ਰਾਇ ਦੇ ਬਾਰੇ ਇਹ ਯਕੀਨ ਸੀ ਕਿ ਗੱਦੀ ਦਾ ਵਾਰਿਸ ਇਹੋ ਬਣੇਗਾ। ਬਾਬਾ ਗੁਰਦਿੱਤੇ ਦਾ ਇਹ ਅਟੱਲ ਵਿਸ਼ਵਾਸ ਸੀ।

ਨਰਾਇਣ ਕਲਾਧਾਰ ਉਨ੍ਹਾਂ ਦੇ ਰੂਪ ਵਿਚ ਆਇਆ ਏ। ਪੂਜਾ ਤੇ ਖਿਦਮਤ ਦਾ ਫਲ ਲਗਾ ਸੀ ਹਰਿ ਰਾਇ ਨੂੰ। ਅਜ ਸੁਖ ਨਾਲ ਹਰਿ ਰਾਇ ਗੁਰੂ ਬਣ ਗਏ ਹਨ। ਧੁੜਕੂ ਮੁਕਿਆ। ਲੋਕਾਂ ਦਾ ਦਿਲ ਸਾਫ ਹੋਇਆ, ਗੁਰੂ ਦੀ ਉਪਮਾ ਵਧੀ।

□

੧੭

ਜੋਤੀ ਜੋਤ ਰਲੀ

ਕਸਤੂਰੀ ਭਾਵੇਂ ਸਤਵੀਂ ਕੋਠੜੀ ਵਿਚ ਕਿਉਂ ਨਾ ਪਈ ਹੋਵੇ, ਖੁਸ਼ਬੂ ਤੇ ਵਿਹੜੇ ਵਿਚ ਆ ਹੀ ਜਾਵੇਗੀ। ਗੁਰੂ ਹਰਿ ਰਾਇ ਦੀ ਮਹਿਮਾ ਚਹੁੰ ਕੂੰਟਾਂ ਵਿਚ ਫੈਲ ਚੁਕੀ ਸੀ। ਦੇਸਾਂ ਵਦੇਸ਼ਾਂ

ਵਿਚ ਵੀ ਗੁਰਾਂ ਦੇ ਚਰਚੇ ਸਨ। ਰੂਹਾਨੀ ਸ਼ਕਤੀ ਦਾ ਸੋਮਾ ਸਨ, ਸਮੁੰਦਰ ਸੀ ਅਥਾਹ ਡੂੰਘਾ। ਚੁਭੀ ਮਾਰੋ ਮੋਤੀ ਲਭ ਲਿਆਵੋ। ਫਿਰ ਸਿਰ ਝੁਕਾਵੋ। ਖਾਲੀ ਝੋਲੀ ਲੈ ਕੇ ਆਏ ਹੋ ਭਰ ਕੇ ਲੈ ਜਾਓ। ਮੰਗਣ ਆਏ ਸਨ ਮੁਰਾਦਾਂ, ਬਰਕਤਾਂ ਲੈ ਕੇ ਗੁਰੂ ਘਰ ਤੋਂ ਮੁੜੇ, ਜਿਸਨੇ ਜੋ ਮੰਗਿਆ ਉਹਨੂੰ ਉਹੋ ਕੁਝ ਮਿਲਿਆ। ਭਟਕੇ ਰਾਹ ਪੈਂਦੇ, ਮਾਰਫਤ ਦੀਆਂ ਗਲਾਂ ਦੀ ਸੂਝ ਲੈਣ ਵੀ ਆਉਂਦੇ ਕੀਰਤਪੁਰ। ਕੇਵਾ ਯਜ਼ਦਾਨੀ, ਪ੍ਰਸਿੱਧ ਫਕੀਰ ਇਕਵਾਰ ਕੀਰਤਪੁਰ ਆਇਆ, ਉਸਦਾ ਅਸਲੀ ਨਾਂ ਹਸਨ ਅਲੀ ਸੀ। ਲੋਕੀ ਉਹਨੂੰ ਸਤਿਕਾਰ ਨਾਲ ਅੱਲਾ ਦਾ ਜਿਗਰ ਕਹਿੰਦੇ ਸਨ ਤੇ ਆਸਮਾਨ ਦਾ ਸਿਤਾਰਾ ਪਰਹਕੇਵਾ। ਪਹਿਲਾਂ ਦਿੱਲੀ ਦਰਬਾਰ ਵਿਚ ਜਾ ਸਜਦਾ ਕੀਤਾ। ਸ਼ਾਹੀ ਹੁਕਮ ਸੀ ਸ਼ਾਹੀ ਖ਼ਰਚੇ ਤੇ ਹਿੰਦੁਸਤਾਨ ਦੀ ਧਰਤੀ ਵੇਖਣੀ ਸੀ। ਚਰਚਾ ਸੁਣੀ ਦਿੱਲੀ ਵਿਚੋਂ ਹੀ ਦਰਸ਼ਨ ਕਰਨ ਲਈ ਪੰਜਾਬ ਵਲ ਮੂੰਹ ਮੋੜਿਆ। ਸੁਖ ਦਾ ਸਾਹ ਲਿਆ ਕੀਰਤਪੁਰ ਆਣ ਕੇ।

ਬੜਾ ਆਦਰ ਦਿਤਾ ਸਤਿਗੁਰਾਂ। ਫਕੀਰ ਦੀ ਕਦਰ ਕਰਨਾ ਜਾਣਦਾ ਏ।

ਇਕ ਸਵਾਲ ਸੀ ਖ਼ੁਦਾ ਤਕ ਰਸਾਈ ਕਰਨ ਦੇ ਕੀ ਰਾਹ!

ਓਸ ਦਾ ਮਿਲਾਪ ਸ਼ੱਰਾਅ ਤੋੜਿਆਂ ਤੇ ਭਲੇ ਲੋਕਾਂ ਦੀ ਸੰਗਤ ਨਾਲ ਹੁੰਦਾ ਏ।

ਬਸ ਇਕੋ ਇਸ਼ਾਰਾ ਸੀ, ਇਕੋ ਗਲ ਨਾਲ ਤਸੱਲੀ ਹੋ ਗਈ ਫੇਰ ਹਿਰਦਾ ਮੁਨੱਵਰ ਹੋ ਗਿਆ। ਅਨੰਦ ਤੇ ਸਰੂਰ ਦੇ ਵਜਦ ਵਿਚ ਆ ਗਿਆ ਹਸਨ ਅੱਲੀ। ਫਕੀਰ ਤੇ ਸਿਰਫ ਰਮਜ਼ ਦਾ ਭੁਲੇਖਾ ਏ। ਫਕੀਰ ਦੇ ਜਦ ਕਦਮ ਕੀਰਤਪੁਰੋਂ ਬਾਹਰ ਨਿਕਲੇ ਤਾਂ ਸਤ ਦਿਨ ਨਾ ਬੀਤੇ ਗੁਰੂ ਹਰਿਗੋਬਿੰਦ ਜੋਤੀ ਜੋਤ ਸਮਾ ਗਏ। ਫਕੀਰ ਬਹੁਤ ਦੁਖੀ ਹੋਇਆ। ਇਕ ਖ਼ੁਦਾਈ ਰਹਿਮਤ ਉਠ ਗਈ ਦੁਨੀਆਂ ਤੋਂ। ਅੰਤਮ ਬੋਲ ਸਨ ਭਰੇ ਦੀਵਾਨ ਵਿਚ ਜਦ ਫ਼ੁਰਮਾਇਆ 'ਧਰਹੁ ਅਨੰਦ ਨ ਕੀਜਹਿ ਸ਼ੋਕ'।

ਇਨਾ ਸੁਣਿਆ ਸੀ ਸੰਗਤ ਦੇ ਨੈਣ ਛਲਕ ਪਏ ਤੇ ਉਸੇ ਵਕਤ ਫੇਰ ਫ਼ੁਰਮਾਇਆ—

'ਇਸ ਮਹਿ ਕਿਆ ਅਚਰਜ ਤੁਮ ਲਹਾਯੇ।'

ਜੀਵਨ ਵਗਦੀ ਨਦੀ ਦੇ ਸਮਾਨ ਏ। ਇਹ ਵਹਿਣ ਕਦੀ ਨਹੀਂ ਰੁਕਣਾ। ਦੁਨੀਆਂ ਇਕ ਸਰਾਂ ਏ। ਕਈ ਮੁਸਾਫਰ ਆਏ ਤੇ ਕਈ ਚਲੇ ਗਏ—'ਸਲਿਤਾ ਸਮ ਜਗ ਕੇ ਪਰਵਾਰ, ਬਿਰਹਿ ਨ ਕੋਊ, ਸਭ ਚਲਿ ਜਾਹਾ।'

ਇਹ ਕੋਈ ਅਣਹੋਣੀ ਨਹੀਂ। ਸਦਾ ਇੰਜ ਹੀ ਹੁੰਦੀ ਆਈ ਏ। ਕੋਈ ਸਦਾ ਟਿਕ ਕੇ ਇਥੇ ਨਹੀਂ ਰਿਹਾ—'ਇਹ ਤੌ ਸਦਾ ਹੋਤਿ ਹੈ ਆਈ, ਕਰਹੁ ਬਿਚਾਰਿ, ਥਿਰ ਨਹਿ ਪਾਈ।'

ਬਖਸ਼ਸ਼ ਦੇ ਦਰ ਆਏ, ਆ ਕੇ ਆਖਣ ਲਗੇ, ਗੁਰਸਿਖਾਂ ਦੇ ਨੇੜੇ ਜਮ ਨਹੀਂ ਆਉਣਗੇ ਉਹ ਸਿਧੇ ਵਾਹਿਗੁਰੂ ਦੇ ਚਰਨਾਂ ਵਿਚ ਜਾਂਦੇ ਹਨ। ਮਾਤਾ ਨਾਨਕੀ ਜੀ ਜਦ ਨੇੜੇ ਆਏ। ਉਨ੍ਹਾਂ ਜਿਸ ਰੁਮਾਲ ਨਾਲ ਹਥ ਪੂੰਝੇ ਸਨ ਉਹ ਝੋਲੀ ਵਿਚ ਪਾ ਦਿਤਾ। ਕਮਰ ਵਿਚੋਂ ਕਟਾਰ ਲਾਹੀ ਤੇ ਬਖਸ਼ ਦਿਤੀ। ਗੁਟਕਾ ਦੇ ਕੇ ਆਖਿਆ 'ਤੁਸੀਂ ਆਪਣੇ ਬੇਟੇ ਤੇਗ ਬਹਾਦਰ ਨਾਲ ਬਾਬੇ ਬਕਾਲੇ ਚਲੇ ਜਾਓ। ਸਮਾਂ ਪਾ ਕੇ ਤੁਹਾਡਾ ਬੇਟਾ ਹੀ ਨਹੀਂ ਪੋਤਰਾ ਵੀ ਏਸੇ ਤਖਤ ਤੇ ਬੈਠੇਗਾ'

'ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ।'

ਇਹ ਸ਼ਬਦ ਭਾਈ ਗੁਰਦਾਸ ਦੇ ਸਨ। ਚੇਤੇ ਸਨ, ਬੜੇ ਪਿਆਰ ਨਾਲ ਪੜ੍ਹਿਆ ਕਰਦੇ ਸਨ।

ਗੁਰੂ ਹਰਿ ਰਾਇ ਨੂੰ ਆਖਿਆ, ਤੁਸੀਂ ਮੇਰਾ ਹੀ ਰੂਪ ਹੋ, ਹੁਣ ਕੋਈ ਅੰਤਰ ਨਹੀਂ ਰਿਹਾ। ਗੁਰੂ ਦੀਆਂ ਸਾਰੀਆਂ ਸਕਤੀਆਂ, ਰਹਿਮਤਾਂ, ਬਰਕਤਾਂ ਦੇ ਤੁਸੀਂ ਮਾਲਕ ਹੋ, ਵੰਡੋ ਜੀਅ ਭਰ ਕੇ ਮੁਕਦੀਆਂ ਨਹੀਂ ਸਗੋਂ ਭੰਡਾਰੇ ਭਰੇ ਹੀ ਰਹਿਣਗੇ। ਜਿਨੇ ਮੇਰੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ

ਉਹ ਗੁਰੂ ਹਰਿ ਰਾਇ ਨੂੰ ਮੇਰਾ ਰੂਪ ਜਾਣਨ, ਇਨ੍ਹਾਂ ਵਿਚ ਅਪਾਰ ਸ਼ਕਤੀ ਏ, ਉਹ ਸਰਬ ਸਮਰਥ ਹਨ।

ਗੁਰੂ ਹਰਿ ਰਾਇ ਨੇ ਸਿਰਫ ਇਕੋ ਹੀ ਗਲ ਪੁਛੀ, ਦਿਲੀ ਪਤਿ ਦੁਬਧਾ ਸਦ ਕਰੇ। ਤੇ ਕਿਵੇਂ ਵਰਤਣਾ ਏ।

ਮਹਾਰਾਜ਼ ਨੇ ਫੁਰਮਾਇਆ, 'ਸਾਨੂੰ ਗੁਰਪਿਤਾ ਦੀ ਅਸੀਸ ਸੀ ਕਿ ਜੋ ਸ਼ਤ੍ਰੂਰ ਤੁਮਾਰੇ ਸਨਮੁਖ ਆਏਗਾ, ਤੁਹਾਡੀ ਛਾਂ ਮਾਣੂ। ਜੇ ਤੁਹਾਡਾ ਬੁਰਾ ਤਕੂ ਤਾਂ ਨਾਸ ਹੋ ਜਾਏਗਾ। ਜਿਸ ਤਰ੍ਹਾਂ ਗਲੇ ਔਲੇ ਅਗ ਵਿਚ ਡਿਗਣ ਨਾਲ ਗਲ ਜਾਂਦੇ ਹਨ ਏਸੇ ਤਰ੍ਹਾਂ ਦੁਸ਼ਮਣ ਸਵਾਹ ਹੋ ਜਾਊ।

ਜੋ ਕੋਈ ਉਦਮ ਤੁਮ ਪਰ ਕਰੇ ਦੁਸ਼ਟ ਕਰਮ ਮਨਧਾਰ।

ਨਾਸ ਹੋਇ ਤਤਕਾਲ ਤਿਹ, ਜਿਉ ਓਲ ਅਗਨ ਮੰਝਾਰ।

ਬਾਬਾ ਭਾਨਾ ਜੀ ਨੇ ਅਰਜ਼ ਕੀਤੀ ਕਿ ਸਾਡੇ ਲਈ ਕੀ ਹੁਕਮ ਹੈ।

ਤੁਸੀਂ ਆਪਣੇ ਪਿੰਡ ਚਲੇ ਜਾਓ ਤੇ ਓਥੇ ਆਪਣੇ ਬੱਚੇ ਗੁਰਦਿਤੇ ਨੂੰ ਭੇਜ ਕੇ ਮੇਰੀ ਬੱਚੀ ਵੀਰੋ ਨੂੰ ਇਹ ਸੁਨੇਹਾ ਦੇ ਦੇਣਾ।

ਰੋਣ ਤੇ ਅਥਰੂ ਕੇਰਨ ਦਾ ਇਹ ਸਮਾਂ ਨਹੀਂ। ਤੇਰੇ ਬੇਟੇ ਬੜੇ ਬਲਵਾਨ ਤੇ ਯੋਧੇ ਹੋਣਗੇ। ਬੜਾ ਜਸ ਖਟਣਗੇ। ਬਿਧੀ ਚੰਦ ਦੇ ਪੁਤ ਲਾਲ ਚੰਦ ਨੂੰ ਵੀ ਆਖਿਆ, 'ਤੁਸੀਂ ਵੀ ਹੁਣ ਆਪਣੇ ਪਿੰਡ ਸੁਰਸੁਖ ਚਲ ਜਾਵੋ। ਉਥੇ ਗੁਰਸਿਖ ਭਾਗ ਮਲ ਪਾਸ ਟਿਕਾਣਾ ਕਰਨਾ, ਗੁਟਕੇ, ਉਤਾਰੇ ਸੈਂਚੀਆਂ ਲੋਕਾਂ ਵਿਚ ਵੰਡਣੇ। ਇਹੋ ਤੁਹਾਡੀ ਭਗਤੀ ਏ, ਇਹੋ ਤੁਹਾਡੀ ਸਿਖੀ ਏ।

ਸੂਰਜ ਮਲ ਦੀ ਵਾਰੀ ਆਈ, ਹੁਕਮ ਹੋਇਆ, ਤੁਸੀਂ ਬੜੀ ਮਰਦਾਨਗੀ ਤੋਂ ਕੰਮ ਲਿਆ ਏ, ਤੁਹਾਤੀ ਨਿਮਰਤਾ ਦਾ ਕੋਈ ਜਵਾਬ ਨਹੀਂ, ਜਿਥੇ ਜੀਅ ਕਰੇ ਟਿਕੋ। ਸਭ ਬਾਰਾਂਦਰੀਆਂ ਤੁਹਾਡੀਆਂ ਹੀ ਹਨ। ਤੁਹਾਡਾ ਪਰਤਾਪ ਬਣਿਆ ਰਹੇਗਾ। ਜਦ ਤਕ ਤੁਸੀਂ ਗੁਰ ਆਗਿਆ ਵਿਚ ਰਹੋਗੇ।

ਬਾਬੇ ਅਣੀ ਰਾਇ ਜੀ ਦੀ ਵੀ ਵਾਰੀ ਆ ਗਈ। ਤੁਹਾਡੇ ਹਿਸੇ ਸਿਰਫ਼ ਪ੍ਰਚਾਰ ਆਇਆ ਏ ਡੱਟੇ ਰਹੋ। ਲੋਕ ਗੁਰੂ ਵਰਗਾ ਸਤਿਕਾਰ ਦੇਣਗੇ।

ਇਕ ਸਿਖ ਨੇ ਅਰਜ਼ ਕੀਤੀ, 'ਦੀਦਾਰ ਕਰਨਾ ਚਾਹਵਾਂਗੇ ਤਾਂ ਕਿਸ ਤਰ੍ਹਾਂ ਹੋਣਗੇ।'

ਜੇ ਕੋਈ ਸਿਖ ਵਾਹਿਗੁਰੂ, ਗੁਰੂ ਗੁਰੂ ਜਪਦਾ, ਤੁਹਾਡੇ ਘਰ ਆ ਜਾਏ, ਉਹ ਮੇਰਾ ਹੀ ਰੂਪ ਹੋਵੇਗਾ। ਫੇਰ ਆਖਣ ਲਗੇ, ਮੇਰਾ ਪਰਿਵਾਰ ਸਿਖ ਸੰਗਤ ਏ। ਸੰਗਤ ਹੀ ਮੇਰਾ ਕਬੀਲਾ ਏ। ਮੈਨੂੰ ਉਹੋ ਹੀ ਪਿਆਰਾ ਏ ਜਿਹੜਾ ਗੁਰੂ ਨਾਲ ਪਿਆਰ ਕਰਦਾ ਏ। ਬਾਣੀ ਪੜ੍ਹਨ ਸੁਣਨ ਨਾਲ ਹੀ ਆਨੰਦ ਮਿਲੇਗਾ। ਸਤਿਨਾਮ ਦਾ ਨਾਮ ਜਾਪ ਕਰਨ ਨਾਲ ਰੰਗ ਚੜ੍ਹਦਾ ਏ। ਪਰੇਮ ਪਰਪਕ ਹੁੰਦਾ ਹੈ।

ਸਦਾ ਸਨੇਹ ਕਰਹਿ ਗੁਰਬਾਣੀ, ਪਠਨਿ ਸੁਨਨਿ ਤੇ ਅਨੰਦ ਛਾਨੀ।

ਸਤਿਨਾਮ ਸਿਮਰਹੁ ਰੰਗ ਰਾਤੇ, ਦਿਨ ਪ੍ਰਤਿ ਪ੍ਰੇਮ ਅਧਿਕ ਮਨਮਾਤੇ।

ਫੇਰ ਮਾਰੂ ਮਹਲਾ ਪੰਜਵਾਂ ਦਾ ਸ਼ਬਦ ਪੜ੍ਹਿਆ, ਅਸ਼ਟਪਦੀ ਪੜ੍ਹੀ ਤੇ ਉਸਨੂੰ ਧੰਨ ਆਖਿਆ। ਜੋ ਸ਼ਬਦ ਰਾਹੀਂ ਜੀਵਨ ਦੀ ਘਾੜਤ ਘੜਦਾ ਏ, ਸ਼ਬਦ ਪੜ੍ਹਨ ਲਈ ਹੁਕਮ ਕੀਤਾ। ਹੁਣ ਸਾਨੂੰ ਕੋਈ ਬੁਲਾਵੇ ਨਾ, ਇਕਾਂਤ ਵਿਚ ਚਲੇ ਗਏ। ਸਤ ਦਿਨ ਥੰਮ੍ਹ ਨਾਲ ਢੋਅ ਲਾ ਕੇ ਕੀਰਤਨ ਸੁਣਦੇ ਰਹੇ। 3 ਮਾਰਚ, 1684 ਨੂੰ ਜੋਤੀ ਜੋਤ ਸਮਾ ਗਏ।

ਗੁਰੂ ਹਰਿ ਰਾਏ ਜਦ ਕੋਲ ਗਏ ਤਾਂ ਇਉਂ ਜਾਪੇ ਜਿਵੇਂ ਸਮਾਧੀ ਲਗੀ ਹੋਈ ਹੈ, ਸਿਰਫ ਰੂਹ ਹੀ ਪਰਵਾਜ਼ ਕਰ ਗਈ ਏ—

ਪਾਵਨ ਸਰੀਰ ਜਿਮ ਚਿਤ੍ਰ ਲਿਖਾਏ। □

੧੮

ਸੰਸਕਾਰ

ਮੇਰਾ ਈਮਾਨ ਕਲਮਾ, ਇਸਲਾਮ ਧਰਮ, ਮੈਂ ਪਰਦੇਸੀ, ਨਾ ਧਰਮ ਜਾਣਾ, ਨਾ ਸਭਿਅਤਾ, ਰਸਮ ਰਿਵਾਜ ਬਾਰੇ ਬਿਲਕੁਲ ਕੋਰਾ ਹਾਂ। ਭਾਰਤਵਰਸ਼ ਮੇਰੇ ਲਈ ਪਰਦੇਸ ਏ। ਮੈਂ ਹੌਲੀ ਹੌਲੀ ਇਥੋਂ ਦਾ ਵਸਨੀਕ ਬਣਾਂਗਾ। ਮੇਰੀ ਹਕੂਮਤ ਨੇ ਇਹਨੂੰ ਆਪਣਾ ਦੇਸ਼ ਮੰਨ ਲਿਆ ਤੇ ਮੈਂ ਵੀ ਸਹੁੰ ਖਾਧੀ ਏ ਕਿ ਏਥੇ ਹੀ ਜੀਆਂਗਾ ਤੇ ਏਥੇ ਹੀ ਮਰਾਂਗਾ। ਮੇਰੀ ਕਬਰ ਇਨ੍ਹਾਂ ਨਦੀਆਂ ਵਿਚ ਹੀ ਬਣੇਗੀ। ਮੈਨੂੰ ਪਿਆਰੀਆਂ ਲਗਦੀਆਂ ਹਨ, ਜਮਨਾ ਤੇ ਗੰਗਾ ਦੀਆਂ ਨਦੀਆਂ। ਇਨ੍ਹਾਂ ਦਾ ਪਾਣੀ ਨਿਰਮਲ, ਸਾਫ ਤੇ ਪਵਿੱਤਰ ਏ।

ਇਥੋਂ ਦੇ ਧਰਮ ਵੀ ਬੜੇ ਉਤਮ ਤੇ ਪਾਕੀਜ਼ਾ ਹਨ! ਇਨ੍ਹਾਂ ਨੇ ਰੂਹਾਨੀ ਮੰਜ਼ਲਾਂ ਮਾਰੀਆਂ ਹੋਈਆਂ ਨੇ! ਸੂਫੀ ਬਿਲਕੁਲ ਇਨ੍ਹਾਂ ਦੇ ਕਰੀਬ ਹਨ। ਇਉਂ ਜਾਪਦਾ ਏ ਗਰਾਹੀਆਂ ਸਾਂਝੀਆਂ ਹਨ। ਤੇ ਇਹ ਇਕ ਹੀ ਪੇਟੋਂ ਜੰਮੇ ਜਾਪਦੇ ਹਨ। ਇਹ ਅਮਨ ਦੇ ਪੁਜਾਰੀ ਹਨ। ਸਾਂਝੀਵਾਲਤਾ ਦੇ ਆਸ਼ਕ ਹਨ। ਵੈਰ ਵਿਰੋਧ ਇਨ੍ਹਾਂ ਦੇ ਕਰੀਬ ਨਹੀਂ ਆਇਆ। ਇਹ ਬਾਹਰ ਤੋਂ ਆਏ ਧਰਮ ਨੂੰ ਵੀ ਆਪਣੀ ਹਿੱਕ ਨਾਲ ਲਾ ਰਹੇ ਹਨ। ਜੇ ਕਿਤੇ ਗ਼ਲਤੀ ਨਾਲ ਇਨ੍ਹਾਂ ਕੋਲੋਂ ਕੀੜੀ ਵੀ ਮਰ ਜਾਏ ਤਾਂ ਸਾਰੀ ਉਮਰ ਸੁਖਣਾ ਲਾਹੁੰਦੇ ਮਰ ਜਾਂਦੇ ਹਨ। ਮੈਂ ਬੜਾ ਖੁਸ਼ ਹੋਇਆ ਹਾਂ, ਇਥੋਂ ਦੀ ਸਭਿਅਤਾ ਵੇਖ ਕੇ। ਯਹੂਦੀ, ਇਸਲਾਮ ਦੀ ਤਾਰੀਖ ਪੜ੍ਹੀ। ਕਤਲ, ਫਰੇਬ, ਖੂਨ ਖਰਾਬਾ, ਸਿਰਫ ਇਨ੍ਹਾਂ ਤਲਵਾਰ ਦੇ ਜ਼ੋਰ ਤੇ ਇਸਲਾਮ ਫੈਲਾਇਆ। ਪਰ ਜਦ ਬੋਧੀ ਹਿੰਦੂ ਧਰਮ ਚੋਂ ਬਾਹਰ ਗਿਆ ਤੇ ਲੋਕਾਂ ਦੇ ਪਿਆਰ ਨਾਲ ਝੋਲੀਆਂ ਭਰ ਕੇ ਲੈ ਗਏ। ਕਿਸੇ ਤੇ ਜ਼ਬਰਦਸਤੀ ਉਨ੍ਹਾਂ ਦੇ ਗਲ ਨਹੀਂ ਮੜ੍ਹਿਆ। ਕਿਆ ਬਾਤ ਹੈ, ਜਿੰਨੀ ਜ਼ਮੀਨ ਜ਼ਰਖੇਜ਼ ਏ, ਉਨੀ ਨੀਅਤ ਬੁਲੰਦ ਏ।

ਮੈਂ ਪੰਜਾਬ ਦੇ ਪੰਜਾਂ ਦਰਿਆਵਾਂ ਦੀ ਸੈਰ ਕੀਤੀ। ਸੂਫੀਆਂ ਨੇ ਇਥੇ ਆਪਣੇ ਝੰਡੇ ਗੱਡੇ ਹੋਏ ਸਨ। ਜਾਂ ਲੋਕ ਗੁਰੂਆਂ ਤੇ ਈਮਾਨ ਰੱਖਦੇ ਹਨ। ਜਾਂ ਸੂਫੀਆਂ ਤੇ।

ਯਾਰੋ ਮਸਜਿਦਾਂ ਵਿਚ ਅਜ਼ਾਨ ਹੁੰਦੀ ਏ; ਨਿਮਾਜ਼ ਪੜ੍ਹੀ ਜਾਂਦੀ ਏ! ਕਈਆਂ ਲੋਕਾਂ ਨੇ ਕਲਮੇ ਤੇ ਈਮਾਨ ਲੈ ਆਂਦੇ ਹਨ ਪਰ ਅੱਜ ਵੀ ਕਿਸੇ ਮੁਸਲਮਾਨ ਨਾਲ ਗੱਲ ਕਰਕੇ ਵੇਖੋ ਤਾਂ ਉਹ ਆਖੇਗਾ ਕਿ ਸਾਡਾ ਤੇ ਈਮਾਨ ਹੀ ਗੁਰੂ ਹਨ। ਪੰਜਾਬ ਵਿਚ ਹਰ ਬੰਦਾ ਸਿੱਖ ਏ। ਭਾਵੇਂ ਉਹ ਮੁਸਲਮਾਨ ਏ ਤੇ ਭਾਵੇਂ ਬ੍ਰਾਹਮਣ। ਬੋਧੀ, ਜੈਨ ਸਾਰੇ ਗੁਰੂਆਂ ਦੇ ਅੱਗੇ ਸਿਰ ਝੁਕਾਉਂਦੇ ਹਨ। ਲੋਕਾਂ ਨੂੰ ਕੁਰਾਨ ਦੀਆਂ ਆਇਤਾਂ ਯਾਦ ਨਹੀਂ। ਪਰ ਮੈਂ ਹੈਰਾਨ ਹਾਂ ਆਮ ਲੋਕਾਂ ਨੂੰ ਗੁਰੂ ਦੀ ਬਾਣੀ ਕੰਠ ਏ। ਗੁਰੂਆਂ ਨੇ ਪਤਾ ਨਹੀਂ ਕੀ ਚੁਟਕੀ ਧੂੜੀ ਹੋਈ ਏ। ਲੋਕ ਗੁਰੂ ਦੇ ਦੁਆਰੇ ਹੀ ਮੱਥਾ ਟੇਕਦੇ ਹਨ। ਗੁਰੂਆਂ ਨੇ ਪੰਜਾਬ ਦਾ ਦਿਲ ਜਿੱਤ ਲਿਆ ਏ। ਮਾਲਾ ਵਿਚ ਪਰੁਚ ਗਏ ਹਨ ਸਾਰੇ ਪੰਜਾਬ ਵਾਲੇ।

ਮੈਂ ਕੀਰਤਪੁਰ ਅਜ ਹਾਜ਼ਰ ਹਾਂ। ਬਦਕਿਸਮਤੀ ਨੂੰ ਗੁਰੂ ਹਰਗੋਬਿੰਦ ਨੂੰ ਮੈਂ ਚੜ੍ਹਦੀ ਜਵਾਨੀ ਵਿਚ ਤਲਵਾਰ ਦੀ ਆਬ ਤੇ ਕਾਟ ਕਰਦਿਆਂ ਵੇਖਿਆ ਸੀ। ਅਜ ਉਹ ਵਫਾਤ ਪਾ ਗਏ ਹਨ। ਕਬਰਿਸਤਾਨ ਦਫਨਾ ਦਿੱਤੇ ਗਏ ਹਨ। ਅਜ ਸਸਕਾਰ ਹੁੰਦਾ ਵੇਖ ਰਿਹਾ ਹਾਂ। ਪਤਾ ਨਹੀਂ ਇਹ ਗੁਰੂ ਕੀ ਹਨ। ਸ਼ਮਾਂ ਹਨ ਜਾਂ ਚਿਰਾਗ, ਮੈਂ ਪਰਵਾਨੇ ਸੜਦੇ ਵੇਖੇ ਹਨ ਚਿਰਾਗ ਤੇ। ਇਹੋ ਜਿਹੇ ਇਸ਼ਕ ਦੀਆਂ ਕਹਾਣੀਆਂ ਸੁਣੀਆਂ ਸਨ ਵੇਖੀਆਂ ਨਹੀਂ ਹਨ।

ਬਾਬਾ ਸੂਰਜ ਮਲ, ਤੇਗ ਬਹਾਦਰ, ਭਾਈ ਭਾਨਾ, ਤੇ ਰਾਏ ਜੋਧ ਦੇ ਮੋਢਿਆਂ ਤੇ ਅਰਥੀ

ਸੀ ਸਤਿਗੁਰ ਹਰਿਗੋਬਿੰਦ ਦੀ। ਭਾਵੇਂ ਖ਼ਲਕਤ ਵਿਚ ਕੁਹਰਾਮ ਮਚਿਆ ਹੋਇਆ ਸੀ। ਅੱਖਾਂ ਵਿਚ ਅਥਰੂਆਂ ਦੇ ਪਰਨਾਲੇ ਵਗ ਰਹੇ ਸਨ। ਚਿਹਰੇ ਮੁਰਝਾ ਗਏ ਸਨ। ਉਦਾਸੀ ਚਾਰੋਂ ਤਰਫ ਫੈਲੀ ਹੋਈ ਸੀ। ਦੀਵਾਰਾਂ ਵੀ ਰੋ ਰਹੀਆਂ ਸਨ। ਅਥਰੂ ਕੇਰ ਰਹੀਆਂ ਸਨ ਲਵੇਰੀਆਂ ਗਾਵਾਂ। ਪਤਾਲ ਪੁਰੀ ਵਿਚ ਚਿਤਾ ਚੁਣੀ ਹੋਈ ਸੀ। ਅਰਥੀ ਜਾ ਰਹੀ ਸੀ ਤੇ ਮਗਰ ਹੜ੍ਹ ਸੀ ਸਾਰੀ ਦੁਨੀਆ ਦਾ। ਕਿਤੇ ਤਿਲ ਵੀ ਰੱਖਣ ਦੀ ਜਗ੍ਹਾ ਨਹੀਂ ਸੀ। ਸਤਿਲੁਜ ਦਰਿਆ ਦਾ ਵਿਰਲਾਪ ਕਿਤੇ ਝਲਿਆ ਨਹੀਂ ਸੀ ਜਾਂਦਾ। ਇਉਂ ਜਾਪਦਾ ਸੀ ਜਿਦਾਂ ਰੱਬ ਦੀ ਮੌਤ ਹੋ ਗਈ ਏ। ਪਿਉ ਮਰਦੇ ਤਾਂ ਮੈਂ ਵੇਖੇ ਸਨ ਪਰ ਅਜ ਦਾ ਨਜ਼ਾਰਾ ਵੇਖ ਕੇ ਮੇਰਾ ਸਰੀਰ ਕੰਬ ਗਿਆ ਏ। ਮੈਂ ਆਪ ਵੀ ਰੋ ਰਿਹਾ ਹਾਂ ਤੇ ਮੇਰੀ ਰੂਹ ਵੀ ਰੋ ਰਹੀ ਏ। ਮੇਰਾ ਦਿਲ ਲਹੂ ਦੇ ਅਥਰੂ ਕੇਰ ਰਿਹਾ ਏ। ਗੁਰੂਆਂ ਕੋਲ ਕੋਈ ਖ਼ੁਦਾਈ ਵੱਖਰੀ ਹੀ ਸੀ ਜਿਦ੍ਹਾ ਬਿਆਨ ਨਹੀਂ ਕੀਤਾ ਜਾ ਸਕਦਾ। ਕਿੰਨਾ ਅਕੀਦਾ ਪੱਕਾ ਏ, ਕਿੰਨਾ ਈਮਾਨ ਪੁਖ਼ਤਾ ਏ। ਮੇਰਾ ਸਰੀਰ ਝੁਕਦਾ ਏ। 'ਯਹਾਂ ਕੀ ਖ਼ਾਕ ਭੀ ਅਕਸੀਰ ਹੈ।'

ਚਿਤਾ ਤੇ ਸਰੀਰ ਰਖਿਆ ਗਿਆ। ਰੇਸ਼ਮੀ ਚਾਦਰ ਵਿਚ ਲਪੇਟਿਆ ਹੋਇਆ ਸੀ। ਫੁੱਲਾਂ ਦੀ ਵਰਖਾ ਹੋ ਰਹੀ ਸੀ। ਗੁਰੂ ਜੀ ਦਾ ਚਿਹਰਾ ਅਜੇ ਵੀ ਮੁਸਕਰਾ ਰਿਹਾ ਸੀ। ਜਿਵੇਂ ਕੋਈ ਸਹੁਰੇ ਜਾ ਰਿਹਾ ਹੋਵੇ। ਅਫ਼ਸੋਸ ਕਿਤੇ ਕੋਲ ਦੀ ਵੀ ਨਹੀਂ ਸੀ ਲੰਘਿਆ ਜਾਪਦਾ। ਇਹ ਮਾਹੌਲ ਮੇਰੀਆਂ ਅੱਖਾਂ ਵਿਚ ਸਮਾ ਗਿਆ। ਇਹ ਇਕ ਅਜੂਬਾ ਸੀ, ਇਕ ਚਮਤਕਾਰ ਸੀ। ਕੀ ਹਨ ਇਹ ਗੁਰੂ। ਕੀ ਇਹ ਖ਼ੁਦਾਈ ਰਹਿਮਤ ਏ ਜਾਂ ਇਲਾਹੀ ਨੂਰ ਏ, ਵਲੀ ਹਨ ਜਾਂ ਹਜ਼ਰਤ ਹਨ। ਮੈਂ ਕੁਝ ਦੱਸ ਨਹੀਂ ਸਕਦਾ। ਮੇਰੀ ਅਕਲ ਕੰਮ ਨਹੀਂ ਕਰਦੀ। ਇਹ ਖ਼ੁਦਾ ਦੀ ਨਿਅਮਤ ਹਰ ਮੁਲਕ ਨੂੰ ਨਸੀਬ ਨਹੀਂ ਹੁੰਦੀ।

ਮੈਂ ਉਦੋਂ ਵੇਖ ਕੇ ਹੈਰਾਨ ਪਰੇਸ਼ਾਨ ਹੋ ਗਿਆ ਜਦ ਅਗਨਭੇਟਾ ਗੁਰੂ ਹਰਿ ਰਾਇ ਨੇ ਕੀਤੀ। ਅੱਗ ਨੇ ਤੇ ਦਮਕਣਾ ਹੀ ਸੀ ਤੇ ਲਾਟਾਂ ਵੀ ਨਿਕਲਣੀਆਂ ਸਨ, ਭਾਂਬੜ ਮਚਣਾ ਸੀ। ਚੰਦਨ ਦੀ ਖੁਸ਼ਬੂ ਚਾਰੋਂ ਤਰਫ ਫੈਲ ਗਈ ਸੀ, ਇਕ ਅਚੰਭਾ, ਇਕ ਨਾਮੁਮਕਨ ਵਾਕਿਆ। ਮੈਂ ਵੇਖ ਕੇ ਹੈਰਾਨ ਹੋਇਆ, ਮੇਰਾ ਦਿਲ ਮੁੱਠ ਵਿਚ ਆ ਗਿਆ। ਮੇਰੇ ਪੈਰਾਂ ਥਲਿਓਂ ਜ਼ਮੀਨ ਨਿਕਲ ਗਈ। ਇਕ ਰਾਜਾ ਜਿਦ੍ਹਾ ਨਾਂ ਸੀ ਰਾਜਾ ਰਾਮ ਰਾਜਪੂਤ, ਰਾਜਸਥਾਨ ਦਾ ਰਹਿਣ ਵਾਲਾ ਗੁਰੂ ਦਾ ਇਕ ਸੇਵਕ ਸੀ। ਰੋਕਦਿਆਂ ਰੋਕਦਿਆਂ ਉਸ ਚਿਤਾ ਵਿਚ ਛਾਲ ਮਾਰ ਕੱਢੀ। ਹੋਰ ਕਈ ਛਾਲਾਂ ਮਾਰਨ ਨੂੰ ਤਿਆਰ ਸਨ ਪਰ ਫੇਰ ਗੁਰੂ ਹਰਿ ਰਾਇ ਜੀ ਨੇ ਜ਼ਬਰਦਸਤੀ ਰੋਕਿਆ, ਤੇ ਪਾਬੰਦੀ ਲਾ ਦਿੱਤੀ ਤੇ ਆਖਿਆ ਚਿਤਾ ਤੋਂ ਪਰ੍ਹੇ ਹਟ ਜਾਓ। ਉਹ ਦੋਵੇਂ ਬੰਦੇ ਵੇਖਦਿਆਂ ਅੱਗ ਦੀ ਲਪੇਟ ਵਿਚ ਆ ਗਏ ਤੇ ਸੁਆਹ ਦੀ ਢੇਰੀ ਹੋ ਗਏ। ਇਹ ਅਚੰਭਾ ਵੇਖ ਕੇ ਪੱਥਰ ਦਿਲ ਵੀ ਮੋਮ ਹੋ ਜਾਂਦੇ ਹਨ। ਮੈਂ ਤੇ ਫੇਰ ਇਨਸਾਨ ਸਾਂ। ਮਿੱਟੀ ਦੀ ਮੁੱਠ।

ਯਾਰੋ ਖ਼ੁਦਾਈ ਏਥੇ ਹੀ ਆਣ ਕੇ ਪੱਲੇ ਪਈ। ਜਾਂ ਖ਼ੁਦਾ ਨੇ ਇਨ੍ਹਾਂ ਨਾਲ ਯਰਾਨਾ ਪਾ ਲਿਆ ਏ ਜਾਂ ਰੱਬ ਇਨ੍ਹਾਂ ਦਾ ਯਾਰ ਏ। ਸਾਰਾ ਹਿੰਦੁਸਤਾਨ ਮੈਂ ਟੱਕਰਾਂ ਮਾਰ ਕੇ ਵੇਖਿਆ ਪਰ ਕਮਾਲ ਏ, ਇਹ ਇਕ ਸਫ ਤੇ ਬਹਿ ਕੇ ਸਾਹ ਲੈਂਦੇ ਹਨ, ਕੋਈ ਪਰਹੇਜ਼ ਨਹੀਂ, ਵੱਡੇ ਛੋਟੇ ਦੀ ਕੋਈ ਤਮੀਜ਼ ਨਹੀਂ। ਇਸਲਾਮ ਭਾਵੇਂ ਬੜੀ ਸਖ਼ਤੀ ਨਾਲ ਇਸ ਗੱਲ ਦਾ ਪਰਚਾਰ ਕਰਦਾ ਏ ਕਿ 'ਦਾਅਵਤੇ ਸ਼ੀਰਾਜ਼' ਇਕ ਥਾਲੀ ਵਿਚ ਖਾਓ ਪਰ ਉਥੇ ਵੀ ਊਚ-ਨੀਚ ਦਾ ਖਿਆਲ ਏ। ਇਹ ਵੱਡਾ ਏ, ਇਹ ਛੋਟਾ ਏ। ਪਰ ਕਮਾਲ ਏ ਏਥੇ ਤਲਵਾਰ ਦਾ ਡਰ ਨਹੀਂ। ਪਿਆਰ ਨਾਲ ਹੀ ਇਕ ਪੰਗਤ ਵਿਚ ਬਿਠਾ ਦਿੱਤੀ ਏ ਖਲਕਤ। ਸਾਰੀ ਲੁਕਾਈ ਵਿਚ ਕੋਈ ਛੂਤ-ਛਾਤ ਨਜ਼ਰ ਨਹੀਂ ਆਉਂਦੀ।

ਵੇਖਦਿਆਂ ਵੇਖਦਿਆਂ ਸਾਧੂ ਨੇ ਝਕਾਨੀ ਦੇ ਕੇ ਚਿਤਾ ਵਿਚ ਛਾਲ ਮਾਰ ਦਿੱਤੀ। ਉਹਦੇ

ਵੀ ਕੋਲੇ ਹੋ ਗਏ। ਏਨਾ ਪਿਆਰ, ਲਗਾਓ, ਸ਼ਰਧਾ, ਵੇਖ ਕੇ ਮੈਂ ਅਸਚਰਜ ਜਿਹਾ ਹੋ ਗਿਆ ਹਾਂ !

ਪਰਵਾਨੇ ਨੂੰ ਸ਼ਮਾਂ ਤੇ ਸੜਦੇ ਵੇਖਿਆ ਏ, ਪਰ ਮੋਏ ਬੰਦੇ ਤੇ ਕੋਈ ਨਹੀਂ ਸੜਦਾ। ਸ਼ਮਾਂ ਬੁਝ ਜਾਏ ਤੇ ਫੇਰ ਕੋਈ ਪਰਵਾਨਾ ਸੜ ਕੇ ਵਿਖਾਏ ਤੇ ਮੈਂ ਬਲਿਹਾਰੇ ਜਾਵਾਂ।

ਮੈਨੂੰ ਉਹ ਸ਼ੇਅਰ ਬਹੁਤ ਯਾਦ ਆ ਰਿਹਾ ਏ—

ਦਰ ਮੁਹੱਬਤ ਚੂੰ ਜ਼ਨੇ, ਹਿੰਦੂ ਕਸੇ ਮਰਦਾਨਾ ਨੇਸਤ,

ਸੋਖਤਨ ਬਰ ਸ਼ਮਾਂ ਮੁਰਦਾ, ਕਾਰੇ ਹਰ ਪਰਵਾਨਾ ਨੇਸਤ।

ਮੈਂ ਕੀਰਤਪੁਰ ਵਿਚ ਪਿਆਰ ਦੇ ਮਾਹਿਖਾਨੇ ਵੇਖੇ ਹਨ। ਮੇਰਾ ਈਮਾਨ ਏ, ਜਦ ਤਕ ਇਹ ਮਹਿਖਾਨਾ ਖੁੱਲ੍ਹਾ ਰਹੇਗਾ, ਲੋਕ ਏਸੇ ਤਰ੍ਹਾਂ ਜਾਨਾਂ ਵਾਰਦੇ ਰਹਿਣਗੇ।

ਮੈਂ ਏਸ ਖ਼ੁਦਾਈ ਰਹਿਮਤ ਨੂੰ ਨਮਸਕਾਰ ਕਰਦਾ ਹਾਂ, ਸਜਦਾ ਕਰਦਾ ਹਾਂ।

ਮੈਂ ਹੁਣ ਤੁਹਾਨੂੰ ਆਪਣਾ ਨਾਂ ਦੱਸਦਾ ਹਾਂ, ਮੈਨੂੰ ਲੋਕ ਮੁਹਸਨ ਫ਼ਾਨੀ ਆਖਦੇ ਹਨ।

ਮੈਂ ਸਰਕਾਰ ਮੁਗਲੀਆ ਦਾ ਨੌਕਰ ਹਾਂ। ਤਾਰੀਖ ਲਿਖਣਾ ਮੇਰਾ ਕੰਮ ਏ, ਏਸੇ ਦੇ ਮੈਨੂੰ ਦਾਮ ਮਿਲਦੇ ਹਨ। ਕਲਮ ਮੇਰਾ ਈਮਾਨ ਏ ਤੇ ਕਲਮ ਹੀ ਮੇਰਾ ਕਲਮਾ ਏ, ਅੱਛਾ ਖ਼ੁਦਾ ਹਾਫ਼ਿਜ਼।

□

੧੯

ਟਿਕੀ ਪੁੰਗਰਨ ਤੋਂ ਡੁੱਬਣ ਤੱਕ

ਰੁੱਤ ਵੀ ਨਵੀਂ ਤੇ ਗੁਰੂ ਵੀ ਨਵਾਂ। ਪਾਏ ਪੂਰਨਿਆਂ ਤੇ ਚਲਣਾ ਹੀ ਸੀ ਪਰ ਜਦੋਂ ਬਾਦਸ਼ਾਹੀ ਬਦਲਦੀ ਏ ਤੇ ਫੇਰ ਲੋਕ ਨਵੇਂ ਬਾਦਸ਼ਾਹ ਦਾ ਸੁਭਾਅ ਜ਼ਰੂਰ ਪਰਖਦੇ ਹਨ। ਜੇ ਤਤਾ ਏ ਸੁਭਾਅ ਤਾਂ ਫੇਰ ਆਪ ਠੰਡੇ ਹੋ ਜਾਂਦੇ ਹਨ। ਜੇ ਠੰਡੇ ਸੁਭਾਅ ਦਾ ਏ ਤੇ ਉਹਨੂੰ ਫਰ ਸ਼ਖਤ ਹੋਣ ਤੇ ਮਜਬੂਰ ਕਰਦੇ ਹਨ। ਹਕੂਮਤ ਨਰਮੀ ਨਾਲ ਤੇ ਹੁੰਦੀ ਨਹੀਂ ਸਖਤ ਹੋਣਾ ਵੀ ਬਾਦਸ਼ਾਹ ਲਈ ਬਹੁਤ ਜ਼ਰੂਰੀ ਏ! ਵਜ਼ੀਰ ਬਦਲਣਾ, ਫੌਜਾਂ ਦੇ ਅਫਸਰਾਂ ਦੀਆਂ ਤਬਦੀਲੀਆਂ ਕਰਨੀਆਂ, ਗੜ੍ਹ ਤੋੜਨੇ। ਤੇ ਇਕ ਥਾਂ ਤੇ ਬੈਠੇ ਹਾਕਮ ਨੂੰ ਨਵੀਂ ਜਗ੍ਹਾ ਤੇ ਭੇਜ ਦੇਣਾ। ਉਹਦੇ ਜੁਟ ਖੇਰੂ ਖੇਰੂ ਕਰਨੇ। ਤਾਂ ਕਿ ਬਾਦਸ਼ਾਹ ਦੀ ਅਲਹਿਦਗੀ ਦਾ ਉਹਨੂੰ ਹਰ ਵੇਲੇ ਅਹਿਸਾਸ ਰਹੇ। ਤੇ ਕਦੀ ਖ਼ਾਬ ਵਿਚ ਵੀ ਬਗਾਵਤ ਦਾ ਸੁਪਨਾ ਨਾ ਵੇਖੇ। ਇਹ ਤੇ ਹੋਇਆ ਕੁਦਰਤ ਦਾ ਕਾਨੂੰਨ। ਜਿਨ੍ਹਾਂ ਨੇ ਰਾਜ ਕਰਨਾ ਏ। ਪਰ ਏਥੇ ਤੇ ਬਾਬਾ ਆਦਮ ਹੀ ਨਿਰਾਲਾ ਸੀ। ਨਾ ਤਖ਼ਤ, ਨਾ ਬਾਦਸ਼ਾਹੀ ਤੇ ਨਾ ਫੌਜਾਂ, ਏਥੇ ਤੇ ਹਰ ਵੇਲੇ ਧਰਮ ਦੀ ਗੱਲ ਆਉਂਦੀ। ਫੌਜਾਂ ਸਨ, ਸ਼ੌਕ ਲਈ, ਜੇ ਕਿਤੇ ਭੀੜ ਬਣ ਜਾਏ ਜਾਂ ਕੋਈ ਮਨਚਲਾ ਘਰ ਲੁੱਟਣ ਆ ਪਏ। ਤੇ ਫੇਰ ਉਹਦੇ ਬੁਥਾੜ ਭੰਨੇ ਜਾਣ। ਤਖ਼ਤ ਭਾਵੇਂ ਸ਼ਾਹਾਨਾ ਸੀ ਪਰ ਹੈ ਤੇ ਫਕੀਰੀ ਦਾ ਸੀ ਨਾ? ਫਕੀਰਾਂ ਦਾ ਜਲਾਲ ਬਾਦਸ਼ਾਹਾਂ ਤੋਂ ਘੱਟ ਨਹੀਂ। ਫਕੀਰ ਦੋ ਜਹਾਨਾਂ ਦਾ ਬਾਦਸ਼ਾਹ ਏ। ਜਿਸਨੂੰ ਲੋਕ ਬਾਦਸ਼ਾਹ ਆਖਦੇ ਹਨ, ਉਹ ਛੋਟਾ ਏ, ਉਹਦੀ

ਕੋਈ ਪਾਇਆਂ ਨਹੀਂ। ਤਲਵਾਰ ਦੇ ਜ਼ੋਰ ਤੇ ਕੋਈ ਕਿੰਨਾ ਚਿਰ ਨੱਚ ਸਕਦਾ ਏ। ਫਕੀਰ ਦੀ ਬਾਦਸ਼ਾਹੀ ਨਾ, ਤਲਵਾਰ, ਨਾ ਘੋੜਾ, ਨਾ ਜਗੀਰ।

ਗੁਰੂਆਂ ਨੇ ਆਪਣਾ ਪਹਿਰਾਵਾ ਭਾਵੇਂ ਸ਼ਾਹਾਨਾ ਰਖਿਆ ਹੋਇਆ ਸੀ। ਰੱਖਦੇ ਕਿਉਂ ਨਾ ਪੰਜਾਬ ਦੇ ਗੁਰੂ ਸਨ। ਸਾਰੇ ਪੰਜਾਬ ਦੇ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਸਨ। ਇਹ ਬਾਦਸ਼ਾਹੀ ਫਕੀਰ ਸਨ। ਇਕ ਪਾਸੇ ਫਕੀਰੀ ਤੇ ਦੂਜੇ ਪਾਸੇ ਸ਼ਾਹੀ ਜਲਾਲ। ਲੋਕ ਅੰਦਾਜ਼ਾ ਨਹੀਂ ਸਨ ਲਾ ਸਕਦੇ ਕਿ ਇਹ ਗੁਰੂ ਕਿਹੜੀ ਰਿਆਸਤ ਦੇ ਰਾਜੇ ਹਨ। ਕੋਈ ਕੁਝ ਆਖਦਾ ਤੇ ਕੋਈ ਕੁਝ। ਇਹ ਗੁਰੂ ਨਾਨਕ ਦੀ ਗੱਦੀ ਸੀ, ਰੂਹਾਨੀਅਤ ਦਾ ਭੰਡਾਰਾ ਸੀ।

ਕੀਰਤਪੁਰ ਵਿਚ ਤਾਂ ਚਰਚੇ ਹੋਣੇ ਹੀ ਸਨ। ਸਾਰੇ ਪੰਜਾਬ ਵਿਚ ਹੀ ਗੁਰੂਆਂ ਦੀਆਂ ਗੱਲਾਂ ਹੋ ਰਹੀਆਂ ਸਨ। ਗੁਰੂਆਂ ਨੇ ਆਪਣਾ ਨਿਤਨੇਮ ਬਣਾਇਆ ਹੋਇਆ ਸੀ।

ਪਹਿਰ ਰਾਤ ਰਹਿੰਦੀ ਜਾਗ ਖੁਲ੍ਹਦੀ, ਮੰਜੀ ਨੂੰ ਉਸੇ ਵੇਲੇ ਤਿਲਾਂਜਲੀ ਦੇ ਦਿੱਤੀ ਜਾਂਦੀ। ਬਿਸਤਰਾ ਉਸੇ ਵੇਲੇ ਉਠਾਉਣ ਦਾ ਹੁਕਮ ਸੀ, ਦਰਿਆ ਕੋਲ ਵਗਦਾ ਸੀ। ਪਾਣੀ ਦੀ ਕੋਈ ਘਾਟ ਨਹੀਂ ਸੀ। ਦਰਿਆ ਵਿਚ ਇਸ਼ਨਾਨ ਤੇ ਫੇਰ ਬੰਦਾ ਖੁਲ੍ਹੇ ਪਾਣੀ ਵਿਚ ਚੁਭੀਆਂ ਮਾਰ ਸਕਦਾ ਏ। ਇਹ ਤੇ ਗੁਰੂ ਸਨ। ਸੇਵਕ ਆਪੇ ਹੀ ਬਿਨਾਂ ਆਖਿਆਂ ਇਕ ਇਕ ਗਾਗਰ ਦਰਿਆ ਵਿਚੋਂ ਭਰ ਕੇ ਲੈ ਆਉਂਦੇ। ਕਿਤੇ ਗਿਣਤੀ ਵਿਚ ਫਰਕ ਨਾ ਆ ਜਾਏ। ਆਖਣ ਨੂੰ ਤੇ ਸੌ ਗਾਗਰ ਆਖ ਲਵੋ ਪਰ ਸੇਵਕ ਇਕ ਵੇਰ ਤੇ ਦਰਿਆ ਵਗਾ ਦਿੰਦੇ ਸਨ। ਖੁਲ੍ਹਾ ਇਸ਼ਨਾਨ ਕਰਦੇ ਅਤੇ ਕਦੀ ਮੌਜ ਆਉਂਦੀ ਤਾਂ ਸਤਿਲੁਜ ਨੂੰ ਭਾਗ ਲਾਉਂਦੇ। ਫੇਰ ਚੌਂਕੜਾ ਮਾਰ ਕੇ ਸਮਾਧੀ ਲਾਉਂਦੇ। ਸ਼ਬਦ ਦੀ ਇਕ ਤੁਕ ਪੜ੍ਹਦੇ ਤੇ ਉਹਦੇ ਵਿਚ ਹੀ ਸਮਾ ਜਾਂਦੇ। ਜਦ ਪ੍ਰਭਾਤ ਘੁੰਡ ਵਿਚੋਂ ਮੂੰਹ ਕੱਢਦੀ ਤੇ ਲਾਲੀ ਦੀ ਚਾਸ਼ਨੀ ਦਾ ਛਿੱਟਾ ਜਿਹਾ ਮਾਰਦੀ ਤੇ ਫੇਰ ਹਜ਼ੂਰ ਬਸਤਰ ਪਾਉਂਦੇ, ਪੁਸ਼ਾਕਾ ਸਜਾ ਸਤਿਸੰਗ ਵਿਚ ਆ ਜਾਂਦੇ। ਦੀਵਾਨ ਸਜਿਆ ਹੁੰਦਾ। ਮਹੀਨ ਕਪੜਿਆਂ ਦੇ ਸ਼ੌਕੀਨ ਸਨ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲੈਂਦੇ ਫੇਰ ਪਾਠ ਸੁਣਦੇ। ਰਬਾਬੀਆਂ ਨੂੰ ਹੁਕਮ ਸੀ ਕਿ ਆਸਾ ਦੀ ਵਾਰ ਦੇ ਕੀਰਤਨ ਵਿਚ ਸੰਗਤ ਮਗਨ ਹੋ ਜਾਂਦੀ ਤਾਂ ਫੇਰ ਜੋਟਿਆਂ ਦੇ ਸ਼ਬਦ ਜ਼ਰੂਰ ਪੜ੍ਹਦੇ। ਆਰਤੀ ਦਾ ਸ਼ਬਦ ਕੇਵਲ, 'ਗਗਨ ਮਹਿ ਥਾਲ' ਪੜ੍ਹ ਕੇ ਭੋਗ ਪਾਇਆ ਜਾਂਦਾ।

ਅਰਦਾਸ ਖੜ੍ਹੇ ਹੋ ਕੇ ਕਰਨ ਦਾ ਰਿਵਾਜ ਪਾ ਦਿੱਤਾ ਹਜ਼ੂਰ ਨੇ ਤੇ ਫੇਰ ਇਹ ਮਰਿਆਦਾ ਬਣ ਗਈ। ਤੇ ਫੇਰ ਸਾਰੀ ਸੰਗਤ ਨਾਲ ਲੰਗਰ ਵਿਚ ਪੁੱਜ ਜਾਂਦੇ। ਪਹਿਲਾਂ ਸਾਰੀ ਸੰਗਤ ਨੂੰ ਛਕਾਇਆ ਜਾਂਦਾ। ਕਈ ਵਾਰ ਸਤਿਗੁਰ ਆਪ ਵੀ ਵਰਤਾਉਂਦੇ ਅਤੇ ਸੰਗਤ ਨੂੰ ਰਿਸ਼ੀਆਂ ਮੁਨੀਆਂ ਵਾਂਗ ਆਦਰ, ਭਾਉ ਨਾਲ ਵਰਤਾਇਆ ਜਾਂਦਾ। ਲੰਗਰ ਛਕਾ ਕੇ ਬਹੁਤ ਪ੍ਰਸੰਨ ਹੁੰਦੇ ਅਤੇ ਫੇਰ ਆਪਣੀ ਥਾਲੀ ਲੈ ਕੇ ਆਪ ਛਕਦੇ। ਕੁਝ ਚਿਰ ਆਰਾਮ ਤੇ ਫੇਰ ਸ਼ਿਕਾਰ। ਹੁਕਮ ਸੀ ਕਿ ਕਿਸੇ ਜਾਨਵਰ ਨੂੰ ਮਾਰਨਾ ਨਹੀਂ। ਜੇ ਹਿੰਮਤ ਏ ਤਾਂ ਜਿਊਂਦੇ ਫੜੋ, ਤਾਂ ਤੇ ਹੋਈ ਨਾ ਬਹਾਦਰੀ। ਜੇ ਗ਼ਲਤੀ ਨਾਲ ਸ਼ਿਕਾਰ ਜ਼ਖ਼ਮੀ ਵੀ ਹੋ ਜਾਏ ਤਾਂ ਫੇਰ ਰਖ ਵਿਚ ਲੈ ਆਵੋ। ਆਪ ਇਲਾਜ ਕਰਨਾ, ਆਪਣੇ ਹੱਥਾਂ ਨਾਲ। ਜਦ ਸ਼ਿਕਾਰ ਨੌ ਬਰ ਨੌ ਹੋ ਜਾਂਦਾ ਤਾਂ ਫੇਰ ਉਹਨੂੰ ਖੁਲ੍ਹਾ ਛੱਡ ਦਿੰਦੇ। ਸੁਭਾਅ ਹੀ ਬਦਲ ਜਾਂਦਾ ਇਕ ਅਠਵਾਰੇ ਵਿਚ, ਹੋਰ ਦਾ ਹੋਰ ਹੋ ਜਾਂਦਾ ਸ਼ਿਕਾਰ। ਇਹ ਸੁਹਬਤ ਦਾ ਅਸਰ ਸੀ ਜਾਂ ਬਾਣੀ ਦਾ ਪ੍ਰਭਾਵ ਹੋਵੇਗਾ। ਪਰ ਕੁਝ ਹੈ ਜ਼ਰੂਰ ਸੀ।

ਸ਼ਾਮ ਨੂੰ ਕਥਾ ਹੁੰਦੀ। ਕਥਾ ਸਤਿਗੁਰ ਆਪ ਹੀ ਕਰਦੇ। ਵਿਦਵਾਨਾਂ ਦਾ ਗੜ੍ਹ ਹੁੰਦਾ। ਸੰਗਤ ਵਿਚ ਗਿਆਨ ਅੰਮ੍ਰਿਤ ਦੀ ਵਰਖਾ ਹੁੰਦੀ। ਮਨ ਸ਼ਾਂਤ, ਸ਼ੁੱਧ, ਨਿਰਮਲ ਹੋ ਜਾਂਦਾ। ਉਜਲੇ ਹਿਰਦੇ ਗਿਆਨ ਅੰਮ੍ਰਿਤ ਦਾ ਪ੍ਰਤਾਪ ਸੀ ਬਾਣੀ।

ਅਖੰਡ ਕੀਰਤਨ ਹੁੰਦਾ ਰਹਿੰਦਾ ਤੇ ਹਜ਼ੂਰ ਫੇਰ ਫੁਲਵਾੜੀ ਦੀ ਸੈਰ ਕਰਨ ਚਲ ਪੈਂਦੇ। ਤੇ ਫੇਰ ਵਾਰੀ ਆਉਂਦੀ ਸ਼ਫ਼ਾਖਾਨੇ ਦੀ, ਦਵਾਖਾਨਾ ! ਮਰੀਜ਼ਾਂ ਦੇ ਦੁੱਖ ਹਰੇ ਜਾਂਦੇ। ਘੋੜ ਸਵਾਰੀ ਆਪ ਵੀ ਕਰਦੇ ਤੇ ਨੇਜ਼ੇਬਾਜ਼ੀ ਵੀ ਵੇਖਦੇ। ਬੱਚਿਆਂ ਨੂੰ ਇਕੱਠਾ ਕਰਕੇ ਉਪਦੇਸ਼ ਦਿੰਦੇ। ਨਵੀਂ ਪਨੀਰੀ ਨੂੰ ਸੰਵਾਰਿਆ ਜਾ ਰਿਹਾ ਸੀ। ਨਵੀਂ ਕੌਮ ਉਸਰ ਰਹੀ ਸੀ। ਰੁੱਖਾਂ ਨਾਲ ਬੜਾ ਪਿਆਰ ਸੀ। ਜਾਨਵਰਾਂ ਨਾਲ ਬੜਾ ਪਿਆਰ ਕਰਦੇ ਪੁੱਤਾਂ ਵਾਂਗੂ। ਹੱਥੀਂ ਚੋਗਾ ਖਿਲਾਉਣਾ। ਜਾਨਵਰ ਵੀ ਏਨੇ ਗਿਝ ਗਏ ਸਨ। ਦਾਣੇ ਹਜ਼ੂਰ ਦੇ ਹੱਥਾਂ ਵਿਚੋਂ ਚੁੰਝਾਂ ਭਰ ਭਰ ਕੇ ਲੈ ਜਾਂਦੇ। ਬਹੁਤ ਵੱਡੀ ਪਿਰਤ ਪਾਈ ਗਈ।

ਸੋਦਰ ਦੇ ਵੇਲੇ ਵੀ ਹਜ਼ੂਰ ਆਪ ਹਾਜ਼ਰੀ ਭਰਦੇ। ਕੀਰਤਨ ਕਰਨਾ, ਕੀਰਤਨ ਸੁਣਨਾ, ਤੇ ਨੇਮ ਬਣਾਏ। ਇਹ ਸਭ ਹਜ਼ੂਰ ਦੀ ਬਖ਼ਸ਼ਸ਼ ਸੀ। ਗੁਰੂ ਹਰਿ ਰਾਇ ਨੇ ਕਾਇਆ ਪਲਟ ਦਿੱਤੀ ਕੀਰਤਪੁਰ ਦੀ।

ਸਾਰਾ ਪੰਜਾਬ ਹੁਣ ਕੀਰਤਪੁਰ ਤੋਂ ਰੌਸ਼ਨੀ ਲੈ ਰਿਹਾ ਸੀ।

□

੨੦

ਸਤਿਗੁਰ ਬੋਲਿਆ

ਸ਼ਾਹੀ ਫ਼ਰਮਾਨ ਤੋਂ ਘੱਟ ਨਹੀਂ ਅੱਜ ਦਾ ਉਪਦੇਸ਼, ਜਦ ਦੀ ਗੱਦੀ ਮਿਲੀ ਸੀ ਸੰਗਤ ਨਾਲ ਮਿਲ ਬੈਠਣ ਦਾ ਮੌਕਾ ਨਹੀਂ ਸੀ ਮਿਲਿਆ। ਗੁਰੂ ਦੇ ਮੁੱਖ ਤੋਂ ਅਜੇ ਸੰਗਤ ਨੇ ਬਚਨ ਨਹੀਂ ਸਨ ਸੁਣੇ। ਦੀਵਾਨ ਭਰਿਆ ਹੋਇਆ ਸੀ, ਸੰਗਤ ਜੁੜੀ ਹੋਈ ਸੀ। ਰੂਹ ਇਸ਼ਨਾਨ ਕਰ ਚੁੱਕੀ ਸੀ ਬਾਣੀ ਦਾ। ਪਾਵੱਤਰ ਦਿਲ ਖਿੜ ਗਿਆ ਸੀ। ਪਤਾ ਨਹੀਂ ਗੁਰੂਆਂ ਕੋਲ ਕੀ ਗੁਰ ਏ। ਪਹਾੜ ਦੀ ਸਾਰੀ ਸੰਗਤ ਤੇ ਜਾਦੂ ਉਹਨਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ। ਪਹਾੜੀਏ ਪੱਥਰ ਦਿਲ ਦੇ ਆਦਮੀ ਹਨ। ਛੇਤੀ ਨਾਲ ਉਹਨਾਂ ਦੇ ਦਿਲ ਤੇ ਅਸਰ ਨਹੀਂ ਹੁੰਦਾ। ਕੋਈ ਕਸ਼ਿਸ਼ ਏ ਗੁਰੂਆਂ ਵਿਚ, ਕਰਾਮਾਤ ਏ ਜਾਂ ਰਹਿਮਤ। ਗੁਰੂ ਰੀਤੀ ਨੂੰ ਪੱਕਾ ਕੀਤਾ ਜਾ ਰਿਹਾ ਸੀ। ਕੌਮ ਦੀ ਉਸਾਰੀ ਵੱਲ ਧਿਆਨ ਦਿੱਤਾ ਜਾ ਰਿਹਾ ਸੀ। ਲੋਕ ਆਖ ਰਹੇ ਸਨ ਕਿ ਦਾਦੇ ਵਾਲੀ ਸ਼ਕਤੀ, ਭਗਤੀ, ਗਿਆਨ, ਪਵਿੱਤਰਤਾ, ਜੰਗ ਦੀਆਂ ਮਸ਼ਕਾਂ ਵਿਚ ਪੂਰੇ ਉਤਰ ਰਹੇ ਸਨ ਗੁਰੂ ਹਰਿ ਰਾਇ ਜੀ।

ਅਜੇ ਉਮਰ ਛੋਟੀ ਏ, ਜ਼ਰਾ ਜਵਾਨੀ ਚੜ੍ਹਨ ਦਿਓ। ਇਹਦੇ ਵਿਚ ਉਮਰ ਦਾ ਕੀ ਸੰਬੰਧ ਹੈ। ਗੁਰੂ ਜੋਤ ਏ ਜਦ ਜੋਤ ਆ ਗਈ ਤਾਂ ਆਪ ਗੁਰੂ ਜਗ ਤਾਰਨ ਹਾਰ ਹੋ ਗਿਆ। ਫੇਰ ਜੋ ਕੁਝ ਕਰਦਾ ਏ ਕਰਤਾਰ ਕਰਦਾ ਏ।

ਚਿਹਰ ਤੇ ਨੂਰ ਬਰਸਦਾ ਏ। ਮੁੱਖ ਵਿਚੋਂ ਮਿੱਠੀ ਤੇ ਸੁਰੀਲੀ ਬਾਣੀ ਨਿਕਲਦੀ। ਲੋਕ ਮੋਹਿਤ ਹੋ ਜਾਂਦ। ਜਾਦੂ ਸੀ ਕੋਈ ਆਵਾਜ਼ ਵਿਚ। ਮੁਖਾਰਬਿੰਦ ਚੋਂ ਜਿਹੜੇ ਵੀ ਬਚਨ ਬੋਲਦੇ ਹਿਰਦੇ ਵਿੰਨ੍ਹੀ ਜਾਂਦਾ। ਧੁਨੀ ਤਕ ਉਹਦਾ ਅਸਰ ਪੈਂਦਾ। ਨਵੀਂ ਸਵੇਰ ਤੇ ਨਵਾਂ ਸੂਰਜ ਜਦ ਵੀ ਚੜ੍ਹਦਾ ਉਹਦੀ ਧੁੱਪ ਵਿਚ ਜ਼ਰਾ ਜਿੰਨਾ ਵੀ ਫਰਕ ਨਹੀਂ ਸੀ ਪੈਂਦਾ। ਸੂਰਜ ਸੂਰਜ ਏ, ਉਹਦਾ ਤੇਜ ਕਿਦਾਂ ਘਟ ਸਕਦਾ ਏ।

ਸਤਿਗੁਰ ਬੋਲਿਆ—

—ਯਕੀਨ ਦੇ ਘਰ ਰਹੋ। ਸਤਿਨਾਮ ਜਪੋ

—ਕਾਮ ਕ੍ਰੋਧ ਦੇ ਨੇੜੇ ਨਾ ਜਾਓ, ਇਹ ਹੀ ਕਾਇਆ ਨੂੰ ਗਾਲਦਾ ਹੈ।

—ਮਾੜੇ ਕੰਮਾਂ ਤੋਂ ਪ੍ਰਹੇਜ਼ ਕਰੋ। ਸ਼ੁਭ ਕਰਮਨ ਤੋਂ ਕਦੇ ਨ ਟਰੋ।

—ਚੋਰੀ ਕਦੇ ਨਾ ਕਰਨੀ। ਸੁਚੀ ਕਿਰਤ ਰਖੋ।

—ਨਿਕੀ ਨਿਕੀ ਗੱਲੀਂ ਝਗੜੇ ਨਹੀਂ ਪਾਉਣੇ।

—ਮੰਦਾ ਕਿਸੇ ਨੂੰ ਨ ਆਖੋ, ਦਿਲ ਦੁਖਾਉਣਾ ਹਰਾਮ ਜਾਣੋ।

—ਮਾਂ ਬਾਪ ਦੀ ਸੇਵਾ ਹੀ ਭਗਤੀ ਹੈ।

—ਘਰ ਵਿਚ ਹੀ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ।

—ਮਨੁਖਾ ਦੇਹ ਦੁਰਲਭ ਹੈ। ਵਿਸ਼ੇ ਵਿਕਾਰ ਵਿਚ ਪੈ ਕੇ 'ਜੀਵਨ ਦੀ ਬਾਜ਼ੀ ਨਾ ਹਾਰੋ'।

—'ਵਿਸਅਨ ਵਿਖੈ ਇਸ ਕੋ ਨਹਿ ਹਾਰੋ'।

—ਖ਼ੁਦਗਰਜ਼ੀ ਛਡੋ। ਪਰਸਵਾਰਥ ਦਾ ਜੀਵਨ ਜੀਓ।

—ਆਤਮ ਵਿਦਿਆ ਪ੍ਰਾਪਤ ਕਰੋ। ਸੰਤਾਂ ਦੀ ਸੰਗਤਿ ਢੂੰਡ ਕੇ ਵੀ ਕਰੋ।

—ਪਰਪੰਚ ਤਜੋ। ਸਭ ਵਿਚ ਉਸ ਦੀ ਜੋਤ ਨਿਹਾਰੋ।

—ਇਸ ਜਗਤ ਵਿਚ ਹੀ ਖਚਤ ਨਾ ਹੋ ਜਾਓ।

—ਇਹ ਜਗਤ ਸੁਪਨੇ ਨਿਆਈਂ ਹੈ।

—ਮਤ ਉੱਚੀ ਰਖੋ। ਪ੍ਰਮਾਤਮਾ ਹੀ ਸਤਿ ਚਿਤ ਅਨੰਦ ਹੈ।

—ਸੰਸਾਰ ਪਾਰ ਕਰਨ ਦਾ ਜਹਾਜ਼ ਸਾਧ ਸੰਗਤਿ ਹੈ।

—ਪਾਵਨ ਪੋਤ ਗਹੁ ਸਤ ਸੰਗਤਿ।

—ਨਾਮ ਜਪਣਾ ਹੀ ਵੱਡਾ ਕਰਮ ਹੈ।

—ਗਿਆਨ ਪ੍ਰਾਪਤ ਕਰਨਾ ਹੀ ਧਿਆਨ ਹੈ।

—ਜਿਵੇਂ ਸੋਨੇ ਦੇ ਗਹਿਣੇ ਘੜਾ ਕੇ ਪਾਈਦੇ ਹਨ, ਇਹ ਨਾਮ ਗਹਿਣਾ ਹੈ।

—ਕਿਰਤ ਵਿਚੋਂ ਦਸਵੰਧ ਜ਼ਰੂਰ ਕਢੋ, ਇਸ ਤਰ੍ਹਾਂ ਸੁਖ ਘਰੋਂ ਨਹੀਂ ਜਾਣਗੇ।

—'ਤਾਂ ਮਧ ਤੇ ਦਸਵੰਧ ਗੁਰੂ ਹਿਤ
ਦੇਤ ਰਹੇ ਤੂ ਰਾਹ ਸੁਖ ਸਾਰੋ।

—ਜੀਵਨ ਵਾਸ਼ਨਾ ਰਹਿਤ ਗੁਜ਼ਰਾਨਾ ਹੀ ਵੱਡੀ ਬਰਕਤ ਹੈ।

—ਚਿਤ ਕੀ ਬ੍ਰਿਤਿ ਅੰਤਰਿ ਲੇਹੁ ਟਿਕਾਈ।

—ਨਿਸਚਾ ਰਖੋ ਤੇ ਵੈਰਾਗੀ ਰਹੋ।

—ਜੋ ਅਜਿਹਾ ਕਰੇਗਾ ਅਤੇ ਸੰਗਤਿ ਵਿਚ ਨੇਮ ਤੇ ਪ੍ਰੇਮ ਨਾਲ ਜਾਏਗਾ ਉਸਦਾ ਮਨ ਰੰਗਿਆ ਜਾਏਗਾ ਅੰਤ ਜੀਵਨ ਪੰਥ ਆਸਾਨੀ ਨਾਲ ਕਟਿਆ ਜਾਏਗਾ।

—ਅਤੇ ਕਦੇ ਡੋਲੇਗਾ ਨਹੀਂ।

—ਜੀਵਨ ਭੋਗ ਸੁਪਨੇ, ਸੁਖੇ ਪਦ ਅਚੁਤ।

ਏਸ ਉਪਦੇਸ਼ ਨੇ ਦੇਸ਼ ਬਦੇਸ਼ ਵਿਚ ਧੁੰਮਾਂ ਪਾ ਦਿਤੀਆਂ। ਲੋਕ ਆਖਣ ਲਗ ਪਏ ਦਾਦੇ ਗੁਰੂ ਤੋਂ ਵੀ ਅਗੇ ਹੜੱਪੇ ਮਾਰਨ ਲਗ ਪਿਆ ਏ ਇਹ ਗੁਰੂ। ਇਹ ਮੁਹਾਰਾਂ ਮੋੜੂ। ਕੌਮ ਵਿਚ ਦ੍ਰਿੜ੍ਹਤਾ, ਪੁਖ਼ਤਗੀ ਤੇ ਵਿਸ਼ਵਾਸ ਜਾਗੇਗਾ ਭਾਵੇਂ ਮਧਮ ਤੇ ਹੌਲੀ ਹੌਲੀ ਏਸ ਰੋਸ਼ਨੀ ਨੂੰ ਕਬੂਲਣਗੇ। ਪਰ ਕੋਲ ਵਸਦੇ ਗਵਾਂਢੀ ਤੇ ਗਲ ਜ਼ਰੂਰ ਸੁਣਦੇ ਸਨ। ਬਜ਼ੁਰਗ ਆਖਦੇ ਹਨ:

ਸਤਲੁਜ ਨਦੀ ਵਿਚ ਰੋਜ਼ ਤੂਫਾਨ ਠਾਠਾਂ ਮਾਰਦਾ, ਢੁਡਾਂ ਮਾਰ ਕੇ ਕਿਨਾਰੇ ਭੰਨ ਰਿਹਾ ਏ। ਪਾਣੀ ਉਛਲ ਰਿਹਾ ਏ। ਕੀਰਤ ਪੁਰ ਵਿਚ ਜਾਗਰਤੀ ਆ ਰਹੀ ਏ। ਪਰ ਸਿਆਣੇ ਬਾਰ ਬਾਰ ਇਹ ਆਖਣੋਂ ਨਾ ਮੁੜਦੇ ਕਿ ਸਤਲੁਜ ਅਜੇ ਜੇਰਾ ਕਰ।

ਬੜਾ ਵੇਲਾ ਪਿਆ ਏ, ਤੈਨੂੰ ਭੰਗੜੇ ਪਾਉਣ ਦਾ, ਰੀਝ ਲਾਹ ਲਵੀਂ। ਪਰ ਕੁਝ ਦਿਨ ਲਈ ਮੂੰਹ ਤੇ ਪੱਲਾ ਪਾ ਕੇ ਮਿਠੀ ਮਿਠੀ ਨੀਂਦ ਦੇ ਦੋ ਹੁਲਾਰੇ ਲੈ ਲੈ। ਅਜੇ ਗਭਰੂਆਂ ਤੇ ਜਵਾਨੀ ਆਉਣ ਦੇ ਇਹ ਸੰਭਾਲਿਆਂ ਵੀ ਨਹੀਂ ਸੰਭਾਲੇ ਜਾਣੇ।

ਭਾਈ ਗੁਰਦਾਸ ਦੀਆਂ ਵਾਰਾਂ ਨੂੰ ਲੋਕਾਂ ਜ਼ਬਾਨੀ ਕੰਠ ਕਰ ਲਿਆ ਸੀ। ਗੁਰੂ ਉਨ੍ਹਾਂ ਵਲ ਇਸ਼ਾਰਾ ਕਰਕੇ ਕਹਿੰਦੇ ਹਨ, ਸਾਡਾ ਮੂਢ ਭਾਈ ਗੁਰਦਾਸ ਹੀ ਹੈ। ਗੁਰੂ ਦੇ ਗੋਡੇ ਮੁਢ ਬੈਠ ਕੇ ਸੰਥਾ ਲਈ ਏ ਤੇ ਪੂਜਣਹਾਰ ਏ। ਪੱਥਰ ਤੇ ਲੀਕ ਨੇ, ਵਾਰਾਂ ਭਾਈ ਗੁਰਦਾਸ ਦੀਆਂ—

"ਪਿਛਲ ਰਾਤੀਂ ਜਾਗਣਾ, ਨਾਮ ਦਾਨ ਇਸ਼ਨਾਨ ਦ੍ਰਿੜ੍ਹਾਏ।
ਮਿਠਾ ਬੋਲਣ, ਨਿਵ ਚਲਣ, ਹਥਹੁ ਦੇ ਕੈ ਭਲਾ ਮਨਾਏ।
ਥੋੜ੍ਹਾ ਸਵਣਾ, ਖਾਵਨਾ ਥੋੜ੍ਹਾ ਬੋਲਣਾ ਗੁਰਮਤਿ ਪਾਏ।
ਘਾਲਿ ਖਾਇ ਸੁਕ੍ਰਿਤ ਕਰੇ, ਵਡਾ ਹੋਇ ਨ ਆਪ ਗਣਾਏ।
ਸਾਧ ਸੰਗਤਿ ਮਿਲਿ ਗਾਵਦੇ ਰਾਤ ਦਿਨੇ ਨਿਤ ਚਲਿ ਚਲਿ ਜਾਏ।
ਸ਼ਬਦ ਸੁਰਤਿ ਪਰਚਾ ਕਰੇ, ਸਤਿਗੁਰ ਪਰਚੇ ਮਨ ਪਰਚਾਏ।
ਆਸਾ ਵਿਚਿ ਨਿਰਾਸ ਵਿਲਾਏ।

ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਭਾਈ ਗੁਰਦਾਸ ਦੀ ਵਾਰ ਨੇ। ਆਖਰ ਕਵੀ ਕਵੀ ਹੁੰਦੇ ਹਨ। ਰਬ ਦੀ ਬਖਸ਼ਸ਼ ਤੇ ਗੁਰੂ ਦੀ ਰਹਿਮਤ ਭਾਈ ਗੁਰਦਾਸ ਤੇ ਹੀ ਸੀ। ਡੰਡੀਆਂ ਕਢਣ ਵਾਲਾ ਭਾਈ ਗੁਰਦਾਸ ਹੀ ਸੀ ਨਾ।

ਸੰਗਤ ਦੇ ਹਿਰਦੇ ਦੀ ਸਲੇਟ ਤੇ ਗੁਰੂ ਦਾ ਨਾਂ ਲਿਖਿਆ ਗਿਆ। ਪੂੰਝਿਆਂ ਪੂੰਝਿਆ ਨਹੀਂ ਜਾ ਸਕਦਾ। ਪੰਜਾਬ ਦੀ ਆਤਮਾ ਹਨ, ਗੁਰੂ।

੫
ਆਸਾੜੁ

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ੍ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ, ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ, ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ, ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ, ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ, ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥

੨੧
ਕਾਣਾ ਲੰਗਰ

ਘਰ ਵਿਚ ਪੰਜ ਜੀਅ ਹੋਣ ਚੌਂਕੇ ਵਿਚ ਪੰਜਾਂ ਵਾਸਤੇ ਰੋਟੀ ਪੱਕੇ ਉਹਨਾਂ ਵਿਚ ਦੋ ਪ੍ਰਾਹੁਣੇ ਭੁਗਤ ਜਾਂਦੇ ਹਨ, ਹੋਰ ਰੋਟੀਆਂ ਪਕਾਉਣ ਦੀ ਲੋੜ ਨਹੀਂ ਪੈਂਦੀ।

ਲੰਗਰ ਵਿਚ ਕੁਦਰਤ ਵਲੋਂ ਹੀ ਕਸ਼ਿਸ਼ ਹੁੰਦੀ ਏ, ਲੰਗਰ 100 ਬੰਦੇ ਲਈ ਤਿਆਰ ਕਰਵਾਇਆ ਜਾਏ ਉਸੇ ਰਸਦ ਵਿਚੋਂ ਦੋ ਸੌ ਬੰਦੇ ਅਰਾਮ ਨਾਲ ਲੰਗਰ ਛੱਕ ਸਕਦੇ ਹਨ। ਫਿਰ ਵੀ ਲੰਗਰ ਬਚ ਹੀ ਜਾਂਦਾ ਹੈ।

ਲੰਗਰ ਦੀ ਮਰਿਆਦਾ ਵਿਚ ਹੀ ਬਰਕਤ ਏ। ਕਦੀ ਤੁਸਾਂ ਗੁਰੂ ਕਾ ਲੰਗਰ ਘਟਦਾ ਵੇਖਿਆ ਏ ਲੰਗਰ ਹਮੇਸ਼ਾ ਵਧਦਾ ਹੀ ਸੁਣੀਦਾ ਏ। ਲੰਗਰ ਘੱਟਣ ਦਾ ਕੀ ਕੰਮ। ਘਰ ਵਿਚ ਤੁਸੀਂ ਛੱਤੀ ਪਦਾਰਥ ਬਣਾ ਲਵੋ ਪਰ ਨਹੀਂ ਜੋ ਮਜ਼ਾ ਲੰਗਰ ਵਿਚ ਆਉਂਦਾ ਏ ਛੱਤੀ ਪਦਾਰਥਾਂ ਵਿਚ ਬਿਲਕੁਲ ਨਹੀਂ। ਲੰਗਰ ਦੀ ਤੇ ਕੁਝ ਲੀਲਾ ਹੀ ਨਿਆਰੀ ਏ।

ਇਕ ਸਮੇਂ ਮਾਲਵੇ ਵਿਚ ਕਾਲ ਪੈ ਗਿਆ, ਲੋਕ ਦਾਣੇ ਦਾਣੇ ਨੂੰ ਤਰਸਣ ਲੱਗ ਪਏ ਲੋਕਾਂ ਦੀਆਂ ਭੜੋਲੀਆਂ ਖਾਲੀ ਹੋ ਗਈਆਂ, ਕਿਸੇ ਕੀਮਤ ਤੇ ਵੀ ਕਣਕ ਦੇ ਦਾਣੇ ਵੇਖਣ ਨੂੰ ਨਸੀਬ ਨਹੀਂ ਸਨ ਹੁੰਦੇ। ਜਿਸ ਇਲਾਕੇ ਵਿਚ ਅੰਨ ਹੀ ਨਾ ਹੋਇਆ ਹੋਵੇ ਉਥੋਂ ਦੇ ਲੋਕ ਫਿਰ ਪੇਟ ਕਿਵੇਂ ਭਰਨ, ਖਾਧਿਆਂ ਤੇ ਫਿਰ ਖੂਹ ਖਾਲੀ ਹੋ ਜਾਂਦੇ ਹਨ, ਭੁੱਖੇ ਲੋਕਾਂ ਨੂੰ ਫਿਰ ਕੌਣ ਸੰਭਾਲੇ, ਜਾਂ ਬਾਦਸ਼ਾਹ ਖਜ਼ਾਨੇ ਦਾ ਮੂੰਹ ਖੋਲ੍ਹ ਦੇਵੇ ਤਾਂ ਫਿਰ ਲੋਕਾਂ ਦੀ ਪੇਟ ਪੂਜਾ ਹੋ ਜਾਵੇ। ਪਰ ਨਹੀਂ ਉਥੇ ਤੇ ਇਕ ਦੋ ਰੋਜ਼ ਖਾ ਲੈਣਗੇ, ਗਰੀਬਾਂ ਨੂੰ ਉਥੋਂ ਧਕੇ ਹੀ ਪੈਣਗੇ। ਰੋਟੀ ਦਾ ਟੁਕੜਾ ਉਹਨਾਂ ਨੂੰ ਉਥੋਂ ਵੀ ਨਹੀਂ ਲੱਭਣਾ, ਇਥੇ ਤੇ ਗੁਰੂ ਹੀ ਕਿਰਪਾ ਕਰੇ ਤਾਂ ਹੀ ਸਰਬਤ ਦਾ ਭਲਾ ਹੋ ਸਕਦਾ ਏ।

1616 ਦਾ ਸਾਲ ਪੰਜਾਬ ਤੇ ਬਹੁਤ ਭਾਰੀ ਸੀ। ਏਡਾ ਵੱਡਾ ਕਾਲ ਪੰਜਾਬ ਵਿਚ ਅਗੇ ਕਦੀ ਨਹੀਂ ਸੀ ਵੇਖਿਆ। ਭੁੱਖ ਹੱਥੋਂ ਤੜਪ ਤੜਪ ਕੇ ਮਰਦੇ ਬੰਦੇ ਘਰਾਂ ਦੇ ਘਰ ਖਾਲੀ ਹੋ ਗਏ।

ਜਦੋਂ ਸੁਣਿਆ ਗੁਰੂ ਹਰ ਰਾਇ ਨੇ ਇਕ ਕਾਂਬਾ ਜਿਹਾ ਛਿੜਿਆ ਸਰੀਰ ਵਿਚ, ਭੁੱਖ ਹੱਥੋਂ ਬੰਦਾ ਨਹੀਂ ਮਰਨਾ ਚਾਹੀਦਾ, ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਕੀ ਹੋਈ। ਇਕ ਇਕ ਮੁੱਠ ਅਨਾਜ ਦੀ ਦੇਣ ਪੰਜਾਬ ਵਾਲੇ, ਮਾਲਵੇ ਨੂੰ ਪੰਜ ਸਾਲ ਤਕ ਰੋਟੀ ਖਵਾ ਸਕਦੇ ਹਨ।

ਸੰਗਤਾਂ ਵੱਲ ਹਰਕਾਰੇ ਭੇਜੇ ਗਏ। ਤੇ ਹਰ ਗੁਰਸਿੱਖ ਘਰ ਘਰ ਲੰਗਰ ਲਾਏ। ਜਿਸ ਪਿੰਡ ਵਿਚ ਧਰਮਸ਼ਾਲਾ ਸੀ ਉਥੇ ਤੇ ਲੰਗਰ ਚਲਦਾ ਹੀ ਸੀ ਗੁਰੂ ਦਾ ਹਰ ਵੇਲੇ ਭਾਵੇ ਸ਼ਾਮ ਹੋਵੇ ਤੇ ਭਾਵੇਂ ਸਵੇਰ। ਅੱਧੀ ਰਾਤ ਨੂੰ ਵੀ ਕੋਈ ਬੂਹੇ ਖੜਕਾਵੇ ਉਹਨੂੰ ਪੇਟ ਭਰਵਾਂ ਪ੍ਰਸ਼ਾਦ ਜ਼ਰੂਰ ਮਿਲੇਗਾ ਇਹੋ ਹੀ ਤੇ ਸਿੱਖੀ ਏ, ਇਹੋ ਹੀ ਪੁੰਨ ਏ ਜਿਹੜਾ ਦਿਲੋਂ ਸੇਵਾ ਕਰੇਗਾ। ਪਹਿਲਾਂ ਕਿਸੇ ਨੂੰ ਖਵਾ ਕੇ ਛਕੇਗਾ, ਮੁੱਠੀ ਚਾਪੀ ਕਰੇਗਾ :

ਵਹੀ ਮੇਰਾ ਸਿੱਖ ਹੈ। ਅਰ ਵਹੀ ਮੇਰਾ ਲੰਗਰ ਹੈ।

ਗੁਰੂ ਕੇ ਲੰਗਰ ਦੀ ਮਰਿਆਦਾ ਬਦਲੀ। ਜਿਸ ਧਰਮਸ਼ਾਲਾ ਵਿਚ ਲੰਗਰ ਚਲਦਾ ਸੀ ਉਥੇ ਇਕ ਨਗਾਰਾ ਰੱਖਿਆ ਗਿਆ। ਨਗਾਰਾ ਵਜਦਾ ਦੂਰ ਦੂਰ ਤਕ ਅਵਾਜ਼ ਜਾਂਦੀ ਜਿਸ ਦਾ ਮਤਲਬ ਇਹ ਸੀ ਆਓ ਲੰਗਰ ਛੱਕੋ।

ਕਈ ਤੇ ਹਰ ਵੇਲੇ ਹੀ ਨਗਾਰਾ ਵਜਾਈ ਜਾਂਦੇ। ਦਿਨੇ ਆਓ ਜਾਂ ਰਾਤੀਂ ਲੰਗਰ ਤਿਆਰ ਮਿਲੂ। ਦਿਨਾਂ ਵਿਚ ਹੀ ਕਾਲ ਦੀ ਕਮਰ ਟੁੱਟ ਗਈ। ਬਿਨਾਂ ਮਜ਼ਹਬ, ਬਿਨਾਂ ਵਿਤਕਰੇ ਲੰਗਰ ਵੰਡਿਆ ਜਾਂਦਾ, ਭਾਵੇ ਕੋਈ ਕਿਸੇ ਮਜ਼ਹਬ ਤੇ ਇਮਾਨ ਰੱਖਦਾ ਹੋਵੇ। ਪਰ ਉਹਨਾਂ ਦਿਨਾਂ ਵਿਚ ਹਰ ਇਕ ਬੰਦੇ ਦੀ ਸ਼ਰਧਾ ਗੁਰੂਆਂ ਤੇ ਪੱਕੀ ਹੋ ਗਈ ਸੀ, ਹਰ ਬੰਦੇ ਨੇ ਇਕ ਈਮਾਨ ਲੈ ਆਂਦਾ ਸੀ ਗੁਰੂਆਂ ਤੇ, ਗੁਰੂ ਹੀ ਪੰਜਾਬ ਦੇ ਰਾਖੇ ਹਨ।

ਏਡੇ ਵੱਡੇ ਸੰਕਟ ਵਿਚੋਂ ਮਾਲਵੇ ਨੂੰ ਕੱਢਿਆ, ਇਸ ਕੀਤੇ ਕੰਮ ਨੂੰ ਵੇਖ ਕੇ ਹਕੂਮਤ ਦੀਆਂ ਅੱਖਾਂ ਸ਼ਰਮਾਈਆਂ ਤੇ ਇਲਾਕੇ ਦੇ ਹਾਕਮਾਂ ਨੇ ਗੁਰਾਂ ਦਾ ਬਹੁਤ ਧੰਨਵਾਦ ਕੀਤਾ। ਸ਼ਾਹੀ ਦਰਬਾਰ ਵਿਚ ਬੜੇ ਚਰਚੇ ਸਨ ਗੂੰਜਾਂ ਪਈਆਂ ਦਿੱਲੀ ਦਰਬਾਰ ਵਿਚ। ਬਾਦਸ਼ਾਹ ਨੇ ਵੀ ਦਿਲ ਕੱਢਿਆ ਪਰ ਉਹ ਗੱਲ ਬਣ ਨਾ ਸਕਦੀ ਜਿਹੜੀ ਗੁਰੂਆਂ ਕੀਤੀ ਸੀ। ਏਥੇ ਪਿਆਰ ਸੀ ਪਰ ਉਹਨਾਂ ਦੇ ਲੰਗਰ ਵਿਚ ਹਕੂਮਤ ਦਾ ਨਸ਼ਾ ਸੀ।

ਭਾਈ ਫੇਰੂ ਦਾ ਨਾਂ ਲੰਗਰ ਨਾਲ ਜੁੜਿਆ ਹੋਇਆ ਸੀ ਬੜੀ ਸ਼ਰਧਾ ਨਾਲ ਸੇਵਾ ਕਰਦੇ ਨਾ ਰਾਤ ਵੇਖਦੇ ਤੇ ਨਾ ਦਿਨ। ਸਿਰਫ ਇਕੋ ਹੀ ਲਗਨ ਸੀ ਲੰਗਰ ਛਕਾਇਆ ਜਾਏ। ਇਸੇ ਵਿਚ ਹੀ ਗੁਰੂ ਦੀ ਰਹਿਮਤ ਲੁਕੀ ਹੋਈ ਏ। ਇਕ ਦਿਨ ਥੱਕ ਗਏ ਭਾਈ ਫੇਰੂ, ਚੌਂਹ ਰਾਤਾਂ ਦਾ ਅੱਖਾਂ ਵਿਚ ਉਨੀਂਦਰਾ ਸੀ, ਲੰਗਰ ਵੀ ਮਸਤਾਨਾ ਹੋਣ ਹੀ ਵਾਲਾ ਸੀ, ਸੰਗਤ ਜ਼ਿਆਦਾ ਆ ਗਈ। ਲੰਗਰ ਤਿਆਰ ਕਰਨ ਵਿਚ ਵਕਤ ਲੱਗਣਾ ਸੀ ਪਰ ਭੁਖੇ ਨੂੰ ਤੇ ਰੋਟੀ ਉਸੇ ਵਲੇ ਚਾਹੀਦੀ ਏ। ਹੁਕਮ ਦਿੱਤਾ ਲਾਂਗਰੀ ਨੂੰ ਲੰਗਰ ਇਸੇ ਵੇਲੇ ਤਿਆਰ ਕਰੋ ਜਦ ਤਕ ਲੰਗਰ ਤਿਆਰ ਨਹੀਂ ਹੁੰਦਾ ਜੋ ਕੁਝ ਵੀ ਲੰਗਰ ਵਿਚ ਤਿਆਰ ਏ ਵਰਤਾਇਆ ਜਾਏ। ਬਦਕਿਸਮਤੀ ਨੂੰ ਵਰਤਾਵਾ ਭਾਈ ਫੇਰੂ ਸੀ। ਇਕ ਟੋਕਰਾ ਪ੍ਰਾਉਂਠਿਆਂ ਨਾਲ ਤੁਸਿਆ ਹੋਇਆ ਸੀ ਵਰਤਾਉਣੇ ਸ਼ੁਰੂ ਕਰ ਦਿੱਤੇ, ਦੂਜੇ ਪਾਸੇ ਦੀ ਪੰਗਤ ਵੱਲ ਪਰਾਉਂਠੇ ਨਹੀਂ ਸਨ ਪੁੱਜੇ। ਇੱਕ ਹੋਰ ਸੇਵਾਦਾਰ ਆਇਆ ਉਸ ਇਕ ਹੋਰ ਟੋਕਰਾ ਚੁਕਿਆ ਹੋਇਆ ਸੀ ਉਸ ਵਿਚ ਮਿਠੇ ਪ੍ਰਸ਼ਾਦੇ ਸਨ। ਉਸ ਮਿਠੇ ਪ੍ਰਸ਼ਾਦੇ ਵਰਤਾਉਣੇ ਸ਼ੁਰੂ ਕਰ ਦਿੱਤੇ, ਸੰਗਤ ਨੇ ਬੜੀ ਸ਼ਰਧਾ ਨਾਲ ਛਕਣੇ ਸ਼ੁਰੂ ਕਰ ਦਿੱਤੇ, ਭੁੱਖ ਲੱਗੀ ਹੋਵੇ ਤਾਂ ਕੋਈ ਨਹੀਂ

ਵੇਖਦਾ ਪ੍ਰਾਉਂਠੇ ਤੇ ਮਿੱਠੇ ਪ੍ਰਸ਼ਾਦੇ। ਪਰ ਵਿਚ ਕੋਈ ਵੀ ਤੇ ਚੂਲ ਮਾਰਨ ਵਾਲਾ ਹੁੰਦਾ ਏ, ਆਖਣ ਲੱਗਾ ਇਕ ਪ੍ਰਦੇਸੀ। ਭਾਈ ਜੀ ਗੁਰੂ ਕਾ ਲੰਗਰ ਤੁਸਾਂ ਕਾਣਾ ਕਰ ਛੱਡਿਆ ਏ।

ਭਾਈ ਜੀ ਦੇ ਪੈਰਾਂ ਥਲਿਓਂ ਜ਼ਮੀਨ ਨਿਕਲ ਗਈ, ਇਕ ਵਾਰ ਕਾਂਬਾ ਛਿੜਿਆ, ਹੱਥ ਜੋੜ ਕੇ ਆਖਣ ਲਗਾ ਭਾਈ ਫੇਰੂ—

ਵਰਤਾਵੇ ਦੀ ਭੁੱਲ ਏ ਗੁਰੂ ਕਾ ਲੰਗਰ ਸਭ ਲਈ ਸਮਾਨ ਏ। ਲੰਗਰ ਨੂੰ ਕਾਣਾ ਨਾ ਆਖੋ, ਮੇਰੀ ਅੱਖ ਬੇਸ਼ੱਕ ਕਾਣੀ ਹੋ ਜਾਏ, ਲੰਗਰ ਸਦਾ ਗੁਰੂ ਕਾ ਹੈ। ਜਿਥੇ ਅਮੀਰ, ਗਰੀਬ, ਊਚ, ਨੀਚ ਦਾ ਕੋਈ ਵਿਤਕਰਾ ਨਹੀਂ।

ਲੰਗਰ ਦਾ ਸ਼ੌਕ, ਲੰਗਰ ਦੀ ਸ਼ਰਧਾ, ਲੰਗਰ ਦਾ ਉਦਮ ਸਾਰੇ ਪੰਜਾਬ ਵਿਚ ਫੈਲ ਚੁਕਾ ਸੀ ਨਗਾਰੇ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ।

ਸਰਕਾਰੀ ਹਰਕਾਰੇ ਰਾਤਬਰਾਤੇ ਜਦ ਕਿਸੇ ਪਿੰਡ ਵਿਚ ਆਉਂਦੇ ਤਾਂ ਉਹਨਾਂ ਲਈ ਸਿਰਫ਼ ਇਕੋ ਹੀ ਟਿਕਾਣਾ ਸੀ ਗੁਰੂ ਕਾ ਲੰਗਰ, ਹੋਰ ਕਿਸੇ ਘਰੋਂ ਕੁਝ ਨਾ ਲੱਭਦਾ।

ਅੱਧੀ ਰਾਤੀ ਕੋਈ ਉਹਨਾਂ ਨੂੰ ਦੁਪੜਾਂ ਪਕਾ ਕੇ ਖਵਾਉਣੋਂ ਰਿਹਾ, ਦਿਨ ਚੜ੍ਹੇਗਾ ਤੇ ਫਿਰ ਪਤਾ ਲਗੇਗਾ ਤੇ ਤਾਂ ਜਾ ਕੇ ਦਾਅਵਤ ਦਾ ਇੰਤਜ਼ਾਮ ਹੋਵੇਗਾ।

ਪਰ ਗੁਰੂ ਦੇ ਦਰਵਾਜ਼ੇ ਅੱਠੋ ਪਹਿਰ ਖੁਲ੍ਹੇ ਸਨ, ਲੰਗਰ ਦੇ ਸਿਰ ਸਦਕੇ ਕਈਆਂ ਬੰਦਿਆਂ ਨੇ ਗੁਰੂਆਂ ਤੇ ਈਮਾਨ ਲੈ ਆਂਦਾ ਸੀ।

ਸੰਗਤ ਤੇ ਪੰਗਤ ਗੁਰੂ ਨਾਨਕ ਦੇਵ ਦੇ ਨਾਂ ਨੂੰ ਚਾਰ ਚੰਨ ਲਾ ਰਹੀ ਸੀ।

ਲੰਗਰ ਨੇ ਸੰਗੇ ਮੀਲ ਦਾ ਕੰਮ ਕੀਤਾ। ਹਕੂਮਤ ਦੀਆਂ ਅੱਖਾਂ ਵਿਚ ਸ਼ਰਮ ਸੀ, ਹਕੂਮਤ ਮੁੱਲ ਤਾਰਨਾ ਚਾਹੁੰਦੀ ਸੀ ਕੁਝ ਪਿੰਡ ਲੰਗਰ ਦੇ ਨਾਂ ਲਾ ਕੇ, ਤਾਂਕਿ ਗੁਰੂ ਅਹਿਸਾਨ ਥੱਲੇ ਦੱਬੇ ਰਹਿਣ।

ਪਰ ਗੁਰਾਂ ਇਨਕਾਰ ਕਰ ਦਿੱਤਾ ਤੇ ਆਖਿਆ ਇਹ ਸੰਗਤ ਦਾ ਲੰਗਰ ਏ। ਇਹਦੇ ਵਿਚ ਸਰਕਾਰੀ ਖਜ਼ਾਨੇ ਦੀ ਇਕ ਕੌਡੀ ਵੀ ਨਹੀਂ ਵਰਤੀ ਜਾ ਸਕਦੀ। ਲੰਗਰ ਸਰਕਾਰੀ ਖਜ਼ਾਨਿਆਂ ਨਾਲ ਨਹੀਂ ਚਲਦੇ, ਲੰਗਰ ਵਿਚ ਲੋਕਾਂ ਦਾ ਦਿਲ ਲੁਕਿਆ ਬੈਠਾ ਏ। ਇਸੇ ਲਈ ਇਹਦੇ ਵਿਚ ਬਰਕਤ ਏ।

੨੨

ਇਕ ਚੁਟਕੀ ਆਟਾ

ਗੁਰੂ ਦਾ ਲੰਗਰ ਸੰਗਤ ਦੇ ਸਿਰ ਤੇ ਹੀ ਚਲਦਾ ਏ, ਗੁਰੂ ਦੀ ਦ੍ਰਿਸ਼ਟੀ ਜ਼ਰੂਰ ਹੁੰਦੀ ਏ ਪਰ ਉਦਮ ਤੇ ਦਸਵੰਧ ਜ਼ਰੂਰੀ ਏ। ਲੰਗਰ ਵਿਚ ਰੌਣਕ ਲਈ।

ਕਦੀ ਵੇਖਿਆ ਏ ਜੋ ਬਾਦਸ਼ਾਹ ਦੇ ਲੰਗਰ ਚਲਦੇ। ਖ਼ੈਰਾਇਤ ਨਾਲ ਲੰਗਰ ਨਹੀਂ

ਚਲਦਾ। ਲੰਗਰ ਗੁਰੂ ਦੀ ਬਰਕਤ ਤੇ ਦਸਾਂ ਨਹੁੰਆਂ ਦੀ ਕਿਰਤ ਨਾਲ ਹੀ ਪਵਿੱਤਰ ਹੁੰਦਾ ਏ ਤੇ ਸ਼ਰਧਾ ਨਾਲ ਹੀ ਲੰਗਰ ਪਰਵਾਨ ਚੜ੍ਹਦਾ ਏ।

ਦੇਸ਼ ਵਿਚ ਕਈ ਜਗ੍ਹਾ ਕਾਲ ਪੈਂਦੇ ਆਏ ਤੇ ਕਈ ਜਗ੍ਹਾ ਬਾਦਸ਼ਾਹਾਂ ਨੇ ਖਜ਼ਾਨੇ ਦੇ ਮੂੰਹ ਖੋਲ੍ਹ ਦਿੱਤੇ ਪਰ ਭੁਖਿਆਂ ਦਾ ਢਿੱਡ ਨਾ ਭਰਿਆ। ਜਦੋਂ ਭੁਖਿਆਂ ਦੀ ਭੁੱਖ ਮੁੱਕੀ ਜਾਂ ਫਕੀਰਾਂ ਦੇ ਭੰਡਾਰੇ ਤੋਂ ਜਾਂ ਗੁਰੂ ਦੇ ਲੰਗਰ ਵਿਚ।

ਭਰੇ ਕਟੋਰੇ ਵਿਚੋਂ ਜੇ ਚਿੜੀ ਨੇ ਚੁੰਝ ਭਰ ਹੀ ਲਈ ਤਾਂ ਕੀ ਘਟ ਗਿਆ ਕਟੋਰੇ ਦਾ। ਦਾਨ ਦਿੱਤਿਆਂ ਧਨ ਨਹੀਂ ਘੱਟਦਾ ਸਗੋਂ ਵੱਧਦਾ ਏ।

ਆਟੇ ਦੀ ਭਰੀ ਪਰਾਤ ਵਿਚੋਂ ਜੇ ਚੁਟਕੀ ਆਟਾ ਕਿਸੇ ਨੂੰ ਵੀ ਦੇ ਦੇਈਏ ਤਾਂ ਕੀ ਘਾਟਾ ਪੈ ਚਲਿਆ ਏ। ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ ਬੰਦਾ ਲੰਗਰ ਵਿਚ ਜ਼ਰੂਰ ਕੁਝ ਪਾਵੇ।

ਗੁਰੂ ਦੇ ਲੰਗਰ ਵਿਚ ਹਰ ਸਿੱਖ ਯਥਾ ਸ਼ਕਤੀ ਅੰਨ, ਧਨ, ਰਸਦ ਪਾਵੇ, ਫਰਮਾਨ ਗੁਰਾਂ ਦਾ ਸੀ।

ਇਕ ਸਿੱਖ ਆਖਣ ਲੱਗਾ ਜੇ ਆਪਣੇ ਕੋਲ ਖਾਣ ਨੂੰ ਮਸਾਂ ਹੀ ਹੋਵੇ ਉਹ ਅੱਗੇ ਹੀ ਗਿਣਿਆ ਮਿਥਿਆ ਹੋਵੇ ਤਾਂ ਉਹ ਕੀ ਕਰੇ।

ਗੁਰਾਂ ਫਰਮਾਇਆ ਇਕ ਚੁਟਕੀ ਜਾਂ ਚਾਰ ਦਾਣੇ ਹੀ ਪਾਵੇ, ਪਾਈ ਰਸਦ ਨਾਲ ਬਰਕਤ ਆਉਂਦੀ ਏ। ਜੇ ਦੂਜੇ ਪਾਸੇ ਵੇਖਿਆ ਜਾਏ ਤਾਂ ਜੋ ਲੰਗਰ ਵਿਚੋਂ ਜਾਂ ਗੋਲਕ ਵਿਚੋਂ ਅੱਖ ਬਚਾ ਕੇ ਘਰ ਲੈ ਆਉਂਦੇ ਹਨ ਉਹਨਾਂ ਦੀਆਂ ਸਾਰੀਆਂ ਬਰਕਤਾਂ ਮੁੱਕ ਜਾਂਦੀਆਂ ਹਨ। ਸਿਰਫ ਪਰਸ਼ਾਦ ਹੀ ਘਰ ਲਿਆਇਆ ਜਾ ਸਕਦਾ ਏ।

ਸੰਗਤ ਵਿਚੋਂ ਇਕ ਸਿੱਖ ਨੇ ਸਾਖੀ ਸੁਣਾਈ। ਇਕ ਕਿਰਤੀ ਸੱਜਣ ਸਿੱਖ ਅਨਾਜ ਦੀ ਮੰਡੀ ਵਿਚੋਂ ਝਾੜੂ ਨਾਲ ਹੂੰਝ ਕੇ ਅਨਾਜ ਰੋਲ ਕੇ ਲਿਆਉਂਦਾ ਸੀ। ਜਦ ਉਹ ਉਹਨਾਂ ਦਾਣਿਆਂ ਨੂੰ ਧੋ ਸਵਾਰ ਕੇ ਸੁਕਣੇ ਪਾਉਂਦਾ ਤਾਂ ਕੁਦਰਤ ਦਾਤੇ ਦੀ ਉਹਨਾਂ ਦੇ ਘਰ ਵਿਚੋਂ ਇਕ ਚਿੜਾ ਦੋ ਦਾਣੇ ਚੁੰਝ ਵਿਚ ਫੜ ਕੇ ਗੁਰੂ ਕੇ ਲੰਗਰ ਵਿਚ ਆ ਪਾਉਂਦਾ ਕੁਝ ਦਿਨ ਲੰਘੇ ਘਰ ਵਿਚ ਬਰਕਤਾਂ ਆ ਗਈਆਂ ਦਿਨਾਂ ਵਿਚ ਹੀ ਸੌਖੇ ਹੋ ਗਏ, ਨਵਾਂ ਮਕਾਨ ਬਣਾ ਲਿਆ ਦੌਲਤ ਨਾਲ ਭੜੋਲੀਆਂ ਤੂਸੀਆਂ ਗਈਆਂ। ਉਛਲ-ਉਛਲ ਪੈਣ ਲੱਗਾ ਧਨ। ਵਿਸਰ ਗਿਆ ਪ੍ਰਭੂ। ਭੁੱਲ ਗਿਆ ਗੁਰੂ ਕਾ ਲੰਗਰ।

ਹਵਾ ਉਲਟੀ ਵਗ ਪਈ, ਜਦੋਂ ਦਿਨ ਭੈੜੇ ਆਉਂਦੇ ਹਨ ਤਾਂ ਕੋਈ ਸਾਥ ਨਹੀਂ ਦੇਂਦਾ ਆਪਣੇ ਵੀ ਪਰਾਏ ਹੋ ਜਾਂਦੇ ਹਨ। ਗੱਲ ਤਾਂ ਚਿੜੇ ਦੀ ਕਰ ਰਹੇ ਸਾਂ। ਜਾਨਵਰ ਵੀ ਬੜਾ ਸਿਆਣਾ ਤੇ ਜਾਣੀ ਜਾਣ ਹੁੰਦਾ ਏ। ਉਸ ਵੇਖਿਆ ਇਸ ਘਰ ਵਿਚ ਰੱਬ ਦਾ ਨਾਂ ਹੀ ਨਹੀਂ ਗੁਰੂ ਦਾ ਨਾਂ ਹੀ ਨਹੀਂ, ਇਹ ਦਾਤੇ ਨੂੰ ਭੁੱਲ ਗਏ ਹਨ ਘਰ ਵਾਲੇ, ਚਿੜੇ ਨੇ ਮਾਲਾ ਪੁੱਠੀ ਫੇਰਨੀ ਸ਼ੁਰੂ ਕਰ ਦਿੱਤੀ, ਚਿੜਾ ਕੀ ਜਾਣੇ ਮਾਲਾ ਕੀ ਹੁੰਦੀ ਏ।

ਕੁਦਰਤ ਨੇ ਹਰ ਜੀਅ ਨੂੰ ਸੋਝੀ ਦਿੱਤੀ ਏ। ਬੁੱਧੀ ਹਰ ਜੀਅ ਜੰਤ ਨੂੰ ਮਿਲੀ ਏ ਭਾਵੇਂ ਬਹੁਤੀ ਏ ਤੇ ਭਾਵੇਂ ਥੋੜ੍ਹੀ ਏ। ਯਾਰ ਮੈਂ ਅੱਗੇ ਇਹਨਾਂ ਦੇ ਘਰ ਵਿਚੋਂ ਦੋ ਦਾਣੇ ਚੁੰਝ ਭਰ ਕੇ ਲੈ ਜਾਂਦਾ ਸਾਂ ਤੇ ਗੁਰੂ ਦੇ ਘਰ ਵਿਚ ਪਾ ਆਉਂਦਾ ਸਾਂ। ਗੁਰੂ ਦੀਆਂ ਮਿਹਰਾਂ ਬਰਕਤਾਂ ਆ ਜਾਂਦੀਆਂ ਸਨ ਕੋਈ ਕਰੋਪੀ ਹੋ ਗਈ ਏ। ਮੇਰੇ ਕੋਲੋਂ ਜਾਂ ਮੇਰੇ ਮਾਲਕ ਕੋਲੋਂ।

ਜਾਨਵਰ ਵਿਚ ਵਿਚਾਰਨ ਦੀ ਸ਼ਕਤੀ ਨਹੀਂ। ਉਸ ਗੁਰੂ ਕੇ ਲੰਗਰ ਵਿਚੋਂ ਦੋ ਦਾਣੇ ਚੁੰਝ ਵਿਚ ਫੜਨੇ ਤੇ ਲਿਆ ਕੇ ਉਹਨਾਂ ਦੀ ਭੜੋਲੀ ਵਿਚ ਆ ਪਾਉਣੇ। ਚਿੜੇ ਨੇ ਹੁਣ ਇਹੋ ਰਾਹ

ਅਪਣਾ ਲਿਆ ਸੀ ਇਸੇ ਤਰ੍ਹਾਂ ਚਿੜ੍ਹਾ ਕਰਦਾ ਗਿਆ ਤੇ ਕੁਝ ਦਿਨ ਬੀਤੇ ਉਹਨਾਂ ਦੇ ਘਰ ਵਿਚ ਭਰੀਆਂ ਭੜੋਲੀਆਂ ਖਾਲੀ ਹੋਣ ਲੱਗ ਪਈਆਂ। ਭੂਤਨੇ ਨੱਚਣ ਲੱਗ ਪਏ, ਭੁੱਖ ਨੰਗ ਨੇ ਵਿਹੜੇ ਵਿਚ ਡੇਰੇ ਆਣ ਲਾਏ।

ਵਿਚਾਰਾਂ ਪਈਆਂ, ਡਰਦੇ ਕਿਸੇ ਨਾਲ ਗੱਲ ਨਾ ਕਰਨ। ਸਿਆਣੇ ਆਖਦੇ ਹਨ ਬੰਦੇ ਨੂੰ ਦੁੱਖ ਹੋਵੇ ਤਾਂ ਕੋਠੇ ਚੜ੍ਹ ਕੇ ਢੋਲ ਵਜਾਏ।

ਅਕਲ ਚਿਰ ਪਿੱਛੋਂ ਆਈ। ਇਕ ਗਵਾਂਢਣ ਨਾਲ ਗੱਲ ਕੀਤੀ।

—ਆਖਣ ਲੱਗਾ ਗਵਾਂਢੀ, ਤੈਥੋਂ ਕੋਈ ਭੁੱਲ ਹੋ ਗਈ ਏ, ਗੁਰੂ ਕੇ ਦਵਾਰੇ ਜਾ ਗੁਰੂ ਹੀ ਕੁਝ ਦੱਸਣਗੇ, ਸੱਚ ਸੱਚ ਜਾ ਆਖੀਂ, ਬੰਦਿਆਂ ਕੋਲੋਂ ਭੁੱਲਾਂ ਤੇ ਹੁੰਦੀਆਂ ਹੀ ਆਈਆਂ ਨੇ। ਗੁਰੂ ਜਾਣੀ ਜਾਣ ਹਨ, ਗੁਰੂ ਹੀ ਰੇਖ ਵਿਚ ਮੇਖ ਮਾਰ ਸਕਦੇ ਹਨ।

ਗੱਲ ਉਹਦੀ ਸਮਝ ਵਿਚ ਆ ਗਈ। ਵਿਚਾਰਨ ਲੱਗਾ, ਕੀ ਭੁੱਲ ਹੋ ਗਈ ਏ। ਕੀ ਦੱਸਾਂਗਾ ਗੁਰੂਆਂ ਕੋਲ ਜਾ ਕੇ।

ਜਾ ਮੱਥਾ ਟੇਕਿਆ, ਅਰਜ਼ ਕੀਤੀ ਹਜ਼ੂਰ ਮੈਂ ਪਹਿਲਾਂ ਬੜਾ ਗਰੀਬ ਸੀ, ਫਿਰ ਅਮੀਰੀ ਆਈ, ਖੂਬ ਮੌਜ ਗੁਲਛਰੇ ਉਡਾਏ ਤੇ ਫਿਰ ਦਿਨਾਂ ਵਿਚ ਹੀ ਗਰੀਬੀ ਨੇ ਮੁੜ ਮੇਰਾ ਬੂਹਾ ਆਣ ਮਲਿਆ।

ਗੁਰੂ ਚੁੱਪ ਰਹੇ ਤੇ ਆਖਣ ਲੱਗੇ ਕਿਰਤ ਕਰ ਦਸਾਂ ਨਹੁੰਆਂ ਦੀ ਤੇ ਉਹਦੇ ਵਿਚੋਂ ਕੁਝ ਗੁਰੂ ਕੇ ਲੰਗਰ ਵਿਚ ਪਾ, ਭਾਵੇਂ ਆਟੇ ਦੀ ਇਕ ਚੁਟਕੀ ਹੀ ਕਿਉਂ ਨਾ ਹੋਵੇ, ਉਹ ਅੰਨ ਜਿੰਨਿਆਂ ਮੂੰਹਾਂ ਵਿਚ ਪਵੇਗਾ ਓਨਾ ਹੀ ਵਾਧਾ ਹੋਵੇਗਾ।

ਮਸੰਦ ਜਿਹੜੇ ਦਸਵੰਧ ਇਕੱਠਾ ਕਰਦੇ ਹਨ ਉਸ ਰਕਮ ਵਿਚੋਂ ਬੇਲੋੜ ਵੰਦਾਂ ਨੂੰ ਵੰਡ ਦੇਂਦੇ ਹਨ, ਉਹ ਸਿੱਧੀ ਪੂਜਾ ਜਾਣੋਂ।

ਲੋਕਾਂ ਦੇ ਮੂੰਹ ਵਿਚ ਪਾਉਣਾ ਚਾਹੀਦਾ ਏ ਅੰਨ, ਉਹ ਅੰਨ ਜਿਹੜਾ ਸੰਗਤ ਵਿਚੋਂ ਇਕੱਠਾ ਕੀਤਾ ਹੋਇਆ ਹੋਵੇ, ਉਹਦੇ ਵਿਚ ਬਰਕਤਾਂ, ਮਿਹਰਾਂ ਤੇ ਬਖਸ਼ਸ਼ਾਂ ਲੁਕੀਆਂ ਹੋਈਆਂ ਹਨ।

ਕੋਈ ਸਿੱਖ ਭੀੜਾ ਆਦਿ ਨਜ਼ਰ ਆਵੇ।
ਤਿਸ ਕਰੁ ਦੇਇ ਭੁਖਿਆ ਕੋ ਖਲਾਵੇ॥
ਜੋ ਮੇਰੇ ਜਿਮੇ ਹੈ ਪੁੱਜ ਜਾਵੇਗਾ।

ਗੁਰੂ ਤੇ ਸਿਰਫ ਨੁਕਤਾ ਹੀ ਦੱਸਦੇ ਹਨ ਬਾਕੀ ਤੇ ਬੰਦੇ ਨੂੰ ਆਪ ਹੀ ਕਰਨਾ ਪੈਂਦਾ ਏ।

ਖੂਹ ਲੁਆਏ, ਸਰੋਵਰ ਬਣਾਏ, ਤਲਾਅ ਆਪ ਕੋਲ ਖਲੋ ਕੇ ਪੁਟਵਾਏ ਤੇ ਪੱਕੇ ਕਰਾਏ ਤਾਂ ਕਿ ਪਾਣੀ ਦੀ ਔੜ ਹੀ ਨਾ ਰਹੇ।

ਗੁਰਾਂ ਦੀ ਬਖਸ਼ਸ਼ਾਂ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ।

□

ਦੱਖ ਦਰਬਾਰ ਦੀ

ਬਾਈ ਸੈ ਸਵਾਰ ਘੋੜ ਚੜ੍ਹਿਆ, ਚਾਂਦੀ ਦੇ ਹੌਦੇ ਵਾਲਾ ਝੂਮਦਾ ਹਾਥੀ ਦਰਬਾਰ ਤੇ। ਉਹ ਫਕੀਰਾਂ ਵਾਲੀਆਂ ਗੱਲਾਂ ਗਈਆਂ। ਰਾਜਿਆਂ ਦਾ ਪਹਿਰਾ ਆ ਗਿਆ ਸੀ ਸ਼ਾਹੀ ਠਾਠ-ਬਾਠ, ਸ਼ਾਨੋ ਸ਼ੌਕਤ, ਜਾਹੋ ਜਲਾਲ, ਮੁਗਲ ਸਮਰਾਟ ਦਾ ਭਾਵੇਂ ਪਾਸਕੂ ਵੀ ਨਾ ਹੋਵੇ ਪਰ ਫਿਰ ਵੀ ਕਿਸੇ ਸੂਬੇਦਾਰ ਨਾਲੋਂ ਘੱਟ ਨਹੀਂ ਸੀ।

ਸਾਰੇ ਪੰਜਾਬ ਵਿਚੋਂ ਕੀਰਤਪੁਰ ਤੋਂ ਬਗੈਰ ਹੋਰ ਕਿਸੇ ਰਾਜੇ, ਅਮੀਰ, ਜਾਂ ਅਹਿਲਕਾਰ ਕੋਲ ਨਾ ਹਾਥੀ ਸੀ ਤੇ ਨਾ ਹੀ ਉਹ ਇੰਨੇ ਸਵਾਰ ਰੱਖਣ ਦਾ ਖਾਬ ਹੀ ਵੇਖ ਸਕਦਾ ਸੀ, ਇਜ਼ਤ ਸੀ, ਮਾਣ ਸੀ ਪੰਜਾਬ ਦੀ ਆਤਮਾ ਵਿਚ ਸ਼ੁੱਧੀ, ਨਿਮਰਤਾ, ਪਵਿੱਤਰਤਾ ਭਰੀ ਸੀ। ਸਮੇਂ ਦੇ ਬਦਲਣ ਨਾਲ ਗੁਰਾਂ ਨੇ ਲੋਕਾਂ ਦੇ ਹੌਂਸਲੇ ਵੀ ਬੁਲੰਦ ਕੀਤੇ ਸਨ, ਭੈਅ ਕਢਿਆ ਸੀ ਖਲਕਤ ਵਿਚੋਂ ਤੇ ਲੋਕਾਂ ਨੂੰ ਦਸਿਆ ਸੀ ਕਿ ਅਸੀਂ ਵੀ ਆਦਮੀ ਹਾਂ ਸਾਨੂੰ ਵੀ ਜਿਉਣ ਦਾ ਹੱਕ ਏ, ਅਸੀਂ ਕਿੰਨਾ ਕੁ ਚਿਰ ਭੇਡਾਂ ਬੱਕਰੀਆਂ ਵਾਂਗ ਜੀਵਾਂਗੇ। ਮੁਗਲਾਂ ਦੇ ਚਾਰ ਹੱਥ ਨਹੀਂ। ਉਹਨਾਂ ਦੇ ਹੱਥਾਂ ਵਿਚ ਦੋ ਦੋ ਤਲਵਾਰਾਂ ਨਹੀਂ ਪਕੜੀਆਂ ਹੋਈਆਂ। ਇਕੋ ਹੱਥ ਵਿਚ ਇਕੋ ਹੀ ਤਲਵਾਰ ਏ ਜੇ ਤੁਸੀਂ ਵੀ ਤਲਵਾਰ ਫੜ ਲਵੋਗੇ ਟਕਰਾਓ ਜ਼ਰੂਰ ਹੋਵੇਗਾ ਤੇ ਤੁਹਾਡੀ ਜ਼ਰੂਰ ਫਤਿਹ ਹੋਵੇਗੀ ਕਿਉਂਕਿ ਉਹਨਾਂ ਦੇ ਪੱਲੇ ਜ਼ੁਲਮ ਏ ਤੇ ਤੁਹਾਡੇ ਪੱਲੇ ਸਚਾਈ। ਅਸਾਂ ਉਹਨਾ ਦੀ ਕਿਸੇ ਜ਼ਮੀਨ ਤੇ ਕਬਜ਼ਾ ਨਹੀਂ ਕਰਨਾ ਉਹਨਾਂ ਪਾਸੋਂ ਹਕੂਮਤ ਨਹੀਂ ਖੋਹਣੀ। ਅਸਾਂ ਆਪਣੀ ਹਿਫਾਜ਼ਤ ਵਾਸਤੇ ਤਲਵਾਰ ਚੁੱਕਣੀ ਏ, ਇਸ ਲਈ ਸਾਨੂੰ ਗੁਰੂ ਵਿਜੈ ਦੇਵੇਗਾ। ਬੜਾ ਚਿਰ ਇਹਨਾਂ ਦੇ ਜ਼ੁਲਮ ਸਹੇ ਹਨ ਹੁਣ ਸਾਥੋਂ ਸਹਾਰੇ ਨਹੀਂ ਜਾਂਦ।

ਮਾਲਾ ਫੜਨ ਵਾਲੇ ਸਾਧਾਂ ਨੂੰ ਤਲਵਾਰ ਦੀ ਪਰਖ ਸਿਖਾ ਦਿੱਤੀ ਸੀ ਗੁਰੂ ਨੇ।

ਗੁਰੂ ਦਾ ਜਸ ਚਾਰ ਚੁਫੇਰੇ ਸੂਰਜ ਦੀਆਂ ਕਿਰਨਾਂ ਵਾਂਗੂੰ ਫੈਲ ਗਿਆ ਸੀ।

ਜਦ ਦਰਬਾਰ ਲੱਗਦਾ ਤਾਂ ਨਕੀਬ ਸੱਦਾ ਦਿੰਦੇ। ਨਗਾਰਾ ਵੱਜਦਾ ਦੂਰ ਦੂਰ ਤੱਕ ਲੋਕ ਸੁਣਦੇ। ਸੰਗਤ ਵਹੀਰਾਂ ਘੱਤ ਕੇ ਆਉਂਦੀ। ਦੱਖ ਨਿਰਾਲੀ ਤੇ ਅਦੁੱਤੀ ਸੀ।

"ਬਾਈ ਸੈ ਤੁਰੰਗ, ਜਾ ਕੈ ਸੰਗ ਹਰਰਾਇ ਜੀ"

ਦਰਵਾਜ਼ੇ ਤੇ ਚੋਬਦਾਰ ਖੜੇ ਰਹਿੰਦੇ ਹਰ ਆਏ ਗਏ ਤੇ ਨਜ਼ਰ ਰੱਖਦੇ। ਸ਼ਾਹੀ ਸ਼ਾਮਿਆਨੇ ਨੂੰ ਤਣਿਆ ਵੇਖ ਕੇ ਸੰਸਾਰੀ ਸ਼ਾਹੀ ਵੀ ਅੱਖ ਇਕ ਵਾਰ ਤੇ ਝਮਕ ਜਾਂਦੀ, ਲੱਜ ਖਾ ਜਾਂਦੀ।

ਦੂਜੇ ਪਾਸੇ ਜਦ ਬੱਚਿਆਂ ਰਾਹੀਂ ਛਹਿਬਰ ਲਗਾ ਕੇ ਸ਼ਾਂਤੀ ਵਰਤਾਉਂਦੇ, ਪਰਲੋਕ ਦੇ ਦੇਵਤੇ ਵੀ ਸ਼ਰਮਾ ਜਾਂਦੇ।

ਪੰਜਾਬ ਵਿਚ ਇਕ ਨਵਾਂ ਸਵਰਗ ਵੱਸਦਾ ਏ ਜਨਅਤ ਉਤਰ ਆਈ ਏ ਪੰਜਾਬ ਵਿਚ।

ਰਹਿਮਤਾਂ, ਬਖਸ਼ਸ਼ਾਂ ਤੇ ਅਸੀਸਾਂ ਦੀ ਵਰਖਾ ਹੋ ਰਹੀ ਏ।

ਬਾਣੀ ਦਾ ਆਨੰਦ ਮਾਣਨਾ ਹੋਵੇ ਤੇ ਹੇਠਾ ਸੁਧ ਕਰਨ ਦੀ ਮਰਜ਼ੀ ਹੋਵੇ ਤਾਂ ਚਲੋ ਕੀਰਤਪੁਰ।

ਰੱਬ ਵਸਦਾ ਏ, ਖ਼ੁਦਾ ਉਤਰ ਕੇ ਆਇਆ ਏ ਕੀਰਤਪੁਰ ਵਿਚ ਚੌਂਕੜਾ ਮਾਰ ਕੇ ਬੈਠਾ ਹੋਇਆ ਏ।

ਮਾਲਾ ਤੇ ਤਲਵਾਰ ਦੀ ਜਿਨ ਜਾਚ ਸਿੱਖਣੀ ਹੋਵੇ ਤੇ ਫਿਰ ਪਾਠਸ਼ਾਲਾ ਏ ਕੀਰਤਪੁਰ।

ਮੂੰਹ ਮੰਗੀਆਂ ਮੁਰਾਦਾਂ ਪਾਓ, ਖਾਲੀ ਝੋਲੀਆਂ ਲੈ ਕੇ ਜਾਓ ਤੇ ਭਰ ਕੇ ਲੈ ਆਏ।

ਕੁਦਰਤ ਨੇ ਗੁਲਜ਼ਾਰ ਖਿੜਾ ਦਿੱਤੀ ਸੀ ਪਹਾੜਾਂ ਦੀ ਗਦ ਵਿਚ। ਰਿਤੂ ਰਾਜ ਕੀਰਤਪੁਰ ਦੀ ਘਾਟੀ ਵਿਚ ਆਸਣ ਲਾਈ ਬੈਠਾ ਸੀ।

ਦੇਵਤੇ ਰਾਹ ਭੁੱਲ ਜਾਂਦੇ ਜਦ ਉਹ ਸਿੱਧੇ ਰਾਹ ਪੈਂਦੇ ਉਹਨਾਂ ਦੇ ਪੈਰ ਕੀਰਤਪੁਰ ਜਾ ਕੇ ਰੁਕਦੇ।

ਇਉਂ ਜਾਪਦਾ ਸੀ ਜਿਵੇਂ ਚੰਦਨ ਦਾ ਬਾਗ ਆਪੇ ਹੀ ਉਗ ਪਿਆ ਏ ਤੇ ਉਹਦੀ ਖੁਸ਼ਬੂ ਸਾਰੇ ਪੰਜਾਬ ਨੂੰ ਮੁਅੱਤਰ ਕਰ ਰਹੀ ਏ।

ਪਾਰਸ : ਬਾਵਨ ਜਯੋ ਤਿਮ ਸਿਖਨ ਪੈ, ਹਰਿ ਰਾਇ ਗੁਰੂ ਛਬਿ ਜਾਈ ॥

ਸੰਗਤਾਂ ਦੂਰ ਦੂਰ ਤੋਂ ਭੇਟਾ ਲੈ ਕੇ ਆਉਂਦੀਆਂ। ਇਹ ਠੀਕ ਏ ਕਿ ਪਹਿਲਾਂ ਵਾਂਗ ਜਿਹੜੀ ਰੌਣਕ ਸੀ ਉਹਦੇ ਵਿਚ ਵਾਧਾ ਹੋ ਰਿਹਾ ਸੀ

ਲਾਖਨ ਕੋ ਧਨ ਆਏ ਹੋ ਪਰ ਗੁਰ ਖਰਚੇ ਸੋਊ।

ਦੀਵਾਨ ਦੀ ਪਦਵੀ ਭਾਈ ਪਰਾਗ ਦੇ ਪੋਤਰੇ ਭਾਈ ਦਰਗਾਹੀਆ ਮਲ ਨੂੰ ਬਖਸ਼ੀ ਗਈ ਸੀ ਉਹ ਬੜੇ ਵਿਦਵਾਨ ਤੇ ਨੀਤੀ ਵਿਚ ਨਿਪੁੰਨ ਸਨ। ਜਿੰਨੇ ਲੋਕ ਆਉਂਦੇ ਉਹਨਾਂ ਦੀ ਇਹ ਖਾਹਸ਼ ਸੀ ਕਿ ਹਰ ਕੋਈ ਸੁਖਨਾ ਸੁੱਖ ਕੇ ਜਾਂਦਾ ਤੇ ਹਰ ਕੋਈ ਆਪਣੇ ਦਿਲ ਦੀ ਮੁਰਾਦ ਲੈ ਕੇ ਆਇਆ ਸੀ। ਮੁਰਾਦਾਂ ਪੂਰੀਆਂ ਹੁੰਦੀਆਂ ਖੁਸ਼ੀਆਂ ਨਾਲ ਝੋਲੀਆਂ ਭਰ ਕੇ ਘਰੀਂ ਮੁੜਦੇ। ਤੁਹਾਡੀਆਂ ਰਹਿਮਤਾਂ ਸਦਕਾ ਮੇਰੇ ਕਾਰਜ ਪੂਰੇ ਹੋਏ ਹਨ।

ਤੁਹਾਡੀ ਬਖਸ਼ਸ਼ ਸਦਾ ਮੇਰੇ ਘਰ ਪੁੱਤ ਜੰਮਿਆ ਤੇ ਰੌਣਕਾਂ ਨੇ ਮੇਰਾ ਬੂਹਾ ਟੱਪਿਆ ਏ। ਤੁਹਾਡੀ ਮਿਹਰ ਸਦਕਾ ਦਲਿੱਦਰ ਮੁੱਕੇ ਹਨ।

ਹਜ਼ੂਰ ਇਹ ਸੰਭਾਲੋ ਆਪਣੀ ਅਮਾਨਤ, ਦਸਵੰਧ ਦੀ ਰਕਮ ਸੰਭਾਲਣੀ ਬੜੀ ਮੁਸ਼ਕਲ ਏ, ਮੈਂ ਨਾਮ ਲੈਣ ਆਇਆ ਹਾਂ ਰਹਿਮਤ ਭਰਿਆ ਹੱਥ ਰੱਖੋ ਮੇਰੇ ਸਿਰ ਤੇ :

ਬੈਠ ਪੁਰ ਕੀਰਤ ਪੈ, ਕੀਰਤ ਪ੍ਰਕਾਸ਼ੀ ਜਾ ਕੀ,
ਕਾਬਲ ਕੰਧਾਰ ਗਜ਼ਨੀ ਤੇ ਆਵੈ ਸੰਗਤਾਂ,
ਸਾਲ ਸਤਰਾਂ ਮਾਸ ਸਤ, ਨੌ ਦਿਨ ਰਾਜ ਕੀਨੇ,
ਜਾ ਕੇ ਦਰਬਾਰ ਦੀਸੇ, ਨਾਹਿ ਕੋਊ ਮੰਗਤਾ ॥

ਊਚ ਨੀਚ, ਗਰੀਬ ਅਮੀਰ ਦਾ ਕੋਈ ਭੇਦ ਨਹੀਂ ਸੀ ਦਰਬਾਰ ਵਿਚ। ਇਕੋ ਨਜ਼ਰ ਵਿਚ ਵੇਖਿਆ ਜਾਂਦਾ, ਹਰ ਕੋਈ ਤੇ ਹਰ ਵੇਲੇ ਗੁਰਾਂ ਦਾ ਦੀਦਾਰ ਕਰ ਸਕਦਾ ਸੀ।

ਕੀਰਤਪੁਰ ਤੇ ਹਰ ਵੇਲੇ ਮੇਲਾ ਹੀ ਲਗਿਆ ਰਹਿੰਦਾ ਸੀ, ਚਾਰ ਆ ਗਏ, ਚਾਰ ਚਲੇ ਗਏ, ਸੰਨਿਆਸੀ, ਬਿਰਾਗੀ, ਨਾਗੇ, ਜੋਗੀ ਟੋਲੀਆਂ ਬੰਨ੍ਹ ਬੰਨ੍ਹ ਕੇ ਆਉਂਦੇ ਸਨ, ਕਈਆਂ ਟਾਪੂਆਂ ਤੋਂ ਵੀ ਲੋਕ ਦਰਸ਼ਨ ਕਰਨ ਆਉਂਦੇ।

ਸਭ ਤੋਂ ਵੱਧ ਸੰਗਤ ਜਿਹੜੀ ਭੇਟਾ ਲੈ ਕੇ ਆਉਂਦੀ ਸੀ ਉਹ ਸੀ ਕਾਬਲ, ਕੰਧਾਰ, ਬਲਖ ਬੁਖਾਰਾ, ਉਥੋਂ ਘੋੜੇ ਲੈ ਲੈ ਕੇ ਵੀ ਆਉਂਦੇ। ਸਿੱਖ ਕੌਮ ਲਈ ਇਹ ਸਭ ਤੋਂ ਵੱਡੀ ਖਿਦਮਤ ਸੀ। ਜਵਾਨੀਆਂ ਭੇਟਾ ਕਰਨ ਦੀ ਜੁਰਅਤ ਇਹਨਾਂ ਲੋਕਾਂ ਵਿਚ ਬਹੁਤ ਜ਼ਿਆਦਾ ਸੀ, ਪਠਾਣਾਂ ਦੀ ਸੋਹਬਤ ਨੇ ਇਹਨਾਂ ਨੂੰ ਜਾਨ ਵਾਰਨ ਦੀ ਜਾਚ ਸਿਖਾ ਦਿੱਤੀ ਸੀ।

ਭਾਈ ਚੋਪਾ ਜਿਹੜਾ ਗੁਰੂ ਹਰਿਰਾਇ ਦੇ ਦਰਬਾਰ ਆਇਆ, ਇਥੋਂ ਗਿਆ ਹੀ ਨਾ।

ਤੇ ਆਖਰੀ ਜ਼ਿੰਦਗੀ ਵਿਚ ਗੁਰੂ ਗੋਬਿੰਦ ਸਿੰਘ ਦਾ ਖਿਡਾਵਾ ਰਿਹਾ। ਰਹਿਤ ਨਾਮਾ ਭਾਈ ਸਾਹਿਬ ਨੇ ਹੀ ਲਿਖਿਆ ਸੀ। ਭਾਈ ਨੰਦ ਲਾਲ ਗੋਇਆ ਵੀ ਗਜ਼ਨੀ ਤੋਂ ਆਇਆ ਸੀ। ਗੁਰੂ ਹਰਿ ਰਾਇ ਪਾਲਣਹਾਰ, ਸੱਚ ਦੇ ਧਾਰਨੀ ਸੁਲਤਾਨ ਵੀ ਹਨ ਤੇ ਦਰਵੇਸ਼ ਵੀ।

ਗੁਰੂਆਂ ਦਾ ਘਰਾਨਾ ਨਿਭਾਉਣਾ ਮਜ਼ਲੂਮਾਂ ਤੇ ਨਿਆਸਿਰਿਆਂ ਨਾਲ।

ਗੁਰੂ ਹਰਿ ਰਾਇ ਦਾ ਦਿਲ ਧੜਕਦਾ ਜਦ ਕੋਈ ਦੁੱਖੀ ਵਿਹੜੇ ਆ ਜਾਏ। ਉਹਦਾ ਦੁੱਖ ਆਪ ਲੈ ਲੈਂਦੇ ਤੇ ਆਖਦੇ ਸੁੱਖੀ ਵਸੇ ਮੇਰਾ ਪੰਜਾਬ।

□

੨੪

ਸਿੱਖੀ ਦਾ ਚਿਤੇਰਾ

ਇਸ ਦਰਬਾਰ ਦੀ ਦੇਣ ਨਹੀਂ ਦਿੱਤੀ ਜਾ ਸਕਦੀ। ਪੰਜਾਬ ਲਈ ਇਹ ਨਿਹਮਤ ਦਾ ਸੋਮਾ ਸੀ।

—ਆਤਮਕ ਰਸੀਏ ਦੀ ਭਾਲ ਕਰਨੀ ਹੋਵੇ ਤਾਂ ਦਰਬਾਰ ਵੱਲ ਝਾਕੋ।

—ਗਿਆਨੀਆਂ ਦੀ ਲੋੜ ਪਵੇ ਤਾਂ ਫੇਰ ਵੀ ਦਰਬਾਰ ਦੀ ਸ਼ਰਨ ਲਵੋ।

—ਕਹਿਣੀ ਤੇ ਸੂਰਮੇ ਦੀ ਕਰਨੀ ਦੇ ਪੂਰੇ ਮਨੁੱਖਾਂ ਦੇ ਦਰਸ਼ਨ ਕਰਨੇ ਹੋਣ ਤਾਂ ਦਰਬਾਰ ਦਾ ਬੂਹਾ ਮਲੋ।

—ਸਿੱਧ ਸਾਧਕ ਐਸੇ ਬਣ ਗਏ ਸਨ, ਰੱਬ ਉਨ੍ਹਾਂ ਦੀ ਆਪ ਸੁਣਦਾ। ਉਨ੍ਹਾਂ ਨੂੰ ਮਿਲਣਾ ਹੋਵੇ ਤਾਂ ਫੇਰ ਦਰਬਾਰ ਵਿਚ ਚਲੋ।

ਬਾਣੀ ਪੜ੍ਹਦੇ ਇਉਂ ਜਾਪਦੇ ਜਿਦਾਂ ਦੇਵਤਿਆਂ ਦੀ ਟੋਲੀ ਆ ਰਹੀ ਹੋਵੇ ਸਵਰਗ ਵਿਚੋਂ। ਉਨ੍ਹਾਂ ਦਾ ਟਿਕਾਣਾ ਵੀ ਦਰਬਾਰ ਵਿਚ।

ਮੋਹ, ਮਾਇਆ, ਮੈਲ ਦੀ ਜੇ ਸਰੀਰ ਤੇ ਤਹਿ ਜੰਮ ਗਈ ਏ ਤਾਂ ਫੇਰ ਉਹਨੂੰ ਧੋਣ ਵਾਸਤੇ ਸਾਬਣ ਵੀ ਦਰਬਾਰ ਵਿਚੋਂ ਹੀ ਲੱਭਣਾ ਏ।

ਦਰਬਾਰ ਦੀ ਸ਼ੋਭਾ, ਰੌਣਕ ਭਾਵੇਂ ਉਨ੍ਹਾਂ ਦੇਵਤਿਆਂ ਦੇ ਨਾਲ ਸੀ ਪਰ ਜਦੋਂ ਇਹ ਕੀਰਤਪੁਰ ਵਿਚ ਤੁਰਦੇ ਫਿਰਦੇ ਨਜ਼ਰ ਆਉਂਦੇ ਇਉਂ ਜਾਪਦੇ ਜਿਵੇਂ ਹੰਸਾਂ ਦੀਆਂ ਡਾਰਾਂ ਇਥੇ ਹੀ ਉਤਰ ਆਈਆਂ ਨੇ। ਇਨ੍ਹਾਂ ਦਾ ਦੀਦਾਰ ਕਰਨੈ ਤਾਂ ਫੇਰ ਵੀ ਦਰਬਾਰ ਵਿਚ ਹੀ ਜਾਣਾ ਪਊ।

ਪਿਛਲੇ ਕਈਆਂ ਵਰ੍ਹਿਆਂ ਤੋਂ ਜਿਹੜੀ ਘਾੜਤ ਘੜੀ ਜਾ ਰਹੀ ਸੀ, ਉਸ ਨੇ ਕਈ ਸੋਚਾਂ, ਸੁਰਤਾਂ, ਅਥਾਹ ਜੁਰਅਤ ਤੇ ਦਲੇਰ ਗੱਭਰੂ ਪੈਦਾ ਕੀਤੇ ਸਨ। ਗੱਲ ਕੀ ਪੰਜਾਬ ਦੀ ਨੁਹਾਰ ਬਦਲ ਰਹੀ ਸੀ।

ਨਵਾਂ ਜਹਾਨ ਪੈਦਾ ਹੋ ਰਿਹਾ ਸੀ। ਨਵੀਂ ਦੁਨੀਆਂ ਵੱਸ ਰਹੀ ਸੀ। ਨਵਾਂ ਜਜ਼ਬਾ ਉਭਰ ਰਿਹਾ ਸੀ। ਫੁੱਲ ਖਿੜ ਰਹੇ ਸਨ। ਬਹਾਰਾਂ ਦੀਆਂ ਮੁਟਿਆਰਾਂ ਪੈਰਾਂ ਵਿਚ ਝਾਂਜਰਾਂ ਪਾ ਰਹੀਆਂ ਸਨ

ਅੱਡੀਆਂ ਕੂਚ ਕੂਚ ਕੇ। ਸਾਰੇ ਪੰਜਾਬ ਵਲੋਂ ਤੇ ਲੋਕ ਆਉਣੇ ਹੀ ਸਨ, ਟੋਲੇ ਬੰਨ੍ਹ ਕੇ ਫਕੀਰ ਦੂਜਿਆਂ ਸੂਬਿਆਂ ਤੋਂ ਵੀ ਏਧਰ ਨੂੰ ਮੂੰਹ ਕਰਕੇ ਟੁਰ ਪੈਂਦੇ। ਉਨ੍ਹਾਂ ਦੀ ਗਿਣਤੀ ਕੋਈ ਘੱਟ ਨਹੀਂ ਸੀ, ਜਿਨੇ ਖ਼ੁਦਾ ਨਾਲ ਯਰਾਨਾ ਪਾਉਣਾ ਸੀ ਓਸ ਖ਼ੁਦਾ ਦੇ ਬੰਦਿਆਂ ਦੇ ਦੀਦਾਰ ਤੇ ਜ਼ਰੂਰ ਕਰਨੇ ਸਨ। ਜਿਨ੍ਹੂੰ ਜਿਥੋਂ ਵੀ ਦਸ ਪੈਂਦੀ, ਉਹ ਓਥੋਂ ਹੀ ਏਧਰ ਨੂੰ ਮੂੰਹ ਕਰ ਲੈਂਦਾ।

ਧੁੰਮ ਤੇ ਖੁਸ਼ਬੂ ਗੁਰਾਂ ਦੀ ਦੂਰ ਦੂਰ ਤਕ ਫੈਲ ਗਈ ਸੀ। ਖੁਸ਼ਬੂ ਦੀ ਕਸ਼ਿਸ਼ ਨੇ ਖਿੱਚ ਤੇ ਜ਼ਰੂਰ ਪਾਉਣੀ ਸੀ, ਜਿਦ੍ਹੀ ਤਸੱਲੀ ਕਿਧਰੋਂ ਨਾ ਹੁੰਦੀ ਓਸ ਏਧਰ ਵੱਲ ਮੂੰਹ ਕੀਤਾ, ਸਰਦਲ ਤੇ ਸਿਰ ਝੁਕਾਇਆ, ਅਕੀਦੇ ਵਿਚ ਪੁਖ਼ਤਗੀ ਲਿਆਂਦੀ, ਘੜੀ ਵਿਚ ਤਸੱਲੀ ਹੋ ਜਾਂਦੀ, ਪਤਾ ਨਹੀਂ ਕੀ ਚੁਟਕੀ ਦੇਂਦੇ ਸਨ ਗੁਰੂ।

ਕੁਝ ਬਚਨਾਂ ਦੀ ਕਸ਼ਿਸ਼ ਸੀ ਜਾਂ ਬਾਣੀ ਦੀ ਸ਼ਕਤੀ ਸੀ ਜਾਂ ਚਿਹਰੇ ਦੇ ਨੂਰ ਅੱਗੇ ਮਨ ਮੁਨੱਵਰ ਹੋ ਜਾਂਦਾ। ਕੌਣ ਦੱਸ ਸਕਦਾ ਏ ਇਹ ਰਾਜ਼, ਇਹ ਗੁਥਲੀ ਗੁਰੂ ਖੋਲ੍ਹੇ ਤੇ ਖੋਲ੍ਹੇ, ਹੋਰ ਕਿਸੇ ਦੇ ਵਸ ਵਾਲੀ ਗੱਲ ਨਹੀਂ ਸੀ।

ਵਹਿਦਤ ਦੀ ਦੌਲਤ ਕੀ ਏ, ਕਿਥੋਂ ਮਿਲਣੀ ਏ, ਭਟਕਿਆ ਮੁਸਾਫਰ ਲੱਭਣ ਤੁਰਿਆ ਸੀ। ਰੋਮ ਵਿਚੋਂ ਬਾਦਸ਼ਾਹ ਦਾ ਵਕੀਲ, ਸ਼ਾਹੀ ਠਾਠ-ਬਾਠ, ਆਪਣੇ ਆਪ ਨੂੰ ਖ਼ੁਦਾ ਮੰਨਣ ਵਾਲੇ ਹਿੰਦੁਸਤਾਨ ਵੱਲ ਤੁਰ ਪਏ। ਪਰ ਕਿਸਮਤ ਦੇ ਮਾਰੇ ਨੇ ਸਾਰੇ ਹਿੰਦੁਸਤਾਨ ਦੀ ਖਾਕ ਛਾਣੀ, ਕਿਤੇ ਤਸੱਲੀ ਨਾ ਹੋਈ। ਠਠੰਬਰਿਆ, ਉਦਾਸ ਭੌਰ ਭੌਰਿਆ ਗਿਆ, ਹੁਣ ਕਿਧਰ ਜਾਏ, ਕੌਣ ਦੱਸੇ ਰਾਹ। ਮੁਸਾਫ਼ਰ ਨੂੰ ਰਾਹ ਦੱਸਣ ਵਾਲਾ ਚਾਹੀਦਾ ਏ। ਘਬਰਾਇਆਂ ਥਕਿਆਂ, ਅਕਿਆਂ ਝਕਿਆਂ ਕੁਝ ਨਹੀਂ ਲਭਦਾ।

ਪੰਜਾਬ ਵੱਲ ਜਾਵੋ, ਏਸ ਮਰੀਜ਼ ਦੇ ਹਕੀਮ ਪੰਜਾਬ ਵਿਚ ਹੀ ਵਸਦੇ ਹਨ।

ਕੀਰਤਪੁਰ ਦੀ ਧਰਤੀ ਤੇ ਪੈਰ ਧਰੇ ਰੋਮ ਦੇ ਵਕੀਲ ਨੇ। ਦਰਸ਼ਨ ਕੀਤੇ, ਠੰਡ ਪਈ ਕਲੇਜੇ।

ਪਹਿਲਾ ਸਵਾਲ ਸੀ, 'ਦੋਜ਼ਖ ਦੀ ਅੱਗ ਤੋਂ ਕੌਣ ਬਚਾਏਗਾ' ?

ਖ਼ੁਦਾ! ਸਜਣਾ ਓਥੇ ਸਿਫ਼ਾਰਸ਼ ਨਹੀਂ ਚਲਣੀ। ਬਾਂਹ ਫੜ ਕੇ ਅੱਗੇ ਤੇ ਕੀਤਾ ਜਾ ਸਕਦਾ ਏ ਪਰ ਕੋਈ ਹਮਦਰਦੀ ਨਹੀਂ ਕੀਤੀ ਜਾ ਸਕਦੀ।

ਆਪਣੀ ਹਯਾਤੀ ਦੀ ਇਬਾਦਤ, ਸੁਭਾਅ, ਪੁੰਨ, ਪਾਪ ਦੀ ਗਠੜੀ ਖੋਲ੍ਹੋ। ਜੇ ਉਹਦੇ ਵਿਚੋਂ ਸਵਾਬ ਦੀਆਂ ਚਾਰ ਵੀ ਤੰਦਾਂ ਨਿਕਲ ਆਈਆਂ। ਉਹ ਤੰਦਾਂ ਤਸਬੀ ਦੀ ਇਬਾਦਤ ਨਾਲ ਬਣਦੀਆਂ ਹਨ। ਫੇਰ ਉਹ ਵਟਿਆਂ ਨਾਲ ਤੋਲੀਆਂ ਜਾਣਗੀਆਂ। ਬਾਕੀ ਸਜ਼ਾ ਉਹ ਅਵੱਸ਼ ਮਿਲਣੀ ਏ। ਬੰਦੇ, ਬੰਦਾ ਏ ਖ਼ੁਦਾ, ਆਪਣੇ ਕਰਮ ਹੀ ਕੰਮ ਆਉਣੇ ਨੇ, ਇਹ ਮਿੱਟੀ ਦਾ ਭਾਂਡਾ ਏ, ਏਸ ਟੁੱਟ ਜਾਣਾ ਏ। ਜੇ ਇਹਨੂੰ ਆਵੀ ਚਾੜ੍ਹ ਲਵੋਗੇ ਉਸੇ ਦਾ ਹੀ ਮੁਲ ਏ। ਬਸ ਤਸੱਲੀ ਹੋ ਗਈ ਇਕੋ ਗੱਲ ਨਾਲ।

ਫੁਰਮਾਇਆ ਗੁਰੂਆਂ ਨੇ। ਸਾਡੇ ਗੁਰੂਆਂ ਦਾ ਕੌਲ ਏ—

ਉਦਮ ਕਰੇਦਿਆਂ ਜੀਉ ਤੂੰ ਕਮਾਂਵਦਿਆਂ ਸੁੱਖ ਭੁੰਚੁ।
ਧਿਆਇਦਿਆਂ ਤੂੰ ਪ੍ਰਭ ਮਿਲੁ, ਨਾਨਕ ਉਤਰੀ ਚਿੰਤ।

ਗੁਰੂ ਲੋਕਾਂ ਦੇ ਗੱਲ ਦਾ ਤਾਵੀਤ ਬਣ ਗਏ ਸਨ। ਗੁਰੂਆਂ ਦੀ ਮਾੜੀ ਜਿਹੀ ਆਵਾਜ਼ ਤੇ ਸਾਰਾ ਪੰਜਾਬ ਇਕੱਠਾ ਹੋ ਜਾਂਦਾ। ਹਕੂਮਤ ਜਾਣਦੀ ਬੁਝਦੀ ਅੱਖਾਂ ਤੇ ਪੱਟੀ

ਬੰਨ੍ਹੀ ਬੈਠੀ ਹੋਈ ਸੀ। ਜਾਂ ਇਉਂ ਆਖ ਲਵੋ ਕਿ ਹਕੂਮਤ ਅਜੇ ਵਿਹਲੀ ਨਹੀਂ ਸੀ ਜਾਂ ਹਕੂਮਤ ਟੱਕਰ ਲੈਣਾ ਨਹੀਂ ਸੀ ਚਾਹੁੰਦੀ, ਖਚਰੀ ਸੀ, ਜਾਂ ਡਰ ਗਈ ਸੀ ਪਰ ਕੋਈ ਗੱਲ ਜ਼ਰੂਰ ਸੀ। ਗੁਰੂ ਹਰਿਗੋਬਿੰਦ ਨੇ ਮਾਲਾ ਨੂੰ ਪਾਣ ਦੇ ਕੇ ਤਲਵਾਰ ਦਾ ਰੂਪ ਦੇ ਦਿੱਤਾ ਸੀ। ਬਲ ਤੇ ਪੈਦਾ ਹੋ ਹੀ ਗਿਆ ਸੀ। ਸ਼ਕਤੀ ਪ੍ਰਗਟ ਹੋ ਚੁੱਕੀ ਸੀ। ਗੁਰੂ ਹਰਿ ਰਾਇ ਜਾਂ ਆਰਾਮ ਕਰ ਰਹੇ ਸਨ ਜਾਂ ਕੌਮ ਸਾਜੀ ਜਾ ਰਹੀ ਸੀ ਜਾਂ ਅਜੇ ਤਾਕਤ ਨੂੰ ਪਰਖਿਆ ਜਾ ਰਿਹਾ ਸੀ ਕਸਵਟੀ ਤੇ ਕਸ ਲਾ ਕੇ। ਸਤਲੁਜ ਦੀਆਂ ਲਹਿਰਾਂ ਵਿਚ ਤੂਫਾਨ ਗੂੰਜਦਾ, ਬਗਾਵਤ ਦਾ ਰਿਛ ਕਈ ਵੇਰਾਂ ਲੋਕਾਂ ਨੱਚਦਾ ਵੇਖਿਆ ਏਸ ਨਿਰਮਲ ਨਦੀ ਵਿਚ। ਪਰ ਸਤਿਗੁਰੂ ਹਰ ਵੇਲੇ ਇਹੋ ਹੀ ਆਖਦੇ, ਸਤਲੁਜ ਅਜੇ ਜੇਰਾ ਕਰ।

ਦਰਬਾਰ ਦੀ ਦੱਖ ਵੀ ਹਕੂਮਤ ਦੀਆਂ ਅੱਖਾਂ ਵਿਚ ਚੁਭਦੀ ਸੀ। ਠਾਠ-ਬਾਠ ਕਿਦਾਂ ਝਲਦੀ ਏ ਹਕੂਮਤ ਤੇ ਫੇਰ ਉਹ ਵੀ ਫਕੀਰਾਂ ਦੀ। ਜ਼ਬਾਨ ਖਾਮੋਸ਼ ਸੀ, ਤਲਵਾਰਾਂ ਨੂੰ ਤੜਾਗੀ ਪਈ ਹੋਈ ਸੀ। ਹਕੂਮਤ ਕਿਸੇ ਦਾਅ ਤੇ ਸੀ ਤਾਂ ਹੀ ਤੇ ਦੜ੍ਹ ਵਟ ਕੇ ਬੈਠੀ ਹੋਈ ਸੀ। ਕੀ ਸੀ? ਕੌਣ ਦਸ ਸਕਦਾ ਏ? ਇਹ ਤੇ ਖ਼ੁਦਾ ਹੀ ਜਾਣਦਾ ਏ।

ਪਰ ਸਤਲੁਜ ਵੰਗਾਰਾਂ ਦੇ ਦੇ ਕੇ ਸੂਰਮਿਆਂ ਨੂੰ ਜੋਸ਼ ਦੇਂਦਾ। ਜਿਸ ਜਲ ਵਿਚ ਗੈਰਤ ਹੋਵੇ, ਉਹਦੇ ਵਿਚ ਇਸ਼ਨਾਨ ਕਰਨ ਵਾਲਿਆਂ ਦਾ ਕੀ ਬਣੂ। ਬੰਦੇ ਫੌਲਾਦ ਦੇ ਬਣ ਰਹੇ ਸਨ। ਸਤਲੁਜ ਆਪ ਤੇ ਵਗ ਰਿਹਾ ਸੀ ਪਰ ਉਹ ਸੌਣ ਨਹੀਂ ਸੀ ਦੇਂਦਾ ਸਾਰੇ ਕੀਰਤਪੁਰ ਨੂੰ।

ਜਦ ਵੀ ਸਤਲੁਜ ਨਦੀ ਵਿਚ ਘੂਕਰ ਜਿਹੀ ਗੂੰਜੀ ਤਾਂ ਇਹ ਗੱਲ ਆਖ ਕੇ ਸਤਲੁਜ ਨੂੰ ਧੀਰਜ ਦਿੱਤੀ ਕਿ ਅਜੇ ਵਕਤ ਨਹੀਂ। ਵਕਤ ਆਉਣ ਤੇ ਫੇਰ ਵੇਖੀਂ, ਇਨ੍ਹਾਂ ਦਾ ਹੌਂਸਲਾ, ਹਿੰਮਤ ਤੇ ਬਹਾਦਰੀ। ਇਹ ਗੁੜ੍ਹਤੀ ਤੇਰੀ ਹੀ ਦਿੱਤੀ ਹੋਈ ਏ।

ਅੱਛਾ ਬਾਣੀ ਪੜ੍ਹੋ, ਸੁਣੋ, ਮਨ ਵਿਚ ਠੰਡ ਪਾਵੋ। ਤਲਵਾਰ ਹੁਣ ਮਾਲਾ ਦਾ ਚੋਲਾ ਨਹੀਂ ਪਾਉਣ ਲੱਗੀ। ਪੰਜਾਬ ਹੁਣ ਜਾਗ ਪਿਆ ਏ। ਹੁਣ ਸੌਣ ਨਹੀਂ ਲੱਗਾ।

□

੨੫

ਹੰਕਾਰ ਭੰਨਿਆ

ਹਰ ਬੰਦਾ ਸ਼ਰੀਕਾ ਪਿਟਣਾ ਚਾਹੁੰਦਾ ਏ। ਗਵਾਂਢੀ ਕੋਲ ਹਾਥੀ ਹਨ, ਫੌਜਾਂ ਹਨ, ਘੋੜੇ ਹਨ, ਉਨ੍ਹਾਂ ਨੂੰ ਕੀ ਲਾਲ ਲੱਗੇ ਹੋਏ ਹਨ। ਉਹ ਕਿਹੜੇ ਰਾਟੀਕੀਨ ਹਨ। ਮੇਰੇ ਕੋਲ ਇਹ ਕਿਉਂ ਨਹੀਂ, ਕੀ ਮੈਂ ਰੱਬ ਦੇ ਮਾਂਹ ਮਾਰੇ ਹੋਏ ਹਨ। ਉਹ ਤੇ ਇਕ ਗੁਰੂ ਏ, ਤੇ ਉਹ ਵੀ ਫਕੀਰਾਂ ਦੇ ਟੋਲੇ ਵਿਚੋਂ। ਮੈਂ ਰਾਜਾ ਹਾਂ, ਖਾਨਦਾਨੀ। ਰਾਜਿਆਂ ਦੇ ਸ਼ੌਕ ਹਨ ਘੋੜੇ ਰਖਣੇ, ਤੇ ਸਵਾਰੀ ਕਰਨੀ। ਨੌਬਤ, ਵਜੇ, ਨਗਾਰਾ ਬਾਜੇ, ਫੌਜਾਂ ਸਿਰਫ ਰਾਜੇ ਹੀ ਰੱਖ ਸਕਦੇ ਹਨ ਹੋਰ ਕਿਸੇ ਦੀ ਕੀ ਔਕਾਤ ਏ। ਬੜਾ ਜਿਗਰੇ ਦਾ ਕੰਮ ਏ, ਹਾਥੀ ਰੱਖਣਾ। ਇਹ ਮੁੱਠੀ ਭਰ ਸਿੱਖਾਂ ਦੀ ਢਾਣੀ, ਇਹ ਵਾਹਿਗੁਰੂ ਵਾਹਿਗੁਰੂ ਕਹਿਣ ਵਾਲੇ ਫੌਜਾਂ ਰੱਖਣ ਲੱਗ ਪੈਣਗੇ ਤੇ ਫੇਰ ਸਾਨੂੰ ਰਾਜੇ ਕਿਸ

ਆਖਣੈ। ਜਿਹੜਾ ਵੀ ਆਖੂ ਭੜਭੂੰਜਾ ਹੀ ਆਖੂਗਾ। ਹਰ ਐਰਾ ਗੈਰਾ ਨਥੂਖੈਰਾ ਤਖ਼ਤ ਤੇ ਬਿਰਾਜੇ ਤੇ ਘੋੜੇ ਦੀ ਸਵਾਰੀ ਕਰੇ ਇਹ ਜਾਂ ਮੁਗਲਾਂ ਦੇ ਭਾਗਾਂ ਵਿਚ ਲਿਖੀ ਹੋਈ ਏ ਜਾਂ ਸੂਬੇਦਾਰ ਨੂੰ ਇਹ ਸੋਭਦੀ ਏ। ਗੁਰੂਆਂ ਨੇ ਇਹ ਸਾਰੀਆਂ ਚੀਜ਼ਾਂ ਰੱਖ ਕੇ ਸਾਡੀ ਹਿੱਕ ਤੇ ਦੀਵਾ ਬਾਲ ਦਿੱਤਾ ਏ। ਅਸਾਂ ਗਲਤੀ ਕੀਤੀ, ਇਨ੍ਹਾਂ ਨੂੰ ਕੀਰਤਪੁਰ ਵਿਚ ਜਗ੍ਹਾ ਦੇ ਕੇ। ਚਲੋ ਬੰਦਾ ਭੁਲਣਹਾਰ ਏ, ਜੇ ਗ਼ਲਤੀ ਹੋ ਵੀ ਗਈ ਤਾਂ ਪਹਾੜੀ ਰਾਜੇ ਇਕਮੁਠ ਹੋ ਕੇ ਕੱਢ ਦੇਣ। ਗੱਲ ਤੇ ਰਕਮ ਤਾਰਨ ਦੀ ਏ। ਉਹ ਤੇ ਇਕ ਰਜਵਾੜਾ ਹੀ ਗਿਣ ਕੇ ਦੇ ਸਕਦਾ ਏ।

ਦੂਜੀ ਗੱਲ ਇਹ ਬਹੁਤ ਘਟੀਆ ਹੋਈ ਏ ਕਿ ਗੁਰੂਆਂ ਨੇ ਕੀਰਤਪੁਰ ਤੇ ਹੋਰ ਲਾਗੀ ਲਗਦੇ ਇਲਾਕਿਆਂ ਦੇ ਬੰਦਿਆਂ ਦੇ ਦਿਲਾਂ ਵਿਚੋਂ ਭੈਅ ਕੱਢ ਦਿੱਤਾ ਏ। ਉਹ ਹੁਣ ਬਰੋਬਰੀ ਕਰਨ ਲੱਗ ਪਏ ਹਨ। ਅੱਗੇ ਸਾਡੇ ਹੁਕਮ ਤੋਂ ਬਗੈਰ ਉਹ ਰਜਾਈ ਮੂੰਹ ਤੋਂ ਨਹੀਂ ਸਨ ਲਾਹੁੰਦੇ। ਅਸੀਂ ਆਖਦੇ ਸਾਂ ਰਾਤ ਏ ਤਾਂ ਉਹ ਰਾਤ ਆਖ ਕੇ ਸਾਡੇ ਗੁਣ ਗਾਉਂਦੇ ਸਨ। ਫੇਰ ਬਾਂਹ ਸਿਰਹਾਣੇ ਰੱਖ ਕੇ ਸੌਂ ਜਾਂਦੇ। ਪਰ ਹੁਣ ਜੇ ਅਸੀਂ ਰਾਤ ਆਖੀਏ ਤਾਂ ਜਵਾਬ ਮਿਲਦਾ ਏ, ਸਰਕਾਰ ਸੂਰਜ ਤੇ ਚਮਕ ਰਿਹਾ ਏ, ਰਾਤ ਨਹੀਂ ਦਿਨ ਏ। ਸਾਡੀਆਂ ਅੱਖਾਂ ਖੁਲ੍ਹੀਆਂ ਹੋਈਆਂ ਨੇ। ਨਸ਼ੇ ਨੇ ਬੰਦ ਨਹੀਂ ਕੀਤੀਆਂ ਹੋਈਆਂ।

ਸਾਡਾ ਪਰਛਾਵਾਂ ਕੋਈ ਨਹੀਂ ਸੀ ਲੰਘਦਾ ਪਰ ਹੁਣ ਉਹ ਵੇਲਾ ਆ ਗਿਆ ਕਿ ਡਟ ਕੇ ਕੇ ਸਾਡੇ ਸਾਹਮਣੇ ਚੌਂਕੜਾ ਮਾਰ ਕੇ ਬੈਠ ਜਾਂਦੇ ਹਨ। ਉਨ੍ਹਾਂ ਦੀ ਬੋਲੀ ਵਿਚ ਤੁਰਸ਼ਗੀ, ਕੁੜੱਤਣ, ਖਰ੍ਹਵਾਪਣ ਆ ਗਿਆ ਏ। ਅੱਗੇ ਜੀ ਜੀ ਕਰਦਿਆਂ ਵੀ ਉਨ੍ਹਾਂ ਦੀ ਜ਼ਬਾਨ ਨਹੀਂ ਸੀ ਥਕਦੀ। ਅਸਾਂ ਕਿਸੇ ਨੀਚ ਜ਼ਾਤ ਦੇ ਗਭਰੂ ਦੇ ਹੱਥ ਤਲਵਾਰ ਨਹੀਂ ਸੀ ਫੜਾਈ। ਉਹ ਤਲਵਾਰਾਂ ਦੇ ਜੌਹਰ ਤੋਂ ਨਾਵਾਕਫ ਸਨ। ਡਰਦੇ ਸਨ ਡਾਂਗ ਚੁੱਕਣ ਤੋਂ ਪਹਿਲਾਂ ਪਰ ਹੁਣ ਉਹ ਜ਼ਮਾਨਾ ਆ ਗਿਆ ਏ, ਘੋੜ ਸਵਾਰੀ ਤੇ ਉਹ ਵੀ ਨੀਚ ਬੰਦਿਆਂ ਦੀ। ਹਾਥੀ ਦੀ ਅੰਬਾਰੀ ਤੇ ਵੀ ਨੀਚ ਜ਼ਾਤ ਦਾ ਛੋਕਰਾ ਬੈਠਾ ਏ। ਤੀਰ ਕਮਾਨ ਉਨ੍ਹਾਂ ਦੇ ਮੋਢਿਆਂ ਤੇ ਹਨ। ਜਦੋਂ ਸਾਰੀਆਂ ਚੀਜ਼ਾਂ, ਉਨ੍ਹਾਂ ਸਾਥੋਂ ਖੋਹ ਲਈਆਂ ਤਾਂ ਕੀ ਸਾਡੇ ਮੁੰਡੇ ਫੇਰ ਗੁੱਲੀ ਡੰਡਾ ਖੇਡਣਗੇ।

ਇਨ੍ਹਾਂ ਗੁਰੂਆਂ ਨੇ ਜਿਹੜੀ ਸਭ ਤੋਂ ਵੱਡੀ ਗਲਤੀ ਕੀਤੀ ਏ, ਉਹ ਇਹ ਕਿ ਇਨ੍ਹਾਂ ਨੇ ਪੰਜਾਬੀਆਂ ਨੂੰ ਸਾਡੇ ਸਿਰ ਤੇ ਚਾੜ੍ਹ ਦਿੱਤਾ ਏ ਤੇ ਉਹ ਆਪਣੇ ਆਪ ਨੂੰ ਸਰਦਾਰ ਸਮਝਣ ਲੱਗ ਪਏ ਹਨ।

ਯਾਰੋ! ਇਹ ਤੇ ਉਨ੍ਹਾਂ ਦੀਆਂ ਗੱਲਾਂ ਹੋਈਆਂ, ਸਾਨੂੰ ਰੋਸਾ ਏ, ਪਰ ਯਾਰੋ ਸਾਡੇ ਮੁੰਡਿਆਂ ਤੋਂ ਇਹ ਪੰਜਾਬੀਆਂ ਦੇ ਮੁੰਡੇ ਬਹਾਦਰ ਹਨ। ਦਲੇਰ ਹਨ, ਜਵਾਂ ਮਰਦ ਹਨ। ਕੌਲਾਂ ਦੇ ਪੱਕੇ ਹਨ। ਜੰਗ ਜੇ ਕਦੀ ਛਿੜੀ, ਤਾਂ ਮੈਦਾਨ ਇਨ੍ਹਾਂ ਹੀ ਸਾਂਭਣਾ ਏ। ਸਾਡੇ ਮੁੰਡੇ ਤਾਂ ਐਵੇਂ ਜਿੱਤ ਦੇ ਲਾੜੇ ਹਨ, ਜਦ ਹਾਰ ਇਨ੍ਹਾਂ ਦੇ ਸਾਹਮਣੇ ਛਾਤੀ ਤਾਣ ਦੇ ਤਾਂ ਫੇਰ ਸਾਡੇ ਮੁੰਡੇ ਜੁੱਤੀ ਮੈਦਾਨ ਵਿਚ ਛੱਡ ਕੇ ਨੱਸ ਜਾਣਗੇ। ਤੇ ਕਿਲੇ ਦੀ ਬੁਕਲ ਵਿਚ ਆਪਣੇ ਆਪ ਨੂੰ ਲੁਕੋ ਲੈਣਗੇ। ਪਰ ਰਣਭੂਮੀ ਦੇ ਮੈਦਾਨ ਚੋਂ ਇਨ੍ਹਾਂ ਗਰੀਬ ਪੰਜਾਬੀਆਂ ਨੇ ਨੱਸ ਕੇ ਕਿੱਧਰ ਜਾਣਾ ਏ, ਨਾ ਕੋਈ ਕਿਲਾ, ਨਾ ਕੋਈ ਗੜ੍ਹੀ, ਨਾ ਕੋਈ ਪੱਕੀ ਹਵੇਲੀ। ਜਿਹੇ ਘਰ ਵਿਚ ਤਹੇ ਮੈਦਾਨ ਵਿਚ। ਜਿਹੜਾ ਮੈਦਾਨ ਵਿਚ ਕਿਲੇ ਵਾਂਗੂੰ ਗਡਿਆ ਗਿਆ ਫਤਿਹ ਨੇ ਉਸ ਦੇ ਪੈਰ ਚੁੰਮੇ।

ਅਸੀਂ ਸਿਰਫ ਹੰਕਾਰ ਹੀ ਕਰ ਸਕਦੇ ਹਾਂ। ਈਰਖਾ ਸਾਡੇ ਹਿੱਸੇ ਆਈ ਏ। ਅਗਲੇ ਨੂੰ ਵੇਖ ਕੇ ਸੜਨਾ, ਲੂਸਣਾ, ਐਵੇਂ ਪਾਸੇ ਸਾੜਨੇ ਸਾਡੀ ਆਦਤ ਹੋ ਗਈ ਏ।

ਇਕ ਗੱਲੋਂ ਤਾਂ ਗੁਰੂਆਂ ਨੇ ਚੰਗਾ ਕੀਤਾ ਏ ਕਿ ਮਜ਼ਬੂਤ ਫੌਜ ਬਣਾ ਲਈ ਏ, ਕਿਸੇ

ਵੇਲੇ ਵੀ ਕੰਮ ਆ ਸਕਦੀ ਏ। ਸਾਰਾ ਪਹਾੜ ਸੁਰੱਖਿਅਤ ਹੋ ਗਿਆ ਏ। ਜਦੋਂ ਦੇ ਗੁਰਾਂ ਕੀਰਤਪੁਰ ਵਿਚ ਡੇਰੇ ਲਾਏ ਨੇ, ਮੁਗ਼ਲ ਏਧਰ ਨੂੰ ਮੂੰਹ ਨਹੀਂ ਕਰਦਾ। ਪਹਿਲਾਂ ਜਦੋਂ ਦੋ ਬੰਦਿਆਂ ਨੇ ਜੁੱਤੀ ਪਾਈ ਤੇ ਘੋੜੇ ਤੇ ਪਲਾਕੀ ਮਾਰੀ ਪਹਾੜ ਵੱਲ ਮੂੰਹ ਚੁੱਕ ਲਿਆ ਦੌਲਤ ਲੁਟੀ। ਚੌਂਕੀਆਂ ਤਬਾਹ ਕੀਤੀਆਂ। ਖ਼ੂਬਸੂਰਤ ਰੰਨਾਂ ਚੁੱਕੀਆਂ, ਆਪਣੇ ਹਰਮ ਸਜਾ ਲਏ। ਮੌਜ ਮੇਲਾ ਕੀਤਾ ਤੇ ਪਹਾੜੀ ਤੂੰ ਧੱਕਾ ਦੇ ਦਿੱਤਾ। ਬਸ ਫੇਰ ਕੀ ਸੀ ਅੱਲਾਹ ਅੱਲਾਹ। ਬਸ ਏਥੇ ਆਣ ਕੇ ਗੱਲ ਮੁੱਕ ਜਾਂਦੀ। ਲੋਕਾਂ ਵਿਚ ਜੁਰਅਤ ਪੈਦਾ ਹੋ ਗਈ ਏ। ਹੁਣ ਕਲ ਦਾ ਜੰਮਿਆ ਮੁੰਡਾ ਅਗਲੇ ਦੇ ਗੱਲ ਪੈ ਜਾਂਦਾ ਏ। ਅਣਖ ਜਾਗ ਪਈ ਏ। ਪਰ ਨਹੀਂ ਭਾਵੇਂ ਲੱਖ ਫ਼ਾਇਦੇ ਹੋ ਗਏ ਹਨ ਪਰ ਅਸੀਂ ਇਨ੍ਹਾਂ ਦੀ ਸ਼ਾਨੋ ਸ਼ੌਕਤ, ਜਾਹੋ ਜਲਾਲ ਠਾਠ ਬਾਠ ਬਰਦਾਸ਼ਤ ਨਹੀਂ ਕਰ ਸਕਦੇ। ਇਹ ਗੁਰੂ ਸਾਡੇ ਸਾਹਮਣੇ ਝੂਲਦੇ ਹਾਥੀ ਦੀ ਅੰਬਾਰੀ ਤੇ ਬੈਠ ਕੇ ਲੰਘਣ। ਇਹ ਸਾਥੋਂ ਜਰਿਆ ਨਹੀਂ ਜਾਂਦਾ। ਹੋਰ ਸਾਨੂੰ ਕੋਈ ਦੁੱਖ ਨਹੀਂ। ਕੋਈ ਇਨ੍ਹਾਂ ਨੂੰ ਸਮਝਾ ਦੇਵੇ ਬਸ ਅਸੀਂ ਬੜੇ ਦੁਖੀ ਹਾਂ। ਜਿੰਨਾ ਚਿਰ ਤੱਕ ਸਾਡੀ ਇਹ ਈਨ ਨਹੀਂ ਮੰਨਦੇ, ਅਸਾਂ ਇਨ੍ਹਾਂ ਨੂੰ ਟਿਕਣ ਨਹੀਂ ਦੇਣਾ, ਸਾਹ ਨਹੀਂ ਲੈਣ ਦੇਣਾ ਤੇ ਆਰਾਮ ਨਾਲ ਸੌਣ ਨਹੀਂ ਦੇਣਾ।

ਸਰਕਾਰ ਨੇ ਕਿਤੇ ਭੰਗ ਦਾ ਸੇਵਨ ਨਹੀਂ ਕੀਤਾ ਹੋਇਆ। ਰਬ ਦੇ ਬੰਦੇ ਬਿਨਾਂ ਤੇ ਮੁਗ਼ਲਾਂ ਦੀ ਈਨ ਨਹੀਂ ਮੰਨੀ। ਹਕੂਮਤ ਅਗੇ ਸਿਰ ਨਹੀਂ ਝੁਕਾਇਆ ਤੁਹਾਡੀ ਕਿਦਾਂ ਮੰਨ ਲੈਣਗੇ। ਇਹ ਤੁਹਾਡੀ ਨਾਲਾਇਕੀ ਏ, ਸਗੋਂ ਤੁਹਾਨੂੰ ਮਾਣ ਕਰਨਾ ਚਾਹੀਦਾ ਏ ਕਿ ਹਕੂਮਤ ਦੇ ਭਰੇ ਦਰਬਾਰ ਵਿਚੋਂ ਕਿਸੇ ਇਕ ਨੇ ਗਲ ਕਰਨ ਦੀ ਜੁਰਅਤ ਤੇ ਕੀਤੀ। ਅਸੀਂ ਤੁਹਾਡਾ ਧਰਮ ਕਬੂਲ ਨਹੀਂ ਕਰਦੇ। ਰਾਜਪੂਤਾਂ ਨੇ ਤੇ ਸਿਰ ਝੁਕਾ ਹੀ ਦਿਤਾ ਸੀ। ਕੁੜੀਆਂ ਦੇ ਡੋਲੇ ਆਪਣੇ ਹਥੀਂ ਤੋਰੇ ਪਰ ਹਿੰਮਤ ਨਾ ਪਈ ਸਚੀ ਗਲ ਆਖਣ ਦੀ। ਤੁਹਾਨੂੰ ਤੇ ਸ਼ੁਕਰ ਕਰਨਾ ਚਾਹੀਦਾ ਏ। ਤੁਹਾਡੀ ਕਿਸੇ ਨੇ ਨੁਹਾਰ ਨਹੀਂ ਵੇਖੀ। ਤੁਹਾਡੀਆਂ ਨੂੰਹਾਂ ਦਾ ਕਿਸੇ ਨੇ ਘੁੰਡ ਨਹੀਂ ਚੁਕਿਆ। ਤੁਹਾਡੀਆਂ ਕੁਆਰੀਆਂ ਕੰਜਕਾਂ ਚੁਕ ਕੇ ਮੁਗ਼ਲ ਦਿੱਲੀ ਵਿਚ ਨਹੀਂ ਲੈ ਗਏ।

ਇਹ ਗਲ ਨਿਹਮਤ ਤੋਂ ਘਟ ਏ। ਆਖਣ ਵਾਲਾ ਇਕ ਗੁਰੂ ਕਾ ਸੇਵਕ ਸੀ।

ਤੁਹਾਡੀ ਗਲ ਪੱਥਰ ਤੇ ਲੀਕ ਏ। ਪਰ ਅਸੀਂ ਕੀ ਕਰੀਏ। ਪਰ ਸਾਡੀ ਸਰਦਾਰੀ ਤੇ ਚੁਲ੍ਹੇ ਵਿਚ ਪੈ ਗਈ ਏ। ਕੋਈ ਸਲਾਮ ਵੀ ਨਹੀਂ ਕਰਦਾ। ਚਲੋ ਕੋਈ ਰਾਮ ਰਾਮ ਤੇ ਆਖੇ।

ਰਾਜਾ ਜੀ ਭਗਵਾਨ ਦਾ ਸ਼ੁਕਰ ਕਰੋ ਨਹੀਂ ਤੇ ਤੁਹਾਡੀ ਰਾਣੀ ਬੁਰਕੇ ਵਿਚ ਸਜੀ ਤੁਸੀਂ ਆਪ ਆਪਣੀ ਅਖੀਂ ਵੇਖਦੇ, ਪਲ ਵਿਚ ਰਾਣੀ ਬੇਗਮ ਬਣ ਜਾਂਦੀ। ਹਰਮ ਦਾ ਸ਼ਿੰਗਾਰ ਮਹਾਰਾਣੀ ਤੇ ਹਜ਼ੂਰ ਉਹਦਾ ਮੁਖੜਾ ਵੀ ਨਾ ਵੇਖ ਸਕਦੇ।

ਅਸਾਂ ਸ਼ਰੀਕਾ ਪਿਟਣਾ ਨਹੀਂ ਛਡ ਸਕਦੇ। ਭਾਵੇਂ ਅਗਲੇ ਦੇ ਚੇਹਰੇ ਲਾਲੀਆਂ ਚੜ੍ਹੀਆਂ ਹੋਣ ਤੇ ਸਾਨੂੰ ਆਪਣਾ ਮੂੰਹ ਚਪੇੜਾਂ ਮਾਰ ਮਾਰ ਲਾਲ ਨਾ ਕਰਨਾ ਪੈ ਜਾਏ, ਅਸਾਂ ਜ਼ਰੂਰ ਲਾਲ ਕਰ ਲੈਣਾ ਆਪਣਾ ਮੂੰਹ। ਤੁਹਾਡੀਆਂ ਸਾਰੀਆਂ ਗਲਾਂ ਠੀਕ ਹਨ ਪਰ ਸਾਥੋਂ ਇਹ ਸਭ ਕੁਝ ਬਰਦਾਸ਼ਤ ਨਹੀਂ ਕੀਤਾ ਜਾਂਦਾ।

ਰਾਤ ਨੀਂਦ ਨਾ ਪਈ ਰਾਜੇ ਨੂੰ। ਸਾਰੀ ਰਾਤ ਪਲੰਘ ਤੇ ਪਾਸੇ ਮਾਰ ਕੇ ਕਟੀ।

ਦੀਵਾਨ ਸੀ ਸੋਹਣਾ ਨਾਂ ਵਾਲਾ। ਸੁਘੜ, ਇਤਬਾਰੀ, ਸਿਆਣਾ। ਦੀਵਾਨ ਦਾ ਸਿਰਫ਼ ਇਕੋ ਕਸੂਰ ਸੀ ਕਿ ਉਹ ਗੁਰੂ ਦਾ ਭਗਤ ਸੀ। ਰਾਜੇ ਨੂੰ ਸੂਹ ਲਗੀ। ਰਾਜੇ ਨੇ ਕੰਨੋਂ ਫੜਿਆ ਤੇ ਧਕੇ ਮਾਰ ਮਾਰ ਕੇ ਦਰਬਾਰ ਵਿਚੋਂ ਕਢ ਦਿਤਾ। ਜਾਹ ਉਏ ਓਥੇ ਹੀ ਚਲਿਆ ਜਾਹ ਜਿਥੋਂ ਦੇ ਗੁਣ ਗਾਉਨਾ ਏ। ਹਰਾਮਜ਼ਾਦਿਆ! ਖਾਂਦਾ ਸਾਡਾ ਏਂ ਤੇ ਜਸ ਗੁਰੂਆਂ ਦਾ ਗਾਉਂਦਾ ਏ।

ਦੀਵਾਨ ਨੇ ਬੁਕਲ ਮਾਰੀ ਤੇ ਗੁਰੂ ਦੇ ਦਵਾਰੇ ਆ ਗਿਆ। ਤੇ ਏਧਰ ਕੁਦਰਤ ਦਾ ਭਾਣਾ ਵਰਤਿਆ ਸ਼ਹਿਨਸ਼ਾਹ ਸ਼ਾਹ ਜਹਾਨ ਲਾਹੌਰ ਆਇਆ ਹੋਇਆ ਸੀ। ਉਸ ਫੌਜ ਚੜ੍ਹਾ ਦਿਤੀ। ਰਾਜੇ ਦੀ ਜਾਨ ਸ਼ਕੰਜੇ ਵਿਚ ਫਸੀ ਵੇਖ ਕੇ ਗੁਰੂਆਂ ਹੁਕਮ ਦਿਤਾ ਜਾਓ ਹੱਲਾ ਰੋਕੋ। ਨਵੇਂ ਗਭਰੂਆਂ ਮੂੰਹ ਭੰਨਿਆ, ਬੂਥੀ ਸੁਜਾ ਦਿਤੀ। ਹਮਲਾ ਨਾਕਾਮ ਰਿਹਾ, ਫੌਜ ਭਜ ਗਈ।

ਬੜਾ ਸ਼ਰਮਸਾਰ ਹੋਇਆ ਰਾਜਾ ਪਰ ਆਕੜ ਨਾ ਭਜੀ। ਰਸੀ ਸੜ ਗਈ ਪਰ ਵਟ ਨਾ ਗਿਆ।

ਰਾਜਾ ਤਾਰਾ ਚੰਦ ਰਬ ਨੂੰ ਪਿਆਰਾ ਹੋ ਗਿਆ। ਦਲੀਪ ਚੰਦ ਨੇ ਸਿੰਘਾਸਨ ਮਲਿਆ। ਅਜੇ ਬਾਲੜੀ ਉਮਰ ਸੀ। ਉਸ ਸ਼ਾਹ ਜਹਾਨ ਦੀਆਂ ਅਖਾਂ ਵੇਖੀਆਂ ਨਹੀਂ ਸਨ। ਉਸ ਸੁਣੀਆਂ ਸਨ। ਥਰ ਥਰ ਕੰਬਦਾ ਆਖਰਕਾਰ ਸ਼ਾਹ ਜਹਾਨ ਦੀ ਸ਼ਰਨ ਕਬੂਲ ਲਈ ਤੇ ਉਹਦੀ ਬੋਲੀ ਬੋਲਣ ਲਗ ਪਿਆ। ਗੁਰੂ ਦਾ ਆਸਰਾ ਛਡ ਦਿਤਾ।

ਚੜ੍ਹਦੀ ਜਵਾਨੀ ਦਾ ਨਸ਼ਾ ਸੀ ਤੇ ਉਸ਼ਕਲ ਦਿਤੀ ਹੋਈ ਸੀ ਸ਼ਾਹ ਜਹਾਨ ਨੇ। ਪਹਾੜੀ ਰਾਜੇ ਖ਼ਿਰਾਜ ਨਹੀਂ ਦਿੰਦੇ। ਸ਼ਾਹ ਜਹਾਨ ਚਾਹੁੰਦਾ ਸੀ ਕਿ ਰੋਜ਼ ਹਾਜ਼ਰੀ ਭਰਨ ਰਾਜੇ। ਆਮਦਨ ਵਧੇ। ਤੇ ਇਕ ਬਾਹੀ ਮਜ਼ਬੂਤ ਹੋਵੇ। ਹੱਥਾਂ ਤੇ ਚਾੜ੍ਹ ਲਿਆ ਦਲੀਪ ਚੰਦ ਨੂੰ। ਡਾਂਗ ਦਲੀਪ ਚੰਦ ਦੇ ਮੋਢੇ ਤੇ ਰਖ ਦਿਤੀ ਤੇ ਆਪ ਖੜਾ ਹੋ ਕੇ ਤਮਾਸ਼ਾ ਵੇਖਣ ਲਗ ਪਿਆ। ਇਹ ਕਾਫਰ ਭਰਾਵਾਂ ਨਾਲ ਹੀ ਲੜਨ। ਨਾ ਹਿੰਗ ਲਗੇ ਨਾ ਫਟਕੜੀ ਰੰਗ ਚੋਖਾ ਆਏ। ਚੰਡਾਲ ਚੌਕੜੀ ਰਲੀ। ਚਾਰ ਰਾਜੇ ਮੰਡਾਸੇ ਬੰਨ੍ਹ ਕੇ ਦਰਸ਼ਨਾਂ ਦੇ ਬਹਾਨੇ ਕੀਰਤਪੁਰ ਆ ਗਏ।

ਜੀ ਆਇਆਂ ਨੂੰ, ਰਾਜੇ ਹਨ, ਧੰਨ ਭਾਗ! ਆਓ ਬੈਠੋ, ਬਾਣੀ ਸੁਣੋ, ਲੰਗਰ ਛਕੋ, ਹੋਰ ਕੋਈ ਸੇਵਾ।

ਪਰ ਜਿਨ੍ਹਾਂ ਦੇ ਅੰਦਰ ਚੋਰ ਲੁਕਿਆ ਹੋਵੇ, ਉਨ੍ਹਾਂ ਲਈ ਅਕੀਦਤ ਕਾਹਦੀ। ਘਰੋਂ ਇਹ ਮਨ ਬਣਾ ਕੇ ਆਏ ਸਨ ਕਿ ਗੁਰੂ ਨੂੰ ਚੁਕ ਕੇ ਲੈ ਆਵਾਂਗੇ। ਪਰ ਜਦੋਂ ਸਰਕਾਰਾਂ ਨੇ ਗੁਰੂ ਦੀ ਕੀਰਤਪੁਰ ਵਿਚ ਦੱਖ ਵੇਖੀ ਤਾਂ ਪੈਰਾਂ ਥਲਿਉਂ ਜ਼ਮੀਨ ਨਿਕਲ ਗਈ। ਚਾਂਦੀ ਦੇ ਹੌਦੇ ਨਾਲ ਸ਼ਿੰਗਾਰਿਆ ਹੋਇਆ ਹਾਥੀ। ਬਾਈ ਸੌ ਸਵਾਰ ਘੋੜ ਚੜ੍ਹਿਆ। ਸੂਰਮੇ ਇਕ ਤੋਂ ਇਕ ਚੜ੍ਹਦੇ।

ਨੌਬਤ ਵਜੇ ਦੁਆਰੇ। ਨਗਾਰੇ ਖੜਕਣ। ਸੰਗਤ ਵਿਚ ਉਭਾਰ ਸੀ ਸ਼ਰਧਾ ਦਾ। ਗੁਰੂਆਂ ਦੀ ਅਦੁੱਤੀ ਸ਼ਖਸੀਅਤ ਅਤੇ ਪ੍ਰਭਾਵ ਨੂੰ ਵੇਖ ਕੇ ਰਾਜਿਆਂ ਦੀ ਖੁੰਬ ਠਪੀ ਗਈ ਤੇ ਅਉਲੂ ਦੀ ਝਗ ਵਾਂਗੂੰ ਬੈਠ ਗਏ। ਪਸੀਨਾ ਛੁਟਿਆ, ਲਹੂ ਪਾਣੀ ਬਣ ਗਿਆ।

—ਸਤਿਗੁਰਾਂ ਫੁਰਮਾਇਆ, 'ਤਾਰਾ ਚੰਦ ਦਾ ਬੇਟਾ ਆਇਆ ਏ ਆਦਰ ਦਿਓ, ਸਤਿਕਾਰ ਕਰੋ। ਸਿਰੋਪਿਆਂ ਨਾਲ ਨਿਵਾਜਿਆ ਜਾਏ। ਮੁੰਡੇ ਗਲਤੀਆਂ ਕਰਦੇ ਹੀ ਆਏ ਨੇ। ਸਾਡਾ ਕੰਮ ਬਖਸ਼ ਦੇਣਾ ਹੈ।

ਬੜੀ ਸ਼ਰਮ ਆਈ। ਪਾਣੀਓਂ ਪਤਲਾ ਹੋ ਗਿਆ। ਸਿਰ ਝੁਕਾ ਦਿਤਾ।। ਪਰ ਅਜੇ ਤਕੱਬਰ ਦਾ ਮੂੰਹ ਨਹੀਂ ਭੱਜਾ। ਰੱਸੀ ਸੜ ਗਈ ਸੀ ਪਰ ਵੱਟ ਨਹੀਂ ਸੀ ਗਿਆ। ਸੱਪ ਲੰਘ ਗਿਆ ਸੀ ਲੀਕ ਪਿਟ ਰਹੇ ਸਨ।

ਨਿਥਾਵਿਆਂ ਦੇ ਥਾਂਵ, ਨਿਮਾਣਿਆਂ ਦੇ ਮਾਣ, ਜਗਤ ਗੁਰੂ ਮਿਹਰਬਾਨ, ਸ਼ਕਤੀ ਦੀ ਮੂਰਤੀ। ਗੁਰੂ ਹਰਿ ਰਾਏ ਨੇ ਸੁਭੋਕੀ ਆਖਿਆ ਸੁਣਿਆ ਏ ਪਹਾੜਾਂ ਵਿਚ ਪਹਿਲਵਾਨਾਂ ਦੀ ਬੜੀ

ਗਿਣਤੀ ਏ । ਤਕੜੇ ਵੀ ਬੜੇ ਹਨ । ਧੂੰਮਾਂ ਵੀ ਹਨ । ਜ਼ਰਾ ਸਿਖਾਂ ਨਾਲ ਕੁਸ਼ਤੀ ਹੋ ਜਾਏ । ਅਸੀਂ ਵੀ ਜ਼ਰਾ ਜੁੱਸੇ ਦਾ ਜਲਾਲ ਵੇਖ ਲਈਏ ।

ਗੱਲ ਉਨ੍ਹਾਂ ਦੇ ਮਤਲਬ ਦੀ ਸੀ, ਚਲੋ ਏਸੋ ਤਰ੍ਹਾਂ ਸਹੀ । ਸਾਨੂੰ ਆਪਣੇ ਮੂੰਹੋਂ ਗੱਲ ਨਹੀਂ ਕਹਿਣੀ ਪਈ ਗੁਰਾਂ ਆਪ ਆਖ ਦਿਤੀ ਏ । ਅਖਾੜੇ ਵਿਚ ਦੋ ਗਭਰੂ ਨਿਤਰੇ । ਪਹਾੜੀ ਸੂਰਮੇ । ਮਸਤ ਹਾਥੀਆਂ ਵਰਗੇ, ਬਜਰ ਵਰਗਾ ਸਰੀਰ । ਥਾਪੀਆਂ ਮਾਰਦੇ ਲਲਕਾਰੇ ਮਾਰ ਰਹੇ ਸਨ । ਦੋ ਗਭਰੂ ਸਾਹਮਣੇ ਆਏ ਤੇ ਗੁਰਾਂ ਨੇ ਥਾਪਣਾ ਦਿਤੀ । ਤੇ ਓਧਰ ਸ਼ਕਤੀਸਾਲੀ ਪਾਲਤੂ ਪਹਿਲਵਾਨ, ਲੰਗੋਟਾ ਕਸ ਕੇ ਮੈਦਾਨ ਵਿਚ ਬੁਬਲੀਆਂ ਮਾਰਨ ਲਗ ਪਏ ।

ਜੋੜ ਪਏ ਪਹਿਲਵਾਨਾਂ ਦੇ ਪਹਿਲੇ ਦਾਅ ਵਿਚ ਹੀ ਸਿਖਾਂ ਦੋਵੇਂ ਪਹਿਲਵਾਨ ਚਾਰੇ ਸ਼ਾਨੇ ਚਿਤ ਕਰ ਦਿਤੇ । ਮੋਢੇ ਲਗ ਗਏ । ਬੜੀ ਲਜਿਆ ਆਈ । ਬਹਾਦਰੀ ਨਿਲਾਮ ਹੋ ਗਈ ਅਖਾੜੇ ਵਿਚ ।

ਚਰਨੀਂ ਢੱਠੇ, ਮੱਥੇ ਰਗੜੇ । ਝੋਲੀਆਂ ਅੱਡੀਆਂ । ਬਖਸ਼ਸ਼ਾਂ ਲੈ ਕੇ ਮੁੜੇ । ਸ਼ਾਹਜਹਾਨ ਲਾਹੌਰ ਵਿਚ ਹੀ ਇੰਤਜ਼ਾਰ ਕਰ ਰਿਹਾ ਸੀ । ਕੋਈ ਖਬਰ ਨਾ ਆਈ ।

ਇਹ ਕਾਫਰ ਕਿੰਨੇ ਕੰਮ ਚੋਰ ਹਨ, ਬੇਈਮਾਨ ਹਨ । ਸਾਡਾ ਖਾ ਕੇ ਵੀ ਹਰਾਮ ਕਰ ਗਏ ਹਨ । ਅੱਛਾ, ਫਿਰ ਸਹੀ । ਸ਼ਾਹ ਜਹਾਨ ਨੇ ਇਕ ਮਰੋੜਾ ਖਾਧਾ, ਅਜੇ ਮੈਂ ਵਿਹਲਾ ਨਹੀਂ । ਵੇਖ ਲਾਂ ਗਾ ਇਨ੍ਹਾਂ ਗੁਰੂਆਂ ਨੂੰ ਵੀ ਤੇ ਪਹਾੜੀ ਰਾਜਿਆਂ ਨੂੰ ਵੀ ।

□

੨੬
ਉਪਦੇਸ਼

ਮਹਾਰਾਜ ਨੇ ਫਰਮਾਇਆ ਕੁਦਰਤ ਨੇ ਤੁਹਾਨੂੰ ਰਾਜ ਬਖਸ਼ੇ ਹਨ, ਤਪੋਂ ਰਾਜ ਤੇ ਰਾਜੋਂ ਨਰਕ, ਇਹ ਵੇਦਾਂ ਦਾ ਕਥਨ ਏ ।

ਇਹ ਜ਼ਿੰਦਗੀ ਚਾਰ ਰੋਜ਼ਾ ਏ ਇਹਦਾ ਕਾਹਦਾ ਮਾਣ ਏ, ਕਿਸੇ ਨੇ ਏਥੇ ਕਿੱਲਾ ਨਹੀਂ ਗਡਿਆ ਹੋਇਆ, ਇਹ ਤੇ ਇਕ ਸਰਾਂ ਏ, ਰਾਤ ਕੱਟੀ ਤੇ ਦਿਨੇ ਰਾਹ ਪਏ । ਪ੍ਰਾਹੁਣਾ ਆਇਆ ਤੇ ਰਾਹੀ ਗਿਆ, ਪ੍ਰਾਹੁਣਾ ਗਿਆ ਤੇ ਨਵਾਂ ਆ ਗਿਆ । ਸਰਾਂ ਵਿਚ ਕਿਸੇ ਦਾ ਜੱਦੀ ਕਮਰਾ ਨਹੀਂ, ਸਭ ਕਿਰਾਏ ਦੀਆਂ ਕੋਠੜੀਆਂ ਹਨ । ਪਰ ਮਿੱਟੀ ਦਾ ਪੁਤਲਾ ਆਪਣਾ ਹੱਕ ਜਿਤਲਾਉਣ ਲੱਗ ਪੈਂਦਾ ਏ । ਇਹ ਪਾਣੀ ਦਾ ਬੁਲਬੁਲਾ ਏ ਤੇ ਇਹ ਮਿੱਟੀ ਦੀ ਬਾਜ਼ੀ ਜਿਹਦੀ ਕੋਈ ਕਾਇਆ ਨਹੀਂ ਪਰ ਇਹਨੂੰ ਸਮਝਾਵੇ ਕੌਣ । ਚਾਰ ਦਿਹਾੜੀਆਂ ਉਧਾਰੀਆਂ ਲੈ ਕੇ ਆਏ । ਦੋ ਰੋਜ਼ ਗੁਜ਼ਰ ਗਏ ਹਨ ਤੇ ਦੋ ਇੰਤਜ਼ਾਰ ਵਿਚ ਹਨ । ਬੱਸ ਮੌਤ ਜ਼ਰਾ ਕੂਕੀ ਤੇ ਬੰਦੇ ਦਾ ਖੋਜ ਖੁਰਾ ਮਿੱਟ ਗਿਆ । ਗੁਰਾਂ ਦੇ ਵਾਕ ਦਾ ਇਸ਼ਾਰਾ ਰਾਜਿਆਂ ਵੱਲ ਸੀ । ਤੇ ਉਹਨਾਂ ਰਾਜਿਆਂ ਵੱਲ ਜ਼ਰਾ ਕੁ ਤੱਕਦਿਆਂ ਆਖਿਆ ।

ਸੁਣੋ ਰਾਜਿਓ, ਮਹਾਰਾਜਿਓ, ਤੁਹਾਨੂੰ ਕੁਦਰਤ ਨੇ ਰਾਜੇ-ਮਹਾਰਾਜੇ ਬਣਾਇਆ ਏ, ਤੁਸੀਂ ਆਪਣੀ ਜਨਤਾ ਦੇ ਮਾਈ ਬਾਪ ਹੋ, ਪਿਓ ਦਾ ਕੰਮ ਏ ਘਰ ਦੀ ਰਾਖੀ ਕਰਨੀ ਤੇ ਹਰ ਛੋਟੇ ਵੱਡੇ ਦਾ ਧਿਆਨ ਕਰਨਾ। ਹਰ ਕਿਸੇ ਦੇ ਦੁੱਖ ਸੁੱਖ ਵੱਲ ਨਜ਼ਰ ਰੱਖਣੀ।

ਰਾਜੇ ਬਣ ਕੇ ਕਿਸੇ ਨੂੰ ਰੋਅਬ ਨਾ ਦਿਓ, ਤੁਹਾਨੂੰ ਬਹੁਤ ਮਿੱਠੇ ਸੁਭਾਅ ਦਾ ਹੋਣਾ ਚਾਹੀਦਾ ਏ। ਸੱਜਣੋ ਬੇਰੀ ਨੂੰ ਫਲ ਲੱਗਦੇ ਹਨ ਵੇਖਿਆ ਜੇ ਜ਼ਮੀਨ ਵੱਲ ਝੁਕ ਜਾਂਦੀ ਏ। ਤੁਸੀਂ ਸਾਰੀਆਂ ਸ਼ਕਤੀਆਂ ਦੇ ਮਾਲਕ ਹੋ ਤੁਹਾਨੂੰ ਹਰ ਸਮੇਂ ਹਰ ਵੇਲੇ ਨਿਮਰਤਾ ਤੋਂ ਕੰਮ ਲੈਣਾ ਚਾਹੀਦਾ ਏ।

ਪਰਜਾ ਤੇ ਜ਼ੁਲਮ ਢਾਹੁਣਾ ਕਿਸੇ ਰਾਜੇ ਨੂੰ ਫਬਦਾ ਨਹੀਂ। ਕਦੀਂ ਤੁਸੀਂ ਆਪਣੇ ਮਹਿਲਾਂ ਵਿਚ ਜ਼ੁਲਮ ਕਰਕੇ ਵੇਖਿਆ ਏ। ਹਾਹਾਕਾਰ ਮਚ ਜਾਵੇਗੀ। ਇਹ ਜਨਤਾ ਵੀ ਤੁਹਾਡੇ ਮਹਿਲ ਹਨ, ਇਹ ਵੀ ਤੁਹਾਡੇ ਬੱਚੇ ਹਨ। ਇਹਨਾਂ ਤੇ ਰਹਿਮ ਕਰੋਗੇ ਇਸ ਨਾਲ ਤੁਹਾਡਾ ਸਤਿਕਾਰ ਵਧੇਗਾ, ਲੋਕ ਅਹਿਤਰਾਮ ਕਰਨਗੇ, ਮੱਥੇ ਟੇਕਣਗੇ, ਰਾਜਾ ਭਗਵਾਨ ਵਾਂਗੂ ਪੂਜਿਆ ਜਾਵੇਗਾ, ਜਨਤਾ ਦਾ ਭਗਵਾਨ ਤੇ ਰਾਜਾ ਹੀ ਏ।

ਜੇ ਤਾਕਤ ਮਿਲੀ ਏ ਤੇ ਆਕੜੇ ਆਕੜੇ ਨਾ ਫਿਰੋ, ਪ੍ਰਭੂ ਦੇ ਗੁੱਸੇ ਤੇ ਕਹਿਰ ਤੋਂ ਡਰੋ।

ਰਾਜੇ ਦਾ ਵਿਲਾਸੀ ਹੋਣਾ ਰਾਜ ਦੀ ਤਬਾਹੀ ਦਾ ਕਾਰਣ ਬਣ ਜਾਂਦਾ ਏ। ਰਾਜੇ ਦੀਆਂ ਤੇ ਸਾਰੇ ਰਾਜ ਦੀਆਂ ਕੰਜਕਾਂ ਧੀਆਂ ਹਨ, ਭੈਣਾਂ ਹਨ, ਰਣਵਾਸ ਥੋੜ੍ਹਾ ਏ। ਇਹਨਾਂ ਨੂੰ ਚਿੱਤ ਵਿਚ ਰੱਖੋ।

ਆਪਣੀ ਸ਼ਕਤੀ ਨੂੰ ਭੋਗਾਂ ਵਿਲਾਸਾਂ ਵਿਚ ਪਾ ਕੇ ਸ਼ਕਤੀ ਨੂੰ ਨਸ਼ਟ ਨਾ ਕਰੋ। ਇਹੋ ਹੀ ਤੁਹਾਡਾ ਬਲ ਏ ਇਸੇ ਨੂੰ ਹੀ ਬੀਰਤਾ ਆਖਦੇ ਹਨ, ਇਹੋ ਹੀ ਤੁਹਾਡੀ ਤਪੱਸਿਆ ਏ। ਵੀਰੋ ਰਾਤ ਨੂੰ ਸੌਣ ਵੇਲੇ ਮਹਿਲਾਂ ਦੇ ਦਰਵਾਜ਼ੇ, ਖਿੜਕੀਆਂ ਬੰਦ ਕਰਕੇ ਨਾ ਸੌਂਵੋਂ। ਹਰਮਾਂ ਵਿਚ ਗੂੜ੍ਹੀ ਨੀਂਦ ਸੌਂ ਜਾਣਾ, ਦੁੱਖੀ ਜਨਤਾ ਦੀ ਆਵਾਜ਼, ਤੁਹਾਡੇ ਕੰਨੀਂ ਨਾ ਪਵੇ, ਰਾਜ ਕਰਨਾ ਬਹੁਤ ਕਠਿਨ ਭਗਤੀ ਏ। ਤਪੱਸਿਆ ਏ, ਸਾਧਨਾ ਏ। ਯਾਰੋ ਰਾਜਾ ਵੀ ਕਦੇ ਸੁੱਖੀ ਹੋਇਆ ਏ, ਰਾਜਾ ਤੇ ਹਰ ਵੇਲੇ ਸੂਲੀ ਤੇ ਹੀ ਸੌਂਦਾ ਏ।

ਰਾਜੇ ਦੀ ਜੜ੍ਹ ਪਰਜਾ ਏ, ਪਰਜਾ ਹੀ ਰਾਜੇ ਦੀ ਸ਼ਕਤੀ ਏ। ਰਾਜੇ ਦਾ ਬਾਹੂ-ਬਲ ਪਰਜਾ ਤੇ ਨਿਰਭਰ ਏ। ਇਹ ਸ਼ਾਖਾ ਹਨ ਤੇ ਰਾਜਾ ਬ੍ਰਿਕਸ਼। ਜੜ੍ਹ ਲੋਕ ਹਨ ਤੇ ਕੁਹਾੜੀ ਨਾਲ ਜੜ੍ਹ ਨਾ ਕੱਟੋ। ਜਿਹੜਾ ਰਾਜਾ ਪਰਜਾ ਨੂੰ ਦੁੱਖੀ ਰਖਦਾ ਏ ਮਾਨੋ ਆਪਣੇ ਰਾਜ ਨੂੰ ਆਪਣੇ ਹੱਥੀਂ ਕੁਹਾੜਾ ਮਾਰ ਰਿਹਾ ਏ।

ਰਾਜ ਦਰਬਾਰ ਦੀ ਆਮਦਨ, ਖਜ਼ਾਨਾ ਜਿਹੜਾ ਭਰਿਆ ਹੋਇਆ ਏ ਉਹ ਆਪਣੇ ਤੇ ਹੀ ਖ਼ਰਚ ਨਾ ਕਰੋ ਤੇ ਜਨਤਾ ਤੇ ਵੀ ਕਰੋ। ਜਿਹੜਾ ਰਾਜਾ ਸਿਰਫ ਆਪਣੇ ਤੇ ਹੀ ਖ਼ਰਚ ਕਰਦਾ ਏ ਉਹ ਨਰਕਾਂ ਦਾ ਭਾਗੀ ਬਣੇਗਾ। ਬੀਬਾ ਜਨਤਾ ਦੀ ਭਲਾਈ ਤੇ ਖ਼ਰਚ ਕਰਨਾ, ਫਿਰ ਵੇਖੋ ਕਿੰਨਾ ਕੁ ਅਨੰਦ ਮਿਲਦਾ ਏ।

ਖੂਹ ਲਵਾਓ, ਤਲਾਬ ਬਣਵਾਓ, ਤੁਹਾਡੇ ਵੀ ਕੰਮ ਆਉਣਗੇ ਤੇ ਲੋਕਾਂ ਦੇ ਕਾਰਜ ਵੀ ਸਿੱਧ ਹੋਣਗੇ, ਖੇਤੀ ਜ਼ਿਆਦਾ ਹੋਵੇਗੀ, ਕਾਲ ਦਾ ਡਰ ਰਹੂ, ਆਮਦਨ ਵਧੂ, ਪਬਲਿਕ ਖੁਸ਼ਹਾਲ ਹੋਵੇਗੀ।

ਪੁੱਲ ਬਣਵਾਓ, ਆਵਾਜਾਈ ਦੇ ਸਾਧਨ ਵੱਧਣਗੇ, ਵਪਾਰ ਵਿਚ ਵਾਧਾ ਹੋਵੇਗਾ, ਤੁਸੀਂ

ਪੁੱਲ ਬਣਵਾਓਗੇ ਤੇ ਜਨਤਾ ਵਿਚ ਵੀ ਉੱਦਮ ਆਵੇਗਾ, ਧਰਮਸ਼ਾਲਾ ਆਪੇ ਹੀ ਬਣ ਜਾਣਗੀਆਂ, ਆਉਂਦੇ ਜਾਂਦੇ ਮੁਸਾਫਰ ਰਾਤ ਕੱਟਣਗੇ, ਅਸੀਸਾਂ ਦੇਣਗੇ, ਰਾਜੇ ਦੀ ਉਮਰ ਵਧੇਗੀ।

ਧਰਮ ਦੀ ਤਾਲੀਮ ਦੇਣ ਵਾਸਤੇ ਮਦਰੱਸੇ ਬਣਵਾਓ। ਲੋਕ ਪੜ੍ਹਨ-ਲਿਖਣਗੇ। ਤੁਹਾਡਾ ਨਾਂ ਰੋਸ਼ਨ ਹੋਵੇਗਾ।

ਇਸ ਦੇਣ ਨੂੰ ਜਿਹੜੀ ਖੁਸ਼ੀ ਲੋਕਾਂ ਨੂੰ ਦੇ ਚਲੇ ਓ, ਲੋਕ ਪੀੜ੍ਹੀਆਂ ਤਕ ਯਾਦ ਰੱਖਣਗੇ, ਤੁਹਾਡੇ ਨਾਂ ਦਾ ਯਸ਼ ਹੋਵੇਗਾ, ਰਹਿੰਦੀ ਦੁਨੀਆ ਤਕ ਲੋਕ ਤੁਹਾਡੀ ਪੂਜਾ ਕਰਦੇ ਰਹਿਣਗੇ। ਅਸਲ ਵਿਚ ਤੁਸੀਂ ਭਗਵਾਨ ਹੋ, ਤੁਸੀਂ ਦੇਵਤੇ ਹੋ, ਤੁਸੀਂ ਰਿਸ਼ੀ ਹੋ।

ਜੇ ਤੁਸਾਂ ਕੁਝ ਨਾ ਕੀਤਾ ਤਾਂ ਗਰੀਬ ਸਿਰਫ ਆਹਾਂ ਹੀ ਭਰ ਸਕਦੇ ਹਨ ਹੋਰ, ਉਹਨਾਂ ਵਿਚਾਰਿਆਂ ਕੋਲ ਕਿਹੜੀ ਸ਼ਕਤੀ ਏ। ਗਰੀਬੀ ਤੁਸਾਂ ਦੂਰ ਕਰਨੀ ਏ, ਧਰਤੀ ਉਪਜਾਊ ਬਣਾਓ, ਗਰੀਬੀ ਆਪੇ ਹੀ ਪਰ ਲਾ ਕੇ ਉੱਡ ਜਾਏਗੀ।

ਰਹਿਮ ਕਰਨਾ ਜਿੱਖੋ, ਪਿਆਰ ਕਰਕੇ ਵੇਖੋ, ਪਿਆਰ ਮਿਲੇਗਾ, ਅਨੰਦ ਮਿਲੇਗਾ, ਰਾਤੀਂ ਨੀਂਦ ਚੰਗੀ ਆਵੇਗੀ।

ਸਖ਼ਤੀ ਰਾਜ ਲਈ ਜ਼ਰੂਰੀ ਏ ਪਰ ਦੁਸ਼ਮਣ ਵਾਸਤੇ, ਘਰ ਦਿਆਂ ਲਈ ਨਹੀਂ।

ਪੱਲੇ ਬੰਨ੍ਹ ਕੇ ਸਿਖਿਆ ਗੁਰਾਂ ਦੀ, ਧੂੜ ਲਈ ਗੁਰਚਰਨਾਂ ਦੀ ਮੱਥੇ ਨੂੰ ਲਾਈ, ਦੀਵਾਨ ਵਿਚੋਂ ਇਹ ਸ਼ਬਦ ਗੂੰਜ ਰਹੇ ਸਨ, "ਬਾਣੀ ਪੜ੍ਹੋ ਭਾਈ, ਬਾਣੀ ਸੁਣੋ, ਚੁਰਾਸੀ ਕੱਟੀ ਜਾਊ"

ਦਰਿਆ ਚੜ੍ਹਿਆ ਹੋਇਆ ਸੀ, ਠਾਠਾਂ ਮਾਰਦਾ, ਪਰ ਗੁਰੂ ਦੇ ਬਚਨ ਸੁਣ ਕੇ ਸਿਰ ਸੱਟ ਕੇ ਵਹਿਣ ਲੱਗ ਪਿਆ। ਜਦੋਂ ਦਰਿਆ ਬਚਨ ਸੁਣਦਾ ਏ, ਬੰਦਾ ਕਿਉਂ ਨਾ ਸੁਣੇ।

□

੬ ਸਾਵਣਿ

ਸਾਵਣਿ ਸਰਸੀ ਕਾਮਣੀ, ਚਰਨ ਕਮਲ ਸਿਉ ਪਿਆਰੁ ।
ਮਨੁ ਤਨੁ ਰਤਾ ਸਚ ਰੰਗ ਇਕੋ ਨਾਮੁ ਅਧਾਰੁ ।
ਬਿਖਿਆ ਰੰਗ ਕੂੜਾਵਿਆ, ਦਿਸਨਿ ਸਭੇ ਛਾਰੁ ।
ਹਰਿ ਅੰਮ੍ਰਿਤ ਬੂੰਦ ਸੁਹਾਵਣੀ, ਮਿਲਿ ਸਾਧੂ ਪੀਵਣ ਹਾਰੁ ।
ਵਣੁ ਤਿਣੁ ਪ੍ਰਭ ਸੰਗ ਮਉਲਿਆ, ਸੰਮ੍ਰਥ ਪੁਰਖ ਅਪਾਰੁ ।
ਹਰਿ ਮਿਲਣੇ ਨੋ ਮਨੁ ਲੋਚਦਾ, ਕਰਮ ਮਿਲਾਵਣੁਹਾਰ ।
ਜਿਨੀ ਸਖੀਏ ਪ੍ਰਭੁ ਪਾਇਆ, ਹਉ ਤਿਸ ਕੇ ਸਦ ਬਲਿਹਾਰ ।
ਨਾਨਕ ਹਰਿ ਜੀ ਮਇਆ ਕਰ ਸਬਦਿ ਸਵਾਰਣ ਹਾਰੁ ।
ਸਾਵਣੁ ਤਿਨ ਸੁਹਾਵਣੀ, ਜਿਨ ਰਾਮ ਨਾਮ ਉਰਿਹਾਰੁ ॥

੨੭

ਭਾਈ ਭਗਤੂ

ਰਾਜੀ ਹੈ ਰਜਾਇ ਮੈਂ ਰਿਝਾਇ ਹਰਖਾਇ ਉਰ,
ਪਾਯੋ ਮਾਨ ਭਾਯੋ ਵਰ, ਗਯਾਵਾਨ ਮਤਿ ਕੀ ।
ਸਗਲ ਜਗਤ ਮੈ ਵਿਦਿਤ ਦਿਨ ਪ੍ਰੀਤ ਅਤਿ
ਕੀਰਤ ਭਗਤ ਭਾਈ ਭਗਤੂ ਭਗਤ ਕੀ ॥

ਭਗਤਾਂ ਦੇ ਵਾਰੇ ਵਾਰੇ ਜਾਈਏ, ਜਿਹਨਾਂ ਦਾ ਕੋਈ ਪਾਰਾ ਨਹੀਂ ਪਾ ਸਕਦਾ । ਇਕ ਤੋਂ ਇਕ ਵੱਧ ਚੜ੍ਹ ਕੇ । ਭਗਵਾਨ ਕਾਬੂ ਵੀ ਭਗਤ ਦੇ ਹੀ ਆਉਂਦਾ ਏ, ਦੂਜੇ ਤੇ ਟੱਕਰਾਂ ਮਾਰਦੇ ਹੀ ਮਰ ਜਾਂਦੇ ਹਨ । ਭਗਤ ਦੀ ਰੱਸੀ ਵਿਚ ਬੜੀ ਤਾਕਤ ਏ । ਯਾਰੋ ਹੌਂਸਲਾ ਵੀ ਬੜਾ ਬੁਲੰਦ ਏ ।

ਆਓ ਭਾਈ ਭਗਤੂ ਦੀ ਗੱਲ ਕਰੀਏ, ਬੜੀ ਉਮਰ ਪਾਈ ਸੀ ਭਾਈ ਜੀ ਨੇ, ਗੁਰੂ ਰਾਮਦਾਸ ਜੀ ਵੇਲੇ ਭਾਈ ਭਗਤੂ ਜੀ ਨੇ ਗੁਰਾਂ ਤੋਂ ਸਿੱਖੀ ਦੀ ਦਾਤ ਬਖਸ਼ਸ਼ ਵਿਚ ਲਈ ਸੀ ਤੇ ਗੁਰੂ ਅਰਜਨ ਦੇਵ ਦੀ ਸੇਵਾ ਕਰ ਕੇ ਮੰਜ਼ਿਲ ਦੀ ਸਿਖਰ ਨੂੰ ਹੱਥ ਲਾਇਆ ਸੀ । ਵੱਡੀ ਉਮਰ ਵਿਚ ਪੁੱਤਰਾਂ ਦੀ ਦਾਤ ਪਾਈ । ਭਗਤੀ ਦੀ ਮੂਰਤ ਹੋਣ ਕਰਕੇ ਭਗਤੂ ਨਾਮ ਪਿਆ । ਸ਼੍ਰੀ ਅੰਮ੍ਰਿਤਸਰ ਦੀ ਉਸਾਰੀ ਵੇਲੇ ਬੜੀ ਸੇਵਾ ਕੀਤੀ ਤੇ ਗੁਰੂਆਂ ਦਾ ਹੱਥ ਵੰਡਾਇਆ । ਮਾਲਵੇ ਦੀਆਂ ਭਟਕੀਆਂ ਰੂਹਾਂ ਨੂੰ ਨਾਮ ਦਾ ਅੰਮ੍ਰਿਤ ਪਿਲਾ ਕੇ ਚੇਤੰਨ ਕੀਤਾ । ਗੁਰੂ ਹਰਗੋਬਿੰਦ ਵੇਲੇ ਅਥਾਹ ਸੇਵਾ ਕੀਤੀ । ਕੀਰਤਪੁਰ ਵੱਸ ਜਾਣ ਤੇ ਕੀਰਤਪੁਰ ਹੀ ਆ ਗਏ । ਕੀਰਤਪੁਰ ਦੀ ਉਸਾਰੀ ਉਹਨਾਂ ਆਪਣੇ ਹੱਥੀਂ ਕਰਵਾਈ । ਗੁਰੂ ਹਰਿ ਰਾਇ ਵੇਲੇ ਉਸਾਰੀ ਦੀ ਨਿਗਰਾਨੀ ਭਾਈ ਭਗਤੂ ਦੇ ਜ਼ਿੰਮੇ ਸੀ ।

ਇਕ ਦਿਨ ਸਤਿਗੁਰ ਬਹੁਤ ਪ੍ਰਸੰਨ ਹੋ ਗਏ, ਸੋਚਿਆ : ਬੋਹੜ ਬੁੱਢਾ ਹੋ ਗਿਆ ਏ,

ਉਮਰ ਜ਼ਿਆਦਾ ਹੋ ਗਈ ਏ, ਹੱਠ ਅਜੇ ਵੀ ਪੱਕਾ ਏ, ਚਾਰ ਦਿਨ ਸੁੱਖ ਦੇ ਕੱਟ ਲੈਣ ਦਾ ਹੁਕਮ ਦਿੱਤਾ।

ਜਾਓ ਇਲਾਕੇ ਵਿਚ ਜਾ ਕੇ ਸੇਵਾ ਕਰੋ, ਲੰਗਰ ਚਲਾਓ, ਵੇਖਣਾ ਹੰਕਾਰ ਨਹੀਂ ਕਰਨਾ ਤੇ ਨਾ ਹੀ ਆਪਾ ਜਿਤਲਾਉਣਾ ਏ। ਮੇਰਾ ਰੂਪ ਜਾਣ ਕੇ ਹਰ ਇਕ ਦੀ ਸੇਵਾ ਕਰਨੀ ਏ। ਉਸੇ ਵੇਲੇ ਖੇਸ ਮੋਢੇ ਤੇ ਪਾਇਆ ਤੇ ਚਲ ਪਏ ਨਮਸਕਾਰ ਕਰਕੇ ਗੁਰੂ ਨੂੰ। ਅੱਛਾ ਗੁਰੂ ਰਾਖਾ!

ਬੁੱਢੇ ਬੋਹੜ ਵਿਚ ਬਰਕਤਾਂ ਤੇ ਬੜੀਆਂ ਸਨ, ਇਲਾਕੇ ਵਿਚ ਪੈਦਲ ਚਲਣਾ ਪੈਣਾ ਸੀ, ਰੋਟੀ ਪੱਲੇ ਬੱਝੀ ਹੋਈ ਸੀ, ਬੁੱਢੇ ਸਰੀਰ ਨੇ ਤੇ ਕਦੇ ਨਾ ਕਦੇ ਤਾਂ ਥੱਕਣਾ ਹੀ ਸੀ। ਸਾਹ ਲੈਣ ਦੀ ਲੋੜ ਪਈ, ਥਕਿਆ ਸਰੀਰ ਸੀ ਇਕ ਖੂਹ ਦੀ ਮਣ ਤੇ ਬਹਿ ਗਏ ਨਾਲੇ ਥਕਾਵਟ ਉੱਤਰ ਜਾਊ ਤੇ ਨਾਲੇ ਚਾਰ ਗਰਾਹੀਆਂ ਟੁੱਕਰ ਦੀਆਂ ਖਾ ਲਵਾਂਗੇ ਤੇ ਫਿਰ ਜਾ ਵੜਾਂਗੇ ਪਿੰਡ ਵਿਚ। ਖੂਹ ਤੇ ਹੈ ਸੀ ਪਰ ਪੈਲੀਆਂ ਸੁੱਕੀਆਂ ਸਨ ਫਸਲ ਕਿਤੇ ਦੂਰ ਦੂਰ ਤੱਕ ਨਜ਼ਰ ਨਹੀਂ ਸੀ ਆਉਂਦੀ। ਸੋਚਿਆ ਇਹ ਖੂਹ ਕਾਹਦਾ ਹੋਇਆ, ਭਗਤੂ ਨੇ ਮਨ ਵਿਚ ਵਿਚਾਰਿਆ, ਜ਼ਮੀਨ ਤੇ ਜ਼ਰਖੇਜ਼ ਏ ਪਰ ਫਸਲ ਕਿਉਂ ਨਹੀਂ। ਪਾਣੀ ਦੇ ਕੱਢਣ ਦਾ ਕੋਈ ਜੇ ਸਾਧਨ ਬਣ ਜਾਏ ਤਾਂ ਇਸ ਧਰਤੀ ਵਿਚ ਖੇਤੀ ਹੋਣੀ ਚਾਹੀਦੀ ਏ, ਜ਼ਮੀਨ ਉਪਜਾਊ ਏ, ਲੋਕ ਆਲਸੀ ਹਨ, ਮਨ ਵਿਚ ਸੰਕਲਪ ਦੀ ਘਾਟ ਏ।

ਮਣ੍ਹ ਤੇ ਬੈਠਿਆਂ ਹੀ ਸੰਕਲਪ ਕੀਤਾ, ਉਪਕਾਰ ਦੀ ਪ੍ਰਤਿਗਿਆ ਕੀਤੀ। ਖੂਹ ਦਾ ਪਾਣੀ ਆਪੇ ਹੀ ਉੱਛਲ ਉੱਛਲ ਕੇ ਬਾਹਰ ਆਣ ਨਿਕਲਿਆ, ਇਹ ਕ੍ਰਿਸ਼ਮਾ ਸੀ ਜਾਂ ਬਖਸ਼ਸ਼ ਸੀ ਜਾਂ ਭਗਤ ਦੀ ਭਗਤੀ ਦਾ ਬਲ ਸੀ। ਦਿਨਾਂ ਵਿਚ ਹੀ ਖੇਤੀ ਹਰੀ ਭਰੀ ਹੋ ਗਈ। ਲੋਕ ਹੈਰਾਨ ਸਨ ਕਿ ਭਾਈ ਭਗਤੂ ਦੀ ਕਿਰਪਾ ਏ ਜਾਂ ਗੁਰੂ ਹੀ ਬਲਵਾਨ ਏ।

ਖੇਤ ਲਈ ਪਾਣੀ ਅੰਮ੍ਰਿਤ ਏ ਤੇ ਜਲ ਗੁਰੂਆਂ ਦੀ ਦੇਣ ਏ।

ਭਾਈ ਭਗਤੂ ਦੇ ਦੋ ਪੁੱਤਰ ਸਨ। ਇਕ ਦਾ ਨਾਂ ਸੀ ਗੁਰਾ ਤੇ ਦੂਜੇ ਦਾ ਨਾਂ ਸੀ ਜੀਵਨ। ਦੋਵੇਂ ਬਹੁਤ ਹੀ ਪਰਉਪਕਾਰੀ ਹੋਏ ਹਨ, ਗੁਰਾਂ ਦੀ ਬੜੀ ਸ਼ਰਧਾ ਨਾਲ ਸੇਵਾ ਕਰਦੇ ਸਨ।

ਭਾਈ ਭਗਤੂ ਦੀ ਉਮਰ ਵਡੇਰੀ ਹੋ ਗਈ ਸੀ। ਉਸ ਮਨ ਵਿਚ ਸੋਚਿਆ ਕਿ ਮੇਰੀ ਡੰਗੋਰੀ ਹੁਣ ਗੁਰੂ ਹਰਿ ਰਾਇ ਹੀ ਚੁਕਣਗੇ। ਉਹਨਾਂ ਕੋਲ ਆਏ ਤੇ ਡੇਰੇ ਲਾ ਦਿੱਤੇ। ਧਰਮ ਪਤਨੀ ਗੁਜ਼ਰ ਚੁੱਕੀ ਸੀ, ਪੁੱਤ ਜਵਾਨ ਜਹਾਨ ਸਨ। ਇਹ ਗੱਲ ਕਰਤਾਰਪੁਰ ਦੀ ਏ। ਭਾਈ ਭਗਤੂ ਵੀ ਗੁਰਾਂ ਦੇ ਨਾਲ ਹੀ ਸਨ।

ਇਕ ਦਿਨ ਤਬੀਅਤ ਬਹੁਤ ਢਿੱਲੀ ਹੋ ਗਈ ਤੇ ਗੁਰੂ ਜੀ ਨੇ ਸੁਭਾਵਿਕ ਹੀ ਕਿਹਾ, ਉਮਰ ਵੱਡੀ ਹੋ ਜਾਏ ਤੇ ਉੱਤੋਂ ਬੀਮਾਰੀ ਆ ਜਾਏ, ਸਰੀਰ ਬੁੱਢਾ ਹੋਵੇ ਤੇ ਧਰਮ ਪਤਨੀ ਬਹੁਤ ਸਹਾਇਕ ਹੋ ਸਕਦੀ ਏ। ਵਿਆਹ ਕਿਉਂ ਨਹੀਂ ਕਰਵਾ ਲੈਂਦੇ ਭਗਤ ਜੀ।

ਆਪ ਨੇ ਗੁਰੂ ਵਾਕ ਪੱਲੇ ਬੰਨ੍ਹ ਲਿਆ, ਬੁੱਢੇ ਬੰਦੇ ਨੂੰ ਕੁੜੀ ਕੌਣ ਦੇਵੇ। ਆਖਰ ਢੋਅ ਮਿਲ ਗਿਆ, ਇਕ ਕੰਨਿਆ ਨਾਲ ਵਿਆਹ ਕਰਵਾ ਲਿਆ। ਉਮਰ ਛੋਟੀ ਸੀ ਬਾਲੜੀ, ਬੁੱਢੇ ਦੇ ਲੜ ਲਾ ਦਿੱਤੀ ਮਾਪਿਆਂ ਨੇ।

ਕਈ ਸਾਲ ਹੋਰ ਲੰਘ ਗਏ, ਆਖਿਰ ਅਕਾਲ ਚਲਾਣਾ ਕਰ ਗਏ ਭਾਈ ਭਗਤੂ ਤੇ ਪਿੱਛੇ ਰਹਿ ਗਈ ਡਾਰ ਤੋਂ ਵਿਛੜੀ ਕੂੰਜ। ਜਵਾਨ, ਜਹਾਨ ਇਸਤਰੀ।

ਭਾਈ ਭਗਤੂ ਦਾ ਗੁਰਾਂ ਨਾਲ ਏਨਾ ਪਿਆਰ ਸੀ ਉਹਨਾਂ ਦਾ ਸੰਸਕਾਰ ਸਤਿਗੁਰਾਂ ਆਪਣੇ ਹੱਥੀਂ ਕੀਤਾ।

ਲੋਕਾਂ ਦੇ ਮੂੰਹ ਅੱਗੇ ਕੌਣ ਹੱਥ ਦੇਵੇ, ਕੌਣ ਪੱਟੀ ਬੰਨ੍ਹੇ ਲੋਕਾਂ ਦੀ ਜ਼ਬਾਨ ਤੇ।

ਇਕ ਬੰਦਾ ਆਖਣ ਲੱਗਾ, ਪੁੱਤਾਂ ਦੇ ਹੁੰਦਿਆਂ ਨੂੰਹਾਂ ਵੇਹੜੇ ਜਦ ਛੱਣ ਛੱਣ ਕਰਦੀਆਂ ਹੋਣ ਫਿਰ ਬੁੱਢੇ ਦੀ ਕਿਉਂ ਮੱਤ ਮਾਰੀ ਗਈ ਏ।

ਬੁੱਢੇ ਬੋਹੜ ਭਾਈ ਭਗਤੂ ਨੇ ਆਪਣੇ ਆਖਰੀ ਸਮੇਂ ਆਖਿਆ ਸੀ ਇਹ ਸਭ ਕੁਝ ਗੁਰੂ ਦੀ ਇੱਛਾ ਨਾਲ ਹੋਇਆ ਏ।

ਭਗਤੂ ਗੁਰੂ ਕਾ ਬੇਟਾ ਏ, ਚੰਗਾ ਕੀਤਾ ਏ ਜਾਂ ਮੰਦਾ ਏ, ਇਹ ਗੁਰੂ ਹੀ ਜਾਣੇ ਅਸਾਂ ਤੇ ਰਜ਼ਾ ਵਿਚ ਹੀ ਰਹਿਣਾ ਏ। ਆਪਣੀ ਮਾਂ ਦੀ ਪੁੱਤ ਸੇਵਾ ਕਰਨਗੇ, ਗੁਰੂ ਦੀ ਇਹੋ ਹੀ ਇੱਛਾ ਸੀ, ਮੈਂ ਕੌਣ ਹਾਂ, ਕੁਝ ਕਰਨ ਵਾਲਾ। ਹੁਕਮ ਸੀ ਫੁੱਲ ਚੜ੍ਹਾ ਦਿੱਤੇ।

□

੨੮

ਗੁੱਸਾ ਬੜਾ ਚੰਡਾਲ ਏ

ਗੁਰਾ ਨਾਂ ਭਾਵੇਂ ਛੋਟਾ ਸੀ ਪਰ ਗੁਣ ਵੱਡੇ ਸਨ, ਬੜਾ ਬਲਕਾਰੀ ਯੋਧਾ ਸੀ। ਤਿੰਨ ਚਾਰ ਸੌ ਸਵਾਰ ਸਦਾ ਆਪਣੇ ਨਾਲ ਰੱਖਦਾ, ਦੇਗ ਤੇਗ ਦਾ ਧਨੀ ਤੇ ਬਚਨਾਂ ਦਾ ਪੂਰਾ ਸੂਰਮਾ ਸੀ।

ਲੋਕ ਵੀ ਉਸ ਦਾ ਬੜਾ ਮਾਣ ਕਰਦੇ ਸਨ "ਮਾਨਤ ਲਾਖੋ ਲੋਗ ਉਜਾਗਰ"।

ਗੁਰੂ ਦੀ ਅਰਦਲ ਵਿਚ ਰਹਿਣ ਵਾਲਾ ਭਾਈ ਜੱਸਾ, ਚੌਰ ਕਰਨ ਵਾਲਿਆਂ ਵਿਚੋਂ ਉੱਘੀ ਸੇਵਾ ਕੀਤੀ ਸੀ, ਗੁਰਾਂ ਨਾਲ ਬੜਾ ਪਿਆਰ ਪੈ ਗਿਆ ਸੀ। ਪਹੁੰਚ ਉਹਦੀ ਵੀ ਬੜੀ ਸੀ ਗੁਰੂ ਦੇ ਘਰਾਣੇ ਵਿਚ, ਸੰਗਤ ਵਿਚ ਸਤਿਕਾਰ ਨਾਲ ਜਾਣਿਆ ਜਾਂਦਾ, ਲੋਕ ਇੱਥੋਂ ਤੱਕ ਆਖਦੇ ਸਨ ਭਾਈ ਜੱਸਾ ਗੁਰੂਆਂ ਦੇ ਅੰਗ ਸੰਗ ਰਹਿ ਕੇ, ਸੰਗਤ ਮਾਣ ਕੇ ਗੁਰੂਆਂ ਦੀ ਗੁਰੂਆਂ ਵਰਗਾ ਹੋ ਗਿਆ ਏ।

ਭਾਈ ਜੱਸਾ ਆਖਿਆ ਕਰਦਾ ਸੀ ਮੈਨੂੰ ਐਵੇਂ ਨਰਕ ਦੀ ਪੌੜੀ ਚੜ੍ਹਾ ਰਹੇ ਹੋ। ਮੈਂ ਤੇ ਗੁਰੂਆਂ ਦੀ ਚਰਨਾਂ ਦੀ ਧੂੜ ਦੀ ਬਰਾਬਰੀ ਵੀ ਨਹੀਂ ਕਰ ਸਕਦਾ; ਕਿੱਥੇ ਉਹ ਸੂਰਜ ਤੇ ਕਿੱਥੇ ਇਹ ਦੀਪਕ। ਦੁਨੀਆ ਜਿਹਨੂੰ ਚਾਹੇ ਪੌੜੀ ਚਾੜ੍ਹ ਦੇਂਦੀ ਏ ਤੇ ਜਿਹਨੂੰ ਚਾਹੇ ਜ਼ਮੀਨ ਤੇ ਪਟਕਾ ਕੇ ਸੁਟਦੀ ਏ ਫਿਰ ਨਾ ਪੌੜੀ ਲੱਭਦੀ ਏ ਤੇ ਨਾ ਹੀ ਉਹ ਬੰਦਾ। ਅਸਮਾਨ ਤੇ ਉਡਾਰੀਆਂ ਲਾਉਣ ਵਾਲਾ ਬੰਦਾ ਫਿਰ ਕਿਤੇ ਜ਼ਮੀਨ ਤੇ ਨਹੀਂ ਰੁਹਦਾ। ਦੁਨੀਆ ਤੋਂ ਬਚੋ ਇਹ ਕਿਸੇ ਵੀ ਛਾਬੇ ਵਿਚ ਪੂਰੀ ਨਹੀਂ ਉਤਰਦੀ। ਦਾਤਰੀ ਨੂੰ ਇਕ ਪਾਸੇ ਦੰਦੇ ਹੁੰਦੇ ਹਨ ਤੇ ਯਾਰੋ ਦੁਨੀਆ ਨੂੰ ਦੋ ਪਾਸੇ। ਇਹ ਦੁਨੀਆ ਬੜੀ ਰਾਹਕਾਰ ਏ। ਦੁਨੀਆ ਕਿਸੇ ਬੰਦੇ ਨੂੰ ਜਿਊਣ ਨਹੀਂ ਦੇਂਦੀ।

ਭਾਈ ਭਗਤੂ ਨੇ ਵਿਆਹ ਤੇ ਕਰਵਾ ਲਿਆ ਸੀ ਜਵਾਨ ਜਹਾਨ ਕੁੜੀ ਨਾਲ। ਆਪ ਤੇ

ਚਲਾਣਾ ਕਰ ਗਿਆ ਸੀ, ਮਗਰੋਂ ਗੁਰੇ ਨੇ ਉਹਦੇ ਵਿਹੜੇ ਨੂੰ ਸੰਭਾਲਣਾ ਸੀ, ਮਾਂ ਜੋ ਲੱਗਦੀ ਸੀ। ਭਾਈ ਗੁਰਾ ਬੜਾ ਪਰੇਸ਼ਾਨ ਸੀ। ਮਾਂ ਤੇ ਉਹ ਵੀ ਮੁਟਿਆਰ। ਪਰ ਭਾਈ ਗੁਰੇ ਨੇ ਪੂਰਾ ਸਤਿਕਾਰ ਦਿੱਤਾ ਤੇ ਮਾਂ ਵਾਂਗ ਹੀ ਉਹਦੀ ਸੇਵਾ ਕਰਦਾ ਰਿਹਾ। ਜਵਾਨੀ ਕਦੇ ਮੋੜਿਆਂ ਮੁੜਦੀ ਏ, ਜਵਾਨੀ ਦੇ ਪੈਰ ਧਰਤੀ ਤੇ ਨਹੀਂ ਲੱਗਦੇ। ਦੋ ਦੋ ਪੋਟੇ ਧਰਤੀ ਤੋਂ ਉਤੇ ਚਲਦੀ ਏ ਜਵਾਨੀ।

ਮਾਂ ਮੁਟਿਆਰ ਸੀ, ਰੰਡੇਪਾ ਕੱਟ ਰਹੀ ਸੀ, ਰੰਡੀ ਤੇ ਰੰਡੇਪਾ ਕੱਟ ਲੈਂਦੀ ਏ ਪਰ ਮੁਸ਼ਟੰਡੇ ਕੱਟਣ ਨਹੀਂ ਦੇਂਦੇ।

ਭਾਈ ਜੱਸੇ ਦਾ ਦਿਲ ਆ ਗਿਆ ਉਸ ਮੁਟਿਆਰ ਤੇ, ਮਨ ਬਣਾ ਲਿਆ ਜੇ ਮੇਰੇ ਨਾਲ ਇਹਦਾ ਅਨੰਦ ਕਾਰਜ ਪੜ੍ਹਾਇਆ ਜਾਏ ਤਾਂ ਕੀ ਹਰਜ ਏ, ਸਤਿਗੁਰੂ ਤੇ ਰੋਜ਼ ਸੰਗਤ ਵਿਚ ਆਖਦੇ ਹਨ ਵਿਧਵਾ ਵਿਆਹ ਕਰਨਾ ਧਰਮ ਏ, ਸਿੱਖਾਂ ਨੂੰ ਵਿਧਵਾ ਵਿਆਹ ਕਰ ਲੈਣਾ ਚਾਹੀਦਾ ਏ, ਜਦ ਘਰ ਵਿਚ ਗੰਗਾ ਏ ਤਾਂ ਬਾਹਰ ਕਿਉਂ ਜਾਣ ਦਿੱਤੀ ਜਾਏ। ਇਹ ਵਿਚਾਰ ਉਹਦੇ ਦਿਲ ਵਿਚ ਆਉਂਦੀ ਪਰ ਡਰਦਾ ਮਾਰਾ ਜ਼ਬਾਨ ਨਹੀਂ ਸੀ ਖੋਲ੍ਹਦਾ, ਉਹ ਡਰਦਾ ਸੀ ਤਾਂ ਸਿਰਫ ਗੁਰੂ ਤੋਂ।

ਇਕ ਦਿਨ ਦੀ ਗੱਲ ਏ ਜਦ ਸੰਗਤ ਵਿਚ ਸਤਿਗੁਰਾਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਜਦ ਕੋਈ ਕਿਸੇ ਟੱਬਰ ਵਿਚ ਜਵਾਨ ਕੁੜੀ ਵਿਧਵਾ ਹੋ ਜਾਏ, ਉਮਰ ਜਵਾਨ ਹੋਵੇ ਤਾਂ ਉਹਨੂੰ ਪਰਨਾ ਲੈਣਾ ਚਾਹੀਦਾ ਏ, ਇਸ ਗੱਲ ਨੇ ਭਾਈ ਜੱਸੇ ਦਾ ਮਨ ਪੱਕਾ ਕਰ ਦਿੱਤਾ ਸੀ। ਮੈਨੂੰ ਗੱਲ ਕਰ ਲੈਣੀ ਚਾਹੀਦੀ ਏ ਸ਼ਾਇਦ ਡਾਂਗ ਨੂੰ ਸੋਨਾ ਲੱਗ ਜਾਏ।

ਉਹਨੂੰ ਚਾਹੀਦਾ ਸੀ ਕਿ ਵਿਚ ਕਿਸੇ ਵਿਚੋਲੇ ਨੂੰ ਪਾ ਲੈਂਦਾ, ਪਰ ਉਹਦੇ ਕੋਲੋਂ ਗਲਤੀ ਇਹ ਹੋਈ ਕਿ ਉਸ ਭਾਈ ਗੁਰੇ ਨੂੰ ਸਿੱਧਾ ਹੀ ਆਖ ਦਿੱਤਾ, ਰਤੀ ਭਰ ਸ਼ਰਮ ਨਾ ਖਾਧੀ।

ਅਣਖ ਤੇ ਹਰ ਬੰਦੇ ਵਿਚ ਹੁੰਦੀ ਏ। ਇਹ ਗੱਲ ਬਰਦਾਸ਼ਤ ਕਿੱਥੇ ਹੋਣੀ ਸੀ, ਗੁਰੇ ਨੇ ਸੋਚਿਆ ਇਹ ਕੌਣ ਹੁੰਦੇ, ਇਹ ਕਿਥੋਂ ਦਾ ਰਾਣੀ ਖਾਂ ਏ ਇਹਨੂੰ ਇਹ ਜੁਰਅਤ ਕਿਦਾਂ ਪਈ, ਇਸ ਆਪਣੀ ਜ਼ਬਾਨ ਕਿਦਾਂ ਖੋਲ੍ਹੀ, ਇਹ ਮੇਰੀ ਮਾਂ ਨਾਲ ਵਿਆਹ ਕਰਵਾਉਣ ਵਾਲਾ ਕੌਣ, ਯਾਰੋ ਮੈਂ ਆਪਣੀ ਹਯਾਤੀ ਵਿਚ ਆਪਣੀ ਮਾਂ ਨੂੰ ਨਵਾਂ ਖਸਮ ਕਰਵਾ ਦਿਆਂ ਤੇ ਉਹ ਵੀ ਆਪਣੇ ਹੱਥੀਂ ਇਹਦੇ ਨਾਲੋਂ ਤੇ ਡੁਬ ਮਰਨਾ ਚੰਗਾ ਏ।

ਗੁੱਸਾ ਚੰਡਾਲ ਹੁੰਦਾ ਏ ਕਿ ਇਕ ਵਾਰ ਉਸ ਆਪਣੇ ਆਪ ਤੇ ਕਾਬੂ ਪਾਇਆ। ਤੇ ਏਧਰ ਭਾਈ ਜੱਸੇ ਦੇ ਮੋਢਿਆਂ ਤੇ ਇਸ਼ਕ ਚੜ੍ਹਿਆ ਹੋਇਆ ਸੀ ਉਹਨੂੰ ਹਰ ਵੇਲੇ ਉਹੋ ਮੁਟਿਆਰ ਹੀ ਸੁੰਦਰੀ ਜਾਪਦੀ ਪਦਮਨੀ। ਓਸ ਇਕ ਦਿਨ ਫਿਰ ਜੁਰਅਤ ਕੀਤੀ ਅਤੇ ਸਿੱਧੀ ਆਪਣੇ ਦਿਲ ਦੀ ਖਾਹਿਸ਼ ਭਾਈ ਗੁਰੇ ਨੂੰ ਦੱਸੀ। ਭਾਈ ਗੁਰਾ ਵੀ ਤੇ ਬੰਦਾ ਹੀ ਸੀ। ਭਾਵੇਂ ਗੁਰੂ ਘਰ ਵਿਚ ਰਹਿ ਕੇ ਬੜੀ ਸਹਿਣਸ਼ੀਲਤਾ ਆ ਗਈ ਸੀ ਪਰ ਓਸ ਨੂੰ ਇਹ ਗੱਲ ਹਜ਼ਮ ਨਾ ਹੋਈ। ਓਸ ਬਿਨਾਂ ਸੋਚਿਆਂ ਸਮਝਿਆਂ ਤਲਵਾਰ ਕੱਢੀ ਤੇ ਭਾਈ ਜੱਸੇ ਦਾ ਗਾਟਾ ਲਾਹ ਕੇ ਜ਼ਮੀਨ ਤੇ ਸੁੱਟ ਦਿੱਤਾ। ਭਾਈ ਜੱਸਾ ਤੜਫਦਾ ਸਾਰੀ ਸੰਗਤ ਨੇ ਵੇਖਿਆ। ਕਈਆਂ ਆਖਿਆ ਚੰਗਾ ਕੀਤਾ ਏ, ਤੇ ਕਈਆਂ ਆਖਿਆ ਐਸਾ ਨਹੀਂ ਸੀ ਕਰਨਾ ਚਾਹੀਦਾ। ਭਾਈ ਗੁਰੇ ਨੂੰ ਚਾਹੀਦਾ ਸੀ ਕਿ ਗੁਰੂ ਦੇ ਕੰਨੀਂ ਗੱਲ ਚਾੜ੍ਹ ਦਿੰਦਾ। ਗੁਰੂ ਜੋ ਚਾਹੁੰਦੇ ਉਹਨੂੰ ਦੰਡ ਦਿੰਦੇ।

ਕੋਈ ਬੰਦਾ ਆਪਣੀ ਮਾਂ ਨੂੰ ਚੁਰਾਹੇ ਵਿਚ ਨਿਲਾਮ ਨਹੀਂ ਕਰ ਸਕਦਾ। ਮਾਂ ਸੀ ਕੀ ਹੋਇਆ ਜੇ ਪਿਤਾ ਦੇ ਦੂਜੇ ਵਿਆਹ ਦੀ ਸੀ। ਮਾਂ ਦਾ ਰਿਸ਼ਤਾ ਮਾਂ ਦਾ ਏ। ਕੀ ਮੈਂ ਉਹਨੂੰ ਨਵਾਂ ਖਸਮ ਕਰਵਾ ਦੇਵਾਂ। ਮਾਂ ਦੀ ਕੋਈ ਬੇਇਜ਼ਤੀ ਬਰਦਾਸ਼ਤ ਨਹੀਂ ਕਰ ਸਕਦਾ।

ਕਤਲ ਹੋ ਗਿਆ। ਖੂਨ ਦੀਆਂ ਛੱਪੜੀਆਂ ਲੱਗ ਗਈਆਂ। ਫੇਰ ਭਾਈ ਗੁਰੇ ਨੇ ਸੋਚਿਆ ਹੁਣ ਕੀ ਬਣੇਗਾ। ਗੁਰੂ ਕੀ ਆਖਣਗੇ। ਸਾਰੀ ਹਯਾਤੀ ਦੀ ਕਮਾਈ ਚੰਡਾਲ ਗੁੱਸਾ ਹੀ ਖਾ ਗਿਆ। ਗੁਰੂ ਦੇ ਮੱਥੇ ਕੀ ਮੂੰਹ ਲੈ ਕੇ ਲਗਾਂਗਾ। ਸ਼ੂਟ ਵੱਟੀ, ਅੱਡੀਆਂ ਨੂੰ ਥੁੱਕ ਲਾਇਆ ਤੇ ਦੌੜ ਗਿਆ, ਸੰਗਤ ਨੂੰ ਛੱਡ ਕੇ। ਚੌਦਾਂ ਹੱਥਾਂ ਦੀ ਮਿਰਗਸ਼ਾਲੀ ਮਾਰ ਕੇ ਪਤਰਾ ਵਾਚ ਗਿਆ। ਹਿਰਨਾਂ ਦੀ ਸਿੰਙੀ ਚੜ੍ਹ ਗਿਆ ਕਿਤੇ ਦਸ ਧੂਹ ਨਾ ਪਈ।

ਜਦ ਗੁਰੂਆਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਬਹੁਤ ਦੁਖੀ ਹੋਏ।

ਨੱਸ ਗਿਆ, ਕਿੱਥੇ ਜਾਣਾ ਸੂ? ਕਦੀ ਤੇ ਆਏਗਾ ਨਾ? ਕਤਲ ਦੀ ਸਜ਼ਾ ਤਾਂ ਜ਼ਰੂਰ ਮਿਲਣੀ ਏ। ਇਹਦੇ ਤੋਂ ਬਚ ਨਹੀਂ ਸਕਦਾ। ਫੁਰਮਾਨ ਗੁਰੂ ਹਰਿ ਰਾਇ ਦਾ ਸੀ।

ਵਿਚਲੀ ਗੱਲ ਦਾ ਤੇ ਪਤਾ ਨਹੀਂ ਸੀ ਕਿ ਜੱਸਾ ਏਸੇ ਕਾਬਲ ਸੀ ਤੇ ਉਹਦਾ ਕਤਲ ਵੀ ਜ਼ਰੂਰੀ ਸੀ।

ਬੰਦਾ ਇਹ ਗੱਲ ਤੇ ਬਰਦਾਸ਼ਤ ਕਰ ਲੈਂਦਾ ਏ ਕਿ ਇਹ ਤੇਰਾ ਪਿਓ ਏ ਪਰ ਇਹ ਬਰਦਾਸ਼ਤ ਨਹੀਂ ਕੀਤੀ ਜਾਂਦੀ ਕਿ ਫਲਾਣਾ ਬੰਦਾ ਤੇਰੀ ਮਾਂ ਦਾ ਖਸਮ ਏ।

ਗੁਰਾ ਕਿੰਨਾ ਚਿਰ ਮੁਗੜ ਮਾਰ ਕੇ ਰਹਿ ਸਕਦਾ ਸੀ। ਉਸ ਆਪਣੀ ਸ਼ਕਲ ਸੂਰਤ ਵੀ ਬਦਲ ਲਈ। ਰੂਪੋਂ ਕਰੂਪ ਹੋ ਗਿਆ। ਹੁਣ ਪਛਤਾਇਆਂ ਕੁਝ ਨਹੀਂ ਬਣਨਾ ਗੁਰਿਆ। ਸਿਰ ਤੇ ਪਈ ਏ ਕਟਣੀ ਪਊ।

□

੨੯

ਗੁਰ ਵਾਕ ਸਤਿ ਹੋਵੇ

ਮੂਸਾ ਨੱਸਾ ਮੌਤ ਤੋਂ ਅੱਗੇ ਮੌਤ ਖੜੀ।

ਇਕ ਕੰਨ ਪਾਟਾ ਜੋਗੀ ਕਿਧਰੋਂ ਆ ਗਿਆ ਏ। ਕਰਤਾਰਪੁਰ ਦੇ ਲੋਕ ਗੱਲਾਂ ਕਰਦੇ।

ਟਿੱਲਿਓਂ ਨਾਥਾਂ ਕੱਢ ਦਿੱਤਾ ਹੋਣਾ ਏ। ਕਿਥੋਂ ਰੋਟੀ ਮੰਗ ਕੇ ਖਾਏਗਾ। ਚਲੋ ਗੁਰੂ ਦੇ ਵਿਹੜੇ ਵਿਚ ਰੋਟੀ ਦਾ ਤੇ ਸੰਸਾ ਮੁਕੂ। ਦੋਵੇਂ ਵੇਲੇ ਲੰਗਰ ਤਾਂ ਛਕਣ ਨੂੰ ਮਿਲੇਗਾ, ਜਿੰਦਗੀ ਸੌਖੀ ਕੱਟ ਜਾਏਗੀ। ਮੁੰਦਰਾਂ ਈ ਨੇ ਨਾ ਕਿਸੇ ਵੇਲੇ ਵੀ ਲਾਹੀਆਂ ਜਾ ਸਕਦੀਆਂ ਨੇ। ਕਿਤੋਂ ਮਾਇਆ ਟਕਰੂ ਤਾਂ ਬਾਣਾ ਵੀ ਬਦਲਾ ਲਵਾਂਗੇ। ਹੁਣ ਤੇ ਵਕਤ ਲੰਘਾਓ। ਗੁਰੂ ਦੇ ਜੂਠੇ ਟੁਕੜਿਆਂ ਤੇ ਵੀ ਉਮਰ ਕੱਟੀ ਜਾ ਸਕਦੀ ਏ।

—ਇਹ ਮੱਕਰ ਕਰਦਾ ਏ ਰਾਂਝੇ ਵਾਂਗੂ। ਨਵਾਂ ਈ ਜੋਗ ਲੈ ਕੇ ਆਇਆ ਜਾਪਦਾ ਏ।

—ਇਹਦੇ ਕੰਨ ਮੁੰਦਰਾਂ ਦਾ ਭਾਰ ਨਹੀਂ ਸਹਾਰਦੇ। ਬੋਦੀ ਬੇਠਵੀਂ ਚਾਹੀਦੀ ਏ। ਇਹਦੀ ਬੋਦੀ ਦੇ ਵਾਲ ਖੜੇ ਖੜੇ ਹਨ।

—ਸਜਣਾ ਜੋਗੀ ਨਾਥ ਦੀ ਨਿੰਦਿਆ ਨਹੀਂ ਕਰੀਦੀ। ਸਰਾਪ ਦੇ ਦੇਣਗੇ।

—ਮੈਨੂੰ ਤਾਂ ਯਾਰ ਬਹੁਰੂਪੀਆ ਜਾਪਦਾ ਏ।

—ਤੇਰੀਆਂ ਅੱਖਾਂ ਨੇ ਕਿ ਕੌਲਡੋਡੇ ਨੇ। ਕੰਨ ਪਾਟੇ ਜੋਗੀ ਕਿਸ ਤਰ੍ਹਾਂ ਦੇ ਹੁੰਦੇ ਨੇ?

—ਜੱਟ ਨਵਾਂ ਸਾਧ ਹੋਇਆ ਜਾਪਦਾ ਏ। ਇਹਦੀ ਚਾਲ ਢਾਲ ਹੀ ਦੱਸਦੀ ਏ।

—ਸਾਨੂੰ ਗ੍ਰਹਿਸਤੀਆਂ ਨੂੰ ਕਿਸੇ ਦੇ ਭੇਸ ਤੇ ਨੁਕਤਾਚੀਨੀ ਨਹੀਂ ਕਰਨੀ ਚਾਹੀਦੀ।

—ਕੀ ਜੋ ਉਹ ਅੱਖਾਂ ਵੇਖਣ ਫੇਰ ਜ਼ਬਾਨ ਝੂਠ ਬੋਲੇ।

—ਬੱਚੂ ਤੈਨੂੰ ਕਿਸੇ ਜੋਗੀ ਦੇ ਹੱਥ ਨਹੀਂ ਲੱਗੇ। ਜੋਗੀ ਦੇ ਮੱਥੇ ਤੇ ਤਿਊੜੀ ਆਈ ਤੇ ਠਾਹ ਚਿਮਟਾ ਸਿਰ ਵਿਚ ਸਿਰਫ ਦੋ ਫਾੜ ਹੀ ਹੋਏਗਾ ਸਿਰ, ਜੋਗੀ ਰਮਤਾ ਭਇਆ। ਸਰਕਾਰ ਦੀ ਅਰਥੀ ਦੀ ਫਿਰ ਸਵਾਰੀ ਨਿਕਲੇਗੀ।

—ਪਾਖੰਡੀ ਜੋਗੀਆਂ ਤੋਂ ਡਰਨ ਦੀ ਲੋੜ ਨਹੀਂ ਉਏ ਸਜਣਾ!

—ਤੈਨੂੰ ਕਈ ਵਾਰ ਮੋੜਿਆ ਏ ਪਰ ਤੂੰ ਟੁੱਟੇ ਛਿੱਤਰ ਵਾਂਗੂੰ ਵਧਦਾ ਹੀ ਜਾਂਦਾ ਏ। ਮੈਂ ਤੇ ਚਲਿਆਂ।

—ਮੈਂ ਵੀ ਚਲਦਾ ਹਾਂ। ਯਾਰ ਮੈਂ ਖੁੱਡ ਵਿਚ ਹੱਥ ਪਾ ਕੇ ਸੱਪ ਲੜਾਣਾ ਏ।

—ਭਰਾ, ਭਰਿਆ ਮੇਲਾ ਛੱਡਣਾ ਈ ਅਕਲਮੰਦੀ ਏ।

ਗੁਰਾ ਤਾੜ ਗਿਆ ਪਰ ਮੂੰਹ ਤੋਂ ਨਾ ਬੋਲਿਆ। ਬੰਦੇ ਚਲੇ ਗਏ ਸਨ, ਚਲੋ ਬਲਾ ਗਲੋਂ ਲੱਥੀ। ਦੁਨੀਆ ਦੀਆਂ ਅੱਖਾਂ ਤਾੜ ਲੈਂਦੀਆਂ ਹਨ। ਦੁਨੀਆਂ ਦੀਆਂ ਅੱਖਾਂ ਵਿਚ ਘੱਟਾ ਨਹੀਂ ਪਾਇਆ ਜਾ ਸਕਦਾ। ਪਿੱਤਲ ਨੂੰ ਲੋਕ ਸੋਨਾ ਕਿਸ ਤਰ੍ਹਾਂ ਆਖਦੇ ਹਨ। ਮੁਲੰਮਾ ਸੋਨਾ ਨਹੀਂ ਬਣ ਸਕਦਾ। ਕੱਚ ਮੋਤੀਆਂ ਦੇ ਭਾਅ ਨਹੀਂ ਵਿਕਣਾ। ਆਖ਼ਰਕਾਰ ਤੇ ਪਹਿਚਾਣ ਹੋਣੀ ਈ ਏ। ਉਹ ਕਿੰਨਾ ਚਿਰ ਖੁੰਭ ਠੱਪ ਕੇ ਲੰਘਾ ਸਕਦਾ ਏ। ਲੰਘਾਈ ਚਲ। ਗੱਲ ਠੰਡੀ ਮੱਠੀ ਪੈ ਜਾਊ। ਦੋ ਚਾਰ ਵਾਰ ਲੋਕ ਮੰਦਾ ਬੋਲਣਗੇ। ਦੁਨੀਆ ਫੇਰ ਆਪੇ ਮੱਠੀ ਪੈ ਜਾਂਦੀ ਏ। ਬੁਕ ਸਵਾਹ ਦੀ ਲੋਕ ਕਿੰਨੀ ਕੁ ਵਾਰ ਪਾਉਣਗੇ। ਗਰਮ ਲੋਹੇ ਤੇ ਸੱਟ ਵੱਜਦੀ ਏ। ਠੰਡਾ ਲੋਹਾ ਸੱਟ ਬਰਦਾਸ਼ਤ ਨਹੀਂ ਕਰਦਾ। ਗ਼ਲਤੀ ਤੇ ਹੋ ਈ ਗਈ ਏ। ਉਹ ਤੇ ਹੱਥ ਨਹੀਂ ਆਉਣੀ। ਪਰ ਯਾਰ ਗੁਰੂ ਦਾ ਵਿਛੋੜਾ ਵੀ ਤੇ ਬਰਦਾਸ਼ਤ ਨਹੀਂ ਹੁੰਦਾ। ਗੁਰੂ ਦੀ ਰਾਖੀ ਦੀ ਮੈਂ ਸਹੁੰ ਖਾਧੀ ਸੀ ਆਪਣੇ ਪਿਓ ਦੇ ਸਾਹਮਣੇ। ਗੁਰੂ ਦੀ ਹਿਫਾਜ਼ਤ ਵੀ ਜ਼ਰੂਰੀ ਏ। ਕੀ ਨਾਥ ਬਣ ਕੇ ਸੇਵਾ ਨਹੀਂ ਕੀਤੀ ਜਾ ਸਕਦੀ। ਵੀਹ ਕਦਮ ਪਿੱਛੇ ਰਹੋ। ਨਜ਼ਰ ਗੁਰੂ ਦੇ ਘੋੜਿਆਂ ਤੇ ਰੱਖੋ। ਦੂਰੋਂ ਵੀ ਨਿਗਰਾਨੀ ਹੋ ਸਕਦੀ ਏ। ਗੁਰੂ ਦੇ ਮੱਥੇ ਨਹੀਂ ਲੱਗਣਾ ਬਾਕੀ ਆਪਣੀ ਆਦਤ ਵੀ ਤੇ ਨਹੀਂ ਛੱਡੀ ਜਾਂਦੀ। ਸਾਰੀ ਉਮਰ ਤੇ ਸੇਵਾ ਵਿਚ ਗੁਜ਼ਾਰ ਦਿੱਤੀ, ਚਲੋ ਹੁਣ ਚੋਰੀ ਚੋਰੀ ਸੇਵਾ ਕਰਾਂਗੇ। ਗੁਰੂ ਘਰ ਵਿਚ ਚੋਰਾਂ ਦਾ ਵੀ ਤੇ ਸਤਿਕਾਰ ਹੁੰਦਾ ਹੀ ਆਇਆ ਏ। ਗੁਰੂ ਦੇ ਹਿਰਦੇ ਕਦੀ ਮਿਹਰ ਪੈ ਜਾਊ ਤਾਂ ਕਾਤਲ ਵੀ ਨੂੰ ਬਖਸ਼ ਦੇਣਗੇ। ਉਸ ਜੋਗੀ ਨੇ ਗੁਰੂ ਦੇ ਕਾਫਲੇ ਦੇ ਮਗਰ ਮਗਰ ਚਲਣਾ, ਗੁਰੂ ਦੇ ਘੋੜਿਆਂ ਨੂੰ ਪੱਠੇ ਪਾਉਣੇ ਦਾਣਾ ਚਾਰਨਾ। ਇਹ ਕੰਮ ਗੁਰੇ ਨੇ ਆਪਣੇ ਜ਼ਿੰਮੇ ਲੈ ਲਿਆ ਸੀ। ਚਲੋ ਲੁਕ ਛੁਪ ਕੇ ਹੀ ਸਹੀ। ਸੇਵਾ ਕਿਉਂ ਹੱਥੋਂ ਜਾਵੇ।

—ਯਾਰੋ ਕੰਨ ਪਾਟਾ ਜੋਗੀ ਵਾਹਿਗੁਰੂ ਵਾਹਿਗੁਰੂ ਕਰਦਾ ਏ ਤੇ ਲੋਕਾਂ ਤੋਂ ਦੂਰ ਦੂਰ ਰਹਿੰਦਾ ਏ। ਕਾਫਲਾ ਤੁਰਿਆ ਜਾ ਰਿਹਾ ਸੀ। ਗੁਰੂ ਹਰਿ ਰਾਇ ਦੁਆਬੇ ਦੀ ਸੰਗਤ ਨੂੰ ਤਾਰ ਰਹੇ ਸਨ।

ਗੁਰਾ ਹੈ ਤੇ ਮਹਾਨ ਸੀ। ਪਰ ਪਉੜੀ ਤੋਂ ਜੁ ਡਿੱਗ ਪਿਆ। ਦੰਦ ਤੇ ਭਜਣੇ ਹੀ ਸਨ। ਸੰਨ੍ਹ ਤੋਂ ਫੜਿਆ ਜਾਏ ਫੇਰ ਉਹ ਸਾਧ ਨਹੀਂ, ਚੋਰ ਏ। ਸਾਧਾਰਨ ਬੰਦੇ ਦੀ ਗ਼ਲਤੀ ਇਕ ਵਾਰ ਮਾਫ਼ ਹੋ ਜਾਂਦੀ ਏ ਤੇ ਪਦਵੀ ਤੇ ਪੁਜੇ ਬੰਦੇ ਦੀ ਗ਼ਲਤੀ ਕਦੀ ਵੀ ਮਾਫ਼ ਨਹੀਂ ਹੁੰਦੀ।

ਗੁਰਾਂ ਪਛਤਾ ਰਿਹਾ ਸੀ। ਗੁੱਸਾ ਚੰਡਾਲ ਏ। ਚੰਗੀ ਭਲੀ ਇਜ਼ਤ ਬਣੀ ਹੋਈ ਸੀ। ਜੱਸ ਖੱਟ ਰਿਹਾ ਸੀ। ਐਸਾ ਅਕਲ ਤੇ ਪਰਦਾ ਪਿਆ, ਨਾ ਏਸ ਜਹਾਨ ਦਾ ਰਿਹਾ ਤੇ ਨਾ ਅਗਲੇ ਜਹਾਨ ਦਾ।

ਚਲ ਬਚੂ ਫਸੀ ਨੂੰ ਫਟਕਣ ਕਾਹਦਾ, ਕਦੀ ਤੇ ਨਜ਼ਰ ਸਵੱਲੀ ਹੋਵੇਗੀ ਨਾ। ਮੈਨੂੰ ਕਾਤਲ ਤੇ ਆਖ ਦਿੱਤਾ ਗਿਆ ਏ। ਪਰ ਮੇਰੀ ਕਿਸੇ ਨੇ ਗੱਲ ਨਹੀਂ ਸੁਣੀ। ਬੰਦਾ ਸਹਾਰ ਸਕਦਾ ਏ। ਕੀ ਇਹ ਕਦੀ ਹੋਇਆ ਏ ਕਿ ਉਹਨੂੰ ਆਖਿਆ ਜਾਏ ਉਹਦੀ ਮਾਂ ਨੂੰ ਨਵਾਂ ਖਸਮ ਕਰਨ ਲਈ, ਲਹੂ ਖੌਲ੍ਹਿਆ। ਤਲਵਾਰ ਕਮਰ ਵਿਚ ਸੀ। ਤਲਵਾਰ ਆਪਣਾ ਕਾਰਾ ਕਰ ਗਈ। ਦੂਰ ਦੀ ਰਾਖੀ, ਘੋੜਿਆਂ ਦੀ ਦੇਖ-ਭਾਲ, ਚਾਰਾ, ਸਾਰਿਆਂ ਤੇ ਨਜ਼ਰ ਰੱਖਣੀ। ਸਿਰਫ ਜ਼ਬਾਨ ਹੀ ਬੰਦ ਸੀ ਅੱਖਾਂ ਖੁਲ੍ਹੀਆਂ ਸਨ।

ਜੱਥਾ ਚੱਲ ਰਿਹਾ ਸੀ। ਕਰਤਾਰਪੁਰ ਟਿਕਾਣਾ ਕੀਤਾ। ਗੁਰੂ ਸ਼ਿਕਾਰ ਨੂੰ ਚਲੇ ਗਏ। ਗੁਰੂ ਕੇ ਮਹਿਲ ਤੇ ਸਾਹਿਬਜ਼ਾਦੇ ਕਰਤਾਰਪੁਰ ਵਿਚ ਹੀ ਸਨ। ਧੀਰਮਲ ਕਚੀਚੀਆਂ ਵੱਟ ਰਿਹਾ ਸੀ, ਵਿਸ ਘੋਲ ਰਿਹਾ ਸੀ ਸੱਪ ਵਾਂਗ। ਧੀਰਮਲ ਦੀ ਚੌਧਰ ਏਸ ਕਰਕੇ ਨਹੀਂ ਸੀ ਚਲਦੀ ਕਿ ਮਸੰਦਾਂ ਦੀ ਨਕੇਲ ਗੁਰਾਂ ਨੇ ਆਪਣੇ ਹੱਥ ਵਿਚ ਰੱਖੀ ਹੋਈ ਸੀ। ਧੀਰ ਮਲ ਦੇ ਕੱਢੇ ਸੱਪ ਡੰਗ ਨਹੀਂ ਸਨ ਮਾਰ ਸਕਦੇ।

ਸ਼ਿਕਾਰ ਤੇ ਫੌਜ ਨਾਲ ਜਾਂਦੀ। ਐਵੇਂ ਥੋੜ੍ਹੀ ਜਿਹੀ ਫੌਜ ਸੀ, ਕੁਝ ਦਿਨ ਠਹਿਰਨ ਦਾ ਇਰਾਦਾ ਸੀ। ਅਚਾਨਕ ਕੁਝ ਘੋੜ ਸਵਾਰਾਂ ਨੇ ਮਹਿਲ ਨੂੰ ਘੇਰ ਲਿਆ। ਘੇਰਨ ਵਾਲਾ ਕਾਸਮ ਬੇਗ ਸੀ। ਇਹ ਜਲੰਧਰ ਦਾ ਚੌਧਰੀ ਸੀ।

ਯਕਦਮ ਗੁਰੇ ਨੇ ਦਿਲ ਵਿਚ ਵਿਚਾਰਿਆ-ਹੁਣ ਮੌਕਾ ਈ ਜਾਨ ਵਾਰਨ ਦਾ।

ਐਸਾ ਮੋੜਵਾਂ ਹਮਲਾ ਭਾਈ ਗੁਰੇ ਤੇ ਉਹਦੇ ਸਾਥੀਆਂ ਨੇ ਕੀਤਾ ਕੰਨ ਲਵੇਟ ਕੇ ਨੱਸ ਉਠੀ ਮੁਗ਼ਲ ਸੈਨਾ। ਤਲਵਾਰਾਂ ਉਨ੍ਹਾਂ ਬੁਕਲਾਂ ਵਿਚੋਂ ਕੱਢ ਲਈਆਂ ਸਨ। ਇਹ ਸਾਰੀ ਜੰਗ ਮਾਤਾ ਸੁਲੱਖਣੀ ਨੇ ਆਪਣੀ ਅੱਖੀਂ ਵੇਖੀ ਸੀ। ਕਿਵੇਂ ਗੁਰੇ ਨੇ ਜਾਨ ਤੇ ਖੇਡ ਕੇ ਹਮਲਾ ਰੋਕਿਆ ਸੀ।

ਜਦ ਗੁਰੂ ਸ਼ਿਕਾਰ ਤੋਂ ਵਾਪਸ ਆਏ ਤਾਂ ਮਾਤਾ ਸੁਲੱਖਣੀ ਨੇ ਸਾਰਾ ਕਿੱਸਾ ਆਖ ਸੁਣਾਇਆ ਤੇ ਨਾਲੇ ਇਹ ਵੀ ਆਖਿਆ ਸੂਰਮੇ ਲੜੇ ਤੇ ਬਹੁਤ ਬੇਜੋੜ ਹਨ ਪਰ ਜਿਹੜੀ ਤਲਵਾਰ ਮੈਂ ਭਾਈ ਗੁਰੇ ਦੀ ਚਮਕਦੀ ਵੇਖੀ ਏ, ਉਹਦੇ ਵਾਰੇ ਵਾਰੇ ਜਾਈਏ।

—ਭਾਈ ਗੁਰਾ ਕਿੱਥੇ ਵੇਖਿਆ ਏ ਤੁਸਾਂ?

—ਜੰਗ ਵਿਚ, ਲੜਾਈ ਦੇ ਮੂੰਹ ਅੱਗੇ, ਤਲਵਾਰਾਂ ਦੀ ਛਾਂ ਹੇਠਾਂ।

—ਹੁਣ ਗੁਰਾ ਕਿੱਥੇ ਏ? ਸਾਨੂੰ ਤੇ ਗੁਰਾ ਕਈਆਂ ਦਿਨਾਂ ਤੋਂ ਨਜ਼ਰ ਨਹੀਂ ਆਇਆ।

—ਪਤਾ ਨਹੀਂ। ਗੁਰਾ ਨਹੀਂ ਹੋਣਾ, ਕੋਈ ਹੋਰ ਹੋਣਾ ਏ।

—ਮੇਰੀਆਂ ਅੱਖਾਂ ਧੋਖਾ ਨਹੀਂ ਖਾ ਸਕਦੀਆਂ। ਸਾਰੀ ਉਮਰ ਗੁਰਾ ਸਾਡੇ ਕੋਲ ਹੀ ਤੇ ਰਿਹਾ ਏ।

ਡਰਦਾ ਮਾਰਾ ਨਸ ਗਿਆ ਏ। ਜੋਗੀਆਂ ਦੇ ਡੇਰੇ ਤਕ ਜਾਂਦਾ ਮੈਂ ਸੁਣਿਆ ਏ। ਵੇਖਿਆ ਨਹੀਂ। □

੩੦

ਕੋਈ ਹੈ ਆਪਣੀ ਜਾਨ ਦੇਣ ਵਾਲਾ ?

ਧੀਰਮਲ ਦਾ ਜਦ ਕੋਈ ਫਹੁੜ ਨਾ ਚਲਿਆ ਤਾਂ ਸਾਰੀ ਰਾਤ ਮੱਥੇ ਤੇ ਪੱਟੀ ਬੰਨ੍ਹ ਕੇ ਸੁੱਤਾ ਰਿਹਾ।

ਸ਼ਰੀਕਾ ਵੀ ਬੁਰੀ ਬਲਾ ਹੁੰਦਾ ਏ। ਸ਼ਰੀਕ ਸਿਰਫ਼ ਜਿਹਰੇ ਬੰਨ੍ਹ ਕੇ ਨਹੀਂ ਢੁੱਕਦਾ, ਬਾਕੀ ਸਭ ਕੁਝ ਕਰ ਗੁਜ਼ਰਦਾ ਏ।

ਇਕ ਬ੍ਰਾਹਮਣ ਦਾ ਇਕਲੌਤਾ ਪੁੱਤਰ ਸੀ, ਮਰ ਗਿਆ। ਮਾਂ ਪਿਓ ਦਾ ਤੇ ਸਾਰਾ ਜਹਾਨ ਹੀ ਉਜੜ ਗਿਆ। ਹਨੇਰਾ ਹੀ ਹਨੇਰਾ ਛਾ ਗਿਆ ਚਹੁੰ ਪਾਸੇ। ਅੱਗੇ ਪਿੱਛੇ ਕੋਈ ਪਾਣੀ ਦੇਣ ਵਾਲਾ ਨਹੀਂ ਸੀ। ਪਿਛਲੀ ਉਮਰੇ ਭਗਵਾਨ ਨੇ ਪੁੱਤ ਦਿੱਤਾ ਸੀ। ਉਸਦੀ ਮੌਤ ਨਾਲ ਕੁਰਲਾਹਟ ਪੈ ਗਈ। ਘਰ ਵਾਲਿਆਂ ਤੇ ਦੁਖੀ ਹੋਣਾ ਹੀ ਸੀ। ਕਰਤਾਰਪੁਰ ਵਾਲਿਆਂ ਨੇ ਛੱਲਿਆਂ ਦੇ ਦਾਣਿਆਂ ਜਿਡੇ ਅਥਰੂ ਕੇਰੇ।

ਦੌੜਾ ਦੌੜਾ ਆਇਆ ਬ੍ਰਾਹਮਣ ਧੀਰ ਮਲ ਕੋਲ। ਉਹਦੇ ਕਿਤੇ ਅਥਰੂ ਨਹੀਂ ਸਨ ਠੱਲੇ ਜਾਂਦੇ। ਧਾਹੀਂ ਮਾਰੇ ਹਾੜੇ ਕੱਢੇ। ਉਸ ਸਾਰਾ ਮਹਿਲ ਸਿਰ ਤੇ ਚੁੱਕ ਲਿਆ ਸੀ।

ਮੈਂ ਮਰ ਗਿਆ, ਮੇਰਾ ਕੁਝ ਨਹੀਂ ਰਿਹਾ। ਇਕੋ ਪੁੱਤ ਸੀ ਉਹ ਵੀ ਮੌਤ ਨੇ ਖਾਹ ਲਿਆ ਏ। ਮੈਂ ਕਿਧਰ ਨੂੰ ਜਾਵਾਂ ?

ਧੀਰਮਲ ਬੋਲਿਆ, ਸੱਤਵੇਂ ਪਾਤਸ਼ਾਹ ਸ਼ਹਿਰ ਵਿਚ ਆਏ ਹੋਏ ਨੇ, ਓਥੇ ਜਾ ਕੇ ਫਰਿਆਦ ਕਰ। ਉਹੋ ਹੀ ਗੁਰਗੱਦੀ ਦੇ ਮਾਲਕ ਹਨ। ਉਥੋਂ ਹੀ ਤੈਨੂੰ ਖੈਰ ਪੈ ਸਕਦੀ ਏ। ਗੁਰੂ ਜੋ ਚਾਹੇ ਕਰ ਸਕਦਾ ਏ। ਮੇਰੀ ਮੰਨੋ ਤੇ ਗੁਰੂਆਂ ਦੇ ਡੇਰੇ ਤੇ ਪੁੱਤ ਦੀ ਲਾਸ਼ ਲੈ ਜਾ। ਰੋ ਪਿੱਟ, ਦੁਹੱਥੜਾ ਮਾਰ। ਸ਼ਾਇਦ ਮਿਹਰ ਕਰ ਦੇਣ। ਤੂੰ ਚਲ ਤੇ ਅਸੀਂ ਵੀ ਆਏ ਤੇਰੇ ਮਗਰ।

ਬ੍ਰਾਹਮਣ ਦੇ ਗੱਲ ਦਿਲ ਲੱਗੀ ਤੇ ਉਸ ਲੋਥ ਚੁੱਕੀ ਤੇ ਗੁਰਾਂ ਦੇ ਡੇਰੇ ਲਿਆ ਰੱਖੀ। ਉੱਚੀ ਉੱਚੀ ਧਾਹੀਂ ਮਾਰੇ ਬੰਦੇ ਇਕੱਠੇ ਹੋ ਗਏ।

ਧੀਰ ਮਲ ਸੋਚਣ ਲੱਗਾ, ਹੁਣ ਪਤਾ ਲੱਗੂ ਗੱਦੀ ਏਸ ਤਰ੍ਹਾਂ ਸੰਭਾਲੀਦੀ ਏ। ਬ੍ਰਾਹਮਣ ਦਾ ਮੋਇਆ ਪੁੱਤ ਜਿਵਾਵੇ ਤੇ ਫੇਰ ਮੰਨੀਏ ਗੁਰੂ ਨੂੰ। ਸਾਡਾ ਤੇ ਹੱਕ ਮਾਰ ਕੇ ਗੱਦੀ ਸੰਭਾਲ ਲਈ ਏ। ਸਾਨੂੰ ਖੂੰਝੇ ਲਾ ਦਿੱਤਾ ਏ। ਛੇਕ ਦਿੱਤਾ ਏ ਘਰ ਵਿਚੋਂ। ਯਾਰੋ ਅਸੀਂ ਵੀ ਤੇ ਏਸੇ ਘਰ ਵਿਚ ਜੰਮੇ ਹਾਂ, ਯਾਰੋ ਸਾਡਾ ਵੀ ਤੇ ਕੁਝ ਹਕ ਬਣਦਾ ਏ, ਮਸੰਦਾਂ ਤੇ ਉਨ੍ਹਾਂ ਵੀ ਸਾਰਾ ਮਾਜਰਾ ਦਸਿਆ। ਅੱਖੀਂ ਵੇਖਿਆ ਲੋਕ ਕਿਦਾਂ ਝੂਠ ਬੋਲਣ।

—ਇਕ ਮਸੰਦ ਆਖਣ ਲੱਗਾ, ਕੁੰਡੀ ਹੁਣ ਫਸੀ ਏ। ਧੀਰ ਮਲਾ ਹੁਣ ਤੇਰੀ ਕਿਸਮਤ ਖੁਲ੍ਹਣ ਦੇ ਦਿਨ ਆ ਗਏ ਨੇ।

—ਉਹ ਕਿਦਾਂ ਚਾਚਾ ਜੀ ? ਸਾਡੀ ਤੇ ਕਿਸਮਤ ਨੂੰ ਤਾਲੇ ਹੀ ਲੱਗੇ ਨੇ, ਬੋਲ ਧੀਰਮਲ ਦੇ ਸਨ।

—ਬਾਰੀਂ ਵਰ੍ਹੀਂ ਤੇ ਰੂੜੀ ਦੀ ਵੀ ਸੁਣੀ ਜਾਂਦੀ ਏ ਬੱਚੂ, ਪਹਿਲਾ ਮਸੰਦ ਬੋਲਿਆ।

—ਦੂਜੇ ਮਸੰਦ ਦੇ ਬੋਲ ਸਨ। ਮੋਏ ਮੁਰਦੇ ਨੇ ਜਿਊਣਾ ਨਹੀਂ ਤੇ ਏਸੇ ਗਲੋਂ ਲੋਕਾਂ ਦਾ ਵਿਸ਼ਵਾਸ ਉਠ ਜਾਏਗਾ ਫੇਰ ਤੇਰੇ ਤੇ ਗੁਰੂ ਵਿਚ ਕੀ ਫਰਕ ਹੋਇਆ।

—ਧੀਰ ਮਲਾ ਨਰਦਾਂ ਸਿੱਧੀਆਂ ਪੈਣ ਦਾ ਵਕਤ ਆ ਗਿਆ ਈ।

—ਮੁੰਡਾ ਜਿਵਾਣਾ ਹੀ ਪਵੇਗਾ, ਫਸੀ ਨੂੰ ਫਟਕਣ ਕਾਹਦੀ। ਜੇ ਪਿਤਾ ਜੀ ਗਊ ਜਿਵਾ ਸਕਦੇ ਹਨ ਬਾਬਾ ਅਟੱਲ ਰਾਏ ਆਪਣੇ ਹਾਣੀ ਨੂੰ ਜੀਵਨ ਦਾਨ ਦੇ ਸਕਦੇ ਸਨ ਤੇ ਕੀ ਗੁਰੂ ਸ਼ਕਤੀਸ਼ਾਲੀ ਨਹੀਂ, ਦੋ ਜਹਾਨਾਂ ਦੇ ਮਾਲਕ ਹਨ, ਇਕ ਮੁੰਡਾ ਨਹੀਂ ਜਿਵਾ ਸਕਦੇ। ਧੀਰ ਮਲ ਦੇ ਬੋਲ ਸਨ।

—ਹੁਣ ਸੱਪ ਆਇਆ ਕੋੜ੍ਹ ਕਿਰਲੀ ਦੇ ਮੂੰਹ ਵਿਚ। ਬੋਲ ਮਸੰਦ ਦੇ ਸਨ।

—ਚਲੋ ਚਲ ਕੇ ਰੌਲਾ ਪਾਈਏ ਤੇ ਬ੍ਰਾਹਮਣ ਨੂੰ ਤਸੱਲੀ ਦੇਈਏ, ਕਿਉਂ ਰੋਨਾ ਏਂ ਪੰਡਤਾ। ਗੁਰੂ ਕਰਨ ਕਾਰਨ ਆਪ ਏ, ਤੇਰਾ ਪੁੱਤ ਜਿਵਾ ਦੇਣਗੇ। ਪ੍ਰਾਣ ਦਾਨ ਦੇ ਦੇਣਗੇ। ਗੁਰੂ ਤੇ ਜਮਰਾਜ ਕੋਲੋਂ ਵੀ ਪ੍ਰਾਣ ਵਾਪਸ ਲਿਆ ਸਕਦੇ ਹਨ। ਬੜੀ ਕਰਨੀ ਏ ਗੁਰਾਂ ਵਿਚ। ਦੂਜੇ ਮਸੰਦ ਦੇ ਬੋਲ ਸਨ।

ਇਹ ਕੰਮ ਤੇ ਬਾਬਾ ਧੀਰ ਮਲ ਵੀ ਕਰ ਸਕਦੇ ਨੇ। ਪਰ ਹੁਣ ਜਦ ਗੱਦੀ ਨਸ਼ੀਨ ਹੀ ਕਰਤਾਰਪੁਰ ਵਿਚ ਮੌਜੂਦ ਹਨ ਤੇ ਫੇਰ ਧੀਰ ਮਲ ਨੂੰ ਇਹ ਗੱਲ ਸ਼ੋਭਾ ਨਹੀਂ ਦੇਂਦੀ। ਵਡਿਆਂ ਦਾ ਸਤਿਕਾਰ ਕਰਨਾ ਮਰਿਆਦਾ ਹੈ। ਬਾਬੇ ਦੀ ਅੰਸ਼ ਭਾਵੇਂ ਇਕ ਈ ਏ। ਗੁਰੂ ਦੀਆਂ ਮਿਹਰਾਂ ਵੀ ਹਨ ਬਾਬੇ ਧੀਰ ਮਲ ਤੇ ਪਰ ਇਹ ਗੁਸਤਾਖੀ ਕੀਤੀ ਨਹੀਂ ਜਾ ਸਕਦੀ। ਗੁਰੂ ਹੀ ਭਗਤਾਂ ਦੀ ਹੇਠੀ ਜੇਠੀ ਦੇ ਮਾਲਕ ਹਨ। ਇਹ ਕੰਮ ਉਨ੍ਹਾਂ ਦੇ ਹੱਥੋਂ ਹੀ ਸ਼ੋਭਾ ਦੇਂਦਾ ਏ। ਉਨ੍ਹਾਂ ਦੇ ਹੱਥ ਹੀ ਇਹ ਕੰਮ ਕਰਨ ਤੇ ਗੁਰੂ ਦੀ ਮਹਿਮਾ ਵਧੇ।

—ਗੁਰੂ ਤੇਰਾ ਪੁੱਤ ਜਿਵਾ ਦੇਣਗੇ, ਪੰਡਤਾ ਨਿਘਰਦਾ ਕਿਉਂ ਜਾਨਾ ਏ, ਇਕ ਹੋਰ ਮਸੰਦ ਦੇ ਬੋਲ ਸਨ।

ਡੇਰੇ ਵਿਚ ਖ਼ਬਰ ਹੋਈ, ਸਾਹਮਣੇ ਲਾਸ਼ ਰੱਖ ਕੇ ਸੰਗਤ ਬੈਠੀ ਹੋਈ ਏ। ਆਸ ਲਾ ਕੇ ਬੈਠੀ ਸੰਗਤ ਚਾਹੁੰਦੀ ਏ ਕਿ ਮੁੰਡੇ ਦੇ ਸਵਾਸ ਪਰਤ ਆਉਣ। ਸੇਵਾਦਾਰ ਆਖ ਰਿਹਾ ਸੀ ਗੁਰੂ ਹਰਿ ਰਾਇ ਦੀ ਹਜ਼ੂਰੀ ਵਿਚ।

—ਧੀਰ ਮਲ ਦਾ ਕਿਸੇ ਦਰਵਾਜ਼ਾ ਨਹੀਂ ਖੜਕਾਇਆ, ਸਤਿਗੁਰਾਂ ਨੇ ਬਚਨ ਕੀਤੇ।

—ਅਰਥੀ ਧੀਰ ਮਲ ਦੇ ਘਰੋਂ ਹੀ ਉਠਾ ਕੇ ਲਿਆਈ ਏ ਸੰਗਤ। ਧੀਰ ਮਲ ਵੀ ਉਸੇ ਭੀੜ ਵਿਚ ਹੀ ਖਲੋਤਾ ਹੋਇਆ ਏ।

—ਚਲੋ ਸੰਗਤ ਨੂੰ ਧੀਰਜ ਦਿਓ, ਆਉਂਦੇ ਹਾਂ।

—ਦੁਹਾਈ, ਬਾਬਾ ਦੁਹਾਈ, ਮੇਰਾ ਸਭ ਕੁਝ ਉਜੜ ਗਿਆ, ਮੇਰੀਆਂ ਅੱਖਾਂ ਅੱਗੇ ਹਨੇਰਾ ਹੀ ਹਨੇਰਾ ਏ, ਧੁੰਦਕਾਰ ਛਾ ਗਈ, ਸਾਰੇ ਜਹਾਨ ਤੇ ਮੈਨੂੰ ਕਿਤੇ ਰਾਹ ਨਹੀਂ ਲੱਭਦਾ।

—ਧੀਰਜ ਧਰੋ, ਪੰਡਿਤ ਜੀ, ਤੁਸੀਂ ਸਿਆਣੇ, ਪੜ੍ਹੇ ਲਿਖੇ ਵਿਦਵਾਨ ਹੋ, ਮੋਇਆ ਬੰਦਾ ਵੀ ਕਦੇ ਜੀਵਿਆ ਏ, ਐਵੇਂ ਮੂਰਖਾਂ ਦੇ ਮਗਰ ਲਗ ਕੇ ਤੁਰ ਆਏ ਹੋ।

—ਗੁਰੂ ਚਾਹੁਣ ਸਭ ਕੁਝ ਹੋ ਸਕਦਾ ਬੇ, ਬਾਬਾ ਅਟੱਲ ਰਾਏ ਨੇ ਆਪਣੇ ਹਾਣੀ ਨੂੰ ਨਹੀਂ ਸੀ ਜਿਵਾ ਲਿਆ। ਬਾਬੇ ਗੁਰਦਿੱਤੇ ਨੇ ਮੋਈ ਗਊ ਨਹੀਂ ਸੀ ਜਿਵਾ ਲਈ। ਤੁਸੀਂ ਤੇ ਫੇਰ ਸਮਰੱਥ ਹੋ, ਬ੍ਰਾਹਮਣ ਵੈਣ ਪਾ ਰਿਹਾ ਸੀ।

ਹੁਣ ਮਜ਼ਾ ਆਏਗਾ ਗੁਰਗੱਦੀ ਦਾ। ਗੁਰਗੱਦੀ ਸੂਲਾਂ ਦੀ ਸੇਜ ਏ। ਦੋਤਰਫਾ ਹਮਲਾ ਸੀ ਧੀਰ ਮਲ ਦਾ।

ਜੇ ਨਾ ਕਰਨਗੇ ਤਾਂ ਆਖਾਂਗੇ ਕਿ ਕਰਾਮਾਤ ਵਿਚ ਕੋਈ ਸ਼ਕਤੀ ਨਹੀਂ ਅਤੇ ਜੇ ਦਇਆ

ਦਰਿਸ਼ਟੀ ਕਰਕੇ ਜਿਵਾ ਦੇਣਗੇ ਤਾਂ ਫੇਰ ਆਖਾਂਗੇ ਕਿ ਗੁਰੂ ਹੁਕਮ ਟਾਲਦੇ ਫਿਰਦੇ ਹਨ। ਜਰ ਨਹੀਂ ਸਕੇ। ਧੀਰ ਮਲ ਖੁਸ਼ ਸੀ।

ਮੁੰਡੇ ਦੀ ਮਾਂ ਨੇ ਝਾਟਾ ਖੋਹ ਖੋਹ ਕੇ ਢੇਰ ਲਾ ਦਿੱਤਾ ਜ਼ਮੀਨ ਤੇ ਵਾਲਾਂ ਦਾ। ਉਹਦੀ ਤੇ ਕਿਤੇ ਮੂੰਹ ਵਿਚ ਜ਼ਬਾਨ ਨਹੀਂ ਸੀ ਟਿਕ ਰਹੀ।

—ਬ੍ਰਾਹਮਣ ਦੇਵਤਾ ਕੋਈ ਸ਼ਕਤੀ ਕੋਈ ਰੂਹ ਵਾਪਸ ਲਿਆ ਸਕਦੀ ਏ ? ਕਦੀ ਸੁਣਿਆ ਏ ?

—ਹਾਂ, ਸਤਿਗੁਰ ਲਿਆ ਸਕਦੀ ਏ। ਸਿਰਫ ਗੁਰੂ। ਹੋਰ ਦੂਜਾ ਕੋਈ ਨਹੀਂ।

—ਜਾਨ ਬਦਲੇ ਜਾਨ ਦੇਣੀ ਪਊ। ਹੈ ਭਈ ਕੋਈ ਇਸ ਮੁੰਡੇ ਦੇ ਬਦਲੇ ਆਪਣੀ ਜਾਨ ਦੇਣ ਵਾਲਾ।

ਸਾਰੀ ਸੰਗਤ ਖਾਮੋਸ਼ ਸੀ, ਕੌਣ ਦੇਂਦਾ, ਜਾਨ ਕਿਸੇ ਦੇ ਲਈ।

—ਕਿਉਂ ਬ੍ਰਾਹਮਣ ਦੇਵਤਾ ਤੂੰ ਆਪਣੀ ਜਾਨ ਦੇ ਸਕਦਾ ਏਂ ਮੁੰਡੇ ਦੀ ਜਾਨ ਬਦਲੇ।

—ਮੈਂ ਆਪਣੀ ਜਾਨ ਦੇ ਸਕਦੀ ਹਾਂ, ਮੁੰਡੇ ਦੀ ਮਾਂ ਨੇ ਆਖਿਆ।

—ਬੀਬੀ ਤੇਰੀ ਜਾਨ ਲੈ ਕੇ ਮੁੰਡਾ ਵਾਪਸ ਨਹੀਂ ਆ ਸਕਦਾ। ਤੂੰ ਮਾਂ ਏਂ। ਜ਼ੇ ਪਿਓ ਹੰਭਲਾ ਮਾਰੇ ਤੇ ਭਾਵੇਂ ਭਗਵਾਨ ਦੇ ਹਿਰਦੇ ਵਿਚ ਮਿਹਰ ਪੈ ਜਾਵੇ।

—ਮੈਂ ਮਰ ਗਿਆ ਤਾਂ ਮੁੰਡੇ ਦਾ ਵਿਆਹ ਕੌਣ ਕਰੂ। ਮੁੰਡੇ ਦੀ ਕੁੜਮਾਈ ਮੇਰੇ ਤੋਂ ਬਗੈਰ ਨਹੀਂ ਹੋਣ ਲੱਗੀ। ਮਹਾਰਾਜ ਤੁਸੀਂ ਹੀ ਮਿਹਰ ਕਰੋ।

—ਹੈ ਬਈ ਕੋਈ ਗੁਰੂ ਦਾ ਪਿਆਰਾ, ਜਿਹੜਾ ਜਾਨ ਦੇ ਸਕਦਾ ਹੋਵੇ, ਮੁੰਡੇ ਦੀ ਜਾਨ ਬਦਲੇ। ਗੁਰੂ ਨੇ ਉੱਚੀ ਜਿਹੀ ਆਵਾਜ਼ ਦਿੱਤੀ।

ਸੰਗਤ ਸੁਸਰੀ ਵਾਂਗ ਸੌਂ ਗਈ। ਮਰਨ ਨੂੰ ਕਿਦ੍ਹਾ ਜੀ ਕਰਦਾ ਏ।

—ਦੂਜੀ ਵਾਰ ਫੇਰ ਗੁਰਾਂ ਨੇ ਹਉਕਾ ਦਿੱਤਾ ਹੈ, ਭਈ ਗੁਰੂ ਦਾ ਪਿਆਰਾ ਜਿਹੜਾ ਜਾਨ ਦੇ ਸਕਦਾ ਹੋਵੇ।

ਸੰਗਤ ਵਿਚੋਂ ਫੇਰ ਵੀ ਕੋਈ ਆਵਾਜ਼ ਨਾ ਆਈ।

ਗੁਰਾ ਸੰਗਤ ਵਿਚ ਲੁਕਿਆ ਬੈਠਾ ਸੀ, ਵਿਚਾਰ ਆਈ, ਹੁਣ ਹੀ ਵੇਲਾ ਹੈ ਦੇਹ ਚੰਦਨ ਬਣਾਉਣ ਦਾ।

ਗੁਰੂ ਦੇ ਵਾਕ ਹੁਣ ਸੱਚੇ ਹੋ ਸਕਦੇ ਹਨ। ਤੂੰ ਕਤਲ ਕੀਤਾ ਸੀ ਉਹਦੀ ਸਜ਼ਾ ਤੈਨੂੰ ਅਵੱਸ਼ ਮਿਲਣੀ ਏ। ਮੇਰੀ ਜਾਨ ਦਾ ਕੀ ਏ, ਗੁਰੂ ਦੇ ਵਾਕ ਝੂਠ ਨਾ ਹੋਣ।

ਗੁਰਾ ਉਠਿਆ, ਸੰਗਤ ਵਿਚ ਹੀ ਮੂਘੜ ਮਾਰਿਆ ਹੋਇਆ ਸੀ। ਸਾਹਮਣੇ ਉੱਚਾ ਜਿਹਾ ਟਿੱਬਾ ਸੀ, ਉੱਥੇ ਜਾ ਕੇ ਲੰਮਾ ਪੈ ਗਿਆ ਤੇ ਉਤੇ ਚਾਦਰ ਤਾਣ ਲਈ। ਸਵਾਸ ਚੜ੍ਹਾ ਲਏ।

ਇਹ ਹੈ ਸੱਚੀ ਭਗਤੀ। ਇਹਨੂੰ ਆਖਦੇ ਹਨ ਸ਼ਰਧਾ। ਮੇਰੇ ਸਿੱਖ ਜੇ ਕੋਈ ਕਤਲ ਕਰਨਗੇ ਤਾਂ ਉਹਦੀ ਸਜ਼ਾ ਵੀ ਆਪ ਹੀ ਭੁਗਤ ਲੈਣਗੇ।

ਲਵੋ ਬ੍ਰਾਹਮਣ ਦੇਵਤਾ, ਤੁਹਾਡੇ ਮੁੰਡੇ ਵਿਚ ਹਰਕਤ ਹੋਣ ਲੱਗ ਪਈ ਏ। ਜਿਵੇਂ ਜਿਵੇਂ ਪ੍ਰਾਣੀ ਆਪਣੇ ਪ੍ਰਾਣ ਤਿਆਗੇਗਾ ਤਿਵੇਂ ਤਿਵੇਂ ਤੁਹਾਡੇ ਮੁੰਡੇ ਦੇ ਪ੍ਰਾਣ ਵਾਪਸ ਆ ਜਾਣਗੇ।

ਗੁਰਾ ਤੇ ਗੁਰੂ ਨੂੰ ਪਿਆਰਾ ਹੋ ਗਿਆ। ਬ੍ਰਾਹਮਣ ਦਾ ਮੁੰਡਾ ਰਾਮ ਰਾਮ ਕਰਦਾ ਉਠ ਬੈਠਾ।

—ਏਸ ਮੁੰਡੇ ਦੀ ਅੰਸ਼ ਵਧੇਗੀ ਤੇ ਰਾਜ ਕਮਾਏਗੀ। ਇਹ ਅੱਜ ਤੋਂ ਸੰਤ ਰੂਪ ਹੋਵੇਗਾ। ਇਹਦੀਆਂ ਸੱਤ ਕੁਲਾਂ ਤਰ ਗਈਆਂ।

ਗੁਰਾ ਗੁਰੂ ਦਾ ਸਿੱਖ ਏ, ਗੁਰਾ ਅਮਰ ਹੋ ਗਿਆ।

ਜਦ ਸਾਰੀ ਸੰਗਤ ਤੇ ਗੁਰੂ ਹਰਿ ਰਾਇ ਨੇ ਜਾ ਕੇ ਵੇਖਿਆ ਤਾਂ ਉਹ ਕਾਤਲ ਗੁਰਾ ਸੀ। ਉਹਦੀ ਉਥੇ ਹੀ ਸਮਾਧ ਬਣਾਈ ਗਈ।

ਉਪਮਾ ਵਿਚ ਸੂਰਜ ਪ੍ਰਕਾਸ਼ ਵਿਚ ਲਿਖਿਆ ਹੋਇਆ ਏ—

ਤਿਨ (ਭਗਤੂ) ਕੇ ਤਨੁਜ ਗੋਰਾ, ਬੀਰਨ ਮੇਂ ਬੀਰ ਗੋਰਾ
ਤੇਜ ਤੁਰਕਾਨ ਤੋਰਾ ਦਲ ਮੋਰਾ ਮਾਰਕੇ।
ਜੰਗ ਮਹਿ ਨਿਸੰਗ, ਬੀਰ ਰੰਗ ਮੇਂ ਸੁਰੰਗ ਭਯੇ
ਬਹੁ ਕਰ ਵਾਰ ਕਰਵਾਰ ਕੋ ਪ੍ਰਚਾਰ ਕੇ।
ਪੌਰਖ ਸੰਭਾਰ ਕੈ, ਸਿੰਘਾਰ ਕੇ ਸਮੂਹ ਸਤ੍ਰ,
ਹੋਯੇ ਰਖਵਾਰ ਸੰਗ, ਗੁਰੂ ਪਰਿਵਾਰ ਕੇ।

□

੩੧

ਬੀਬੀ ਰੂਪ ਕੌਰ

ਕੀਰਤਪੁਰ ਵਿਚ ਹਰ ਤਰ੍ਹਾਂ ਦਾ ਸੁੱਖ ਸੀ। ਅਨੰਦ ਸੀ, ਲੋਕ ਖੁਸ਼ਹਾਲ ਸਨ। ਜਿਹੜੇ ਪੰਜਾਬ ਵਿਚੋਂ ਜਾ ਕੇ ਵਸੇ ਸਨ ਉਹ ਜ਼ਿਆਦਾ ਕਰਕੇ ਮਾਝੇ, ਦੁਆਬੇ ਤੇ ਮਾਲਵੇ ਦੇ ਵਸਨੀਕ ਹਨ ਉਹਨਾਂ ਦੀਆਂ ਆਦਤਾਂ ਭਿਖਾਰੀਆਂ ਨਾਲ ਨਹੀਂ ਸਨ ਮਿਲਦੀਆਂ। ਉਹਨਾਂ ਦੇ ਰਸਮੋ-ਰਿਵਾਜ ਵਖਰੇ ਸਨ। ਇਹ ਕਣਕ ਖਾਣ ਦੇ ਸ਼ੌਕੀਨ ਸਨ ਉਹ ਚੌਲ ਤੇ ਮੱਕੀ ਖਾਣ ਲਈ ਰੀਝਦੇ। ਸਾਰੇ ਇਲਾਕੇ ਵਿਚ ਖੇਤੀ ਦੇ ਵਸੀਲੇ ਚੰਗੇ ਨਹੀਂ ਸਨ। ਉਥੇ ਤੇ ਜ਼ਮੀਨ ਪਹਾੜੀ ਸੀ। ਘੱਟ ਜ਼ਮੀਨ ਤੇ ਉਪਜ ਦੀ ਵੀ ਘਾਟ ਸੀ। ਹੱਡਾਂ-ਪੈਰਾਂ ਦੇ ਖੁਲ੍ਹੇ ਤੇ ਖੁਲ੍ਹੀਆਂ ਜ਼ਮੀਨਾਂ ਦੇ ਵਸਨੀਕ, ਉੱਚੇ ਲੰਮੇ ਕੱਦ ਦੇ, ਪਹਾੜੀਏ ਕੱਦ ਦੇ ਵੀ ਛੋਟੇ ਵੈਸੇ ਬਹਾਦਰ ਤੇ ਦਲੇਰ ਉਹ ਸਾਥੋਂ ਘੱਟ ਨਹੀਂ ਸਨ। ਪਰ ਉਹਨਾਂ ਦੇ ਦਿਲ ਪੱਥਰ ਵਾਂਗੂੰ ਸਖ਼ਤ ਸਨ, ਜ਼ਬਾਨ ਦੇ ਕੱਚੇ-ਪਿਲੇ ਸਨ। ਕਿੱਲੇ ਵਾਂਗੂੰ ਗਡੀ ਜ਼ਬਾਨ ਤੇ ਪਹਿਰਾ ਨਹੀਂ ਸਨ ਦੇਂਦੇ ਵਕਤ ਵੇਖ ਕਿ ਪੈਂਤੜਾ ਬਦਲ ਜਾਂਦੇ ਗਿਰਗਟ ਵਾਂਗੂੰ।

ਦੁਆਬੇ ਮਾਲਵੇ, ਤੇ ਮਾਝੇ ਵਾਲੇ ਜ਼ਬਾਨ ਦੇ ਕਿੰਨੇ ਵੀ ਕੱਚੇ ਹੋਣ ਪਰ ਜਦੋਂ ਇਕ ਵਾਰ ਕੌਲ ਕਰ ਲੈਂਦੇ, ਮਰ ਜਾਂਦੇ ਪਰ ਕੌਲੋਂ ਨਾ ਹਾਰਦੇ।

ਗੁਰੂ ਦੇ ਪਰਤਾਪ ਨਾਲ ਤੇ ਪੰਜਾਬੀਆਂ ਦੇ ਉਦਮ, ਦਲੇਰੀ ਤੇ ਮਿਹਨਤ ਨੇ ਜ਼ਮੀਨ ਨੂੰ ਸੋਨਾ ਉਗਲਣ ਤੇ ਮਜਬੂਰ ਕਰ ਦਿੱਤਾ ਸੀ। ਖਾਣ-ਪੀਣ ਦੇ ਸ਼ੌਕੀਨ ਸਨ ਮਾਝੇ ਵਾਲੇ ਇਸ ਲਈ

ਪਹਾੜੀਆਂ ਨਾਲ ਭਾਈਚਾਰਾ ਗੂੜ੍ਹਾ ਪੈ ਗਿਆ ਸੀ, ਲੰਗਰ ਨੇ ਦੋਸਤੀ ਦੀ ਗੰਢ ਪੱਕੀ ਕਰ ਦਿੱਤੀ ਸੀ। "ਉਦਮ ਅੱਗੇ ਲੱਛਮੀ ਤੇ ਪੱਖੇ ਅੱਗੇ ਪੌਣ।"

ਸੰਗਤ ਤੇ ਪੰਗਤ ਦਾ ਬੜਾ ਪ੍ਰਬੰਧ ਸੀ। ਇਸ ਲਈ ਗੁਰੂਆਂ ਨੂੰ ਕੋਈ ਫਰਕ ਨਹੀਂ ਸੀ ਪੈਂਦਾ ਦੱਸ ਬੰਦੇ ਜ਼ਿਆਦਾ ਆਏ ਜਾਂ ਦੱਸ ਬੰਦੇ ਘੱਟ। ਫੌਜਾਂ ਵਾਸਤੇ ਅਲਹਿਦਾ ਪ੍ਰਬੰਧ ਸੀ। ਤੇ ਹੋਰ ਅਮਲੇ ਫੈਲੇ ਵਾਸਤੇ ਵੱਖਰੀ ਪਰਾਤ ਸੀ। ਸੰਗਤ ਵਾਸਤੇ ਲੰਗਰ ਵੱਖਰਾ ਸੀ। ਜਿਹਦੇ ਵਿਚ ਬਾਹਰ ਤੋਂ ਆਈਆਂ ਸੰਗਤਾਂ ਦਾ ਪ੍ਰਬੰਧ ਸੀ। ਬਿਰਧ, ਬੁੱਢੇ ਘਰ ਨੂੰ ਤਿਲਾਂਜਲੀ ਦੇ ਕੇ ਗੁਰੂ ਦੇ ਦਵਾਰੇ ਆਣ ਬੈਠੇ ਸਨ ਜਿੰਨੀ ਸੇਵਾ ਕਰਨ ਦੇ ਯੋਗ ਸਨ ਉਹ ਉਦਮ ਕਰਦੇ। ਤੇ ਮਾਲਾ ਚੁੰਮ-ਚੁੰਮ ਕੇ ਬਾਣੀ ਪੜ੍ਹਦੇ।

ਗਭਰੂ ਤੇ ਫੌਜ ਵਿਚ ਭਰਤੀ ਹੁੰਦੇ ਹੀ ਸਨ ਲੋਕਾਂ ਨੂੰ ਇਸ਼ਕ ਸੀ, ਤਨਖਾਹ ਦਾ ਕੋਈ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ ਫਿਰ ਵੀ ਗੁਰੂ ਦੀ ਗੋਲਕ ਹਰ ਬੰਦੇ ਦੇ ਖਰਚੇ ਦਾ ਇੰਤਜ਼ਾਮ ਕਰਦੀ। ਸਾਰੇ ਫੌਜੀ ਛੜੇ ਤੇ ਰੰਡਵੇ ਨਹੀਂ ਸਨ। ਬਾਲ-ਬੱਚੇ ਵਾਲੇ ਪੰਜਾਬ ਵਿਚ ਆਮ ਰਿਵਾਜ ਸੀ। ਵੱਡਾ ਭਰਾ ਘਰ ਗ੍ਰਹਿਸਤੀ ਸੰਭਾਲਦਾ, ਖੇਤੀ ਵੇਖਦਾ ਤੇ ਛੋਟੇ ਭਰਾ ਸਰਕਾਰ ਦੀ ਨੌਕਰੀ ਕਰਦੇ ਜਾਂ ਗੁਰੂ ਦੀ ਫੌਜ ਵਿਚ ਭਰਤੀ ਹੁੰਦੇ। ਪੰਜਾਬ ਵਾਲੇ ਗੁਰੂ ਦੀ ਫੌਜ ਵਿਚ ਭਰਤੀ ਹੋਣਾ ਫਖਰ ਸਮਝਦੇ ਸਨ। ਕੀਰਤਪੁਰ ਵਿਚ ਮੌਜਾਂ ਲੱਗੀਆਂ ਹੋਈਆ ਸਨ। ਰੌਣਕਾਂ ਦਿਨ-ਬਦਿਨ ਵੱਧ ਰਹੀਆਂ ਸਨ, ਗੁਰੂ ਦਾ ਪਰਤਾਪ ਸੀ, ਗੁਰੂ ਦੀਆਂ ਮਿਹਰਾਂ ਸਨ।

ਗੁਰੂ ਹਰਰਾਇ ਦੇ ਘਰ ਇਕ ਕੰਨਿਆ ਨੇ ਜਨਮ ਲਿਆ ਜਿਹਦਾ ਨਾਂ ਰੱਖਿਆ ਰੂਪ ਕੌਰ, ਉਹ ਸਾਹਿਬਜ਼ਾਦੇ ਰਾਮ ਰਾਇ ਤੋਂ ਛੋਟੀ ਸੀ।

ਰੂਪ ਕੌਰ ਸਾਹਿਬਜ਼ਾਦਿਆਂ ਵਾਗੂੰ ਪਲੀ, ਗੁਰੂ ਕੇ ਮਹਿਲਾਂ ਨੇ ਉਹਨੂੰ ਪੁੱਤਾਂ ਵਾਂਗ ਲਾਡ ਚਾਅ ਨਾਲ ਪਾਲਿਆ ਤੇ ਖਿਡਾਇਆ, ਪੱਟੇ ਮਿਣ-ਮਿਣ ਕੇ ਉਹਦੀ ਲੋਕ ਅਲੱਖ ਸੰਵਾਰੀ, ਧੀਆਂ ਪੁੱਤਰਾਂ ਨਾਲੋਂ ਦੁਪਿਆਰੀਆਂ ਨਹੀਂ ਹੁੰਦੀਆਂ, ਧੀਆਂ ਧਿਰਾਂ ਹਨ।

ਪਿਤਾ ਗੁਰੂ ਹਰ ਰਾਇ ਨੂੰ ਰੂਪ ਹਰ ਰੋਜ਼ ਪਰਨਾਮ ਕਰਨ ਆਉਂਦੀ ਜਿੰਦਾਂ ਸਾਹਿਬਜ਼ਾਦੇ ਮੱਥਾ ਟੇਕਦੇ ਸਨ। ਬਿਲਕੁਲ ਪੁੱਤਾਂ ਵਰਗਾ ਪਹਿਰਾਵਾ ਸੀ। ਬਾਣੀ ਦੀ ਬੜੀ ਰੱਸੀਆ ਸੀ, ਗਲੇ ਵਿਚ ਸੋਜ਼ ਸੀ, ਲਚਕ ਸੀ, ਸੁਰੀਲੀ ਆਵਾਜ਼ ਸੀ। ਸੋਨੇ ਤੇ ਸੁਹਾਗੇ ਦਾ ਕੰਮ ਉਸਦੇ ਹੁਸਨ ਦਾ ਜ਼ਲਵਾ, ਨਿਖਰਿਆ ਰੂਪ, ਪਰ ਗੁਰੂ ਪੁੱਤਰੀ ਨੂੰ ਸਾਰੀ ਸੰਗਤ ਪੁੱਤਰਾਂ ਵਾਂਗ ਸਤਕਾਰਦੀ।

ਕੰਨਿਆ ਬੁੱਧੀਵਾਨ ਸੀ ਤੇ ਦੂਜੀ ਸੋਹਬਤ ਗੁਰੂ ਦੀ ਮਿਲ ਗਈ। ਧੀਆਂ ਪੁੱਤਾਂ ਤੋਂ ਘੱਟ ਨਹੀਂ ਹੁੰਦੀਆਂ। ਆਖਦੇ ਹਨ ਕਿ ਰੂਪ ਕੌਰ ਨੇ ਗੁਰੂ ਦੀਆਂ ਮੂੰਹ ਦੀਆਂ ਸਾਖੀਆਂ ਲਿਖੀਆਂ। ਗੁਰੂ ਸਾਹਿਬਾਂ ਦੇ ਬਚਨ ਸੰਭਾਲੇ। ਪਹਿਲਾਂ ਗੁਰੂ ਹਰ ਰਾਇ ਦੇ ਜੀਵਨ ਦੀਆਂ ਸਾਖੀਆਂ ਲਿਖੀਆਂ ਤੇ ਫਿਰ ਗੁਰੂ ਦੀ ਥਾਪਨਾ ਦੇ ਬਲ ਨਾਲ ਪਹਿਲ ਗੁਰੂਆਂ ਬਾਰੇ ਵੀ ਸਾਖੀਆਂ ਇਕੱਠੀਆਂ ਕੀਤੀਆਂ, ਬੜੀ ਵੱਡੀ ਸਾਖੀਕਾਰ ਹੋਈ ਏ ਰੂਪ ਕੌਰ।

ਸਾਖੀਕਾਰ ਬੀਬੀ ਰੂਪ ਕੌਰ ਦੀਆਂ ਸਾਖੀਆਂ ਨੂੰ ਅੱਜ ਵੀ ਲੋਕ ਪ੍ਰਮਾਣਕ ਮੰਨਦੇ ਹਨ। ਉਹਦੀ ਸਾਖੀ ਇਉਂ ਸ਼ੁਰੂ ਹੁੰਦੀ ਏ।

ਜਿਹਨਾਂ ਉਹ ਸਾਖੀਆਂ ਸੁਣ ਲਈਆਂ ਜਾਂ ਪੜ੍ਹ ਲਈਆਂ ਉਹ ਤਰ ਗਏ। ਜ਼ਬਾਨ ਸੌਖੀ ਸੀ, ਗੱਲਾਂ ਸਿੱਧੀਆਂ ਤੇ ਸੁਖਾਵੀਆਂ ਸਨ, ਲੋਕਾਂ ਦੇ ਹਿਰਦੇ ਟੁੰਬਦੀਆਂ, ਜਿਉਂ-ਜਿਉਂ ਲੋਕ ਪੜ੍ਹਦੇ ਨਸ਼ਿਆ ਜਾਂਦੇ। ਉਹ ਏਨਾ ਕੀਮਤੀ ਜ਼ਖੀਰਾ ਸੀ ਕਿ ਉਹਨਾਂ ਤੇ ਤੁਰੀਆਂ ਸਾਖੀਆਂ ਨੇ ਹੋਰ

ਵੀ ਰੂਪ ਪਲਟੇ। ਕਮਾਲ ਦੀਆਂ ਸਿਖਰਾਂ ਛੋਹ ਲਈਆਂ, ਸਾਖੀਕਾਰ ਰੂਪ ਕੌਰ ਮਹਾਨ ਵਿਦਵਾਨ, ਤੇ ਗੁਰੂ ਘਰ ਨੂੰ ਸੰਭਾਲਣ ਵਾਲੀ ਧੀ ਸੀ।

ਰੂਪ ਕੌਰ ਗੁਰੂ ਪੁੱਤਰੀ ਸੀ, ਇਕ ਕਲਾਕਾਰ ਸੀ ਰੂਪ ਕੌਰ।

ਰੂਪ ਕੌਰ ਇਕ ਸੁਰੀਲੀ ਅਵਾਜ਼ ਵਾਲੀ ਕੋਇਲ ਸੀ। ਕੂਕਦੀ ਪਹਾੜਾਂ ਵਿਚ, ਕਲੇਜੇ ਵਿਚ ਧੂਹ ਪਾਉਂਦੀ, ਉਹਦੇ ਸੁਹੀਲੇ ਬੋਲ ਲੋਕਾਂ ਦੇ ਹਿਰਦੇ ਟੁੰਭਦੇ।

ਰੂਪ ਕੌਰ ਇਕ ਵਿਦਵਾਨ ਤੇ ਸੂਝਵਾਨ ਇਸਤਰੀ ਸੀ, ਜਿਹਨੇ ਗੁਰੂ ਘਰ ਦੇ ਆਤਮਕ ਖਜ਼ਾਨੇ ਨੂੰ ਸੰਭਾਲਿਆ।

ਰੂਪ ਕੌਰ ਗੁਰੂ ਦੇ ਬਚਨ ਸੰਗਤਾਂ ਨੂੰ ਸਾਖੀਆਂ ਵਿਚ ਸਮਝਾਉਂਦੀ। ਇਹ ਇਕ ਕਮਾਲ ਦਾ ਹੁਨਰ ਸੀ।

ਰੂਪ ਕੌਰ ਭਾਈ ਗੁਰਦਾਸ ਦੂਜੇ ਦੀ ਚੇਲੀ ਆਖੀ ਜਾ ਸਕਦੀ ਸੀ। ਜਿਨ ਬਿਨਾਂ ਗੁਰ ਦਖਸ਼ਨਾ ਦੇ ਗੁਰੂ ਨੂੰ ਮੰਨ ਲਿਆ ਸੀ। ਇਹ ਗੁਰਾਂ ਦੀ ਕਿਰਪਾ ਦਾ ਫਲ ਸੀ।

ਰੂਪ ਕੌਰ ਨੇ ਸਾਰਾ ਜੀਵਨ ਇਤਿਹਾਸ ਸੰਭਾਲਣ ਤੇ ਲਾ ਦਿੱਤਾ ਤੇ ਗੁਰੂਆਂ ਦੀ ਇਹ ਖਜ਼ਾਨਚੀ ਆਖੀ ਜਾ ਸਕਦੀ ਏ, ਚਾਨਣ ਮੁਨਾਰਾ ਸੀ ਰੂਪ ਕੌਰ ਸਿੱਖ ਜਗਤ ਵਿਚ। ਭੈਣ ਸਾਹਿਬਜ਼ਾਦੇ ਰਾਮ ਰਾਇ ਦੀ।

ਗੁਰੂ ਪੁੱਤਰੀ ਨੇ ਮਰਦਾਂ ਵਾਂਗੂੰ ਸਿੱਖੀ ਦੀ ਸੇਵਾ ਦਾ ਬੀੜਾ ਚੁਕਿਆ। ਨਮਸਕਾਰ ਕਰੋ, ਸਿਰ ਝੁਕਾਓ ਇਹੋ ਜਿਹੀ ਸਿਰੜੀ ਵਿਦਵਾਨ, ਮਹਾਨ ਇਸਤਰੀ ਅੱਗੇ। ਗੁਰੂ ਘਰ ਨੇ ਇਸਤਰੀ ਨੂੰ ਮਰਦਾਂ ਵਾਲਾ ਰੁਤਬਾ ਦੇ ਦਿੱਤਾ ਸੀ। ਇਸਤਰੀ ਦੀ ਪੂਜਾ ਕੀਤੀ ਜਾ ਸਕਦੀ ਏ, ਬਾਣੀ ਪੜ੍ਹਨ ਤੇ ਕੋਈ ਪਾਬੰਦੀ ਨਹੀਂ ਸੀ। ਮਰਦ ਵੀ ਬਾਣੀ ਪੜ੍ਹਦੇ ਤੇ ਇਸਤਰੀਆਂ ਮਰਦਾਂ ਤੋਂ ਬਹੁਤ ਅੱਗੇ ਸਨ। ਇਹਨਾਂ ਵਿਚ ਬਹੁਤ ਸ਼ਰਧਾ ਸੀ, ਨਿਮਰਤਾ ਸੀ, ਸ਼ੌਕ ਤੇ ਰੀਝ ਸੀ। ਲੋੜ ਪੈਣ ਤੇ ਤਲਵਾਰ ਚੁੱਕਣ ਤੇ ਵੀ ਕੋਈ ਪਾਬੰਦੀ ਨਹੀਂ ਸੀ, ਮਰਦ ਤੇ ਇਸਤਰੀ ਦਾ ਭੇਦ ਗੁਰਾਂ ਨੇ ਮਿਟਾ ਦਿੱਤਾ ਸੀ, ਇਸਤਰੀ ਵੀ ਮਰਦ ਏ, ਘਰ ਦੀ ਮਾਲਕਣ ਵੀ ਏ ਤੇ ਰਣ ਵਿਚ ਚੰਡੀ ਦਾ ਰੂਪ ਧਾਰ ਲੈਂਦੀ ਏ। ਸੰਗਤ ਵਿਚ ਵੀ ਇਸਤਰੀ ਤੇ ਪੰਗਤ ਵਿਚ ਵੀ ਇਸਤਰੀ। ਇਸਤਰੀ ਮਾਂ ਵੀ ਏ ਰਣ ਚੰਡੀ ਵੀ।

ਘੱਟ ਹੀ ਜੰਮਦੀਆਂ ਹਨ ਇਹੋ ਜਿਹੀਆਂ ਇਸਤਰੀਆਂ। ਗੁਰੂ ਵੀ ਆਪਣੀ ਪੁੱਤਰੀ ਤੇ ਫ਼ਖ਼ਰ ਕਰ ਸਕਦਾ ਏ, ਸੰਗਤ ਨੇ ਤੇ ਕਰਨਾ ਹੀ ਸੀ।

□

੭
ਭਾਦੁਇ

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ।
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ।
ਜਿਤੁ ਦਿਨ ਦੇਹ ਬਿਨਸਸੀ ਤਿਤੁ ਵੇਲੇ ਕਹਸਨਿ ਪ੍ਰੇਤੁ।
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ।
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ।
ਹਥ ਮਰੋੜੇ ਤਨੁ ਕਪੇ, ਸਿਆਹਹੁ ਹੋਆ ਸੇਤੁ।
ਜੇਹਾ ਬੀਜੇ ਸੋ ਲੁਣੈ ਕਰਮਾ ਸੰਦੜਾ ਖੇਤੁ।
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ।
ਸੇ ਭਾਦੁਇ ਨਰਕਿ ਨਾ ਪਾਈਅਹਿ ਗੁਰ ਰਖਣ ਵਾਲਾ ਹੇਤੁ ॥

੩੨
ਜਾਤ ਫਕੀਰ ਦੀ

ਫਕੀਰ ਦੀ ਕੋਈ ਜਾਤ ਨਹੀਂ। ਫਕੀਰ ਹਰ ਇਕ ਦਾ ਸਾਂਝਾ ਏ, ਫਕੀਰ ਦੀ ਕਿਸੇ ਨਾਲ ਕੋਈ ਲੜਾਈ ਨਹੀਂ। ਤੇ ਨਾਂ ਹੀ ਝਗੜਾ ਤੇ ਨਾ ਹੀ ਬੋਈ ਝਾਂਜਾ। ਫਕੀਰ ਨੇ ਕਿਹੜੀ ਜਾਇਦਾਦ ਵੰਡਣੀ ਏ, ਫ਼ਕੀਰ ਦਾ ਨਾ ਘਰ ਨਾ ਦੁਆਰ, ਨਾ ਰੰਨ ਨਾ ਕੰਨ, ਛੜੀ ਜਾਨ ਫਕੀਰ ਦੀ, ਫਕੀਰ ਦੀ ਰਿਸ਼ਤੇਦਾਰੀ ਸਿਰਫ ਰੱਬ ਨਾਲ। ਬਾਕੀ ਜਹਾਨ ਨਾਲ ਕੋਈ ਸਾਕ ਨਹੀਂ, ਇਕੱਲਾ ਹੀ ਇਕੱਲਾ ਦਮ ਨਾ ਹਨੇਰੀ ਦਾ ਡਰ ਤੇ ਨਾ ਪਾਲਾ ਨਾ ਠੰਡ। ਕੜਾਕੇ ਦੀ ਧੁੱਪ ਹੋਵੇ ਫੇਰ ਕੀ। ਉਸ ਤੇ ਦਾਤੇ ਦੀ ਮਿਹਰ ਏ। ਮੀਂਹ ਪੈਂਦਾ ਏ ਪੈਣ ਦਿਓ, ਦੁਨੀਆ ਵਸੂ, ਭੜੋਲੀਆਂ ਭਰਨਗੀਆਂ ਦਾਣਿਆਂ ਨਾਲ। ਗ੍ਰਹਿਸਤੀ ਦੇ ਘਰ ਹੋਵੇਗਾ ਤਾਂ ਸਾਨੂੰ ਵੀ ਦਾਣਿਆਂ ਦੀ ਖੈਰ ਪੈ ਜਾਊ। ਜੇ ਗ੍ਰਹਿਸਤੀ ਭੁੱਖਾ ਏ ਤਾਂ ਉਸ ਸਾਨੂੰ ਕੀ ਦੇਣਾ ਏ, ਅਸੀਂ ਤੇ ਖੈਰ ਮੰਗਦੇ ਹਾਂ ਗ੍ਰਹਿਜਥੀਆਂ ਦੀ, ਅਸੀਂ ਆਪਣੇ ਲਈ ਕੁਝ ਨਹੀਂ ਮੰਗਦੇ, ਯਰਾਨਾ ਸਿਰਫ ਅੱਲਾ ਨਾਲ ਕਿਸੇ ਦੇ ਚੌਂਕੇ ਵਿਚ ਚੋਪੜੀ ਰੋਟੀ ਵੇਖ ਕੇ ਨਹੀਂ ਲਲਚਾਉਂਦੇ। ਸ਼ੁਕਰ ਏ ਉਸ ਪ੍ਰਮਾਤਮਾ ਦਾ ਜੋ ਮਿਲ ਜਾਏ ਉਹੋ ਈ ਅੰਮ੍ਰਿਤ ਏ, ਫ਼ਕੀਰ ਕੱਖਾਂ ਦੀ ਕੁੱਲੀ ਵਿਚ ਰਹਿ ਕੇ ਸ਼ੀਸ਼ ਮਹਿਲ ਦਾ ਆਨੰਦ ਮਾਣਦੇ ਹਨ। ਸਵਾਰੀ ਦੀ ਇੱਛਾ ਨਹੀਂ। ਅਸੀਂ ਪੈਰਾਂ ਦੇ ਘੋੜਿਆਂ ਤੇ ਹੀ ਸਫ਼ਰ ਕਰਦੇ ਹਾਂ, ਫਕੀਰ ਆਪਣੇ ਦਿਲ ਦਾ ਬਾਦਸ਼ਾਹ ਏ। ਸੋਚ ਆਈ, ਸਫ ਵਿਛਾਈ, ਚਿਤ ਕੀਤਾ ਬੋਰੀਆ ਵਿਛਾ ਲਿਆ ਤੇ ਅਨੰਦ ਲੈ ਲਿਆ। ਜੇ ਮੌਜ ਆਈ ਫਕੀਰ ਦੀ ਦੀਆ ਝੌਂਪੜਾ ਫੂਕ। ਕੋਈ ਲੱਥੀ ਦੀ ਨਹੀਂ ਕੋਈ ਚੜ੍ਹੀ ਦੀ ਨਹੀਂ, ਦੁਨੀਆ ਫਾਨੀ ਏ। ਨਾਸਵਾਨ ਏ, ਇਥੇ ਕਿਸੇ ਨੇ ਬਹਿ ਨਹੀਂ ਰਹਿਣਾ, ਰਾਤ ਕੱਟੀ ਦਿਨੇ ਅਗਲੇ ਦਵਾਰੇ, ਫਕੀਰ ਦੀ ਕੋਈ ਪਹਿਚਾਨ ਨਹੀਂ। ਉਹ ਹਿੰਦੂ ਏ ਜਾਂ ਮੁਸਲਮਾਨ, ਫਕੀਰ ਫਕੀਰ ਏ, ਵਿਚੋਲਾ ਸਾਰਿਆਂ ਦਾ। ਭਾਵੇਂ ਕੋਈ ਸੱਜਣ ਤੇ ਭਾਵੇਂ ਕੋਈ ਦੁਸ਼ਮਣ। ਵਿਚੋਲਪੁਣਾ ਫਕੀਰ ਤੋਂ ਬਗੈਰ ਹੋਰ ਕੋਈ ਨਹੀਂ ਕਰ ਸਕਦਾ। ਹਾਕਮ ਫਕੀਰ ਦਾ

ਯਾਰ ਏ। ਤੇ ਹਾਕਮ ਦੀ ਸਰਕਾਰ ਦੇ ਦੀਦਾਰ ਕਰਨੇ ਹੋਣ ਤੇ ਫਿਰ ਫਕੀਰ ਤੋਂ ਬਗੈਰ ਹੋਰ ਕੋਈ ਮਦਦਗਾਰ ਨਹੀਂ। ਯਾਰੋ ਰੱਬ ਦਾ ਵਿਚੋਲਾ, ਫਕੀਰ ਬਾਦਸ਼ਾਹ।

ਇਹ ਤੇ ਗੱਲ ਹੋਈ ਨਾ ਫਕੀਰ ਦੀ ਪਰ ਫਕੀਰ ਹੈ ਕੀ ?

ਜਿਵੇਂ ਇਹ ਹੁਕਮ ਸੀ ਕਿ ਗੁਰੂ ਦੀ ਬਾਨੀ ਸਤਿ ਕਰਕੇ ਜਾਣੋ, ਗੁਰੂਆਂ ਨੇ ਬਾਨੀ ਨੂੰ ਰੱਬ ਜਿੱਡਾ ਸਤਿਕਾਰ ਦਿੱਤਾ। ਗੁਰੂ ਗ੍ਰੰਥ ਸਾਹਿਬ ਨੂੰ ਜਦ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕਰਨ ਦੀ ਹਿੰਮਤ ਕੀਤੀ ਤਾਂ ਇਹ ਪਹਿਲ ਸਭ ਤੋਂ ਪਹਿਲਾਂ ਗੁਰੂਆਂ ਕੀਤੀ ਬਾਕੀ ਸਾਰੇ ਧਰਮ ਡਰਦੇ ਰਹੇ।

ਰਾਮਸਰ ਤੋਂ ਪੈਦਲ ਚੌਰ ਕਰਦੇ ਆਏ ਗੁਰੂ ਅਰਜਨ ਦੇਵ। ਉੱਚੇ ਅਸਥਾਨ ਤੇ ਬਿਰਾਜਮਾਨ ਕੀਤਾ ਗੁਰੂ ਗ੍ਰੰਥ ਤੇ ਰਾਤ ਨੂੰ ਬਿਸਰਾਮ ਵਾਲੀ ਥਾਂ ਤੇ ਚੌਕੀ ਤੇ ਸੁਖ ਆਸਨ ਕੀਤਾ। ਤੇ ਆਪ ਭੁੰਜੇ ਬਿਸਤਰਾ ਲਾਇਆ ਤਾਂ ਕਿ ਹੋਰ ਕਿਸੇ ਪ੍ਰਮਾਣ ਦੀ ਲੋੜ ਹੀ ਨਾ ਰਹੇ, ਇਹ ਮਰਿਆਦਾ ਬਣ ਗਈ ਏ।

ਸਿੱਖਾਂ ਦਾ ਇਹ ਵਿਸ਼ਵਾਸ ਸੀ ਕਿ ਜੋ ਗੁਰੂ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਬਚਨ ਨਿਕਲੇ ਹਨ ਉਹ ਅਟੱਲ ਹਨ। ਉਹਨਾਂ ਦੇ ਹਰ ਬਚਨ ਨੂੰ ਧਿਆਨ ਨਾਲ ਸੁਣਨਾ ਤੇ ਉਹਦੇ ਤੇ ਪਹਿਰਾ ਦੇਣਾ ਸਿੱਖਾਂ ਦਾ ਫਰਜ਼ ਏ। ਐਵੇਂ ਕਿੰਤੂ ਕਰਨ ਦੀ ਲੋੜ ਨਹੀਂ, ਇਹ ਗੱਲ ਸਿੱਖਾਂ ਨੂੰ ਸ਼ੋਭਦੀ ਨਹੀਂ। ਗੁਰੂ ਦੀ ਬਾਣੀ ਅਟੱਲ ਏ, ਪੱਥਰ ਤੇ ਲਕੀਰ ਵਾਂਗੂ। ਰੱਬ ਦੀ ਬਾਨੀ ਧੁਰੋਂ ਆਈ ਏ।

ਗੁਰਬਾਣੀ ਦਾ ਫੁਰਮਾਨ ਏ ਕਿ ਜੋ ਮਹਾਂਰਿਸ਼ੀ, ਮਹਾਂਪੁਰਸ਼ ਸਹਿਜ ਸੁਭਾਅ ਹੀ ਬੋਲਦੇ ਹਨ ਉਹ ਅੰਮ੍ਰਿਤ ਬਚਨ ਹਨ।

"ਭਗਤ ਮੁਖੈ ਤੇ ਬੋਲਤੇ ਸੋ ਬਚਨ ਹੋਵੰਦੇ।" ਇਹ ਗੁਰੂ ਅਰਜਨ ਦੇਵ ਦਾ ਫਰਮਾਨ ਸੀ। ਜਿਵੇਂ ਬਾਨੀ ਨੂੰ ਸਤਿ ਸਤਿ ਕਰਕੇ ਮੰਨਣਾ ਹੈ ਏਵੇਂ ਹੀ ਗੁਰੂ ਰਾਮਦਾਸ ਜੀ ਦਾ ਹੁਕਮ ਉਹਨਾਂ ਨੂੰ ਯਾਦ ਸੀ ਕਿ ਮੈਂ ਵੀ ਗੁਰੂ ਜੀ ਦੇ ਬਚਨਾਂ ਨੂੰ ਸਤਿ ਸਤਿ ਕਰਕੇ ਮੰਨਿਆ ਹੈ। ਉਹੋ ਹੀ ਵਾਹਿਗੁਰੂ ਨੂੰ ਪਿਆਰਾ ਹੈ।

"ਗੁਰੂ ਕੇ ਬਚਨ ਸਤਿ ਕਰ ਮਾਨੇ, ਮੇਰੇ ਠਾਕੁਰ ਬਹੁਤ ਪਿਆਰੇ।"

ਗੁਰੂ ਦੇ ਬਚਨਾਂ ਤੇ ਆਪ ਨਿਤਾਰਾ ਕਰੋ। ਇਹ ਬਚਨ ਹੀ ਹਨ ਜੋ ਜਮਾਂ ਦੀ ਫਾਂਸੀ ਕੱਟ ਸਕਦੇ ਹਨ। ਗੁਰੂ ਦੇ ਬਚਨਾਂ ਤੇ ਆਪਾ ਵਾਰਨ ਨਾਲ ਹੀ ਨਾਮ ਦੀ ਰੰਗਣ ਚੜ੍ਹਨੀ ਏ, ਭਰਮ ਮੁਕਦੇ ਹਨ, ਬ੍ਰਹਮ ਨਜ਼ਰੀਂ ਆਉਂਦਾ ਏ, ਬਖਸ਼ਸ਼ ਹੁੰਦੀ ਏ ਤੇ ਰਾਜ ਯੋਗ ਦੀ ਪੱਦਵੀ ਮਿਲਦੀ ਏ। ਗੁਰੂ ਦੇ ਬਚਨਾਂ ਤੇ ਤੁਰਿਆਂ ਹੀ ਭਗਤੀ ਕਬੂਲ ਹੁੰਦੀ ਏ ਤੇ ਪ੍ਰਭੂ ਮਨ ਵਿਚ ਆਣ ਵੱਸਦਾ ਏ। ਗੁਰੂ ਨਾਨਕ ਦੇਵ ਨੇ ਫਕੀਰੀ ਦੀ ਜੁਗਤ ਦੱਸੀ ਹੀ ਉਹ ਸੁਣੋ :

ਆਦਿ ਫਕੀਰੀ ਦਾ ਨਾਸ ਹੋਣਾ, ਅੰਤ ਸਤਿ ਹੋਣਾਂ,
ਫਕੀਰ ਤੇ ਸਾਇਆ ਭਗਵੰਤ ਕਾ ਹੈ।
ਹਥ ਫਕੀਰ ਦੇ ਦੋਨੋਂ ਕੰਨਾਂ ਤੇ ਧਰੇ ਹੋਏ ਹਨ,
ਚਰਨ ਫਕੀਰ ਦੇ ਬਾਂਧੇ ਹੁੰਦੇ ਹੈਂ ਫਕੀਰ ਕਾ ਤੋਸ਼ ਭਰੋਸਾ ਭਗਵੰਤ ਕਾ।
ਘਰ ਫਕੀਰ ਕਾ ਸਾਰਾ ਜਗਤ, ਮਿਲਖ ਨਾਮ ਪਰਮੇਸ਼ਵਰ ਕਾ।
ਗੰਜ (ਖਜ਼ਾਨਾ) ਫਕੀਰ ਕਾ ਸਰੀਰ ਅਰੋਗ।
ਗੰਜ ਦਾ ਜੰਦਰਾ, ਤਿਆਗ ਭੋਗਹੁ ਕਾ।
ਪ੍ਰਸੰਨਤਾ ਫਕੀਰ ਕੀ ਚਿਤੁ ਕਿਸੇ ਬਿਖੇ ਨਾ ਅਟਕਾਵਣਾ, ਰਸ ਰੂਪ ਵਿਚ।

ਰੋਗ ਫਕੀਰੋਂ ਕੇ ਮਾਇਆ ਧਾਰੀਆਂ ਸਾਥ ਪ੍ਰੀਤ ਕਰਨਾ।
ਦੁੱਖ ਫਕੀਰ ਤੋਂ ਕਰਾਮਾਤ ਕਰਕੇ
ਸੰਨਬੱਧੀ ਤਿਆਗ ਹੈ, ਅਹੁ ਕੇ ਬੀਚ ਨਾ ਅਟਕਣਾ।
ਦੁਸ਼ਮਣ ਫਕੀਰ ਦਾ ਆਪਣਾ ਮਨ।
ਬਹਾਦਰੀ ਹੈ ਫਕੀਰ ਕੀ ਚਿਤ ਭਜਨ ਵਿਖੇ ਟਿਕਾਉਣਾ।
ਮੂਰਖਤਾ ਫਕੀਰ ਕੀ ਹੈ, ਭਜਨ ਵਿਖੇ ਟਿਕਾਉਣਾ।
ਚੋਰੀ ਹੈ ਬਿਗਾਨੀ ਨਿੰਦਾ ਸੁਨਣੀ,
ਮਰਦਾਨਗੀ ਹੈ ਜਿਸ ਕਾ ਹਾਥ ਪਕੜੇ ਛੋੜੇ ਨਾਂਹ।
ਪਾਤਸ਼ਾਹੀ ਹੈ, ਬੇਪਰਵਾਹੀ ਜਗਤ ਸਿਉ।

ਇਹ ਹੈ ਹਾਜ਼ਰ ਨਾਮਾ ਜੋ ਗੁਰੂ ਬਚਨ ਕਿਸੇ ਨੇ ਸੁਣੇ ਤੇ ਫਿਰ ਲਿਖੇ ਜਾਂ ਇਕੱਠੇ ਕੀਤੇ ਇਹ ਨਾ ਇਤਿਹਾਸਕਾਰ ਦੱਸ ਸਕਦਾ ਏ ਤੇ ਨਾ ਸਾਖੀਕਾਰ। ਇਹ ਤੇ ਉਹਨਾਂ ਕੋਲ ਹੀ ਖ਼ਜ਼ਾਨਾ ਏ ਜਿਹਨਾਂ ਵਿਚ ਗੁਰ ਦੇ ਗੋਡੇ ਮੁੱਢ ਬੈਠ ਕੇ ਬਚਨ ਸੁਣੇ ਜਾਂ ਗ੍ਰਹਿਣ ਕੀਤੇ। ਲਿਖ ਛੱਡੇ ਤਾਂ ਜੋ ਕਿਸੇ ਦੇ ਕੰਮ ਆਉਣ। ਆਖ਼ਰ ਵਿਚ ਇਕ ਹੋਰ ਗੱਲ ਸੁਨਣ ਵ ਾਲੀ ਏ ਇਹ ਵੀ ਬਾਬੇ ਨਾਨਕ ਦੀ ਬਾਣੀ ਵਿਚੋਂ ਹੀ ਲ਼ਈ ਏ :

ਗੁਰ ਕੈ ਬਚਨ ਮਿਟਿਆ ਮੇਰਾ ਆਪੁ।
ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪ।
ਗੁਰ ਕੈ ਬਚਨ ਮਿਟਿਆ ਮੇਰਾ ਭਰਮੁ।
ਗੁਰ ਕੈ ਬਚਨ ਪੇਖਿਓ ਸਭ ਬ੍ਰਹਮੁ।
ਗੁਰ ਕੈ ਬਚਨਿ ਕੀਨੋ ਰਾਜੁ ਜੋਗੁ।
ਗੁਰ ਕੈ ਬਚਨ ਜਾਗਿਆ ਮੇਰਾ ਕਰਮੁ।
ਗੁਰ ਕੈ ਸੰਗ ਤਰਿਆ ਸਭੁ ਲੋਗ ॥

□

੩੩

ਸੁਣੋ ਭਾਈ ਸਾਧੋ

ਹਮ ਬਾਸੀ ਉਸ ਦੇਸ ਕੇ, ਜਹਂ ਪਾਰਬ੍ਰਹਮ ਕਾ ਖੇਲ।
ਦੀਪਕ ਜਰੇ ਅਗੰਮ ਕਾ, ਬਿਨ ਬਾਤੀ ਬਿਨ ਤੇਲ।
ਹਮ ਬਾਸੀ ਉਸ ਦੇਸ ਕੇ, ਜਹਾਂ ਜਾਤਿ ਬਰਨ ਕੁਲ ਨਾਹਿੰ।
ਸਬਦ ਮਿਲਾਵਾ ਹੋਇ ਕਰਾ ਰਹਾ ਦੇਹ ਮਿਲਾਵਾ ਨਾਹਿੰ।

ਕਬੀਰ ਗੱਲ ਕਰਨ ਲੱਗਿਆਂ ਡਰਦਾ ਨਹੀਂ ਤੇ ਨਾ ਹੀ ਝਕਦਾ ਏ। ਕਿਸੇ ਨੂੰ ਬੁਰਾ ਲੱਗਦਾ ਏ ਤਾਂ ਲੱਗਣ ਦਿਓ। ਜੇ ਸੌ ਬੰਦਿਆਂ ਦਾ ਕਲਿਆਣ ਹੁੰਦਾ ਏ, ਤਾਂ ਹੋਣ ਦਿਓ ਤੇ ਜੇ ਇਕ ਨੂੰ ਦੁੱਖ ਹੁੰਦਾ ਏ ਤਾਂ ਕਬੀਰ ਕੀ ਕਰੇ :

ਹਿੰਦੂ ਕਹੂੰ ਤੇ ਮੈਂ ਨਹੀ, ਮੁਸਲਮਾਨ ਭੀ ਨਾਹਿੰ ।
ਪਾਂਚ ਤੱਤਵ ਕਾ ਪੂਤਲਾ, ਗੈਬੀ ਖੇਲੈ ਮਾਹਿੰ ॥

ਸਾਡੀ ਕੋਈ ਜਾਤ ਨਹੀਂ ਤੇ ਨਾ ਹੀ ਸਾਡੀ ਕੋਈ ਗੋਤ ਏ, ਸਾਰੀ ਕਾਇਆ ਸਾਡੀ ਬਰਾਦਰੀ ਏ ਤੇ ਉਹਨਾਂ ਨਾਲ ਹੀ ਸਾਡੀ ਰਿਸ਼ਤੇਦਾਰੀ ਏ । ਉਹਨਾਂ ਨਾਲ ਹੀ ਸਾਡਾ ਰਿਸ਼ਤਾ ਨਾਤਾ ਏ, ਸਾਧ ਤੇ ਫਕੀਰ ਵਿਚ ਫਰਕ ਨਹੀਂ, ਸਿਰਫ ਨਾਂ ਹੀ ਬਦਲਿਆ ਏ । ਸਾਧ ਬਾਰੇ ਕਬੀਰ ਫਰਮਾਉਂਦੇ ਹਨ :

ਸਾਧੂ ਭੂਖਾ ਭਾਵ ਕਾ, ਧਨ ਕਾ ਭੂਖਾ ਨਹਿੰ ।
ਧੰਨ ਕਾ ਭੂਖਾ ਜੋ ਫਿਰੈ, ਸੋ ਤੇ ਸਾਧੂ ਨਾਹਿੰ ॥

ਮੰਗਿਆਂ ਫਕੀਰ ਦੀ ਹੇਠੀ ਨਹੀਂ ਹੁੰਦੀ ਤੇ ਮੰਗ ਕੇ ਹੀ ਖਾਣਾ ਤਾਂ ਫਕੀਰ ਬਣਨ ਦੀ ਕੀ ਲੋੜ ਸੀ, ਹੱਟੀ ਪਾ ਲੈਣੀ ਸੀ। ਚੋਰੀ ਕਰਕੇ ਧਨ ਜਮ੍ਹਾਂ ਹੋ ਸਕਦਾ ਏ, ਡਾਕਾ ਮਾਰੋ ਤਾਂ ਇਕ ਦਿਨ ਵਿਚ ਹੀ ਬਾਦਸ਼ਾਹ ਬਣ ਜਾਂਦਾ ਏ ਬੰਦਾ, ਫਿਰ ਭਬੂਤੀ ਲਗਾਉਣ ਦੀ ਕੀ ਲੋੜ ਸੀ। ਬਹਾਦਰੀ ਤਾਈਓਂ ਹੀ ਏ ਜੇ ਗ੍ਰਹਿਸਤੀ ਵੀ ਭੋਗੇ ਤੇ ਫਕੀਰੀ ਵਿਚ ਵੀ ਪੈਰ ਧਰੋ, ਅਸਲ ਫਕੀਰੀ ਗ੍ਰਹਿਸਤੀ ਵਿਚ ਹੀ ਹੈ ।

ਅਨਦਿਨ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ।
ਪੰਚ ਸਬਦੁ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥

ਫਕੀਰ ਗੱਲਾਂ ਵਿਚ ਹੀ ਗੱਲਾਂ ਕਰ ਜਾਂਦਾ ਏ ਇਹਦੇ ਵਿਚ ਹੀ ਉਹਦੀ ਚਲਾਕੀ ਏ ਉਹ ਕਿਉਂ ਕਿਸੇ ਤੋਂ ਬੁਰਾ ਬਣੇ, ਜਿੰਨ ਸੁਣ ਲਿਆ ਉਹਦਾ ਵੀ ਭਲਾ ਜਿੰਨੇ ਨਹੀਂ ਸੁਣਿਆ ਉਹਦਾ ਵੀ ਭਲਾ, ਮੈਂ ਲੋਕਾਂ ਦੇ ਬੂਹੇ ਖੜਕਾ ਕੇ ਘਰ-ਘਰ ਜਾ ਕੇ ਗੱਲ ਜ਼ਰੂਰ ਆਖਣੀ ਏ। ਸਾਡੀ ਤੇ ਮੌਜ ਏ, ਮੌਜ ਵਿਚ ਹੀ ਗੱਲ ਆਖੀ ਜਾਂਦੀ ਏ ਕੋਈ ਸੁਣੇ ਜਾਂ ਨਾ ਸੁਣੇ। ਅਸਾਂ ਤੇ ਆਪਣੇ ਡੇਰੇ ਚਲੇ ਹੀ ਜਾਣਾ ਏ, ਸੁਖੀ ਵੱਸੇ ਰੱਬ ਦੀ ਲੁਕਾਈ :

ਨਿਸਿ ਅੰਧਿਆਰੀ ਕਾਰਨੈ ਚੌਰਾਸੀ ਲਖ ਚੰਦ ।
ਗੁਰ ਬਿਨੁ ਏਤੇ ਉਦਯ ਹੈ, ਤਉ ਸੁਦ੍ਰਿਸ਼ਟਹਿ ਮੰਦ ।

ਆਖਣ ਵਾਲਾ ਕਬੀਰ ਸੀ ਪਰ ਗੁਰੂ ਅੰਗਦ ਦੇਵ ਨੇ ਵੀ ਬਚਨ ਕੀਤੇ, ਬਚਨ ਬਚਨ ਹਨ ਪਰ ਗੱਲ ਸਮਝਣ ਦੀ ਏ ।

ਜੇ ਸਉ ਚੰਦਾ ਉਗਵਹਿ, ਸੂਰਜ ਚੜ੍ਹਹਿ ਹਜਾਰ ।
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ।

ਫਕੀਰ ਨੂੰ ਰਿਤਾਵਨੀ ਦੇਣ ਲਈ ਕਬੀਰ ਆਖਦੇ ਹਨ ਬੀਬਾ ਇਹ ਮੰਜ਼ਿਲ ਬੜੀ ਕਠਿਨ ਏ :

ਸਾਧ ਸਿਧੁ ਬੜ ਅੰਤਰਾ, ਜੈਸੇ ਆਮ ਬਬੂਲ,
ਵਾ ਕੀ ਡਾਰੀ ਅਮੀ ਫਲ, ਯਾ ਕੀ ਡਾਰੀ ਸੂਲ ॥

ਕਬੀਰ ਆਪਣੀ ਗੱਲ ਕਹਿ ਕੇ ਥੱਕ ਜਾਂਦਾ ਏ ਪਰ ਉਹਦੀ ਹਰ ਗੱਲ ਪੱਥਰ ਤੇ ਲਕੀਰ ਬਣ ਜਾਂਦੀ ਏ ।

ਊੱਚਾ ਤਰਵਰ ਗਗਨ ਫਲ, ਬਿਰਲਾ ਪੰਛੀ ਖਾਏ ।
ਇਸ ਫਲ ਕੋ ਤੋ ਸੋ ਚਖੇ, ਜੋ ਜੀਵਤ ਹੀ ਮਰਿ ਜਾਏ ॥

ਜਿੰਨ ਫਕੀਰੀ ਵਿਚ ਮਨ ਨੂੰ ਰੰਗ ਲਿਆ ਤੇ ਫਿਰ ਫਕੀਰ ਕੀ ਏ, ਕਬੀਰ ਆਖਦਾ ਏ ਇਹਦਾ ਫਕੀਰ ਨੂੰ ਵੀ ਨਹੀਂ ਪਤਾ, ਫ਼ਕੀਰ ਫਿਰ ਕੀ ਕਰਦਾ ਏ ਉਹਦਾ ਉਹਨੂੰ ਆਪ ਨੂੰ ਵੀ ਨਹੀਂ ਪਤਾ :

ਬਿਨ ਬਾਦਰ ਜਹਂ ਬਿਜਰੀ ਚਮਕੇ, ਬਿਨ ਸੂਰਜ ਉਜਿਆਰਾ ।
ਬਿਨ ਸੀਪ ਜਹਂ ਮੋਤੀ ਉਪਜੇ, ਬਿਨ ਸੁਰ ਸ਼ਬਦ ਉਚਾਰਾ ।
ਜੋਤਿ ਲਜਾਇ ਬ੍ਰਹਮ ਜਹਾਂ ਦਰਸੇ, ਆਗੈ ਅਗਮ ਅਪਾਰਾ ।
ਕਹੈ ਕਬੀਰ ਵਹ ਰਹਿਨਿ ਹਮਾਰੀ ਬੂਝੈ ਗੁਰਮੁਖ ਪਿਆਰਾ ।।

ਜੋ ਬੀਜਾਂਗੇ ਸੋ ਵੱਢਣਾ ਏ, ਜੋ ਕਰਾਂਗੇ ਸੋ ਪਾਵਾਂਗੇ, ਜੋ ਕਮਾਇਆ ਏ ਭੜੋਲੀ ਵਿਚ ਉਹੋ ਕੁਝ ਹੀ ਭੜੋਲੀ ਖੋਲ੍ਹਿਆਂ ਲੱਭਣਾ ਏ, ਤਾਂਬਾ ਖਰੀਦਿਆ ਏ ਉਸ ਸੋਨਾ ਥੋੜ੍ਹਾ ਬਣ ਜਾਣਾ ਏ । ਫਰੀਦ ਆਖਦਾ ਏ :

ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ ।
ਹੰਢੈ ਉਨ ਕਤਾਇਦਾ, ਪੈਧਾ ਲੋੜੈ ਪਟੁ ।।

—ਗੁਰੂ ਰਾਮਦਾਸ ਫਰਮਾਉਂਦੇ ਹਨ । ਸਤਿਗੁਰ ਦੀ ਸੰਗਤ ਕਰਨਾ, ਮੈਲ ਧੋਣ ਦਾ ਉਤਮ ਸਾਧਨ ਏ । ਸਤਿਗੁਰ ਅੰਮ੍ਰਿਤ ਦਾ ਨਿਰਮਲ ਸਰੋਵਰ ਏ । ਜੋ ਵੀ ਭਾਗਾਂ ਵਾਲਾ ਇਸ਼ਨਾਨ ਕਰੇਗਾ ਉਹਦੀ ਜਨਮਾਂ-ਜਨਮਾਂ ਦੀ ਮੈਲ ਧੋਤੀ ਜਾਂਦੀ ਏ ।

ਸਤਿਗੁਰ ਪੁਰਖ ਅੰਮ੍ਰਿਤਸਰ ਵੱਡਭਾਗੀ ਨਾਵਹਿ ਆਇ ।
ਉਨ ਜਨਮ-ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ।।

—ਸਿੱਖ, ਸਿਦਕ, ਸਾਧੂ ਸੰਤ ਸਿੱਧ ਤੇ ਉਹ ਲੋਕ ਜਿਹਨਾਂ ਨੇ ਸਤਿਗੁਰੂ ਦੇ ਬਚਨ ਸੰਭਾਲ ਰੱਖੇ ਹਨ ਜੀਵਨ ਉਹਨਾਂ ਦੇ ਨੇ ਹੀ ਪਲਟਾ ਖਾਧਾ ਏ । ਉਹਨਾਂ ਦੇ ਬਚਨਾਂ ਦੀਆਂ ਗੋਸ਼ਟੀਆਂ ਬਣਾਈਆਂ, ਹਾਜ਼ਰਨਾਮੇ ਲਿਖਏ, ਜਨਮ ਸਾਖੀਆਂ ਲਿਖੀਆਂ ਗਈਆਂ, ਪਰਚੀਆਂ ਦੇ ਨਾਂ ਨਾਲ ਪਰਸਿੱਧ ਹੋਈਆਂ, ਕਥਾ ਦੇ ਰੂਪ ਵਿਚ ਲੋਕਾਂ ਨੇ ਸੁਣੀਆਂ, ਜਿਵੇਂ ਜਿਵੇਂ ਜ਼ਮਾਨਾ ਅੱਗੇ ਚਲਿਆ ਤਿਵੇਂ-ਤਿਵੇਂ ਨਾਲ-ਨਾਲ ਪਰਸਿੱਧ ਹੋਈਆਂ । ਸਿੱਖਿਆ ਬਣੀਆਂ ਬੋਲਾਂ ਦੇ ਰੂਪ ਵਿਚ ਬਚਨ ਗਾਏ ਜਾਣ ਲੱਗੇ । ਗ੍ਰੰਥਾਂ ਵਿਚ ਬਚਨ ਸਾਂਭਣ ਦਾ ਕੰਮ ਹਿੰਮਤ ਵਾਲਿਆਂ ਕੀਤਾ । ਪ੍ਰੇਮੀਆਂ ਦੀ ਲਗਨ ਵੱਧੀ, ਪੜ੍ਹਣ ਲੱਗੇ ਲੋਕ ਪਰੇਮ ਜਾਗਿਆ, ਸ਼ਰਧਾ ਹਿਰਦੇ ਵਿਚ ਆਈ ।

—ਗੁਰੂ ਅੰਗਦ ਦੇਵ ਜੀ ਦੇ ਇਹ ਬਚਨ ਸਿੱਖਾਂ ਪਲੇ ਹੀ ਬੰਨ੍ਹ ਲਏ ਸਨ, ਬਹੁਤਾ ਅੰਨ ਖਾਣਾ ਚੰਗਾ ਨਹੀਂ । ਭੁੱਖ ਲੱਗੇ ਤਾਂ ਅੰਨ ਖਾਓ, ਭਰੇ ਉਪਰ ਭਰਨਾ ਨਹੀਂ, ਅੰਨ ਛੱਡਣਾ ਵੀ ਨਹੀਂ । ਪਰ ਸੌਣਾ ਉਦੋਂ ਹੀ ਏ ਜਦੋਂ ਨੀਂਦ ਆਵੇ । ਐਵੇਂ ਖਾਲੀ ਮੂੰਹ ਉੱਤੇ ਰਜਾਈ ਲੈ ਕੇ ਦੜ ਨਹੀਂ ਵਟਣੀ, ਇਹ ਗਫਲਤ ਦੀ ਨਿਸ਼ਾਨੀ ਏ, ਦਲਿੱਦਰ ਵੱਧਦਾ ਏ ।

—ਗੁਰਮੁਖ ਬਣਨ ਲਈ ਗੁਰੂ ਅਰਜਨ ਦੇਵ ਦੇ ਬਚਨ ਕਿੰਨੇ ਲਾਭਵੰਦ ਹਨ । ਧਨ, ਰੂਪ, ਵਸਤੂ, ਭੋਜਨ, ਸ਼ੋਭਾ, ਸਾਹਿਬੀਆਂ, ਖੁਸ਼ੀਆਂ, ਮੁਕਤੀ ਤੇ ਮੋਖ, ਵਡਿਆਈ, ਪਰਮੇਸ਼ਰ ਦੇ ਨਾਮ ਵਿਚ ਸਮਾ ਜਾਂਦੀਆਂ ਹਨ, ਜਿਹੜਾ ਇਹ ਗੱਲਾਂ ਜਾਣ ਜਾਵੇਗਾ ਗੁਰਮੁਖ ਉਹੋ ਹੀ ਹੋ ਸਕਦਾ ਏ ।

ਜਿਨ੍ਹਾਂ ਦਾ ਮਨ ਪਰਮੇਸ਼ਵਰ ਨਾਲ ਲੱਗਾ ਹੈ, ਉਨ੍ਹਾਂ ਦੀ ਸਭ ਇੱਛਾ ਪੂਰੀ ਹੈ ।

—ਰੂਪ ਕੌਰ ਨੇ ਇਹ ਅਨਮੋਲ ਖਜ਼ਾਨੇ ਸੰਭਾਲੇ, ਆਪ ਲਿਖੇ ਜਾਂ ਲਿਖਵਾਏ ।

ਗੁਰੂ ਹਰ ਰਾਇ ਦੇ ਬਚਨ ਅੱਜ ਵੀ ਕੀਰਤਪੁਰ ਦੀਆਂ ਕੰਧਾਂ ਵਿਚੋਂ ਸੁਣੇ ਜਾ ਸਕਦੇ ਹਨ। ਸਤਿਲੁਜ ਦੀਆਂ ਲਹਿਰਾਂ ਵਿਚੋਂ ਅੱਜ ਵੀ ਬਚਨ ਗਾਉਂਦੇ ਸੁਣ ਲਵੋ। ਇਹ ਰੂਪ ਕੌਰ ਦਾ ਹੀ ਇਕ ਯਤਨ ਸੀ।

□

੩੪

ਸੁਹਣਾ ਤੇ ਕੁਸੁਹਣਾ

ਰੰਗ ਤੇ ਸਾਰੇ ਹੀ ਕੁਦਰਤ ਦੇ ਹਨ, ਕੁਦਰਤ ਨੂੰ ਸਾਰੇ ਹੀ ਰੰਗ ਪਿਆਰੇ ਹਨ ਪਰ ਦੁਨੀਆ ਵਾਲਿਆਂ ਦੀਆਂ ਅੱਖਾਂ ਰੰਗਾਂ ਤੇ ਹੀ ਰੀਝਦੀਆਂ ਹਨ। ਸੁਹਣਾ ਹੋਣਾ ਚਾਹੀਦਾ ਏ ਭਾਵੇਂ ਮੂਰਖ ਹੀ ਕਿਉਂ ਨਾ ਹੋਵੇ। ਰੰਗ ਕਾਲਾ ਏ, ਛੱਡੋ ਜੀ। ਕਾਲੇ ਰੰਗ ਦਾ ਏ। ਗੁਣਾਂ ਦੀ ਗੁੱਥਲੀ ਏ, ਵਿਦਵਾਨ ਏ, ਅਕਲਮੰਦ ਏ ਤੇ ਫਿਰ ਰੰਗ ਨੂੰ ਕੀ ਕਰਨਾ। ਰੰਗ ਵਿਚ ਕਿਸੇ ਨੇ ਪਾ ਕੇ ਖਾਣਾ ਏ ਪਰ ਨਹੀਂ, ਦੁਨੀਆਂ ਨੂੰ ਬਾਹਰ ਦਾ ਵਿਖਾਵਾ ਚਾਹੀਦਾ ਏ, ਮੂੰਹ ਚੋਪੜਿਆ ਹੋਵੇ ਭਾਵੇਂ ਅੰਦਰੋਂ ਰੋਗ ਦਾ ਹੀ ਖਾਧਾ ਕਿਉਂ ਨਾ ਹੋਵੇ।

ਰੰਗ ਸ਼ਾਮ ਤੇ ਭਗਵਾਨ ਕ੍ਰਿਸ਼ਨ ਦਾ ਸੀ, ਕੀ ਗੋਪੀਆਂ ਉਹਦੇ ਤੇ ਜਾਨ ਨਹੀਂ ਸਨ ਦੇਂਦੀਆਂ, ਮਜਨੂੰ ਮੂਰਖ ਸੀ ਜਿਹੜਾ ਲੇਲਾ ਦੇ ਮਗਰ ਗਲੀ ਗਲੀ ਫਿਰਿਆ, ਠੇਡੇ ਖਾਧੇ, ਪੱਥਰ ਖਾਧੇ, ਕੁੱਤੇ ਦਾ ਮੂੰਹ ਚੁੰਮਿਆ ਪਰ ਜਦ ਲੋਕਾਂ ਪੁਛਿਆ ਕਿ ਮੂਰਖਾ ਲੇਲਾ ਤਾਂ ਕਾਲੀ ਏ। ਮਜਨੂੰ ਆਖਣ ਲੱਗਾ ਕਿ ਤੁਸਾਂ ਮੇਰੀਆਂ ਅੱਖਾਂ ਨਾਲ ਨਹੀਂ ਵੇਖਿਆ, ਲੇਲਾ ਬਹੁਤ ਸੁੰਦਰ ਏ ਉਹਦੀ ਤੁਲਨਾ ਕਿਸੇ ਹੁਸੀਨ ਨਾਲ ਨਹੀਂ ਕੀਤੀ ਜਾ ਸਕਦੀ, ਉਹਦਾ ਹੋਰ ਜੋੜ ਹੀ ਕੋਈ ਨਹੀਂ।

ਕਈ ਵਾਰ ਮੌਸਮ ਬਦਲਿਆ, ਰੁੱਤ ਨਿਖਰੀ ਤੇ ਕੋਝੇ ਰੰਗ ਵੀ ਦਿਲ ਪਸੰਦ ਬਣ ਜਾਂਦੇ ਹਨ, ਰੰਗ ਕੋਈ ਵੱਡੀ ਗੱਲ ਨਹੀਂ। ਰੰਗ ਰੰਗ ਹੀ ਏ, ਹਰ ਰੰਗ ਖ਼ੂਬਸੂਰਤ ਏ, ਪਸੰਦ ਆਪਣੀ ਆਪਣੀ ਏ।

ਦੀਵਾਨ ਸੱਜਿਆ ਹੋਇਆ ਸੀ, ਸੰਗਤ ਹੁਮ ਹੁਮਾ ਕੇ ਪੁੱਜੀ ਹੋਈ ਸੀ ਕਿਤੇ ਸੂਈ ਡਿੱਗਣ ਦਾ ਖੜਾਕ ਵੀ ਨਹੀਂ ਸੀ ਹੁੰਦਾ, ਬਾਣੀ ਵਿਚ ਮਗਨ ਸੀ ਸੰਗਤ, ਬਾਣੀ ਸੁਣ ਰਹੀ ਸੀ ਸੰਗਤ ਤੇ ਗੁਰੂ ਦੇ ਪਿਆਰੇ।

ਜਿਹੜੀ ਗੱਲ ਕਿਸੇ ਦੀ ਸਮਝ ਵਿਚ ਨਾ ਆਵੇ ਉਹਨੂੰ ਆਮ ਇਜਾਜ਼ਤ ਸੀ ਕਿ ਉਹ ਗੁਰਾਂ ਤੋਂ ਆਪਣੀ ਗੱਲ ਦਾ ਨਿਖੇੜਾ ਕਰਵਾ ਲਵੇ। ਗੁਰੂ ਬੁਰਾ ਨਹੀਂ ਸਨ ਮੰਨਦੇ।

ਇਕ ਸੇਵਕ ਨੇ ਹੱਥ ਜੋੜੇ ਤੇ ਖੜਾ ਹੋ ਕਿ ਅਰਜ਼ ਕਰਨ ਲੱਗਾ ਕਿ ਮਾਹਰਾਜ ਇਕ ਗੱਲ ਸਾਡੀ ਸਮਝ ਵਿਚ ਨਹੀਂ ਆਉਂਦੀ। ਮਾਂ ਕੁਝ ਦੱਸਦੀ ਸੀ ਪਰ ਅੱਜ ਯਾਰ ਕੁਝ ਹੋਰ ਹੀ ਪਟੀ ਪੜ੍ਹਾ ਰਹੇ ਹਨ। ਸੁਹਣਾ ਤੇ ਕਸੁਹਣਾ ਕੀ ਹੋਇਆ?

ਗੁਰਾਂ ਫਰਮਾਇਆ ਭਾਈ ਸਵਾਲ ਤੇ ਬੜਾ ਉਲਝਣਦਾਰ ਏ। ਗੰਢ ਖੋਲ੍ਹਣੀ ਅਸਾਨ

ਏ ਪਰ ਉਹਨੂੰ ਸਮਝਾਉਣਾ ਜ਼ਰਾ ਕੁ ਮੁਸ਼ਕਲ ਏ। ਦੁਨੀਆਂ ਦੇ ਤਰੀਕੇ ਬਦਲ ਗਏ ਹਨ ਦੁਨੀਆ ਦੀਆਂ ਅੱਖਾਂ ਵਿਚ ਹਰਿਆਲੀ ਹੀ ਹਰਿਆਲੀ ਏ, ਉਹਨਾਂ ਹਨੇਰੇ ਵੱਲ ਕਦੇ ਤੱਕਿਆ ਹੀ ਨਹੀਂ।

ਸੁਹਣਾ ਤੇ ਕਸੁਹਣਾ ਇਹ ਰੰਗਾਂ ਦੇ ਨਾਂ ਹਨ ਜੋ ਵਿਸ਼ਨੂ ਰੂਪ ਏ। ਭਾਵੇਂ ਉਹਦੇ ਪਲੇ ਸ਼ੀਤਲਤਾ ਹੈ, ਹਿਰਦੇ ਵਿਚ ਠੰਡਕ ਹੈ, ਸ਼ਾਂਤ ਚਿਤ ਏ "ਸ਼ਿਵ ਅੱਗੇ ਸ਼ਕਤੀ ਹਾਰਿਆ" ਸਬੰਧ ਇਹ ਗੁਰਬਾਣੀ ਕਹਿੰਦੀ ਏ।

ਜਿਹੜਾ ਮਨੁੱਖ ਸਦਾ ਉਤੇਜਤ ਰਹਿੰਦਾ ਏ ਤੇ ਘੁਣਤਰਾਂ ਕੱਢਦਾ ਏ ਤੇ ਸਾਜ਼ਸ਼ਬਾਜ਼ ਏ, ਫਰੇਬੀ ਏ, ਉਹਨੂੰ ਕਸੁਹਣਾ ਆਖਦੇ ਹਨ ਉਹਦਾ ਰੰਗ ਰੂਪ ਭਾਵੇਂ ਸੋਨੇ ਵਰਗਾ ਹੀ ਕਿਉਂ ਨਾ ਹੋਵੇ, ਉਹਦਾ ਅੰਦਰ ਕਾਲਾ ਏ ਉਹ ਕਦੀ ਸੁਹਣਾ ਨਹੀਂ ਬਣ ਸਕਦਾ।

ਸੁਹਣਾ ਜੇ ਕਾਲੇ ਰੰਗ ਦਾ ਵੀ ਏ ਤਾਂ ਵੀ ਸੁਹਣਾ ਏ, ਰੰਗ ਕਸਵੱਟੀ ਨਹੀਂ, ਗੁਣ ਹੀ ਬੰਦੇ ਨੂੰ ਸੁਹਣਾ ਤੇ ਕਸੁਹਣਾ ਬਣਾਉਂਦੇ ਹਨ।

ਨਜ਼ਰਾਂ ਵਿਚ ਰੰਗ ਦਾ ਮੁੱਲ ਏ, ਪਰ ਦਿਲ ਵਾਲੇ ਰੰਗ ਨਹੀਂ ਵੇਖਦੇ।

ਚੰਨ ਚੜ੍ਹਿਆ ਏ ਸਾਰੇ ਆਲਮ ਨੇ ਵੇਖਣਾ ਏ, ਪਰ ਸੂਰਜ ਵੱਲ ਕੋਈ ਵੇਖਣ ਲਈ ਵੀ ਤਿਆਰ ਨਹੀਂ। ਸੂਰਜ ਤੇ ਚੰਨ ਦੋਵੇਂ ਹੀ ਮਹਾਨ ਹਨ ਇਹਨਾਂ ਤੋਂ ਬਗੈਰ ਬੰਦੇ ਦੀ ਜ਼ਿੰਦਗੀ ਕੀ ਏ, ਸਿਰਫ ਹਨੇਰਾ ਹਨੇਰਾ। ਕਾਂ ਬੋਲੇ ਤੇ ਕੋਈ ਸੁਣਦਾ ਨਹੀਂ, ਬਦਸ਼ਗਨੀ ਏ ਪਰ ਕਾਲੇ ਰੰਗ ਦੀ ਕੋਇਲ ਬੋਲੇ ਤੇ ਹਰ ਇਕ ਦੇ ਦਿਲ ਵਿਚ ਮਿਲਣ ਦੀ ਤਰੰਗ ਉਠਦੀ ਏ। ਬੋਲੀ ਜਾਏ ਬੜੀ ਸੁਹਣੀ ਲਗਦੀ ਏ, ਕਿੰਨੀ ਮਿਠਾਸ ਏ, ਕਿੰਨਾ ਸੁਹਜ ਏ, ਕਿੰਨਾ ਦਰਦ ਏ ਸੁਹਣਾ ਤੇ ਕਸੁਹਣਾ ਸਭ ਦਿਲ ਦੀ ਦਸ਼ਾ ਕਰਕੇ ਹੁੰਦੇ ਹਨ, ਗੁਰੂ ਹਰ ਰਾਇ ਜੀ ਨੇ ਇਕ ਤੁੱਕ ਪੜ੍ਹੀ:

ਅਤਿ ਸੁੰਦਰ ਕੁਲੀਨ ਚਤੁਰ, ਮੁਖਿ ਙਿਆਨੀ ਧੰਨਵੰਤ,
ਮਿਰਤਕ ਕਹੀਅਹਿ ਨਾਨਕਾ, ਜਿਹ ਪ੍ਰੀਤਿ ਨਹੀਂ ਭਗਵੰਤ।

ਸੁੰਦਰਤਾ ਇਕ ਸੋਮਾ ਏ, ਵਾਹਿਗੁਰੂ ਨਾਲ ਪ੍ਰੀਤ ਲਾਈ ਰੱਖੋ ਮਨ ਜੋੜੀ ਰੱਖੋ, ਸੁੰਦਰਤਾ ਕਦੀ ਢਲਦੀ ਨਹੀਂ। ਰੰਗ ਫਿੱਕਾ ਨਹੀਂ ਪੈਂਦਾ।

ਬਿਗਾੜ ਰੂਪ ਹੰਕਾਰ ਏ, ਹੰਕਾਰ ਕਰਕੇ ਹੀ ਮੂੰਹ ਵਿਗੜਦਾ ਏ, ਜ਼ਬਾਨ ਵਿਚ ਵਲ ਪੈਂਦੇ ਹਨ, ਮਿਠਾਸ ਜਾਂਦੀ ਰਹਿੰਦੀ ਏ, ਕੁੜੱਤਣ ਆਉਂਦੀ ਏ, ਸੁੰਦਰਤਾ ਆਪਣਾ ਰੂਪ ਬਦਲ ਲੈਂਦੀ ਏ। ਬੰਦਾ ਉਹੋ ਹੀ ਏ ਜਿਹੜਾ ਇਕਸਾਰ ਰਹੇ। ਸੁਹਬਤ ਬੰਦੇ ਨੂੰ ਬਣਾਉਂਦੀ ਏ ਤੇ ਸੁਹਬਤ ਹੀ ਬੰਦੇ ਨੂੰ ਵਿਗਾੜਦੀ ਏ।

ਸੰਗਤ ਵਿਚ ਬੈਠੋ, ਮਨ ਵਿਚ ਵਸਾਓ ਬਾਣੀ, ਮਨ ਵੀ ਸ਼ੁਧ, ਆਤਮਾ ਵੀ ਪਵਿਤਰ ਤੇ ਸਰੀਰ ਵੀ ਅਰੋਗ।

□

੩੫

ਇਹ ਭੀ ਦਾਤ ਤੇਰੀ ਦਾਤਾਰ

ਪਾਪ ਦਾ ਮੂਲ ਲੋਭ ਹੈ, ਮੂਜ਼ੀ, ਲੋਭੀ ਤੇ ਲਾਲਚੀ।

"ਲੋਭੀ ਕਾ ਵੇਸਾਹੁ ਨ ਕੀਜਈ" ਇਹ ਗੁਰਬਾਣੀ ਪੁਕਾਰ ਪੁਕਾਰ ਕੇ ਆਖਦੀ ਏ, ਲੋਭੀ ਦਾ ਮੂਲ ਕੋਹੜ ਏ। ਝੂਠ ਬੋਲ ਬੋਲ ਕੇ ਲੋਭ ਵਲ ਤੁਰਿਆ ਜਾਂਦਾ ਏ ਬੰਦਾ। ਇਕ ਝੂਠ ਬੋਲ ਕੇ ਤੇ ਉਹਨੂੰ ਸੱਚ ਬਣਾਉਣ ਵਾਸਤੇ ਬੰਦੇ ਨੂੰ ਸੌ ਝੂਠ ਹੋਰ ਬੋਲਣੇ ਪੈਂਦੇ ਹਨ ਉਹ ਫਿਰ ਵੀ ਝੂਠ ਦਾ ਝੂਠ ਹੀ ਰਹਿੰਦਾ ਏ, ਸੱਚ ਨਹੀਂ ਹੋ ਸਕਦਾ।

ਸੱਚ ਪਲੇ ਹੋਵੇ ਤਾਂ ਝੂਠ ਪਾਸ ਨਹੀਂ ਖੜਕਦਾ, ਕੋਹੜ ਤਜਿਆ ਤੇ ਲੋਭ ਗਿਆ। ਲੋਭ ਗਿਆ ਤੇ ਪਾਪਾਂ ਦਾ ਨਾਸ ਹੋਇਆ।

ਅਸੀਂ ਗ੍ਰਿਹਸਤੀ, ਅਸੀਂ ਗੁਨਾਹਗਾਰ ਸਾਡਾ ਕੋਈ ਪੱਕਾ ਟੀਚਾ ਨਹੀਂ। ਵਕਤ ਦੇ ਨਾਲ ਸਾਡੇ ਪੈਰ ਖਿਸਕ ਜਾਂਦੇ ਹਨ, ਧਰਮ ਵੀ ਕਰਦੇ ਹਾਂ, ਕਰਮ ਵੀ ਕਰਦੇ ਹਾਂ, ਨੇਮ ਵੀ ਰਖਦੇ ਹਾਂ ਪਰ ਫਿਰ ਵੀ ਪਾਪ ਮੋਢਿਆਂ ਤੇ ਆ ਚੜ੍ਹਦਾ ਏ। ਜਾਣਦਿਆਂ ਬੁਝਦਿਆਂ ਫਿਰ ਵੀ ਪਾਪ ਹੋ ਹੀ ਜਾਂਦਾ ਏ।

ਸੋ ਹੱਥ ਰੱਸਾ ਤੇ ਸਿਰੇ ਤੇ ਗੰਢ, ਗੁਰੂ ਹਰ ਰਾਇ ਨੇ ਫਰਮਾਇਆ, ਲੋਭ ਦਾ ਮੂਲ ਪਾਪ ਏ। ਸੰਗਤ ਵਿਚੋਂ ਹੀ ਇਕ ਸੱਜਣ ਨੇ ਉਠ ਕੇ ਆਖਿਆ। ਮੁਕਤਾ ਕਿਹੜਾ ਏ।

ਮੁਕਤਾ ਉਹ ਹੈ ਜਿਸ ਨੂੰ ਦੁੱਖ-ਸੁੱਖ ਵਿਚ ਪਰਮੇਸ਼ਰ ਚੇਤੇ ਆਵੇ। ਜਿਸ ਦੀ ਕਿਸਮਤ ਵਿਚ ਬਹੁਤ ਸੰਸਾਰੀ ਸੁੱਖ ਉਹਦੇ ਘਰ ਵਿਚ ਹੋਣ ਤੇ ਪਰਮੇਸ਼ਵਰ ਨੂੰ ਵਿਸਰੇ ਨਾ ਉਹ ਮੁਕਤਾ ਏ।

ਦੁੱਖ ਵੇਲੇ ਜੇ ਬੰਦੇ ਦੇ ਮੁੱਖ ਤੋਂ ਇਹ ਗਲ ਵੀ ਨਿਕਲ ਜਾਏ, ਇਹ ਤੇਰੀ ਦਾਤ ਏ ਦਾਤਾਰ ਤਾਂ ਤੇ ਮੁਕਤਾ ਹੋਇਆ, ਜੋ ਹੁਕਮ ਵਿਚ ਵਿਚਰਦਾ ਏ ਉਹ ਸਦਾ ਅਨੰਦ ਵਿਚ ਖੇਡਦਾ ਏ।

"ਪਰਮੇਸ਼ਰ ਤੇ ਭੁਲਿਆਂ ਵਿਆਪਣ ਸਭੇ ਰੋਗ"

ਜਦ ਪਰਮੇਸ਼ਵਰ ਚਿਤ ਵਿਚ ਵਸਦਾ ਹੋਵੇ ਤਾਂ ਫਿਰ ਖੇੜਾ ਹੀ ਖੇੜਾ ਏ, ਵਿਸਰਿਆ ਨਹੀਂ ਤਾਂ ਦੁੱਖ ਅਰੰਭ ਹੋ ਜਾਂਦਾ ਏ। ਸਾਰੀ ਖੁਸ਼ੀ ਨਾਂ ਵਿਚ ਏ।

"ਸਦੀਵ ਗਾਨੀ ਸੁਹਾਵਨੇ, ਰਾਮ ਨਾਮ ਗ੍ਰਿਹ ਮਾਲ।"

ਦੁੱਖ ਤੇ ਸੁੱਖ ਇਹ ਮਕਾਮ ਹਨ ਜਿਹੜੇ ਹਰ ਇਕ ਤੇ ਆਉਂਦੇ ਹਨ ਭਾਵੇਂ ਕੋਈ ਗਰੀਬ ਏ ਤੇ ਭਾਵੇਂ ਕੋਈ ਅਮੀਰ ਏ। ਰਾਜਾ ਹੋਵੇ ਭਾਵੇਂ ਕੋਈ ਰੰਕ ਇਸ ਦਾ ਸਵਾਦ ਦੋਹਾਂ ਨੂੰ ਹੀ ਮਾਨਣਾ ਪੈਂਦਾ ਏ।

ਕੋਈ ਸ਼ਖਸ਼ ਇਹਦੇ ਤੋਂ ਨਹੀਂ ਬਚਿਆ, ਇਹ ਧੁਪ ਤੇ ਛਾਂ ਏ, ਹਰ ਬਨੇਰੇ ਤੇ ਧੁਪ ਵੀ ਆਉਂਦੀ ਏ ਤੇ ਛਾਂ ਵੀ। ਬਨੇਰੇ ਨੂੰ ਕੋਈ ਲੁਕੋ ਕੇ ਨਹੀਂ ਰੱਖ ਸਕਦਾ।

ਸੂਰਜ ਚੜ੍ਹਿਆ ਏ ਤੇ ਬਨੇਰਿਆਂ ਤੇ ਆਪਣਾ ਰੰਗ ਚਾੜ੍ਹਨਾ ਹੀ ਏ, ਫਿਰ ਸੂਰਜ ਨੇ ਢਲਣਾ ਏ ਤੇ ਛਾਂ ਵੀ ਜ਼ਰੂਰੀ ਏ, ਲੋਭ ਦਾ ਮੂਲ ਪਾਪ ਏ, ਦੁੱਖ ਸੁੱਖ ਵਿਚ ਅਨੰਦ ਲੈਣ ਜਿਹੜੇ ਮਨੁਖ ਮਹਾਂ ਤਪਸਵੀ ਹਨ, ਗਿਆਨੀ ਹਨ, ਪਰਮ ਮਨੁੱਖ ਹਨ।

ਜਿਸ ਰਜ਼ਾ ਵਿਚ ਰਹਿਣਾ ਸਿਖ ਲਿਆ. ਉਸ ਜਿੱਤ ਲਈ ਬਾਜ਼ੀ ਇਸ ਦੁਨੀਆਂ ਵਿਚ ਰਹਿ ਕੇ।

□

੩੯

ਧੰਨ ਸਿੱਖੀ

ਹਿੰਦੂਆਂ ਨੇ ਤਾਂ ਗੁਰਾਂ ਦਾ ਸਤਿਕਾਰ ਕਰਨਾ ਹੀ ਸੀ, ਸਿੱਖਾਂ ਦੇ ਤੇ ਗੁਰੂ ਪਰਮੇਸ਼ਵਰ ਰੂਪ ਸਨ ਪਰ ਮੁਸਲਮਾਨ ਵੀ ਤਾਰੀਫ ਕਰਨੋਂ ਨਹੀਂ ਸੀ ਮੁੜਦਾ, ਉਹ ਬੰਦੇ ਜਿਨ੍ਹਾਂ ਸਹੁੰ ਖਾਧੀ ਹੋਈ ਸੀ ਉਹਨਾਂ ਕਦੇ ਵੀ ਸੱਚ ਨਹੀਂ ਸੀ ਬੋਲਿਆ। ਅੱਖੀਂ ਵੇਖ ਕੇ ਵੀ ਝੂਠ ਦੀਆਂ ਪੰਡਾਂ ਬੰਨ੍ਹਦੇ ਹੀ ਜਾਣਾ ਏ, ਮੈਂ ਨਾ ਮਾਨੂੰ, ਨਾ ਮਾਨੂੰ ਮੇਰਾ ਈਮਾਨ ਹੀ ਨਹੀਂ ਕਹਿੰਦਾ ਕਿ ਮੈਂ ਕਦੇ ਸੁਪਨੇ ਵਿਚ ਹੀ ਕਾਫਰ ਦੀ ਸਿਫਤ ਕਰਾਂ, ਮੇਰੀ ਨੌਕਰੀ ਸਿਰਫ ਇਸੇ ਗਲ ਵਿਚ ਹੈ ਕਿ ਅੱਖਾਂ ਖੋਲ੍ਹ ਕੇ ਵੇਖਾਂ। ਉਹ ਗਲ ਮੇਰੇ ਦਿਲ ਨੂੰ ਭਾ ਜਾਵੇ ਪਰ ਲਿਖਣ ਵੇਲੇ ਅੱਖਾਂ ਮੀਟ ਲਵਾਂ ਤੇ ਕੁਫਰ ਤੋਲੀ ਜਾਵਾਂ। ਹਕੂਮਤ ਤੇ ਮੈਨੂੰ ਦਮੜੇ ਦੇਂਦੀ ਏ, ਸਿੱਖਾਂ ਕਿਹੜੀ ਮੇਰੇ ਨਾਂ ਜਗੀਰ ਲਾ ਦੇਣੀ ਏ, ਜਿਹਦਾ ਖਾਈਏ ਉਹਦੇ ਗੁਣ ਗਾਈਏ।

ਝੂਠ ਦੀਆਂ ਪੰਡਾਂ ਜਿੰਨੀਆਂ ਮਰਜ਼ੀ ਬੰਨ੍ਹ ਲਈਏ ਪਰ ਫਿਰ ਵੀ ਕਦੇ ਕਦਾਈਂ ਭੁਲ ਭੁਲੇਖੇ ਸੱਚ ਨਿਕਲ ਹੀ ਜਾਂਦਾ ਏ, ਕੁਦਰਤ ਵੀ ਕੋਈ ਤਾਕਤ ਰੱਖਦੀ ਏ। ਖ਼ੁਦਾ ਦੀ ਵੀ ਕੋਈ ਸ਼ਕਤੀ ਏ। ਝੂਠ ਬੋਲਣ ਲੱਗਿਆਂ ਦਿਲ ਕੰਬਦਾ ਏ। ਪਰ ਸੱਚ ਸੱਤਾਂ ਪਰਦਿਆਂ ਵਿਚੋਂ ਵੀ ਬਾਹਰ ਝਾਕਣ ਲੱਗ ਜਾਂਦਾ ਏ।

ਮੈਂ ਗੱਲ ਕਰਨ ਲੱਗਾ ਹਾਂ ਮੁਹੱਸਨ ਫ਼ਾਨੀ ਦੀ। ਉਹਦੇ ਅੰਦਰ ਵੀ ਸਤਿਕਾਰ ਖੋਲ ਰਿਹਾ ਸੀ, ਮੇਰਾ ਯਕੀਨ ਪੱਕਾ ਹੋ ਗਿਆ ਏ ਕਿ ਸਿੱਖ ਦਾ ਇਹ ਵਿਸ਼ਵਾਸ਼ ਏਨਾ ਪੱਕਾ ਤੇ ਪੱਥਰ ਤੇ ਲਕੀਰ ਏ ਕਿ ਹਰ ਸਿੱਖ ਜਦੋਂ ਮਰਦਾ ਏ ਤਾਂ ਸਿੱਧਾ ਗੁਰੂ ਪੁਰੀ ਵਿਚ ਜਾਂਦਾ ਏ। ਉਹ ਸਵਰਗ ਤੇ ਨਰਕ ਦਾ ਦਰਵਾਜ਼ਾ ਨਹੀਂ ਖੜਕਾਉਂਦਾ। ਸਿੱਖ ਆਖਣ ਲੱਗ ਪਏ ਸਨ ਕਿ ਅਕਾਲ ਚਲਾਣਾ ਕਰ ਗਿਆ ਏ ਗੁਰਮੁਖ ਪਿਆਰਾ।

ਇਕ ਵਾਰ ਦੀ ਗੱਲ ਏ ਕਿ ਗੁਰੂ ਹਰਗੋਬਿੰਦ ਦੇ ਦਰਬਾਰ ਵਿਚ ਇਕ ਹੰਕਾਰੀ ਪੰਡਿਤ ਨਿਤਿਆ ਨੰਦ ਨੇ ਹਿੱਕ ਤੇ ਹੱਥ ਮਾਰ ਕੇ ਆਖਿਆ ਕਿ ਅਸੀਂ ਹਿੰਦੂ ਧਰਮ ਦੇ ਪੁਜਾਰੀ ਹਾਂ ਸਾਨੂੰ ਸਵਰਗ ਪਰਾਪਤ ਹੁੰਦਾ ਏ।

ਜੋ ਪੁਰਸ਼ ਪਾਪੀ ਏ ਜਿਨ੍ਹੇ ਜ਼ਿੰਦਗੀ ਵਿਚ ਕਿਸੇ ਦਾ ਭਲਾ ਨਹੀਂ ਸੋਚਿਆ ਹਮੇਸ਼ਾ ਹੀ ਬੁਰਾ ਸੋਚਿਆ ਏ। ਉਹ ਨਰਕ ਦਾ ਭਾਗੀ ਬਣਦਾ ਏ। ਪਰ ਤੁਸੀਂ ਜਿਹੜੇ ਵੇਦਾਂ ਤੇ ਸ਼ਾਸਤਰਾਂ ਤੋਂ ਮੁਨਕਰ ਹੋ ਤੇ ਦੇਵੀ ਦੇਵਤਿਆਂ ਦੀ ਸ਼ਰਨ ਵਿਚ ਜਾਣੋਂ ਇਨਕਾਰ ਕਰ ਬੈਠੇ ਹੋ, ਸਿੱਖ ਨੂੰ ਤੇ ਪਤਾ ਹੀ ਨਹੀਂ ਕਿ ਜਦ ਪ੍ਰਾਣੀ ਸਵਾਸ ਤਿਆਗ ਦੇਂਦਾ ਏ ਉਹਦੀ ਰੂਹ ਵਿਚ ਭਟਕਣ ਲੱਗ ਪੈਂਦੀ ਏ, ਤੇ ਕੀੜਿਆਂ ਮਕੌੜਿਆਂ ਵਿਚ ਪੈ ਜਾਂਦੀ ਏ।

ਭਾਈ ਨਿਹਾਲਾ ਬੋਲਿਆ, ਮੂਰਖਾ ! ਸਿੱਖ ਉਸ ਰਾਹ ਹੀ ਨਹੀਂ ਜਾਂਦਾ। ਉਹ ਸਿੱਧਾ ਗੁਰਪੁਰੀ ਵਿਚ ਜਾ ਕੇ ਹੀ ਸਾਹ ਲੈਂਦਾ ਏ।

"ਸਤਿਗੁਰੂ ਪੂਰੇ ਸਾਚ ਕਹਿਆ,
ਨਾਮ ਤੇਰੇ ਕੀ ਮੁਕਤੇ ਬੀਥੀ, ਜਮ ਕਾ ਮਾਰਗ ਦੂਰ ਰਹਿਆ"

ਗੁਰੂ ਹਰ ਰਾਇ ਨੇ ਹੁਕਮ ਦੇ ਰੱਖਿਆ ਸੀ ਕਿ ਕੋਈ ਸਿੱਖ ਗੁਜ਼ਰ ਜਾਏ ਕਦੀ ਵੀ ਨਹੀਂ ਕਹਿਣਾ ਕਿ ਉਹਦੀ ਮੌਤ ਹੋ ਗਈ ਏ ਜਾਂ ਜਮਾਂ ਦੇ ਪੱਲੇ ਪਿਆ ਏ ਜਾਂ ਜਮ ਦਵਾਰੇ ਗਿਆ ਏ। ਇਹੋ ਹੀ ਕਹਿਣਾ ਏ ਕਿ ਅਕਾਲ ਚਲਾਣਾ ਕਰ ਗਿਆ ਏ। ਜਾਂ ਅਕਾਲ ਚਲਾਣਾ ਕੀਤਾ ਏ। ਹਰ ਪੰਥ, ਹਰ ਦੁਆਰੇ ਆਖਣਾ, ਜਾਂ ਹਰ ਲੋਕ ਕਹਿਣਾ।

ਇਹ ਗੁੜ੍ਹਤੀ ਦਿੱਤੀ ਸੀ ਗੁਰੂ ਨੇ, ਸਿੱਖਾਂ ਦਾ ਮਨ ਨਿਰਮਲ, ਇਰਾਦਾ ਪੱਕਾ ਤੇ ਯਕੀਨ ਪੁਖ਼ਤਾ ਹੋ ਗਿਆ ਸੀ।

ਮੌਤ ਨੂੰ ਮਰਨਾ ਨਹੀਂ ਸੀ ਕਹਿਣਾ ਸਗੋਂ ਕਹਿਣਾ ਕਿ ਚੜ੍ਹਾਈ ਕਰ ਗਿਆ ਏ। ਮੌਤ ਨੂੰ ਸਿੱਖ ਨੇ ਜਿੱਤ ਲਿਆ ਸੀ ਕਈ ਤੇ ਮੌਤ ਨੂੰ ਟਿੱਚਕਰਾਂ ਕਰਦੇ ਸਨ, ਮੌਤ ਤੇ ਵਿਜੇ ਪਾਉਣੀ ਵੱਡੀ ਗਲ ਏ।

ਦੀਵਾਨ ਵਿਚ ਰੋਜ਼ ਹੀ ਕੋਈ ਨਾ ਕੋਈ ਅਚੰਭੇ ਵਾਲੀ ਗਲ ਹੋ ਹੀ ਜਾਂਦੀ।

ਨਵੀਂ ਇਮਾਰਤ ਬਣ ਰਹੀ ਸੀ ਹਰ ਬੰਦਾ ਕੋਈ ਨਾ ਕੋਈ ਸਲਾਹ ਦੇ ਹੀ ਦੇਂਦਾ। ਧਰਮ ਦਾ ਪੜ੍ਹਲ ਬੱਝ ਗਿਆ ਸੀ। ਇਸ ਲਈ ਉਹ ਲੋਕ ਜਿਹਨਾਂ ਦੂਜਿਆਂ ਧਰਮਾਂ ਤੋਂ ਚੰਗੀਆਂ ਗਲਾਂ ਨੂੰ ਆਖਿਆ ਸੀ ਤੇ ਉਹ ਧਰਮ ਵਿਚ ਰਚੇ ਮਿਚੇ ਸਨ ਉਹਨਾਂ ਜਦ ਸਿੱਖੀ ਨੂੰ ਪਰਵਾਨ ਕੀਤਾ ਤਾਂ ਫਿਰ ਉਹ ਆਪਣੇ ਆਪ ਨੂੰ ਸੱਖਣੇ ਮਹਿਸੂਸ ਕਰਨ ਲੱਗੇ। ਔਕੜਾਂ ਉਹਨਾਂ ਨੂੰ ਆਉਣੀਆਂ ਜ਼ਰੂਰੀ ਸਨ ਜਿਹਨਾਂ ਰਾਹਾਂ ਤੇ ਉਹਨਾਂ ਦੇ ਬਜ਼ੁਰਗ ਚਲਦੇ ਆਏ ਸਨ ਜਦ ਉਹਨਾਂ ਨਵੀਆਂ ਡੰਡੀਆਂ ਕੱਢੀਆਂ ਉਹਨਾਂ ਡੰਡੀਆਂ ਤੇ ਕਿਤੇ ਕਿਤੇ ਜਾ ਕੇ ਵੱਡੇ ਰਸਤੇ ਨਾਲ ਗਲਵੱਕੜੀ ਪਾਉਣੀ ਸੀ ਉਥੇ ਆ ਕੇ ਆਦਮੀ ਥਿੜਕ ਜਾਂਦਾ।

ਅਜੇ ਤੇ ਗੁਰੂਆਂ ਨੇ ਕਈ ਮੋੜ ਮੁੜਨੇ ਸਨ। ਅਨਾੜੀ ਬੰਦਾ ਬੌਂਦਲ ਜਾਂਦਾ ਏ। ਨਵਾਂ ਹੋਇਆ ਮੁਸਲਮਾਨ ਗਲ ਗਲ ਤੇ ਅੜ ਜਾਂਦਾ ਏ ਤੇ ਫਿਰ ਮੌਲਵੀ ਇਕੋ ਹੀ ਗਲ ਆਖ ਕੇ ਮਕੂ ਠੱਪ ਦਿੰਦੇ ਹਨ ਕਿ ਇਸਲਾਮ ਵਿਚ ਜਿਰਹ ਕਰਨੀ ਗੁਨਾਹ ਏ, ਸਿਰਫ ਹੁਕਮ ਮੰਨੋ।

ਜੋ ਪੈਗੰਬਰਾਂ ਨੇ ਰਾਹ ਦੱਸੇ ਹਨ ਸਿਰਫ ਉਸੇ ਤੇ ਹੀ ਚਲਣਾ ਅਸਾਨ ਏ।

ਸਿੱਖ ਧਰਮ ਵੀ ਤਕਰੀਬਨ ਇਸੇ ਰਾਹ ਤੇ ਚਲ ਰਿਹਾ ਸੀ, ਪਰ ਅਜੇ ਇੰਨੀ ਕੁ ਖੁਲ੍ਹ ਦਿੱਤੀ ਗਈ ਸੀ ਕਿ ਤੁਸੀਂ ਆਪਣੇ ਦਿਲ ਦੀ ਗੰਢ ਖੋਲ੍ਹ ਸਕਦੇ ਹੋ ਭਰੇ ਦਰਬਾਰ ਵਿਚ, ਜਿਹੜੀ ਗੱਲ ਨੂੰ ਸੰਗਤ ਨਾ ਸਮਝ ਸਕੇ ਉਹ ਗੁੰਝਲ ਸਤਿਗੁਰ ਆਪ ਖੋਲ੍ਹ ਦੇਂਦੇ।

ਦੀਵਾਨ ਵਿਚ ਇਕ ਬੰਦੇ ਨੇ ਬੇਨਤੀ ਕੀਤੀ ਸਤਿਗੁਰ ਉਹ ਸਿੱਖ, ਸਿੱਖ ਮਰਿਆਦਾ ਦੇ ਉਲਟ ਕਾਰਜ ਕਰਦਾ ਏ, ਸੌ ਵਾਰ ਮੋੜਿਆ ਏ ਪਰ ਉਹ ਏਨਾ ਢੀਠ ਏ ਕਿ ਕਿਸੇ ਦੀ ਗੱਲ ਪਲੇ ਹੀ ਨਹੀਂ ਬੰਨ੍ਹਦਾ। ਗੱਲ ਸੰਗਤ ਵਿਚ ਹੋਈ ਸੀ, ਸਤਿਗੁਰਾਂ ਉਹਦੀ ਤਸੱਲੀ ਲਈ ਕੁਝ ਤੇ ਉਤਰ ਦੇਣਾ ਹੀ ਸੀ, ਹੁਕਮ ਦਿੱਤਾ ਉਸ ਨੂੰ ਸਜ਼ਾ ਦਿਓ।

ਸਜ਼ਾ ਕੌਣ ਦੇਵੇ। ਜਾਂ ਸਤਿਗੁਰ ਹੁਕਮ ਕਰਨ ਤੇ ਬੰਦਾ ਕੋਈ ਅੱਗੇ ਹੋਰ ਵੱਧੇ।

ਹੁਕਮ ਤੋਂ ਬਗੈਰ ਕੌਣ ਅੱਗੇ ਵੱਧੇ, ਕੌਣ ਮੁਸੀਬਤ ਮੁੱਲ ਲਵੇ, ਗੱਲ ਪਈ ਬਲਾ ਤੇ ਝਲਣੀ ਹੋਈ।

ਗੁਰਾਂ ਨੇ ਵੇਖਿਆ ਕਿ ਕਿਹੜਾ ਬੰਦਾ ਅੱਗੇ ਵੱਧਦਾ ਏ ਜਿਹਦੇ ਮੋਢਿਆਂ ਤੇ ਖ਼ੂਨ ਚੜ੍ਹਿਆ ਹੋਵੇ। ਜਿਹੜੇ ਬੜੇ ਉਤਾਵਲੇ ਸਨ ਉਹਨਾਂ ਵਿਚੋਂ ਇਕ ਬੰਦੇ ਨੇ ਹਿੰਮਤ ਕੀਤੀ, ਡਾਂਗ ਚੁਕੀ ਤੇ ਮਾਰਨ ਲਈ ਅੱਗੇ ਵੱਧਿਆ।

ਡਾਂਗ ਮਾਰ ਕੇ ਸਿਰ ਦੋ ਫਾੜ ਕਰ ਦੇਂਦਾ, ਬੜਾ ਜੋਸ਼ ਸੀ ਡਾਂਗ ਉਭਰੀ ਹੋਈ ਸੀ, ਗੁੱਸਾ ਬੜਾ ਚੰਡਾਲ ਹੁੰਦਾ ਏ ਪਰ ਕਈ ਵਾਰ ਮੂਰਖ ਬੰਦੇ ਵੀ ਸੋਚ ਲੈਂਦੇ ਹਨ। ਉਸ ਗੁਰਮੁੱਖ ਸਿੱਖ ਨੇ ਸੋਚਿਆ ਕਿ ਇਸ ਮੇਰਾ ਕੀ ਵਿਗਾੜਿਆ ਏ। ਇਹ ਮਰਿਆਦਾ ਤੋਂ ਉਲਟ ਹੀ ਚਲਿਆ ਏ ਨਾ, ਖ਼ੂਨ ਤੇ ਨਹੀਂ ਨਾ ਕੀਤਾ। ਪਾਪੀ ਵੀ ਨਹੀਂ, ਤੂੰ ਕੌਣ ਹੁੰਦਾ ਏਂ ਸਜ਼ਾ ਦੇਣ ਵਾਲਾ, ਜਦ ਗੁਰਾਂ ਨੇ ਅਜੇ ਤਕ ਹੁਕਮ ਹੀ ਨਹੀਂ ਦਿੱਤਾ।

ਡਾਂਗ ਆਪਣਾ ਕਾਰਾ ਕਰ ਜਾਂਦੀ, ਜਦ ਉਸ ਬੰਦੇ ਨੇ ਗੁਨਾਹਗਾਰ ਦਾ ਚਿਹਰਾ ਵੇਖਿਆ ਤਾਂ ਉਹ ਬਿਲਕੁਲ ਅਣਭੋਲ ਖੜ੍ਹਾ ਸੀ, ਉਹਦੀ ਖਲੜੀ ਵਿਚ ਰਤਾ ਭਰ ਡਰ ਨਹੀਂ ਸੀ ਉਹਦੇ ਪੈਰ ਜਮ ਗਏ। ਡਾਂਗ ਦਾ ਮੁੜ੍ਹਕਾ ਉਤਰ ਗਿਆ, ਡਾਂਗ ਆਪਣੀ ਥਾਂ ਤੇ ਆ ਗਈ।

—ਮਾਹਰਾਜ ਨੇ ਫਰਮਾਇਆ ਕਿਉਂ ਭਈ ਇਸ ਨੂੰ ਸਜ਼ਾ ਦੇਂਦੇ ਕਿਉਂ ਨਹੀਂ ?

ਡਾਂਗ ਵਾਲਾ ਬੰਦਾ ਖਾਮੋਸ਼ ਖੜਾ ਸੀ। ਉਹਦੇ ਪੈਰਾਂ ਵਿਚ ਮੇਖਾਂ ਗੱਡੀਆਂ ਗਈਆਂ ਸਨ। ਬੋਲਿਆ, ਸਤਿਗੁਰ ਅਸੀਂ ਭੁੱਲ ਗਏ। ਸਾਥੋਂ ਭੁੱਲ ਹੋ ਗਈ, ਅਸੀਂ ਕੌਣ ਹਾਂ ਸਜ਼ਾ ਦੇਣ ਵਾਲੇ। ਅਸੀਂ ਤਾਂ ਖਿਣ-ਖਿਣ ਭੁੱਲਣਹਾਰ ਹਾਂ, ਉਸ ਤੇ ਇਕ ਭੁੱਲ ਹੀ ਕੀਤੀ ਏ ਤੇ ਅਸੀਂ ਰੋਜ਼ ਕਿੰਨੀਆਂ ਹੀ ਭੁੱਲਾਂ ਕਰਦੇ ਹਾਂ। ਕਿਸ-ਕਿਸ ਕੋਲੋਂ ਮਾਰ ਖਾਵਾਂਗੇ। ਤੁਸੀਂ ਬਖਸ਼ੋ ਤੁਸੀਂ ਬਖਸ਼ਣ ਹਾਰ ਹੋ, ਨਦਰ ਕਰਕੇ ਸਿੱਧੇ ਰਾਹੇ ਪਾਓ। ਸਜ਼ਾ ਦੇਣ ਨਾਲ ਬੰਦਾ ਸੁਧਰਦਾ ਨਹੀਂ। ਪਿਆਰ ਨਾਲ ਹੀ ਰਾਹ ਤੇ ਆਉਂਦਾ ਏ। ਸਜ਼ਾ ਨਾਲ ਚਿੜ ਹੋ ਜਾਂਦੀ ਏ। ਹਜ਼ੂਰ ਦੇ ਦਰਬਾਰ ਵਿਚ ਆ ਕੇ ਭਟਕਿਆ ਹੋਇਆ ਮੁਸਾਫਰ ਆਪਣੇ ਰਾਹ ਤੇ ਆ ਜਾਂਦਾ ਏ।

ਜਿਹੜਾ ਆਪ ਗੁਨਾਹਗਾਰ ਏ ਉਹ ਕਿਸੇ ਨੂੰ ਕੀ ਸਜ਼ਾ ਦੇ ਸਕਦਾ ਏ।
ਸਤਿਗੁਰ ਨੇ ਫਰਮਾਇਆ ਤੇ ਧੰਨ ਸਿੱਖੀ, ਆਖ ਕੇ ਨਿਵਾਜਿਆ।
ਕੌਮ ਦੀ ਘੜਤ ਇਸ ਤਰ੍ਹਾਂ ਘੜੀ ਜਾ ਰਹੀ ਸੀ। ਸੋਨਾ ਕੁੰਦਨ ਬਣ ਰਿਹਾ ਸੀ।

□

ਇਸ਼ਕ ਨਾ ਪੁੱਛੇ ਜਾਤ

ਕੰਧਾਰ ਤੋਂ ਚਲੀਆਂ ਸੰਗਤਾਂ ਕਿਦਾਂ ਪੁੱਜੀਆਂ ਹੋਣਗੀਆਂ ਪੰਜਾਬ। ਲੰਮਾ ਪੰਧ ਵਿਚ ਪੈਣ ਦਰਿਆ, ਦਰਿਆਵਾਂ ਦੀ ਕੋਈ ਹਾਥ ਨਹੀਂ। ਕਿਸ ਤਰ੍ਹਾਂ ਪਾਰ ਲੰਘੇ ਹੋਣਗੇ ਕਿੰਨੇ ਕਸ਼ਟ ਸਹਿ ਕੇ ਗੁਰਦਰਸ਼ਨ ਪਾਏ ਹੋਣਗੇ ਇਹੋ ਤਪੱਸਿਆ ਤੇ ਇਹੋ ਹੀ ਏ। ਸ਼ਰਧਾ ਇਸੇ ਨੂੰ ਹੀ ਆਖਦੇ ਨੇ ਭਗਤੀ ਇਸ ਦਾ ਹੀ ਨਾਂ ਏ।

—ਏਨੀਆਂ ਵਾਟਾਂ ਵਾਹ ਕੇ ਸਿਰਫ ਸ਼ਰਧਾਵਾਨ ਹੀ ਆ ਸਕਦਾ ਏ। ਗੁਰੂ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਸਨ ਇਸੇ ਲਈ ਕੰਧਾਰ ਦੀ ਸੰਗਤ ਦਾ ਬੜਾ ਸਤਿਕਾਰ ਕੀਤਾ ਜਾਂਦਾ। ਉਹਨਾਂ ਦੇ ਹਰ ਕਿਸਮ ਦੇ ਆਰਾਮ ਦੇ ਪ੍ਰਬੰਧ ਤੇ ਧਨ ਵੀ ਦਿੱਤਾ ਜਾਂਦਾ। ਇਕ ਤੇ ਉਹ ਜ਼ਬਾਨ ਤੋਂ ਕੋਰੇ ਸਨ, ਪੰਜਾਬੀ ਬੋਲਦੇ ਸਨ ਪਰ ਝਿਜਕ ਝਿਜਕ ਕੇ, ਕੁਝ ਪਸ਼ਤੋ ਬੋਲਦੇ ਤੇ ਕੁਝ ਫਾਰਸੀ, ਮਿਲਗੋਭਾ ਜਿਹੀ ਬੋਲੀ ਬੋਲਦੇ ਸਨ ਸਿੱਖ। ਪੰਜਾਬੀ ਘੱਟ ਆਉਂਦੀ ਸੀ। ਬਾਣੀ ਉਹਨਾਂ ਨੂੰ ਹੌਲੀ-ਹੌਲੀ ਧੀਰਜ ਨਾਲ ਸੁਣਾਉਂਦੇ ਤਦ ਕਲੇਜੇ ਠੰਡ ਪੈਂਦੀ। ਜਿਹੜਾ ਗੁਰੂ ਦੀਦਾਰ ਕਰਕੇ ਨਿਹਾਲ ਹੋ ਜਾਏ। ਦੂਰੋਂ ਆਈਆਂ ਸੰਗਤਾਂ ਦੀ ਹਰ ਕੋਈ ਕਦਰ ਕਰਦਾ ਏ। ਕੀਰਤਪੁਰ ਦੀ ਸੰਗਤ ਦਾ ਵੀ ਸਿਰ ਝੁਕਦਾ।

ਗੁਰੂ ਦੇ ਦਰਬਾਰ ਵਿਚ ਆ ਕੇ ਮੱਥਾ ਟੇਕਿਆ, ਹੱਥ ਜੋੜੇ, ਅਰਜ਼ ਕੀਤੀ—
"ਪਾਤਸ਼ਾਹ ਤੁਮ ਵਿਟਹੁ ਕੁਰਬਾਨ"

ਗੁਰੂ ਜੀ ਨੇ ਮੋੜਵਾਂ ਆਖਿਆ ਕਿ ਤੁਸੀਂ ਮੇਰੀਆਂ ਅੱਖਾਂ ਦੇ ਨੂਰ ਹੋ। "ਸਿਖੋ ਹਉ ਵਾਰਿਆ ਤੁਸਾਂ ਵਿਟਹੁ।" ਸੰਗਤ ਅਚੰਭੇ ਵਿਚ ਆਈ। ਮਹਾਰਾਜ ਸਿੱਖਾਂ ਦੀ ਏਨੀ ਵਡਿਆਈ ਕਰਦੇ ਹਨ ਕਿ ਉਹਨਾਂ ਦੀ ਅਸਚਰਜਤਾ ਭਾਂਪ ਕੇ ਗੁਰੂ ਜੀ ਨੇ ਆਖਿਆ ਕਿ ਮੇਰਾ ਐਸੇ ਸਿੱਖਾਂ ਤੇ ਕੁਰਬਾਨ ਹੋਣ ਤੇ ਜੀ ਕਰਦਾ ਏ ਜੋ ਸ਼ਰਧਾ ਕਰਕੇ ਏਨਾ ਲੰਮਾ ਪੰਧ ਮੁਕਾ ਕੇ ਆਪਣੀ ਮੰਜ਼ਲ ਤੇ ਆ ਪੁੱਜੇ ਹਨ ਤੇ ਹੌਂਸਲਾ ਨਹੀਂ ਹਾਰਿਆ। ਰਾਹ ਦੀਆਂ ਔਕੜਾਂ ਦੀ ਰਤੀ ਪ੍ਰਵਾਹ ਨਹੀਂ ਕੀਤੀ, ਲੋਕ ਲਾਜ, ਰੀਤੀ-ਰਿਵਾਜ, ਰਸਮ ਭਰਮ ਨੂੰ ਤਿਲਾਂਜਲੀ ਦੇ ਕੇ ਗੁਰੂ ਦੇ ਬਚਨਾਂ ਤੇ ਯਕੀਨ ਕਰਦੇ ਹਨ ਇਹੋ ਹੀ ਮਹਾਨ ਹਨ। ਲੋਕ ਡਰਾਉਂਦੇ ਤੇ ਧਮਕਾਉਂਦੇ ਹਨ ਪਰ ਇਹ ਅਟੱਲ ਨਿਸ਼ਚੇ ਵਾਲੇ ਡੋਲਦੇ ਨਹੀਂ ਐਸੇ ਸਿੱਖਾਂ ਤੋਂ ਵਾਰੇ ਵਾਰੇ ਜਾਣ ਨੂੰ ਜੀਅ ਕਰਦਾ ਏ, ਇਹ ਮੇਰੀ ਜਿੰਦ-ਜਾਨ ਹਨ, ਗੁਰੂ ਹਰ ਰਾਇ ਨੇ ਫਰਮਾਇਆ।

ਅਸੀਂ ਮਾਝੇ ਤੇ ਮਾਲਵੇ ਵਾਲੇ ਵੀ ਸਤਿਗੁਰੂ ਪੈਂਡਾ ਮਾਰ ਕੇ ਹੀ ਆਉਂਦੇ ਹਾਂ। ਇਹਨਾਂ ਜ਼ਰਾ ਲੰਮਾ ਸਫਰ ਕਰ ਲਿਆ ਹੋਵੇਗਾ। ਸਤਿਗੁਰੂ ਅਸੀਂ ਵੀ ਤੇ ਇਸੇ ਹੀ ਸੰਗਤ ਦੇ ਅੰਗ ਹਾਂ।

ਭੋਲਿਓ ਪਾਤਸ਼ਾਹੋ! ਤੁਸੀਂ ਮੇਰੀ ਸੱਜੀ ਅੱਖ ਤੇ ਇਹ ਖੱਬੀ ਅੱਖ। ਕਦੀ ਇਹ ਖੱਬੀ ਬਣ ਜਾਂਦੀ ਤੇ ਕਦੀ ਸੱਜੀ। ਮੇਰੀਆਂ ਦੋਵੇਂ ਅੱਖਾਂ ਸੰਗਤਾਂ ਹਨ।

ਸੰਗਤ ਗੁਰ ਮਹਿਮਾ ਏ, ਸੰਗਤ ਹੀ ਪਰਤਾਪ ਏ, ਸੰਗਤ ਹੀ ਬਲ ਏ, ਸੰਗਤ ਹੀ ਤਾਕਤ ਏ। ਸੰਗਤ ਤੋਂ ਹੀ ਤੇ ਭੈਅ ਖਾਂਦੀ ਏ ਹਕੂਮਤ। ਵਰਨਾ ਅਸੀਂ ਕਿਹੜੇ ਹਥਿਆਰ ਚੁਕੀ ਫਿਰਦੇ ਹਾਂ। ਇਕ ਸ਼ਾਇਰ ਨੇ ਆਖਿਆ ਏ ਮੈਂ ਉਸ ਦਾ ਆਸ਼ਕ ਹਾਂ ਜੋ ਮੇਰਾ ਆਸ਼ਕ ਏ।

ਗੁਰੂ ਜੀ ਜਿਹਦੇ ਤੇ ਰੀਝ ਪੈਂਦੇ, ਪਿਆਰ ਆ ਜਾਂਦਾ ਭਾਈ ਆਖ ਕੇ ਸਤਿਕਾਰ ਦੇਂਦੇ। ਗੁਰੂ ਘਰ ਵਿਚ ਇਹ ਸਭ ਤੋਂ ਵੱਡੀ ਪੱਦਵੀ ਸੀ।

ਭਾਈ ਭਗਤੂ ਦਾ ਆਪਣੇ ਹੱਥੀਂ ਨਮਸਕਾਰ ਕਰਨਾ ਇਸ ਗੱਲ ਦਾ ਸਬੂਤ ਏ ਕਿ ਇਸ਼ਕ ਦੋਹੀਂ ਪਾਸੀਂ ਹੁੰਦਾ ਏ ।

ਸੰਗਤ ਵਿਚੋਂ ਇਕ ਨੇ ਅਰਜ਼ ਕੀਤੀ ਹਜ਼ੂਰ, ਅਰਦਾਸ ਤੇ ਅਰਾਧਨਾ ਵਿਚ ਕੀ ਫਰਕ ਏ।

ਗੁਰਾਂ ਫਰਮਾਇਆ, ਅਰਦਾਸ ਭਾਵੇਂ ਕੋਈ ਬੋਲ ਕੇ ਕਰੇ ਤੇ ਭਾਵੇਂ ਅੰਦਰੋਂ ਉਠੇ ਪ੍ਰਵਾਨ ਹੁੰਦੀ ਏ । ਪਰ ਜੇ ਅਰਦਾਸ ਹਿਰਦੇ ਵਿਚੋਂ ਹੋਵੇ ਤਾਂ ਸ਼ੁਧ ਹਿਰਦੇ ਨਾਲ਼ ਹੋਵੇ ਤਾਂ ਥਾਈਂ ਪੈਂਦੀ ਏ। ਅਰਾਧਨਾ ਸਿਰਫ ਇਕ ਲਈ ਏ । ਸਭਨਾਂ ਜੀਆਂ ਦਾ ਭਲਾ ਮੰਗੋ, ਸਰਬਤ ਦਾ ਭਲਾ ਗੁਰੂ ਨਾਨਕ ਮੰਗਦੇ ਰਹੇ ।

ਅਰਦਾਸ ਕਰਨੀ, ਅਰਦਾਸ ਸੁਨਣੀ, ਅਰਦਾਸ ਵਿਚ ਮਨ ਜੋੜਨਾ, ਗੁਰੂ ਦੇ ਨਾਲ ਮਿਲਾਪ ਹੁੰਦਾ ਏ । ਨਦੀ ਨਾਲੇ ਸਮੁੰਦਰ ਵਿਚ ਜਾ ਕੇ ਮੁੱਕ ਜਾਂਦੇ ਹਨ ਉਹਨਾਂ ਦਾ ਵਜੂਦ ਵੀ ਨਹੀਂ ਰਹਿੰਦਾ । ਉਹ ਸਮੁੰਦਰ ਵਿਚ ਜਿਹੜਾ ਅਥਾਹ ਡੂੰਘਾ ਏ ਜਿਹਦੀ ਕੋਈ ਹਾਥ ਨਹੀਂ, ਗੁਰੂ ਸਮੁੰਦਰ ਦੇ ਸਾਮਾਨ ਏ ।

ਮੈਂ ਬੜੀ ਸੇਵਾ ਕਰਦਾ ਹਾਂ ਮੇਰੀ ਸਾਰੀ ਹਯਾਤੀ ਸੇਵਾ ਵਿਚ ਗੁਜ਼ਰ ਗਈ ਏ। ਮੈਂ ਲੱਕੜੀਆਂ ਦੀ ਸੇਵਾ ਕੀਤੀ, ਭਾਂਡੇ ਮਾਂਜੇ ਲੰਗਰ ਦੇ, ਪਾਣੀ ਦੀ ਸੇਵਾ ਮੇਰੇ ਜ਼ਿਮੇ ਸੀ ਤੇ ਮੈਂ ਵਾਹਵਾ ਖੱਟੀ ਗੁਰਾਂ ਤੋਂ ।

ਪਰ ਇਕ ਵਾਰ ਗੁਰਾਂ ਫਰਮਾਇਆ ਇਹ ਸੇਵਾ ਹੈ ਸਿਰਫ ਸੇਵਾ, ਇਹਨੂੰ ਮਹਾਨ ਸੇਵਾ ਨਹੀਂ ਆਖੀ ਜਾ ਸਕਦੀ । ਸੇਵਾ ਦੇ ਹੋਰ ਰੂਪ ਵੀ ਹਨ

ਹੱਥੀਂ ਸੇਵਾ ਕਰਨੀ ਇਕ ਮਹਾਨ ਕੰਮ ਹੈ । ਫਿਰ ਫਰਮਾਇਆ ਜਿਹੜੇ ਸੇਵਾ ਇਹ ਸਮਝਦੇ ਹਨ ਕਿ ਆਏ ਗਏ ਨੂੰ ਦੋ ਪਰਸ਼ਾਦੇ ਛਕਾ ਦਿੱਤੇ ਮੈਂ ਬੜੀ ਮਲ ਮਾਰ ਲਈ ਏ, ਮੈਂ ਬੜੀ ਸੇਵਾ ਕੀਤੀ ਏ, ਨਹੀਂ ਸੇਵਾ ਦਾ ਇਕ ਹੋਰ ਅੰਗ ਵੀ ਏ। ਆਏ ਦਾ ਆਦਰ ਭਾਅ ਕਰਨਾ । ਖਿੜੇ ਮੱਥੇ ਬੋਲਣਾ, ਪਰਸ਼ਾਦ ਛਕਾਉਣਾ । ਉਸ ਪਾਸੋਂ ਸ਼ਬਦ ਬਚਨ ਸੁਨਣੇ । ਉਸ ਨੂੰ ਜੋ ਕੁਝ ਵੀ ਤੁਸੀਂ ਜਾਣਦੇ ਹੋ ਸੁਣਾਉਣਾ । ਬਿਸਤਰਾ ਵਿਛਾ ਕੇ ਬੜੇ ਪਿਆਰ ਨਾਲ ਸਵਾਉਣਾ, ਪੈਰ ਘੁਟਣੇ, ਉਹਨੂੰ ਕਪੜਾ ਜ਼ਰੂਰ ਦੇਣਾ । ਆਪ ਭਾਵੇਂ ਔਖਾ ਹੀ ਕਿਉਂ ਨਾ ਹੋਣਾ ਪਵੇ । ਅੰਮ੍ਰਿਤ ਵੇਲੇ ਉਠਾ ਕੇ ਉਹਨੂੰ ਆਪਣੀ ਹੱਥੀਂ ਇਸ਼ਨਾਨ ਕਰਵਾਉਣਾ, ਆਪ ਜੱਪ ਕਰਨਾ ਤੇ ਉਹਨੂੰ ਜੱਪ ਕਰਵਾਉਣਾ, ਉਸ ਪੈਂਡੇ ਪੈਣਾ ਏ ਉਹਨੂੰ ਰਾਹ ਆਪ ਦੱਸਣ ਜਾਣਾ । ਜਿੱਥੋਂ ਤੱਕ ਹੋ ਸਕੇ ਛੱਡ ਕੇ ਵੀ ਆਉਣਾ । ਸੇਵਾ ਹਰ ਤਰ੍ਹਾਂ ਨਾਲ ਕੀਤੀ ਜਾਂਦੀ ਏ । ਸੇਵਾ ਇਕ ਭਗਤੀ ਏ ।

ਬਾਹਰ ਤੋਂ ਆਏ ਮੁਸਾਫਰ ਨੂੰ ਵੇਲੇ ਕੁਵੇਲੇ ਪ੍ਰਸ਼ਾਦ ਪਿਆਰ ਨਾਲ ਛਕਾਉਣਾ ਗੁਰੂ ਦੀ ਖੁਸ਼ੀ ਉਸੇ ਵਿਚ ਹੈ ।

ਸੇਵਾ ਕਰਨ ਵਾਲਿਆਂ ਗੁਰ ਗੱਦੀ ਪਾ ਲਈ, ਆਪ ਵੀ ਤਰ ਗਏ ਤੇ ਜਹਾਨ ਨੂੰ ਵੀ ਤਾਰ ਦਿੱਤਾ।

ਸਿੱਖੀ ਸਿੱਖਣ ਦਾ ਨਾਂ ਏ। ਸਿੱਖਦੇ ਜਾਓ, ਇਹਦਾ ਕੋਈ ਅੰਤ ਨਹੀਂ। ਬੰਦਾ ਸਾਰੀ ਉਮਰ ਸਿੱਖਦਾ ਏ ਪਰ ਕਦੀ ਪੂਰਨ ਕਾਮਲ ਨਹੀਂ ਹੋਇਆ । ਕੱਚੇ ਭਾਂਡੇ ਨੂੰ ਤੁਸੀਂ ਆਵੀ ਚਾੜ੍ਹੀ ਜਾਓ ਫਿਰ ਟਨਕਾਰ ਪੈਦਾ ਹੁੰਦੀ ਏ। ਪਰ ਇਹਦੇ ਵਿਚ ਇਕ ਸ਼ਰਤ ਹੋਰ ਵੀ ਏ ਕਿ ਆਵੀ ਚਾੜ੍ਹਨ ਵਾਲਾ ਬੰਦਾ ਉਸਤਾਦ ਹੋਣਾ ਚਾਹੀਦਾ ਏ । ਰਾਹ ਦੱਸਣ ਵਾਲਾ ਆਪ ਜਾਣੂੰ ਹੋਵੇ ਮੁਸਾਫਰ ਫਿਰ ਆਪਣੀ ਮੰਜ਼ਲ ਤੇ ਪੁੱਜ ਜਾਵੇਗਾਂ, ਭਟਕੇਗਾ ਨਹੀਂ ।

ਅੱਜ ਪਰਸ਼ਾਦੇ ਮਿੱਠੇ ਦਹੀਂ ਮੱਖਣ ਨਾਲ ਖਾਣ ਦੀ ਇੱਛਾ ਏ, ਗੁਰਾਂ ਨੇ ਮਨ ਵਿਚ ਵਿਚਾਰਿਆ।

ਸੰਗਤ ਵਿਚ ਕਈ ਲੋਕ ਏਨੇ ਖੁੱਭ ਗਏ ਸਨ ਕਿ ਸਾਧਨਾ ਨੂੰ ਉਹਨਾਂ ਆਪ ਸਾਧ ਲਿਆ ਸੀ ਇਉਂ ਕਹਿ ਲਵੋ ਕਿ ਉਹ ਅੰਤਰਯਾਮੀ ਹੋ ਗਏ ਸਨ ਰਿੱਧੀਆਂ ਸਿੱਧੀਆਂ ਪਰਾਪਤ ਕਰ ਚੁੱਕੇ ਸਨ ਪਰ ਅਜੇ ਵਰਤਣ ਦੀ ਜਾਚ ਨਹੀਂ ਸੀ ਆਈ। ਸਿਰਫ ਤਪੱਸਿਆ ਭਗਤੀ ਦੇ ਬਲ ਨਾਲ ਹੀ ਬਲਵਾਨ ਹੋ ਚੁੱਕੇ ਸਨ।

ਇਹ ਗੱਲ ਇਕ ਲਾਂਗਰੀ ਦੀ ਏ। ਉਸ ਵਿਚਾਰ ਕੀਤੀ ਅੱਜ ਸਤਿਗੁਰਾਂ ਦਾ ਮਨ ਮਿੱਸੇ ਪਰਸ਼ਾਦੇ ਦਹੀਂ ਮੱਖਣ ਨਾਲ ਖਾਣ ਨੂੰ ਚਿੱਤ ਕਰਦਾ ਏ। ਉਹ ਸਵੇਰੇ ਉਠਿਆ ਮਿੱਸਾ ਆਟਾ ਗੁੰਨ ਲਿਆ, ਦਹੀਂ ਨਾਲ ਭਰੀ ਚਾਟੀ, ਕਟੋਰਾ ਮੱਖਣ ਦਾ ਲਿਆ ਰੱਖਿਆ। ਬਾਕੀ ਸੰਗਤ ਲਈ ਵੀ ਲੰਗਰ ਵਿਚ ਮੱਖਣ-ਦਹੀਂ ਜ਼ਰੂਰਤ ਤੋਂ ਜ਼ਿਆਦਾ ਪੁੱਜ ਚੁੱਕਾ ਸੀ। ਤੇ ਟੋਕਰੇ ਭਰੇ ਮਿੱਸਿਆਂ ਪਰਸ਼ਾਦਿਆਂ ਦੇ ਲਿਆ ਰੱਖੇ।

ਲੰਗਰ ਵਿਚ ਪੰਗਤ ਵਿਚ ਬੈਠੇ ਗੁਰੂ ਆਪ ਜਾ ਕੇ।

ਆਪਣੀ ਵਲੋਂ ਚਾਂਈਂ ਚਾਂਈਂ ਆਖਣ ਲੱਗਾ ਲਾਂਗਰੀ, ਹਜ਼ੂਰ ਦੀ ਅੱਜ ਤਬੀਅਤ ਸੀ ਮਿੱਸੇ ਪਰਸ਼ਾਦੇ ਛੱਕਣ ਦੀ। ਮੈਂ ਹਾਜ਼ਰ ਕਰ ਦਿੱਤੇ ਨੇ। ਖਿਆਲ ਸੀ ਕਿ ਸ਼ਾਬਾਸ਼ ਮਿਲੇਗੀ ਪਰ ਇਹਦੇ ਉਲਟ ਹੋਇਆ। ਕੋਲ ਬਿਠਾ ਲਿਆ ਸਤਿਗੁਰਾਂ ਨੇ, ਫਰਮਾਇਆ ਸਿੱਖ ਹਉਮੈ ਵਿਚ ਆ ਗਿਆ ਏ। ਹੁਕਮ ਤੋਂ ਬਗੈਰ ਮਿੱਸੀਆਂ ਰੋਟੀਆਂ ਕਿਉਂ ਪਕਾਈਆਂ ਨੇ।

ਸਿੱਖ ਹਉਮੈ ਵਿਚ ਬੋਲਿਆ, ਗੁਰੂ ਜੀ ਦਾ ਚਿੱਤ ਸੀ, ਮੇਰੀ ਬਿਰਤੀ ਲੱਗੀ ਹੋਈ ਸੀ ਮੈਂ ਮਹਿਸੂਸ ਕੀਤਾ ਸੀ।

ਤੂੰ ਕੀ ਜਾਣੇ ਗੁਰੂ ਦੇ ਚਿੱਤ ਨੂੰ। ਜ਼ਰਾ ਕੁ ਪਾਰਦਰਸ਼ੀ ਮਿਲੀ ਤੇ ਵਰਤਣ ਲੱਗ ਪਿਆ ਏ। ਲੋਕਾਂ ਨੂੰ ਵਿਖਾਉਣ, ਗਰਬ ਹੀ ਵੱਡੀ ਰੁਕਾਵਟ ਏ। ਹਉਮੈ ਵਿਚ ਬੰਦੇ ਨੂੰ ਨਹੀਂ ਆਉਣਾ ਚਾਹੀਦਾ।

ਸਿੱਖ ਨੂੰ ਸੋਝੀ ਆਈ ਚਰਨਾਂ ਤੇ ਡਿੱਗ ਪਿਆ ਤੇ ਮਹਾਰਾਜ ਨੇ ਫਿਰ ਸਮਝਾ ਕੇ ਆਖਿਆ। ਖੇਤੀ ਨੂੰ ਝੱਖੜ, ਹਨੇਰੀ ਤੇ ਮੀਂਹ ਦਾ ਡਰ ਓਨਾਂ ਚਿਰ ਹੈ ਜਦ ਜੱਟ ਫਸਲ ਕੱਟ ਕੇ ਆਪਣੇ ਘਰ ਨਹੀਂ ਲੈ ਆਉਂਦਾ। ਏਵੇਂ ਹੀ ਨਾਮ ਦਾ ਫਲ ਪੱਕਣ ਤੀਕ ਹੀ ਉਹਨੂੰ ਡਰ ਏ ਮਤਾ ਪੌੜੀ ਤੋਂ ਪੈਰ ਨਾ ਹੀ ਤਿਲਕ ਪਵੇ। ਤੇ ਦੰਦਾਂ ਭਾਰ ਨਾ ਆਣ ਡਿੱਗੇ।

—ਹਜ਼ੂਰ ਮੈਥੋਂ ਭੁੱਲਣਾ ਹੋ ਗਈ, ਬੰਦਾ ਹਾਂ ਭੁੱਲਣਹਾਰ ਹਾਂ, ਬਖਸ਼ ਲਵੋ।

—ਰੱਤੀ ਜਿੰਨੀ ਕਰਾਮਾਤ ਪਾ ਕੇ ਫੁਲਿਆ ਫੁਲਿਆ ਫਿਰਨਾ ਸਿੱਖੀ ਨਹੀਂ, ਸਿੱਖੀ ਬੜੀ ਦੂਰ ਏ। ਜਿਹੜਾ ਨੀਵਿਆਂ ਉਸ ਪਾ ਲਆ। ਧੌਣ ਆਕੜੀ ਨਹੀਂ ਤੇ ਮਣਕਾ ਟੁੱਟਾ ਨਹੀਂ। ਸਤਿਗੁਰੂ ਫਰਮਾ ਰਹੇ ਸਨ।

ਸਤਿਲੁਜ ਵੱਗ ਰਿਹਾ ਸੀ, ਲਹਿਰਾਂ ਵਿਚ ਤੂਫਾਨ ਖਰੂਦ ਕਰਨ ਦੀ ਕੋਸ਼ਿਸ਼ ਕਰਦਾ।

ਸਤਿਗੁਰ ਨੇ ਨਦੀ ਵੱਲ ਵੇਖਿਆ ਤੇ ਹੁਕਮ ਦਿੱਤਾ। ਅਜੇ ਜੇਰਾ ਕਰ ਸਤਿਲੁਜ। ਏਨਾ ਉਤਾਵਲਾ ਨਹੀਂ ਹੋਈਦਾ, ਮੱਧਮ ਸੁਰੀਲੀ ਲੈਅ ਵਿਚ ਵੱਗ। ਬ੍ਰਹਮ ਗਿਆਨੀਆਂ ਵਾਂਗੂੰ। ਤੂੰ ਰਿਸ਼ੀਆਂ ਦਾ ਪੁੱਤਰ ਏਂ, ਦੇਵਤਿਆਂ ਦਾ ਭਰਾ ਏਂ। ਤੈਥੋਂ ਤੇ ਮੇਰੇ ਸਿੱਖਾਂ ਨੇ ਸਲਾਹ ਲੈਣੀ ਏ। ਤੇਰੀਆਂ ਲਹਿਰਾਂ ਵਿਚ ਤੂਫਾਨ ਰੁਕਿਆ ਬੈਠਾ ਏ, ਅਸੀਂ ਜਾਣਦੇ ਹਾਂ। ਸੱਜਣਾ, ਇਨਕਲਾਬ ਖਾਮੋਸ਼ੀ ਦੀ ਗਦ ਵਿਚ ਪਲਦਾ ਏ। ਤੂੰ ਤੇ ਪੈਰਾਂ ਵਿਚ ਘੁੰਗਰੂ ਬੰਨ੍ਹ ਲਏ ਹਨ। ਵੇਖੀਂ ਕਿਤੇ ਕੋਈ ਜ਼ੰਜੀਰਾਂ ਨਾ ਪਾ ਦੇਵੇ। ਬੁੱਕਲ ਵਿਚ ਤੂਫਾਨ ਨੂੰ ਜਨਮ ਦੇਹ, ਲਹਿਰਾਂ ਬੇਕਾਬੂ ਨਹੀਂ ਹੋਣੀਆਂ ਚਾਹੀਦੀਆਂ। ਧੀਰਜ ਵਕਤ ਦੀ ਇੰਤਜ਼ਾਰ, ਵਕਤ ਤੋਂ ਪਹਿਲਾਂ ਬਰਬਾਦੀ, ਕਾਹਲੀ ਅੱਗੇ ਟੋਏ ਸਹਿਜ ਪੱਕੇ ਸੋ ਮੀਠਾ ਹੋਇ। □

੮
ਅਸੁਨਿ

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ।
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ।
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ।
ਵਿਣੁ ਪ੍ਰਭ ਕਿਉ ਸੁਖ ਪਾਈਐ ਦੂਜੀ ਨਾਹੀ ਜਾਇ।
ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ।
ਆਪੁ ਤਿਆਗ ਬਿਨਤੀ ਕਰਹਿ ਲੇਹ ਪ੍ਰਭੂ ਲੜਿ ਲਾਇ।
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨਾ ਜਾਇ।
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ।
ਅਸ ਸੁਖੀ ਵਸੰਦੀਆ ਜਿਨਾ ਮਇਆ ਹਰ ਰਾਇ॥

੩੮

ਵਿਣ ਦਿਤੇ ਕਿਛੁ ਹਾਥ ਨਾ ਆਈ

ਗੁਰੂ ਨਾਨਕ ਦੇ ਜੀ ਦੇ ਉਪਦੇਸ਼ ਨੂੰ ਭਾਈ ਗੁਰਦਾਸ ਨੇ ਆਪਣੇ ਮਨ ਵਿਚ ਵਸਾਇਆ। ਸਾਧਨਾਂ ਤੇ ਬਿਰਤੀ ਲਾਈ ਫਿਰ ਉਸ ਡੂੰਘੇ ਸਮੁੰਦਰ ਵਿਚ ਗੋਤਾ ਮਾਰਿਆ। ਚੁਭੀ ਏਨੀ ਡੂੰਘੀ ਮਾਰੀ ਕਿ ਉਹਦੇ ਵਿਚ ਹੀ ਲੀਨ ਹੋ ਗਏ ਤੇ ਜਦ ਬਾਹਰ ਨਿਕਲੇ ਤਾਂ ਦਿਲ ਰੌਸ਼ਨ ਹੋ ਚੁੱਕਾ ਸੀ। ਆਪਣੀਆਂ ਵਾਰਾਂ ਗਾਉਣ ਲੱਗ ਪਏ।

ਸਿੱਧ ਲੋਕ ਕਿੰਨੇ ਹੀ ਚੇਤੰਨ ਸਨ ਬੜੇ ਪ੍ਰਸਿੱਧ ਸਨ, ਸਾਧਨਾ ਸਾਧੀ ਹੋਈ ਸੀ ਤੇ ਰਹਿੰਦੇ ਸਨ ਅਚੱਲ ਵਟਾਲੇ ਦੀ ਧਰਤੀ ਉੱਤੇ। ਸਤਿਗੁਰੂ ਸੰਗਤ ਵਿਚ ਬਚਨ ਕਰ ਰਹੇ ਸਨ। ਗੁਰਾਂ ਦੀ ਮਹਿਮਾਂ ਨੂੰ ਚਾਰ ਚੰਦ ਲੱਗਦਿਆਂ ਵੇਖ ਕੇ ਸਿੱਧਾਂ ਤੋਂ ਜਰਿਆ ਨਾ ਗਿਆ। ਉਹਨਾਂ ਨੂੰ ਫਿਕਰ ਪਈ ਆਪਣੀ ਰੋਟੀ ਦਾਲ ਦੀ। ਸੰਗਤ ਗੁਰਾਂ ਦੀ ਜੁੜੀ ਬੈਠੀ ਸੀ। ਸਿੱਧਾਂ ਕੋਲੋਂ ਕਿਦਾਂ ਬਰਦਾਸ਼ਤ ਹੁੰਦਾ ਸੀ ਕਿ ਲੋਕ ਗੁਰਾਂ ਦੀ ਮਹਿਮਾ ਗਾਉਣ, ਉਹ ਤੇ ਟਿੱਚ ਸਮਝਦੇ ਸਨ ਗੁਰੂ ਨਾਨਕ ਨੂੰ। ਅਸੀਂ ਜਤੀ, ਸਤੀ, ਤਿਆਗੀ, ਤੇਜਸਵੀ ਕੱਲ ਦਾ ਛੋਕਰਾ ਬਿਨਾ ਭਗਤੀ ਸਾਧਨਾ, ਤਪੱਸਿਆ ਤੋਂ ਬਗੈਰ ਹੀ ਆਪਣੀ ਗੁੱਡੀ ਚਾੜ੍ਹੀ ਜਾ ਰਿਹਾ ਏ। ਖਾਲੀ ਗਾ ਕੇ ਰੱਬ ਨਹੀਂ ਮਿਲ ਸਕਦਾ। ਗਾਉਣਾ ਕੋਈ ਸਾਧਨ ਨਹੀਂ। ਇਹ ਤੇ ਐਵੇਂ ਦੋ ਘੜੀਆਂ ਦਾ ਤਮਾਸ਼ਾ ਏ, ਮਦਾਰੀ ਦੇ ਤਮਾਸ਼ੇ ਵਾਂਗੂ। ਉਹਨਾਂ ਸੰਗਤ ਨੂੰ ਦਬਕਾਇਆ ਡਰਾਇਆ ਤੇ ਕਰਾਮਾਤਾਂ ਵਿਖਾਈਆਂ। ਉਹ ਚਾਹੁੰਦੇ ਸਨ ਕਿ ਅਖਾੜਾ ਉਜੜ ਜਾਵੇ। ਲੋਕ ਘਰੋ ਘਰੀਂ ਚਲੇ ਜਾਣ ਤੇ ਗੁਰੂ ਨਾਨਕ ਦੀ ਹਲਾਂ ਹਲਾਂ ਹੋ ਜਾਵੇ। ਪਰ ਜਿਹਨੂੰ ਰੱਬ ਬਖਸ਼ੇ ਉਹਨੂੰ ਕੌਣ ਜੰਮਿਆ ਏ ਪੈਰਾਂ ਤੋਂ ਉਖਾੜਣ ਵਾਲਾ।

ਇਕ ਜੋਗੀ ਸਿੱਧ ਨੇ ਗੁੱਸਾ ਖਾਧਾ ਤੇ ਆਪਣੀ ਸ਼ਕਤੀ ਨੂੰ ਲਲਕਾਰਿਆ। ਉਸ ਹੀਰਿਆਂ

ਮੋਤੀਆਂ ਤੇ ਮਾਣਕਾਂ ਦਾ ਮੀਂਹ ਵਰ੍ਹਾ ਦਿੱਤਾ । ਉਹਨੂੰ ਇਸ ਗੱਲ ਤੇ ਮਾਣ ਸੀ ਕਿ ਦੁਨੀਆਦਾਰ ਦੌਲਤ ਦੇ ਲੋਭੀ ਹਨ । ਜਦੋਂ ਉਹਨਾਂ ਹੀਰਿਆਂ ਦੀ ਵਰਖਾ ਹੁੰਦੀ ਵੇਖੀ ਤਾਂ ਕੀਰਤਨ ਛੱਡ ਕੇ ਹੀਰੇ ਚੁੱਗਣ ਲੱਗ ਪੈਣਗੇ ਤੇ ਫਿਰ ਆਪਸ ਵਿਚ ਡਾਂਗ ਖੜਕੇਗੀ ਬੱਸ ਫਿਰ ਕੀ ਅੌਲੱਖ ਨਿਰੰਜਨ । ਸਾਡੇ ਧੂਣੇ ਦੀ ਜੈ ਜੈ ਕਾਰ ਹੋ ਜਾਵੇਗੀ ।

ਪਰ ਇਹ ਗੱਲ ਨੇਪਰੇ ਨਾ ਚੜ੍ਹੀ । ਹੀਰਿਆਂ ਦਾ ਮੀਂਹ ਵਰ੍ਹਦਾ ਰਿਹਾ ਤੇ ਸੰਗਤ ਸੰਗੀਤ ਵਿਚ ਲੀਨ ਹੋਈ ਬੈਠੀ ਰਹੀ । ਕਿਸੇ ਨੇ ਹੀਰਿਆਂ ਵੱਲ ਅੱਖ ਭਰ ਕੇ ਵੀ ਨਾ ਵੇਖਿਆ ।

ਇਹ ਇਕ ਅਚੰਭੇ ਵਾਲੀ ਗੱਲ ਸੀ ਕਿ ਹੀਰਿਆਂ ਦਾ ਮੀਂਹ ਪਵੇ ਤੇ ਲੋਕਾਂ ਦੇ ਮੂੰਹ ਵਿਚ ਪਾਨੀ ਨਾ ਆਵੇ । ਸਿੱਧਾਂ ਦੇ ਹੱਥਾਂ ਦੇ ਤੋਤੇ ਉਡ ਗਏ ।

ਸਿੱਧਾਂ ਵਿਚੋਂ ਇਕ ਹੋਰ ਅੱਧੇ ਨੇ ਇਕ ਹੋਰ ਅੱਧ ਕਰਾਮਾਤ ਵੀ ਵਿਖਾਈ ਪਰ ਕਮਾਲ ਦੀ ਗੱਲ ਇਹ ਸੀ ਕਿ ਕੋਈ ਆਪਣੀ ਚੌਂਕੜੀ ਛੱਡ ਕੇ ਨਾ ਹਿਲਿਆ ।

ਸਿੱਧਾਂ ਦੇ ਧੂਣੇ ਦੀ ਲਾਟ ਨੂੰ ਕਾਂਬਾ ਛਿੜਿਆ ।

ਝੱਟ ਚਰਨੀਂ ਆਣ ਲੱਗੇ ਤੇ ਅਰਜ਼ ਕੀਤੀ ਸਤਿਗੁਰੂ ! ਤੁਸਾਂ ਕੀ ਚੁਟਕੀ ਧੂੜ ਦਿੱਤੀ ਏ, ਕੀ ਕਰਾਮਾਤ ਦਾ ਡੰਡਾ ਫੇਰਿਆ ਏ ਸਾਡੀ ਸਮਝ ਤੋਂ ਬਾਹਰ ਏ, ਇਹ ਕੀਲੇ ਸੱਪ ਵਾਂਗੂ ਕਿਸੇ ਪਾਸੇ ਹਿਲਦੇ ਹੀ ਨਹੀਂ । ਨਾ ਫੁੰਕਾਰਾ ਮਾਰਨ ਤੇ ਨਾ ਫੂੰਕਣ ।

ਸਤਿਗੁਰਾਂ ਫਰਮਾਇਆ ਕਿ ਅਸਾਂ ਸੰਗਤ ਨੂੰ ਇਹ ਗੱਲ ਸਮਝਾ ਦਿੱਤੀ ਏ ਕਿ ਸੁੱਖ ਦੇਣ ਵਿਚ ਏ ਲੈਣ ਵਿਚ ਨਹੀਂ । ਖਵਾਉਣ ਵਿਚ ਏ ਤੇ ਆਪਣੀ ਬੁਕਲ ਵਿਚ ਲੁਕੋ ਕੇ ਰੱਖਣ ਵਿਚ ਨਹੀਂ । ਬਾਕੀ ਮੈਂ ਕੋਈ ਜਾਦੂਗਰ ਥੋੜ੍ਹਾ ਹਾਂ ਤੇ ਮੈਂ ਤੇ ਸਿਰਫ ਬਾਣੀ ਗਾ ਰਿਹਾ ਹਾਂ ਹੋਰ ਕੋਈ ਬੰਸਰੀ ਵਜਾ ਕੇ ਗਊਆਂ ਮਗਰ ਲਾ ਲਈਆਂ ਹਨ ? ਗੱਲ ਲੈਅ ਦੀ ਏ, ਸਰੂਰ ਦੀ ਏ, ਅਨੰਦ ਦੀ ਏ, ਨਸ਼ਾ ਏ ਸੰਗੀਤ, ਇਹ ਕਸ਼ਸ਼ ਸਿੱਧੀ ਆਤਮਾ ਨੂੰ ਟੁੰਭਦੀ ਏ । ਬੰਦਾ ਹਿੱਲ ਨਹੀਂ ਸਕਦਾ । ਹਿਰਨ, ਹਾਥੀ, ਭੌਰਾ, ਸੱਪ, ਸਭ ਲੈਅ ਦੇ ਵਿਸ਼ੇ ਵਿਚ ਹੀ ਕੈਦ ਕਬੂਲਦੇ ਹਨ ਤੇ ਜਾਨ ਦੇ ਦੇਂਦੇ ਹਨ, ਸੀ ਨਹੀਂ ਕਰਦੇ ।

ਕੁਝ ਸਿੱਖ ਕੀਰਤਪੁਰ ਤੋਂ ਆ ਰਹੇ ਸਨ ਦਰਸ਼ਨ ਕਰਨ ।

—ਰਾਹ ਵਿਚ ਇਕ ਬੰਦਾ ਮਿਲਿਆ ਤੇ ਆਖਣ ਲੱਗਾ ਸੰਗਤਾਂ ਕਿਧਰ ਜਾ ਰਹੀਆਂ ਹਨ ?

—ਅਸੀਂ ਕੀਰਤਪੁਰ ਜਾ ਰਹੇ ਹਾਂ ਗੁਰ ਦਰਸ਼ਨਾਂ ਨੂੰ ।

—ਮੈਂ ਦੁਖੀ ਹਾਂ ਬਿਰਧ ਹਾਂ, ਤਾਕਤ ਜਵਾਬ ਦੇ ਗਈ ਏ, ਤੁਰਿਆ ਜਾਂਦਾ ਨਹੀਂ ਪਰ ਖਾਹਿਸ਼ ਬੜੀ ਬਲਵਾਨ ਏ । ਪਰ ਮਜਬੂਰੀ ਨੇ ਮੇਰੇ ਪੈਰ ਬੰਨ੍ਹ ਦਿੱਤੇ ਹਨ । ਮੈਂ ਦਰਸ਼ਨ ਕਰਨੇ ਚਾਹੁੰਦਾ ਹਾਂ ਗੁਰਾਂ ਦੇ ।

—ਚਲੋ ਅਸੀਂ ਲੈ ਕੇ ਚਲਦੇ ਹਾਂ । ਤੁਸੀਂ ਮੇਰੇ ਮੋਢਿਆਂ ਤੇ ਬੈਠ ਜਾਓ, ਮੈਂ ਲੈ ਕੇ ਚਲਦਾ ਹਾਂ ।

—ਨਾ ਭਾਈ ਨਾ, ਅੱਗੇ ਪਤਾ ਨਹੀਂ ਕਿਹੜੇ ਕਰਮਾਂ ਦੇ ਮਾਰੇ ਹੋਏ ਹਾਂ ਮੈਂ ਹੋਰ ਕੋਈ ਗੁਨਾਹ ਨਹੀਂ ਕਰਨਾ ਚਾਹੁੰਦਾ ।

—ਮੈਂ ਇਕ ਅਰਜ਼ ਕਰਾਂ ਮੇਰੀ ਫਰਿਆਦ ਸਤਿਗੁਰਾਂ ਤਕ ਪਹੁੰਚਾ ਦੇਣਾ । ਮੈਂ ਏਥੇ ਹੀ ਬੈਠਦਾ ਹਾਂ ਤੇ ਤੁਹਾਡੀ ਓਨਾ ਚਿਰ ਤੱਕ ਇੰਤਜ਼ਾਰ ਕਰਾਂਗਾ ਜਦ ਤੱਕ ਤੁਸੀਂ ਵਾਪਿਸ ਨਹੀਂ ਮੁੜਦੇ, ਸਿਰਫ਼ ਨਜ਼ਰ ਹੋ ਜਾਏ ਬਹੁਤ ਦੁਖੀ ਹਾਂ, ਸੁੱਖ ਮਿਲੇਗਾ ।

ਅੱਗੇ ਚੱਲੇ ਮੁਕੱਦਮ ਮਿਲ ਗਿਆ। ਆਖਣ ਲੱਗਾ ਯਾਰ ਇਕ ਮੇਰੀ ਅਰਦਾਸ ਏ ਮੈਂ ਸਤਿਗੁਰਾਂ ਦੇ ਦਰਸ਼ਨ ਨੂੰ ਜਾਣਾ ਸੀ ਹੁਣੇ ਹੁਣੇ ਸਰਕਾਰੀ ਹਰਕਾਰਾ ਆ ਗਿਆ ਏ ਮੈਥੋਂ ਜਾਇਆ ਨਹੀਂ ਜਾਣਾ। ਤੁਸੀਂ ਜਦ ਪਰਤੋਗੇ ਤੇ ਮੈਂ ਤੁਹਾਨੂੰ ਆਪ ਲੱਭ ਕੇ ਮਿਲ ਲਵਾਂਗਾ। ਮੇਰੀ ਅਰਜ਼ ਕਰ ਦੇਣੀ। ਸਤਿਗੁਰਾਂ ਅੱਗੇ। ਮੈਂ ਬਹੁਤ ਦੁਖੀ ਹਾਂ ਸ਼ਾਂਤੀ ਚਾਹੁੰਦਾ ਹਾਂ।

ਮੁਸਾਫਰ ਅੱਗੇ ਲੰਘ ਗਏ, ਰਾਹ ਵਿਚ ਇਕ ਸੱਪ ਬੈਠਾ ਹੋਇਆ ਸੀ। ਉਸ ਪਹਿਲਾਂ ਫੁੰਕਾਰਾ ਮਾਰਿਆ ਤੇ ਫਨ ਖਲੇਰੀ, ਡਰ ਗਏ ਗੁਰੂ ਦੇ ਸ਼ਰਧਾਲੂ। ਤੇ ਫਿਰ ਸੱਪ ਨੇ ਧੌਣ ਸੁੱਟ ਦਿੱਤੀ। ਆਵਾਜ਼ ਆਈ ਮੈਂ ਬਹੁਤ ਦੁੱਖੀ ਹਾਂ, ਅਮਾਨਤ ਸੰਭਾਲੀ ਬੈਠਾ ਹਾਂ।

ਸਿੱਖ ਬਹੁਤ ਚਿੰਤਾਤੁਰ ਹੋਇਆ ਜਦ ਕੀਰਤਪੁਰ ਪੁੱਜਾ, ਦਰਸ਼ਨ ਕੀਤੇ ਨਿਹਾਲ ਹੋ ਗਿਆ। ਅਗਲੇ ਦਿਨ ਦੀਵਾਨ ਵਿਚ ਹਾਜ਼ਰ ਹੋ ਕੇ ਅਰਜ਼ ਕਰਨ ਲੱਗਾ। ਮੈਂ ਰਾਹੇ ਰਾਹੇ ਆ ਰਿਹਾ ਸਾਂ, ਮੈਨੂੰ ਤਿੰਨ ਬੰਦੇ ਮਿਲੇ। ਜਿਹਨਾਂ ਨੇ ਅਰਜ਼ ਕੀਤੀ ਕਿ ਸਾਡੀ ਫਰਿਆਦ ਸਤਿਗੁਰਾਂ ਤੱਕ ਪਹੁੰਚਾ ਦੇਵੀਂ ਤੇ ਜੋ ਉਹ ਹੁਕਮ ਕਰਨ ਉਹ ਅਸੀਂ ਤੁਹਾਥੋਂ ਪੁੱਛ ਲਵਾਂਗੇ। ਏਥੇ ਆਉਣ ਤੇ ਮਜਬੂਰ ਹਨ।

ਗੁਰਾਂ ਫਰਮਾਇਆ ਸਿੱਖਾ। ਤੂੰ ਬਹੁਤ ਭਾਗਵਾਨ ਏਂ ਜਿਹੜਾ ਦੂਜਿਆਂ ਦਾ ਦੁੱਖ ਆਪਣੇ ਸੀਨੇ ਵਿਚ ਲੁਕਾਈ ਬੈਠਾ ਏਂ। ਏਨੀ ਫੁਰਸਤ ਕਿਥੇ ਹੈ ਲੋਕਾਂ ਨੂੰ, ਪਰ ਧੰਨ ਤੇਰੀ ਸਿੱਖੀ ਤੇ ਤੂੰ ਬਹੁਤ ਵੱਡਾ ਹਮਦਰਦੀ ਤੇ ਬਲਵਾਨ ਸਿੱਖ ਏਂ। ਅੱਛਾ ਲੈ ਫਿਰ ਸੁਣ।

ਜਿਹੜਾ ਬਿਰਧ ਸਭ ਤੋਂ ਪਹਿਲਾਂ ਤੈਨੂੰ ਮਿਲਿਆ ਸੀ ਉਹ ਬਹੁਤ ਵੱਡਾ ਬਲਵਾਨ ਏ। ਉਹਨੂੰ ਆਖੀਂ ਆਪਣੀ ਵਿਦਿਆ ਦਾ ਦਾਨ ਕਰ। ਦੂਜਿਆਂ ਨੂੰ ਪੜ੍ਹਾ। ਜਿਹੜੇ ਗੁਣ ਤੂੰ ਸਾਰੀ ਜ਼ਿੰਦਗੀ ਗਵਾ ਕੇ ਹਾਸਲ ਕੀਤੇ ਹਨ ਲੋਕਾਂ ਦੀ ਝੋਲੀ ਵਿਚ ਪਾ, ਤੈਨੂੰ ਸੁੱਖ ਮਿਲੇਗਾ।

ਤੇ ਫਿਰ ਮੁਕੱਦਮ ਦੀ ਗੱਲ ਦਾ ਜਵਾਬ ਇਹ ਹੈ ਕਿ ਉਹਨੂੰ ਆਖਣਾ ਕਿ ਸਾਰੀ ਜ਼ਿੰਦਗੀ ਲੁੱਟ ਮਾਰ, ਝੂਠ ਫਰੇਬ ਤੇ ਖੋਹਾ ਖੋਹੀ ਵਿਚ ਗੁਜ਼ਾਰ ਦਿੱਤੀ ਊ। ਕੀ ਕਦੀ ਘਰ ਦੀ ਖਬਰ ਵੀ ਲਈ ਊ। ਘਰ ਧੀ ਜਵਾਨ ਏ, ਵਰ ਲੱਭ ਸ਼ਾਦੀ ਕਰ, ਸੁੱਖ ਮਿਲੂ, ਸ਼ਾਂਤੀ ਮਿਲੇਗੀ। ਘਰ ਸੁੱਖੀ ਵਸੂ। ਬਾਹਰੋਂ ਵੀ ਸੁੱਖ ਪਾਏਗਾ।

ਸੱਪ ਕਿਉਂ ਦੁੱਖੀ ਏ ਉਹ ਤੇ ਖਜ਼ਾਨੇ ਦੀ ਰਾਖੀ ਤੇ ਬੈਠਾ ਏ, ਆ ਰਿਹਾ ਏ ਅਮਾਨਤ ਲੈਣ ਵਾਲਾ। ਜਿਹਦੀ ਗਾਗਰ ਏ ਉਹਦਾ ਮਾਲਕ ਲੈ ਲਵੇਗਾ ਤੇ ਸੱਪ ਨੂੰ ਸੁੱਖ ਮਿਲੇਗਾ ਸ਼ਾਂਤੀ ਨਸੀਬ ਹੋਵੇਗੀ।

ਦੇਣ ਵਿਚ ਸੁੱਖ ਏ ਲੈਣ ਵਿਚ ਨਹੀਂ। ਜੱਫੇ ਮਾਰਨੇ ਦੁੱਖ ਦਾ ਕਾਰਨ ਏ।

□

੩੯

ਚੌਥਾ ਪਦ

ਸਾਰਾ ਸਾਲ ਮੁੰਡਾ ਜਮਾਤ ਵਿਚ ਮੌਲਵੀ ਕੋਲ ਪੜ੍ਹਦਾ ਰਹਿੰਦੇ ਪਰ ਜਦੋਂ ਸਾਲ ਮੁੱਕਣ ਵਾਲਾ ਹੁੰਦਾ ਏ ਤਾਂ ਇਮਤਿਹਾਨ ਸਿਰ ਤੇ ਆ ਜਾਂਦੇ ਹਨ ਤੇ ਫਿਰ ਉਹ ਮੁੰਡਾ ਤਰ੍ਹਾਂ ਤਰ੍ਹਾਂ ਦੇ ਸਵਾਲ ਮੌਲਵੀ ਪਾਸੋਂ ਪੁੱਛਦੇ। ਬੜਾ ਡਰ ਹੁੰਦਾ ਏ ਇਮਤਿਹਾਨ ਦਾ। ਜ਼ਿੰਦਗੀ ਵਿਚ ਸਭ ਤੋਂ ਮੁਸ਼ਕਲ ਕੰਮ ਏ ਇਮਤਿਹਾਨ। ਬੰਦੇ ਦੀ ਸਾਰੀ ਜ਼ਿੰਦਗੀ ਹੀ ਇਮਤਿਹਾਨਾਂ ਵਿਚ ਲੰਘ ਜਾਂਦੀ ਏ।

ਇਹੋ ਹੀ ਹਾਲਤ ਸਿੱਖਾਂ ਦੀ ਸੀ। ਅਜੇ ਤੇ ਸਿੱਖਾਂ ਦੀ ਪੜ੍ਹਾਈ ਹੀ ਹੋ ਰਹੀ ਸੀ ਇਮਤਿਹਾਨ ਤੇ ਅਜੇ ਕੋਈ ਹੋਇਆ ਹੀ ਨਹੀਂ ਸੀ। ਗੁਰੂ ਇਮਤਿਹਾਨਾਂ ਵਿਚੋਂ ਲੰਘੇ ਸਨ। ਸੇਵਕਾਂ ਨੇ ਅਜੇ ਇਮਤਿਹਾਨ ਵਿਚ ਪੈਣਾ ਸੀ। ਇਸੇ ਲਈ ਦੀਵਾਨ ਵਿਚ ਸਵਾਲ ਪੁੱਛੇ ਜਾਂਦੇ ਤੇ ਸਤਿਗੁਰ ਜਵਾਬ ਦੇਂਦੇ।

—ਇਕ ਸਿੱਖ ਨੇ ਹੱਥ ਜੋੜੇ, ਬੇਨਤੀ ਕੀਤੀ ਕਿ ਸਤਿਗੁਰ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਚੌਥੇ ਪਦ ਦਾ ਵਾਰ-ਵਾਰ ਜ਼ਿਕਰ ਆਉਂਦਾ ਏ ਕ੍ਰਿਪਾ ਕਰੋ ਤੇ ਦੱਸੋ ਉਹ ਕੀ ਏ ਤੇ ਕਿਵੇਂ ਪਾਇਆ ਜਾ ਸਕਦਾ ਏ।

—ਬਲਿਹਾਰੇ ਮੈਂ ਆਪਣੇ ਸਿੱਖਾਂ ਦੇ। ਇਹੋ ਜਿਹੇ ਸਵਾਲਾਂ ਨਾਲ ਬੁੱਧੀ ਬਲਵਾਨ ਹੁੰਦੀ ਏ। ਸੋਝੀ ਆਉਂਦੀ ਏ ਗਿਆਨ ਵੱਧਦਾ ਏ। ਬਖਸ਼ਸ਼ਾਂ ਦੇ ਦਾਤੇ ਨੇ ਫਰਮਾਇਆ।

ਜੀਵਨ ਸੰਸਾਰੀ ਦੁਨੀਆ ਵਿਚ ਰੁੱਤਾਂ ਬਦਲਦੀਆਂ ਹਨ। ਹਾੜ੍ਹ ਤੇ ਫਿਰ ਸਿਆਲ। ਸਾਵਨ ਰੁੱਤ ਆਈ। ਤਿੰਨਾਂ ਰੁੱਤਾਂ ਦੇ ਸੁਭਾਅ ਵੱਖਰੇ-ਵੱਖਰੇ ਹਨ, ਗਰਮੀ, ਸਰਦੀ ਤੇ ਫਿਰ ਸੁਹਾਵਣੀ ਰੁੱਤ। ਇਸੇ ਤਰ੍ਹਾਂ ਆਤਮਕ ਜਗਤ ਦੀਆਂ ਤਿੰਨ ਰੁੱਤਾਂ ਹਨ। ਤਿੰਨਾਂ ਹਾਲਤਾਂ ਵਿਚ ਆਤਮਾ ਫਿਰਦੀ ਏ। ਹਾੜ੍ਹ ਨੂੰ ਤਮੋ ਗੁਨ ਕਹਿ ਲਵੋ। ਪਿੰਡਾ ਤਪ ਜਾਂਦਾ ਏ, ਕਪੜਾ ਵੀ ਚੁਭਦਾ ਏ, ਮੁੜ੍ਹਕਾ ਵੀ ਚੋਂਦਾ ਏ, ਚਿਪ ਚਿਪ ਕਰਦਾ ਏ ਜਿਸਮ, ਧਿਆਨ ਨਹੀਂ ਲੱਗਦਾ, ਬਿਰਤੀ ਉਖੜੀ ਉਖੜੀ ਰਹਿੰਦੀ ਏ। ਤਿਵੇਂ ਤਮੋ ਗੁਨੀ ਪੁਰਸ਼ ਸੁਭਾਅ ਦੇ ਗੁਣ ਦੇ ਅਧੀਨ ਏ। ਸੁਭਾਅ ਨਾਲ ਖਿਝ-ਖਿਝ ਕੇ ਬੋਲਦਾ ਏ ਤੇ ਟਿੱਕ ਕੇ ਨਹੀਂ ਬੈਠਦਾ ਤੇ ਨਾ ਹੀ ਮਨ ਟਿੱਕਦਾ ਏ, ਭਟਕਣ ਬਣੀ ਰਹਿੰਦੀ ਏ।

ਸਿਆਲ ਨੂੰ ਰਜੋ ਗੁਣ ਜਾਣ ਲਵੋ। ਜਿਵੇਂ ਸਿਆਲ ਵਿਚ ਗੁੱਛਮ ਗੁੱਛਾ ਹੋ ਕੇ ਗਰਮ ਕਪੜਿਆਂ ਵਿਚ ਲਪੇਟਿਆ ਰਹਿੰਦਾ ਏ ਬੰਦਾ, ਕਰਦਾ ਕਰਾਉਂਦਾ ਕੁਝ ਨਹੀਂ। ਅੰਦਰ ਟਿੱਕਿਆਂ ਮਾੜੇ ਚੰਗੇ ਦਾ ਅਸਰ ਨਹੀਂ ਹੁੰਦਾ, ਸਿਰਫ ਆਪਣੇ ਲਈ ਹੀ ਸੋਚਦਾ ਏ। ਰਜੋ ਗੁਣ ਅੰਤਰ ਸੁਭਾਵਾਂ ਦਾ ਮੁੱਖੀ ਏ। ਉਸਨੂੰ ਬਾਹਰੋਂ ਕੁੱਝ ਨਜ਼ਰ ਨਹੀਂ ਆਉਂਦਾ। ਮੁੜ-ਮੁੜ ਉਹ ਆਪਣੇ ਅੰਦਰ ਹੀ ਸੋਚਦਾ ਏ।

ਅੰਨ੍ਹਾ ਵੰਡੇ ਰਿਉੜੀਆਂ ਮੁੜ ਮੁੜ ਘਰਦਿਆਂ ਨੂੰ। ਆਪਣੀ ਹੋਂਦ, ਆਪਣੀ ਗੈਰਤ ਤੇ ਆਪਣਾ ਹੀ ਪਿਆਰ, ਸਿਰਫ ਆਪਣਾ ਆਪ, ਬਾਕੀ ਸਭ ਕੁਝ ਹੇਚ। ਮੈਂ ਹੀ ਮੈਂ। ਇਸ ਤਰ੍ਹਾਂ ਨਾਲ ਗੱਲ ਬਣਦੀ ਨਹੀਂ। ਇਹ ਗੱਲ ਕੁਦਰਤ ਤੇ ਵੀ ਨਿਰਭਰ ਕਰਦੀ ਏ। ਮੌਸਮ ਦਾ ਵੀ ਅਸਰ ਹੁੰਦਾ ਏ। ਹਵਾ ਪਾਣੀ ਤੋਂ ਵੀ ਨਹੀਂ ਬਚਿਆ ਜਾ ਸਕਦਾ। ਬੰਦੇ ਨੂੰ ਅਸਰ ਤੇ ਕਬੂਲਣਾ ਪਊ, ਕੁਦਰਤ ਬੜੀ ਬਲਵਾਨ ਏ।

ਸਤਿਗੁਰਾਂ ਫਰਮਾਇਆਂ ਕਿ ਆਤਮਕ ਜਗਤ ਦੇ ਇਹ ਸੁਭਾਅ ਹਨ। ਹੁਣ ਆਈ ਰੁੱਤ ਸਾਵਣ ਦੀ, ਮੀਂਹ ਮੱਠਾ-ਮੱਠਾ ਤੇ ਕਦੀ ਮੀਂਹ ਮੂਸਲਾਧਾਰ, ਪਰਨਾਲੇ ਰੋੜ੍ਹਵਾਂ ਮੀਂਹ, ਕੋਠੇ ਢਾਹ ਰਿਹਾ, ਲੱਪ ਲੱਪ ਪਾਣੀ ਆ ਗਿਆ, ਗਲੀਆਂ ਵਿਚ ਦਰਿਆ ਵੱਗਣ ਲੱਗ ਪਏ, ਫਸਲਾਂ ਤਬਾਹ ਹੋ ਗਈਆਂ। ਬੰਦਾ ਆਪ ਵੀ ਪਰੇਸ਼ਾਨ ਤੇ ਪਿੰਡ ਵਾਲੇ ਵੀ ਹੌਕੇ ਮਾਰਨ, ਸਾਲ ਕਿਸ ਤਰ੍ਹਾਂ ਲੰਘੂ ਬਿਨਾਂ ਦਾਣਿਆਂ ਤੋਂ। ਜ਼ਰਾ ਕੁ ਮੀਂਹ ਮੱਠਾ ਹੋਇਆ, ਹਵਾ ਚਲੀ ਸੁਹਾਵਣੀ, ਫਿਰ ਰੁੱਤ ਦਾ ਅਨੰਦ ਆਇਆ। ਮੌਸਮ ਖੁਸ਼ਗਵਾਰ ਹੋਇਆ। ਦਿਲ ਖਿੜਿਆ ਗੁਲਾਬ ਦੇ ਫੁੱਲ ਵਾਂਗੂ। ਬਹਾਰਾਂ ਹੀ ਬਹਾਰਾਂ ਵਿਹੜੇ ਆਣ ਵੜੀਆਂ। ਸਾਰੇ ਸਾਲ ਦੀ ਧੁੱਪ ਤੇ ਸਰਦੀ ਭੁੱਲ ਗਈ। ਨਾ ਫਿਰ ਗਰਮੀ ਤੇ ਨਾ ਫਿਰ ਸਰਦੀ। ਬਸੰਤ ਖਿੜੀ ਤੇ ਉਸ ਦਰਵਾਜ਼ਾ ਖਟਖਟਾਇਆ, ਰੂਹ ਖਿੜ ਗਈ। ਐਵੇਂ ਰਤੀ ਕੁ ਜੁੜੀ ਆਤਮਾ, ਫਿਰ ਟੁੱਟੇ ਹੀ ਨਾ।

ਬੰਦਾ ਭੁੱਲ ਜਾਂਦਾ ਏ ਸਭ ਕੁਝ।

ਸੱਤੋ ਗੁਣ ਸਾਵਣ ਰੁੱਤ ਨਿਆਈਂ ਹੈ। ਸਭ ਪਾਸੇ ਹਰਿਆਵਲ, ਉਤਸ਼ਾਹ, ਦਯਾ ਉਪਜਦੀ ਹੈ। ਬੰਦਾ ਪਰਉਪਕਾਰ ਵੀ ਕਰਦਾ ਏ। ਪਰ ਸੱਤੋ ਗੁਣ ਵਾਲੇ ਵਿਚ ਇਹ ਘਾਟ ਨਹੀਂ ਰਹਿੰਦੀ। ਉਸ ਦਾ ਚਿਤ ਕਰਦਾ ਏ ਕਿ ਕੋਈ ਚੰਗਾ ਕਹੇ ਮੈਨੂੰ। ਵਾਹ-ਵਾਹ ਕਰਨ ਵਾਲਾ ਵੀ ਕੋਈ ਹੋਣਾ ਚਾਹੀਦਾ ਏ।

ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਉਚਾ ਪਦ ਜੋ ਦੱਸਿਆ ਗਿਆ ਏ ਉਹ ਹੈ ਚੌਥਾ ਪਦ। ਜਦ ਚੌਥੇ ਪਦ ਦੀ ਪਦਵੀ ਦੀ ਅਵਸਥਾ ਪ੍ਰਾਪਤ ਹੁੰਦੀ ਏ ਤੇ ਫਿਰ ਬੰਦਾ ਭਲੇ ਕਰਮ ਵਾਹ-ਵਾਹ ਲਈ ਨਹੀਂ ਕਰਦਾ, ਧਰਮ ਜਾਣ ਕੇ ਕਰਦਾ ਏ। ਸਿੱਖਾ ਇਸ ਮੁਕਾਮ ਤੇ ਪੁੱਜਣਾ ਏ, ਮੰਜ਼ਲ ਭਾਵੇਂ ਦੂਰ ਏ, ਬੰਦਾ ਹੌਲੀ-ਹੌਲੀ ਤੁਰੇਗਾ ਤੇ ਆਖਰ ਤੇ ਇਕ ਦਿਨ ਅਪੜੇਗਾ ਹੀ।

ਰੁੱਤਾਂ, ਮੌਸਮ, ਅਵਸਥਾ ਤੇ ਉਹਦੇ ਗੁਣ ਬੰਦਾ ਜਾਣੂ ਹੁੰਦਾ ਜਾਂਦਾ ਏ ਹੌਲੀ-ਹੌਲੀ, ਧੀਰੇ-ਧੀਰੇ, ਸਮਾਂ ਪਾ ਕੇ ਜਾਂ ਉਮਰ ਲੰਘਾ ਕੇ। ਟੱਕਰਾਂ ਠੇਡੇ ਖਾ ਕੇ। ਪੱਥਰਾਂ ਤੋਂ ਲੰਘ ਕੇ, ਨਾਲੇ ਟੱਪ ਕੇ। ਕਸ਼ਟ ਸਹਾਰ ਕੇ ਯਾਰ ਦੀ ਕੁਲੀ ਦੇ ਦਰਸ਼ਨ ਕਰਦਾ ਏ।

ਹਰ ਕੋਈ ਯਾਰ ਦੀ ਗਲੀ ਵਿਚੋਂ ਦੀ ਨਹੀਂ ਲੰਘ ਸਕਦਾ। ਜਿਗਰੇ ਵਾਲਾ ਹੀ ਲੰਘੇਗਾ।

ਦਰਿਆ ਵਿਚ ਸਾਰੇ ਡੁਬਦੇ ਹਨ, ਡੁਬਣਾ ਹੀ ਹੋਇਆ, ਜਿਹਦੀ ਹਾਥ ਕੋਈ ਨਹੀਂ। ਪਰ ਡੁੱਬਣ-ਡੁੱਬਣ ਵਿਚ ਫਰਕ ਏ। ਕਈ ਪਾਰ ਵੀ ਲੰਘ ਜਾਂਦੇ ਨੇ।

ਮਾਲਾ ਹਰ ਕੋਈ ਫੇਰ ਲੈਂਦਾ ਏ। ਮਾਲਾ ਲੋਕ ਫੇਰਦੇ ਹੀ ਹਨ, ਪਰ ਮਾਲਾ ਕੋਈ ਵਿਰਲਾ ਹੀ ਫੇਰ ਸਕਦਾ ਏ।

ਯਾਰੀ ਲਾਉਣੀ ਹਰ ਕੋਈ ਜਾਣਦਾ ਏ। ਪਰ ਨਿਭਾਉਣੀ ਬੜੀ ਔਖੀ ਏ।

ਪੱਤਣਾਂ ਤੇ ਹੀ ਜਿਹਨਾਂ ਦੀਆਂ ਬੇੜੀਆਂ ਡੁੱਬ ਜਾਣ ਉਹ ਵਾਪਿਸ ਘਰ ਹੀ ਆਉਣਗੇ। ਭਾਵੇਂ ਉਥੇ ਜ਼ਰਾ ਕੁ ਅੱਟਕ ਹੀ ਜਾਣ, ਪਰਤਣਾ ਤੇ ਫਿਰ ਵੀ ਘਰ ਹੀ ਏ। ਬੇੜੀ ਪੱਤਣਾਂ ਤੇ ਹੀ ਡੁਬੀ ਏ ਨਾ, ਚਾਅ ਮੱਠਾ ਨਹੀਂ ਹੋਇਆ। ਇਸ਼ਕ ਏ, ਕੁਰਬਾਨੀ ਮੰਗਦਾ ਏ। ਲਗਨ ਏ ਤੇ ਇਹੋ ਹੀ ਯਰਾਨਾ ਏ। ਇਸੇ ਨੂੰ ਹੀ ਭਗਤੀ ਆਖਦੇ ਹਨ।

□

੪੦

ਥੰਮ੍ਹੀ

ਜਿਸ ਛੱਤ ਦੇ ਥੱਲੇ ਥੰਮ੍ਹੀ ਨਾ ਹੋਵੇ ਉਹ ਅੱਜ ਵੀ ਡਿੱਗੀ ਤੇ ਕੱਲ ਵੀ ਡਿੱਗੀ, ਉਹਦਾ ਕੋਈ ਭਰੋਸਾ ਨਹੀਂ। ਕਈ ਵਾਰ ਕੌਮਾਂ ਉਸਰਦੀਆਂ ਹਨ ਤੇ ਫਿਰ ਕਈ ਵਾਰ ਨਿਘਰ ਵੀ ਜਾਂਦੀਆਂ ਹਨ ਤੇ ਫਿਰ ਉਦੋਂ ਉਹਨਾਂ ਨੂੰ ਲੋੜ ਪੈਂਦੀ ਏ ਥੰਮ੍ਹੀ ਦੀ। ਥੰਮ੍ਹੀ ਬਹੁਤ ਵੱਡਾ ਹਥਿਆਰ ਏ, ਹਾਰੇ ਹੋਏ, ਦਿਲ ਛੱਡੇ ਹੋਏ ਬੰਦੇ ਦਾ। ਉਹਨੂੰ ਵੀ ਲੋੜ ਪੈਂਦੀ ਏ ਥੰਮ੍ਹੀ ਦੀ ਸਾਰੇ ਪੰਜਾਬ ਵਿਚ ਕੋਈ ਵੀ ਛੱਤ ਥੰਮ੍ਹੀ ਤੋਂ ਬਗੈਰ ਨਹੀਂ ਸੀ ਪੈਂਦੀ। ਭਾਵੇਂ ਉਹ ਰਾਜ ਦੁਆਰਾ ਹੋਵੇ ਤੇ ਭਾਵੇਂ ਧਰਮ ਅਸਥਾਨ। ਸ਼ਾਹੂਕਾਰ ਦਾ ਮਹਿਲ ਹੋਵੇ ਜਾਂ ਮਾੜੀ ਜਿਹੀ ਝੁਗੀ। ਸਿਰਫ ਸ਼ਕਲ ਹੀ ਬਦਲ ਜਾਂਦੀ ਏ ਥੰਮ੍ਹੀ ਦੀ। ਗਰੀਬਾਂ ਨੇ ਲਕੜੀ ਦੀ ਥੰਮ੍ਹੀ ਦੇ ਲਈ ਤੇ ਅਮੀਰ ਨੇ ਚੂਨੇ ਗਚ ਦੀ ਦੀਵਾਰ ਉਸਾਰ ਲਈ। ਪੰਜਾਬ ਵਿਚ ਥੰਮ੍ਹੀ ਦੀ ਬੜੀ ਮਹੱਤਤਾ ਸੀ। ਇਸ ਦੁਨੀਆ ਤੋਂ ਅੱਕੇ ਦਿਲ ਛੱਡੇ ਬਹਾਦਰ ਮੈਦਾਨ ਵਿਚੋਂ ਨਸੇ ਯੋਧੇ ਨੂੰ ਤਸੱਲੀਆਂ ਦਿਓ, ਸ਼ਸਤਰ ਬਣਾਓ ਤੇ ਰੁਪਿਆਂ ਦੀਆਂ ਥੰਮੀਆਂ ਦਿੱਤੀਆਂ ਜਾਂਦੀਆਂ ਤਾਂ ਉਹ ਬੰਦਾ ਫਿਰ ਮੈਦਾਨ ਵਿਚ ਜੂਝਣ ਲਈ ਤਿਆਰ ਹੋ ਜਾਂਦਾ। ਜਦ ਕਿਸੇ ਦੇ ਪੈਰ ਥਿੜਕ ਜਾਣ ਉਹ ਧਰਮ ਦਾ ਅਸਥਾਨ ਹੋਵੇ ਤੇ ਭਾਵੇਂ ਜ਼ਿੰਦਗੀ ਦਾ ਵਿਹੜਾ ਥੰਮ੍ਹੀ ਨਾਲ ਬੰਦਾ ਫਿਰ ਨੌ ਬਰ ਨੌ ਹੋ ਜਾਂਦਾ ਏ।

ਸਾਧ-ਸੰਗਤ ਦੀ ਮਹਿਮਾ ਗੁਰੂ ਘਰ ਵਿਚ ਲੋਹ ਦ ਕਿੱਲ ਵਾਂਗੂੰ ਅਟੱਲ ਏ। ਗੁਰੂ ਸ਼ਬਦ ਬਾਅਦ ਕੋਈ ਥੰਮ੍ਹੀ ਏ ਤੇ ਉਹ ਏ ਸਾਧ ਸੰਗਤ। ਜਿਸ ਬੰਦੇ ਨੇ ਗੁਰੂ ਗ੍ਰੰਥ ਸਾਹਿਬ ਦਾ ਜ਼ਰਾ ਵੀ ਧਿਆਨ ਨਾਲ ਪਾਠ ਕੀਤਾ ਏ ਉਹ ਜਾਣਦਾ ਏ ਕਿ ਸਤਿਗੁਰਾਂ ਨੇ ਜਿਥੇ ਵੀ ਸੰਗਤ ਸ਼ਬਦ ਆਇਆ ਏ। ਉਥੇ ਸਦਾ ਹੀ ਤਿੰਨ ਅੱਖਰਾਂ ਤੋਂ ਪਹਿਲਾਂ ਸਥਾਈ ਆਈ ਏ। ਉਹਦਾ ਅਰਥ ਇਹ ਹੈ ਕਿ ਐਸੇ ਪੁਰਸ਼ਾਂ ਦਾ ਸਾਥ ਮਾਣ ਕੇ ਗੱਦੀ ਪ੍ਰਾਪਤ ਹੁੰਦੀ ਏ ਜਿਹਦਾ ਭਾਵ ਇਹ ਸੀ ਕਿ ਐਸੇ ਪੁਰਸ਼ਾਂ ਦੇ ਗੋਡੇ ਮੁੱਢ ਬੈਠਿਆਂ ਸੁਧਤਾ ਵੀ ਆਉਂਦੀ ਏ ਤੇ ਜੀਵਨ ਹਰਕਤ ਕਰਦਾ ਏ। ਕਦਮ ਆਪੇ ਹੀ ਪ੍ਰਭੂ ਵੱਲ ਉਠਦੇ ਹਨ। ਸੁਰਤ ਵਿਚ ਪਵਿੱਤਰਤਾ ਤੇ ਸ਼ੁਧੀ ਆਉਂਦੀ ਏ। ਉਚਾ ਹੋ ਕੇ ਦਿਲ ਦੇ ਪੀੜੇ ਤੇ ਬੈਠਣ ਦੀ ਜੁਰਅਤ ਕਰਦਾ ਏ। ਪੰਘੂੜਾ ਰਾਂਗਲਾ ਹੋਵੇ ਤੇ ਸਾਧ ਸੰਗਤ ਦਾ ਅਨੰਦ ਮਾਣਿਆ ਹੋਵੇ ਤੇ ਉਹ ਉਚੇ ਸਥਾਨ ਤੇ ਬੈਠੇ ਹੀ ਨਾ, ਇਹ ਕਦੀ ਨਹੀਂ ਹੋ ਸਕਦਾ। ਅਸਥਾਨ ਮਿਲ ਗਿਆ ਤੇ ਫਿਰ ਗਤੀ ਹੋ ਗਈ, ਇਹ ਸਭ ਮਹਿਮਾ ਤੇ ਬਰਕਤ ਸਿਰਫ ਸਾਧ ਸੰਗਤ ਦੀ ਹੀ ਏ।

ਫਿਰ ਸਵਾਲ ਉਠਿਆ ਕਿ ਸਾਧ ਸੰਗਤ ਦੀ ਮਹਿਮਾ ਕੀ ਏ।

ਗੁਰੂ ਹਰ ਰਾਇ ਨੇ ਫਰਮਾਇਆ, ਭਾਈ ਪਰਮੇਸ਼ਰ ਦੇ ਤਿੰਨ ਗੁਰ ਹਨ, ਪਾਰ ਬ੍ਰਹਮ ਦਾ ਸਰੂਪ, ਦੂਜਾ ਸਰੂਪ ਗੁਰੂ, ਜਿਹੜਾ ਸ਼ਬਦ ਵਿਚ ਲੁਕਿਆ ਹੋਇਆ ਏ ਤੇ ਤੀਜਾ ਸਾਧ ਸੰਗਤ।

ਹੱਥ ਜੋੜੇ ਇਕ ਬੰਦੇ ਨੇ ਅਰਜ਼ ਕੀਤੀ, ਇਹ ਤਿੰਨ ਪੌੜੀਆਂ ਹਨ, ਇਹ ਪਹਿਲੇ ਡੰਡੇ ਤੋਂ ਹੀ ਸ਼ੁਰੂ ਹੋ ਜਾਂਦੀਆਂ ਹਨ ਤੇ ਕੁਝ ਡੰਡੇ ਚੜ੍ਹਨ ਤੋਂ ਬਾਅਦ ਪਹਿਲੀ ਅਵਸਥਾ ਆਉਂਦੀ ਏ।

ਸਤਿਗੁਰ ਫਿਰ ਬੋਲੇ, ਪੌੜੀ ਦੇ ਡੰਡੇ ਬਾਈ ਹਨ। ਰੋਜ਼ ਲੋਕ ਪੌੜੀ ਚੜ੍ਹਦੇ ਹਨ।

ਪਰ ਇਹ ਪੌੜੀ ਜਿਦ੍ਹਾ ਅਸੀਂ ਜ਼ਿਕਰ ਕੀਤਾ ਏ ਉਹ ਬਾਂਸ ਦੀ ਪੌੜੀ ਨਹੀਂ, ਸਗੋਂ ਦਿਲ ਦੀ ਗੁਫਾ ਏ। ਇਹਦੇ ਵਿਚ ਪੌੜੀ ਦੇ ਡੰਡੇ ਵੀ ਹਨ ਪਰ ਉਹ ਨਜ਼ਰ ਨਹੀਂ ਆਉਂਦੇ। ਉਹ ਸਿਰਫ ਉਹੋ ਹੀ ਬੰਦਾ ਵੇਖ ਸਕਦਾ ਏ ਜਿਨ੍ਹੇ ਸਾਧ ਸੰਗਤ, ਗੁਰੂ ਬਚਨ ਤੇ ਬਾਣੀ ਦਾ ਅਨੰਦ ਮਾਣਿਆ ਹੋਵੇ ਤੇ ਆਤਮਾ ਨੂੰ ਸ਼ੁਧ ਕਰ ਲਿਆ ਹੋਵੇ। ਇਹ ਅਵਸਥਾ ਉਸ ਬੰਦੇ ਦੀ ਏ ਆਮ ਬੰਦੇ ਦੀ ਨਹੀਂ। ਆਮ ਲੋਕਾਂ ਲਈ ਸੰਗਤ ਹੀ ਪਹਿਲਾ ਸਬਕ ਏ।

—ਸਤਿਗੁਰ ਹੌਲੀ-ਹੌਲੀ ਮੰਜ਼ਲ ਤੇ ਪੁਜਿਆ ਜਾਂਦਾ ਏ, ਅਸਾਂ ਪੌੜੀ ਦੀ ਭਾਲ ਕਰਨੀ ਏ, ਹਾਲਾਂ ਤੱਕ ਡੰਡੇ ਤੇ ਹੱਥ ਹੀ ਨਹੀਂ ਪਿਆ। ਅੱਧੀ ਉਮਰ ਤੇ ਵਿਹਾਈ ਗਈ।

—ਬਾਣੀ ਵਿਚ ਲੀਨ ਹੋ ਜਾਓ। ਜਦ ਮਗਨ ਹੋ ਜਾਓਗੇ, ਸਰੂਰ ਜਿਹਾ ਆਏਗਾ, ਮਾੜਾ ਜਿਹਾ। ਅਨੰਦ ਦੀ ਫੁਹਾਰ ਪੈਣ ਲੱਗ ਜਾਵੇਗੀ। ਤਦ ਉਹ ਮਕਾਮ ਆਪ ਹੀ ਨਜ਼ਰ ਆਉਣ ਲੱਗ ਜਾਏਗਾ। ਬਚਨ ਸੁਣੋ ਗੁਰੂਆਂ ਦੇ। ਬਚਨ ਸੁਣੋ ਸਤਿਗੁਰਾਂ ਦੇ।

—ਜੇ ਪਾਰਬ੍ਰਹਮ ਨਾਲ ਚਿੱਤ ਨਾ ਜੁੜੇ ਤਾਂ ਫਿਰ ਬੰਦਾ ਕੀ ਕਰੇ।

—ਪਹਿਲੀ ਮੰਜ਼ਲ ਹੀ ਪਾਰਬ੍ਰਹਮ ਨਾਲ ਚਿੱਤ ਜੋੜਨ ਦੀ ਏ। ਚਿੱਤ ਨਾ ਜੁੜੇ ਤੇ ਫਿਰ ਪਹਿਲਾ ਕਦਮ ਹੀ ਨਹੀਂ ਚੁਕਿਆ ਤੁਸੀਂ। ਇਹੋ ਹੀ ਤੇ ਪਹਿਲੀ ਪੌੜੀ ਏ ਤੇ ਫਿਰ ਗੁਰੂ ਸ਼ਬਦ ਵਿਚ ਚਿੱਤ ਲਾਇਆ ਜਾਏ, ਬਿਰਤੀ ਜੋੜੀ ਜਾਏ, ਤੇ ਸ਼ਬਦ ਪੜ੍ਹਿਆਂ, ਸੁਣਿਆਂ ਮਨ ਦੌੜਦਾ ਜਾਏ ਤਾਂ ਇਹ ਮਨ ਘੋੜਾ ਬੇਲਗਾਮਾ ਏ। ਤੇ ਫਿਰ ਸਾਧ ਸੰਗਤ ਵਿਚ ਪੁੱਜੋ। ਜੇ ਸੰਗਤ ਵਿਚ ਵੀ ਮਨ ਨਹੀਂ ਟਿਕਿਆ ਤਾਂ ਫਿਰ ਹੋਰ ਕਿਸੇ ਸਾਧਨ ਨਾਲ ਨਹੀਂ ਟਿਕਣਾ ਭਾਵੇਂ ਲੱਖ ਯਤਨ ਕੀਤੇ ਜਾਣ।

ਇਹ ਖਿਡਾਉਣੇ ਥੋੜ੍ਹੇ ਹਨ ਕਿ ਬਾਲ ਇਕ ਖਿਡਾਉਣੇ ਨਾਲ ਨਹੀਂ ਵਰਚਿਆ ਤਾਂ ਦੂਜਾ ਖਿਡਾਉਣਾ ਦੇ ਦਿਓ, ਚੁਪ ਕਰ ਜਾਏਗਾ। ਭਾਈ ਹੁਣ ਤੁਹਾਡੀ ਉਮਰ ਖਿਡਾਉਣਿਆਂ ਨਾਲ ਖੇਡਣ ਦੀ ਨਹੀਂ। ਹੁਣ ਖਿਡਾਉਣੇ ਮਿੱਟੀ ਦੇ ਨਹੀਂ ਤੇ ਨਾ ਹੀ ਲੱਕੜੀ ਦੇ ਹਨ। ਹੁਣ ਖਿਡਾਉਣੇ ਹੱਡ-ਮਾਸ ਦੇ ਹਨ, ਉਹ ਬੋਲਦੇ ਵੀ ਹਨ ਤੇ ਗੱਲਾਂ ਵੀ ਕਰਦੇ ਹਨ। ਡੰਗ ਵੀ ਮਾਰਦੇ ਹਨ ਤੇ ਫਰੇਬ ਵੀ ਦਿੰਦੇ ਹਨ, ਧੋਖਾ ਵੀ। ਮੂੰਹ ਵਿਚੋਂ ਮਿੱਠੀਆਂ ਮਿੱਠੀਆਂ ਗੱਲਾਂ, ਸ਼ਹਿਦ ਚੋਂਦਾ ਏ ਪਰ ਬਗਲ ਵਿਚ ਛੁਰੀ ਏ, ਇਹ ਦੁਨੀਆ ਦੇ ਖਿਡਾਉਣੇ ਹਨ।

ਗੁਰਾਂ ਫਿਰ ਫਰਮਾਇਆ ਇਹ ਬਾਣੀ ਦਾ ਤੱਤ ਏ।

ਗੁਰਾਂ ਫਿਰ ਫਰਮਾਇਆ ਕੋਈ ਕੰਮ ਅੜ ਜਾਏ, ਕੋਈ ਰਾਹ ਨਾ ਲੱਭੇ ਤੇ ਗੁਰੂ ਕੋਲ ਜਾਣ ਦੀ ਲੋੜ ਨਹੀਂ। ਸਿੱਧੇ ਸੰਗਤ ਵਿਚ ਪੁੱਜੋ। ਅਰਜ਼ ਕਰੋ ਗੁਰੂ ਦੀ ਸਾਜੀ ਨਿਵਾਜੀ ਸੰਗਤ ਜੀਓ ਮੈਂ ਬੜਾ ਬਿਪਤਾ ਵਿਚ ਫਸ ਗਿਆ ਹਾਂ, ਮੈਂ ਬੜੇ ਹੱਥ ਪੈਰ ਮਾਰੇ ਹਨ ਮੇਰੀ ਚਤੁਰਾਈ ਕੋਈ ਕੰਮ ਨਹੀਂ ਆਈ। ਮੇਰੇ ਸਾਰੇ ਰਾਹ ਬੰਦ ਹੋ ਚੁੱਕੇ ਹਨ, ਸਿਰਫ ਇਕੋ ਹੀ ਠਾਹਰ ਏ ਉਹ ਤੁਸੀਂ ਹੋ। ਤੁਸੀਂ ਅਰਦਾਸ ਕਰੋ। ਮੇਰੇ ਕਾਰਜ ਰਾਸ ਆ ਜਾਣਗੇ। ਤੁਹਾਥੋਂ ਵੱਡੀ ਅਦਾਲਤ ਹੋਰ ਕੋਈ ਨਹੀਂ। ਇਕ ਚਿੱਤ ਹੋ ਕੇ ਅਰਦਾਸ ਕਰੋ ਕੰਮ ਸਿੱਧ ਹੋ ਜਾਊ। ਮੈਂ ਤੁਹਾਨੂੰ ਛੱਡ ਕੇ ਹੋਰ ਕਿਹਦਾ ਲੜ ਫੜਾਂ।

ਇਕ ਗੱਲ ਹੋਰ ਜੇ ਕਿਤੇ ਪ੍ਰਭੂ ਨਾਲ ਕਰੋਪੀ ਹੋਵੇ ਤਾਂ ਨਾ ਗੁਰੂ ਹੀ ਬਚਾਵੇ, ਤੇ ਜੇ ਗੁਰੂ ਰੁਸੇ ਤਾਂ ਸੰਗਤ ਮਨਾਵੇ। ਜੇ ਕਦੇ ਸੰਗਤ ਮਾਰੇ ਤਾਂ ਕਦੇ ਛੁਟੇ ਨਾਹੀ। ਸੰਗਤ ਦੀ ਮਾਰ ਸਭ ਤੋਂ ਬੁਰੀ ਏ। ਸੰਗਤ ਦਾ ਧਿਰਕਾਰਿਆ ਕਿਸੇ ਥਾਂ ਜੋਗਾ ਨਹੀਂ।

ਗੁਰੂ ਦੇ ਪਿਆਰੇ ਸੱਤਾ ਤੇ ਬਲਵੰਡ ਜਦ ਗੁਰੂ ਨਾਲ ਰੁੱਸ ਕੇ ਚਲੇ ਗਏ ਤੇ ਰੋਟੀ ਤੋਂ ਵੀ ਆਤੁਰ ਹੋ ਗਏ। ਹੁਣ ਵਿਚ ਕੌਣ ਪਵੇ, ਸਿੱਧੇ ਜਾ ਨਹੀਂ ਸਕਦੇ। ਇਕ ਵਿਉਂਤ ਸੁਝੀ, ਲੱਧਾ ਪਰਉਪਕਾਰੀ ਦੀ। ਸੰਗਤ ਵਿਚ ਆ ਕੇ ਹੱਥ ਜੋੜੇ। ਸੰਗਤ ਨੇ ਗੁਰੂ ਦੇ ਦਰ ਖੋਲ੍ਹੇ।

ਸਤਿਗੁਰੂ ਨੇ ਹੋਰ ਕਿਰਪਾ ਕੀਤੀ। ਸਾਧ ਸੰਗਤ ਵਿਚ ਨੀਂਦ ਵੀ ਆ ਜਾਂਦੀ ਏ। ਅੱਖਾਂ ਮੀਚਣ ਲੱਗ ਪੈਂਦਾ ਏ ਬੰਦਾ। ਸਰੂਰ ਏ ਇਕ ਨਸ਼ਾ ਏ, ਸਾਧ ਸੰਗਤ ਦਾ। ਅੱਖਾਂ ਬੰਦ ਹੋਈਆਂ ਤੇ ਦਿਲ ਦੀਆਂ ਅੱਖਾਂ ਖੁਲ੍ਹ ਜਾਂਦੀਆਂ ਹਨ, ਮਨ ਜਾਗ ਉਠਦਾ ਏ।

ਇਕ ਹੋਰ ਕੁੰਡੀ ਏ, ਹੋਰ ਖੁਲ੍ਹੀ, ਦਰਵਾਜ਼ਾ ਖੁਲ੍ਹਾ। ਮਨ ਜਾਗਣ ਦੀ ਇਹ ਨਿਸ਼ਾਨੀ ਏ। ਬਾਣੀ ਮਿੱਠੀ ਲੱਗਣ ਲੱਗ ਜਾਂਦੀ ਏ। ਜਿਵੇਂ ਮੱਛੀ ਪਾਣੀ ਨੂੰ ਛੱਡਣਾ ਨਹੀਂ ਚਾਹੁੰਦੀ, ਤਾਰਿਆਂ ਦੀ ਲੋਅ ਬਣੀ ਰਹਿੰਦੀ ਏ, ਕਿਸ ਤਰ੍ਹਾਂ ਮਨ ਸਰੂਰ ਵਿਚ ਤਾਰੀਆਂ ਲਾਉਂਦਾ ਰਹਿੰਦਾ ਏ। ਮਨ ਚੰਚਲ ਏ। ਬਾਲ ਏ। ਜਿਹੜਾ ਹਰ ਇਕ ਚੀਜ਼ ਨੂੰ ਵੇਖ ਕੇ ਖਹਿੜੇ ਪੈ ਜਾਂਦਾ ਏ ਜ਼ਿੱਦ ਕਰਦਾ ਏ। ਇਸ ਅਵਸਥਾ ਵਿਚ ਉਹ ਪੌੜੀ ਤੇ ਹੱਥ ਪਾ ਲੈਂਦਾ ਏ, ਬੱਸ ਉਹਦੀ ਮੰਜ਼ਲ ਸ਼ੁਰੂ ਹੋ ਗਈ।

ਮਨਿ ਜਾਗੇ ਕੀ ਇਹੀ ਨਿਸ਼ਾਨੀ, ਪ੍ਰਿਯ ਲਗਹਿ ਉਰ ਸਤਿਗੁਰ ਬਾਨੀ।
ਧੰਨ ਸਿੱਖ ਜਿਨ ਕੇ ਉਹ ਭਾਈ, ਸਮ ਸਲਿਤਾ ਮਨ ਮੀਨ ਬਨਾਈ ॥

□

੪੧

ਪਰਚੀਆਂ ਸੇਵਾ ਰਾਮ

ਜਿਸ ਘਰ ਵਿਚੋਂ ਜਵਾਨ ਪੁੱਤ ਮਰ ਜਾਏ ਤਾਂ ਫਿਰ ਘਰ ਦਾ ਬੂਹਾ ਦੂਜੇ ਪਾਸੇ ਲੱਗ ਜਾਂਦਾ ਏ। ਗੁਰੂ ਦਾ ਬੜਾ ਭਗਤ ਸੀ। ਗੁਰੂ ਦੀ ਰਜ਼ਾ ਵਿਚ ਰਹਿੰਦਾ। ਪਰ ਕੁਦਰਤ ਨੇ ਜਿਹੀ ਮਾਰ ਮਾਰੀ, ਜਵਾਨ ਪੁੱਤ ਨੇ ਇਕ ਸਾਹ ਵੀ ਨਾ ਲਿਆ। ਮੌਤ ਦੀ ਗੋਦ ਵਿਚ ਜਾ ਸੁੱਤਾ। ਹੁਣ ਕੀ ਕਰੇ ਘਰਵਾਲੀ। ਘਰ ਦੀ ਗ੍ਰਹਿਸਥੀ, ਪੁੱਤ ਨੇ ਸੰਭਾਲੀ ਹੋਈ ਸੀ, ਘਰ ਦਾ ਅੰਨ ਦਾਤਾ ਸੀ। ਪੁੱਤ ਹੀ ਕਮਾ ਕੇ ਲਿਆਉਂਦਾ ਸੀ ਤੇ ਘਰ ਵਿਚ ਚੁਲ੍ਹਾ ਗਰਮ ਹੁੰਦਾ ਸੀ। ਉਹਨੂੰ ਰੱਬ ਨੇ ਚੁੱਕ ਲਿਆ। ਬੁੱਢੇ ਪਿਓ ਦੇ ਤਾਂ ਅੱਗੇ ਹੀ ਗੋਡੇ ਜੁੜੇ ਹੋਏ ਸਨ ਤੇ ਹੁਣ ਤਾਂ ਬਿਲਕੁਲ ਹੀ ਗੋਡੇ ਜਵਾਬ ਦੇ ਗਏ ਸਨ, ਤੁਰਨ ਤੋਂ ਆਤੁਰ ਸੀ, ਮਜਬੂਰੀ ਨੇ ਉਹਦੇ ਰਾਹ ਬੰਦ ਕਰ ਦਿੱਤੇ ਸਨ। ਅੱਖਾਂ ਅੱਗੇ ਹਨੇਰਾ ਛਾ ਗਿਆ ਸੀ। ਸਾਰੀ ਦੁਨੀਆ ਹਨੇਰੀ ਹਨੇਰੀ ਜਾਪਦੀ ਸੀ, ਕੋਈ ਸਹਾਰਾ ਨਹੀਂ ਸੀ ਲੱਭਦਾ, ਪਰ ਮਨ ਵਿਚ ਗੁਰੂ ਦੀ ਸ਼ਰਧਾ ਬਾਕੀ ਸੀ।

ਦੀਵਾਨ ਵਿਚ ਚਲਾ ਗਿਆ, ਹੱਥ ਜੋੜੇ, ਅਰਜ਼ ਕੀਤੀ—

ਹਜ਼ੂਰ ਜਵਾਨ ਮੁੰਡਾ ਸੀ, ਰੱਬ ਨੂੰ ਪਿਆਰਾ ਹੋ ਗਿਆ ਏ। ਮੇਰੀ ਉਮਰ ਜਵਾਬ ਦੇ ਚੁੱਕੀ ਏ, ਗੋਡਿਆਂ ਤੋਂ ਉਠਿਆ ਨਹੀਂ ਜਾਂਦਾ। ਦੋ ਅੰਵਾਣੇ ਬੱਚੇ ਹਨ, ਇਕ ਕੰਨਿਆ ਏ, ਇਕ

ਉਹਨਾਂ ਦੀ ਮਾਂ ਏ, ਜੇ ਕਿਤੇ ਮੈਨੂੰ ਕੁਝ ਹੋ ਗਿਆ ਤਾਂ ਫਿਰ ਉਹ ਭੁੱਖੇ ਮਰ ਜਾਣਗੇ। ਅੰਞਾਣਾ ਸਾਥ ਏ ਤੇ ਮੈਂ ਤਾਂ ਕੁਝ ਦਿਨਾਂ ਦਾ ਪ੍ਰਾਹੁਣਾ ਹੀ ਹਾਂ।

ਸਤਿਗੁਰਾਂ ਸੋਚਿਆ ਕਿ ਇਹ ਤਾਂ ਢੇਰੀਆਂ ਢਾਹ ਬੈਠਾ ਏ ਪਰ ਅਜੇ ਇਹਦੀ ਮੰਜ਼ਲ ਦੂਰ ਏ। ਫਰਮਾਇਆ ਫਿਕਰ ਨਾ ਕਰ ਸਿੱਖਾ, ਦਾਤਾ ਭਲੀ ਕਰੇਗਾ। ਜਿੰਨ ਪੈਦਾ ਕੀਤਾ ਏ ਉਹ ਰਿਜ਼ਕ ਵੀ ਦੇਵੇਗਾ। ਜਦੋਂ ਦੰਦ ਨਹੀਂ ਸਨ ਉਦੋਂ ਉਸ ਦੁੱਧ ਦਿੱਤਾ। ਜਦੋਂ ਦੰਦ ਦਿੱਤੇ ਫਿਰ ਅੰਨ ਦਿੱਤਾ। ਇਹਦੀ ਫਿਕਰ ਉਸ ਪਰਮੇਸ਼ਰ ਨੂੰ ਏ। ਤੇਰਾ ਕੰਮ ਏ ਉਦਮ ਕਰਨਾ। ਜਿੰਨਾ ਹੋ ਸਕੇ ਮਿਹਨਤ ਕਰ। ਬਰਕਤ ਤਾਂ ਉਹ ਪਰਮੇਸ਼ਰ ਆਪ ਪਾਵੇਗਾ।

ਸਿੱਖ ਢੇਰੀਆਂ ਢਾਹ ਕੇ ਬੈਠਾ ਹੋਇਆ ਸੀ। ਨਾ ਉਮੀਦ ਹੋਏ ਨੂੰ ਕੋਈ ਆਸਰਾ ਨਹੀਂ ਸੀ ਲੱਭਦਾ। ਭਾਵੇਂ ਕਿੰਨੀਆਂ ਤਸੱਲੀਆਂ ਦੀਆਂ ਥੰਮੀਆਂ ਵਿਚ ਸਿਰ ਮਾਰਦਾ ਫਿਰੇ ਢੋਈ ਕਿੱਥੋਂ ਮਿਲੇ।

—ਜਵਾਨ ਬਣ, ਕੀ ਹੋਇਆ ਏ? ਅਜੇ ਤੇਰੀ ਉਮਰ ਹੀ ਕੀ ਏ, ਉਠ ਹਿੰਮਤ ਕਰ। "ਉਦਮ ਅੱਗੇ ਲੱਛਮੀ ਤੇ ਪੱਖੇ ਪੱਗੇ ਪੌਣ।"

—ਸਤਿਗੁਰ ਗੋਡੇ ਜਵਾਬ ਦੇ ਚੁੱਕੇ ਹਨ ਸੱਤਿਆ ਬਿਲਕੁਲ ਨਹੀਂ ਰਹੀ।

—ਗਲਤ ਏ। ਹੌਸਲਾ ਹਾਰਿਆ ਹੋਇਆ ਬੰਦਾ ਜਿਊਂ ਨਹੀਂ ਸਕਦਾ, ਗੋਡੇ ਆਪੇ ਹੀ ਚੱਲ ਪੈਣਗੇ। ਖੂਨ ਜੰਮ ਗਿਆ ਏ। ਮਾੜਾ ਜਿਹਾ ਗਰਮ ਹੋਇਆ ਤੇ ਸਾਰੇ ਕਸ਼ਟ ਜਾਂਦੇ ਰਹਿਣਗੇ।

—ਸਤਿਗੁਰ ਇਹਨਾਂ ਬੱਚਿਆਂ ਦਾ ਕੀ ਬਣੂ।

—ਤੂੰ ਕੋਈ ਠੇਕਾ ਲਿਆ ਹੋਇਆ ਏ। ਇਹਨਾਂ ਦੀ ਕਿਸਮਤ ਇਹਨਾਂ ਦੇ ਨਾਲ ਏ। ਕਿੰਨੀ ਦੌਲਤ ਚਾਹੀਦੀ ਏ, ਗੁਰਾਂ ਫਰਮਾਇਆ।

—ਹਾਂ ਕੁੱਝ ਮਾਇਆ ਮਿਲ ਜਾਏ ਤਾਂ ਕਾਰੋਬਾਰ ਕਰ ਲਵਾਂਗਾ ਤਾਂ ਜੋ ਜ਼ਿੰਦਗੀ ਹਮਵਾਰ ਹੋ ਜਾਏਗੀ।

—ਗੁਰਾਂ ਸਮਝਿਆ, ਇਹਦਾ ਗੁਰੂ ਤੋਂ ਵਿਸ਼ਵਾਸ ਉਠ ਗਿਆ ਏ। ਥੋੜ੍ਹੀ ਜਿਹੀ ਰਕਮ ਨਾਲ ਢਿੱਡ ਭਰਨਾ ਨਹੀਂ। ਤੇ ਇਹ ਨਾਸਤਕ ਬਣ ਜਾਏਗਾ, ਇਹਨੂੰ ਸਿੱਧੇ ਰਸਤੇ ਪਾਇਆ ਜਾਏ। ਲੈ ਭਈ ਸੱਜਣਾ ਇਹ ਰੁੱਕਾ ਈ। ਕਾਬਲ ਚਲਿਆ ਜਾਹ, ਪਰ ਸ਼ਰਤ ਈ ਇਹ ਰੁਕਾ ਉਥੇ ਜਾ ਕੇ ਹੀ ਖੋਲ੍ਹਣਾ ਏ। ਜਿਦਾਂ ਕਾਬਲ ਵਾਲੇ ਕਹਿਣ, ਉਸੇ ਤਰ੍ਹਾਂ ਹੀ ਕਰਨਾ ਈ, ਹੁਕਮ ਅਦੂਲੀ ਨਹੀਂ ਕਰਨੀ। ਤੂੰ ਬੱਚਿਆਂ ਦੀ ਚਿੰਤਾ ਛੱਡ, ਉਹਨਾਂ ਦਾ ਰੱਬ ਮਾਲਕ ਏ ਤੂੰ ਆਪਣੇ ਕਾਰੇ ਲੱਗ।

ਰੁੱਕਾ ਲਿਆ ਤੇ ਤੁਰ ਪਿਆ ਕਾਬਲ ਵੱਲ ਮੂੰਹ ਕਰਕੇ। ਘੋੜਾ ਮਿਲ ਗਿਆ ਸੀ ਤੇ ਰਾਹ ਦੀ ਖਰਚੀ ਵੀ। ਘਰਵਾਲੀ ਨੂੰ ਆਖ ਗਿਆ ਸੀ ਕਿ ਤੈਨੂੰ ਮੈਂ ਗੁਰੂ ਦੇ ਆਸਰੇ ਛੱਡ ਕੇ ਜਾ ਰਿਹਾ ਹਾਂ, ਜਦ ਆਟਾ ਨਾ ਹੋਵੇ ਤੇ ਭੁੱਖੇ ਰਹਿਣ ਦੀ ਨੌਬਤ ਆ ਜਾਏ ਤਾਂ ਸਤਿਗੁਰੂ ਦੇ ਦਵਾਰੇ ਚਲੀ ਜਾਈਂ। ਅੱਛਾ ਸਤਿਗੁਰੂ ਰਾਖਾ, ਮੈਂ ਚਲਿਆ ਹਾਂ।

ਜਦ ਚਿੱਠੀ ਖੋਲ੍ਹੀ ਕਾਬਲ ਦੀ ਸੰਗਤ ਨੇ, ਤੇ ਗੁਰਾਂ ਨੇ ਲਿਖਿਆ ਹੋਇਆ ਸੀ ਕਿ ਇਹਨੂੰ ਘੱਟ ਤੋਂ ਘੱਟ ਛੇ ਮਹੀਨੇ ਆਪਣੇ ਪਾਸ ਰੱਖਣਾ ਏ, ਸਾਡੇ ਵੱਲ ਆਉਣ ਨਹੀਂ ਦੇਣਾ,

ਸੇਵਾ ਖੂਬ ਕਰਨੀ, ਖਾਣ ਲਈ ਚੰਗੇ ਪਦਾਰਥ ਦੇਣੇ ਹਨ, ਇਹ ਘਰ ਨੂੰ ਆਉਣਾ ਹੀ ਭੁੱਲ ਜਾਏ। ਘਰ ਦੀ ਚਿੰਤਾ ਹੀ ਨਾ ਰਹੇ।

ਬੱਸ ਫਿਰ ਕੀ, ਕਾਬਲ ਕੀ ਪੁੱਜਾ, ਸੰਗਤ ਅੱਗੇ ਪਿੱਛੇ ਭੌਣ ਲੱਗ ਪਈ। ਕੋਈ ਦੁੱਧ ਲੈ ਆਇਆ, ਕੋਈ ਮਲਾਈ, ਕਿਸੇ ਨੇ ਰਬੜੀ ਦੀ ਕੌਲੀ ਲੈ ਆਂਦੀ, ਕਿਸੇ ਨੇ ਥਾਲੀ ਖੰਡ ਚੌਲਾਂ ਦੀ ਤੇ ਕੋਈ ਪਰਾਉਂਠੇ ਲਈ ਆ ਰਿਹਾ ਏ। ਕਿਸੇ ਦੇ ਹੱਥ ਵਿਚ ਸੁੱਕੇ ਮੇਵੇ ਹਨ। ਬਦਾਮ, ਕਿਸ਼ਮਿਸ਼, ਛੁਹਾਰੇ, ਅਖਰੋਟ, ਕਮਾਲ ਏ ਸੰਗਤ ਨੇ ਉਹਨੂੰ ਹੋਸ਼ ਹੀ ਨਾ ਆਉਣ ਦਿੱਤੀ, ਜਾਂ ਸਾਰਾ ਦਿਨ ਘੁਰਾੜੇ ਮਾਰਦਾ, ਰਾਤੀਂ ਏਨੀ ਘੂਕੀ ਆਉਂਦੀ, ਰਾਤ ਕਦ ਬੀਤ ਜਾਂਦੀ, ਪਤਾ ਹੀ ਨਾ ਲੱਗਦਾ।

ਘਰੋਂ ਉਚੇਚੀ ਗੱਠੜੀ ਬੰਨ੍ਹ ਕੇ ਤੁਰਿਆ ਸੀ। ਸਭ ਕੁੱਝ ਭੁੱਲ ਗਿਆ। ਨਾ ਜ਼ਨਾਨੀ ਚੇਤੇ ਰਹੀ ਤੇ ਨਾ ਹੀ ਬਾਲ ਬੱਚੇ। ਸੰਗਤ ਨੇ ਏਨਾ ਪਿਆਰ ਦਿੱਤਾ ਕਿ ਸਾਰੀਆਂ ਗੱਲਾਂ ਖ਼ੁਆਬ ਬਣ ਗਈਆਂ। ਗਰੀਬੀ ਵਾਲੀ ਹਵਾ ਕਿਤੇ ਨੇੜੇ ਨਹੀਂ ਸੀ ਲੰਘਦੀ। ਸੰਗਤ ਨੇ ਉਹਦੇ ਸਰਹਾਣੇ ਰੁਪਿਆਂ ਵਾਲੀ ਥੈਲੀ ਰੱਖ ਦਿੱਤੀ ਸੀ। ਜਿੰਨਾ ਜੀਅ ਕਰੇ ਖਰਚ ਕਰ। ਗੁਰੂ ਦੇ ਨਾਂ ਲੋਕਾਂ ਦੀਆਂ ਝੋਲੀਆਂ ਭਰ।

ਛੇ ਮਹੀਨੇ ਲੰਘ ਗਏ। ਸੰਗਤ ਅੱਗੇ ਹੱਥ ਜੋੜ ਖਲੋਤਾ ਤੇ ਆਖਣ ਲੱਗਾ ਮੈਨੂੰ ਹੁਣ ਆਗਿਆ ਦਿਓ ਮੈਂ ਹੁਣ ਘਰ ਜਾਵਾਂ, ਪਿੱਛੇ ਕੀ ਬੀਤੀ। ਘਰ ਦਾ ਵਾਲੀ ਤੇ ਮੁਗਤ ਮਾਰ ਕੇ ਕਾਬਲ ਚਲਾ ਗਿਆ ਸੀ ਘਰ ਕੋਈ ਮੋਹਰਾਂ ਦੀ ਗੰਢ ਨਹੀਂ ਸੀ ਦੇ ਗਿਆ। ਭੁੱਖਿਆਂ ਛੱਡ ਗਿਆ ਪਰ ਸਿਰਫ ਵਿਸ਼ਵਾਸ ਸੀ ਗੁਰੂ ਉਤੇ।

ਪਿੰਡ ਵਾਲਿਆਂ ਸੋਚਿਆ ਇਹ ਅੰਞਾਣੇ ਬਾਲ, ਕੰਨਿਆ ਤੇ ਇਸਤਰੀ ਦਾ ਕੋਈ ਵਸੀਲਾ ਨਹੀਂ। ਰੋਟੀ ਤੇ ਘਰ ਦਾ ਖਰਚ ਨਾ ਹੋਇਆ ਤਾਂ ਅੰਞਾਣੇ ਭੁੱਖੇ ਮਰ ਜਾਣਗੇ। ਬਦਅਸੀਸ ਮਿਲੇਗੀ ਗੁਰੂ ਨਾਰਾਜ਼ ਹੋਣਗੇ ਕਿ ਤੁਸੀਂ ਚੰਗੇ ਸਿੱਖ ਹੋ। ਕੀ ਤੁਸੀਂ ਇਕ ਟੱਬਰ ਨੂੰ ਵੀ ਰੋਟੀ ਨਹੀਂ ਦੇ ਸਕੇ। ਏਡਾ ਵੱਡਾ ਪਿੰਡ ਕਿਸ ਗੱਲ ਦੀ ਦਵਾ ਏ।

ਸੰਗਤ ਇਕੱਠੀ ਹੋਈ, ਵਿਚਾਰ ਹੋਈ। ਫੈਸਲਾ ਹੋਇਆ ਹਰ ਬੰਦਾ ਆਪਣੇ ਫਸਲ ਵਿਚੋਂ ਦਸਵੰਧ ਕੱਢੇ ਤੇ ਉਹਦੇ ਘਰ ਦੇ ਕੇ ਆਓ। ਬੱਸ ਇਸ ਤੋਂ ਉਤੇ ਹੋਰ ਕੁਝ ਨਹੀਂ।

ਦਿਨਾਂ ਵਿਚ ਹੀ ਭੜੋਲੀਆਂ ਭਰ ਗਈਆਂ। ਦਾਣੇ ਵਿਹੜੇ ਵਿਚ ਵੀ ਖਿੱਲਰ ਗਏ। ਰੋਟੀ ਦਾ ਸਹਿਸਾ ਮੁੱਕਾ। ਕੁੜੀ ਨੇ ਕਸ਼ੀਦਾ ਸਿੱਖ ਲਿਆ ਤੇ ਮਾਂ ਕੱਪੜੇ ਸਿਊਣ ਲੱਗ ਪਈ ਤੇ ਮੁੰਡਾ ਹਟਵਾਣੀਆਂ ਦੀ ਹੱਟੀ ਤੇ ਨੌਕਰ ਹੋ ਗਿਆ। ਘਰ ਦੀ ਗ੍ਰਹਿਸਤੀ ਖੂਬ ਅਨੰਦ ਵਿਚ ਚੱਲ ਪਈ।

ਜਦ ਸਿੱਖ ਕੀਰਤਪੁਰ ਦੇ ਕੋਲ ਆਇਆ ਤਾਂ ਘਰ ਚੇਤੇ ਆਇਆ। ਕੀ ਬਣਿਆ ਹੋਵੇਗਾ ਮੇਰੇ ਬੱਚਿਆਂ ਦਾ ਕਿਸ ਤਰ੍ਹਾਂ ਗੁਜ਼ਾਰਾ ਹੋਇਆ ਹੋਵੇਗਾ ਮੈਂ ਤੇ ਸਭ ਕੁਝ ਭੁੱਲ ਗਿਆ ਸਾਂ। ਮੇਰੀ ਤੇ ਮਤ ਹੀ ਮਾਰੀ ਗਈ। ਜਦ ਘਰ ਆਇਆ ਤਾਂ ਘਰ ਵਿਚ ਲਹਿਰਾਂ ਬਹਿਰਾਂ ਸਨ। ਦਾਣਿਆਂ ਨਾਲ ਭੜੋਲੀਆਂ ਤੁਸੀਆਂ ਹੋਈਆਂ ਸਨ। ਝਟ ਗੁਰੂ ਦਰਬਾਰ ਵਿਚ ਗਿਆ ਤੇ ਕੰਨ ਫੜੇ, ਮੱਥੇ ਰਗੜੇ ਸਤਿਗੁਰੂ ਤੁਸੀਂ ਬੇਅੰਤ ਹੋ। ਡਿੱਗਣ ਲੱਗਾ ਸਾਂ, ਮੂਧੇ ਮੂੰਹ ਡਿੱਗਣਾ ਸੀ। ਤੁਸਾਂ ਬਚਾ ਲਿਆ ਏ ਸਤਿਗੁਰ।

—ਗੁਰਾਂ ਫਰਮਾਇਆ ਉਦਮ ਕਰਨਾ ਸਾਡਾ ਫਰਜ਼ ਏ। ਗੁਰੂ ਤੇ ਵਿਸ਼ਵਾਸ ਕਰਨਾ

ਤੇ ਉਹਦੇ ਵਿਚ ਬਰਕਤ ਪਾਉਣੀ ਪਰਮੇਸ਼ਵਰ ਦਾ ਹੱਥ ਏ। ਵਾਹਿਗੁਰੂ ਪਾਸ ਰਿਜ਼ਕ ਪਹੁੰਚਾਉਣ ਦੇ ਦੱਸ ਦਰਵਾਜ਼ੇ ਹਨ, ਭੁੱਖਿਆਂ ਕਿਸੇ ਨੂੰ ਸੌਣ ਨਹੀਂ ਦਿੰਦਾ। ਪੱਥਰ ਵਿਚ ਕੀੜੇ ਹਨ, ਰਿਜ਼ਕ ਉਹਨਾਂ ਨੂੰ ਵੀ ਵਕਤ ਸਿਰ ਮਿਲ ਾ ਏ। ਉਹਦੇ ਰਾਹ ਹੀ ਨਿਆਰੇ ਹਨ ਇਸ ਮਾਇਆ ਦੇ ਸੋਮੇ ਜਿਵੇਂ ਕੋਈ ਪਰਚੇ ਜਦ ਨਿਹਮਤਾਂ ਬਖਸ਼ੀਆਂ ਹਨ, ਪ੍ਰਾਣੀ ਕਿਉਂ ਮੁਨਕਰ ਹੋਵੇ। ਧੰਦੇ ਵਿਚ ਬਰਕਤ ਵੀ ਪਰਮੇਸ਼ਵਰ ਪਾਉਂਦਾ ਏ। ਧੰਦਾ ਪਰਮੇਸ਼ਵਰ ਨੂੰ ਨਹੀਂ ਪਾ ਸਕਦਾ। ਧੰਦਾ ਪਰਮੇਸ਼ਵਰ ਦੇ ਸਕਦਾ ਏ। ਨਿਸ਼ਚਾ ਬਲਵਾਨ ਹੋਣਾ ਚਾਹੀਦਾ ਏ। ਵਾਹਿਗੁਰੂ ਆਪ ਜਾਨੀ ਜਾਣ ਏ। ਤੁਸੀਂ ਕੰਮ ਕਰੋ। ਕਿਰਤ ਕਰੋ ਸੁੱਚੀ, ਬਰਕਤ ਆਪੇ ਪਾਉਣ ਵਾਲਾ ਪਾਵੇਗਾ, ਤੁਹਾਡਾ ਧਰਮ ਏ ਕਰਮ ਕਰਨਾ। ਰਾਜ਼ਕ ਉਹ ਪਰਮੇਸ਼ਵਰ ਆਪ ਏ।

□

੪੨

ਖੁਸ਼ਬੂ ਹੌਲੀ-ਹੌਲੀ ਫੈਲਦੀ ਏ

ਸਾਰਾ ਭਾਰਤਵਰਸ਼ ਪੰਡਤਾਂ ਦੀ ਪਕੜ ਵਿਚ ਸੀ। ਉਨ੍ਹਾਂ ਦੀ ਮੁੱਠੀ ਵਿਚ ਸੀ ਸਾਰੀ ਕੌਮ। ਪੰਡਤ ਹੀ ਰਾਹ ਦੱਸਦੇ ਸਨ। ਵਿਆਹ ਪੰਡਤ ਦੀ ਮਰਜ਼ੀ ਤੋਂ ਬਗੈਰ ਨਹੀਂ ਸੀ ਹੋ ਸਕਦਾ। ਲਗਨ ਪੰਡਤ ਨੇ ਬਨਾਣਾ ਸੀ। ਮੁੰਡਾ ਜੰਮਿਆ ਤਾਂ ਪੰਡਤ ਦੀਆਂ ਬਹਾਰਾਂ। ਮਰਨ ਵਾਲਾ ਮਰ ਗਿਆ, ਘਰ ਦਾ ਦਰਵਾਜ਼ਾ ਦੂਜੇ ਪਾਸੇ ਲੱਗ ਗਿਆ ਪੰਡਤ ਨੂੰ ਕੀ। ਉਹਨੂੰ ਤੇ ਲਾਗ ਦੇਣਾ ਹੀ ਪਊ। ਬ੍ਰਹਮ ਭੋਜ ਤੇ ਫੇਰ ਪਿੰਡ ਨੂੰ ਕੱਠੀ ਕਰੋ। ਸ਼ਰਾਬ ਤੇ ਮਰਨੇ ਦੀ ਰੋਟੀ। ਘਰ ਵਾਲਾ ਕੋਠਾ ਵੇਚੇ, ਜ਼ਮੀਨ ਗਹਿਣੇ ਪਾਏ, ਜ਼ੇਵਰ ਵੇਚੇ, ਜਿੰਨਾ ਚਿਰ ਉਹ ਪਿੰਡ ਦੀ ਰੋਟੀ ਨਹੀਂ ਵਰਜਦਾ, ਉਨਾ ਚਿਰ ਪ੍ਰਾਣੀ ਨੂੰ ਸ਼ਾਂਤੀ ਨਹੀਂ ਮਿਲ ਸਕਦੀ। ਉਹਦੀ ਰੂਹ ਖਿੰਡੀ ਫਿਰੇਗੀ। ਕੋਈ ਕੰਮ ਸ਼ੁਰੂ ਕਰਨਾ ਹੈ ਤਾਂ ਪੰਡਤ ਸੱਦੋ, ਦੱਛਣਾ ਦਿਓ। ਪੰਡਤ ਦੀ ਪੂਜਾ ਹੋਵੇਗੀ ਤਾਂ ਫੇਰ ਰੁਜ਼ਗਾਰ ਚੱਲੇਗਾ। ਉਹਨੂੰ ਭਾਗ ਲੱਗਣਗੇ, ਤਰੱਕੀ ਹੋਵੇਗੀ। ਪ੍ਰਮਾਤਮਾ ਬਰਕਤ ਪਾਵੇਗਾ। ਪੰਡਤ ਨੂੰ ਦਲਾਲੀ ਦੇਣੀ ਬਹੁਤ ਜ਼ਰੂਰੀ ਏ। ਪੰਡਤਾਂ ਥਾਂ ਥਾਂ ਆਪਣੇ ਕਿੱਲੇ ਗੱਡੇ ਹੋਏ ਸਨ। ਜਿਧਰ ਵੀ ਮੂੰਹ ਕਰੋ ਅੱਗੋਂ ਪੰਡਤ ਮਹਾਰਾਜ ਹਾਜ਼ਰ। ਤੀਰਥ ਯਾਤਰਾ ਕਰਨੀ ਏ ਤਾਂ ਵੀ ਪੰਡਤ ਦਾ ਸਨਮਾਨ ਕਰਨਾ ਜ਼ਰੂਰੀ ਏ ਨਹੀਂ ਤੇ ਤੀਰਥ ਯਾਤਰਾ ਨਿਸਫਲ ਏ। ਯਾਤਰਾ ਦਾ ਪੁੰਨ ਤਾਂ ਹੀ ਮਿਲੇਗਾ ਜੇ ਬ੍ਰਾਹਮਣ ਦੇਵਤਾ ਖੁਸ਼ ਹੋਵੇਗਾ।

ਬ੍ਰਾਹਮਣ ਦਾ ਪਿੰਡ ਵਿਚ ਇਕੋ ਘਰ ਏ। ਤੇ ਸਾਰਾ ਪਿੰਡ ਓਸ ਦਾ ਗੁਲਾਮ ਏ। ਉਹਦੇ ਹੁਕਮ ਤੋਂ ਬਗੈਰ ਮੱਖੀ ਨਹੀਂ ਪਰ ਮਾਰ ਸਕਦੀ। ਪਹਿਲਾਂ ਸਲਾਹ ਬ੍ਰਾਹਮਣ ਦੀ ਤੇ ਫੇਰ ਸਾਰੇ ਪਿੰਡ ਦੀ। ਏਸ ਤਰ੍ਹਾਂ ਜਕੜ ਵਿਚ ਰਖਿਆ ਹੋਇਆ ਸੀ, ਕੋਈ ਨਾਬਰ ਨਹੀਂ ਹੋ ਸਕਦਾ। ਸਿੱਖ ਧਰਮ ਨੇ ਇਹ ਪਾਬੰਦੀਆਂ ਤੋੜੀਆਂ। ਪਰ ਅਜੇ ਵੀ ਸਾਰੇ ਜੰਜਾਲਾਂ ਤੋਂ ਦੁਨੀਆਂ ਮੁਕਤ ਨਹੀਂ ਸੀ ਹੋਈ। ਕੰਮ ਸ਼ੁਰੂ ਕੀਤਾ ਜਾਂਦਾ ਉਹਦੇ ਵਿਚ ਵਿਘਨ ਵੀ ਪੈਣੇ ਹੋਏ। ਚੰਗਾ ਕੰਮ ਨੇਪਰੇ ਵੀ ਚੜ੍ਹ ਜਾਂਦਾ ਤੇ ਫੇਰ ਲੋਕ ਆਖਦੇ ਹਨ ਕਿ ਬ੍ਰਾਹਮਣ ਦੇਵਤੇ ਦਾ ਪੁੰਨ ਪ੍ਰਤਾਪ ਏ ਅਤੇ ਜੇ ਕਿਤੇ

ਹੋਣੀ ਵਰਤ ਜਾਵੇ ਅਤੇ ਕੰਮ ਵਿਚ ਜ਼ਰਾ ਕੁ ਖਰਾਬੀ ਪੈ ਜਾਵੇ ਤਾਂ ਫੇਰ ਬ੍ਰਾਹਮਣ ਦੇਵਤਾ ਨੂੰ ਨਰਾਜ਼ ਕਰਕੇ ਕੀ ਸੁੱਖ ਪਾਇਆ ਈ। ਬ੍ਰਾਹਮਣ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਸਨ।

ਹੌਲੀ-ਹੌਲੀ ਸਿੱਖ ਧਰਮ ਨੇ ਪੈਰ ਪੱਕੇ ਕੀਤੇ ਅਤੇ ਧੀਰੇ ਧੀਰੇ ਲੋਕਾਂ ਨੂੰ ਪੰਡਤਾਂ ਦੀ ਝੋਲੀ ਵਿਚੋਂ ਕਢਿਆ। ਪਰ ਅਜੇ ਵੀ ਕੋਈ ਹਿੱਕ ਤੇ ਹੱਥ ਮਾਰ ਕੇ ਬ੍ਰਾਹਮਣ ਨੂੰ ਨਾਰਾਜ਼ ਨਹੀਂ ਸੀ ਕਰ ਸਕਦਾ। ਕੱਟੜ ਪੰਥੀ ਭਾਵੇਂ ਪੰਡਤ ਨੂੰ ਚੌਂਕੇ ਵਿਚ ਨਾ ਵੜਨ ਦੇਣ। ਪਰ ਆਮ ਸਾਧਾਰਨ ਬੰਦਾ ਬ੍ਰਾਹਮਣ ਦੀ ਜ਼ਬਾਨ ਨੂੰ ਇਲਾਹੀ ਹੁਕਮ ਮੰਨਦਾ। ਭੁਲੇਖੇ ਪਾਉਣੇ ਪੰਡਤ ਜੀ ਮਹਾਰਾਜ ਦਾ ਸੱਜੇ ਹੱਥ ਦਾ ਕੰਮ ਸੀ। ਦੱਛਣਾ ਮਿਲੀ ਤਾਂ ਸਾਰੇ ਕੰਮ ਪੱਧਰੇ ਕੋਈ ਗ੍ਰਹਿ ਨਹੀਂ, ਕੋਈ ਤਾਰਾ ਨਹੀਂ ਡੁੱਬਾ, ਕੋਈ ਪੂਜਾ ਨਹੀਂ ਲੱਗਣੀ। ਬ੍ਰਾਹਮਣ ਦੇਵਤਾ ਖੁਸ਼ ਤਾਂ ਭਗਵਾਨ ਰਾਜ਼ੀ।

ਗੱਲ ਕਿਰਤ ਦੀ ਏ। ਗੁਰੂ ਹਰਿ ਰਾਇ ਦੀ ਛਤਰ ਛਾਇਆ ਵਿਚ ਸੰਗਤ ਵਸਦੀ ਸੀ।

ਕਈਆਂ ਬ੍ਰਾਹਮਣਾਂ ਨੇ ਸਿੱਖ ਧਰਮ ਕਬੂਲ ਕਰ ਲਿਆ ਸੀ ਪਰ ਉਨ੍ਹਾਂ ਦੀਆਂ ਆਦਤਾਂ ਤੇ ਨਹੀਂ ਸਨ ਨਾ ਬਦਲੀਆਂ, ਪਰ ਅਜੇ ਵੀ ਆਪਣੀ ਟੰਗ ਅੜਾਉਣੋਂ ਨਹੀਂ ਸਨ ਮੁੜਦੇ। ਵਹਿਮ ਪਾ ਦਿੱਤਾ। ਚਲ ਖਾਂ ਬੱਚੂ ਕਿੱਥੇ ਚਲਦਾ ਏਂ।

ਇਕ ਪਾਸੇ ਬ੍ਰਾਹਮਣ ਜ਼ਾਤੀ ਸੀ ਅਤੇ ਦੂਜੇ ਪਾਸੇ ਗੁਰੂ ਘਰ।

ਸਿੱਖਾਂ ਨੇ ਗੁਰੂ ਦੇ ਬਚਨ ਸੁਣੇ ਸਨ ਅਤੇ ਉਨ੍ਹਾਂ ਨੂੰ ਅਟਲ ਵਿਸ਼ਵਾਸ ਹੋ ਗਿਆ ਸੀ। ਬਿਲਕੁੱਲ ਲੋਹੇ ਦੀ ਲੱਠ ਬਣ ਗਏ ਸਨ। ਪਰ ਪੰਡਤ ਹੁਰਾਂ ਤਾਂ ਅੜਾਉਣੀ ਪਾਉਣੀ ਅਤੇ ਅਗਲੇ ਦਾ ਦਿਲ ਹਿਲਾ ਕੇ ਰੱਖ ਦੇਣਾ ਅਤੇ ਆਪ ਪਿੱਛੇ ਹੋ ਕੇ ਬਹਿ ਜਾਣਾ।

ਸਿੱਖਾਂ ਦਾ ਤੇ ਆਖਰੀ ਪੜਾਅ ਗੁਰੂ ਦਾ ਘਰ ਸੀ। ਅੜਾਉਣੀ ਕੱਢਣ ਲਈ ਗੁਰੂ ਦੀ ਸ਼ਰਨ ਲੈਣੀ ਅਤੇ ਗੁਰਾਂ ਨੇ ਉਨ੍ਹਾਂ ਦੀ ਗੁੰਝਲ ਖੋਲ੍ਹ ਦੇਣੀ।

ਗੱਲਾਂ ਸਾਰੀਆਂ ਸੱਚ ਹਨ। ਗੁਰੂ ਘਰ ਵਿਚ ਵੀ ਬ੍ਰਾਹਮਣ ਦਾ ਬੋਲ ਬਾਲਾ ਸੀ। ਇਹ ਵੱਖਰੀ ਗੱਲ ਏ ਕਿ ਬ੍ਰਾਹਮਣ ਲੂਤੀ ਲਾਉਣਾ ਜਾਣਦਾ ਸੀ। ਭਰਮ ਪਾਇਆ। ਭਰਮ ਗੁਰੂ ਨੇ ਕਢਿਆ। ਪਰ ਏਨਾ ਕੁੱਝ ਹੋਣ ਤੋਂ ਬਾਅਦ ਵੀ ਬ੍ਰਾਹਮਣ ਦੇਵਤਾ ਆਪਣਾ ਹਿੱਸਾ ਜ਼ਰੂਰ ਰੱਖ ਲੈਂਦਾ। ਲੋਕ ਗੁਰੂ ਤੋਂ ਵੀ ਚੋਰੀ ਛਿਪੀ ਬ੍ਰਾਹਮਣ ਦੇਵਤਾ ਦੀ ਦੱਛਣਾ ਉਹਦੇ ਘਰ ਦੇ ਆਉਂਦੇ।

ਇਕ ਬ੍ਰਾਹਮਣ ਨੇ ਸਿੱਖ ਨੂੰ ਆਖਿਆ ਕਿ ਤੁਹਾਨੂੰ ਤੇ ਪਤਾ ਹੀ ਨਹੀਂ ਅਜਾਪ ਵਸਤੂ ਕਿਹੜੀ ਏ। ਉਸ ਦਾ ਮੋਰ ਕੌਣ ਹੈ। ਮੋਰ ਜੀ ਦੀ ਕੋਠੜੀ ਕਿੱਥੇ ਹੈ।

ਡੌਰ ਭੌਰ ਗਿਆ ਵਿਚਾਰਾ ਸਿੱਖ। ਧਰਮ ਦੀ ਸਾਰੀ ਮਰਿਆਦਾ ਤੇ ਪੂਰਨ ਵਿਸ਼ਵਾਸ ਹੋਣ ਦੇ ਬਾਵਜੂਦ ਵੀ ਪੈਰਾਂ ਤੋਂ ਉਖੜ ਗਿਆ। ਅਸੀਂ ਸਾਰੀ ਹਯਾਤੀ ਉਸ ਪ੍ਰਮੇਸ਼ਵਰ ਨੂੰ ਨਹੀਂ ਪਾ ਸਕਾਂਗੇ।

ਮਨ ਵਿਚ ਵਿਚਾਰਿਆ, ਸੋਚਿਆ, ਪਰ ਉਹਦਾ ਕੋਈ ਹੱਲ ਨਾ ਲੱਭਾ। ਆਖਰਕਾਰ ਮਨ ਦੀ ਭਟਕਣਾ ਨੂੰ ਗੁਰੂ ਦਰਬਾਰ ਵਿਚ ਪੇਸ਼ ਕੀਤਾ।

—ਅਰਜ਼ ਕੀਤੀ, ਹਜ਼ੂਰ ਬ੍ਰਾਹਮਣ ਮਹਾਰਾਜ ਨੇ ਬਚਨ ਕੀਤੇ ਹਨ ਕਿ ਸਾਡੀ ਅਜਾਪ ਵਸਤੂ ਕਿਹੜੀ ਹੈ ਅਤੇ ਉਸ ਦਾ ਮੋਰ ਕੌਣ ਹੈ। ਅਤੇ ਮੋਰ ਦੀ ਕੋਠੜੀ ਕਿੱਥੇ ਹੈ। ਏਸ ਤੇ ਸ਼ਸ਼ੋਪੰਜ ਵਿਚ ਪੈ ਗਏ ਹਾਂ।

ਗੁਰੂ ਹਰਿ ਰਾਇ ਨੇ ਫਰਮਾਇਆ ਕਿ ਅਜਾਪ ਵਸਤੂ ਹੋਰ ਕੋਈ ਨਹੀਂ, ਸ਼ਬਦ ਦਾ ਗਿਆਨ ਹੈ। ਮਨ ਦਾ ਮੌਰ ਮੀਤ ਹੈ। ਜੀਅ ਦੀ ਕੋਠੜੀ ਸੁਰਤ ਹੈ। ਬਾਕੀ ਇਹ ਚਤਰਾਈਆਂ ਸਭ ਭੁਲੇਖੇ ਪਾਉਣ ਲਈ ਹਨ। ਗੁਰੂ ਦੇ ਦਿੱਤੇ ਸ਼ਬਦ ਨਾਲ ਮੀਤ ਨੂੰ ਕਾਬੂ ਕਰਕੇ ਸੁਰਤ ਨੂੰ ਕੋਠੜੀ ਵਿਚ ਟਿਕਾ ਲੈਣਾ ਹੀ ਕਰਮਨ ਸਿਰ ਕਰਮਾ ਹੈ।

ਜਦ ਪੰਡਤ ਨੂੰ ਇਹ ਬਚਨ ਸੁਣਾਏ ਗਏ ਤਾਂ ਪੰਡਤ ਬੋਲ ਉਠਿਆ, ਧੰਨ ਹੋ ਸਤਿਗੁਰ, ਤੁਸੀ ਧੰਨ ਹੋ—"ਨਿਰਸੰਦੇਹ ਗੁਰੂ ਸੰਸਾਰ ਉਧਾਰਿਆ ਹੈ।"

ਸ੍ਰਿਸ਼ਟੀ ਤੇ ਪ੍ਰਿਥਵੀ ਦੇ ਥੰਮ ਬ੍ਰਾਹਮਣ ਸਨ ਕਿਉਂਕਿ ਉਹੀ ਵਿਦਵਾਨ ਸਨ। ਗੁਰੂ ਨਾਨਕ ਦੇਵ ਨੇ ਦਿਸ਼ਾਵਾਂ ਦੱਸੀਆਂ ਸਨ ਅਤੇ ਹੌਲੀ ਹੌਲੀ ਰੌਸ਼ਨੀ ਪਾ ਰਹੇ ਸਨ ਗੁਰੂ। ਸਬਕ ਲੈ ਰਹੀ ਸੀ ਸੰਗਤ।

ਪੌਦੇ ਨੂੰ ਫੁੱਲ ਲੱਗ ਰਹੇ ਸਨ, ਖੁਸ਼ਬੂ ਨੇ ਤੇ ਹੌਲੀ ਹੌਲੀ ਫੈਲਣਾ ਸੀ। ਸੰਗਤ ਬੜੇ ਕਠਿਨ ਰਸਤੇ ਵਿਚੋਂ ਦੀ ਲੰਘ ਰਹੀ ਸੀ।

੪੩

ਗੁਰ ਬਚਨ

ਪਰਾਈ ਇਸਤਰੀ ਨਾਲ ਪ੍ਰੀਤ ਨਹੀਂ ਕਰਨੀ। ਆਪਣੀ ਇਸਤਰੀ ਘਰ ਦੀ ਲੱਛਮੀ ਏ। ਘਰ ਦੀ ਇਸਤਰੀ ਅੰਮ੍ਰਿਤ ਰੂਪੀ ਏ ਤੇ ਬਾਹਰ ਦੀ ਇਸਤਰੀ ਵਿਸ਼। ਮੇਲ ਜਦ ਵੀ ਕਰਨਾ ਏ ਸ਼ਬਦ ਦਾ ਹੀ ਕਰਨਾ ਏ। ਜਿਥੇ ਗੁਰੂ ਦਾ ਸ਼ਬਦ ਗਾਇਆ ਜਾਏ, ਚੌਂਕੜੀ ਮਾਰ ਕੇ ਉਥੇ ਹੀ ਬੈਠਣਾ ਏ। ਜਿਥੋਂ ਗੁਰੂ ਵਰਜੇ ਓਸ ਰਾਹ ਨਹੀਂ ਜਾਣਾ। ਉਹਦੀ ਆਵਾਜ਼ ਕੰਨਾਂ ਵਿਚ ਨਹੀਂ ਪੈਣੀ ਚਾਹੀਦੀ। ਗੁਰੂ ਦੀ ਨਿੰਦਿਆ ਕਦੀ ਨਾ ਸੁਣੋ। ਅੰਮ੍ਰਿਤ ਵੇਲੇ ਉਠਣਾ, ਜਪੁਜੀ ਦਾ ਪਾਠ ਕਰਨਾ ਜ਼ਰੂਰੀ ਏ ਪੂਰੀ ਤਰ੍ਹਾਂ ਲੀਨ ਹੋ ਕੇ। ਮਨ ਟਿਕਾ ਕੇ ਪਾਠ ਕਰਨਾ। ਪੜ੍ਹਦਿਆਂ ਚਿਤ ਟਿਕਿਆ ਰਹੇ। ਤੇ ਅਨੰਤ ਮਨ ਹਾਜ਼ਰੀ ਕਬੂਲੀ ਰਖੋ। ਤਾਂ ਸਾਰਾ ਸੰਸਾਰ ਓਸ ਦੀ ਸੇਵਾ ਵਿਚ ਹਾਜ਼ਰ ਰਹੇਗਾ। ਤੇ ਪਿੱਛੇ ਪਿੱਛੇ ਭੌਂਵੇਗਾ। ਕਿਸੇ ਚੀਜ਼ ਦੀ ਤੋਟ ਨਹੀਂ ਆਵੇਗੀ। ਇਹ ਗੱਲ ਯਾਦ ਰੱਖਣ ਵਾਲੀ ਏ। ਸਾਡਾ ਅਟੱਲ ਵਿਸ਼ਵਾਸ ਏ। ਜਾਪ ਦੇ ਉਤੇ ਕੋਈ ਬਾਕੀ ਨਹੀਂ। ਤੇ ਏਸ ਤੋਂ ਵੱਡਾ ਹੋਰ ਕੋਈ ਨਹੀਂ।

ਰਾਤ ਨੂੰ ਕੀਰਤਨ ਸੋਹਿਲਾ ਪੜ੍ਹ ਕੇ ਸੌਂਵੋਂ, ਸੁਖ ਦੀ ਨੀਂਦ ਆਵੇਗੀ। ਸੰਗਤ ਵਿਚ ਨਿੱਤ ਜਾਵੋ, ਸੰਗਤ ਵਿਚ ਖਾਲੀ ਹੱਥ ਨਹੀਂ ਜਾਣਾ, ਭਾਵੇਂ ਚੁਟਕੀ ਆਟਾ ਲੈ ਕੇ ਜਾਵੋ। ਗੁਰੂ ਘਰ ਵਿਚ ਜੇ ਜਾਣਾ ਹੋਵੇ ਤਾਂ ਘਰ ਦੀਆਂ ਗੱਲਾਂ ਘਰ ਵਿਚ ਹੀ ਛੱਡ ਜਾਣੀਆਂ ਚਾਹੀਦੀਆਂ ਨੇ। ਕੋਈ ਕਿਸੇ ਕਾਰਜ ਦੀ ਗੱਲ ਸੋਚਣੀ ਵੀ ਨਹੀਂ। ਸਿਰਫ ਇਕੋ ਮਨ ਚਿਤ ਲਾ ਕੇ ਬਾਣੀ ਦਾ ਅਨੰਦ ਮਾਨਣਾ ਏ। ਗੁਰੂ ਦੀ ਨਰਾਜ਼ਗੀ ਨਹੀਂ ਲੈਣੀ। ਕੀਰਤਨ ਸੁਣਨਾ ਏ, ਮਨ ਮੁਨੱਵਰ ਹੋਵੇਗਾ। ਕੀਰਤਨ ਤੋਂ ਬਗੈਰ ਛੁਟਕਾਰਾ ਨਹੀਂ।

ਗੁਰੂ ਅਰਜਨ ਦੇਵ ਦਾ ਫੁਰਮਾਨ ਏ, "ਸ਼ਬਦ ਰਾਗ ਅੰਮ੍ਰਿਤ ਏ" ਤੇ ਜੇ ਸ਼ਬਦ ਨੂੰ ਰਾਗ ਵਿਚ ਗਾਇਆ ਜਾਵੇ ਤਾਂ ਮਹਾਂ ਅੰਮ੍ਰਿਤ ਏ। ਆਤਮਾ ਦੇ ਅੰਦਰ ਸਮੇਟ ਲਵੋ। ਜੇ ਬਿਨਾਂ ਰਾਗ ਸ਼ਬਦ ਉਚਾਰਿਆ ਜਾਵੇ ਤਾਂ ਮੱਧਮ ਸੁਰ ਵਿਚ ਗਾਇਆ ਜਾਵੇ ਤਾਂ ਵੀ ਮਹਾਂ ਅੰਮ੍ਰਿਤ ਹੈ। ਜਿਦੇ ਗਲੇ ਵਿਚ ਸੋਜ਼ ਨਹੀਂ, ਲੈਅ ਨਹੀਂ, ਰਸ ਨਹੀਂ। ਉਹ ਰਾਗ ਕੀ ਗਾਏਗਾ। ਅਨਜਾਣ ਦੇ ਵਸ ਦੀ ਗੱਲ ਨਹੀਂ। ਸੁਣੋ ਜੇ ਕੋਈ ਸੁਰੀਲੀ ਲੈ ਵਿਚ ਗਾ ਰਿਹਾ ਏ। ਜਿਹੜਾ ਉਹਨੂੰ ਸੁਣੇਗਾ ਫਲ ਉਹਨੂੰ ਹੀ ਮਿਲੇਗਾ।

ਨਿਮਾਣੇ, ਦੁਖੀਏ, ਅਰਥੀਲੇ, ਨੂੰ ਮਾਨਣ ਦਿਉ। ਉਹ ਤਿਆਗੀ ਮਹਾਂ ਪੁਰਸ਼ ਏ। ਜੇ ਉਹਦੀ ਸਮਰੱਥਾ ਨਹੀਂ ਤਾਂ ਦੁਰਕਾਰੋ ਨਹੀਂ ਸਗੋਂ ਹੱਥ ਜੋੜੇ ਅਤੇ ਪਰਉਪਕਾਰ ਕਰੇ ਕਰਾਏ। ਆਪਣੀ ਕਿਰਤ ਕਰੋ, ਦਸਾਂ ਨਹੁੰਆਂ ਦੀ ਕਮਾਈ ਸੁੱਚੀ ਏ। ਉਸੇ ਨੂੰ ਭਾਗ ਲੱਗਦੇ ਹਨ। ਗੁਰੂ ਨਾਨਕ ਜੀ ਦਾ ਕਥਨ ਏ ਕਿ ਕਿਰਤ ਕਰਦਿਆਂ ਦੇਹ ਸੁੱਚੀ ਹੁੰਦੀ ਏ। ਤੇ ਗੁਰੂ ਦੀਆਂ ਬਖਸ਼ਸ਼ਾਂ ਉਸ ਪੁਰਸ਼ ਤੇ ਨਿਛਾਵਰ ਹਨ ਭੈਅ ਵਿਚ ਵੀ ਕਸ਼ਟ ਵਿਚ ਵੀ ਕਾਰ ਕਰਨੀ। ਅੰਗ ਭੰਗ ਨੂੰ ਖਵਾਲਣਾ ਬੜਾ ਨੇਕ ਕਰਮ ਹੈ। ਕਿੰਨੇ ਵੀ ਕੰਮ ਹੋਣ, ਗੁਰੂ ਦਾ ਦਰ ਨਹੀਂ ਛੱਡਣਾ। ਆਪਣੇ ਸਭ ਕੰਮ ਪਿੱਛੋਂ ਅਤੇ ਪਹਿਲਾਂ ਗੁਰੂ ਦਾ ਕੰਮ। ਹੁਕਮ ਉਸ ਦਾਤੇ ਦਾ, ਪਹਿਲਾਂ ਹਾਜ਼ਰੀ ਗੁਰੂ ਦਰ ਦੀ ਤੇ ਫੇਰ ਆਪਣੇ ਕੰਮ ਲਗਣਾ ਏ। ਗੁਰੂ ਆਪੇ ਹੀ ਉਹਦੇ ਕੰਮ ਸਵਾਰੇਗਾ।

ਇਕ ਵੱਡੀ ਕਿਰਿਆ ਹੋਰ ਵੀ ਏ। ਜੇ ਕੋਈ ਸਜਣ ਗੁਰੂ ਤੋਂ ਬੇਮੁਖ ਏ ਅਤੇ ਬਚਨ ਕੁਬਚਨ ਬੋਲਦਾ ਏ, ਪਹਿਲਾਂ ਸੁਣਨਾ ਹੀ ਨਹੀਂ ਤੇ ਜਲਦੀ ਨਾਲ ਗੁਰੂ ਵੱਲ ਮੂੰਹ ਭੁਆ ਲਵੋ, ਸੁਰਤ ਉਥੇ ਲੱਗ ਜਾਏਗੀ। ਕੁਬਚਨ ਬੋਲਣ ਵਾਲਾ ਬੰਦਾ ਆਪਣੇ ਰਾਹੇ ਪੈ ਜਾਏਗਾ। ਆਤਮਕ ਬ੍ਰਹਮ ਦੀ ਪਛਾਣ ਕਰੀਏ, ਉਹੋ ਮੇਰਾ ਸਿੱਖ ਏ। ਸਰਬੱਤ ਦਾ ਭਲਾ ਮੰਗੋ। ਉਹਦੇ ਵਿਚ ਹੀ ਆਪਣਾ ਭਲਾ ਏ। ਬ੍ਰਹਮ ਦੀ ਪਹਿਚਾਣ ਏ, ਮਹਾਂਪੁਰਸ਼ਾਂ ਦੀ ਸੰਗਤ ਲਾਭ ਕਰਕੇ। ਕਿਉਂਕਿ ਪ੍ਰਭੂ ਦੀ ਕੁਦਰਤ ਮਹਾਂ ਪੁਰਸ਼ਾਂ ਦੀ ਆਤਮਾ ਵਿਚ ਵਸਦੀ ਏ। ਇਹ ਗੱਲ ਯਾਦ ਰੱਖਣ ਵਾਲੀ ਏ ਕਿ ਪਰਗਟ ਗੁਰੂ ਸ਼ਬਦ ਏ। ਇਹਦੇ ਬਿਨਾਂ ਸ਼ਬਦ ਤੋਂ ਮੁਕਤੀ ਨਹੀਂ। ਆਤਮਾ ਅਤੇ ਪ੍ਰਮਾਤਮਾ ਇਕੋ ਜਗ੍ਹਾ ਵਸਦੇ ਹਨ, ਆਮ ਲੋਕ ਨਹੀਂ ਜਾਣਦੇ।

ਆਤਮਾ, ਮਾਇਆ ਤ੍ਰਿਸ਼ਨਾ, ਇਕ ਜੋੜੀ ਏ, ਸਹੇਲੀਆਂ ਆਖ ਲਵੋ ਤੇ ਪ੍ਰਮਾਤਮਾ ਤ੍ਰਿਸ਼ਨਾ ਤੋਂ ਨਿਰਲੇਪ ਏ। ਭਟਕੀਆਂ ਆਤਮਾਵਾਂ ਨੂੰ ਜੇ ਕੋਈ ਸ਼ਾਂਤੀ ਬਖਸ਼ ਸਕਦਾ ਏ ਉਹ ਸਿਰਫ ਕੀਰਤਨ ਏ। ਉਹਦੇ ਵਿਚ ਸੋਜ਼, ਲਚਕ, ਸੁਰੀਲੀ ਆਵਾਜ਼ ਏ। ਇਹ ਇਕ ਜਾਦੂ ਏ ਜਿਹੜਾ ਸਾਰੀ ਸੰਗਤ ਦੇ ਸਿਰ ਚੜ੍ਹ ਕੇ ਬੋਲਦਾ ਏ।

ਜਦ ਕੀਰਤਨ ਰਾਹੀਂ ਆਤਮਾ ਪ੍ਰਮਾਤਮਾ ਨਾਲ ਮਿਲਦੀ ਏ ਤਾਂ ਮੁਕਤ ਹੋ ਜਾਂਦਾ ਏ ਇਹ ਮਿੱਟੀ ਦਾ ਪੁਤਲਾ।

ਏਸ ਪੁਤਲੇ ਦੀ ਤੇ ਕਾਇਆ ਹੀ ਕੋਈ ਨਹੀਂ। ਐਵੇਂ ਥੰਮ੍ਹੀਆਂ ਦੇ ਦੇ ਕੇ ਖੜਾ ਕਰ ਰਹੇ ਹਨ। ਮਿੱਟੀ ਦੇ ਪੁਤਲੇ ਦੀ ਔਕਾਤ ਕੀ ਹੋ ਸਕਦੀ ਏ? ਪਾਣੀ ਦਾ ਬੁਲਬੁਲਾ, ਹਵਾ ਦਾ ਇਕ ਝੋਂਕਾ। ਸਾਹ ਆਇਆ ਤੇ ਆਇਆ ਨਹੀਂ ਤੇ ਮਿੱਟੀ ਦੀ ਢੇਰੀ, ਮੁਠ ਰਾਖ ਦੀ। ਭਾਵੇਂ ਬਹਾਦਰ ਹੋਵੇ ਤੇ ਭਾਵੇਂ ਖੂਨੀ। ਤੇ ਭਾਵੇਂ ਦੇਸਾਂ ਬਦੇਸ਼ਾਂ ਦਾ ਵਿਜਈ, ਪਰ ਆਖਰ ਔਕਾਤ ਕੀ ਏ। ਮੁਠ ਮਿੱਟੀ ਦੀ। ਕਿਸੇ ਨੇ ਜਲਾ ਦਿੱਤਾ ਤੇ ਕਿਸੇ ਨੇ ਮਿੱਟੀ ਵਿਚ ਦੱਬ ਦਿੱਤਾ।

ਬੰਦੇ ਦਾ ਕੋਈ ਵਿਸਾਹ ਨਹੀਂ। ਕੋਈ ਮਿਆਦ ਨਹੀਂ। ਬੰਦਾ ਕਿਤੇ ਅੜ ਨਹੀਂ ਸਕਦਾ। ਬੰਦਾ ਥੰਮ੍ਹ ਤੇ ਗੱਡ ਸਕਦਾ ਏ ਪਰ ਥੰਮ੍ਹ ਤੇ ਆਪਣਾ ਨਾਂ ਨਹੀਂ ਖੋਦ ਸਕਦਾ। ਜੇ

ਤਾਕਤ ਵਿਚ ਆਇਆ ਖੋਦ ਵੀ ਗਿਆ ਤਾਂ ਮਗਰੋਂ ਆਉਣ ਵਾਲਾ ਉਹਦਾ ਖੋਦਿਆ ਹੋਇਆ ਖੋਜ ਖੁਰਾ ਹੀ ਮਿਟਾ ਦਿੰਦਾ ਏ। ਓਸ ਪੱਥਰ ਗੱਡਿਆ ਸੀ ਪਰ ਜਿਸ ਉਹਦੇ ਤਖਤ ਤੇ ਪੈਰ ਧਰੇ, ਉਹਨੇ ਨਾ ਪੱਥਰ ਰਹਿਣ ਦਿੱਤਾ ਤੇ ਨਾ ਹੀ ਉਹਦਾ ਖੋਜ ਖੁਰਾ।

ਹੋਵੇਗਾ ਕੋਈ, ਪਰ ਹੁਣ ਮੇਰੇ ਤੋਂ ਬਗੈਰ ਕੋਈ ਨਹੀਂ। ਅਭਿਮਾਨੀ ਪੁਰਸ਼ ਏਸ ਤਰ੍ਹਾਂ ਆਖਦੇ ਨੇ।

ਦੁਨੀਆ ਇਕ ਸਰਾਂ ਏ, ਕਈ ਆਏ ਤੇ ਕਈ ਚਲੇ ਗਏ ਪਰ ਸਰਾਂ ਨੇ ਉਥੇ ਹੀ ਰਹਿਣਾ ਏ। ਮੁਸਾਫਰ ਆਉਂਦੇ ਹਨ ਤੇ ਚਲੇ ਜਾਂਦੇ ਹਨ। ਸਰਾਂ ਆਪਣੀ ਥਾਂ ਤੇ ਕਾਇਮ ਏ ਪਰ ਮੁਸਾਫਰ ਦੀ ਕੋਈ ਜ਼ਿੰਦਗੀ ਨਹੀਂ। ਕੰਮ ਕਰ ਮਿੱਟੀ ਦੇ ਪੁਤਲੇ। ਦੁਨੀਆ ਯਾਦ ਕਰੂ। ਵਰਨਾ ਦਰੱਖਤ ਤੋਂ ਝੜਿਆ ਪੱਤਾ ਬਹੁਕਰ ਲੈ ਕੇ ਹੁੰਝ ਕੇ ਕਿਸੇ ਨੇ ਨੁਕਰੇ ਲਾ ਦੇਣਾ ਏ। ਬਸ ਤੇਰੀ ਏਨੀ ਹੀ ਮਿਆਦ ਏ ਨਾ?

□

੪੪

ਰਸਾਇਣ

ਸਿੱਖੀ ਦੇ ਪੌਦੇ ਗੁਰੂ ਨਾਨਕ ਨੇ ਲਾਏ ਸਨ ਤੇ ਗੁਰੂ ਅੰਗਦ ਦੇਵ ਨੇ ਪਾਣੀ ਦਿੱਤਾ। ਬੂਟਿਆਂ ਕੱਦ ਕਢਿਆ, ਗੁਰੂ ਅਮਰਦਾਸ ਨੇ ਉਨ੍ਹਾਂ ਦੀ ਪਰਵਰਸ਼ ਕੀਤੀ ਤੇ ਫੇਰ ਵਾਰੀ ਆਈ ਗੁਰੂ ਰਾਮਦਾਸ ਦੀ ਅਤੇ ਉਹਦੇ ਵੇਲੇ ਡੋਡੀਆਂ ਪੈ ਗਈਆਂ ਸਨ। ਗੁਰੂ ਅਰਜਨ ਦੇਵ ਨੇ ਉਹਨੂੰ ਸਾਹਿਤ ਦੀ ਪੁੱਠ ਦਿੱਤੀ ਤੇ ਬਾਣੀ ਦੀਂ ਸੁਰੀਲੀ ਲੈਅ, ਸੋਜ਼, ਤੜਪ, ਆਨੰਦ ਮਾਨਣ ਦੀ ਜਾਚ ਦੱਸੀ। ਫੁੱਲ ਗੁਰੂ ਹਰਿਗੋਬਿੰਦ ਵੇਲੇ ਨਿਕਲੇ। ਗੁਰੂ ਹਰ ਰਾਇ ਨੇ ਹੋਰ ਪਨੀਰੀ ਲਾਈ ਤੇ ਉਨ੍ਹਾਂ ਫੁੱਲਾਂ ਦੀ ਮਹਿਕ ਨੂੰ ਮਾਨਣਾ। ਏਡੇ ਵੱਡੇ ਸਫਰ ਲਈ ਗੁਣੀ ਗਿਆਨੀ ਤਪੱਸਵੀ, ਬਹਾਦਰ, ਮਾਲਾ ਦੇ ਰਸੀਏ, ਤੇ ਤਲਵਾਰ ਦੇ ਯੋਧੇ, ਉਭਰ ਕੇ ਸਾਹਮਣੇ ਆਏ। ਹੁਣ ਸਿੱਖੀ ਦਾ ਬੂਟਾ ਸਿਰ ਕੱਢ ਕੇ ਆਖ ਰਿਹਾ ਸੀ। ਸਾਰੇ ਪੰਜਾਬ ਨੂੰ ਆਓ ਮੁਸਾਫਰੋ ਮੇਰੇ ਥੱਲੇ ਘੜੀ ਆ ਕੇ ਆਰਾਮ ਕਰੋ। ਮੇਰੀ ਠੰਡੀ ਛਾਂ ਮਾਣੋ। ਲੋਰੀਆਂ ਲਵੋ। ਵਾਰਾਂ ਸੁਣੋ। ਬਾਣੀ ਦਾ ਸਰੂਰ ਲਵੋ। ਜਨਮ ਸਫਲਾ ਕਰੋ। ਇਹ ਵਕਤ ਫੇਰ ਹੱਥ ਨਹੀਂ ਆਉਣਾ। ਆਵੋ ਅਸੀਂ ਤੁਹਾਨੂੰ ਓਸ ਪ੍ਰਭੂ ਦੇ ਦਰਸ਼ਨ ਕਰਵਾਉਂਦੇ ਹਾਂ। ਪ੍ਰਭੂ ਤੁਹਾਡੇ ਅੰਦਰ ਏ। ਤੁਸੀਂ ਜ਼ਰਾ ਪਛਾਨਣ ਦੀ ਕੋਸ਼ਿਸ਼ ਕਰੋ। ਜਨਮ ਸਫਲ ਹੋਊ। ਪਾਪ ਕੱਟਣਗੇ, ਸੁੱਖ ਮਿਲੇਗਾ। ਜ਼ਿੰਦਗੀ ਦੇ ਜੰਜਾਲਾਂ ਤੋਂ ਮੁਕਤ ਹੋ ਜਾਉਗੇ। ਇਹ ਜੀਵਨ ਬੜੇ ਭਾਗਾਂ ਵਾਲਿਆਂ ਨੂੰ ਮਿਲਦਾ ਏ। ਇਹ ਜ਼ਿੰਦਗੀ ਸੁਪਨੇ ਨਿਆਈਂ ਏ। ਧੁੱਪ ਏ ਛਾਂ ਏ, ਪਤਾ ਨਹੀਂ ਲਗਣਾ, ਏਸ ਕਦ ਗੁਜ਼ਰ ਜਾਣਾ ਏ। ਫੇਰ ਪਛਤਾਇਆਂ ਕੁਝ ਨਹੀਂ ਬਨਣਾ, ਜਦ ਚਿੜੀਆਂ ਨੇ ਖੇਤ ਚੁਗ ਲਿਆ। ਆਓ ਘੜੀ ਦੀ ਘੜੀ, ਜ਼ਰਾ ਕੁ ਗੋਡਾ ਨਿਵਾ ਕੇ ਤੇ ਵੇਖ ਲਵੋ।

ਏਸ ਗੁੜ੍ਹਤੀ ਨੇ ਕਈ ਮਹਾਂ ਪੁਰਸ਼ ਪੈਦਾ ਕੀਤੇ, ਵਰਨਣ ਕਰਨਾ ਮੁਸ਼ਕਲ ਏ। ਆਓ ਮੈਂ ਤੁਹਾਨੂੰ ਕੁਝ ਬੰਦਿਆਂ ਦੇ ਦਰਸ਼ਨ ਕਰਵਾਉਂਦਾ ਹਾਂ, ਜਿਨ੍ਹਾਂ ਕਮਾਈ ਕੀਤੀ ਏ। ਪਹਿਲਾਂ ਭਾਈ ਪਰਾਗ ਨੂੰ ਮਿਲੋ।

ਰੁਖੀ ਸੁਖੀ ਖਾ ਕੇ ਠੰਡਾ ਪਾਣੀ ਪੀ, ਨਾ ਵੇਖ ਪਰਾਈ ਚੋਪੜੀ ਤੇ ਨਾ ਤਰਸਾ ਜੀਅ। ਆਪਣੇ ਚੌਂਕੇ ਵੱਲ ਵੇਖਣਾ ਤੇ ਦੂਜੇ ਵੱਲ ਅੱਖ ਪੁਟ ਕੇ ਨਹੀਂ ਵੇਖਣਾ। ਕਿਰਤ ਦਸਾਂ ਨਹੁੰਆਂ ਦੀ ਕਰਨੀ ਏ ਅਤੇ ਉਸੇ ਵਿਚ ਈ ਮਗਨ ਰਹਿਣਾ ਏ। ਪਰਾਏ ਪਦਾਰਥਾਂ ਨੂੰ ਅੱਗ ਦੇ ਚੰਗਿਆੜੇ ਵਾਂਗੂ ਸਮਝਣਾ ਏ। ਕਿਰਤ ਕਰ ਕੇ ਗੁਜ਼ਾਰਾ ਕਰਨਾ ਏ। ਆਏ ਗਏ ਦੀ ਦਿਲੋਂ ਸ਼ਰਧਾ ਨਾਲ ਸੇਵਾ ਕਰਨੀ ਏ। ਪ੍ਰਾਹੁਣਾ ਉਨ੍ਹਾਂ ਦਾ ਗੁਰੂ ਦਾ ਰੂਪ ਹੁੰਦਾ ਏ। ਬੜੀਆਂ ਬਰਕਤਾਂ ਮਨ ਵਿਚ ਤੇ ਘਰ ਵਿਚ ਖੁਸ਼ਹਾਲੀ। ਖੇੜਾ ਬਰੂਹਾਂ ਮਲੀ ਬੈਠਾ ਸੀ। ਬੰਦਾ ਆਪ ਤੇ ਮਨ ਮਾਰੇਗਾ ਪਰ ਪਸ਼ੂ ਨੂੰ ਤੇ ਨਹੀਂ ਮੋੜ ਸਕਦਾ। ਪਰ ਧੰਨ ਸੀ ਭਾਈ ਪਰਾਗ। ਉਸ ਇਕ ਅਣਹੋਣੀ, ਇਕ ਕਰਿਸ਼ਮਾ ਕੀਤਾ ਕਿ ਜਿਹੜਾ ਡੰਗਰ ਉਸ ਆਪਣੇ ਘਰ ਰਖਿਆ ਹੋਇਆ ਸੀ ਉਹਨੂੰ ਆਪਣੀ ਲਾਗ ਲਾ ਦਿੱਤੀ। ਖੁਰਲੀ ਆਪਣੀ ਵਿਚ ਪੱਠੇ ਹਨ ਤੇ ਉਸ ਖਾਣੇ ਹਨ। ਦੂਜੀ ਖੁਰਲੀ ਵੱਲ ਨਹੀਂ ਵੇਖਣਾ। ਖੇਤ ਆਪਣੇ ਵਿਚ ਹੀ ਮੂੰਹ ਮਾਰਨਾ ਏ। ਦੂਜੇ ਦੇ ਖੇਤ ਨੂੰ ਜ਼ਹਿਰ ਸਮਝਣਾ ਏ। ਧੰਨ ਸਨ ਉਹ ਮਹਾਂ ਪੁਰਸ਼ ਜਿਨ੍ਹਾਂ ਦੀ ਗੱਲ ਪਸ਼ੂ ਵੀ ਸੁਣਦੇ ਸਨ। ਇਹ ਸੁਹਬਤ ਦਾ ਅਸਰ ਏ।

ਰਿਸ਼ਤੇਦਾਰ ਤਾਂ ਹਰ ਘਰ ਵਿਚ ਆਉਂਦੇ ਹਨ ਅਤੇ ਮਿੱਤਰ ਵੀ। ਪਰ ਭਾਈ ਹੁਰਾਂ ਦੇ ਘਰ ਸਾਧੂ ਘਰ ਪੁੱਛ ਕੇ ਆਉਂਦਾ। ਭਾਈ ਘਰ ਵਿਚ ਆਸਣ ਦਿੰਦੇ, ਚਰਨ ਧੋਂਦੇ, ਪਰਸ਼ਾਦ ਛਕਾਉਂਦੇ। ਇਕ ਵੇਰਾਂ ਇਕ ਸਾਧੂ ਆ ਗਿਆ। ਉਸ ਡੇਰਾ ਆਣ ਲਾਇਆ। ਚਾਰ ਦਿਨ ਗੁਜ਼ਰ ਗਏ। ਤੇ ਸਾਧ ਆਖਣ ਲੱਗਾ ਕਿ ਧੰਨ ਹੋ ਤੁਸੀਂ ਤੇ ਧੰਨ ਏ ਤੁਹਾਡਾ ਗੁਰੂ। ਮੇਰਾ ਹਿਰਦਾ ਬੜਾ ਪ੍ਰਸੰਨ ਹੋਇਆ ਏ। ਮੇਰਾ ਜੀਅ ਕਰਦਾ ਏ ਕਿ ਮੈਂ ਤੁਹਾਨੂੰ ਕੁਝ ਦੇ ਜਾਵਾਂ। ਕੀ ਪ੍ਰਵਾਨ ਹੋਵੇਗੀ ਮੇਰੀ ਇੱਛਾ ?

—ਭਾਈ ਸਾਹਿਬ ਨੇ ਹੱਥ ਜੋੜੇ, ਫਰਮਾਇਆ, ਤੁਸੀਂ ਭਗਵਾਨ ਰੂਪ ਹੋ। ਜੋ ਹੁਕਮ ਕਰੋਗੇ ਉਹਦੀ ਪਾਲਣਾ ਕੀਤੀ ਜਾਏਗੀ।

—ਮੈਂ ਜੋਗੀ ਹਾਂ, ਸਾਧੂ ਹਾਂ, ਮੈਂ ਸਾਰੀ ਜ਼ਿੰਦਗੀ ਗਵਾ ਕੇ ਰਸਾਇਣ ਬਣਾਈ ਏ, ਮੇਰਾ ਜੀਅ ਕਰਦਾ ਏ ਤੁਹਾਨੂੰ ਦੇ ਜਾਵਾਂ।

—ਯੋਗੀ ਜੀ ਰਾਜ ਰਸਾਇਣ ਕੀ ਹੈ, ਮੈਂ ਤੇ ਅਣਜਾਣ ਹਾਂ, ਕਿਸੇ ਦਵਾਈ ਦਾ ਨਾਂ ਹੈ।

—ਨਹੀਂ ਭਲਿਆ ਪੁਰਸ਼ਾ ਰਸਾਇਣ ਸੋਨਾ ਬਣਾਉਂਦੀ ਏ। ਲੋਹੇ ਨੂੰ ਰਸਾਇਣ ਲੱਗ ਜਾਏ ਤਾਂ ਸੋਨਾ ਬਣ ਜਾਂਦਾ ਏ। ਤੂੰ ਚਾਹਵੇਂ ਤਾਂ ਸੋਨੇ ਦਾ ਮਹੱਲ ਬਣਾ ਸਕਦਾ ਏਂ।

—ਅਸਾਂ ਕੀ ਕਰਨਾ ਏ ਸੋਨਾ, ਅਸੀਂ ਇਸੇ ਵਿਚ ਹੀ ਖੁਸ਼ ਹਾਂ। ਦੌਲਤ ਦੀ ਗੁੜ੍ਹਤੀ ਨਾ ਦਿਓ। ਮੇਰਾ ਗੁਰੂ ਰੁਸ ਜਾਊ। ਗਰੀਬੀ ਮੇਰੇ ਗੁਰੂ ਨਾਨਕ ਨੇ ਦਿੱਤੀ ਏ, ਮੈਨੂੰ ਏਸੇ ਵਿਚ ਹੀ ਸੰਤੋਸ਼ ਏ।

—ਕਮਾਲ ਏ ਭਈ, ਲੋਕ ਤੇ ਤਰਸਦੇ ਹਨ, ਮੰਗੀਆਂ ਮਿੰਨਤਾਂ ਕਰਦੇ ਹਨ। ਕਾਲ ਨਿਕਲ ਜਾਊ ਰਾਜੇ ਵੀ ਉਡੀਕਾਂ ਕਰਨਗੇ।

—ਹਜ਼ੂਰ ਜੇ ਤੁਹਾਡਾ ਜੀਅ ਕਰਦਾ ਏ ਤਾਂ ਦੇ ਜਾਵੋ, ਤੁਹਾਡੇ ਹੁਕਮ ਦੀ ਉਲੰਘਣਾ ਕਰਨਾ ਪਾਪ ਏ।

—ਰਸਾਇਣ ਦਿੱਤੀ ਤੇ ਵਿਧੀ ਵੀ ਦੱਸੀ। ਧੰਨ ਹੋ, ਹੋਰ ਸੇਵਾ ਕਰਾਂਗੇ, ਜੀਵਨ ਕੁੰਦਨ ਬਣ ਜਾਊ।

ਸਾਧ ਚਲਾ ਗਿਆ। ਭਾਈ ਪਰਾਗ ਤੇ ਗੁਰੂ ਦੇ ਲੜ ਲੱਗਾ ਹੋਇਆ ਸੀ। ਖਾਣ-ਪੀਣ ਲਈ ਅੱਗੇ ਹੀ ਘਰ ਵਿਚ ਗੁਰੂ ਦੀ ਕਿਰਪਾ ਸੀ। ਇਕ ਸਾਲ ਲੰਘ ਗਿਆ। ਸਾਧ ਫੇਰ ਉਸੇ ਰਸਤੇ ਨਿਕਲ ਆਇਆ। ਖਿਆਲ ਆਇਆ ਵੇਖ ਤਾਂ ਜਾਓ, ਸੋਨੇ ਦਾ ਮਹਿਲ ਬਣ ਗਿਆ ਹੋਣਾ ਏ। ਹੁਣ ਓਸ ਸਾਨੂੰ ਬਿਲਕੁਲ ਨਹੀਂ ਪਛਾਣਨਾ।

ਬੂਹਾ ਖੜਕਾਉਣ ਦੀ ਲੋੜ ਨਾ ਪਈ ਦਰਵਾਜ਼ਾ ਅੱਗੇ ਹੀ ਖੁੱਲ੍ਹਾ ਸੀ। ਉਹੋ ਚਾਲ, ਉਹੋ ਢਾਲ, ਕੋਈ ਤਬਦੀਲੀ ਨਹੀਂ ਸੀ ਆਈ, ਸੇਵਾ ਵਿਚ ਕੋਈ ਫਰਕ ਨਹੀਂ ਆਇਆ। ਮਨ ਪ੍ਰਸੰਨ ਹੋਇਆ ਪਰ ਇਕ ਗੱਲੋਂ ਦੁਖੀ ਵੀ ਹੋਇਆ। ਯਾਰੋ ਮੈਂ ਇਹਨੂੰ ਆਪਣੀ ਜ਼ਿੰਦਗੀ ਦੀ ਕਮਾਈ ਦੇ ਕੇ ਗਿਆ ਸਾਂ ਅਤੇ ਜੇ ਮਹੱਲ ਨਹੀਂ ਤਾਂ ਕਮ-ਜ਼-ਕਮ ਮਮਟੀ ਸੋਨੇ ਦੀ ਬਣਾ ਲੈਂਦਾ, ਮੇਰਾ ਦਿਲ ਖੁਸ਼ ਹੋ ਜਾਂਦਾ। ਰਸਾਇਣ ਏ ਵੇਚ ਲਈ ਹੋਣੀ ਏ। ਉਹਦੇ ਤੇ ਸੌ ਗਾਹਕ ਹਨ। ਜੇ ਰਾਜੇ ਨੂੰ ਕਿਤੇ ਸੂਹ ਲੱਗ ਗਈ ਹੋਵੇ ਤਾਂ ਓਹ ਮੱਥਾ ਰਗੜ ਕੇ ਲੈ ਜਾਏਗਾ।

ਭੁਲੀ ਗੱਲ ਕਿਹਨੂੰ ਚੇਤੇ ਆਉਂਦੀ ਏ। ਸਜਣਾ ਮੈਂ ਤੈਨੂੰ ਰਸਾਇਣ ਦੇ ਗਿਆ ਸਾਂ। ਸੋਨੇ ਦਾ ਪਲੰਘ ਹੀ ਬਣਾ ਲਿਆ ਹੁੰਦਾ, ਤਾਂ ਵੀ ਮਨ ਖੁਸ਼ ਹੁੰਦਾ।

—ਮਹਾਰਾਜ ਮੈਨੂੰ ਕਿਉਂ ਨਰਕ ਦੀ ਪੌੜੀ ਚੜ੍ਹਾਉਣ ਲੱਗੇ ਹੋ। ਮੈਂ ਤੁਹਾਡੀ ਅਮਾਨਤ ਰੱਖੀ ਹੋਈ ਏ। ਉਹ ਆਲੇ ਵਿਚ ਜਿਥੇ ਤੁਸੀਂ ਪੋਟਲੀ ਆਪਣੇ ਹੱਥੀਂ ਰੱਖੀ ਸੀ, ਉਥੇ ਹੀ ਪਈ ਹੋਈ ਏ। ਮੈਂ ਕੀ ਕਰਨੀ ਏ ਰਸਾਇਣ। ਮੇਰੇ ਘਰ ਤੇ ਅੱਗੇ ਹੀ ਪੌਣ ਵਰ੍ਹਦੀ ਏ। ਲੈ ਜਾਓ ਕਿਸੇ ਲੋੜਵੰਦ ਨੂੰ ਦੇ ਦੇਣੀ। ਮੇਰੇ ਇਹ ਕਿਸੇ ਕੰਮ ਨਹੀਂ।

ਸਾਧੂ ਮਹਾਰਾਜ ਬਹੁਤ ਪਰੇਸ਼ਾਨ ਹੋਏ, ਦੁਖੀ ਵੀ। ਪਤਾ ਨਹੀਂ ਇਹ ਬੰਦਾ ਕਿਸ ਮਿੱਟੀ ਦਾ ਬਣਿਆ ਹੋਇਆ ਏ। ਭਾਈ ਪਰਾਗ ਆਖਣ ਲੱਗਾ, ਸਾਨੂੰ ਗੁਰੂ ਨੇ ਰਸਾਇਣ ਪਹਿਲਾਂ ਹੀ ਬਖਸ਼ ਦਿੱਤੀ ਏ। ਆਵੋ ਮੈਂ ਤੁਹਾਨੂੰ ਆਪਣੀ ਰਸਾਇਣ ਵਿਖਾਉਂਦਾ ਹਾਂ। ਉਹਨੂੰ ਆਪਣੇ ਖੇਤਾਂ ਵਿਚ ਲਿਆ ਖੜਾ ਕੀਤਾ ਤੇ ਆਖਿਆ ਮੇਰੇ ਖੇਤਾਂ ਵਿਚ ਰਸਾਇਣ ਦੱਬੀ ਹੋਈ ਏ। ਵੇਖੋ ਗੁਲਜ਼ਾਰ ਖਿੜੀ ਹੋਈ ਏ ਨਾ ? ਖਜ਼ਾਨਾ ਦਬਿਆ ਹੋਇਆ ਏ, ਇਹਨੂੰ ਪੁੱਟਣਾ ਪਾਪ ਏ, ਮੇਰੀਆਂ ਪੀੜ੍ਹੀਆਂ ਦਰ-ਪੀੜ੍ਹੀਆਂ ਖਾਣਗੀਆਂ। ਮੈਂ ਇਹਨੂੰ ਪੁੱਟ ਲਿਆ ਤਾਂ ਬਰਬਾਦ ਹੋ ਜਾਏਗਾ। ਆਉਣ ਵਾਲੀ ਪੀੜ੍ਹੀ ਕੀ ਖਾਏਗੀ।। ਧਰਤੀ ਵਿਚ ਰਸਾਇਣ ਏ, ਖਜ਼ਾਨਾ ਵੀ। ਗੁਰੂ ਦੀ ਕਿਰਪਾ ਏ। ਆਨੰਦ ਏ। ਮਨ ਵਿਚ ਸਿਧੀ ਏ। ਕਿਉਂ ਪਾਪੀ ਬਣਾਉਂਦੇ ਹੋ। ਸਾਨੂੰ ਹੁਕਮ ਏ ਗੁਰੂ ਦਾ। ਕੇਵਲ ਹੱਕ ਦੀ ਕਮਾਈ ਖਾਣ ਦਾ।

ਸਾਧੂ ਮਹਾਰਾਜ ਦੇ ਕਪਾਟ ਖੁਲ੍ਹ ਗਏ, ਆਖਣ ਲੱਗਾ ਮੈਨੂੰ ਵੀ ਲੈ ਚਲ ਆਪਣੇ ਗੁਰੂ ਕੋਲ। ਸਿਰਫ ਦਰਸ਼ਨ ਹੀ ਕੀਤੇ ਤੇ ਰੂਹ ਖਿੜ ਗਈ।

ਵਰ੍ਹਿਆਂ ਤੋਂ ਭਟਕ ਰਿਹਾ ਸੀ, ਮਨ ਨੂੰ ਸ਼ਾਂਤੀ ਮਿਲੀ, ਮਨ ਟਿਕਿਆ।

ਗੁਰੂ ਜਿਨ੍ਹਾਂ ਦੇ ਉਡਣੇ, ਚੇਲੇ ਜਾਣ ਛੜੱਪ। ਗੁਰੂ ਤੋਂ ਚੇਲਾ ਅੱਗੇ ਲੰਘ ਗਿਆ।

ਕੀਰਤਪੁਰ, ਕਾਂਸ਼ੀ ਤੇ ਹਰਿਦੁਆਰ ਕੋਈ ਪਰਾਗ ਤੋਂ ਘੱਟ ਨਹੀਂ। ਕੀਰਤਪੁਰ ਦੀ ਮਿੱਟੀ ਮੱਥੇ ਨੂੰ ਲਾਈ ਤੇ ਪ੍ਰਣਾਮ ਕੀਤਾ।

ਪੰਜਾਬ, ਰਿਸ਼ੀਆਂ ਦਾ ਦੇਸ਼ ਏ, ਮਹਾਤਮਾਵਾਂ ਦੀ ਨਗਰੀ ਏ। ਮਹਾਂਪੁਰਸ਼ਾਂ ਦਾ ਅਸਥਾਨ ਏ। ਏਥੇ ਸੋਮੇ ਫੁਟਦੇ ਹਨ ਭਗਤੀ ਦੇ। ਰੱਬ ਤੁਹਾਡੇ ਕੋਲ ਹੀ ਆਉਂਦਾ ਏ। ਬਾਕੀ ਤੇ ਸਭ ਜਗ੍ਹਾ ਵਿਖਾਵਾ ਹੀ ਵਿਖਾਵਾ ਏ ਅਸਲੀਅਤ ਕੁਝ ਨਹੀਂ। ਪੰਜਾਬ ਵਾਲਿਆਂ ਹੀ ਰੱਬ ਨੂੰ ਭਰਮਾ ਲਿਆ ਏ। ਰੱਬ ਇਨ੍ਹਾਂ ਦਾ ਯਾਰ ਬਣ ਗਿਆ ਏ। □

੪੫

ਦਸਵੰਦ

ਭਾਈ ਕਾਲੇ ਦਾ ਮੈਥੋਂ ਤੁਸਾਂ ਕਈ ਵਾਰ ਨਾਂ ਸੁਣਿਆ ਹੋਣਾ ਏ, ਅੱਜ ਦਰਸ਼ਨ ਕਰ ਲਵੋ । ਭਲੇ ਪੁਰਸ਼ਾਂ ਦੇ ਦਰਸ਼ਨ ਭਾਗਾਂ ਨਾਲ ਹੀ ਹੁੰਦੇ ਹਨ ।

ਮਸੰਦ ਦਸਵੰਦ ਵਸੂਲ ਕਰਨ ਜਾਇਆ ਕਰਦੇ ਸਨ । ਭਾਈ ਕਾਲਾ ਗੁਰੂ ਕਾ ਸਿੰਘ ਵੀ ਮਸੰਦ ਸੀ । ਸੇਵਾ ਕੀਤੀ ਖੂਬ ਰੀਝ ਲਾਹ ਕੇ । ਕਪੜੇ ਦਿੱਤੇ ਤੇ ਹੱਥ ਜੋੜ ਕੇ ਆਖਣ ਲੱਗਾ ਕਿ ਦਸਵੰਦ ਮੈਂ ਆਪ ਲੈ ਆਵਾਂਗਾ । ਨਾਲੇ ਗੁਰਾਂ ਦੇ ਦਰਸ਼ਨ ਹੋ ਜਾਣਗੇ ਤੇ ਨਾਲੇ ਆਪਣਾ ਫਰਜ਼ ਵੀ ਪੂਰਾ ਕਰ ਆਵਾਂਗਾ ।

—ਜੈਸੀ ਤੁਹਾਡੀ ਮਰਜ਼ੀ, ਕੀ ਮੈਂ ਖਾਲੀ ਹੱਥ ਜਾਵਾਂ, ਗੁਰੂ ਦਰਬਾਰ ।

ਜੋ ਕੁਝ ਸਾਥੋਂ ਸਰਦਾ ਬਣਦਾ ਏ ਹਾਜ਼ਰ ਏ । ਗੁਰੂ ਕਾ ਲਾਲ ਗੁਰੂ ਕੋਲ ਖਾਲੀ ਕਿਉਂ ਜਾਵੇ । ਇਕ ਰੇਜ਼ਾ ਤੇ ਭੇਟਾ ਮਸੰਦ ਨੂੰ ਦੇ ਕੇ ਤੋਰਿਆ ।

ਕੀਰਤਪੁਰ ਪੁੱਜਾ ਮਸੰਦ । ਜਾ ਸਾਰੀ ਕਥਾ ਸੁਣਾਈ, ਆਖਣ ਲੱਗਾ ਭਾਈ ਕਾਲਾ ਮੈਨੂੰ ਜਾਪਦਾ ਏ ਜਿਦਾਂ ਬੇਮੁੱਖ ਹੋ ਗਿਆ ਏ । ਦਸਵੰਦ ਦੇਣ ਤੋਂ ਇਨਕਾਰੀ ਏ ।

—ਨਹੀਂ ਤੁਸਾਂ ਹਾਲੇ ਤਕ ਭਾਈ ਕਾਲੇ ਨੂੰ ਜਾਣਿਆ ਹੀ ਨਹੀਂ । ਗੁਰੂ ਸਿੱਖ ਜੇ ਉਸ ਆਖਿਆ ਏ ਤਾਂ ਜ਼ਰੂਰ ਆਵੇਗਾ ।

—ਥੋੜ੍ਹੇ ਦਿਨਾਂ ਵਿਚ ਅਜੇ ਮਸੰਦ ਗੁਰ ਦਰਬਾਰ ਵਿਚ ਹੀ ਸੀ ਭਾਈ ਕਾਲਾ ਆ ਗਿਆ । ਤੇ ਸਿਰਫ ਮਾਮੂਲੀ ਜਿਹੀ ਗਠੜੀ ਸੀ ਉਹਦੇ ਸਿਰ ਤੇ ਉਹਦੇ ਵਿਚ ਚੌਲ ਬੱਝੇ ਹੋਏ ਸਨ । ਗੁਰਾਂ ਦੇ ਚਰਨ ਛੋਹੇ ਤੇ ਪੋਟਲੀ ਹਜ਼ੂਰ ਦੇ ਅੱਗੇ ਰੱਖ ਦਿੱਤੀ ।

—ਸਾਰੇ ਸਾਲ ਦੀ ਸਿਰਫ਼ ਇਹੋ ਹੀ ਦਸਵੰਦ ਏ, ਮਸੰਦ ਬੋਲਿਆ ।

—ਹਾਂ ਏਹੋ ਕੁਝ ਹੀ ਬਚਿਆ ਏ, ਲਿਆ ਹਾਜ਼ਰ ਕੀਤਾ ਏ ।

—ਬਾਕੀ ਦਸਵੰਦ ਕਿਥੇ ਗਿਆ । ਇਸੇ ਲਈ ਆਖਦੇ ਸੌ ਮੈਂ ਆਪ ਜਾ ਕੇ ਦੇ ਆਵਾਂਗਾ । ਇਹ ਗੁਰੂ ਦੀ ਅਮਾਨਤ ਵਿਚ ਹੀ ਖਿਆਨਤ ਏ ।

—ਨਹੀਂ ਗੁਰੂ ਰੂਪ ਮਸੰਦ ਜੀ ਸਿੱਖ ਕਦੇ ਝੂਠ ਨਹੀਂ ਬੋਲਦਾ ।

—ਸੱਚ ਵੀ ਨਹੀਂ ਬੋਲਦਾ, ਮਿੱਠੀਆਂ ਮਿੱਠੀਆਂ ਗੱਲਾਂ ਵਿਚ ਝੂਠ ਲੁਕਿਆ ਹੋਇਆ ਏ ।

—ਨਹੀਂ ਬਿਲਕੁਲ ਨਹੀਂ । ਝੂਠ ਦੀ ਕਿਤੇ ਅਲਾਇਸ਼ ਵੀ ਨਹੀਂ ।

—ਸਤਿਗੁਰੂ ਦਸਵੰਦ ਖੇਤੀਬਾੜੀ ਦੇ ਕੇ ਹੀ ਮਾਮਲਾ ਤਾਰ ਕੇ ਹੀ ਲੋਕ ਦੱਸ ਦੱਸ ਗੱਡੇ ਲਿਆਏ ਹਨ । ਪਰ ਮੇਰੇ ਇਲਾਕੇ ਵਿਚ ਕਾਲ ਪੈ ਗਿਆ ਤੇ ਝੱਟ ਹੀ ਮੈਨੂੰ ਗੁਰੂ ਵਾਕ ਚੇਤੇ ਆਏ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਏ । ਲੋੜਵੰਦ ਤੇ ਭੁੱਖੇ ਲੋਕਾਂ ਦੀ ਭੀੜ ਲੱਗ ਗਈ । ਮੈਂ ਕੀ ਕਰਦਾ, ਭੁੱਖੇ ਮੈਥੋਂ ਵੇਖੇ ਨਾ ਗਏ । ਮੈਂ ਸੋਚਿਆ ਉਥੇ ਤੇ ਲੰਗਰ ਵਿਚ ਹੀ ਅਨਾਜ ਜਾਣਾ ਏ । ਜੇ ਇਹਨਾਂ ਲੋੜਵੰਦ ਭੁਖਿਆਂ ਦਾ ਢਿੱਡ ਭਰ ਜਾਏ ਤਾਂ ਗੁਰੂ ਖੁਸ਼ ਹੋਣਗੇ ।

ਮੈਂ ਦੱਸ ਗੱਡੇ ਜਿਹੜੀਆਂ ਬੋਰੀਆਂ ਭਰੀਆਂ ਹੋਈਆਂ ਸਨ ਉਹ ਜਿਨਸ ਸਾਰੀ ਦੀ ਸਾਰੀ ਵੰਡ ਦਿੱਤੀ ਸਿਰਫ ਇਹੋ ਹੀ ਪੋਟਲੀ ਬਚੀ ਏ, ਲਿਆ ਹਾਜ਼ਰ ਕੀਤੀ ਏ । ਖਾਲੀ ਹੱਥ ਆਇਆ ਹਾਂ ਢਿੱਡ ਭਰਿਆ ਏ ਗਰੀਬਾਂ ਦਾ ਮੈਥੋਂ ਭੁੱਲ ਹੋ ਗਈ ।

ਗੁਰੂ ਪਾਤਸ਼ਾਹ ਨੇ ਸਿਰ ਤੇ ਹੱਥ ਰੱਖਿਆ ਤੇ ਫਰਮਾਇਆ । ਸਿੱਖਾ ! ਨਿਹਾਲ ਕਰ ਦਿੱਤਾ ਈ, ਇਹਨੂੰ ਕਹਿੰਦੇ ਹਨ ਸਿੱਖੀ ।

ਭਾਈ ਬਿਧੀ ਚੰਦ ਸੋਸਨ ਵਾਲੇ ਡਰੋਲੀ ਦੇ ਲਾਗੇ ਰਹਿਣ ਵਾਲਾ ਹਰ ਸਾਲ ਜਵਾਲਾ-ਮੁਖੀ ਜਾਂਦਾ ਇਕ ਵਾਰ ਕੀਰਤਪੁਰ ਆ ਗਿਆ । ਵੇਖਿਆ ਕਿ ਇਥੇ ਤੇ ਜਵਾਲਾਮੁਖੀ ਵਰਗਾ ਹੀ ਅਨੰਦ ਮਿਲ ਰਿਹਾ ਏ ਉਹਨੂੰ ਥਾਂ-ਥਾਂ ਤੇ ਮਾਤਾ ਦੇ ਦਰਸ਼ਨ ਹੋਏ । ਹਰ ਜਗ੍ਹਾ ਤੇ ਰੱਬ ਵਸਦਾ ਏ ਦੇਵੀ ਦੇਵਤੇ ਉਥੇ ਹੀ ਰਹਿੰਦੇ ਹਨ ਜਿੱਥੇ ਰੱਬ ਦਾ ਯਾਰ ਵਸੇ ।

□

੯
ਕਤਿਕਿ

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ।
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ।
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ।
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ।
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ।
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ।
ਵਡਭਾਗੀ ਮੇਰਾ ਪ੍ਰਭ ਮਿਲੈ ਤਾਂ ਉਤਰਹਿ ਸਭ ਬਿਓਗ ।
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ।
ਕਤਿਕ ਹੋਵੈ ਸਾਧ ਸੰਗ ਬਿਨਸਹਿ ਸਭੇ ਸੋਚ ॥

੪੯
ਬਖਸ਼ਸ਼ਾਂ

ਬਖਸ਼ਸ ਜਾਂ ਰੱਬ ਕਰੇ ਜਾਂ ਫਿਰ ਗੁਰੂ ਕਰੇ ਹੋਰ ਕਿਸੇ ਦੇ ਬਲਬੋਤੇ ਦੀ ਗਲ ਨਹੀਂ। ਫਕੀਰ ਦੁਆ ਦਿੰਦੇ ਹਨ, ਬਾਦਸ਼ਾਹ ਜਗੀਰਾਂ ਬਖਸ਼ਦੇ ਹਨ, ਸ਼ਾਹੂਕਾਟ ਕਿਸੇ ਦਾ ਡੰਗ ਟਪਾ ਸਕਦਾ ਏ ਇਸ ਤੋਂ ਵੱਧ ਹੋਹ ਕੁਝ ਨਹੀਂ ।

ਜੋ ਚਾਰ ਧੂਣਿਆਂ ਨੇ ਸਿੱਖੀ ਨੂੰ ਨਗਰ ਨਗਰ, ਗਰਾਂ ਗਰਾਂ, ਪਿੰਡ ਪਿੰਡ ਪੁਚਾ ਦਿੱਤਾ। ਗੁਰੂਧਾਮ ਕਾਇਮ ਕੀਤੇ ਧਰਮਸ਼ਲਾਵਾਂ ਬਣਵਾਈਆਂ, ਤੇ ਅਨੇਕਾਂ ਜੀਆਂ ਵਿਚ ਸਿੱਖੀ ਦਾ ਬੀਜ ਬੋਇਆ ਇਹ ਗੁਰੂ ਹਰਰਾਇ ਦੀ ਰਹਿਮਤ ਦਾ ਸਦਕਾ ਸੀ। ਉਹਨਾਂ ਸਾਰੀ ਕੌਮ ਵਿਚੋਂ ਮੱਖਣ ਕੱਢ ਲਿਆ ਤੇ ਉਹੋ ਹੀ ਸਵਾਰ ਬਣੇ ਤੇ ਉਹਨਾਂ ਨੇ ਇਸ ਯੋਗ ਨੂੰ ਨਿਭਾਇਆ ਕੌਮ ਤੇ ਤਾਹੀਓਂ ਹੀ ਨਿਖਰਦੀ ਏ ਨਾ ਜੇ ਉਹਦੇ ਵਿਚੋਂ ਕਰੀਮ ਕੱਢ ਲਈ ਜਾਵੇਂ ਤੇ ਫਿਰ ਵਾਰੀ ਆਈ ਬਖਸ਼ਸਾਂ ਦੇਣ ਦੀ, ਦਿਆਲੂ ਨੇ ਬਖਸ਼ਸਾਂ ਨਾਲ ਨਿਹਾਲ ਕਰ ਦਿੱਤਾ ਤੇ ਪਰਚਾਰ ਦੇ ਕਾਰਜ ਲਾ ਦਿੱਤਾ ।

ਇਹਨਾਂ ਬਖਸ਼ਸ਼ਾਂ ਦਾ ਸਦਕਾ ਹੁਣ ਕੋਈ ਕੋਨਾ ਐਸਾ ਨਹੀਂ ਸੀ ਜਿਥੇ ਧਰਮਸ਼ਾਲਾ ਨਾ ਹੋਵੇ, ਲੰਗਰ ਨਾ ਲੱਗੇ, ਵਿਦਿਆ ਪੜ੍ਹਨ ਦੇ ਕੇਂਦਰ ਨਾ ਬਣੇ ਹੋਣ, ਹਕੂਮਤ ਦੇ ਮਦਰੱਸੇ ਸਨ ਜਿਥੇ ਇਕੱਠੇ ਪੜ੍ਹਦੇ ਸਨ ਹਿੰਦੂ ਤੇ ਮੁਸਲਮਾਨ ਤੇ ਨਵੇਂ ਨਵੇਂ ਬਣੇ ਸਿੱਖ। ਉਹਨਾਂ ਮਦਰੱਸਿਆਂ ਵਿਚੋਂ ਜਦ ਵਿਦਿਆਰਥੀ ਇਮਤਿਹਾਨ ਪਾਸ ਕਰਕੇ ਨਿਕਲਦਾ ਉਹ ਮੌਲਵੀ ਮੁਨਸ਼ੀ ਸਰਕਾਰੇ ਦਰਬਾਰੇ ਕੰਮ ਕਰਨ ਦੇ ਲਾਇਕ ਬਣਦਾ। ਧਰਮ ਵਲੋਂ ਬਿਲਕੁਲ ਕੋਰਾ ਹੁੰਦਾ। ਗੁਰਾਂ ਨੇ ਸਮੇਂ ਦੀ ਨਬਜ਼ ਪਛਾਣ ਲਈ ਸੀ ਇਸ ਲਈ ਵਿਦਿਆ ਦੇ ਕੇਂਦਰ ਖੋਲ੍ਹਣੇ ਜ਼ਰੂਰੀ ਸਨ। ਧਰਮ ਦੀ ਪਨੀਰੀ ਲਾਈ ਗਈ ਤੇ ਇਸ ਪਨੀਰੀ ਨੂੰ ਫੁੱਲ ਬੂਟੇ ਪੈਣੇ ਹੀ ਸਨ।

ਆਖਣ ਨੂੰ ਤੇ ਯਾਰ ਬਖਸ਼ਸ਼ਾਂ ਦਾ ਜ਼ਿਕਰ ਕਰਦੇ ਹਨ ਸਾਖੀਕਾਰਾਂ ਅਨੁਸਾਰ ਉਹਨਾਂ ਵਿਚੋਂ ਦੱਸਾਂ ਨੂੰ ਹਰ ਰਾਇ ਕੋਲੋਂ ਬਖਸ਼ਸ਼ ਮਿਲੀ। ਇਸੇ ਲਈ ਬਖਸ਼ਸ਼ ਨਾਂ ਪੈ ਗਿਆ।

ਰਾਵੀ ਤੇ ਬਿਆਸ ਦੇ ਇਲਾਕੇ ਜਿਹਨੂੰ ਦੁਆਬਾ ਆਖ ਲਵੋ ਜਾਂ ਲੰਮਾ ਦੇਸ਼ ਗਲ ਇਕੋ ਹੀ ਏ। ਇਸ ਇਲਾਕੇ ਵਿਚ ਮੀਏਂ ਕੇ ਮੋੜ ਦੇ ਪਰਗਣਿਆਂ ਵਿਚ ਤਹਿਸੀਲ ਚੂਨੀਆਂ ਲਾਹੌਰ ਤੋਂ ਉਰੇ ਪਿੰਡ ਅੰਮਬਾੜੀ ਵਿਚ ਭਾਈ ਬਨੇ ਦੇ ਘਰ ਇਕ ਬਾਲਕ ਨੇ ਜਨਮ ਲਿਆ ਉਸ ਦਾ ਨਾਂ ਸੰਗਤ ਰੱਖਿਆ ਗਿਆ। ਛੋਟੀ ਉਮਰ ਵਿਚ ਕੰਮ ਕਾਰ ਵਿਚ ਪੈ ਗਿਆ। ਰੇਹੜੀ ਲਾ ਕੇ ਸਾਮਾਨ ਵੇਚਦਾ ਤੇ ਘਰ ਸੌਖਾ ਹੋ ਗਿਆ। ਗੁਰੂ ਸੋਭਾ ਸੁਣ ਕੇ ਕੀਰਤਪੁਰ ਆਇਆ ਪਰ ਇਥੇ ਆ ਕੇ ਵੀ ਆਪਣਾ ਕਿੱਤਾ ਨਾ ਛੱਡਿਆ ਫੇਰੀ ਇਥੇ ਆ ਕੇ ਵੀ ਲਾਉਣੀ ਸ਼ੁਰੂ ਕਰ ਦਿੱਤੀ। ਪਰ ਕੀਰਤਪੁਰ ਵਿਚ ਫੇਰੀ ਦਾ ਇਕ ਸਮਾਂ ਬੰਨ੍ਹ ਲਿਆ ਸੀ। ਸੂਰਜ ਢੱਲਣ ਤੋਂ ਜ਼ਰ੍ਹਾ ਕੁ ਦੇਰ ਬਾਅਦ ਕੀਰਤਪੁਰ ਪਰਤ ਆਉਣਾ ਤੇ ਗੁਰੂ ਕੇ ਲੰਗਰ ਵਿਚ ਸੇਵਾ ਕਰਨ ਤੇ ਜੁੱਟ ਜਾਣਾ। ਸੇਵਾ ਦੀ ਲਗਨ ਦਿਨ ਬਦਿਨ ਵੱਧਦੀ ਗਈ ਤੇ ਫੇਰੀ ਦਾ ਵਕਤ ਘਟਾ ਦਿੱਤਾ, ਛੜਮ ਛੜਾ ਸੀ, ਕੋਈ ਖਰਚ ਨਹੀਂ ਸੀ, ਖਰਚਾ ਨਹੀਂ ਸੀ, ਫਿਕਰ ਨਹੀਂ ਸੀ, ਫਾਕਾ ਨਹੀਂ ਸੀ, ਆਟਾ ਲਿਆਉਣ ਦਾ ਫਿਕਰ ਨਹੀਂ, ਲੂਣ-ਤੇਲ ਲਕੜੀਆਂ ਦਾ ਕੋਈ ਸਿਰ ਤੇ ਭਾਰ ਨਹੀਂ। ਇਕੱਲਾ ਦਮ, ਰੋਟੀ ਲੰਗਰ ਵਿਚੋਂ ਮਿਲੀ ਤੇ ਉਥੋਂ ਖਾ ਲਈ ਤੇ ਬਾਹਰੋਂ ਕਿਸੇ ਨੇ ਖਵਾ ਦਿੱਤੀ ਤੇ ਗੁਰੂ ਦਾ ਨਾਂ ਲੈ ਕੇ ਉਥੇ ਹੀ ਢਿਡ ਭਰ ਲਿਆ। ਸਿਰਫ ਗੁਜ਼ਾਰੇ ਜੋਗੇ ਹੀ ਪੈਸੇ ਕਮਾ ਲੈਣੇ ਤੇ ਮੌਜ ਕਰਨੀ।

ਜਿਉਂ ਜਿਉਂ ਦਿਨ ਬੀਤੇ ਗੁਰੂ ਦੇ ਨੇੜੇ ਨੇੜੇ ਹੋ ਗਿਆ। ਇਕ ਦਿਨ ਭਾਈ ਭਗਤੂ ਨਾਲ ਵੀ ਸਾਂਝ ਪੈ ਗਈ। ਗੁਰੂ ਦੇ ਖੇਤਾਂ ਵਿਚ ਵਾਢੀ ਦੇ ਦਿਨ ਸਨ। ਕਾਮੇ ਕਣਕ ਵੱਢ ਰਹੇ ਸਨ, ਸੰਗਤ ਵੀ ਤੇ ਭਾਈ ਹੁਰੀ ਵੀ ਨਾਲ ਸਨ।

ਇਕ ਕਾਮੇ ਨੇ ਸਭੌਕੀ ਆਖਿਆ, ਭਾਈ ਸਾਹਿਬ ਸਾਡੀ ਮਿਹਨਤ ਵੱਲ ਵੇਖੋ ਤੁਸੀਂ ਪਰਸ਼ਾਦ ਤੇ ਲੈ ਆਏ ਹੋ, ਪਰਸ਼ਾਦੇ ਵੀ ਹਨ ਤੇ ਦਾਲ ਵੀ। ਪਰ ਇਨ੍ਹਾਂ ਉਤੇ ਥੋੜਾ ਘਿਓ ਘੱਟ ਪਾਉਂਦੇ ਹੋ ਸਾਡੀਆਂ ਰੋਟੀਆਂ ਖੁਸ਼ਕ ਰਹਿ ਜਾਂਦੀਆਂ ਹਨ। ਸਾਡੀ ਮਿਹਨਤ ਵੱਲ ਵੇਖੋ ਜ਼ਬਾਨ ਉਤੇ ਥੰਦਿਆਈ ਤਕ ਨਹੀਂ ਆਉਂਦੀ। ਮਿਹਨਤ ਮੁਸ਼ੱਕਤ ਅਸੀਂ ਦਿਲ ਲਗਾ ਕੇ ਕਰਦੇ ਹਾਂ ਕਮ-ਅਜ਼-ਕਮ ਏਨਾ ਘਿਓ ਜ਼ਰੂਰ ਚਾਹੀਦਾ ਏ ਜਿਹਦੇ ਨਾਲ ਸਾਡੀ ਥਕਾਵਟ ਤੇ ਉਤਰ ਜਾਏ, ਖਵਾਓ ਚੰਗਾ ਤੇ ਕੰਮ ਵੀ ਡਟ ਕੇ ਲਓ।

ਫੇਰੀ ਓਹਨੀਂ ਦਿਨੀਂ ਘਿਓ ਦੀ ਸੇਵਾ ਕਰਦਾ ਸੀ ਸੰਗਤ। ਘਿਓ ਤੇ ਹੋਰ ਸੌਦਾ ਸਲਫ ਲਿਆਇਆ ਕਰਦਾ ਸੀ। ਸੰਗਤ ਨੇ ਦੋ ਕੁੱਪੇ ਘਿਓ ਲਿਆ ਰੱਖੇ। ਤੇ ਉਧਰ ਮਜ਼ਦੂਰਾਂ ਨੇ ਆਪਣੀ ਜ਼ਰੂਰਤ ਦੱਸੀ ਸੀ। ਮਜ਼ਦੂਰ ਖੁਸ਼ ਹੋਣੇ ਚਾਹੀਦੇ ਸਨ, ਗੱਲ ਵੀ ਤੇ ਠੀਕ ਏ ਉਹਨਾਂ ਕਾਮਿਆਂ ਦੀ, ਕਰ ਮਜ਼ਦੂਰੀ ਤੇ ਖਾਹ ਚੂਰੀ। ਜੇ ਖੁਰਾਕ ਨਾ ਹੋਵੇਗੀ ਤਾਂ ਦੂਜੇ ਦਿਨ ਕੰਮ ਨਹੀਂ ਹੋਣ ਲੱਗਾ ਇਸ ਲਈ ਓਹਨਾਂ ਦਾ ਖ਼ਿਆਲ ਰੱਖਣਾ ਬਹੁਤ ਹੀ ਜ਼ਰੂਰੀ ਏ। ਕੁੱਪੇ ਘਿਓ ਦੇ ਤਾਂ ਆ ਹੀ ਗਏ ਸਨ।

ਹੁਕਮ ਦਿੱਤਾ ਭਾਈ ਭਗਤੂ ਨੇ। ਸੰਗਤਾ, ਅੱਜ ਦੋ ਦੋ ਪੱਲੀਆਂ ਆਪਣੇ ਘਿਓ ਦੀਆਂ ਹਰ ਇਕ ਕਾਮੇ ਦੀ ਰੋਟੀ ਉਤੇ ਪਾ ਦੇਹ, ਪਰਵਾਹ ਕਰਨ ਦੀ ਲੋੜ ਨਹੀਂ। ਜੀਅ ਖੁਸ਼ ਕਰ ਦੇਹ ਇਹਨਾਂ ਦੇ ਸਦਕੇ ਸਾਡੀ ਖੇਤੀ ਹਰੀ ਭਰੀ ਏ। ਜਿੰਨਾ ਘਿਓ ਵਰਤੇਗਾ ਉਹਦੀ ਰਕਮ ਗੁਰ ਖਜ਼ਾਨੇ 'ਚੋਂ ਮਿਲ ਜਾਊ।

ਰੋਟੀ ਵੇਲੇ ਸੰਗਤ ਨੇ ਘਿਓ ਦੇ ਕੁੱਪੇ ਗਰਮ ਕਰਵਾ ਲਏ ਤੇ ਦੋ ਦੋ ਪਲੀਆਂ ਹੁਕਮ ਦੇ ਮੁਤਾਬਕ ਹਰ ਇਕ ਨੂੰ ਪਾ ਦਿੱਤੀਆਂ। ਦਿਲ ਵਿਚ ਰੀਝ ਆਈ, ਮਿਹਰਬਾਨ ਹੋਇਆ ਮਨ ਇਕ

ਇਕ ਪਲੀ ਆਪਣੀ ਵਲੋਂ ਵੀ ਪਾ ਦਿੱਤੀ, ਕਾਮੇ ਖੁਸ਼ ਹੋ ਗਏ, ਛਾਲਾਂ ਮਾਰ ਰਹੇ ਸਨ ਇਕ ਕੁੱਪਾ ਤੇ ਖਾਲੀ ਹੋ ਗਿਆ ਤੇ ਦੂਸਰੇ ਦਾ ਵੀ ਥੱਲਾ ਨਜ਼ਰ ਆਉਣ ਲੱਗ ਪਿਆ।

ਭਾਈ ਭਗਤੂ ਬੜੇ ਪ੍ਰਸੰਨ ਹੋਏ। ਘਿਓ ਵਾਲੇ ਖਾਲੀ ਕੁੱਪੇ ਕਮਰੇ ਵਿਚ ਰੱਖ ਦਿੱਤੇ ਤੇ ਰਾਤੀਂ ਬਾਂਹ ਸਰਹਾਣੇ ਰੱਖ ਕੇ ਸੌਂ ਗਿਆ ਸੰਗਤ। ਦਿਨ ਚੜ੍ਹਿਆ, ਇਸ਼ਨਾਨ ਧਿਆਨ ਕੀਤਾ, ਬਾਣੀ ਪੜ੍ਹੀ। ਤੇ ਫੇਰੀ ਲਈ ਬਾਹਰ ਨਿਕਲਿਆ, ਸੰਗਤਾ। ਸੋਚਿਆ ਖਾਲੀ ਕੁੱਪੇ ਲੈ ਲਵਾਂ ਆਉਂਦਿਆਂ ਘਿਓ ਦੇ ਭਰਵਾਂ ਲਿਆਵਾਂਗਾ।

ਜਦ ਕੁੱਪੇ ਨੂੰ ਹੱਥ ਲਾਇਆ ਤਾਂ ਕੁੱਪਾ ਮੂਹੋਂ ਮੂੰਹ ਭਰਿਆ ਹੋਇਆ ਸੀ ਡੁਲ੍ਹ ਡੁਲ੍ਹ ਪੈਂਦਾ ਸੀ ਘਿਓ, ਬੜਾ ਹੈਰਾਨ ਹੋ ਗਿਆ, ਇਹ ਕੋਈ ਕ੍ਰਿਸ਼ਮਾ ਏ ਜਾਂ ਮੈਂ ਫਿਰ ਕੋਈ ਸੁਪਨਾ ਵੇਖ ਰਿਹਾ ਹਾਂ। ਝਟ ਭਾਈ ਭਗਤੂ ਕੋਲ ਗਿਆ ਤੇ ਆਖਣ ਲੱਗਾ। ਭਾਈ ਜੀ ਤੁਸਾਂ ਕੀ ਕਰਾਮਾਤ ਕੀਤੀ ਏ। ਕੁੱਪੇ ਖਾਲੀ ਰਾਤੀਂ ਕਰਕੇ ਸੁੱਤੇ ਸਾਂ ਹੁਣ ਵੇਖਿਆ ਏ ਕਿ ਕੁੱਪੇ ਭਰੇ ਹਨ, ਕੀ ਤੁਸਾਂ ਭਰਵਾਏ ਹਨ ? ਨਾ ਭਾਈ ਨਾ, ਮੈਂ ਤੇ ਕੁਝ ਜਾਣਦਾ ਹੀ ਨਹੀਂ, ਮੈਨੂੰ ਤੇ ਕੁਝ ਪਤਾ ਹੀ ਨਹੀਂ। ਚਲ ਕੁੱਪੇ ਵੇਖਦੇ ਹਾਂ।

ਜਦ ਸਾਰਾ ਮਾਜਰਾ ਵੇਖਿਆ ਤਾਂ ਭਾਈ ਭਗਤੇ ਨੇ ਆਖਿਆ ਕਿ ਇਹ ਸਭ ਗੁਰੂ ਦੀ ਕਿਰਪਾ ਏ, ਉਹਨਾਂ ਦੀ ਹੀ ਲੀਲਾ ਏ।

—ਭਾਈ ਮੈਨੂੰ ਵੀ ਲੈ ਚਲੋ ਬਰਕਤਾਂ ਦੇ ਦਾਤੇ ਦੇ ਪਾਸ।

—ਸਵੇਰੇ ਚਲਾਂਗੇ, ਜ਼ਰਾ ਕਣਕ ਦੀਆਂ ਭਰੀਆਂ ਬੰਨ੍ਹ ਲਈਏ।

ਜਾ ਮੱਥੇ ਟੇਕੇ ਤੇ ਸੰਗਤ ਨੂੰ ਨਾਲ ਲੈ ਕੇ ਗਏ ਸਨ। ਦਾਤੇ ਅੱਗੇ ਅਰਜ਼ ਕੀਤੀ ਭਾਈ ਭਗਤੂ ਨੇ।

—ਸੇਵਾ ਤੇ ਇਹ ਬੜੇ ਚਿਰ ਦੀ ਕਰ ਰਿਹਾ ਏ ਤੇ ਹੁਣ ਸ਼ਰਧਾ ਧਾਰ ਆਇਆ ਏ।

ਮਹਾਰਾਜ ਨੇ ਫਰਮਾਇਆ ਫੇਰੀ ਕਰਦਿਆਂ ਤੈਨੂੰ ਇਹ ਦਾਤ ਮਿਲੀ ਏ ਤੂੰ ਸਾਡਾ ਫੇਰੂ ਸਿੱਖ ਹੋਇਓਂ :

ਅਬ ਸਭਿ ਤਜ ਕਰ ਦੇਗ ਚਲਾਵਹੁ, ਸਤਿਨਾਮ ਸਿਮਰਹੁ ਗੁਨ ਗਾਵਹੁ ॥

ਗੁਰੂ ਦੀ ਮਿਹਰ ਸਦਕਾ ਲੰਗਰ ਚਲਾਓ, ਜੋ ਆਏ ਖਵਾਓ, ਯਸ਼ ਕਰੋ।

ਤਜਰਬਾ ਘੱਟ ਸੀ ਕਦੇ ਬੰਦੇ ਬਹੁਤੇ ਆ ਜਾਂਦੇ ਤੇ ਕਦੇ ਬੰਦੇ ਲੱਭਣੇ ਪੈਂਦੇ। ਇਕ ਦਿਨ ਦੀ ਗਲ ਏ, ਰੋਟੀ ਦਾ ਵੇਲਾ ਲੰਘ ਚੁਕਾ ਸੀ, ਖਾਓ ਪੀਆ ਹੋ ਗਿਆ, ਸੰਗਤ ਆ ਗਈ।

ਸੰਗਤ ਭੁੱਖੀ ਸੀ। ਕਾਹਲੀ ਸੀ, ਡਰ ਸੀ, ਭੈਅ ਸੀ, ਕਾਹਲੀ ਕਾਹਲੀ ਜੋ ਹੱਥ ਵਿਚ ਆਇਆ ਵਰਤਾ ਦਿੱਤਾ, ਪਰਾਉਂਠੇ ਵੀ ਸਨ ਤੇ ਮਿੱਠੇ ਪਰਸ਼ਾਦੇ ਵੀ। ਪੰਗਤ ਬੈਠੀ ਹੋਈ ਸੀ। ਕਿਸੇ ਨੂੰ ਮਿੱਠੇ ਪਰਸ਼ਾਦੇ ਮਿਲੇ ਤੇ ਕਿਸੇ ਨੂੰ ਪਰਾਉਂਠੇ ਘਿਓ ਵਿਚ ਨੁਚੜਦੇ।

ਜਨਤਾ ਨੂੰ ਕਾਹਦਾ ਲਿਹਾਜ਼ ਏ, ਇਕ ਬੰਦਾ ਬੋਲਿਆ ਪੰਗਤ ਵਿਚੋਂ। ਫੇਰੂ ਤੂੰ ਲੰਗਰ ਕਾਣਾ ਕੀਤਾ ਏ।

ਭਾਈ ਫੇਰੂ ਨੇ ਹੱਥ ਜੋੜੇ ਤੇ ਅਰਜ਼ ਕੀਤੀ ਕਿ ਭੁੱਲ ਹੋ ਗਈ ਏ :

ਮਮ ਏਕ ਆਖ ਕਾਣੀ ਕਰੇ, ਗੁਰੂ ਲੰਗਰ ਰਖੋ ਬਹਾਲ ॥

ਭਾਈ ਫੇਰੂ ਨੇ ਆਖਿਆ ਸਿੱਖਾ ਲੰਗਰ ਨੂੰ ਕਾਣਾ ਨਾ ਆਖ ਮੇਰੀ ਅੱਖ ਭਾਵੇਂ ਕਾਣੀ ਹੋ ਜਾਏ, ਇਸੇ ਤਰ੍ਹਾਂ ਹੀ ਹੋਇਆ ਉਹਨਾਂ ਦੀ ਇਕ ਅੱਖ ਜਾਂਦੀ ਰਹੀ ਪਰ ਲੰਗਰ ਨੂੰ ਆਂਚ ਨਾ

ਆਉਣ ਦਿੱਤੀ, ਜਦ ਇਹ ਖਬਰ ਗੁਰੂ ਹਰਰਾਇ ਪਾਸ ਪੁੱਜੀ ਤਾਂ ਆਖਿਆ ਧੰਨ ਸਿੱਖੀ ਹੋਰ ਬਖਸ਼ਸ਼ ਦੇ ਕੇ ਨਿਹਾਲ ਕੀਤਾ, ਬਾਣੀ ਦੀ ਪੋਥੀ, ਮਾਲਾ ਤੇ ਮਜੀਠੀ ਚੋਲਾ ਬਖਸ਼ਿਆ। ਤੇ ਦੇਸ਼ ਵਿਚ ਸਿੱਖੀ ਪਰਚਾਰ ਕਰਨ ਦੀ ਆਗਿਆ ਕੀਤੀ ਤੇ ਫਰਮਾਇਆ ਜਾਹ ਹੱਥ ਤੇਰਾ ਤੇ ਖੀਸਾ ਮੇਰਾ ਨਿਝੱਕ ਹੋ ਕੇ ਵਰਤਾਓ :

ਖਾਵਹੁ ਖਰਚਹੁ ਰਲ ਮਿਲ ਭਾਈ, ਤੋਟਿ ਨ ਆਵੈ ਵਧਦੋ ਜਾਈ।

ਮਾਏ ਕੇ ਮੋੜ ਉਹਨਾਂ ਦੀ ਜੂਹ ਵਿਚ ਆਸਣ ਲਾ ਦਿੱਤਾ, ਨਾਮ ਦਾਨ ਖਾਣ ਪਾਣ ਦਾ ਪ੍ਰਤੱਖ ਲੰਗਰ ਲਾ ਦਿੱਤਾ। ਆਓ, ਖਾਓ ਗੁਰੂ ਕੇ ਪਿਆਰਿਓ।

ਲੰਗਰ ਵਿਚ ਏਨੇ ਮਸਤ ਹੋ ਗਏ ਤੇ ਉਹਨਾਂ ਨੂੰ ਆਪਣੀ ਸੁੱਧ ਬੁਧ ਹੀ ਨਾ ਰਹੀ। ਲੰਗਰ ਸਾਰਾ ਜਹਾਨ ਹੋ ਗਿਆ ਇਹੋ ਹੀ ਦੀਨ ਸੀ ਤੇ ਇਹੋ ਹੀ ਜ਼ਿੰਦਗੀ।

ਇਸ ਤੋਂ ਬਾਅਦ ਕਈ ਹੋਰ ਬਖਸ਼ਸ਼ਾਂ ਲਈਆਂ ਭਾਈ ਫੇਰੂ ਨੇ। ਅਸਲ ਵਿਚ ਬਖਸ਼ਸ਼ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਬਖਸ਼ੀ ਸੀ। ਇਹਦੀ ਕਹਾਣੀ ਇਸ ਤਰ੍ਹਾਂ ਬਿਆਨ ਕੀਤੀ ਜਾਂਦੀ ਏ ਕਿ ਦਸਵੇਂ ਪਾਤਸ਼ਾਹ ਵੇਲੇ ਭਾਈ ਫੇਰੂ ਦੀ ਸ਼ੋਭਾ ਚੌਂਹ ਕੂਟਾਂ ਵਿਚ ਫੈਲ ਚੁਕੀ ਸੀ। ਗੁਰੂ ਕਾ ਰੂਪ ਸਮਝਿਆ ਜਾਂਦਾ ਸੀ ਭਾਈ ਫੇਰੂ। ਮੰਜਦ ਪ੍ਰਥਾ ਰੋਕਣ ਤੋਂ ਬਾਅਦ ਕਿਸੇ ਨੇ ਆਖਿਆ ਮਹਾਰਾਜ ਫੇਰੂ ਬੜਾ ਧਨੀ ਏ, ਲੰਗਰ ਅੱਠੇ ਪਹਿਰ ਚਲਦਾ ਏ ਤੇ ਉਹ ਤੁਹਾਡੇ ਦਰਸ਼ਨਾਂ ਨੂੰ ਵੀ ਨਹੀਂ ਆਇਆ। ਮਹਾਰਾਜ ਨੇ ਜਿਸ ਤਰ੍ਹਾਂ ਹੋਰ ਹੁਕਮ ਪਠਾਏ ਸਨ ਫੇਰੂ ਵਲ ਵੀ ਹੁਕਮਨਾਮਾ ਭੇਜ ਦਿੱਤਾ। ਤੇ ਨਾਲ ਹੁਕਮ ਦਿੱਤਾ ਮੁਸ਼ਕਾਂ ਬੰਨ੍ਹ ਕੇ ਲਿਆਓ।

ਜਦ ਸੇਵਕ ਉਥੇ ਪੁੱਜੇ ਤਾਂ ਹੈਰਾਨ ਹੋ ਗਏ, ਲੰਗਰ ਦੀ ਰੌਣਕ ਵੇਖ ਕੇ। ਭਾਈ ਸਾਹਿਬ ਹੱਥੀਂ ਸੇਵਾ ਕਰ ਰਹੇ ਸਨ ਨਾ ਸੌਣ ਦੀ ਚਿੰਤਾ ਨਾ ਅਰਾਮ ਕਰਨ ਦਾ ਵਕਤ। ਬੱਸ ਇਕੋ ਹੀ ਧੁੰਨ ਸੀ। ਲੰਗਰ ਚਲੇ ਗੁਰੂ ਕਾ।

ਹੁਕਮ ਨਾਮਾ ਸੁਣਾਇਆ। ਹੱਥ ਜੋੜੇ ਜੇ ਮੇਰੇ ਗੁਰੂ ਨੇ ਯਾਦ ਕੀਤਾ ਏ। ਚਲੋ ਮੁਸ਼ਕਾਂ ਬੰਨ੍ਹ ਲਵੋ ਮੇਰੇ ਗੁਰੂ ਦਾ ਹੁਕਮ ਏ।

—ਨਹੀਂ ਤੁਹਾਡੀਆਂ ਮੁਸ਼ਕਾਂ ਨਹੀਂ ਬੰਨ੍ਹੀਆਂ ਜਾ ਸਕਦੀਆਂ, ਐਂਵੇਂ ਕਿਸੇ ਨੇ ਚੁਗਲੀ ਕੀਤੀ ਏ।

—ਨਾ ਭਈ ਨਾ, ਤਾਂ ਫ਼ਿਰ ਮੈਂ ਨਹੀਂ ਜਾਣਾ, ਮੁਸ਼ਕਾਂ ਬੰਨ੍ਹੋ ਤਾਂ ਜਾਂਦਾ ਹਾਂ।

ਆਪਣੀ ਹੱਥੀਂ ਦੋਵੇਂ ਹੱਥ ਬੰਨ੍ਹ ਲਏ ਰਸੇ ਨਾਲ ਮੁਜਰਮਾਂ ਵਾਂਗੂੰ ਲੈ ਚਲੋ ਤਾਂ ਤੇ ਹੋਈ ਨਾ ਸ਼ਾਨ। ਯਾਰੋ ਸਾਰੀ ਜ਼ਿੰਦਗੀ ਗੁਰਾਂ ਦੇ ਹੁਕਮ ਮੁਤਾਬਕ ਗੁਜ਼ਾਰੀ ਏ ਆਖਰ ਉਮਰੇ ਕਲੰਕ ਲਗਾ ਲਵਾਂ। ਕਸੂਰਵਾਰ ਨੂੰ ਕੈਦੀ ਬਣਾ ਕੇ ਲੈ ਚਲੋ ਸਤਿਗੁਰ ਖੁਸ਼ ਹੋਣਗੇ।

ਜਦ ਸਤਿਗੁਰੂ ਸਾਹਮਣੇ ਪੇਸ਼ ਕੀਤਾ ਭਾਈ ਫੇਰੂ, ਭਾਈ ਦਾ ਨਿਮਰਤਾ ਵਿਚ ਸਾਧ ਸੁਭਾਅ ਨਿਰਮਲ ਚਿਹਰਾ ਤੇ ਸੇਵਾ ਦਾ ਪ੍ਰਭਾਵ ਵੇਖ ਕੇ ਗੁਰਾਂ ਫਰਮਾਇਆ।

—ਫੇਰੂ ਦੀ ਸੁੱਚੀ ਦਾੜ੍ਹੀ ਏ, ਇਸ ਨੇ ਆਪਣੇ ਲਈ ਕੁਝ ਨਹੀਂ ਰਖਿਆ ਗੁਰੂ ਹਰਰਾਇ ਦਾ ਹੁਕਮ ਸੀ। ਜੇਬ ਸਤਿਗੁਰਾਂ ਦੀ ਤੇ ਹੱਥ ਭਾਈ ਫੇਰੂ ਦੇ। ਹੁਣ ਜੇਬ ਵੀ ਇਹਨਾਂ ਦੀ ਤੇ ਹੱਥ ਵੀ ਇਹਨਾਂ ਦੇ, ਹੋਰ ਵਰਤਾਓ ਜਿੰਨਾ ਜੀਅ ਕਰੇ ਵਰਤਾਓ।

ਭਾਈ ਸਾਹਿਬ ਨੇ ਹੱਥ ਜੋੜੇ ਮੱਥਾ ਰਗੜਿਆ, ਅਰਜ਼ ਕੀਤੀ, ਇਹ ਬਖਸ਼ਸ਼ ਕਰੋ ਕਿ ਖੀਸਾ ਵੀ ਤੁਹਾਡਾ ਤੇ ਹੱਥ ਵੀ ਤੁਹਾਡੇ। ਦਸ਼ਮੇਸ਼ ਪਿਤਾ ਨੇ ਸੰਗਤ ਸਾਹਿਬ ਦਾ ਖਿਤਾਬ ਦਿੱਤਾ। ਆਪਣੀ ਦਸਤਾਰ ਨਾਲੋਂ ਅੱਧੀ ਦਸਤਾਰ ਬਖਸ਼ੀ। ਸੁੱਚੀ ਦਾੜ੍ਹੀ ਅੱਗ ਲੈਣ ਗਿਆ ਸੀ ਪੈਗੰਬਰੀ ਲੈ ਆਇਆ। □

ਪੰਚਾਲ ਦੇਸ਼

ਉਤਕਲ ਗਿਰੀ ਨਾਂ ਦਾ ਬ੍ਰਾਹਮਣ ਬੁੱਧ ਗਯਾ ਧਰਤੀ ਦਾ ਜੰਮਪਲ ਨਵਾਂ ਨਵਾਂ ਚਾਅ ਚੜ੍ਹਿਆ ਸਾਧ ਬਨਣ ਦਾ, ਬੜੀਆਂ ਮੌਜਾਂ ਨੇ ਨਾ ਕੰਮ ਨਾ ਕਾਜ ਸਾਰੀ ਦਿਹਾੜੀ ਵਿਹਲੇ, ਦੋ ਘਰ ਮੰਗੇ ਤੇ ਲੱਤ ਧਰ ਕੇ ਸੌਂ ਗਏ। ਕੋਈ ਫਿਕਰ ਨਹੀਂ ਕੋਈ ਫਾਕਾ ਨਹੀਂ। ਨਾ ਨੂੰਹ ਲਿਆਉਣੀ ਤੇ ਨਾ ਧੀ ਤੋਰਨੀ। ਦੁਨੀਆਂ ਕਮਾਵੇ ਪਰ ਸਾਡਾ ਹਿੱਸਾ ਸਾਨੂੰ ਦੇਵੇ। ਬਾਕੀ ਸਾਰੀ ਕਮਾਈ ਖਾ ਜਾਏ। ਯਾਰਾਂ ਦੀ ਭਾਈਵਾਲੀ ਏ ਹਰ ਘਰ ਵਿਚ, ਅਸੀਂ ਸਾਧ ਜੋ ਹੋਏ। ਲੋਕਾਂ ਦੀ ਸੁੱਖ ਮੰਗਦੇ ਹਾਂ। ਭਜਨ ਪੂਜਾ ਕਰਦੇ ਹਾਂ, ਕਾਹਦੇ ਲਈ ਕਸ਼ਟ ਸਹਾਰਦੇ ਹਾਂ। ਸਿਰਫ ਦੋ ਰੋਟੀਆਂ ਦਾ ਸਵਾਲ ਏ।

ਜੇ ਉਹ ਵੀ ਨਾ ਮਿਲੀਆਂ ਤਾਂ ਫਿਰ ਅਸੀਂ ਕਾਹਦੇ ਸਾਧ ਹੋਏ। ਭਗਤੀ ਕਿਸ ਬਲਾ ਦਾ ਨਾਂ ਏ ਧਰਮ ਨਾਲ ਅਸੀਂ ਵੀ ਨਹੀਂ ਜਾਣਦੇ, ਮਾਲਾ ਫੇਰਨੀ ਤੇ ਇਕ ਪਾਸੇ ਰਹੀ, ਮਾਲਾ ਚੁਕ ਕੇ ਵੀ ਨਹੀਂ ਵੇਖੀ, ਐਵੇਂ ਵਿਖਾਵਾ ਏ ਗਲ ਵਿਚ ਮਾਲਾ ਪਾਈ, ਸਾਰੀ ਰਾਤ ਕਿਤੇ ਪਾਸਾ ਮੋੜਣ ਦੀ ਹਿੰਮਤ ਨਹੀਂ ਰਹਿੰਦੀ, ਡਫ ਕੇ ਖਾਧਾ ਖਵਾਉਣ ਵਾਲਾ ਮਿਹਰਬਾਨ ਸੀ। ਤੇ ਯਾਰਾਂ ਵੀ ਖੂਬ ਡੰਝ ਲਾਹੀ। ਖੂਬ ਦਬ ਚਾੜ੍ਹੀ ਫਿਰ ਘੂਕੀ ਤੇ ਚੜ੍ਹਨਾ ਸੀ ਪਰ ਘਰ ਤੇ ਆਉਣਾ ਹੀ ਸੀ ਨਾ, ਹੱਲ ਵਾਹੁਣ ਦੇ ਡਰ ਤੋਂ ਸਾਧ ਹੋ ਗਏ। ਘਰ ਛੱਡਿਆ ਪਰਵਾਰ ਛੱਡਿਆ, ਸ਼ਰਮ ਹਯਾ ਛਿੱਕੇ ਤੇ ਟੰਗ ਦਿੱਤੇ। ਅਸੀਂ ਰੱਬ ਦੇ ਪ੍ਰਾਹੁਣੇ ਹਾਂ। ਸਾਧੂਆਂ ਨੇ ਤਾਂ ਆਪਣਾ ਇਤਬਾਰ ਹੀ ਗਵਾ ਲਿਆ ਏ ਕੋਈ ਗ੍ਰਹਿਸਤੀ ਇਤਬਾਰ ਕਰਨ ਨੂੰ ਤਿਆਰ ਨਹੀਂ। ਦਿਹਾੜੀ ਪਹਾੜ ਜਿਡੀ ਏ। ਕੋਈ ਨਾ ਕੋਈ ਮੂਰਖ ਫਸ ਹੀ ਜਾਂਦਾ ਏ। ਸਾਨੂੰ ਕੋਈ ਲੋਭ ਥੋੜ੍ਹਾ ਏ। ਦੋ ਪਰਸ਼ਾਦਿਆਂ ਦੀ ਇੱਛਾ ਏ। ਮਿਲ ਜਾਂਦੇ ਹਨ। ਕਈ ਦੇਣ ਵਾਲੇ ਰੱਬ ਦੇ ਪਿਆਰੇ।

ਗਿਰੀ ਜਾਤ ਬ੍ਰਾਹਮਣ ਸਾਧ ਤੇ ਹੋ ਗਿਆ ਸੀ। ਪਰ ਉਸ ਆਪਣਾ ਈਮਾਨ ਗਹਿਣੇ ਨਹੀਂ ਸੀ ਪਾਇਆ, ਇਖਲਾਕ ਉਸ ਆਪਣੇ ਪਲੇ ਬੰਨ੍ਹਿਆ ਹੋਇਆ ਸੀ। ਉਹ ਸਾਧ ਇਸ ਲਈ ਹੋਇਆ ਸੀ ਕਿ ਦੀਦਾਰ ਕਰਨਾ ਏ ਰੱਬ ਦਾ। ਸਾਧਨ ਲੱਭਦਾ ਫਿਰਦਾ ਸੀ। ਕੋਈ ਰਾਹ ਦੱਸੇ ਤਾਂ ਮੰਜ਼ਲ ਮਿਲੇ। ਇਕ ਸਾਧਾਂ ਦੀ ਮੰਡਲੀ ਮਿਲ ਗਈ ਹੌਲੀ ਹੌਲੀ ਉਸ ਮੰਡਲੀ ਦਾ ਕਰਤਾ ਧਰਤਾ ਬਣ ਗਿਆ, ਪਿੰਡ ਪਿੰਡ, ਗਰਾਂ ਗਰਾਂ ਘੁੰਮਦੇ ਪ੍ਰਭੂ ਦੀ ਲੀਲਾ ਗਾਉਂਦੇ, ਨਾਮ ਭਗਤ ਗਿਰੀ ਤੋਂ ਭਗਵਾਨ ਗਿਰੀ ਪੈ ਗਿਆ ਹੱਥ ਪਲੇ ਕੁਝ ਨਹੀਂ ਸੀ, ਢੰਡੋਰਾ ਜ਼ਿਆਦਾ ਸੀ।

ਗੁਰੂ ਨਾਨਕ ਦੇਵ ਦੀ ਮਹਿਮਾ ਦਾ ਨਾਂ ਹਰ ਥਾਂ ਪ੍ਰਗਟ ਹੁੰਦਾ ਸੀ। ਪੁਰੀ ਤਕ ਵੀ ਲੋਕ ਜਾਣਦੇ ਸਨ। ਸਿਰਫ ਨਾਂ ਦੀ ਸ਼ੋਭਾ ਹੀ ਸੁਣੀ ਹੋਈ ਸੀ, ਗੁਰੂ ਦੀ ਅਜ਼ਮਤ ਤੋਂ ਕੋਰੇ ਸਨ। ਗੁਰੂ ਨਾਨਕ ਤੋਂ ਬਾਅਦ ਕੋਈ ਗੁਰੂ ਤੇ ਏਧਰ ਆਇਆ ਹੀ ਨਹੀਂ ਸੀ।

ਫਿਰਦੇ ਫਿਰਦੇ ਕਿਤੋਂ ਕੰਨਸੋ ਕੰਨੀਂ ਪਈ ਕਿ ਜੇ ਸਾਧ ਹੀ ਬਣਨਾ ਹੋਵੇ ਤਾਂ ਫਿਰ ਗੁਰੂ ਨਾਨਕ ਤੋਂ ਸਬਕ ਲਵੋ।

—ਉਹ ਕਿਥੇ ਏ, ਕਿਧਰ ਨੂੰ ਜਾਇਆ ਜਾਏ, ਕੋਈ ਥਹੁ ਟਿਕਾਣਾ।

—ਪੰਚਾਲ ਦੇਸ਼, ਪੰਜਾਬ। ਪੰਜਾਂ ਨਦੀਆਂ ਦੀ ਧਰਤੀ। ਸਤਲੁੱਜ ਤੇ ਯਮੁਨਾ ਦੇ ਵਿਚਕਾਰਲਾ ਇਲਾਕਾ ਦੁਆਬਾ। ਉਹਦੀ ਕਹਾਣੀ ਲੋਕ ਏਸ ਤਰ੍ਹਾਂ ਦੱਸਦੇ ਹਨ—

ਕੀਰਤਪੁਰ ਵਿਚ ਇਕ ਜੋਤ ਜਗਦੀ ਏ, ਉਸ ਜੋਤ ਨੂੰ ਗੁਰੂ ਹਰਰਾਇ ਆਖਦੇ ਹਨ। ਉਹ ਲੋਕ ਜਿਨ੍ਹਾਂ ਦੇ ਹਿਰਦੇ ਹਿਮਾਲੀਆ ਪਰਬਤ ਵਾਂਗੂੰ ਪੱਥਰ ਹਨ, ਅਗਿਆਨਤਾ ਦੇ ਅੰਨ੍ਹੇ ਅਸੀਸਾਂ ਤੇ ਗੁਰ ਬਚਨਾਂ ਦੀ ਕਰਨੀ ਸਦਕਾ ਉਹਨਾਂ ਦੇ ਜੀਵਨ ਵਿਚ ਹਰਕਤ ਆ ਗਈ ਏ। ਜਿਹਦੇ ਤੇ ਕਿਰਪਾ ਦ੍ਰਿਸ਼ਟੀ ਹੋ ਗਈ ਉਹ ਮੋਮ ਵਾਂਗੂੰ ਪਿੰਘਲ ਗਿਆ। ਤੇ ਤੁਬਕਾ ਤੁਬਕਾ ਹੋ ਕੇ ਗੁਰੂ ਸਾਗਰ ਵਿਚ ਘੁਲ ਮਿਲ ਗਿਆ।

ਜਿਨੀਆਂ ਗੱਲਾਂ ਸੁਣੀਆਂ ਸਨ ਇਤਬਾਰ ਨਹੀਂ ਸੀ ਆਉਂਦਾ, ਪਰ ਇਰਾਦਾ ਦ੍ਰਿੜ ਸੀ, ਭਗਵਾਨ ਗਿਰੀ ਦਾ। ਟੱਕਰਾਂ ਮਾਰਦਾ, ਫਿਰਦਾ ਟੁਰਦਾ ਜਾ ਦਰਬਾਰ ਵਿਚ ਹਾਜ਼ਰ ਹੋਇਆ।

ਮਨ ਵਿਚ ਵਿਚਾਰਿਆ ਜੇ ਇਹ ਸੋਲਾਂ ਕਲਾਂ ਸੰਪੂਰਨ ਹਨ ਤਾਂ ਫਿਰ ਮੈਨੂੰ ਚਤਰਭੁਜ ਦੇ ਰੂਪ ਵਿਚ ਦਰਸ਼ਨ ਦੇਣ।

ਤਾਰ ਉਧਰ ਗੁਰੂ ਦੀ ਵੀ ਹਿੱਲੀ, ਐਸਾ ਹੀ ਹੋਇਆ ਦਰਸ਼ਨ ਤੇ ਕਰ ਲਏ, ਪਰ ਸੁਧ ਬੁੱਧ ਭੁੱਲ ਗਈ, ਹੋਸ਼ ਆਈ, ਤੇ ਦੀਖਸਾ ਮੰਗੀ।

ਗੁਰੂ ਹਰਰਾਇ ਨੇ ਫਰਮਾਇਆ ਤੁਸੀਂ ਜਿਸ ਦੇ ਦਰਸ਼ਨਾਂ ਦੀ ਸੱਧਰ ਲੈ ਕੇ ਆਏ ਹੋ ਉਹ ਪੂਰੀ ਹੋ ਗਈ ਏ। ਇਸ ਤੋਂ ਅੱਗੇ ਇਕ ਦਵਾਰਾ ਹੋਰ ਏ। ਬਾਬਾ ਸ੍ਰੀ ਚੰਦ ਦੇ ਪੋਤਰੇ ਬਾਬਾ ਮਿਹਰ ਚੰਦ ਜੀ। ਉਹਨਾਂ ਪਾਸ ਜਾਓ ਉਹਨਾਂ ਪਾਸੋਂ ਤੁਹਾਡੀ ਮਨੋਕਾਮਨਾ ਪੂਰੀ ਹੋਵੇਗੀ ਭੇਖ ਤੇ ਉਥੋਂ ਹੀ ਮਿਲ ਸਕਦਾ ਏ ਅਸੀਂ ਤੇ ਗ੍ਰਹਿਸਥੀ ਹਾਂ।

ਭਗਵਾਨ ਗਿਰੀ ਆਪਣੇ ਟੋਲੇ ਤੋਂ ਵੱਖ ਨਹੀਂ ਸੀ ਹੋਣਾ ਚਾਹੁੰਦਾ। ਹਉਮੈ ਦਾ ਬੀਜ ਅਜੇ ਜੜ੍ਹੋਂ ਨਹੀਂ ਸੀ ਪੁਟਿਆ ਗਿਆ। ਜਦ ਤਕ ਹਿਰਦਾ ਨਿਰਮਲ ਨਾ ਹੋਵੇ ਹੋਰ ਰੰਗ ਕਿਸ ਤਰ੍ਹਾਂ ਚੜ੍ਹੇ।

ਗੁਰੂ ਮਹਾਰਾਜ ਚਾਹੁੰਦੇ ਸਨ ਕਿ ਲੋਕ ਸਮਝ ਜਾਣ ਸਾਡਾ ਬਾਬੇ ਸ੍ਰੀ ਚੰਦ ਨਾਲ ਕੋਈ ਰੋਸਾ ਨਹੀਂ। ਗੁਰੂ ਖਾਨਦਾਨ ਨਾਲ ਉਸੇ ਤਰ੍ਹਾਂ ਦਾ ਹੀ ਰਿਸ਼ਤਾ ਏ। ਕੀ ਹੋਇਆ ਜੇ ਰਾਹ ਵੱਖ ਹੋ ਗਏ ਹਨ। ਮੰਜ਼ਲ ਤੇ ਇਕੋ ਹੀ ਏ ਨਾ।

ਭੇਖ ਤੇ ਮਿਲ ਗਿਆ, ਪਰਚਾਰ ਲਈ ਨਿਕਲੇ ਪਰ ਪਰਚਾਰ ਕਰਕੇ ਵੇਖਿਆ ਕੋਈ ਪਰਭਾਵ ਹੀ ਨਹੀਂ ਸੀ ਪੈਂਦਾ, ਲੋਕ ਜੰਮਦੇ ਹੀ ਨਹੀਂ ਸਨ। ਕੋਈ ਅਸਰ ਹੀ ਨਹੀਂ ਸੀ ਕਬੂਲਦਾ। ਸਾਧਾਂ ਦੇ ਟੋਲੇ ਨੂੰ ਕੌਣ ਪੁੱਛੇ। ਜੇ ਪਲੇ ਕੁਝ ਸ਼ਕਤੀ ਨਹੀਂ, ਕੁਝ ਤੇ ਹੋਵੇ ਆਪਣੀ ਗੱਠੜੀ ਵਿਚ ਤਾਂ ਹੀ ਤਾਂ ਕੋਈ ਕਿਸੇ ਨੂੰ ਕੁਝ ਦੇ ਸਕੇਗਾ।

ਫਿਰ ਉਸੇ ਟਿਕਾਣੇ ਪੁੱਜੇ, ਬਾਬਾ ਮਿਹਰ ਚੰਦ ਜੀ ਕੋਲ, ਅਰਜ਼ ਕੀਤੀ, ਬਗਲੀ ਵੀ ਪਾਈ ਉਹ ਵੀ ਖਾਲੀ ਭਾਂ ਭਾਂ ਪਈ ਕਰਦੀ ਏ।

ਬਾਬਾ ਜੀ ਨੇ ਫਰਮਾਇਆ ਸੱਜਣਾ ਮੇਰੇ ਵੱਸ ਦੀ ਗਲ ਨਹੀਂ। ਹੁਕਮ ਤਖਤ ਤੋਂ ਹੀ ਲੈ ਕੇ ਕੰਮ ਰਾਸ ਕਰੋ। ਸਭ ਵਡਿਆਈਆਂ ਗੁਰੂ ਹਰਰਾਇ ਦੇ ਪਾਸ ਹਨ। ਤੁਸੀਂ ਪਹਿਲਾਂ ਜਦ ਆਏ ਸੀ ਰੌਣਕ ਦੀ ਦੱਖ ਵੇਖ ਚੁੱਕੇ ਹੋ, ਪ੍ਰਤੀਤ ਨਹੀਂ ਆਈ। ਯਕੀਨ ਕਾਮਲ ਤੇ ਕਾਰਜ ਸਿੱਧ, ਭੇਖ ਮਤ ਤਿਆਗੋ। ਨਿਰਮਾਣ ਹੋ ਕੇ ਦਰ ਤੇ ਜਾਓ।

ਭਗਵਾਨ ਗਿਰੀ ਹੁਣ ਸਤਿਗੁਰਾਂ ਦੇ ਦਰਬਾਰ ਵਿਚ ਸਿੱਖੀ ਦੀ ਦਾਤ ਲੈਣ ਆਇਆ ਤੇ ਸਾਥੀ ਸਾਧੂਆਂ ਨੂੰ ਟਕੇ ਵਰਗਾ ਜਵਾਬ ਦੇ ਦਿੱਤਾ, ਤੁਸੀਂ ਆਪਣਾ ਆਪਣਾ ਕਿਨਾਰਾ ਕਰੋ, ਜਿਧਰ ਮਰਜ਼ੀ ਏ ਚਲੇ ਜਾਓ ਮੈਂ ਤੁਹਾਡਾ ਸਾਥ ਛੱਡਿਆ।

ਹਉਮੈ ਦੀ ਖੁਸ਼ਬੋ ਉਡ ਗਈ, ਮੈਂ ਜਾਂਦੀ ਰਹੀ, ਕੱਖਾਂ ਤੋਂ ਹੌਲਾ ਹੋ ਗਿਆ ਭਗਵਾਨ ਗਿਰੀ, ਡੰਡਉਤ ਕਰਕੇ ਪੈਰਾਂ ਤੇ ਡਿਗ ਪਿਆ ਤੇ ਕਿਹ ਬਖਸ਼ ਲਵੋ।

ਮਹਾਰਾਜ ਨੇ ਨਾਮ ਦਾ ਪਰਕਾਸ਼ ਕੀਤਾ, ਆਤਮ ਬਲ ਬਖਸ਼ਿਆ ਤੇ ਫਰਮਾਇਆ।

ਆਗੇ ਆਉ ਭਗਤਿ ਭਗਵਾਨ, ਅਬ ਹੂਏ ਦਰਗਾਹ ਪਰਵਾਨ ॥

ਨਾ ਸੁੱਧ ਹੀ ਰਹੀ ਨਾ ਬੁੱਧ ਹੀ ਰਹੀ, ਇਕ ਐਸੀ ਅਵਸਥਾ ਜਿਹੀ ਤਾਰੀ ਹੋ ਗਈ ਜਿਹਦਾ ਕੋਈ ਅੰਦਾਜ਼ਾ ਨਹੀਂ ਸੀ ਲਗਾ ਸਕਦਾ, ਇਹੋ ਹੀ ਇਲਾਹੀ ਸਰੂਰ ਹੁੰਦਾ ਏ ਸੀਰਤ ਜਿਹੀ ਹੁੰਦੀ ਏ ਜਿਹੜੀ ਬਿਆਨ ਨਹੀਂ ਕੀਤੀ ਜਾ ਸਕਦੀ। ਢੱਠੇ ਨੂੰ ਗੁਰਾਂ ਨੇ ਸਹਾਰਾ ਦੇ ਕੇ ਉਠਾਇਆ ਤੇ ਬਚਨ ਕੀਤੇ :

ਅਬ ਤੁਮ ਪੂਰਬ ਦੇਸ਼ ਮੇ, ਜਾਤਿ ਕਰ ਉਪਦੇਸ਼,
ਸੁਨਤ ਬਚਨ ਸਭ ਕੋ ਦ੍ਰਿੜੇ ਤੁਮ ਕੋ ਕਰੇ ਆਦੇਸ਼।

ਜਿਥੇ ਜਾਏਂ ਸਰਲ ਬਚਨ, ਜਿਥੇ ਵੀ ਬੋਲੇਂਗਾ ਦੁਨੀਆ ਮਗਰ ਲੱਗ ਤੁਰੇਗੀ, ਸੂਰਤ ਉਚੀ ਹੋਵੇ, ਨਾਮ ਦੀ ਲਗਨ ਚੜ੍ਹ ਜਾਏ, ਅੱਗ ਲੈਣ ਗਿਆ, ਪੈਗੰਬਰੀ ਲੈ ਆਇਆ ਸੀ। ਸੱਜਣਾ ਤੂੰ ਵੀ ਉਸੇ ਅਵੱਸਥਾ ਵਿਚ ਹੀ ਏਂ।

ਭਗਤ ਭਗਵਾਨ ਗੁਰੂ ਪਏ ਦਿਆਲਾ, ਪੂਰਬ ਦੇਸ਼ ਤਿਨ ਕੀਆ ਨਿਹਾਲਾ ॥

ਸਾਥ ਛੱਡ ਮੰਡਲੀ ਤਿਆਗੀ, ਆਦਤਾਂ ਨੂੰ ਤਿਲਾਂਜਲੀ ਦੇ ਦਿੱਤੀ, ਭੇਖ ਨੂੰ ਗੰਗਾ ਵਿਚ ਰੋੜ੍ਹ ਦਿੱਤਾ, ਚਿੱਟੀ ਚਾਦਰ ਤੇ ਚਿੱਟੀ ਲੋਈ ਕਮੰਡਲ ਪਵਿੱਤਰ ਜਲ ਦਾ ਭਰਿਆ, ਛਿੱਟਾ ਮਾਰਿਆ ਤੇ ਪਵਿੱਤਰਤਾ ਫੈਲਾ ਦਿੱਤੀ, ਸ਼ੁਧ ਕਰ ਦਿੱਤੇ ਇਰਾਦੇ। ਇਹ ਤੇ ਗੁਰੂ ਦੀ ਦ੍ਰਿਸ਼ਟੀ ਸੀ।

ਮਲ ਗੁਜ਼ਾਰ ਮਿਲੀ ਉਤਰ ਪ੍ਰਦੇਸ਼, ਬਿਹਾਰ, ਗੁਰੂ ਮਹਿਮਾ ਗਾਓ, ਬਾਣੀ ਘਰ ਘਰ ਪਹੁੰਚਾਓ। ਸਾਧ ਬੋਲੀ ਵਿਚ ਅਰਥ ਦੱਸੇ ਬਾਣੀ ਦੇ।

ਤਿੰਨ ਸੌ ਸੱਠ ਧਰਮ ਅਸਥਾਨ, ਧਰਮਸ਼ਲਾਵਾਂ ਬਣਾਈਆਂ, ਜਿਥੇ ਜਿਥੇ ਗੁਰੂ ਨਾਨਕ ਦੇਵ ਦੇ ਚਰਨ ਪਏ ਸਨ ਉਥੇ ਉਥੇ ਧਰਮ ਅਸਥਾਨ ਬਣਵਾ ਦਿੱਤੇ ਸਨ।

19 ਚੇਲੇ ਸਨ, ਪੰਜਾਬ ਦੀ ਜਨਤਾ ਤੇ ਸਿੰਧ ਚ' ਸਿੱਖੀ ਦਾ ਪਰਚਾਰ ਕੀਤਾ, ਧੁੰਨ ਸੀ ਭਗਵਾਨ ਗਿਰੀ ਦੀ। ਬੁੱਧ ਵਾਂਗੂੰ ਪਿੰਡ ਪਿੰਡ ਆਪਣਾ ਹੋਕਾ ਦਿੱਤਾ, ਬਖਸ਼ਸ਼ ਦਾ ਪੂਰਾ ਮੁੱਲ ਤਾਰਿਆ।

ਗੁਰੂ ਹਰਰਾਇ ਨੇ ਜਿਥੇ ਵੀ ਨਜ਼ਰ ਕੀਤੀ, ਮਹਿਮਾ ਦੀ ਬਖਸ਼ਸ਼ ਦਾ ਮੀਂਹ ਵਰ੍ਹ ਗਿਆ, ਮਿਕਨਾਤੀਸ ਸੀ ਗੁਰੂ ਹਰਰਾਇ। ਸਮੁੰਦਰ ਵਿਚ ਗੋਤਾ ਮਾਰੋ ਮੋਤੀਆਂ ਦਾ ਬੁੱਕ ਭਰ ਲਿਆਓ, ਰੌਸ਼ਨੀ ਦੀ ਇਹ ਇਕ ਕਿਰਨ ਸੀ, ਛਿੱਟਾ ਮਾਰਿਆ ਚਾਨਣ ਦੀ ਛਿੱਟ ਦਾ ਤੇ ਨੂਰੋ ਨੂਰ ਕਰ ਦਿੱਤਾ।

□

੪੮

ਸੁਥਰੇ ਸ਼ਾਹ

ਜ਼ਾਤ ਦਾ ਖਤਰੀ, ਅੱਲ ਸੁਥਰਾ ਤੇ ਨਾਂ ਚੰਦੂ ਮਲ ਮਰਵਾਹਾ ਤੇ ਉਹਦੇ ਨਾਨਕੇ-ਨੰਦ ਖਤਰੀ ਸਨ। ਉਹਦਾ ਜਨਮ ਪਿੰਡ ਬਹਿਰਾਮਪੁਰ ਬਾਰਾਮੂਲਾ ਦੇ ਲਾਗੇ ਸੀ। ਉਹਦੇ ਜਨਮ ਤੇ ਮਾਪਿਆਂ ਨੇ ਕੁਲੱਛਣਾ ਸਮਝ ਕੇ ਮਾਂ ਉਹਨੂੰ ਰੂੜੀਆਂ ਤੇ ਸੁੱਟ ਆਈ। ਜੰਮਦੇ ਦੇ ਮੂੰਹ ਵਿਚ ਦੰਦ ਸਨ ਉਹਨੂੰ ਬਦਸ਼ਗਨੀ ਮੰਨਿਆ ਜਾਂਦਾ ਸੀ। ਜਿਗਰ ਦਾ ਟੋਟਾ, ਮਾਂ ਨੇ ਸੀਨੇ ਤੋਂ ਵਿਛੋੜ ਕੇ ਕਲੇਜੇ ਤੇ ਪੱਥਰ ਧਰ ਕੇ ਸੁੱਟ ਤੇ ਦਿੱਤਾ, ਪਰ ਚੈਨ ਕਿਥੇ, ਨੀਂਦ ਕਿਹਨੂੰ ਆਵੇ। ਕੋਠੇ ਤੇ ਬਨੇਰਿਆਂ ਉਤੇ ਚੜ੍ਹ ਕੇ ਚੋਰੀ ਚੋਰੀ ਵੇਖਦੀ, ਰੋਂਦਾ ਬਾਲ ਵੇਖਿਆ ਨਾ ਜਾਂਦਾ ਇਕ ਪਾਸੇ ਇਕੱਲੀ ਮਾਂ ਸੀ ਤੇ ਦੂਜੇ ਪਾਸੇ ਸਾਰਾ ਟੱਬਰ। ਸਾਰੀ ਰਾਤ ਮੁੰਡਾ ਚੀਕਦਾ ਰਿਹਾ ਤੇ ਮਾਂ ਨੂੰ ਸੱਤਵੀਂ ਕੋਠੜੀ ਵਿਚ ਵੀ ਅਵਾਜ਼ਾਂ ਆਉਂਦੀਆਂ ਰਹੀਆਂ। ਕੁਦਰਤ ਰੱਬ ਦੀ ਗੁਰੂ ਹਰਗੋਬਿੰਦ ਉਧਰ ਦੀ ਲੰਘ ਰਹੇ ਸਨ। ਚੰਗਾ ਦਿਨ ਚੜ੍ਹਿਆ ਹੋਇਆ ਸੀ। ਬਾਲ ਰੋਣ ਦੀ ਅਵਾਜ਼ ਗੁਰਾਂ ਦੇ ਕੰਨੀਂ ਪਈ ਤੇ ਸੁਭੌਕੀ ਆਖਿਆ ਕਿੰਨਾ ਸੁੱਥਰਾ ਬਾਲ ਏ। ਮਾਂ ਬਨੇਰੇ ਤੇ ਬੈਠੀ ਵੇਖ ਰਹੀ ਸੀ। ਚੁੱਕ ਲਿਆਓ, ਸੰਭਾਲੋ ਤੇ ਪਾਲਣ ਦਾ ਪ੍ਰਬੰਧ ਕਰੋ। ਗੁਰਾਂ ਦਾ ਹੁਕਮ ਕੌਣ ਮੋੜੇ। ਬਾਲ ਨੂੰ ਚੁਕਿਆ ਨੁਹਾਇਆ, ਕਪੜਿਆਂ ਵਿਚ ਲਪੇਟ ਕੇ ਹਿੱਕ ਨਾਲ ਲਾਇਆ ਤੇ ਸਾਰੀ ਰਾਮ ਲੀਲਾ ਮਾਂ ਨੇ ਆਪਣੀ ਅੱਖੀ ਵੇਖੀ ਤੇ ਫਿਰ ਉਹਨੂੰ ਤਸੱਲੀ ਹੋ ਗਈ ਕਿ ਹੁਣ ਮੇਰਾ ਪੁੱਤ ਪਲ ਜਾਏਗਾ ਤੇ ਕਦੀ ਜਵਾਨ ਹੋ ਗਿਆ ਤੇ ਫਿਰ ਮਾਂ ਨੂੰ ਮਿਲ ਹੀ ਪਏਗਾ। ਮਾਂ ਦੀਆਂ ਆਂਦਰਾਂ ਵਿਲਕਦੀਆਂ, ਰੁਗ ਕਲੇਜੇ ਦਾ ਭਰਿਆ ਜਾਂਦਾ ਪਰ ਰੱਬ ਦਾ ਭਾਣਾ ਮੰਨਕੇ ਕਲੇਜੇ ਤੇ ਪੱਥਰ ਧਰ ਲਿਆ, ਤੇ ਬਾਲਕ ਗੁਰੂ ਦੀ ਵੇਖਭਾਲ ਵਿਚ ਖੇਡਦਾ ਪਲਦਾ ਉਹ ਸੁਣਦੀ ਰਹੀ, ਕਦੀ ਕਦੀ ਅੰਦਰ ਬੈਠਕੇ ਡੁਸਕ ਲੈਂਦੀ।

ਇਧਰ ਬਾਲ ਜ਼ਰਾ ਸਿਆਣਾ ਹੋਇਆ ਤਾਂ ਗੁਰਾਂ ਦੇ ਵਾਕ ਮੁਤਾਬਕ ਸੁੱਥਰਾ ਸੁੱਥਰਾ ਆਖਣ ਲੱਗ ਪਏ ਲੋਕ, ਨਾਂ ਹੀ ਪੱਕ ਗਿਆ। ਪੰਜ ਸਾਲ ਮਗਰੋਂ ਮਾਂ ਦੀ ਮਮਤਾ ਜਾਗ ਪਈ। ਗਲ ਵਿਚ ਪੱਲਾ ਪਾ ਕੇ ਗੁਰੂ ਦਰਬਾਰ ਵਿਚ ਹਾਜ਼ਰ ਹੋਈ ਤੇ ਆਪਣੀ ਭੁੱਲ ਦਾ ਸਾਰਾ ਚਿੱਠਾ ਖੋਲ੍ਹ ਸੁਣਾਇਆ।

—ਲੈ ਜਾਹ ਮਾਈ ਜੇ ਤੇਰਾ ਹੀ ਪੁੱਤ ਏ। ਇਹ ਹੁਣ ਸਾਡੇ ਜੋਗਾ ਈ ਏ, ਵੈਸੇ ਤੂੰ ਆਪਣਾ ਲਹੂ ਪਰਖ ਕੇ ਵੇਖ ਲੈ, ਸ਼ਾਇਦ ਇਹਦੀ ਮਮਤਾ ਪੰਘਰ ਜਾਏ। ਇਕ ਸਾਲ ਵਿਚ ਹੀ ਮਾਂ ਪਿਓ ਰੱਬ ਨੂੰ ਪਿਆਰੇ ਹੋ ਗਏ ਤੇ ਸੁੱਥਰਾ ਫਿਰ ਇਕੱਲੇ ਦਾ ਇਕੱਲਾ ਹੀ ਰਹਿ ਗਿਆ। ਸਾਰੀ ਜਾਇਦਾਦ ਤੇ ਮਾਲ ਮੱਤਾ ਧਰਮ ਅਰਥ ਦਾਨ ਕਰਕੇ ਫਿਰ ਸੁਥਰੇ ਦਾ ਸੁਥਰਾ ਗੁਰੂ ਦਰਬਾਰ ਵਿਚ ਹਾਜ਼ਰ ਹੋ ਗਿਆ।

—ਸਤਿਗੁਰੂ ਤੁਹਾਡੇ ਚਰਨਾਂ ਤੋਂ ਬਗੈਰ ਮੇਰਾ ਕੋਈ ਸਹਾਰਾ ਨਹੀਂ।

ਸੁਥਰਿਆ ਮੌਜ ਲੈ, ਤੂੰ ਗੁਰੂ ਘਰ ਲਈ ਹੀ ਪੈਦਾ ਹੋਇਆ ਏਂ, ਸੇਵਾ ਕਰ ਮਨ ਨਿਰਮਲ ਹੋਊ। ਭਗਤੀ ਵਿਚ ਦਿਲ ਖੁਭੇਗਾ ਤੇ ਆਪੇ ਲੋਕ ਪਰਲੋਕ ਸਵਰ ਜਾਏਗਾ, ਗੁਰਾਂ ਦੇ ਬਚਨ ਸਨ ਸੁਥਰੇ ਨੇ ਗਲ ਪਲੇ ਬੰਨ੍ਹ ਲਈ, ਸੁਥਰੇ ਦੀ ਲਗਨ ਵੇਖ ਕੇ ਇਕ ਦਿਨ ਮਹਾਰਾਜ ਨੇ ਫਰਮਾਇਆ: ਆਓ ਸੁਥਰੇ ਸ਼ਾਹ!

ਲੋਕ ਸੁਥਰੇ ਸ਼ਾਹ ਆਖਣ ਲੱਗ ਪਏ, ਸੁਭਾਅ ਬੜਾ ਹੱਸ ਮੁੱਖ ਸੀ, ਗੁਰੂ ਸੇਵਾ ਦਾ

ਸਦਕਾ ਬਚਨਾਂ ਵਿਚ ਸੱਤਿਆ ਆ ਗਈ। ਜੋ ਮੁੱਖ ਵਿਚੋਂ ਕੱਢੇ ਪੂਰਾ ਹੋ ਜਾਏ। ਗਲ ਕੀ ਸੁਥਰੇ ਸ਼ਾਹ ਦੀ ਮਹਿਮਾ ਬਾਹਰ ਫੈਲਣ ਲੱਗ ਪਈ ਤੇ ਫਿਰ ਪਰਚਾਰ ਕਰਨ ਦਾ ਢੰਗ ਹੀ ਬੜਾ ਨਾਟਕ-ਮਈ ਸੀ। ਮਸ਼ਕਰੀ, ਟਿਚਕਰ ਕਰਨੀ, ਪਰ ਬੜੀ ਸੁਲਝੀ ਹੋਈ। ਮਰਾਸੀਆਂ ਨੂੰ ਵੀ ਉਸ ਪਰੇ ਸੁੱਟ ਦਿੱਤਾ।

ਇਕ ਦਿਨ ਗੁਰੂ ਦਰਬਾਰ ਵਿਚ ਬੜੀ ਭੀੜ ਲੱਗੀ ਹੋਈ ਸੀ, ਕੋਈ ਉਹਨੂੰ ਅੰਦਰ ਜਾਣ ਹੀ ਨਾ ਦੇਵੇ, ਚਾਅ ਦਾ ਸਮੁੰਦਰ ਅੰਦਰ ਠਾਠਾਂ ਮਾਰ ਰਿਹਾ ਸੀ, ਠੀਕਰੀਆਂ ਦੀ ਬੋਰੀ ਭਰੀ ਤੇ ਅਗੇ ਜਾ ਕੇ ਰੌਲਾ ਪਾਈ ਜਾਏ, ਰਾਹ ਦਿਓ, ਭਾਈ ਰਾਹ ਦਿਓ, ਭੇਟਾ ਕਰਨੀ ਏ ਰਾਹ ਮਿਲ ਗਿਆ, ਜਦ ਗੁਰਾਂ ਦੇ ਸਨਮੁੱਖ ਆਇਆ ਤਾਂ ਬੋਰੀ ਨੂੰ ਹੀ ਮੱਥਾ ਟੇਕੀ ਜਾਏ ਸਾਰੇ ਲੋਕ ਹੈਰਾਨ ਸਨ ਕਿ ਅੱਜ ਸੁਥਰੇ ਨੂੰ ਕੀ ਹੋ ਗਿਆ ਏ।

—ਗੁਰੂ ਹਜ਼ੂਰ ਨੇ ਪੁਛਿਆ ਸੁਥਰਿਆ ਇਹ ਕੀ ?

—ਸੁਥਰਾ ਆਖਣ ਲੱਗਾ ਮਹਾਰਾਜ ਇਸੇ ਦੇ ਸਦਕੇ ਹੀ ਤੁਹਾਡੇ ਦਰਸ਼ਨ ਹੋਏ ਹਨ।

—ਪਰ ਇਹਦੇ ਵਿਚ ਹੈ ਕੀ। ਨਾਂ ਤੇ ਭੇਟਾ ਰੱਖਿਆ ਸੀ, ਪਰ ਪੱਲੇ ਦਮੜੇ ਨਹੀਂ ਸਨ। ਠੀਕਰੀਆਂ ਇਕੱਠੀਆਂ ਕੀਤੀਆਂ ਤੇ ਬੋਰੀ ਭਰ ਲਈ, ਇਸੇ ਦੀ ਬਰਕਤ ਏ ਵਰਨਾ ਤੇਰੇ ਚਰਨਾਂ ਤੱਕ ਕੌਣ ਪੁੱਜ ਸਕਦਾ ਸੀ।

ਉਸੇ ਵੇਲੇ ਹੁਕਮ ਹੋਇਆ, ਕਾਰ ਸੇਵਾ, ਤੋਸ਼ੇ ਖਾਨੇ ਵਿਚ ਤੇ ਰਸਦ ਸਿੱਧੀ ਲੰਗਰ ਵਿਚ ਪਾਈ ਜਾਏ। ਦਰਸ਼ਨਾਂ ਲਈ ਕਿਸੇ ਨੂੰ ਰੋਕਿਆ ਨਾ ਜਾਏ, ਸਾਰੇ ਖਾਲੀ ਹੱਥ ਆਉਣ, ਗੁਰੂ ਦਰਬਾਰ ਵਿਚ ਇਹੋ ਹੀ ਤੇ ਫਰਕ ਏ।

ਇਕ ਵਾਰ ਇਕ ਹੋਰ ਤਮਾਸ਼ਾ ਕਰ ਬੈਠਾ ਸੁੱਥਰਾ। ਗੁਰੂ ਬਚਨ ਪਏ ਕਰਦੇ ਸਨ, ਸੰਗਤ ਮਗਨ ਸੀ, ਸੁਥਰਾ ਵੀ ਅੱਗੇ ਬੈਠਾ ਸੀ, ਗੁਰਾਂ ਵੱਲ ਪਿੱਠ ਕਰ ਲਈ, ਸੰਗਤ ਨੇ ਬੁਰਾ ਮਨਾਇਆ ਪਰ ਸੁੱਥਰਾ ਤੇ ਮਨ ਦਾ ਮੌਜੀ ਸੀ, ਉਹਨੂੰ ਕੌਣ ਆਖ ਸਕਦਾ ਸੀ।

—ਗੁਰਾਂ ਨੇ ਪੁਛਿਆ ਸੁਥਰਿਆ ਇਹ ਕੀ ਤੂੰ ਸਾਡੇ ਵੱਲ ਪਿਠ ਕਿਉਂ ਕੀਤੀ ਏ।

ਸੁੱਥਰਾ ਹੱਥ ਜੋੜ ਕੇ ਖੜਾ ਹੋ ਗਿਆ ਤੇ ਆਖਣ ਲੱਗਾ, ਆਪ ਜੀ ਦੇ ਬਚਨ ਪਹਿਲਾਂ ਤਾਂ ਮੈਂ ਸਨਮੁੱਖ ਹੋ ਕੇ ਚਿਹਰੇ ਤੇ ਝਲਦਾ ਰਿਹਾ, ਪਰ ਮੇਰੀ ਹੁਣ ਤਾਕਤ ਨਹੀਂ ਸੀ ਕਿ ਤੁਹਾਡੇ ਬਚਨਾਂ ਦੇ ਤੀਰ ਸਹਾਰ ਸਕਦਾ ਇਸ ਲਈ ਪਿੱਠ ਕਰ ਲਈ ਏ, ਇਹ ਆਖੇ ਬਚਨਾਂ ਦੀ ਮਾਰ ਪਏ, ਮੈਂ ਤੇ ਹੈਰਾਨ ਹਾਂ, ਕਿ ਗੁਰ ਬਚਨਾਂ ਦੀਆਂ ਤਿੱਖੀਆਂ ਤੇਜ਼ ਕਟਾਰੀਆਂ ਸੰਗਤ ਕਿਸ ਤਰ੍ਹਾਂ ਸਹਾਰ ਲੈਂਦੀ ਏ।

ਸਾਧੂ ਸੀਤਲ, ਉਸ ਨੂੰ ਉਂਗਲੀਆਂ ਵਿਖਾਉਣੀਆਂ ਤੇ ਦੱਸ ਦੇਣਾ ਕਿ ਤੁਸੀਂ ਕਿਉਂ ਨਹੀਂ ਸੀਤਲ ਹੋਏ। ਜਦ ਸੀਤਲਤਾ ਦੀ ਬਰਖਾ ਹੋਈ ਏ ਤੁਹਾਡੇ ਅੰਦਰ ਅੱਗ ਸੁਲਗ ਰਹੀ ਏ, ਭਾਂਬੜ ਮਚ ਰਿਹਾ ਏ, ਜਵਾਲਾ ਚਮਕ ਰਹੀ ਏ। ਐਵੇਂ ਜਿਸਮ ਦਾ ਪਰਭਾਵ ਜਿਹਾ ਬਣਾਇਆ ਹੋਇਆ ਸੀ। ਇਹ ਪਰਦਾ ਕਿੰਨੇ ਕੁ ਦਿਨ ਰਹੂ, ਲੋਕਾਂ ਨੂੰ ਧੋਖਾ ਦੇਣ ਲਈ ਕਿਉਂ ਬਗਲਾ ਭਗਤ ਬਣਿਆ ਹੋਇਆ ਏਂ।

ਹਜ਼ੂਰ ਸੁਥਰੇ ਸ਼ਾਹ ਇਕ ਵਾਰ ਦਿੱਲੀ ਚਲੇ ਗਏ। ਤੇ ਕਈਆਂ ਕਾਜ਼ੀਆਂ ਮੁਲਾਣਿਆਂ ਨੂੰ ਝੂਠਾ ਕੀਤਾ ਤੇ ਉਹਨਾਂ ਦੇ ਐਬ ਦੱਸੇ। ਮਖੌਲ ਵੀ ਕੀਤਾ ਪਰ ਪਰਦਾ ਪਾ ਕੇ। ਹੌਲੀ ਹੌਲੀ ਦਿੱਲੀ ਦਰਬਾਰ ਵਿਚ ਪਹੁੰਚ ਹੋ ਗਈ।

ਬੇ ਬਾਕ ਤੇ ਹੈ ਹੀ ਸੀ, ਮੂੰਹ ਫੱਟ ਵੀ ਸੀ। ਜ਼ਬਾਨ ਬੜੀ ਸੁਰੀਲੀ ਸੀ ਪਰ ਹੈ ਸੀ ਤਿੱਖੀ ਛੁਰੀ। ਭਰੇ ਦਰਬਾਰ ਵਿਚ ਸ਼ਹਿਨਸ਼ਾਹ ਔਰੰਗਜ਼ੇਬ ਨੂੰ ਆਖ ਦਿੱਤਾ : ਹਿੰਦ ਦੇ ਸ਼ਹਿਨਸ਼ਾਹ ! ਲੋਕਾਂ ਦਾ ਦਿਲ ਨਾ ਢਾਹ, ਇਹ ਰੱਬ ਦੀ ਮਸੀਤ ਏ, ਅਬਾਦਤ ਗਾਹ ਏ, ਇਹ ਮੰਦਰ ਏ ਭਗਵਾਨ ਦਾ।

ਸੁਥਰੇ ਸ਼ਾਹ ਦੀ ਜੁਰਅਤ, ਸੂਰਤ, ਅਡੋਲ ਤੇ ਸਰਲਤਾ ਤੇ ਪਰਬਤਾਂ ਦੀ ਮੂਰਤੀ ਵੇਖ ਕੇ ਇਕ ਬਖਸ਼ਸ਼ ਦਾ ਆਗੂ ਥਾਪ ਦਿੱਤਾ।

ਗੁਰੂ ਦਾ ਹੁਕਮ ਪਾ ਕੇ ਪੰਜਾਬ ਦਿਆਂ ਪਰਬਤਾਂ, ਪਹਾੜੀ ਰਿਆਸਤਾਂ, ਕਸ਼ਮੀਰ ਦੀ ਰਮਣੀਕ ਨਗਰੀ, ਤੇ ਜੰਨਤ ਇਸ ਜਹਾਨ ਦੀ ਬਲਖ ਬੁਖਾਰੇ ਤਕ ਸਿੱਖ ਧਰਮ ਦਾ ਪਰਚਾਰ ਕੀਤਾ ਤੇ ਝੰਡਾ ਝੁਲਾਇਆ।

ਕੋਈ ਹੁਨਰ ਸੀ ਜਾਂ ਰਹਿਮਤ ਸੀ ਜਾਂ ਬਰਕਤ ਸੀ ਇਹ ਤੇ ਰੱਬ ਹੀ ਜਾਣੇ ਪਰ ਸੁਥਰੇ ਦੇ ਪਰਚਾਰ ਦਾ ਕੋਈ ਢੰਗ ਹੀ ਨਿਰਾਲਾ ਸੀ। ਸੁਥਰੇ ਦੇ ਪਰਚਾਰ ਵਿਚ ਲੋਕ ਲੀਨ ਹੋ ਗਏ ਸਨ।

ਸੁਥਰੇ ਨੇ ਆਪਣੇ ਚਾਰ ਚੇਲੇ ਬਣਾਏ ਭਾਈ ਜਾਦੋ, ਭਾਈ ਝੂੰਜਾ ਸ਼ਾਹ, ਤੇ ਭਾਈ ਰਜ਼ਾਲ ਸ਼ਾਹ, ਭਾਈ ਅੰਧੇਰੇ ਸ਼ਾਹ। ਉਹ ਸੁਥਰੇ ਤੋਂ ਵੀ ਚਾਰ ਕਦਮ ਅੱਗੇ ਸਨ। ਲੋਕ ਹੜੱਪੇ ਮਾਰਦੇ ਸਨ ਉਹ ਛਾਲਾਂ ਮਾਰਦੇ ਸਨ।

ਸੁਥਰਾ ਇਕ ਕਵੀ ਸੀ, ਉਹਦਾ ਹਿਰਦਾ ਬੜਾ ਨਿਰਮਲ ਸੀ, ਕੋਮਲ ਸੀ, ਉਹ ਰਮਜ਼ਾਂ ਵਿਚ ਗਲਾਂ ਕਰਦਾ, ਉਹਦੇ ਦੋਹੇ ਲੋਕਾਂ ਦੇ ਮੂੰਹ ਚੜ੍ਹੇ ਹੋਏ ਸਨ :

ਹਾਥੀ ਘੋੜੇ ਮਾਲ ਧਨ, ਇਹ ਖਤਰਾ ਹੀ ਜਿੰਦ ਕਾ।
ਜੇ ਸੁਖ ਲੋੜੇਂ ਸੁਥਰਿਆ, ਸਿਮਰ ਨਾਮ ਗੋਬਿੰਦ ਕਾ।
ਢੋਲ ਵਜੇ ਘਰ ਲੁਟਿਆ, ਲੋਕ ਜਾਣੇ ਵਿਆਹੁ।
ਸਾਹਿਬ ਅਰਥ ਨਾ ਬੀਜਿਉ, ਹੋਇਓ ਮੁਖ ਸਿਆਹੁ।
ਜਿਤ ਵੇਲੇ ਲੇਖਾ ਮੰਗੀਐ, ਗਲਿ ਪਲਾ ਤੇ ਮੁਹਿ ਘਾਹੁ।
ਰਾਹੋਂ ਘੁਥੇ ਸੁੱਥਰਿਆ, ਤਿੰਨ ਨੂੰ ਬਡਾ ਦਾਹ।
ਸ਼ਾਬਾਸ਼ ਪੱਟੇ, ਸ਼ਾਬਾਸ਼ ਮੁਛੇ, ਸ਼ਾਬਾਸ਼ ਲੀਤੇ ਲੁੱਟ।
ਸ਼ਾਬਾਸਾਂ ਦਾ ਮਾਰਿਆ ਸੁਥਰਿਆ, ਕਹੀਂ ਨ ਲਹਿਜੇ ਛੁੱਟ।
ਸੁਥਰਿਆ ਲੋਕਾਂ ਦੀਆਂ ਕਹਾਣੀਆਂ, ਧਰੈ ਕੰਮ ਨਾ ਕੋਇ।
ਜੋ ਤੇ ਕੰਮ ਸਵਾਰਨਾ, ਸਿਮਰ ਸਵੇਰੇ ਸੋਇ।

ਸ਼ਰਧਾ ਭਗਤੀ ਤੇ ਤਪਸਿਆ ਤੇ ਲਗਨ ਨੂੰ ਮੁੱਖ ਰੱਖਕੇ ਗੁਰੂ ਹਰ ਗੋਬਿੰਦ ਦੇ ਬਾਰੇ ਸੁੱਥਰੇ ਨੂੰ ਸ਼ਰਧਾ ਇਉਂ ਫੁੱਟਦੀ ਏ ਜਿਵੇਂ ਫੁਹਾਰਾਂ ਪੈ ਰਹੀਆਂ ਹੋਣ ਵਰਖਾ ਰੁੱਤ ਦੀਆਂ।

ਉਹ ਚਾਕਰ ਵੱਡੀ ਠਉਰ ਦਾ, ਕਰਨੀ ਹੈ ਪੂਰਾ।
ਘੋੜਾ ਉਸਦਾ ਲਖ ਦਾ, ਹਥਿਆਰੀ ਸੂਰਾ।
ਘਾਓ ਨ ਖਾਇ ਮਗਰ ਵਿਚਿ, ਸਨਮੁਖ ਮਗਰੂਰਾ।
ਖਵਈਆਂ ਸਾੜੇ ਦੁੱਧ ਦਾ, ਕਦੇ ਖਾਇ ਨ ਕੂਰਾ।
ਸਭੇ ਗੱਲਾਂ ਊਣੀਆਂ, ਨਾਉ ਤੇਰਾ ਪੂਰਾ॥

56 ਸਾਲ ਦੀ ਉਮਰ ਭੋਗ ਕੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਅਕਾਲ ਚਲਾਣਾ ਕਰ

ਗਿਆ ਜਿਤਨਾ ਚਿਰ ਵੀ ਜੀਵਿਆ ਲੋਕਾਂ ਤੇ ਦਿਲ ਤੇ ਰਾਜ ਦਿੱਤਾ, ਧੁੰਮਾਂ ਸਨ ਸਾਰੇ ਬਾਹਰੇ ਵਿਚ ਸੁੱਥਰੇ ਸ਼ਾਹ ਦੀਆਂ, ਜਿੰਨੀਆਂ ਬਖਸ਼ਸ਼ਾਂ, ਬਰਕਤਾਂ ਗੁਰੂ ਤੋਂ ਮਿਲੀਆਂ ਜੀਅ ਭਰ ਕੇ ਵੰਡੀਆਂ ਦਿਲ ਖੋਲ੍ਹ ਕੇ ਲੋਕਾਂ ਦੇ ਦੁੱਖ ਨਵਾਰੇ।

ਇਸ ਸੰਪਰਦਾਇ ਵਿਚ ਕਈ ਅੱਗੋ ਹੋਰ ਵੀ ਫਕੀਰ ਹੋਏ ਹਨ ਜਿਵੇਂ ਭਾਈ ਝਗੜੇ ਸ਼ਾਹ, ਭਾਈ ਮੁਸ਼ਤਾਕ ਸ਼ਾਹ, ਲਾਹੌਰ ਵਾਲੇ ਤੇ ਹਰ ਸ਼ਾਹ ਬਟਾਲੇ ਵਾਲੇ ਉਹਨਾਂ ਦੇ ਦੋ ਅਸਥਾਨ ਅੱਜ ਵੀ ਅੰਮ੍ਰਿਤਸਰ ਵਿਚ ਹਨ ਇਕੋ ਚੌਕ ਛੱਤੀ ਖੂਹੀ ਤੇ ਦੂਜਾ ਖਜ਼ਾਨੇ ਵਾਲੇ ਚੌਕ ਵਿਚ, ਨੂਰਮਹਿਲ, ਸਿੰਧ, ਸੱਖਰ, ਜੌਨਪੁਰ, ਅਫਗਾਨਿਸਤਾਨ ਵਿਚ ਅਜ ਵੀ ਧਾਕਾਂ ਹਨ, ਲੋਕ ਉਹਨਾਂ ਦੀਆਂ ਸੰਪਰਦਾਵਾਂ ਨੂੰ ਅਜ ਵੀ ਪੂਜਦੇ ਹਨ। ਸੁਥਰੇ ਸ਼ਾਹ ਦਾ ਨਾਂ ਲੈ ਕੇ ਬਿਮਾਰ ਦੇ ਗਲ ਵਿਚ ਧਾਗਾ ਬੰਨ੍ਹ ਦਿਓ, ਕੁਦਰਤ ਬਖਸ਼ਸ਼ ਕਰਦੀ ਏ, ਰੋਗੀ ਸਿਹਤਮੰਦ ਹੋ ਜਾਂਦਾ ਏ।

ਸੁਥਰੇ ਸ਼ਾਹੀ ਅਜ ਵੀ ਦਿੱਲੀ ਦੇ ਬਜ਼ਾਰਾਂ ਵਿਚ ਗੂੰਜਦੀ ਏ, ਸੁੱਥਰਾ ਅਜ ਵੀ ਗਲੀ ਗਲੀ ਤੇ ਹੱਟੀ ਹੱਟੀ ਆਪਣਾ ਕਰ ਵਸੂਲਦਾ ਏ, ਇਹ ਹਕੂਮਤ ਵਲੋਂ ਉਹਨੂੰ ਹੁਕਮਨਾਮਾ ਮਿਲਿਆ ਹੋਇਆ ਸੀ, ਜਾਹ ਸੁਥਰੇ ਤੇਰੀ ਸ਼ਾਹੀ ਚਲੇਗੀ ਤੇ ਤੂੰ ਆਪਣਾ ਕਰ ਆਪ ਵਸੂਲਿਆ ਕਰ, ਧੰਨ ਏ ਸੁੱਥਰਾ, ਜਿਹੜਾ ਜਨਮ ਤੋਂ ਬਾਅਦ ਰੂੜੀ ਤੇ ਰਾਤ ਬਿਨਾ ਦੁੱਧ ਤੇ ਪਾਣੀ ਤੋਂ ਕੱਟੀ ਗੁਰੂ ਦੀ ਨਜ਼ਰ ਸਵੱਲੀ ਹੋਈ, ਨਜ਼ਰ ਪਈ ਤੇ ਤਰ ਗਿਆ, ਗੁਰਾਂ ਦੀ ਬਖਸ਼ਸ਼ ਦੇ ਸਦਕੇ।

ਨਾਂ ਲੈਣ ਨਾਲ ਤਾਂ ਪੱਥਰ ਵੀ ਤਰ ਜਾਂਦੇ ਨੇ, ਸ਼ਰਧਾ ਕੁਲ ਤਾਰ ਦੇਂਦੀ ਏ ਗੁਰੂ ਦਾ ਨਾਂ ਹੀ ਪ੍ਰਭੂ ਦਾ ਦੂਜਾ ਰੂਪ ਏ, ਇਸ ਕਲਯੁੱਗ ਵਿਚ ਇਹੋ ਹੀ ਜਹਾਜ਼ ਏ ਪਾਰ ਜਾਣ ਲਈ।

□

੪੯

ਅੱਧੀ ਦਸਤਾਰ

ਰੰਗਣ ਏ ਜਿਹੜ੍ਹੇ ਤੇ ਚੜ੍ਹ ਜਾਏ ਅਤੇ ਉਹਦਾ ਰੰਗ ਹੋਵੇ ਮਜੀਠ ਤੇ ਬਲਿਹਾਰੇ ਫੇਰ ਓਸ ਸਤਿਗੁਰ ਦੇ ਜਿਦੀਆਂ ਰਹਿਮਤਾਂ ਨੇ ਰੰਗ ਬਖਸ਼ਿਆ, ਲਾਲੀਆਂ ਚੜ੍ਹ ਆਈਆਂ ਅਤੇ ਆਤਮਾ ਨੂਰੋ ਨੂਰ ਹੋ ਗਈ। ਇਹ ਮਹਿਮਾ ਖਾਜਾ ਅਰਜਾਨੀ ਦੀ ਏ। ਆਇਆ ਤੇ ਮੁਖਬਰੀ ਕਰਨ ਸੀ ਪਰ ਗੁਰੂ ਦੁਆਰੇ ਆ ਕੇ ਗੁਰੂ ਦਾ ਗੋਲਾ ਬਣ ਕੇ ਰਹਿ ਗਿਆ। ਨਾ ਆਪਣੀ ਸੁਧ ਰਹੀ ਤੇ ਨਾ ਨੌਕਰੀ ਦੀ ਮਾਲਾ ਦੇ ਮਣਕੇ ਵਿਚ ਪਰੁਤ ਗਿਆ। ਇਕ ਦਮ ਕਰਮ ਤੇ ਕਰਨੀ ਵੇਖ ਕੇ ਗੁਰੂ ਹਰਿਗੋਬਿੰਦ ਨੇ 'ਸੋਹਣਾ' ਦੇ ਖਿਤਾਬ ਨਾਲ ਨਿਵਾਜਿਆ। ਕੀਰਤਪੁਰ ਵਿਚ ਹੀ ਸੇਵਾ ਵਿਚ ਜੁਟੇ ਰਹੇ। ਆਪਣੀ ਧੁਨ ਵਿਚ ਮਗਨ ਸਨ। ਗੁਰੂ ਹਰਿਰਾਏ ਦਾ ਪਹਿਰਾ ਆਇਆ ਤਾਂ ਰਹਿਮਤਾਂ ਹੋ ਗਈਆਂ। ਸੋਹਣਾ ਤੇ ਅਗੇ ਹੀ ਸੀ ਜ਼ਰਾ ਕੁ ਨਜ਼ਰ ਪਈ ਤੇ ਕੁੰਦਨ ਬਣ ਗਿਆ।

ਬਸ ਨਾ ਖਾਣ ਦੀ ਹੋਸ਼ ਤੇ ਨਾ ਸੌਣ ਦੀ ਤਮੰਨਾ। ਲਗਨ ਸਿਰਫ ਸੇਵਾ ਗੁਰੂ ਘਰ ਦੀ ਹੀ ਸੀ। ਦਿਨ ਰਾਤ ਸੇਵਾ ਜਾਂ ਮਾਲਾ ਦੇ ਮਣਕੇ। ਸਾਰੀ ਜ਼ਿੰਦਗੀ ਦਾਅ ਤੇ ਲਾ ਦਿੱਤੀ। ਬਖਸ਼ਸ਼ ਕੀਤੀ, ਜਾ ਸਜਣਾ ਗਿਰਾਂ ਗਿਰਾਂ, ਪਿੰਡ ਪਿੰਡ, ਨਗਰ ਨਗਰ ਵਿਚ ਸਿੱਖੀ ਦਾ ਪਰਚਾਰ ਕਰ। ਇਹ ਫੁਰਮਾਨ ਸੀ ਗੁਰੂ ਹਰਰਾਇ ਦਾ।

ਸਤਿ ਬਚਨ, ਮੁਗੜ ਮਾਰ ਲਿਆ ਤੇ ਸੇਵਾ ਵਿਚ ਜੁਟ ਪਿਆ। ਘੜਾ ਪਾਣੀ ਦਾ ਭਰਿਆ, ਕੱਛ ਵਿਚ ਮਾਰਿਆ ਤੇ ਹੱਥ ਵਿਚ ਛੰਨਾ ਕਹਿੰਦਾ। ਪਾਣੀ ਪੀਓ ਸਜਣੋ, ਪਾਣੀ ਪੀਓ।

ਪਹਿਰਾ ਗੁਰੂ ਹਰਿਰਾਏ ਦਾ ਬੀਤਿਆ। ਗੁਰੂ ਹਰਿ ਕ੍ਰਿਸ਼ਨ ਦਾ ਪ੍ਰਕਾਸ਼ ਵੇਖਿਆ ਤੇ ਲੋਕਾਂ ਨੇ ਹੁਣ ਗੁਰੂ ਤੇਗ ਬਹਾਦਰ ਜੀ ਦਾ ਜਲਾਲ ਵੀ ਵੇਖਿਆ। ਜਿਸ ਨੂੰ ਵੇਖ ਵੇਖ ਸੰਗਤਾਂ ਨਿਹਾਲ ਹੋ ਰਹੀਆਂ ਸਨ। ਜਦ ਸ਼ਹਾਦਤ ਦੀ ਖ਼ਬਰ ਸੁਣੀ ਸਹਾਰੀ ਨਾ ਗਈ। ਦਿਲ ਮੁਠ ਵਿਚ ਆ ਗਿਆ। ਗੁੱਛੂ ਮੁੱਛੂ ਹੋਇਆ ਦਿਲ, ਸਾਹ ਵੀ ਨਾ ਨਿਕਲਿਆ। ਇਹ ਸਾਕਾ ਸੁਣਨ ਸਾਰ ਗਸ਼ ਪੈ ਗਈ ਤੇ ਮੁੜ ਕੇ ਸਾਹ ਹੀ ਨਾ ਆਇਆ। ਨਗਰ ਸਗ੍ਰਾਲ ਵਿਚ ਚੜ੍ਹਾਈ ਕਰ ਲਈ। ਖ਼ੁਦਾ ਨੇ ਉਨ੍ਹਾਂ ਨੂੰ ਤਿੰਨ ਪੁਤ ਬਖਸ਼ੇ ਸਨ। ਇਕ ਦਾ ਨਾਂ ਰਾਮ ਦੇਵ, ਸੰਤ ਰਾਮ ਦੂਜਾ ਅਤੇ ਤੀਜੇ ਨੂੰ ਗੁਰਦਿਆਲ ਜੀ ਆਖਦੇ ਸਨ। ਤਿੰਨਾਂ ਨੇ ਤਨ ਮਨ ਨਾਲ ਗੁਰਾਂ ਦੀ ਸੇਵਾ ਕੀਤੀ। ਜਿਹਾ ਪਿਉ ਅਤੇ ਅਗੋਂ ਤਿਹੇ ਤਿੰਨੇ ਪੁਤ। ਰਾਮ ਦੇਵ ਗੁਰੂ ਤੇਗ ਬਹਾਦਰ ਵੇਲੇ ਇਕ ਵਾਰ ਜਲ ਦੀ ਸੇਵਾ ਕਰ ਰਹੇ ਸਨ। ਬਾਂਗਰ ਦੇਸ਼ ਵਿਚ ਯਾਤਰਾ ਸ਼ੁਰੂ ਸੀ। ਘਟਾ ਰੇਤ ਉਡ ਰਹੀ ਸੀ ਤੇ ਸੇਵਾ ਜਲ ਦੀ ਕਰ ਰਿਹਾ ਸੀ ਰਾਮ ਦੇਵ। ਪਾਣੀ ਦਾ ਏਨਾ ਛੜਕਾ ਕੀਤਾ ਕਿ ਰੇਤ ਵੀ ਦਬ ਗਈ ਅਤੇ ਘੱਟਾ ਵੀ ਬਹਿ ਗਿਆ। ਇਹ ਗਲ ਕਮਾਲ ਦੀ ਸੀ। ਏਥੇ ਤੇ ਪਾਣੀ ਹੱਥ ਧੋਣ ਨੂੰ ਨਹੀਂ ਮਿਲਦਾ। ਗੁਰੂ ਦੀਆਂ ਮਿਹਰਾਂ ਸਨ ਜਾਂ ਕੁਦਰਤ ਦਾ ਪ੍ਰਤਾਪ ਸੀ। ਜਲ ਕਿਥੋਂ ਲੈ ਆਇਆ ਰਾਮ ਦੇਵ।

—ਪ੍ਰਸੰਨ ਹੋਏ ਗੁਰੂ ਬੋਲੇ, ਧੰਨ ਏ ਭਾਈ ਰਾਮ ਦੇਵ, ਤੂੰ ਤੇ ਸਚਮੁਚ ਮੀਂਹ ਵਰ੍ਹਾ ਦਿਤਾ ਏ। ਅਜ ਤੋਂ ਤੂੰ ਸਾਡਾ ਮੀਹਾਂ ਹੋਇਆ। ਹੁਣ ਜਲ ਵੀ ਪਿਆਉ ਤੇ ਨਾਲ ਨਾਮ ਦੀ ਵਰਖਾ ਵੀ ਕੀਤਾ ਕਰੋ। ਘਰ ਘਰ ਅੰਦਰ ਧਰਮਸ਼ਾਲਾ ਸਾਜੋ। ਅੰਨ ਤੇ ਪਾਣੀ ਦਾ ਲੰਗਰ ਲਾਓ। ਹਰ ਥਾਂ, ਹਰ ਪਿੰਡ ਵਿਚ ਤੇ ਹਰ ਚੁਰਾਹੇ ਉਤੇ।

ਬਖਸ਼ਸ਼ ਹੋਈ, ਦੋ ਬਲਦ, ਨਗਾਰਾ, ਝੰਡਾ ਮਿਲਿਆ, ਤੇ ਨਗਰ ਨਗਰ ਵਿਚ ਜਾ ਲੰਗਰ ਲਾ ਦਿਤੇ। ਅਤੇ ਸ਼ਬਦ ਬਾਣੀ ਨਾਲ ਟੁਟਿਆਂ ਨੂੰ ਜੋੜ ਦਿਤਾ।

ਗੁਰੂ ਤੇਗ ਬਹਾਦਰ ਦੇ ਸਮੇਂ ਜਦ ਕੋਈ ਸੇਵਾ ਦਾ ਨਾਂ ਨਹੀਂ ਸੀ ਲੈਂਦਾ। ਭਾਈ ਰਾਮ ਦੇਵ ਨੂੰ ਹਰ ਕੋਈ ਚੇਤੇ ਕਰਦਾ। ਗੁਰੂ ਦੀਆਂ ਮਿਹਰਾਂ, ਗੁਰੂ ਦੀਆਂ ਬਰਕਤਾਂ ਜਿਦਾਂ ਉਹਦੀ ਕਿਸਮਤ ਵਿਚ ਹੀ ਸਨ।

ਇਕ ਵਾਰ ਆਨੰਦਪੁਰ ਵਲ ਜਾ ਰਿਹਾ ਜੱਥਾ ਭਾਈ ਰਾਮ ਦੇਵ ਦਾ। ਨਗਾਰਾ ਵਜਦਾ ਜਾ ਰਿਹਾ ਸੀ ਤੇ ਗੁਰੂ ਗੱਦੀ ਤੇ ਬਿਰਾਜਮਾਨ ਸਨ। ਗੁਰੂ ਗੋਬਿੰਦ ਸਿੰਘ ਜੀ ਦਾ ਪਹਿਰਾ ਸੀ।

ਸੇਵਾਦਾਰ ਆਪਣੀ ਮਸਤੀ ਤੇ ਲਗਨ ਵਿਚ ਨਗਾਰੇ ਵਜਾਈ ਜਾ ਰਿਹਾ ਸੀ ਜਸ ਗਾ ਰਿਹਾ ਸੀ ਗੁਰੂ ਦੇ। ਦੀਵਾਨ ਵਿਚ ਅਜੇ ਸਮਾਪਤੀ ਵੀ ਨਹੀਂ ਸੀ ਹੋਈ।

ਹੁਕਮ ਹੋਇਆ ਜੋ ਵੀ ਨਗਾਰਾ ਵਜਾ ਰਿਹਾ ਏ, ਉਹਦਾ ਨਿਸ਼ਾਨ ਤੇ ਨਿਗਾਰਾ ਖੋਹ ਲਿਆਵੋ।

ਹੁਕਮ ਦੀ ਦੇਰ ਸੀ, ਸੇਵਾਦਾਰਾਂ ਅੱਖ ਨਾ ਝਮਕਣ ਦਿੱਤੀ। ਜਾ ਨਗਾਰੇ ਕੋਲ ਪੁਜੇ। ਇਕ ਧੌਲ ਮਾਰੀ, ਨਗਾਰਾ ਵੀ ਖੋਹ ਲਿਆ ਤੇ ਨਿਸ਼ਾਨ ਸਾਹਿਬ ਵੀ।

ਭਾਈ ਰਾਮ ਦੇਵ ਨੇ ਜਿਦਾਂ ਮੂੰਹ ਤੇ ਪਟੀ ਬੰਨ੍ਹੀ ਹੋਵੇ, ਜਾਂ ਮੂੰਹ 'ਚ ਘੁੰਙਣੀਆਂ ਪਾਈਆਂ ਹੋਣ। ਜ਼ਬਾਨ ਜਿਦਾਂ ਬੰਦ ਹੋ ਗਈ ਹੋਵੇ, ਚੁਪ ਸੀ, ਖਾਮੋਸ਼ ਸੀ।

—ਹੱਸ ਕੇ ਆਖਣ ਲਗੇ, ਧੰਨ ਹਾਂ, ਮੈਂ, ਮੇਰੇ ਗੁਰੂ ਨੇ ਆਪਣੀ ਅਮਾਨਤ ਮੰਗਾ ਲਈ ਏ। ਓਸ ਉਸੇ ਤਰ੍ਹਾਂ ਹਸਦੇ ਨੇ ਖਿੜੇ ਮੱਥੇ ਜਾ ਦਰਬਾਰ ਵਿਚ ਹਾਜ਼ਰੀ ਭਰੀ। ਸਿਰ ਝੁਕਾਇਆ ਤੇ ਹੱਥ ਜੋੜ ਕੇ ਖੜਾ ਹੋ ਗਿਆ।

—ਮਹਾਰਾਜ ਨੇ ਫੁਰਮਾਇਆ, ਤੁਸਾਂ ਰਤਾ ਵੀ ਗੁੱਸਾ ਨਹੀਂ ਕੀਤਾ। ਤੁਹਾਡੇ ਮੱਥੇ ਤੇ ਗੁਸੇ ਦੀ ਮਾਸਾ ਅਲਾਇਸ਼ ਵੀ ਨਹੀਂ ਆਈ।

—ਗੁੱਸਾ ਕਿਸ ਗਲ ਦਾ, ਹਜ਼ੂਰ ਨੇ ਦਾਤ ਬਖਸ਼ੀ ਸੀ, ਹਜ਼ੂਰ ਨੇ ਵਾਪਸ ਲੈ ਲਈ ਤੇ ਫੇਰ ਗਿਲਾ ਕਾਹਦਾ। ਮੈਂ ਕੋਈ ਮਾਲਕ ਥੋੜ੍ਹਾ ਸਾਂ, ਮੇਰੇ ਪਾਸ ਤੇ ਅਮਾਨਤ ਸੀ ਗੁਰੂ ਦੀ। ਅਜ ਮੈਂ ਓਸ ਤੋਂ ਸੁਰਖਰੂ ਹੋ ਗਿਆ ਹਾਂ।

ਗੁਰੂ ਗੋਬਿੰਦ ਸਿੰਘ ਮੁਸਕਰਾਏ। ਨਿਰਮਾਣ, ਨਿਰਲੇਪ ਬਿਰਤੀ ਵੇਖ ਕੇ ਆਖਣ ਲਗੇ, ਧੰਨ ਸਿੱਖੀ!

ਨਾ ਸਿਰਫ ਨਿਸ਼ਾਨ, ਨਗਾਰਾ ਹੀ ਮੋੜਿਆ। ਬੈਲਾਂ ਦੀ ਜਗ੍ਹਾ ਘੋੜਾ ਵੀ ਬਖਸ਼ਿਆ ਅਤੇ ਇਕ ਸਿਰੀ ਸਾਹਿਬ ਵੀ ਤੇ ਨਾਲ ਇਕ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੇ ਨਾਲ ਅੱਧੀ ਦਸਤਾਰ ਸੀਸ ਦੀ ਵੀ ਦਿੱਤੀ।

ਸਾਰੇ ਜਹਾਨ ਦੀਆਂ ਬਖਸ਼ਸ਼ਾਂ ਝੋਲੀ ਵਿਚ ਪਾ ਦਿਤੀਆ ਰਾਮ ਦੇਵ ਦੀ।

ਇਹ ਸਿਦਕ, ਅਕੀਦਾ ਅਤੇ ਨਿਸਚੇ ਦਾ ਹੀ ਪਰਤਾਪ ਸੀ।

ਮੁਕਦੀ ਗਲ ਏਸ ਬਖਸ਼ਸ਼ ਨੇ ਗੁਰੂ ਘਰ ਦੇ ਨਾਂ ਦੇ ਡੰਕੇ ਵਜਾਏ ਤੇ ਗੁਰਬਾਣੀ ਦੇ ਛੱਟੇ ਸਾਰੇ ਭਾਰਤ ਵਰਸ਼ ਵਿਚ ਮਾਰੇ। ਗਲ ਕੀ ਗੁਰਬਾਣੀ ਨੇ ਪਵਿਤਰ ਹਿਰਦੇ ਕੀਤੇ। ਰੂਹ ਮੁਨੱਵਰ ਕੀਤੀ। ਲੋਕਾਂ ਦਾ ਅਕੀਦਾ ਪਕਾ ਹੋਇਆ। ਈਮਾਨ ਗੁਰਾਂ ਤੇ ਲੈ ਆਂਦਾ।

ਜਿਨੀਆਂ ਵਡੀਆਂ ਧਰਮਸ਼ਾਲਾਵਾਂ ਤੁਹਾਨੂੰ ਨਜ਼ਰ ਆਉਂਦੀਆਂ ਨੇ, ਉਨ੍ਹਾਂ ਨੇ ਜਨਮ ਦਾਤੇ ਮੀਹਾਂ ਸਾਹਿਬ ਦੇ ਚੇਲਿਆਂ ਦੇ ਸਿਦਕ ਦਾ ਸਦਕਾ ਏ।

ਭਾਈ ਮਾਨ ਦਾਸ ਦੇ ਚੇਲਿਆਂ ਥਾਂ ਥਾਂ ਆਪਣੇ ਕਿੱਲੇ ਗੱਡੇ, ਝੰਡੇ ਝੁਲਾਏ, ਉਤਰ ਪ੍ਰਦੇਸ਼, ਬਿਹਾਰ, ਕਟਕ, ਉੜੀਸਾ, ਮਧ ਭਾਰਤ, ਅਮਰਾਵਤੀ, ਉਜੈਨ, ਕੰਧਾਰ ਤਕ ਉਨ੍ਹਾਂ ਦੇ ਨਾਂ ਦੇ ਉਦਮ ਦਾ ਹੀ ਕਰਿਸ਼ਮਾ ਹੈ। ਧੰਨ ਸਨ ਮੀਹਾਂ ਸਾਹਿਬ ਤੇ ਧੰਨ ਸਨ ਉਨ੍ਹਾਂ ਦੇ ਚੇਲੇ।

□

੫੦

ਬਖਤ ਮਲੀਏ

—ਬਸ ਫੜ ਲਵੋ, ਜਿੰਨੇ ਵੀ ਮਸੰਦ ਤੁਹਾਨੂੰ ਲਭਦੇ ਹਨ, ਹੁਕਮ ਗੁਰੂ ਗੋਬਿੰਦ ਸਿੰਘ ਜੀ ਦਾ ਸੀ।

—ਕਿਸ ਜੁਰਮ ਵਿਚ ਸਚੇ ਪਾਤਸ਼ਾਹ?

—ਬਸ ਅਮਾਨਤ ਵਿਚ ਖਿਆਨਤ।

—ਗੁਰੂ ਦੇ ਦਸਵੰਧ ਨੂੰ ਐਸ਼ ਪ੍ਰਸਤੀ, ਸ਼ਰਾਬ ਖੋਰੀ ਤੇ ਗੁਰੂ ਘਰ ਦੇ ਖਿਲਾਫ ਸਾਜ਼ਸ਼ ਦੇ ਜੁਰਮ ਵਿਚ।

—ਸਚੇ ਪਾਤਸ਼ਾਹ ਕੀ ਮਸੰਦ ਏਨੇ ਹੀ ਨੀਚ ਹੋ ਗਏ ਹਨ।

—ਨੀਚ ਤੇ ਫੇਰ ਸਿਧੇ ਰਸਤੇ ਤੇ ਆ ਜਾਂਦੇ ਹਨ ਪਰ ਇਹ ਮਸੰਦ ਕੁੱਤੇ ਦੇ ਨਿਆਈਂ ਹੋ ਗਏ ਹਨ।

—ਨਾ ਇਹ ਸੁਧਰੇ ਹਨ ਤੇ ਨਾ ਇਹ ਸੁਧਰਨਗੇ। ਜਿੰਨੇ ਦਿਨ ਵੀ ਜਿਉਣਗੇ, ਇਹ ਸਮਾਜ ਨੂੰ ਗੰਦਾ ਕਰਨਗੇ ਤੇ ਲੋਕਾਂ ਦੀ ਆਬਰੂ ਨੂੰ ਚੌਰਾਹੇ ਤੇ ਨਿਲਾਮ ਕਰਨਗੇ। ਸਿੱਖੀ ਬਦਨਾਮ ਹੋਵੇਗੀ। ਅਜੇ ਤੇ ਸਿੱਖੀ ਦੀ ਚਿੱਟੀ ਚਾਦਰ ਏ ਤੇ ਕਿਤੇ ਰਤੀ ਭਰ ਵੀ ਦਾਗ ਨਹੀਂ। ਲੋਕ ਦੇਵਤਾ ਸਮਝਦੇ ਹਨ ਸਿੱਖ ਨੂੰ। ਸਿੱਖ ਦੀ ਸਹੁੰ ਖਾਧੀ ਜਾਂਦੀ ਹੈ। ਲੋਕ ਮਿਸਾਲ ਦੇਂਦੇ ਹਨ ਸਿੱਖ ਦੀ। ਹਕੂਮਤ ਕਾਤਲ ਸਿੱਖ ਦਾ ਵੀ ਇਤਬਾਰ ਕਰ ਲੈਂਦੀ ਹੈ, ਭਾਵੇਂ ਉਹ ਚਿੱਟਾ ਝੂਠ ਕਿਉਂ ਨਾ ਬੋਲ ਰਿਹਾ ਹੋਵੇ ਹਕੂਮਤ ਪੱਥਰ ਤੇ ਲੀਕ ਸਮਝਦੀ ਏ। ਸਿੱਖ ਆਪਣੀ ਹਯਾਤੀ ਵਿਚ ਕਦੇ ਝੂਠ ਨਹੀਂ ਬੋਲ ਸਕਦਾ। ਜੇ ਉਹ ਕਾਤਲ ਏ ਤਾਂ ਉਹ ਆਖੇਗਾ ਕਿ ਮੈਂ ਕਤਲ ਕੀਤਾ ਹੈ। ਇਕ ਪਾਸੇ ਪਾਰਸਾਵਾਂ ਦੀ ਕਤਾਰ ਖੜੀ ਹੋਵੇ ਤੇ ਉਹਦੇ ਮੁਕਾਬਲੇ ਤੇ ਗੁਰੂ ਦਾ ਸਿਰਫ ਇਕ ਸਿੱਖ ਹੀ ਖੜਾ ਹੋਵੇ। ਸਿੱਖ ਦਾ ਮਰਤਬਾ ਬੁਲੰਦ ਹੋਵੇਗਾ। ਪਾਰਸਾ ਝੂਠ ਬੋਲ ਸਕਦਾ ਹੈ ਪਰ ਸਿੱਖ ਝੂਠ ਤੋਂ ਨੌਂ ਨੌਂ ਕੋਹ ਪਰੇ ਨਸਦਾ ਏ। ਇਹ ਵਿਸ਼ਵਾਸ ਖਤਮ ਹੋ ਜਾਏਗਾ ਜੇ ਮਸੰਦ ਜਿਉਂਦੇ ਰਹੇ। ਮਸੰਦਾਂ ਨੇ ਆਸਮਾਨ ਸਿਰ ਤੇ ਚੁਕ ਲਿਆ ਏ। ਇਹ ਤੇ ਪੌੜੀਆਂ ਲਾਉਣ ਲਗ ਪਏ ਹਨ। ਉਹ ਆਪ ਗੁਰੂ ਬਣ ਬੈਠੇ ਹਨ। ਲੋਕਾਂ ਵਿਚ ਗੁਰੂ ਦਾ ਭਰਮ ਹੀ ਉਡ ਜਾਊ। ਏਸ ਲਈ ਇਨ੍ਹਾਂ ਬੁਰਛਿਆਂ ਨੂੰ ਜੜ੍ਹ ਤੋਂ ਹੀ ਪੁਟ ਦੇਣਾ ਚਾਹੀਦਾ ਏ। ਫੁਰਮਾ ਰਹੇ ਸਨ ਸਾਹਿਬ ਗੁਰੂ ਦਸ਼ਮੇਸ਼ ਪਿਤਾ।

—ਜੋ ਹੁਕਮ, ਅਸੀਂ ਹੁਣੇ ਹੀ ਲਿਆ ਕੇ ਹਾਜ਼ਰ ਹੋਏ, ਭਾਵੇਂ ਜਿਉਂਦੇ ਲਿਆਈਏ ਤੇ ਭਾਵੇਂ ਲਾਸ਼ਾਂ।

—ਨਹੀਂ, ਸਾਨੂੰ ਜਿਉਂਦੇ ਚਾਹੀਦੇ ਹਨ, ਲਾਸ਼ਾਂ ਨੂੰ ਅਸੀਂ ਕੀ ਕਰਨਾ ਹੈ।

—ਜੇ ਉਹ ਮੁਕਾਬਲੇ ਤੇ ਖੜੇ ਹੋ ਜਾਣ ਤਾਂ ਕੀ ਆਪਣੀ ਬਲੀ ਦੇ ਦੇਈਏ?

—ਨਾ ਭਾਈ, ਪਿਆਰ, ਮੁਹੱਬਤ, ਗੁਰੂ ਦਾ ਵਾਸਤਾ ਦੇ ਕੇ। ਡਾਂਗਾਂ ਦਾ ਭੌਅ ਵਿਖਾਵੋ ਪਰ ਡਾਂਗ ਨਹੀਂ ਚੁਕਣੀ। ਉਹ ਅਜੇ ਏਨੇ ਨੰਗੇ ਤੇ ਹਰਾਮਖੋਰ ਨਹੀਂ ਹੋਏ, ਸਿਰਫ ਬਦਨਾਮ ਹਨ। ਬਦ ਨਾਲੋਂ ਬਦਨਾਮ ਬੁਰਾ। ਗੁਰੂ ਗੋਬਿੰਦ ਸਿੰਘ ਨੇ ਆਦੇਸ਼ ਜਾਰੀ ਕਰ ਦਿੱਤਾ।

ਜੂੜ ਕੇ ਲੈ ਆਏ ਮਸੰਦ, ਜਿਹੜੇ ਵੀ ਉਨ੍ਹਾਂ ਦੇ ਹੱਥ ਲਗੇ। ਬਾਕੀ ਮਸੰਦਾਂ ਦੀ ਭਾਲ ਹੋ ਰਹੀ ਸੀ ਜਦ ਤਕ ਸਾਰੇ ਦੇ ਸਾਰੇ ਕਾਬੂ ਨਾ ਆ ਗਏ, ਉਨ੍ਹਾਂ ਵੀ ਦਮ ਨਾ ਲਿਆ। ਗੁਰੂ ਦਾ ਹੁਕਮ ਸੀ ਕੋਈ ਮਜ਼ਾਕ ਨਹੀਂ ਸੀ। ਜਿੰਨੇ ਨਾਮਵਰ ਮਸੰਦ ਸਨ ਗੁਰੂ ਦਾ ਨਾਂ ਸੁਣ ਕੇ ਉਹ ਸਾਰੇ ਦੇ ਸਾਰੇ ਜੂੜ ਕੇ ਰਸਿਆਂ ਵਿਚ ਬੰਨ੍ਹ ਕੇ ਹਜ਼ੂਰ ਅਗੇ ਲਿਆ ਪੇਸ਼ ਕੀਤੇ ਗਏ ਪਰ ਇਕ ਮਸੰਦ ਅੱਖ ਬਚਾ ਕੇ ਭਜ ਗਿਆ ਤੇ ਓਸ ਮਾਤਾ ਗੁਜਰੀ ਦੀ ਜਾ ਸ਼ਰਨ ਲਈ ਸੀ।

ਮਾਤਾ ਦੇ ਮਹੱਲਾਂ ਵਿਚ ਕਿਸੇ ਨੂੰ ਜਾਣ ਦੀ ਇਜਾਜ਼ਤ ਨਹੀਂ ਸੀ।

ਓਸ ਮਸੰਦ ਨੇ ਆਪਣੀ ਹਸਤੀ ਮਿਟਾ ਦਿੱਤੀ। ਆਪਣੀਆਂ ਮੁੱਛਾਂ ਨੀਵੀਆਂ ਕਰ

ਲਈਆਂ। ਮਰਦ ਤੋਂ ਜ਼ਨਾਨੀ ਬਣ ਗਿਆ। ਮਰਦਾਵਾਂ ਲਿਬਾਸ ਉਤਾਰ ਕੇ ਤੀਵੀਆਂ ਦੇ ਕਪੜੇ ਪਹਿਨ ਲਏ। ਲੋਹੇ ਦੇ ਕੜੇ ਨੂੰ ਚੂੜੀਆਂ ਵਿਚ ਛੁਪਾ ਲਿਆ। ਪੀੜ੍ਹਾ ਮਲ ਕੇ ਬਹਿ ਗਿਆ।

—ਮਾਤਾ ਜੀ ਨੇ ਫੁਰਮਾਇਆ ਕਿਉਂ ਡਰ ਗਿਆ ਏਂ ? ਮਰਦ ਏਂ, ਮਰਦ ਬਣ, ਜ਼ਨਾਨੀ ਕਿਉਂ ਬਣ ਗਿਆ ਏਂ ?

—ਮਾਤਾ ਜੀ ਮੈਂ ਆਪਣੀ ਹਸਤੀ ਮਿਟਾ ਦਿੱਤੀ ਏ। ਮੈਂ ਆਪਣਾ ਗੁਨਾਹ ਬਖਸ਼ਵਾਉਣ ਲਈ ਇਹ ਪਹਿਰਾਵਾ ਪਹਿਨ ਲਿਆ ਏ। ਤੁਸਾਂ ਮੇਰੀ ਲਾਜ ਰਖਣੀ ਏ। ਜੇ ਤੁਸਾਂ ਮੇਰੇ ਸਿਰ ਤੇ ਹੱਥ ਨਾ ਰਖਿਆ ਤਾਂ ਦਸ਼ਮੇਸ਼ ਪਿਤਾ ਨੇ ਮੈਨੂੰ ਸੜਦੇ ਬਲਦੇ ਕੜਾਹੇ ਵਿਚ ਤਲ ਸੁਟਣਾ ਏ।

—ਤੁਹਾਡਾ ਏਡਾ ਵੀ ਜੁਰਮ ਕੀ ਏ ? ਬੇਈਮਾਨੀ, ਗੁਰੂ ਤੋਂ ਬੇਮੁਖ ਹੋਣਾ।

—ਨਾ ਮੈਂ ਗੁਰੂ ਤੋਂ ਬੇਮੁਖ ਹੋਇਆ ਹਾਂ ਤੇ ਨਾ ਹੀ ਬੇਈਮਾਨ ਹਾਂ। ਕਣਕ ਨਾਲ ਘੁਣ ਨੇ ਵੀ ਪੀਸਿਆ ਜਾਣਾ ਏ। ਮੈਂ ਝੁੱਗੇ ਵਿਚ ਹੀ ਪੀਸਿਆ ਜਾਵਾਂਗਾ। ਮੇਰੀ ਕਿਸੇ ਨੇ ਗਲ ਨਹੀਂ ਸੁਣਨੀ। ਜਦ ਮੇਰੀ ਸਾਰੀ ਢਾਣੀ ਹੀ ਕੁਫਰ ਤੋਲ ਰਹੀ ਏ ਤਾਂ ਫੇਰ ਮੈਂ ਕਿਸ ਤਰ੍ਹਾਂ ਦੁੱਧ ਵਿਚ ਨ੍ਹਾਤਾ ਰਹਿ ਸਕਦਾ ਹਾਂ। ਮੈਂ ਤੇ ਡਰਦਾ ਮਾਰਿਆ ਹਜ਼ੂਰ ਦੀ ਸ਼ਰਨ ਆਇਆ ਹਾਂ। ਮਾਵਾਂ ਜੇ ਪੁਤ ਨੂੰ ਆਪਣੀ ਚੁੰਨੀ ਦੀ ਛਾਂ ਵੀ ਨਾ ਦੇਣ ਤਾਂ ਹੋਰ ਕੌਣ ਪਰਦਾ ਕਰੇ। ਸਿਰਫ ਮਾਂ ਪੁਤ ਦੇ ਗੁਨਾਹ ਬਖਸ਼ ਸਕਦੀ ਏ ਤੇ ਜਾਂ ਫੇਰ ਗੁਰੂ, ਬੋਲ ਮਸੰਦ ਦੇ ਸਨ।

—ਪੁੱਤ ਤੇਰਾ ਨਾਂ ਕੀ ਏ ਅਤੇ ਤੂੰ ਕਿਥੋਂ ਦਾ ਮਸੰਦ ਏ ?

—ਮਾਤਾ ਜੀ ਮੇਰਾ ਨਾਂ ਬਖਤ ਮਲ ਏ ਅਤੇ ਮੈਂ ਕਾਬਲ ਤੇ ਕੰਧਾਰ ਵਿਚ ਕਾਰ ਭੇਟਾ ਇਕੱਠੀ ਕਰ ਰਿਹਾ ਸੀ। ਮੈਂ ਸਾਰੀ ਹਯਾਤੀ ਵਿਚ ਆਪਣੀ ਜ਼ਾਤ ਤੇ ਇਕ ਕੌਡੀ ਵੀ ਗੁਰੂ ਘਰ ਦੀ ਅਮਾਨਤ ਵਿਚੋਂ ਖ਼ਰਚ ਨਹੀਂ ਕੀਤੀ। ਦਸਾਂ ਨਹੁੰਆਂ ਦੀ ਕਿਰਤ ਕਰਕੇ ਢਿਡ ਪਾਲਿਆ ਏ। ਖੱਦਰ ਤੇ ਉਹ ਵੀ ਮੁਲ ਤਾਰ ਕੇ ਲਿਆ ਏ। ਗੁਰਾਂ ਦੇ ਨਾਂ ਤੇ ਜੋ ਸੰਗਤ ਨੇ ਮੈਨੂੰ ਦਿੱਤਾ ਏ ਉਹ ਪਾਈ ਪਾਈ ਗੁਰੂ ਦਰਬਾਰ ਵਿਚ ਪੇਸ਼ ਕਰ ਦਿੱਤੀ ਏ। ਮੇਰੀ ਫਰਿਆਦ ਅਜ ਕਿਸੇ ਨੇ ਨਹੀਂ ਸੁਣਨੀ। ਅਜ ਦਾ ਦਿਨ ਜੇ ਟਲ ਗਿਆ ਤਾਂ ਕਲ ਜ਼ਰੂਰ ਮੇਰੀ ਗਲ ਤੇ ਇਤਬਾਰ ਕਰ ਲਿਆ ਜਾਏਗਾ।

ਤੇਲ ਦੇ ਉਬਲਦੇ ਕੜਾਹੇ ਵਿਚ ਤੇਲ ਵਿਚ ਮਸੰਦ ਸੁਟ ਕੇ ਸਾਰੇ ਦੇ ਸਾਰੇ ਸਾੜ ਦਿੱਤੇ। ਤਾਂ ਜੋ ਸਾਰੀ ਸੰਗਤ ਨੂੰ ਕੰਨ ਹੋ ਜਾਣ। ਗੁਰੂ ਦੀ ਅਮਾਨਤ ਵਿਚ ਖਿਆਨਤ ਕਰਨ ਦੀ ਸਜ਼ਾ।

ਸਜ਼ਾ ਦਾ ਦਿਨ ਲੰਘ ਗਿਆ ਮਾਤਾ ਗੁਜਰੀ ਦੀ ਸ਼ਰਨ ਵਿਚ ਤੇ ਦਿਨੇ ਬਖਤ ਮਲ ਆਪ ਜਾ ਹਾਜ਼ਰ ਹੋਇਆ ਦਸ਼ਮੇਸ਼ ਪਿਤਾ ਦੇ ਹਜ਼ੂਰ।

—ਮੈਂ ਮੁਜਰਮ ਹਾਂ, ਮੈਂ ਗੁਨਾਹਗਾਰ ਹਾਂ, ਮੈਂ ਭੁਲਣਹਾਰ ਹਾਂ, ਡਰ ਗਿਆ ਸਾਂ, ਕਮਜ਼ੋਰ ਦਿਲ ਹਾਂ, ਮਾਤਾ ਜੀ ਦੀ ਸ਼ਰਨ ਜਾ ਲਈ। ਜੋ ਡੰਨ ਲਾਵੋ, ਸਿਰ ਝੁਕਿਆ ਹੋਇਆ ਏ, ਕਬੂਲ ਏ।

—ਕੌਣ ਬਖਤ ਮਲ, ਤੂੰ ਤੇ ਸਾਡਾ ਬਹੁਤ ਪਿਆਰਾ ਤੇ ਸਿੱਖ ਸੇਵਕ ਏ। ਤੇਰੇ ਬਾਰੇ ਕੋਈ ਸ਼ਕਾਇਤ ਨਹੀਂ ਪਰ ਤੂੰ ਏ ਭੇਸ ਕੀ ਬਣਾਇਆ ਹੋਇਆ ਏ। ਗੁਰਾਂ ਫੁਰਮਾਇਆ।

—ਬਸ, ਜੋ ਬਣ ਗਿਆ, ਜੋ ਹੋ ਗਿਆ, ਜੋ ਕਰ ਲਿਆ। ਉਹਦੇ ਤੇ ਹੁਣ ਪਛਤਾਉਣਾ ਕੀ। ਇਹੋ ਹੀ ਸਾਡਾ ਸਾਰੀ ਹਯਾਤੀ ਵਿਚ ਲਿਬਾਸ ਰਹੇਗਾ ਤੇ ਮੇਰੇ ਆਉਣ ਵਾਲੇ ਮਸੰਦ ਏਸੇ

ਤਰ੍ਹਾਂ ਦੀਆਂ ਚੂੜੀਆਂ ਪਾਇਆ ਕਰਨਗੇ। ਇਹ ਚੂੜੀਆਂ ਦੇ ਲਾਇਕ ਹਨ, ਬਖਤ ਮਨ ਦੇ ਬੋਲ ਸਨ।

—ਮਸੰਦੀ ਤੇਰੀ ਕਿਸ ਤਰ੍ਹਾਂ ਮੰਨੀ ਜਾਏਗੀ। ਤੀਵੀਆਂ ਕੀ ਮਰਦ ਬਣ ਜਾਣ ਤਾਂ ਫੇਰ ਮਰਦਾਂ ਨੂੰ ਕੌਣ ਪੁਛੇਗਾ।

—ਇਹ ਤੇ ਤੁਹਾਡੀ ਬਖਸ਼ਸ਼ ਦੇ ਸਦਕਾ ਏ। ਜ਼ਨਾਨੀਆਂ ਮਰਦਾਂ ਵਾਂਗੂੰ ਜੀਵਿਆ ਕਰਨਗੀਆਂ ਤੇ ਮਸੰਦੀ ਦਾ ਹੱਕ ਨਿਭਾਉਣਗੀਆਂ। ਹਾਂ ਤੇ ਮਰਦ ਹੀ, ਪਰ ਜੀਵਾਂਗੇ ਔਰਤਾਂ ਵਾਂਗੂੰ, ਅਰਧਾਂਗਣੀ ਬਣ ਕੇ ਗੁਰੂ ਦੀ।

—ਜਾਓ, ਬਖਤ ਮਲ, ਤੁਹਾਨੂੰ ਗੁਰੂ ਹਰਰਾਇ ਨੇ ਮਸੰਦੀ ਬਖਸ਼ੀ ਸੀ ਤੇ ਤੁਸਾਂ ਇਮਾਨ ਨੂੰ ਕੰਨੀ ਤੋਂ ਨਹੀਂ ਖੋਲਿਆ। ਜਾਓ ਅਜ ਤੋਂ ਤੁਹਾਨੂੰ ਬਖਤ ਮਲੀਏ ਦੇ ਨਾਂ ਨਾਲ ਹੀ ਸਤਿਕਾਰਿਆ ਜਾਏਗਾ। ਜਾਓ ਤੁਹਾਨੂੰ ਉਤਰ ਪ੍ਰਦੇਸ਼, ਸਿੰਧ ਦੀ ਜਾਗੀਰ ਬਖਸ਼ੀ। ਜਾਓ, ਪਰਚਾਰ ਕਰੋ ਤੇ ਗੁਰੂ ਦੀ ਬਾਣੀ ਘਰ ਘਰ ਪੁਚਾਓ। ਤੁਹਾਡਾ ਜਸ ਵਧੇਗਾ, ਤੁਹਾਡੀ ਸ਼ੋਭਾ ਹੋਵੇਗੀ। ਗੁਰੂ ਮਿਹਰਬਾਨ, ਬਖਸ਼ਸ਼ ਦੂਜੀ ਵਾਰ ਦਸ਼ਮੇਸ਼ ਪਿਤਾ ਨੇ ਫੇਰ ਬਖਸ਼ੀ।

੫੧

ਦੀਵਾਨੇ

ਬਖਸ਼ਸ਼ ਜੀਤ ਮਲੀਆਂ ਦੀ, ਦਖਣੀ ਰਾਏ ਸਾਧੂ, ਨੰਦ ਲਾਲ ਦੀਵਾਨੇ, ਹੀਰਾ ਦਾਸੀਏ, ਰਾਮ ਰਾਈਏ, ਬਾਬੇ ਬੁਢੇ ਦੀ ਸੰਤਾਨ ਤੇ ਵੀ ਰਹਿਮਤਾਂ ਹੋਈਆਂ। ਗੁਰੂ ਹਰਿਰਾਏ ਬੜੇ ਦਿਆਲੂ ਸਨ। ਬਖਸ਼ਸ਼ਾਂ ਦੀਆਂ ਬਰਕਤਾਂ ਕੀਤੀਆਂ। ਧੰਨ ਸਨ ਗੁਰੂ ਤੇ ਧੰਨ ਉਹ ਸਨ ਜਿਨ੍ਹਾਂ ਨੇ ਉਹ ਬਖਸ਼ਸ਼ਾਂ ਆਪਣੀਆਂ ਝੋਲੀਆਂ ਵਿਚ ਪੁਵਾਈਆਂ ਤੇ ਪਹਿਰਾ ਦਿੱਤਾ। ਤੇ ਆਪਣੀ ਚਾਦਰ ਨੂੰ ਤਿਲ ਭਰ ਵੀ ਦਾਗ ਨਾ ਲਗਣ ਦਿੱਤਾ। ਦੁਧ ਧੋਤੀ ਚਾਦਰ ਉਸੇ ਤਰ੍ਹਾਂ ਕੋਰੀ ਦੀ ਕੋਰੀ ਰਹੀ, ਜ਼ਰਾ ਵੀ ਅਜਾਂ ਨਾ ਲਗੀ।

ਗੁਰ ਸਿੱਖਾਂ ਨੂੰ ਬਖਸ਼ਸ਼ਾਂ ਦੇ ਕੇ ਨਿਹਾਲ ਕਰ ਦਿੱਤਾ। ਹੁਣ ਕੌਮ ਦੀ ਵਾਗ ਡੋਰ ਤੁਹਾਡੇ ਹੱਥ ਵਿਚ ਹੀ ਏ, ਹੁਣ ਤੁਸੀਂ ਜਿਵੇਂ ਚਾਹੋ, ਜਿਹੜਾ ਮੋੜ ਦੇਣਾ ਚਾਹੋ ਦੇ ਦਿਓ। ਤੁਸੀਂ ਕੌਮ ਦੇ ਰਾਖੇ ਹੋ। ਕੌਮ ਦੀ ਬੇੜੀ ਏ ਤੁਸੀਂ ਮਲਾਹ ਹੋ, ਫੁਰਮਾਨ ਸੀ ਗੁਰੂ ਹਰਰਾਇ ਦਾ।

ਭਾਈ ਬਾਲਾ ਤੇ ਹਰੀਆ ਨੇ ਹੱਥ ਜੋੜੇ ਤੇ ਅਰਜ਼ ਕੀਤੀ, ਮਾਲਕ ਦੋ ਜਹਾਨ ਸਾਡੀਆਂ ਝੋਲੀਆਂ ਖਾਲੀ ਹਨ। ਅਸੀਂ ਵੀ ਹਜ਼ੂਰ ਦੇ ਦਰ ਤੇ ਖੜੇ ਹਾਂ।

ਕੌਣ ਦੀਵਾਨੇ, ਗੁਰੂ ਦੇ ਸ਼ਰਧਾਲੂ। ਗੁਰੂ ਦੀ ਬਾਣੀ ਗਾਉਣ ਵਾਲੇ ਦੀਵਾਨੇ। ਜਿਨ੍ਹਾਂ ਆਪਣੀ ਸੁਧ ਬੁਧ ਭੁਲਾ ਦਿੱਤੀ, ਜਾਓ ਤੁਸੀਂ ਵੀ ਗੁਰੂ ਦੇ ਲੜ ਲਗੇ।

ਜਨਮ ਸਫਲ ਕਰਕੇ ਨਿਕਲੇ ਦੀਵਾਨੇ ਦਰਬਾਰ ਵਿਚੋਂ। ਕਚ ਦੇ ਖਿਡੌਣੇ ਕੁੰਦਨ ਬਣ

ਗਏ। ਆਵੀ ਚੜ੍ਹ ਗਏ। ਹੁਣ ਜਿਹੜਾ ਮਰਜ਼ੀ ਭਾਂਡਾ ਖੜਕਾ ਕੇ ਵੇਖ ਲਵੋ। ਬਬੀਹੇ ਵਾਂਗੂੰ ਬੋਲੇਗਾ। ਲਵੋ ਹੁਣ ਸੁਣੋ ਵਿਥਿਆ ਦੀਵਾਨਿਆਂ ਦੀ।

ਮਾਲਵਾ ਦੇਸ਼ ਦਾ ਰਟਨ ਕਰ ਰਹੇ ਸਨ, ਸਤਿਗੁਰ। ਮਨੋਹਰ ਦਾਸ ਜਿਸਨੂੰ ਇਤਿਹਾਸ ਵਿਚ ਮਿਹਰਬਾਨ ਦੇ ਨਾਂ ਨਾਲ ਸਦਿਆ ਜਾਂਦਾ ਏ, ਇਹ ਪ੍ਰਿਥਵੀ ਚੰਦ ਦਾ ਪੁਤ ਸੀ ਅਤੇ ਗੁਰੂ ਅਰਜਨ ਦੇਵ ਦੀ ਛਤਰ ਛਾਇਆ ਹੇਠ ਪਲਿਆ। ਗੋਡੇ ਮੁਢ ਬੈਠ ਕੇ ਵਿਦਿਆ ਪ੍ਰਾਪਤ ਕੀਤੀ। ਗੁਰੂ ਦੀ ਸੰਗਤ ਸਦਕੇ ਬੜਾ ਵਿਦਵਾਨ ਬਣਿਆ। ਸਾਰੀ ਹਯਾਤੀ ਵਿਚ ਇਹਨੇ ਗੁਰੂ ਦੇ ਸਾਹਮਣੇ ਦਮ ਨਹੀਂ ਮਾਰਿਆ ਹਮੇਸ਼ਾ ਗੁਰੂ ਘਰ ਅਗੇ ਸਿਰ ਝੁਕਾਇਆ। ਭਾਵੇਂ ਪਿਤਾ ਪ੍ਰਿਥੀ ਚੰਦ ਨੇ ਬੜੇ ਉਪੱਦਰ ਕੀਤੇ ਸਨ ਪਰ ਕਾਲਖ ਭਰੀ ਪੱਗ ਨੂੰ ਮਿਹਰਬਾਨ ਨੇ ਖੁੰਭੇ ਚਾੜ੍ਹਿਆ ਤੇ ਗੁਰੂ ਦੀ ਕਿਰਪਾ ਨਾਲ ਉਸੇ ਪਗ ਨੂੰ ਮਜੀਠੀ ਰੰਗ ਵਿਚ ਰੰਗਿਆ। ਪੁਤ ਨੇ ਕਲੰਕਤ ਹੋਈ ਪਿਤਾ ਦੀ ਕੁਲ ਨੂੰ ਗੁਰੂ ਕਿਰਪਾ ਨਾਲ ਧੋਤਾ। ਪੁਤ ਨੇਕ ਬਖਤ ਹੋਣਾ ਚਾਹੀਦਾ ਏ। ਕੁਲ ਨੂੰ ਤਾਰੇ ਤੇ ਪੁਤ, ਕੁਲ ਨੂੰ ਡੋਬੇ ਤੇ ਪੁਤ।

ਗੁਰੂ ਅਰਜਨ ਦੇਵ ਜਦ ਗੱਦੀ ਤੇ ਬੈਠੇ ਤਾਂ ਪਿਤਾ ਦੀ ਛਤਰ ਛਾਂ ਵਿਚ ਹੀ ਸੋਨਾ ਬਣਨ ਦੀ ਕੋਸ਼ਿਸ਼ ਕੀਤੀ ਤੇ ਮਿਹਰਬਾਨ ਗੁਰੂ ਨੇ ਲਾਡ ਪਿਆਰ ਤੇ ਅਸੀਸਾਂ ਦੇ ਦੇ ਕੇ ਕੁੰਦਨ ਬਣਾ ਦਿੱਤਾ। ਮਿਹਰਬਾਨ, ਪੁਤ ਦਾ ਕਲੰਕ ਧੋ ਦਿਤਾ ਪੁਤ ਨੇ।

ਸਰਵਣ ਪੁਤ ਸੀ ਮਿਹਰਬਾਨ। ਮਿਹਰਬਾਨ ਦੀ ਫੇਰ ਪੀੜ੍ਹੀ ਚਲੀ। ਚੇਲੇ ਵੀ ਬਣੇ ਭੂੰਦੜ ਦਾਸ ਮਸਤੀ ਦੇ ਭੇਖ ਵਿਚ ਅਨੰਤ ਸੇਵਾ ਕਰਦਾ ਰਿਹਾ। ਦਿਨ ਰਾਤ ਦੀਵਾਨਿਆਂ ਵਾਂਗੂੰ ਸੁਧ ਬੁਧ ਭੁਲਾ ਕੇ ਆਪਣਾ ਆਪ ਗੁਵਾ ਦਿੱਤਾ। ਮਿੱਟੀ ਵਿਚ ਮਿੱਟੀ ਹੋ ਗਏ। ਬਖਸ਼ਸ਼ ਹੋ ਗਈ। ਗੁਰੂ ਹਰਿਰਾਇ ਦੀ। ਦੀਵਾਨਿਆਂ ਦਾ ਖ਼ਿਤਾਬ ਮਿਲਿਆ।

ਰਹਿਮਤ ਏ ਜਿਦ੍ਹੇ ਤੇ ਨਜ਼ਰ ਸਵੱਲੀ ਹੋ ਜਾਏ। ਗੁਰਾਂ ਨੇ ਤੇ ਇਕ ਨਜ਼ਰ ਵਿਚ ਹੀ ਪੀੜ੍ਹੀ ਹੀ ਤਾਰ ਦਿੱਤੀ ਸੀ।

ਮਸਤਾਨਿਆਂ ਵਾਂਗੂੰ ਬਾਣੀ ਵਿਚ ਲੀਨ ਹੋ ਕੇ ਸੇਵਾ ਕੀਤੀ ਤੇ ਹੱਦ ਨੂੰ ਹੱਥ ਲਾਇਆ।

ਸਿੱਖੀ ਨੂੰ ਖਡੂਰ, ਗੋਇੰਦਵਾਲ ਤੇ ਅੰਮ੍ਰਿਤਸਰ ਦੇ ਘੇਰੇ ਵਿਚੋਂ ਬਾਹਰ ਕਢਣ ਵਾਲਾ ਕੌਣ ਸੀ, ਉਹ ਸਨ ਗੁਰੂ ਹਰਿ ਰਾਏ।

ਦੂਜੀਆਂ ਬੋਲੀਆਂ ਬੋਲਣ ਵਾਲੇ ਇਲਾਕੇ ਕਿਸ ਤਰ੍ਹਾਂ ਬਾਣੀ ਨੂੰ ਸਮਝਣ, ਉਨ੍ਹਾਂ ਨੂੰ ਸਮਝਾਉਣ ਲਈ ਇਹ ਦੀਵਾਨੇ ਸਨਮਾਨਤ ਕੀਤੇ। ਇਹ ਬਖਸ਼ਸ਼ ਸੀ ਗੁਰੂ ਹਰਰਾਇ ਦੀ।

ਛੇ ਬਖਸ਼ਸ਼ਾਂ, ਛੇ ਧੂਣੇ, ਜਿਨ੍ਹਾਂ ਕੋਲ ਧਰਮ ਦੀ ਧੁਜ ਸੀ, ਬਾਣੀ ਦਾ ਭੰਡਾਰ ਸੀ ਤੇ ਸਿੱਖੀ ਦਾ ਖਜ਼ਾਨਾ ਸੀ, ਉਨ੍ਹਾਂ ਨੂੰ ਵੰਡਣ ਵਾਲਾ ਕੌਣ ਸੀ, ਉਹ ਸਨ ਗੁਰੂ ਹਰਰਾਇ।

ਰਾਵੀ ਤੋਂ ਬਾਦ ਗੰਗਾ, ਜਮਨਾ ਵਿਚ ਗੁਰੂ ਦੀ ਬਾਣੀ ਨੂੰ ਲੋਕਾਂ ਨੇ ਸਤਿਕਾਰ ਨਾਲ ਮੰਨਿਆ, ਮਾਣਿਆ ਤੇ ਆਨੰਦ ਲਿਆ। ਇਹ ਪਰਤਾਪ ਸੀ ਸਿਰਫ ਗੁਰੂ ਹਰਿਰਾਏ ਦਾ। ਗੁਰੂ ਦੇ ਪਹਿਰੇ ਵਿਚ ਤੇ ਚਲਣਾ ਹੀ ਸੀ, ਪਿਛੋਂ ਵੀ ਉਸੇ ਲਗਨ ਤੇ ਸ਼ਰਧਾ ਨਾਲ ਇਹ ਧੂਣੇ ਪਰਚਾਰ ਦਾ ਕੇਂਦਰ ਬਣ ਗਏ।

ਸਿੱਖੀ ਨਿਰਮਲਿਆਂ ਨੇ ਸਾਂਭੀ ਤੇ ਪਰਚਾਰਿਆ ਉਦਾਸੀਆਂ ਨੇ।

ਗੁਰੂ ਚਾਹੇ ਤੇ ਮਿੱਟੀ ਨੂੰ ਸੋਨਾ ਬਣਾ ਦੇਵੇ।

ਲੋਹਾ, ਸੋਨਾ ਬਣਾਇਆ ਤੇ ਫੇਰ ਕੁੰਦਨ ਦੀ ਪਾਣ ਚਾੜ੍ਹੀ।

ਗੁਰੂ ਮਹਾਨ ਏ, ਗੁਰੂ ਹੀ ਬੇੜੇ ਦਾ ਮਲਾਹ ਏ। ਪੀਂਘ ਏ ਗੁਰੂ ਦੇ ਹੱਥ ਵਿਚ ਜਿਨ੍ਹੂੰ ਚਾਹੇ ਆਸਮਾਨੇ ਚਾੜ੍ਹ ਦੇਵੇ।

□

੧੦ ਮੰਘਿਰਿ

ਮੰਘਿਰਿ ਮਾਹਿ ਸੋਹੰਦੀਆ ਹਰ ਪਿਰ ਸੰਗਿ ਬੈਠੜੀਆਹ।
ਤਿਨ ਕੀ ਸੋਭਾ ਕੀਆ ਗਣੀ ਜਿ ਸਾਹਿਬਿ ਮੇਲੜੀਆਹ।
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ।
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੀੜਆਹ।
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ।
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ।
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ।
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ।
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ।

੫੨

ਪਖੰਡੀ ਸੱਪ ਨਿਆਈਂ

ਅਰਧ ਚੰਨ ਨੁਮਾ ਤੀਰ ਕਮਾਨ ਤਾਣ ਕੇ ਮਾਰਿਆ ਸੱਪ ਨੂੰ ਗੁਰੂ ਹਰਿ ਰਾਏ ਨੇ। ਸੈਰ ਜਾਂਦੇ ਸਾਥੀਆਂ ਨੂੰ ਇਹ ਅਚੰਭੇ ਦੀ ਗਲ ਜਾਪੀ ਅਤੇ ਇਕ ਬੰਦੇ ਨੇ ਅਰਜ਼ ਕੀਤੀ।

—ਤੁਸਾਂ ਇਹ ਕੌਤਕ ਕਿਉਂ ਕੀਤਾ, ਸੱਪ ਨੂੰ ਤੀਰ ਨਾਲ ਮਾਰਨ ਦਾ।

—ਨਾ ਭਈ ਇਹ ਸੱਪ ਡੰਡਿਆਂ ਨਾਲ ਮਾਰਿਆਂ ਨਹੀਂ ਸੀ ਮਰਨਾ ਏਸ ਲਈ ਤੀਰ ਦੀ ਲੋੜ ਪਈ।

—ਸੱਪ ਸੀ ਜਾਂ ਸ਼ੇਰ, ਲੋਕ ਤਾਂ ਸੋਟੇ ਨਾਲ ਸੱਪ ਮਾਰ ਦਿੰਦੇ ਹਨ।

—ਇਹ ਸੱਪ ਨਹੀਂ ਸਗੋਂ ਪਾਖੰਡੀ ਪੰਡਤ ਸੀ, ਸੱਪ ਦੀ ਜੂਨ ਵਿਚ ਪਿਆ ਹੋਇਆ ਸੀ।

—ਜਗਤ ਗੁਰੂ ਕਹਿਲਾਵੇ, ਦੰਭ ਦਿਖਾਉਂਦਾ ਸੀ। ਹੰਕਾਰ ਨਾਲ ਆਫਰਿਆ ਹੋਇਆ ਸੀ। ਨਿਮਰਤਾ ਕਿਤੇ ਕੋਲ ਦੀ ਵੀ ਨਹੀਂ ਸੀ ਲੰਘੀ ਹੋਈ। ਆਪਣੇ ਆਪ ਨੂੰ ਰੱਬ ਸਮਝੀ ਬੈਠਾ ਸੀ। ਲੋਕਾਂ ਨੂੰ ਭਗਤ, ਜੋਗ, ਵੈਰਾਗ ਦੀਆਂ ਕਹਾਣੀਆਂ ਤਾਂ ਸੁਣਾਉਂਦਾ ਸੀ ਪਰ ਅੰਦਰੋਂ ਖੋਖਲਾ ਸੀ। ਹਿਰਦਾ ਖਾਲੀ ਸੀ, ਧਿਆਨ ਸਿਰਫ ਮਾਇਆ ਠੱਗਣ ਵਲ ਸੀ ਤੇ ਸੱਪ ਦੀ ਜੂਨੇ ਹੀ ਪੈਣਾ ਸੀ ਨਾ।

'ਠਗ ਠਗ ਜਗ ਧਨ ਬਹੁਤ ਬਟੋਰਾ।

ਇਹ ਕੀੜੀਆਂ ਦਾ ਇਕੱਠ ਸੇਵਕ ਹਨ। ਹੁਣ ਲੇਖਾ ਮੰਗ ਰਹੀਆਂ ਹਨ, ਵੱਢ ਵੱਢ ਕੇ ਖਾ ਰਹੀਆਂ ਹਨ, ਹਿਸਾਬ ਮੰਗ ਰਹੀਆਂ ਨੇ ਪਰ ਪੰਡਤ ਦੀ ਜ਼ਬਾਨ ਬੰਦ ਏ, ਸ਼ਰਮਿੰਦਾ ਏ। ਮੂੰਹੋਂ ਕੁਝ ਬੋਲ ਨਹੀਂ ਸਕਦਾ। ਮੂੰਹ ਤੇ ਜੰਦਰਾ ਵਜ ਗਿਆ ਏ। ਤੇ ਏਸ ਲੋਕਾਂ ਦਾ ਲਹੂ ਜੋਕਾਂ

ਵਾਂਗੂੰ ਚੂਸਿਆ ਏ। ਜਾਨ ਨਹੀਂ ਸੂ ਨਿਕਲਦੀ। ਏਸੇ ਲਈ ਅੱਧ ਚੰਨ ਨੁਮਾ ਤੀਰ ਦਾ ਪ੍ਰਯੋਗ ਕੀਤਾ ਸੀ। ਹੁਣ ਇਹਦੀ ਮੁਕਤੀ ਹੋਵੇਗੀ। ਵੇਖੋ ਵਾਹਿਗੁਰੂ ਵਾਹਿਗੁਰੂ ਜਪ ਰਿਹਾ ਏ। ਦਿਨ ਦਾ ਭੁਲਿਆ ਜੇ ਰਾਤੀ ਘਰ ਆ ਜਾਏ ਤਾਂ ਉਹਨੂੰ ਭੁਲਿਆ ਨਹੀਂ ਆਖਿਆ ਜਾਂਦਾ। ਦਰ ਤੇ ਆਏ ਦੀ ਲਾਜ ਰਖਣੀ ਪੈਂਦੀ ਏ, ਫੁਰਮਾਇਆ ਸਤਿਗੁਰ ਹਰਿਰਾਏ ਨੇ।

ਜਾਣੀ ਜਾਣ ਗੁਰੂ ਨੇ ਤੜਪਦੇ ਪੰਡਤ ਨੂੰ ਸੁਖ ਬਖਸ਼ਿਆ ਏ।

ਜਵਾਨੀ ਵਿਚ ਕੌਣ ਕਿਸੇ ਨੂੰ ਮੰਨਦਾ ਹੈ। ਮੈਂ ਖ਼ੁਦਾ, ਮੈਂ ਖ਼ੁਦਾ। ਮੂਰਖ ਇਹ ਨਹੀਂ ਸਮਝਦੇ ਕਿ ਤੂੰ ਕੁਝ ਨਹੀਂ, ਮਿੱਟੀ ਦੀ ਇਕ ਬਾਜੀ ਏਂ। ਦੋ ਘੜੀਆਂ ਤੂੰ ਆਪਣੇ ਘੋੜੇ ਦੁੜਾ ਕੇ ਵੇਖ ਲੈ। ਜਵਾਨੀ ਨੇ ਸਦਾ ਬਹਿ ਨਹੀਂ ਰਹਿਣਾ। ਇਹ ਤੇ ਪਰਛਾਵਾਂ ਏ ਧੁਪ ਦਾ। ਏਸ ਢਲਣਾ ਹੀ ਏ।

ਸਾਰੀ ਸੰਗਤ ਨਾਲ ਸੀ ਤੇ ਉਨ੍ਹਾਂ ਨੂੰ ਸੰਬੋਧਿਤ ਕਰਦਿਆਂ ਆਖਿਆ ਸਤਿਗੁਰ ਨੇ। ਸੁਖਾਂ ਦੇ ਦਾਤੇ ਦੇ ਬੋਲ ਉਭਰੇ। ਕਦੀ ਪੂਜਾ ਦਾ ਧਾਨ ਨਾ ਖਾਣਾ, ਧਰਮ ਦੀ ਕਿਰਤ ਕਰਕੇ ਹੀ ਖਾਣਾ ਤੇ ਖਵਾਉਣਾ। ਜਿਸ ਨੇ ਇਹ ਪ੍ਰਣਾਲੀ ਅਪਣਾਈ ਏ ਉਹਦੇ ਸਾਰੇ ਕੰਮ ਗੁਰੂ ਕਿਰਪਾ ਨਾਲ ਸੋਹਣੇ ਹੋ ਜਾਂਦੇ ਹਨ। ਬਾਣੀ ਜਪਣਾ ਵੀ ਜ਼ਰੂਰੀ ਏ। ਪਰ ਉਹਦੇ ਨਾਲ ਦਸਾਂ ਨਹੁਆਂ ਦੀ ਕਿਰਤ ਅੱਤ ਜ਼ਰੂਰੀ ਏ।

ਪੂਜਾ ਅੰਸ ਨਾ ਇਹੁ ਕਬਿ ਖਾਂਹਿ, ਹੋਇ ਦੁੱਖਦ ਤੋਂ ਬਨਹਿ ਸਹਾਇ।
ਬਹੁਤ ਬਿਸੂ ਰਹਿ ਜਮ ਬਸਿ ਪਾਇ, ਧਰਮ ਕਿਰਤ ਕਰ ਸੰਤਨ ਸੇਵਹਿ।
ਤਿਸ ਕੇ ਮੈਂ ਸਭਿ ਥਾਨ ਸੁਹਾਇ।

ਇਹ ਸਭ ਉਪਦੇਸ਼ ਉਨ੍ਹਾਂ ਲਈ ਜੋ ਗਲਾਂ ਤੇ ਸਤਾਂ ਆਸਮਾਨਾਂ ਦੀਆਂ ਕਰਦੇ ਨੇ ਪਰ ਬਿਨਾਂ ਸੇਵਾ ਬਿਨਾਂ ਭਾਉ ਭਗਤੀ। ਆਗੂ ਤੇ ਵਡੇ ਹੋ ਕੇ ਬੈਠਦੇ ਹਨ ਪਰ ਸਿੱਖੀ ਦੇ ਘਰ ਵਿਚ ਨਿਮਰਤਾ ਹੀ ਪ੍ਰਵਾਨ ਚੜ੍ਹਦੀ ਏ, ਗੁਰਵਾਕ ਹਨ।

ਪਾਖੰਡੀ ਸੱਪ ਨਿਆਈਂ ਏ, ਸੱਪ ਦਾ ਡੰਗਿਆ ਤਾਂ ਪਾਣੀ ਮੰਗ ਲਵੇਗਾ ਪਰ ਪਾਖੰਡੀ ਦੇ ਡੰਗੇ ਨੇ ਪਾਣੀ ਨਹੀਂ ਮੰਗਣਾ।

੫੩

ਵੈਰੀ ਵੀ ਸੱਚ ਬੋਲਦੇ ਹਨ

ਆਕਾਸ਼ ਤੇ ਮਾੜੀ ਜਿਹੀ ਲਾਲੀ ਫੁਟੀ ਤੇ ਫੇਰ ਸੂਰਜ ਉਗਿਆ ਜਿਹੜਾ ਦਿਨ ਚੜ੍ਹਨ ਦਾ ਢੰਡੋਰਾ ਦਿੰਦਾ ਹੈ। ਹਰ ਨਵੇਂ ਸੂਰਜ ਗੁਰੂ ਹਰਿਰਾਏ ਸੰਗਤ ਨੂੰ ਸ਼ਾਂਤੀ ਦੇਣ ਲਈ ਕੌਤਕ ਕਰ ਰਹੇ ਸਨ। 'ਨਿਤ ਕੌਤਕ ਸਾਂਤਿਕ ਕ੍ਰੀੜਤ ਭੈ' ਉਨ੍ਹਾਂ ਦੇ ਕੌਤਕ ਅਤੇ ਬਖਸ਼ਸ਼ਾਂ ਦਾ ਕੋਈ ਅੰਤ ਨਹੀਂ ਸੀ ਜਿਹੜੇ ਇਤਿਹਾਸ ਨੇ ਉਜਾਗਰ ਕਰ ਦਿਤੇ ਉਹ ਲੋਕਾਂ ਦੀ ਕੰਨੀਂ ਪਏ ਪਰ ਜਿਹੜੇ ਭੋਲੇ

ਭਾਅ ਕੌਤਕ ਹੋ ਜਾਂਦੇ ਹਨ ਉਨ੍ਹਾਂ ਦਾ ਲੇਖਾ ਜੋਖਾ ਕੌਣ ਕਰੇ। ਸੰਗਤ ਦੇ ਭੁਲੇਖੇ ਕਢਣ ਦੀ ਲੋੜ ਸੀ। ਸਤਿਗੁਰ ਦੀ ਕ੍ਰਿਪਾ ਨਾਲ ਸਿੱਖੀ ਦੀ ਘਾੜਤ ਘੜੀ ਜਾ ਰਹੀ ਸੀ।

ਬਖਸ਼ਸ਼ਾਂ ਦੀ ਛੜੀ ਲਾ ਰਹੇ ਸਨ ਸਤਿਗੁਰ। ਇਹ ਕੌਤਕ ਤੇ ਬਖਸ਼ਸ਼ਾਂ ਕੌਮ ਨੂੰ ਲੀਹ ਤੇ ਚਲਾਉਣ ਲਈ ਕੀਤੀਆਂ ਜਾ ਰਹੀਆਂ ਸਨ। ਗਲ ਮਾਮੂਲੀ ਜਿਹੀ ਹੁੰਦੀ ਏ ਪਰ ਉਹਦੇ ਮਗਰ ਇਕ ਬਹੁਤ ਵੱਡਾ ਇਤਿਹਾਸ ਲੁਕਿਆ ਹੁੰਦਾ ਏ।

ਜਿਹੜੀ ਕਥਾ ਹੁਣ ਮੈਂ ਤੁਹਾਨੂੰ ਸੁਣਾਉਣ ਲਗਾ ਹਾਂ, ਇਹ ਕਿਹੜੀ ਗਲਾਂ ਵਿਚੋਂ ਗਲ ਏ। ਇਹੋ ਜਿਹੇ ਵਾਕੇ ਤਾਂ ਰੋਜ਼ ਪਿੰਡਾਂ ਵਿਚ ਵਰਤਦੇ ਹਨ। ਕੋਈ ਇਹ ਗਲ ਵੀ ਨਹੀਂ ਗੌਲਦਾ। ਤੁਸੀਂ ਵੇਖੋਗੇ ਕਿ ਇਹ ਗਲ ਕਿਡੀ ਮਾਮੂਲੀ ਏ ਪਰ ਇਹਦੀ ਬੁਕਲ ਵਿਚ ਕਿੱਡਾ ਵੱਡਾ ਇਤਿਹਾਸ ਲੁਕਿਆ ਬੈਠਾ ਏ। ਵੱਡੇ ਵੱਡੀਆਂ ਗੱਲਾਂ ਕਰਦੇ ਹਨ ਤੇ ਫੇਰ ਗੁਰੂ, ਬਸ ਗੱਲ ਗੁਰੂਆਂ ਵਰਗੀ ਹੀ ਹੁੰਦੀ ਏ।

ਮਨ ਵਿਚ ਹੂਕ ਜਿਹੀ ਉਠੀ, ਇਕ ਚਾਅ ਜਿਹਾ ਉਭਰਿਆ। ਸੂਰਮਿਆਂ ਦੇ ਘੋੜਿਆਂ ਦੀਆਂ ਚਾਲਾਂ ਪਰਖਦਿਆਂ ਗੁਰੂ ਦਾ ਦਿਲ ਮਚਲਿਆ। ਸੇਵਾਦਾਰ ਨੂੰ ਹੁਕਮ ਦਿਤਾ ਘੋੜਾ ਲਿਆਓ। ਘੋੜਾ ਆਇਆ, ਥਾਪੀ ਦਿਤੀ ਤੇ ਘੋੜੇ ਤੇ ਪਲਾਕੀ ਮਾਰੀ। ਲਗਾਮਾਂ ਨੂੰ ਹੱਥਾਂ ਵਿਚ ਤੋਲਿਆ ਘੋੜੇ ਦੇ ਵੀ ਕੰਨ ਫਰਕੇ। ਚਾਅ ਘੋੜੇ ਨੂੰ ਵੀ ਚੜ੍ਹ ਗਿਆ। ਜ਼ਰਾ ਕੁ ਲਗਾਮ ਨੂੰ ਤੁਣਕਾ ਮਾਰਿਆ ਤੇ ਘੋੜਾ ਸ਼ੇਰ ਬਣ ਗਿਆ। ਆਪਣੇ ਕਰਤੱਬ ਵਿਖਾ ਰਹੇ ਸਨ ਸੂਰਮੇਂ। ਗੁਰਾਂ ਨੇ ਵੀ ਘੋੜੇ ਨੂੰ ਅੱਡੀ ਲਾਈ। ਸ਼ਾਇਦ ਪੋਲੋ ਖੇਡ ਰਹੀਆਂ ਸਨ ਸੰਗਤਾਂ। ਮਿਥੇ ਥਾਂ ਤੇ ਘੋੜਾ ਆਣ ਖਲੋਤਾ। ਨੇਜ਼ਾ ਹੱਥਾਂ ਵਿਚ ਤੋਲਿਆ ਤੇ ਘੋੜਾ ਆਪਣੇ ਪੈਰਾਂ ਤੋਂ ਉਛਲਿਆ। ਸ਼ੇਰ ਵਰਗੇ ਘੋੜੇ ਨੇ ਆਪਣੇ ਪੂਰੇ ਜਲਾਲ ਵਿਚ ਚਾਲ ਕਢੀ। ਹਵਾ ਨਾਲ ਗਲਾਂ-ਕਰਦਾ ਘੋੜਾ ਹਵਾ ਤੇ ਸਵਾਰ ਹੋ ਗਿਆ। ਵਿਚਾਰੇ ਕਿੱਲੇ ਦੀ ਕੀ ਔਕਾਤ ਸੀ। ਨੇਜ਼ੇ ਨੇ ਨਿਸ਼ਾਨਾ ਫੁੰਡਿਆ ਤੇ ਵਾਹ ਵਾਹ ਕਰ ਉਠੀ ਸੰਗਤ।

ਇਕ ਦੂਜੇ ਘੋੜ ਸਵਾਰ ਨੇ ਵੀ ਨੇਜ਼ਾ ਹੱਥ ਵਿਚ ਤੋਲਿਆ ਤੇ ਘੋੜੇ ਨੂੰ ਅੱਡੀ ਲਾਈ। ਕਿੱਲੇ ਦਾ ਨਿਸ਼ਾਨਾ ਉਸ ਅੱਖ ਫੁਰਕਣ ਤੋਂ ਹੀ ਪਹਿਲਾਂ ਕਰ ਲਿਆ।

ਵਾਹ ਵਾਹ, ਖੂਬ, ਕਮਾਲ ਏ। ਨਿਸ਼ਾਨਾ ਏਸੇ ਤਰ੍ਹਾਂ ਕਰੀਦਾ ਏ। ਗੁਰੂ ਹਰਿਰਾਇ ਦੇ ਮੂੰਹ ਵਿਚੋਂ ਸ਼ਬਦ ਨਿਕਲੇ।

ਇਕ ਹੋਰ ਘੋੜ ਸਵਾਰ ਨੇ ਜੁਰਅਤ ਕੀਤੀ। ਓਸ ਵੀ ਕਿੱਲੇ ਨੂੰ ਅੱਖ ਝਮਕਣ ਨਾ ਦਿਤੀ ਤੇ ਕਿੱਲੇ ਨੂੰ ਵਿੰਨ੍ਹ ਲਿਆ।

ਵਾਹ ਭਈ ਵਾਹ, ਬਹੁਤ ਖੂਬਸੂਰਤ। ਨਿਸ਼ਾਨਾ ਤੁਸਾਂ ਮੇਰੇ ਤੋਂ ਵੀ ਚੰਗਾ ਕੀਤਾ ਏ। ਇਹ ਬੋਲ ਗੁਰਾਂ ਦੇ ਸਨ।

ਇਕ ਬੰਦਾ ਦੱਬੀ ਜ਼ਬਾਨ ਨਾਲ ਬੋਲਿਆ। ਗੁਰੂ ਜਿਨ੍ਹਾਂ ਦੇ ਉਡਣੇ ਚੇਲੇ ਜਾਣ ਛੜੱਪ।

ਦੂਜੀ ਵਾਰ ਫੇਰ ਗੁਰਾਂ ਨੇ ਘੋੜੇ ਨੂੰ ਮਿਥੀ ਥਾਂ ਤੇ ਲਿਆ ਖੜਾ ਕੀਤਾ। ਓਸ ਪਾਸੇ ਸੰਗਤ ਦੀ ਭੀੜ ਸੀ। ਜਦ ਘੋੜੇ ਨੂੰ ਅੱਡੀ ਲਾਈ ਤੇ ਘੋੜਾ ਬੇਕਾਬੂ ਹੋ ਗਿਆ। ਇਕ ਮੁੰਡਾ ਅਗੇ ਖੜਾ ਸੀ ਤ੍ਰਬਕਿਆ ਤੇ ਘੋੜੇ ਦੀ ਜ਼ੱਦ ਵਿਚ ਆ ਗਿਆ। ਸੰਭਾਲ ਤੇ ਲਿਆ ਪਰ ਘੋੜਾ ਮਸਾਂ ਮਸਾਂ ਆਪਣੇ ਕਾਬੂ ਵਿਚ ਆਇਆ। ਮੁੰਡਾ ਡਿਗਦਾ ਡਿਗਦਾ ਮੂੰਧੇ ਮੂੰਹ ਜਾ ਡਿਗਾ ਤੇ ਨਾਲੇ ਗਸ਼ ਪੈ ਗਈ। ਘੋੜਾ ਤੇ ਕਦਮਾਂ ਤੇ ਖੜਾ ਸੀ। ਸਤਿਗੁਰ ਘੋੜੇ ਤੋਂ ਉਤਰੇ, ਮੁੰਡੇ ਨੂੰ ਚੁਕਿਆ ਤੇ ਮੂੰਹ

ਘੱਟੇ ਨਾਲ ਭਰਿਆ ਹੋਇਆ ਸੀ। ਕਪੜੇ ਨਾਲ ਮੂੰਹ ਪੂੰਝਿਆ । ਮਥਾ ਚੁੰਮਿਆ। ਦੁੱਧ ਦਾ ਗਿਲਾਸ ਲੈ ਆਇਆ ਸੇਵਾਦਾਰ। ਜ਼ਰਾ ਦੁੱਧ ਉਹਦੇ ਬੁੱਲ੍ਹਾਂ ਨੂੰ ਲਗਾ ਤਾਂ ਮੁੰਡਾ ਹੋਸ਼ ਵਿਚ ਆ ਗਿਆ।

—ਸ਼ੇਰ ਬਣ ਜਾ ਬੱਚਾ, ਡਰ ਗਿਆ ਏਂ ? ਸ਼ੇਰਾਂ ਦੇ ਪੁਤ ਕਦੀ ਡਰਦੇ ਨਹੀਂ। ਤੁਸਾਂ ਤੇ ਰਾਜ ਕਮਾਉਣਾ ਹੈ। ਤੁਹਾਡੇ ਘੋੜਿਆਂ ਦੀਆਂ ਟਾਪਾਂ ਸੁਣ ਕੇ ਦੁਸ਼ਮਣਾਂ ਦੇ ਦਿਲ ਦਹਿਲਣਗੇ । ਕਦੇ ਨਾ ਡਰਨਾ ਭਾਵੇਂ ਸਾਹਮਣੇ ਮੌਤ ਖੜੀ ਹੋਵੇ, ਗੋਲੀ ਚਲਦੀ ਹੋਵੇ, ਬਾਰੂਦ ਵਰ੍ਹਦਾ ਹੋਵੇ। ਰਾਲ ਉਡਦੀ ਹੋਵੇ। ਕੀ ਹੋਵੇਗਾ, ਕੁਝ ਵੀ ਨਹੀਂ। ਮੌਤ ਆਉਣੀ ਏ, ਲੁਕੇ ਹੋਏ ਬੰਦੇ ਨੂੰ ਵੀ ਤੇ ਓਸ ਆਣ ਘੇਰਨਾ ਏ। ਮੌਤ ਨੂੰ ਜੱਫੀ ਪਾਉਣੀ ਇਕ ਗਹਿਣਾ ਏ । ਹੁਕਮ ਕੀਤਾ ਗੁਰੂ ਮਹਾਰਾਜ ਨੇ। ਇਹ ਇਕ ਅਸੀਸ ਸੀ, ਇਕ ਬਖਸ਼ਸ਼ ਸੀ।

ਬੜਾ ਸਾਹਸ ਭਰਿਆ ਗੁਰੂ ਜੀ ਨੇ ਸਿੱਖਾਂ ਵਿਚ। ਏਸੇ ਸਦਕੇ ਸਿੱਖ ਯੋਧੇ ਬਣੇ। ਨਿਧੜਕ, ਸਿਰਲੱਥ ਸੂਰਮੇ ਹੋਂਦ ਵਿਚ ਆਏ। ਰਾਣੇ ਬਣੇ, ਮਿਸਲਾਂ ਦੇ ਦੂਲ੍ਹੇ ਜਿਨ੍ਹਾਂ ਦੀ ਸਿਰੜ ਏਨੀ ਪੱਕੀ ਹੋ ਗਈ ਸੀ। ਉਹ ਕੱਟ ਤੇ ਗਏ ਪਰ ਕਿਸੇ ਦੀ ਈਨ ਨਾ ਮੰਨੀ। ਇਹ ਬਰਕਤਾਂ ਗੁਰੂ ਦੀਆਂ, ਬਖਸ਼ਸ਼ਾਂ ਵੀ ਗੁਰੂ ਦੀਆਂ।

ਇਕ ਗਵਾਹੀ ਹੋਰ ਏ, ਉਹ ਵੇਖੋ ਕੀ ਆਖਦਾ ਏ। ਕਾਜ਼ੀ ਨੂਰ ਮੁਹੰਮਦ, ਬਾਦਸ਼ਾਹ ਦਾ ਜ਼ਰਖਰੀਦ ਗੁਲਾਮ, ਉਹਦੇ ਟੁਕੜਿਆਂ ਤੇ ਪਲਣ ਵਾਲਾ। ਓਸ ਕਦੀ ਤਾਰੀਫ ਨਹੀਂ ਸੀ ਕਰਨੀ ਦੁਸ਼ਮਣ ਦੀ। ਉਨ੍ਹਾਂ ਦੀ ਨਜ਼ਰ ਵਿਚ ਹਿੰਦੂ, ਸਿੱਖ ਦੋਵੇਂ ਕਾਫਰ ਸਨ, ਵੈਰੀ ਸਨ ਹਕੂਮਤ ਦੇ। ਪਰ ਸੱਚੀ ਗਲ ਮੂੰਹੋਂ ਬਦੋ ਬਦੀ ਨਿਕਲ ਜਾਂਦੀ ਏ। ਉਹ ਰੋਕਿਆਂ ਕਦੀ ਰੁਕਦੀ ਨਹੀਂ।

ਕਲਮ ਝੂਠ ਬੋਲਦੀ ਏ, ਪਰ ਕਦੀ ਸਚ ਬੋਲਣ ਤੋਂ ਵੀ ਨਹੀਂ ਝਕਦੀ। ਉਹ ਡਰਦਾ ਨਹੀਂ। ਉਹਨੂੰ ਕਾਹਦਾ ਡਰ ਏ, ਕਿਉਂ ਡਰੇ। ਉਹ ਤੇ ਆਪਣੇ ਦਿਲ ਦਾ ਬਾਦਸ਼ਾਹ ਏ। ਉਹਦੇ ਵਿਚ ਤਾਕਤ ਏ। ਕਲਮ ਬਾਦਸ਼ਾਹ ਨੂੰ ਤਖਤ ਤੇ ਬਿਠਾ ਸਕਦੀ ਏ। ਤੇ ਕਲਮ ਵਿਚ ਏਨੀ ਜੁਰਅਤ ਵੀ ਏ ਕਿ ਤਖਤੋਂ ਲਾਹ ਵੀ ਸਕਦੀ ਏ। ਕਲਮਕਾਰ ਰਬ ਤੋਂ ਘਟ ਨਹੀਂ ਜੇ ਉਹ ਕਲਮ ਦੀ ਪੂਜਾ ਕਰਕੇ ਲਿਖੇ ਤਾਂ।

ਜੇ ਤੈਨੂੰ ਲੜਾਈ ਦਾ ਕਸਬ ਸਿੱਖਣ ਦਾ ਚਾਅ ਏ ਤਾਂ ਰਣਭੂਮੀ ਵਿਚ ਇਨ੍ਹਾਂ ਦੇ ਸਾਹਮਣੇ ਹੋ। ਉਹ ਤੈਨੂੰ ਜੰਗ ਦੇ ਇਹੋ ਜਿਹੇ ਢੰਗ ਸਿਖਾਉਣਗੇ ਕਿ ਸਾਰੇ ਪਏ ਵਾਹ ਵਾਹ ਕਰਨਗੇ। ਤੂੰ ਆਪਣੇ ਆਪ ਨੂੰ ਤਲਵਾਰ ਦਾ ਧਨੀ ਆਖਦਾ ਏਂ। ਤੇਰਾ ਚਿਤ ਕਰਦਾ ਏ ਕਿ ਮੈਂ ਤਲਵਾਰ ਨੂੰ ਨਚਦਿਆਂ ਵੇਖਣਾ ਚਾਹੁੰਦਾ ਹਾਂ। ਤੇ ਯਾਰ ਫੇਰ ਇਨ੍ਹਾਂ ਤੋਂ ਸਿੱਖ ਭਾਵੇਂ ਪਗ ਰਖ ਕੇ ਮੱਥਾ ਕਿਉਂ ਨਾ ਟੇਕਣਾ ਪਵੇ। ਇਹ ਗੁਰ ਸਿਰਫ ਇਹੋ ਹੀ ਜਾਣਦੇ ਨੇ ਕਿ ਕਿਸ ਤਰ੍ਹਾਂ ਦੁਸ਼ਮਣ ਨੂੰ ਭਾਜ ਦੇ ਕੇ ਆਪ ਸਾਫ ਨਿਕਲ ਜਾਣਾ ਏ।

ਲੜਾਈ ਦੇ ਸਮੇਂ ਮੈਦਾਨੇ ਜੰਗ ਵਿਚ ਇਹ ਸਚਮੁਚ ਸ਼ੇਰ ਹਨ ਤੇ ਸਖਾਵਤ ਦੇ ਸਮੇਂ ਕਸਮ ਅੱਲ੍ਹਾ ਦੀ ਇਹ ਹਾਕਮ ਹਨ। ਕਿਸੇ ਵੇਲੇ ਹਾਕਮ ਨੂੰ ਵੀ ਮਾਤ ਪਾ ਦੇਂਦੇ ਹਨ। ਇਨ੍ਹਾਂ ਸਾਹਮਣੇ ਕੋਈ ਨਹੁੰ ਨਹੀਂ ਲੈ ਸਕਦਾ। ਭਾਵੇਂ ਉਹ ਕਿੱਡਾ ਵੱਡਾ ਜਰਵਾਣਾ ਵੀ ਕਿਉਂ ਨਾ ਹੋਵੇ। ਉਹ ਵਡੇ ਵਡੇ ਖਬੀ ਖਾਨਾਂ ਨੂੰ ਠੂਠੇ ਵਿਚ ਪਾਣੀ ਪਿਲਾ ਦੇਂਦੇ ਹਨ। ਜਦ ਇਹ ਸਿੱਖ ਨੇਜ਼ਾ ਪਕੜਦੇ ਹਨ ਤਾਂ ਵੈਰੀ ਦੀ ਸੈਨਾ ਵਿਚ ਭਾਜ ਪਾ ਦਿੰਦੇ ਹਨ ਅਤੇ ਜਦ ਉਹ ਨੇਜ਼ੇ ਦੀ ਅੰਨੀ ਨੂੰ ਉਤਾਂਹ ਚੁਕਦੇ ਹਨ, ਅਗੇ ਭਾਵੇਂ ਕੋਹਕਾਫ ਕਿਉਂ ਨਾ ਹੋਵੇ ਉਹਨੂੰ ਵੀ ਪਾਰ ਕਰ ਦਿੰਦੇ ਹਨ ਪਰ ਜਦ ਉਹ ਕਮਾਨ ਤੇ ਚਿੱਲਾ ਚੜ੍ਹਾਉਂਦੇ ਹਨ ਉਹ ਫੇਰ ਵੈਰੀ ਦੀ ਜਾਨ ਲੈਣ ਵਾਲਾ ਹੀ ਤੀਰ

ਰਖਦੇ ਹਨ ਕਮਾਨ ਤੇ। ਜਦ ਚਿੱਲੇ ਨੂੰ ਖਿਚ ਕੇ ਕੰਨ ਤਕ ਲੈ ਜਾਂਦੇ ਹਨ ਤਾਂ ਦੁਸ਼ਮਣ ਦਾ ਜਿਸਮ ਥਰ ਥਰ ਕੰਬ ਉਠਦਾ ਹੈ। ਤੇ ਜਦ ਤੀਰ ਛੁਟਦਾ ਹੈ ਖ਼ੁਦਾ ਦੀ ਪਨਾਹ। ਇਹ ਝੂਠ ਨਹੀਂ ਮੇਰੀਆਂ ਆਪਣੀਆ ਅੱਖਾਂ ਨਾਲ ਵੇਖਿਆ ਹੋਇਆ ਇਹ ਕਈ ਵਾਰ ਦਾ ਤਮਾਸ਼ਾ ਏ। ਉਹ ਕਫਨ ਬਣ ਜਾਂਦਾ ਹੈ। ਇਹ ਬਖਸ਼ਸ਼ ਸਿਰਫ ਗੁਰਾਂ ਦੀ ਏ ਜਾਂ ਸਾਧਨਾ ਏ ਉਨ੍ਹਾਂ ਜੋਧਿਆਂ ਦੀ ਜਿਨ੍ਹਾਂ ਸਦਾ ਈਮਾਨ ਨੂੰ ਮੁਖ ਰਖ ਕੇ ਤਪੱਸਿਆ ਕੀਤੀ ਏ। ਮੇਰਾ ਸਿਰ ਝੁਕਦਾ ਏ ਉਨ੍ਹਾਂ ਗੁਰੂਆਂ ਦੇ ਕਦਮਾਂ ਤੇ। ਪੰਜਾਬ ਜ਼ਰੂਰ ਇਕ ਨਾ ਇਕ ਦਿਨ ਹਕੂਮਤ ਤੇ ਬੈਠੇਗਾ। ਕੀ ਹੋਇਆ ਅਸੀਂ ਇਨ੍ਹਾਂ ਨੂੰ ਕਾਫਰ ਕਹਿੰਦੇ ਹਾਂ ਇਹ ਕਾਫਰ ਮੋਮਨਾਂ ਨਾਲੋਂ ਸੌ ਦਰਜੇ ਚੰਗੇ ਹਨ। ਮੈਂ ਤੇ ਰੋਟੀ ਖਾਣੀ ਹੈ। ਮੇਰੀ ਨੌਕਰੀ ਏ। ਜੇ ਮੈਂ ਇਨ੍ਹਾਂ ਨੂੰ ਕਾਫਰ ਨਾ ਲਿਖਾਂਗਾ ਤਾਂ ਬਾਦਸ਼ਾਹ ਨੇ ਮੈਨੂੰ ਇਕ ਡੰਗ ਦੀ ਰੋਟੀ ਵੀ ਨਹੀਂ ਦੇਣੀ। ਚਲੋ ਜੇ ਬਾਦਸ਼ਾਹ ਇਨ੍ਹਾਂ ਨੂੰ ਕਾਫਰ ਲਿਖਣ ਤੇ ਖੁਸ਼ ਹੁੰਦਾ ਏ ਤਾਂ ਮੇਰਾ ਕੀ ਵਿਗੜਦਾ ਏ। ਮੈਂ ਤੇ ਆਪਣੇ ਦਿਲ ਦੀ ਭੜਾਸ ਕਿਤੇ ਨਾ ਕਿਤੇ ਕਢ ਹੀ ਲੈਂਦਾ ਹਾਂ। ਸਚ ਝੂਠ ਦੇ ਸੌ ਪਰਦਿਆਂ ਵਿਚੋਂ ਨਿਕਲ ਕੇ ਸਾਹਮਣੇ ਆ ਜਾਂਦਾ ਹੈ। ਸੱਚ ਸੱਚ ਹੀ ਏ ਤੇ ਝੂਠ ਝੂਠ। ਬਹਾਦਰ ਨੂੰ ਤੇ ਬਹਾਦਰ ਆਖਣਾ ਹੀ ਪਵੇਗਾ। ਬੁਜ਼ਦਿਲ ਨੂੰ ਬਹਾਦਰ ਆਖਣਾ ਇਹ ਇਕ ਬਹੁਤ ਵਡੀ ਗੁਸਤਾਖੀ ਏ। ਯਾਰੋ ਕਲਮ ਦਾ ਧਨੀ ਕਦੇ ਝੂਠ ਨਹੀਂ ਬੋਲਦਾ। ਕਲਮ ਸਚ ਦੀ ਪੁਜਾਰਨ ਏ ਤੇ ਸਚ ਹਮੇਸ਼ਾ ਸਚ ਏ। ਮੈਂ ਵੀ ਮਰ ਜਾਣਾ ਏ ਤੇ ਬਾਦਸ਼ਾਹ ਨੇ ਵੀ ਨਹੀਂ ਰਹਿਣਾ ਪਰ ਕਲਮ ਦਾ ਸਚ ਹਮੇਸ਼ਾ ਜਿਉਂਦਾ ਰਹੇਗਾ।

□

੫੪

ਮਾਂ, ਪਰਸ਼ਾਦ ਛਕਾ

ਪ੍ਰੇਮ ਪ੍ਰਤੀਤ ਮੋ ਕੋ ਅਤਿ ਪਿਆਰੀ, ਪ੍ਰੀਤ ਰੀਤ ਕੀ ਕ੍ਰਿਆ ਨਿਆਰੀ।
ਜਿਸ ਪ੍ਰੇਮ ਹੋਏ ਸੋ ਮਹਿਮਾ ਜਾਨੇ, ਪ੍ਰੇਮ ਸੁਆਦ ਪ੍ਰੀਤਮ ਮਨ ਮਾਨੇ।

ਢੱਠਾ ਜਿਹਾ ਕੋਠਾ ਬਿਨਾਂ ਬੂਹਿਆਂ ਤੋਂ ਚੁਗਾਠਾਂ, ਇਕ ਪਾਸੇ ਦੀ ਕੰਧ ਢਠੀ ਹੋਈ। ਚੁਲ੍ਹੇ ਨੇ ਮੂੰਹ ਅੱਡਿਆ ਹੋਇਆ। ਮਨਛਿਟੀਆਂ ਦੀ ਅਧੀ ਪੰਡ ਇਕ ਨੁਕਰੇ ਲਗੀ ਹੋਈ ਸੀ। ਟੋਕਰੀ ਪਾਥੀਆਂ ਦੀ ਹੋਵੇਗੀ। ਬਾਕੀ ਕਖ ਕਾਨ ਸਨ। ਪਰਾਤ ਖਾਲੀ ਇਕ ਪਾਸੇ ਖੜੀ ਕੀਤੀ ਹੋਈ ਸੀ। ਨਾ ਚੁਲ੍ਹੇ ਅਗ ਤੇ ਨਾ ਪਰਾਤ ਵਿਚ ਆਟਾ। ਕਾੜ੍ਹਨੀ ਨੂੰ ਧੋ ਮਾਂਜ, ਕੂਚ ਕੇ ਰਖਿਆ ਹੋਇਆ ਸੀ ਧੁਪੇ। ਇਕ ਬੁਢੀ ਤੀਵੀਂ ਨਾ ਪੁਤ ਤੇ ਨਾ ਸਿਰ ਤੇ ਸਾਂਈਂ। ਮਿਹਨਤ ਮਜ਼ਦੂਰੀ ਕਰਕੇ ਢਿਡ ਦੀ ਅਗ ਬੁਝਾਉਂਦੀ। ਵਕਤ ਲੰਘ ਰਿਹਾ ਸੀ। ਸਬਰ ਸ਼ੁਕਰ ਬਹੁਤ ਸੀ। ਨੀਅਤ ਨੇਕ ਸੀ। ਈਮਾਨ ਪੱਕਾ ਸੀ। ਹੌਸਲਾ ਬੁਲੰਦ ਸੀ। ਸਭ ਤੋਂ ਵਡੀ ਗਲ ਇਹ ਸੀ ਕਿ ਗੁਰੂ ਤੇ ਨਿਸਚਾ ਅਟੱਲ ਸੀ। ਇਕ ਦਿਨ ਇਕ ਟੱਕਾ ਮਜ਼ਦੂਰੀ ਦਾ ਮਿਲਿਆ ਸਾਰੀ ਦਿਹਾੜੀ ਦੀ ਮਿਹਨਤ ਦਾ। ਉਸੇ ਵੇਲੇ ਮਨ ਵਿਚ ਅਰਦਾਸ ਕੀਤੀ ਜੇ ਕਿਤੇ ਅਜ ਸਤਿਗੁਰ ਆ ਜਾਣ ਤਾਂ ਫੇਰ ਮੇਰੇ ਮਨ ਦੀ ਕਲੀ ਖਿੜ ਸਕਦੀ ਏ, ਹਿਰਦੇ ਵਿਚ ਠੰਡ ਪਊ। ਮਨ ਵਿਚ ਧਾਰਿਆ ਤੇ ਇਕ ਟੱਕੇ ਦੀ ਰਸਦ ਖਰੀਦ ਲਿਆਂਦੀ ਤੇ ਘਰ ਆਣ ਕੇ ਤਵਾ ਵੀ ਕੂਚਿਆ ਤੇ ਪ੍ਰਾਂਤ ਵੀ ਮਾਂਜੀ। ਚੌਕੇ ਵਿਚ ਪੋਚਾ

ਫੇਰਿਆ। ਵਲਟੋਹੀ ਸੁਆਹ ਨਾਲ ਖੂਬ ਜੀਅ ਭਰ ਕੇ ਮਾਂਜੀ, ਲਿਸ਼ਕਾਈ, ਬਰਤਨ ਸੁਚੇ ਕੀਤੇ ਬਾਣੀ ਪੜ੍ਹੀ ਤੇ ਆਟਾ ਛਾਣਿਆ ਤੇ ਸੁਚੇ ਪਾਣੀ ਨਾਲ ਆਟਾ ਗੁੰਨ੍ਹਿਆ। ਲੰਬੜਾਂ ਦੇ ਖੂਹ ਦਾ ਪਾਣੀ ਭਰ ਕੇ ਲਿਆਈ ਸੀ।

ਮਾਂਹ ਚਾੜ੍ਹੇ ਕਾੜ੍ਹਨੀ ਵਿਚ ਤੇ ਜੀਰ ਵਿਚ ਪਾਇਆ। ਅਦਰਕ ਛਿਲਿਆ। ਕਟਿਆ ਤੇ ਕੱਚਾ ਹੀ ਪਾ ਦਿਤਾ। ਚਾਰ ਘੰਟੇ ਚੁਲ੍ਹੇ ਦੇ ਮੂਹਰੇ ਬੈਠੀ ਬਾਣੀ ਪੜ੍ਹਦੀ ਰਹੀ। ਮਾਂਹ ਫੁਟੇ ਤੇ ਦਿਲ ਵਿਚ ਉਤਸ਼ਾਹ ਵਧਿਆ। ਕਿਤੇ ਅਜ ਆ ਜਾਣ ਸਤਿਗੁਰ। ਮੈਂ ਅਜ ਉਨ੍ਹਾਂ ਦਾ ਨਾਂ ਲੈ ਕੇ ਪ੍ਰਸ਼ਾਦ ਬਣਾ ਰਹੀ ਹਾਂ। ਮੇਰੀ ਗਰੀਬਣੀ ਕੋਲ ਪੈਸੇ ਕਿਥੇ। ਅਜ ਆ ਜਾਣ। ਜੇ ਅਜ ਵੀ ਸਤਿਗੁਰ ਨਾ ਆਏ ਤਾਂ ਫੇਰ ਕਿਸੇ ਦਿਨ ਆ ਗਏ ਤਾਂ ਮੇਰੇ ਲਈ ਮੁਸ਼ਕਲ ਬਣ ਜਾਊ। ਅਜ ਮੇਰੀ ਪਤ ਰਹਿ ਜਾਊਗੀ। ਮੈਂ ਡਰਦੀ ਹਾਂ ਕਿਤੇ ਵੇਲੇ ਕੁਵੇਲੇ ਮੇਰਾ ਸਤਿਗੁਰ ਨਾ ਆ ਜਾਏ ਤੇ ਮੇਰੇ ਘਰੋਂ ਭੁਜੇ ਛੋਲਿਆਂ ਦੀ ਮੁਠ ਵੀ ਨਾ ਨਿਕਲੇ। ਮੈਂ ਫਿਰ ਕਿਦਾਂ ਸਤਿਗੁਰਾਂ ਦੇ ਦਰਸ਼ਨ ਕਰ ਸਕਾਂਗੀ। ਇਹ ਇਕ ਸ਼ਰਧਾ ਸੀ। ਇਹ ਇਕ ਲਗਨ ਸੀ।

ਮੈਂ ਸੁਣਿਆ ਏ ਕਿ ਸਤਿਗੁਰ ਘਿਓ ਸ਼ਕਰ ਖਾਣ ਦੇ ਬਹੁਤ ਸ਼ੌਕੀਨ ਹਨ। ਸ਼ਕਰ ਤੇ ਮਿਲ ਜਾਊ ਬਾਣੀਏ ਦੀ ਦੁਕਾਨ ਤੋਂ ਪਰ ਘਿਓ ਇਹ ਮੇਰੀ ਔਕਾਤ ਤੋਂ ਬਾਹਰ ਏ। ਮੇਰੀ ਗਰੀਬੀ ਦੀ ਸੰਦੂਕੜੀ 'ਚੋਂ ਘਿਓ ਜੋਗੇ ਪੈਸੇ ਨਹੀਂ ਨਿਕਲਣੇ। ਅੱਛਾ ਲੰਬੜਾਂ ਦੇ ਘਰ ਜਾਂਦੀ ਹਾਂ ਪਰ ਉਨ੍ਹਾਂ ਪੁਛਣਾ ਏ ਕਿ ਘਿਓ ਕੀ ਕਰਨਾ ਏ ਅਤੇ ਜੇ ਮੈਂ ਕੁਝ ਬੋਲੀ ਤਾਂ ਉਨ੍ਹਾਂ ਝਟ ਹੀ ਆਖਣਾ ਏ ਝਾਟਾ ਚਿੱਟਾ ਹੋ ਗਿਆ ਅਜੇ ਵੀ ਸਵਾਦ ਭਾਲਦੀ ਏ। ਮੈਂ ਗੁਰੂ ਦੇ ਲਈ ਮਖਣ ਮੰਗ ਵੀ ਲਿਆਈ ਤਾਂ ਈਮਾਨ ਵੇਚਣ ਵਾਲੀ ਗਲ ਏ। ਨਾ, ਨਾ ਇਹ ਕੰਮ ਮੈਥੋਂ ਨਹੀਂ ਹੋਣਾ। ਮੰਗਿਆ ਮਖਣ ਮੈਂ ਗੁਰੂ ਨੂੰ ਨਹੀਂ ਖੁਵਾਉਣਾ। ਭੁਜੇ ਚੌਲ ਸੁਦਾਮੇ ਦੇ ਜੇ ਕ੍ਰਿਸ਼ਨ ਮਹਾਰਾਜ ਖਾ ਸਕਦੇ ਹਨ ਤਾਂ ਮੇਰਾ ਗੁਰੂ ਮੇਰੇ ਘਰ ਵਿਚ ਪੱਕੀ ਰੋਟੀ, ਜਿਹੀ ਮਿਸੀ ਲੂਣੀ ਏ ਗੁਰੂਆਂ ਦਾ ਤੇ ਏਸੇ ਤੇ ਹੀ ਮਨ ਪ੍ਰਸੰਨ ਹੋ ਜਾਏਗਾ। ਛੱਤੀ ਪਦਾਰਥ ਉਹ ਆਪ ਰੋਜ਼ ਖਾਂਦੇ ਹਨ। ਮੇਰੇ ਵਰਗੀ ਗਰੀਬਣੀ ਕੋਲੋਂ ਏਸ ਤਰ੍ਹਾਂ ਦੀ ਉਮੀਦ ਉਹ ਕਦੀ ਵੀ ਨਹੀਂ ਕਰਨ ਲਗੇ। ਤੇ ਨਾ ਮੈਨੂੰ ਉਚੇਚ ਕਰਨਾ ਹੀ ਆਉਂਦਾ ਏ ਤੇ ਨਾ ਹੀ ਮੈਂ ਉਚੇਚ ਕੀਤਾ ਹੀ ਏ। ਗਲ ਤੇ ਪੱਲੇ ਦੀ ਹੀ ਏ ਨਾ ਜਿੰਨੀ ਚਾਦਰ ਏ ਉਨੇ ਪੈਰ ਪਸਾਰੋ। ਸ਼ੇਖੀ ਮਾਰਨੀ ਚੰਗੀ ਨਹੀਂ। ਸ਼ੇਖੀ ਫੇਰ ਗੁਰੂ ਅਗੇ ਕਿਉਂ ਮਾਰੇ। ਜਦ ਗੁਰੂ ਜਾਣੀ ਜਾਣ ਏ ਤਾਂ ਉਹਨੂੰ ਸਾਡੀ ਔਕਾਤ ਦਾ ਪਤਾ ਨਹੀਂ। ਬਾਬਾ ਬੁੱਢਾ ਤੇ ਮਿਸੇ ਪ੍ਰਸ਼ਾਦਿਆਂ ਤੇ ਰੀਝ ਪਿਆ ਸੀ ਕੀ ਮੇਰਾ ਗੁਰੂ ਅਜ ਨਾ ਆਏਗਾ। ਇਕ ਟਕਾ ਮੇਰੀ ਤਿੰਨਾਂ ਦਿਨਾਂ ਦੀ ਕਮਾਈ ਏ। ਇਹ ਸੁਚੀ ਕਿਰਤ ਏ। ਇਹ ਦਸਾਂ ਨਹੁੰਆਂ ਦੀ ਕਮਾਈ। ਜੇ ਮੇਰਾ ਗੁਰੂ ਅਜ ਨਾ ਆਇਆ ਤੇ ਫੇਰ ਕਿਸੇ ਦਿਨ ਆਣ ਨਿਕਲਿਆ ਤਾਂ ਫੇਰ ਮੈਨੂੰ ਅੱਖਾਂ ਨੀਵੀਆਂ ਕਰਨੀਆਂ ਪੈਣਗੀਆਂ। ਅਜ ਤੇ ਸਭ ਕੁਝ ਤਿਆਰ ਬਣਿਆ ਪਿਆ ਏ। ਤੇ ਗੁਰੂ ਨੇ ਮੈਨੂੰ ਅਜ ਸਮਰਥਾ ਦਿੱਤੀ ਏ। ਗੁਰੂ ਹਮੇਸ਼ਾਂ ਪਤ ਰਖਦੇ ਆਏ ਨੇ, ਮੇਰੀ ਲਾਜ ਅਜ ਤੇਰੇ ਹੱਥ ਵਿਚ ਈ ਏ। ਬੀਬੀ ਨਾਨਕੀ ਨੇ ਵੀ ਏਸੇ ਤਰ੍ਹਾਂ ਯਾਦ ਕੀਤਾ ਸੀ। ਪਰ ਧੰਨ ਸਨ ਗੁਰੂ ਨਾਨਕ ਦੇਵ ਉਨ੍ਹਾਂ ਤਵੇ ਤੋਂ ਰੋਟੀ ਲਾਹੁਣ ਨਹੀਂ ਸੀ ਦਿੱਤੀ ਤੇ ਚੌਕੜਾ ਮਾਰ ਕੇ ਸਾਹਮਣੇ ਆਣ ਬੈਠੇ ਸਨ। ਪਿਆਰ ਸੀ ਭੈਣ ਭਰਾ ਦਾ। ਮੈਂ ਤੇ ਸਿਰਫ ਅਰਦਾਸ ਹੀ ਕਰ ਸਕਦੀ ਹਾਂ। ਮੇਰਾ ਕੋਈ ਜ਼ੋਰ ਥੋੜ੍ਹਾ ਏ। ਉਹ ਗੁਰੂ ਏ, ਉਹਦੀ ਮਰਜ਼ੀ ਏ। ਪਰ ਨਹੀਂ, ਮੇਰਾ ਦਿਲ ਨਹੀਂ ਮੰਨਦਾ। ਮੇਰੇ ਨਾਲ ਹਾਸੋਹੀਣੀ ਨਹੀਂ ਹੋਣ ਲਗੀ। ਸੌ ਵੱਲ ਭੰਨ ਕੇ ਵੀ ਆਏਗਾ ਮੇਰਾ ਗੁਰੂ ਅਜ।

ਸ਼ਿਕਾਰ ਚੜ੍ਹੇ ਹੋਏ ਸਨ ਸਤਿਗੁਰ। ਘੋੜੇ ਨੂੰ ਅੱਡੀ ਲਾਈ। ਦੁੜਕੀ ਵਿਚ ਪਾ ਲਿਆ ਘੋੜਾ। ਸਾਥੀਆਂ ਸਮਝਿਆ ਸ਼ਿਕਾਰ ਨਿਕਲਿਆ ਏ। ਉਨ੍ਹਾਂ ਵੀ ਘੋੜੇ ਮਗਰ ਲਾ ਦਿਤੇ ਪਰ ਗੁਰੂ ਦੇ ਘੋੜੇ ਨੇ ਝਾਹ ਨਾ ਦਿੱਤੀ। ਉਸੇ ਬੁੱਢੀ ਦੀ ਝੁਗੀ ਸਾਹਮਣੇ ਘੋੜਾ ਜਾ ਰੋਕਿਆ ਤੇ ਘੋੜੇ ਤੇ ਚੜ੍ਹੇ ਹੀ ਬੋਲੇ ਸਤਿਗੁਰ, 'ਮਾਂ ਪ੍ਰਸ਼ਾਦ ਛਕਾ, ਭੁਖ ਲਗੀ ਹੋਈ ਏ।'

ਸੇਵਕ ਵੀ ਪੁਜ ਗਏ, ਘੋੜਾ ਖੜਾ ਸੀ ਗੁਰਾਂ ਦਾ ਤੇ ਗੁਰੂ ਹਰਿਰਾਏ ਆਵਾਜ਼ ਦੇ ਰਹੇ ਸਨ। 'ਮਾਂ ਪ੍ਰਸ਼ਾਦ ਛਕਾ, ਭੁਖ ਲਗੀ ਹੋਈ ਏ'।

ਸਭ ਕੁਝ ਤਿਆਰ ਸੀ। ਥਾਲੀ ਪਰੋਸ ਕੇ ਬਾਹਰ ਕਿੱਦਾਂ ਲੈ ਆਉਂਦੀ ਬੁੱਢੀ ਮਾਈ। ਗੁਰੂ ਭਾਵੇਂ ਬਾਹਰ ਆਵਾਜ਼ਾਂ ਦੇ ਰਿਹਾ ਸੀ।

—ਸਤਿਗੁਰ ਕੀ ਅੰਦਰ ਨਹੀਂ ਆਉਣਾ, ਮੇਰਾ ਘਰ ਪਵਿਤਰ ਨਾ ਹੋਏਗਾ?

—ਭੁੱਖ ਲਗੀ ਏ, ਮਾਂ ਥਾਲੀ ਫੜਾ ਪਹਿਲਾਂ।

—ਮਹਾਰਾਜ ਲੋਕ ਕੀ ਆਖਣਗੇ। ਮਾਈ ਨੂੰ ਅਕਲ ਨਹੀਂ। ਖਵਾਉਣਾ ਹੀ ਸੀ ਤੇ ਚੌਕੇ ਵਿਚ ਬਿਠਾ ਕੇ ਖਵਾਉਂਦੀ।

—ਭੀੜ ਜੁੜ ਗਈ ਸੀ ਤੇ ਸਤਿਗੁਰ ਫੁਰਮਾ ਰਹੇ ਸਨ ਜਿਹੜਾ ਮਜ਼ਾ ਅਜ ਘੋੜੇ ਦੀ ਕਾਠੀ ਤੇ ਆਉਣਾ ਏ ਉਹ ਆਨੰਦ ਚੌਕੇ 'ਚ ਨਹੀਂ ਆ ਸਕਦਾ।

—ਜੋ ਹੁਕਮ ਸਿਰ ਮੱਥੇ ਕਬੂਲ। ਜਿਦਾਂ ਤੁਹਾਡੀ ਰਜ਼ਾ।

ਗੁਰੂ ਹਰਿਰਾਏ ਨੇ ਘੋੜੇ ਤੇ ਬੈਠਿਆਂ ਹੀ ਪ੍ਰਸ਼ਾਦ ਛਕਿਆ ਤੇ ਫੁਰਮਾਇਆ ਕਿ ਅਜ ਆਨੰਦ ਆਇਆ ਏ, ਸਾਰੀ ਹਯਾਤੀ ਵਿਚ ਕਿਤੇ ਇਹੋ ਜਿਹਾ ਸਵਾਦ ਨਹੀਂ ਆਇਆ।

—ਕਿਉਂ ਬੁੱਢੀ ਦਾ ਮਜ਼ਾਕ ਉਡਾ ਰਹੇ ਹੋ ਸਤਿਗੁਰ, ਮੈਂ ਮਖਣ ਤੇ ਸ਼ਕਰ ਨਹੀਂ ਲਿਆ ਸਕੀ। ਮੰਗ ਕੇ ਖੁਆ ਤੇ ਸਕਦੀ ਸਾਂ ਪਰ ਮੈਨੂੰ ਲਜ ਆਈ। ਖੁਆਵਾਂ ਵੀ ਤੇ ਉਹ ਵੀ ਮੰਗ ਕੇ।

—ਸ਼ਕਰ ਦੀ ਲੋੜ ਨਹੀਂ। ਮਾਂ ਘਿਓ ਦੇ ਘੁਟ ਰੋਟੀ ਦੀਆਂ ਗਰਾਹੀਆਂ ਵਿਚੋਂ ਆ ਰਹੇ ਹਨ। ਛੱਤੀ ਪਦਾਰਥ ਸੁਣੇ ਸਨ ਪਰ ਅਜ ਪ੍ਰਤੱਖ ਵੇਖ ਲਏ ਹਨ। ਭੁੱਜੇ ਛੋਲਿਆਂ ਦੀ ਮੁਠ ਵਿਚ ਸਾਰੇ ਜਹਾਨ ਦੀਆਂ ਬਰਕਤਾਂ ਹਨ।

—ਮਾਂ ਤੇਰਾ ਪਿਆਰ ਮੈਨੂੰ ਖਿਚ ਕੇ ਲੈ ਆਇਆ ਹੈ। ਭੁਖ ਲਗੀ ਹੋਈ ਸੀ, ਪ੍ਰਸ਼ਾਦ ਖਾ ਕੇ ਤ੍ਰਿਪਤ ਹੋ ਗਏ ਹਾਂ।

—ਇਹ ਤੁਹਾਡਾ ਹੀ ਪ੍ਰਤਾਪ ਏ। ਮੇਰੇ ਮਨ ਦੀ ਰੀਝ ਲੱਥ ਗਈ। ਅਜ ਮੈਨੂੰ ਬੜੀ ਉਡੀਕ ਸੀ। ਮੇਰਾ ਜਨਮ ਸਫਲ ਹੋ ਗਿਆ।

—ਧੰਨ ਸਿੱਖੀ ਏ, ਨਿਸਚਾ ਕਿੰਨਾ ਬਲਵਾਨ ਏ! ਮਖਣ ਮੰਗਣ ਦੀ ਲੋੜ ਨਹੀਂ। ਮਖਣ ਮਾਈ ਤੇਰੇ ਅਗੇ ਪਿਛੇ ਹੋਵੇਗਾ। ਸਤਿਗੁਰਾਂ ਫੁਰਮਾਇਆ।

—ਤੇਰੀਆਂ ਤੂੰ ਹੀ ਜਾਣੇਂ ਸਤਿਗੁਰ। ਮੇਰੀ ਤੇ ਚੁਰਾਸੀ ਕਟੀ ਗਈ।

ਦੂਜੇ ਦਿਨ ਸਾਥੀਆਂ ਨੇ ਪ੍ਰਸ਼ਾਦ ਨਾਲ ਹੀ ਬੰਨ੍ਹ ਲਿਆ। ਸ਼ਿਕਾਰ ਵੇਲੇ ਅਰਜ਼ ਕੀਤੀ ਪ੍ਰਸ਼ਾਦ ਛਕ ਲਵੋ।

ਮਹਾਰਾਜ ਨੇ ਫੁਰਮਾਇਆ, ਤੁਸਾਂ ਬੇ-ਮਰਿਆਦਾ ਪ੍ਰਸ਼ਾਦ ਕਿਉਂ ਲਿਆਂਦਾ ਏ। ਜਦ ਤੁਹਾਨੂੰ ਪਤਾ ਏ ਕਿ ਅਸੀਂ ਪ੍ਰਸ਼ਾਦ ਲੰਗਰ ਵਿਚ ਬੈਠ ਕੇ ਛਕਦੇ ਹਾਂ। ਮਾਈ ਕਿਰਤ ਕੇ ਪ੍ਰੇਮ ਕੇ ਭਰੀ। ਮੈਂ ਤੇ ਪ੍ਰੇਮ ਦਾ ਖਿਚਿਆ ਗਿਆ ਸਾਂ। ਇਹ ਰੀਤ ਗੁਰੂ ਨਾਨਕ ਨੇ ਪਾਈ ਸੀ। ਜੇ ਸੇਵਕ ਯਾਦ ਕਰੇ ਤਾਂ ਗੁਰੂ ਜਾਏ ਨਾ ਉਹਦੇ ਦੁਆਰੇ। ਗਰੀਬੀ ਵੀ ਇਕ ਤਪੱਸਿਆ ਏ। □

ਦਾਸ ਅਨਿੰਨ ਮੇਰੇ ਨਿਜ ਰੂਪ

ਨਗਾਰਾ ਵਜਿਆ। ਕੀਰਤਪੁਰ ਦਾ ਦਿਲ ਹਿਲਿਆ। ਐਲਾਨ ਹੋ ਰਿਹਾ ਸੀ, ਆਓ ਭਾਈ ਲੰਗਰ ਤਿਆਰ ਏ। ਪੰਗਤਾਂ ਲਾ ਕੇ ਬੈਠੋ ਤੇ ਲੰਗਰ ਛਕੋ। ਸਾਰੇ ਕਾਰਜ ਬੰਦ। ਜਿਹੜਾ ਜਿਥੇ ਬੈਠਾ ਏ, ਜਿਹੜਾ ਵੀ ਕੰਮ ਹੱਥ ਵਿਚ ਫੜਿਆ ਏ, ਉਹ ਉਸੇ ਵੇਲੇ ਉਥੇ ਹੀ ਛਡ ਦੇਵੇ ਤੇ ਲੰਗਰ ਦੀ ਪੰਗਤ ਵਿਚ ਜਾ ਬੈਠੇ, ਇਹ ਹੁਕਮ ਸੀ ਗੁਰੂ ਹਰਿਰਾਏ ਦਾ। ਘਿਉ ਦਾ ਘੜਾ ਰੁੜ੍ਹਦਾ ਏ ਤਾਂ ਰੁੜ੍ਹ ਜਾਏ, ਕੋਈ ਪ੍ਰਵਾਹ ਨਹੀਂ। ਪਹਿਲਾਂ ਲੰਗਰ ਦਾ ਕੰਮ। ਲੰਗਰ ਦੀ ਮਰਿਆਦਾ ਬੰਨ੍ਹ ਦਿੱਤੀ ਸੀ ਗੁਰੂ ਹਰਿਰਾਏ ਨੇ ਨਗਾਰਾ ਵਜਾ ਕੇ। ਨਗਾਰਾ ਵਜਣ ਦਾ ਮਤਲਬ ਇਹ ਸੀ ਕਿ ਭਾਈ ਪਹਿਲਾਂ ਲੰਗਰ ਛਕੋ ਦੂਰ ਦੂਰ ਤਕ ਜਿਹੜਾ ਵੀ ਆਵਾਜ਼ ਸੁਣੇ, ਪਹਿਲਾਂ ਲੰਗਰ ਵਿਚ ਆਏ ਤੇ ਬਾਕੀ ਸਾਰੇ ਕੰਮ ਪਿਛੋਂ। ਮਾਲਾ ਫੇਰਨ ਵਾਲਾ ਮਾਲਾ ਉਥੇ ਹੀ ਰਖ ਦਿੰਦਾ। ਗੁਰੂ ਦਾ ਹੁਕਮ ਅਟੱਲ ਸੀ।

ਗੁਰੂ ਹਰਿਰਾਏ ਦੀਵਾਨ ਵਿਚ ਬੈਠੇ ਹੋਏ ਸਨ। ਨਗਾਰਾ ਵਜਿਆ ਸਾਰੇ ਚੇਤੰਨ ਹੋ ਗਏ ਪਰ ਗੁਰੂ ਹਰਿਰਾਏ ਚੌਕੜਾ ਮਾਰ ਕੇ ਬੈਠੇ ਹੋਏ ਸਨ। ਸਾਰੀ ਸੰਗਤ ਨੇ ਵੇਖਿਆ ਕਿ ਗੁਰੂ ਨਿਸਚਲ ਹੋ ਕੇ ਬੈਠੇ ਹਨ ਤਾਂ ਫੇਰ ਹੌਸਲਾ ਕਿਦਾਂ ਪਵੇ ਕਿ ਉਠ ਪਈ ਏ। ਨਗਾਰਾ ਵਜਦਾ ਏ ਤਾਂ ਵਜਦਾ ਰਹੇ। ਜਦ ਤਕ ਸਤਿਗੁਰ ਨਹੀਂ ਆਖਦੇ, ਸੰਗਤ ਕਦੀ ਵੀ ਪੰਗਤ ਵਿਚ ਨਹੀਂ ਬੈਠਣ ਲਗੀ। ਮਰਿਆਦਾ ਟੁਟਦੀ ਜਾ ਰਹੀ ਸੀ। ਖੰਡਤ ਹੋ ਰਹੀ ਸੀ। ਕਾਨੂੰਨ ਗੁਰੂ ਦਾ ਟੁਟ ਰਿਹਾ ਸੀ।

ਨਗਾਰਾ ਤੇ ਸਿਰਫ ਸੱਦਾ ਹੀ ਦੇ ਸਕਦਾ ਹੈ ਨਾ। ਕਾਨੂੰਨ ਤੇ ਹੱਥ ਵਿਚ ਨਹੀਂ ਨਾ ਲੈ ਸਕਦਾ ਹੁਕਮ ਗੁਰੂ ਦਾ ਸੀ ਤੇ ਦੇਣ ਵਾਲਾ ਚੌਕੜਾ ਮਾਰ ਕੇ ਬੈਠਾ ਹੋਇਆ ਸੀ ਤਾਂ ਸੰਗਤ ਕਿਸ ਤਰ੍ਹਾਂ ਉਠ ਸਕਦੀ ਏ।

ਨਗਾਰਾ ਵਜਦਾ ਰਿਹਾ ਪਰ ਸੰਗਤ ਦੇ ਪੈਰਾਂ ਵਿਚ ਕਿੱਲ ਠੁਕ ਗਏ ਸਨ।

—ਲਾਂਗਰੀ ਨੇ ਬੇਨਤੀ ਕੀਤੀ, ਹਜ਼ੂਰ ਨਗਾਰਾ ਵਜ ਗਿਆ ਏ, ਪੰਗਤਾਂ ਖਾਲੀ ਹਨ। ਜਦ ਤਕ ਹਜ਼ੂਰ ਨਹੀਂ ਉਠਦੇ ਸੰਗਤ ਦਾ ਹੌਸਲਾ ਨਹੀਂ ਪੈਂਦਾ। ਹਜ਼ੂਰ ਉਠੋ।

ਸਤਿਗੁਰ ਮਗਨ ਸਨ, ਬਿਰਤੀ ਲਗੀ ਹੋਈ ਸੀ। ਖਾਮੋਸ਼ ਰਹੇ। ਸਤਿਗੁਰ ਮੂੰਹੋਂ ਕੁਝ ਨਾ ਬੋਲੇ।

ਲਾਂਗਰੀ ਨੇ ਫੇਰ ਹੱਥ ਜੋੜੇ, ਫਿਰ ਅਰਜ਼ ਕੀਤੀ।

ਹਾਲਤ ਪਹਿਲੇ ਵਰਗੀ ਸੀ। ਸਤਿਗੁਰ ਅਜੇ ਵੀ ਖਾਮੋਸ਼ ਸਨ। ਮੁਖ ਤੋਂ ਕੋਈ ਬਚਨ ਨਾ ਨਿਕਲੇ।

ਸੰਗਤ 'ਚ ਇਕ ਸੱਨਾਟਾ ਜਿਹਾ ਛਾ ਗਿਆ। ਸਤਿਗੁਰ ਸੰਗਮਰਮਰ ਦੀ ਇਕ ਮੂਰਤੀ ਵਾਂਗ ਚੁਪ ਸਨ।

ਲਾਂਗਰੀ ਨੇ ਫੇਰ ਅਰਜ਼ ਕੀਤੀ। ਦੋਪਹਿਰ ਲੰਘ ਚੁਕੀ ਸੀ ਏਸੇ ਹੀ ਦੌੜ ਭਜ ਵਿਚ। ਸਤਿਗੁਰ ਅਜੇ ਵੀ ਮੰਦਰ ਦੇ ਦੇਵਤੇ ਵਾਂਗੂੰ ਚੁਪ ਹਨ।

ਨੇਤਰ ਪੁਟੇ, ਵੇਖਿਆ, ਸੰਗਤ ਪਰੇਸ਼ਾਨ ਸੀ। ਸਤਿਗੁਰ ਜਾਣ ਗਏ, ਮੇਰੀ ਵਜਾਹ ਨਾਲ ਸੰਗਤ ਨੇ ਲੰਗਰ ਨਹੀਂ ਛਕਿਆ।

ਸੰਗਤ ਨੇ ਅਰਜ਼ ਕੀਤੀ, ਅਜ ਕੀ ਕੌਤਕ ਰਚਾਇਆ ਏ ਹਜ਼ੂਰ ਨੇ।

ਅਜ ਏਸ ਤਰ੍ਹਾਂ ਬੈਠੇ ਰਹਿਣ ਦਾ ਕਾਰਨ ਕੀ ਏ?

ਹਜ਼ੂਰ ਨੇ ਫੁਰਮਾਇਆ, "ਕਾਬਲ ਵਿਚ ਗੋਇੰਦਾ ਛਡੇ ਤੇ ਤਾਂ ਉਠੀਏ ਨਾ"। ਉਠੇ ਤਾਂ ਰਸਾ ਪਾ ਕੇ ਜੂੜ ਲਿਆ। ਚਲੋ ਲੰਗਰ ਛਕਿਆ ਜਾਏ। ਦੁਪਹਿਰਾਂ ਢਲ ਗਈਆਂ ਸਨ। ਜਦ ਸੰਗਤ ਤੇ ਗੁਰੂ ਨੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ।

ਪਰ ਇਹ ਗੱਲ ਰਾਜ਼ ਵਿਚ ਹੀ ਰਹਿ ਗਈ। ਕਾਬਲ, ਗੋਇੰਦਾ, ਇਹ ਕੀ ਕਹਾਣੀ ਏ।

ਸੰਗਤ ਹਰ ਗੱਲ ਤੋਂ ਪੁੱਛ ਸਕਦੀ ਏ। ਗੁਰੂ ਇਨਕਾਰ ਨਹੀਂ ਸੀ ਕਰ ਸਕਦੇ। ਇਹ ਰਿਸ਼ਤਾ ਬੜਾ ਨਾਜ਼ਕ ਏ। ਜਦ ਸੰਗਤ ਖਹਿੜੇ ਪੈ ਗਈ ਤਾਂ ਗੁਰਾਂ ਨੇ ਘੁੰਡੀ ਖੋਲ੍ਹੀ।

ਸੁਣੋ ਭਾਈ ਸੁਣੋ, ਭਾਈ ਨਾਮਦੇਵ ਤੇ ਝੂਠ ਨਹੀਂ ਨਾ ਬੋਲਦਾ। ਉਹਦਾ ਕਥਨ ਏ,

'ਬਾਂਧੇ ਭਗਤ ਨ ਛੂਟੇ ਮੋਹਿ'।

ਭਗਤ ਦਾ ਆਖਿਆ ਰੱਬ ਦਾ ਹੁਕਮ ਏ। ਰੱਬ ਵੀ ਉਸੇ ਦਾ ਰੂਪ ਏ।

ਰੱਬ ਦਾ ਇਹ ਹੁਕਮ ਏ ਕਿ ਮੇਰੀ ਬੱਧੀ ਭਗਤ ਹੀ ਛੁਡਾ ਸਕਦਾ ਏ। ਜੇ ਭਗਤ ਮੈਨੂੰ ਬੰਨ੍ਹ ਲਵੇ ਤਾਂ ਮੇਰੇ ਕੋਲੋਂ ਛੁਡਾਈ ਨਹੀਂ ਜਾਣੀ। ਭਗਤ ਦੀ ਪਕੜ ਮਜ਼ਬੂਤ ਏ। ਜੇ ਕਿਸੇ ਮੌਕੇ ਮੈਨੂੰ ਮੇਰਾ ਭਗਤ ਪ੍ਰੇਮ ਦੀ ਗੰਢ ਮਾਰ ਕੇ ਬੰਨ੍ਹ ਲਵੇ ਤਾਂ ਮੇਰੇ ਵੱਸ ਵਿਚ ਕੁਝ ਨਹੀਂ, ਮੈਂ ਛੁਡਾ ਨਹੀਂ ਸਕਦਾ। ਮੈਂ ਨਿਰੁਤਰ ਹੋ ਜਾਂਦਾ ਹਾਂ। ਮੈਂ ਮਜਬੂਰੀ ਜ਼ਬਾਨ ਤੋਂ ਬੋਲ ਵੀ ਨਹੀਂ ਸਕਦਾ। ਮੈਥੋਂ ਮੇਰਾ ਭਗਤ ਬਲਵਾਨ—

ਮੇਰੀ ਬਾਂਧੀ ਭਗਤੁ ਛਡਾਵੈ, ਬਾਂਧੈ ਭਗਤੁ ਨਾ ਛੂਟੈ ਮੋਹਿ।
ਏਕ ਸਮੈ ਮੋ ਕਉ ਗਹਿ ਬਾਂਧੈ, ਤਉ ਫੁਨਿ ਮੋ ਪੈ ਜਬਾਬ ਨਾ ਹੋਇ।

ਪ੍ਰਭੂ ਦਾ ਇਹ ਵੀ ਕਥਨ ਏ ਕਿ ਮੇਰੀ ਜ਼ਿੰਦਗੀ ਮੇਰੇ ਭਗਤ ਹਨ ਤੇ ਮੈਂ ਤੇ ਗੁਣਾਂ ਦਾ ਖਿੱਚਿਆ ਹੋਇਆ ਹਾਂ। ਜਿਸ ਨੇ ਇਹ ਗੱਲ ਜਾਣ ਲਈ ਏ ਉਸ ਦੇ ਹਿਰਦੇ ਵਿਚ ਪ੍ਰੇਮ ਦਾ ਚਾਨਣ ਹੋ ਗਿਆ ਏ। ਏਸ ਸ਼ਬਦ ਦਾ ਪ੍ਰਤੱਖ ਪ੍ਰਮਾਣ ਭਾਈ ਗੋਇੰਦਾ ਹਨ।

ਹੁਣ ਤੁਸੀਂ ਪੁਛੋਗੇ, ਕਿ ਭਾਈ ਗੋਇੰਦਾ ਕੌਣ ਸੀ। ਬਹੁਤ ਸਾਰੀ ਸੰਗਤ ਤੇ ਜਾਣਦੀ ਏ ਪਰ ਵਿਚ-ਵਿਚ ਕੁਝ ਨਵੇਂ ਵੀ ਹਨ। ਭਾਈ ਗੋਇੰਦਾ ਕੀਰਤਪੁਰ ਵਿਚੋਂ ਹੀ ਪ੍ਰੀਤ ਦਾ ਸਬਕ ਸਿੱਖ ਕੇ ਹੁਕਮ ਪਾ ਕੇ ਕਾਬਲ ਗਿਆ ਸੀ ਗੁਰਾਂ ਦੇ ਹੁਕਮ ਨਾਲ। ਉਸ ਉਥੇ ਸਿੱਖੀ ਦੀ ਧੁਜਾ ਝੁਲਾਈ। ਲੰਗਰ ਲਾਏ ਸਨ ਜੋ ਕਾਰ ਭੇਟਾ ਆਉਂਦੀ, ਲੋੜਵੰਦਾਂ ਵਿਚ ਹੀ ਵੰਡ ਦਿੰਦੇ। ਧਰਮਸਾਲਾ ਵੀ ਬਣਾਈ। ਪਰ ਜਦੋਂ ਹਜ਼ੂਰੀ ਵਿਚ ਆਏ ਤਾਂ ਖਾਲੀ ਹੱਥ। ਸਾਰਾ ਗੁਰੂ ਦਾ ਦਸਵੰਦ ਤੇ ਗੁਰੂ ਦੀ ਗੋਲਕ ਦੇ ਹਿਸਾਬ ਦਾ ਚਿੱਠਾ ਸੁਣਾ ਦਿੱਤਾ ਤੇ ਹੱਥ ਝਾੜ ਕੇ ਆਖਣ ਲੱਗਾ ਹੱਥ ਖਾਲੀ ਹਨ ਸਤਿਗੁਰੂ।

ਤੇ ਫੇਰ ਗੁਰਾਂ ਨੇ ਹੱਸ ਕੇ ਆਖਿਆ, ਗਰੀਬ ਦਾ ਮੂੰਹ ਗੁਰੂ ਦੀ ਗੋਲਕ ਏ।

—ਹੁਣ ਸੁਣੋ, ਜੋ ਅੱਜ ਮੇਰੇ ਨਾਲ ਵਾਪਰੀ ਹੈ। ਜਪੁਜੀ ਸਾਹਿਬ ਦਾ ਪਾਠ ਕਰਦੇ ਕਰਦੇ ਧਿਆਨ ਜੋੜ ਲਿਆ ਚਰਨਾਂ ਵਿਚ। ਪੈਰ ਤੇ ਬਝ ਗਏ, ਉਠਣ ਜੋਗੇ ਨਾ ਰਹੇ ਤੇ ਫੇਰ ਬਿਰਤੀ ਨੂੰ ਹੋਰ ਕਿਹੜਾ ਖੋਲ੍ਹੇ। ਬਿਰਤੀ ਦੀ ਪਕੜ ਮਜ਼ਬੂਤ ਹੋ ਗਈ। ਦਿਲ ਵੀ ਬੰਨ੍ਹ ਲਿਆ ਤੇ ਸਰੀਰ ਵੀ। ਹੁਣ ਤੁਸੀਂ ਦੱਸੋ ਕਿ ਅਸੀਂ ਕਿਸ ਤਰ੍ਹਾਂ ਉਠ ਸਕਦੇ ਹਾਂ।

ਭਾਈ ਗੋਇੰਦੇ ਦੀ ਟਿਕਾਈ ਹੋਈ ਬਿਰਤੀ 'ਚ ਆਨੰਦ ਆ ਰਿਹਾ ਸੀ। ਉਹ ਆਨੰਦ, ਆਨੰਦ ਰੂਪ ਹੋ ਗਿਆ ਤੇ ਅਸੀਂ ਬੇਬੱਸ ਹੋ ਗਏ।

ਇਹ ਪ੍ਰੇਮ ਜਾਲ ਏ। ਇਹ ਪ੍ਰੇਮ ਦੀਆਂ ਕੱਚੀਆਂ ਤੰਦਾਂ ਹਨ ਜਿਹੜੀਆਂ ਸੰਗਲਾਂ ਤੋਂ ਵੀ ਸਖਤ ਹਨ। ਤੋੜਿਆਂ ਟੁਟਦੀਆਂ ਨਹੀਂ, ਬਹੁਤ ਮਜ਼ਬੂਤ ਹਨ।

ਜਦ ਤੱਕ ਭਾਈ ਗੋਇੰਦਾ ਨਾ ਛੱਡੇ, ਅਸੀਂ ਕਿਸ ਤਰ੍ਹਾਂ ਪੱਲਾ ਛੁਡਾਈਏ।

ਮੈਂ ਅੱਜ ਦੱਸ ਰਿਹਾ ਹਾਂ, ਮੇਰਾ ਜੀਵਨ ਕੀ ਏ, ਮੇਰਾ ਜੀਵਨ ਮੇਰੇ ਸਿੱਖ ਹਨ।

ਮੱਖਣ ਤੋਂ ਕੋਮਲ, ਜੋ ਉਨ੍ਹਾਂ ਨਾਲ ਪਿਆਰ ਪਾ ਲਿਆ ਏ, ਉਨ੍ਹਾਂ ਨੂੰ ਕ੍ਰੋਧ ਦੇ ਧੱਕੇ ਨਹੀਂ ਲੱਗਦੇ। ਤਰਕਾਲਾਂ ਤੇ ਨੁਕਤਾਚੀਨੀਆਂ ਤੋਂ ਬੱਚ ਜਾਂਦਾ ਏ। ਬੰਦਾ ਭਵਸਾਗਰ ਪਾਰ ਹੋ ਜਾਂਦਾ ਏ। ਇਹ ਕਥਨ ਸਨ ਗਿਆਨੀ ਗਿਆਨ ਸਿੰਘ ਦੇ—

'ਕੋਹੈ ਹੇਰੈ ਲਗੈ ਨ ਤਰੰਕ, ਤਰ ਕੋ ਪਾਰ ਭਵਾਬ੍ਧ ਪਰ ਕੇ।'

□

੫੬

ਠੀਕਰੀ

ਠੀਕਰੀ ਓਸ ਕੁਨਾਲੀ ਦੀ ਜਿਹਦੇ ਵਿਚ ਸਵਾਣੀ ਘਿਓ ਸੰਭਾਲ ਕੇ ਰੱਖਦੀ ਸੀ। ਭਿੰਦੀ, ਘਿਉ ਵਿਚ ਰਹਿੰਦੀ, ਭਿੱਜੀ, ਏਨੀ ਭਿੰਦੀ ਹੋ ਗਈ, ਘਿਉ ਹੀ ਬਣ ਗਈ। ਠੀਕਰੀ ਏਸ ਲਈ ਕਿ ਉਹਦੀ ਕੋਈ ਕਾਇਆ ਨਹੀਂ ਸੀ। ਕੁਨਾਲੀ ਦੇ ਜਦੋਂ ਅੰਗ ਸੰਗ ਸੀ ਤਾਂ ਉਹਦਾ ਵਜੂਦ ਸੀ, ਕੋਈ ਠੀਕਰੀ ਨੂੰ ਕੌਣ ਪੁੱਛੇ। ਠੀਕਰੀ ਆਖਰ ਤੇ ਠੀਕਰੀ ਏ।

ਗੁਰੂ ਦਰਬਾਰ ਵਿਚ ਹਰ ਇਕ ਨੂੰ ਆਪਣੀ ਗੱਲ ਪੁੱਛਣ ਦਾ ਹੱਕ ਸੀ। ਬੇ-ਖਟਕੇ, ਕੋਈ ਕਿਸੇ ਵੇਲੇ ਵੀ ਕਿਸੇ ਕਿਸਮ ਦੀ ਕੋਈ ਗੱਲ ਕੋਈ ਔਕੜ ਆ ਜਾਏ ਤਾਂ ਉਹ ਗੱਲ ਸਾਂਝੀ ਕਰ ਸਕਦਾ ਸੀ, ਸਲਾਹ ਲੈ ਸਕਦਾ ਸੀ। ਉਹਨੂੰ ਗੁਰੂ ਦਰਬਾਰ ਵਿਚ ਖੁਲ੍ਹ ਸੀ।

ਸ਼ਾਹੀ ਦਰਬਾਰ ਦੇ ਸੌ ਅਦਬ ਅਦਾਬ ਹੁੰਦੇ ਹਨ ਪਰ ਗੁਰਾਂ ਨੇ ਕੋਈ ਪਾਬੰਦੀ ਨਹੀਂ ਸੀ ਲਾਈ ਹੋਈ। ਸੇਵਕ, ਸਿੱਖ ਗੁਰੂ ਦਾ ਪਿਆਰਾ, ਜੇ ਗੁਰੂ ਨਾਲ ਆਪਣੀ ਗੱਲ ਸਾਂਝੀ ਨਹੀਂ ਸੀ ਕਰ ਸਕਦਾ ਤਾਂ ਫੇਰ ਹੋਰ ਕਿਸੇ ਨਾਲ ਜਾ ਕੇ ਕਰੇ। ਗੁਰੂ ਸੇਵਕ ਏ। ਤੇ ਸੇਵਕ ਗੁਰੂ ਕਿਸੇ ਵੇਲੇ ਵੀ ਗੁਰੂ ਤੋਂ ਵੀ ਬਲਵਾਨ ਹੋ ਜਾਂਦਾ ਏ ਪਰ ਗੁਰੂ ਆਖ਼ਰ ਗੁਰੂ ਏ। ਗੁਰੂ ਦੀ ਪਦਵੀ ਅਗੇ ਤੇ ਸਿਰ ਝੁਕਾਉਣਾ ਹੀ ਪਵੇਗਾ। ਗੁਰੂ ਰੱਬ ਤੇ ਖ਼ੁਦਾ ਏ। ਇਨ੍ਹਾਂ ਤਿਨਾਂ ਵਿਚ ਕੀ ਫਰਕ ਏ। ਨਾ ਅਜ ਤਕ ਕਿਸੇ ਨੇ ਦਸਿਆ ਤੇ ਨਾ ਹੀ ਕੋਈ ਦਸ ਸਕਦਾ ਏ। ਇਹ ਤਿੰਨੇ ਇਕੋ ਹੀ ਰੂਪ ਹਨ।

ਪੰਜਾਂ ਦਰਿਆਵਾਂ ਦੇ ਜੰਮ ਪਲ ਪੰਜਾਬੀ ਜਿਨ੍ਹਾਂ ਦੇ ਇਸ਼ਟ ਗੁਰੂ, ਜਿਨ੍ਹਾਂ ਦਾ ਈਮਾਨ ਗੁਰੂ, ਜਿਨ੍ਹਾਂ ਦਾ ਹਿਰਦਾ ਗੁਰੂ। ਗੁਰੂ ਪੀਰ ਵੀ ਹਨ ਤੇ ਪੈਗੰਬਰ ਵੀ। ਗੁਰੂ ਪੰਜਾਬ ਦੀ ਆਤਮਾ ਹਨ। ਗੁਰੂ ਰੂਹ ਹਨ ਪੰਜਾਬ ਦੀ। ਪੰਜਾਬ ਦਾ ਦਿਲ ਕੌਣ ਏ। ਤੇ ਜਵਾਬ ਮਿਲੇਗਾ ਕਿ ਉਹ

ਗੁਰੂ ਏ। ਗੁਰੂ ਪੰਜਾਬ ਦੀ ਆਤਮਾ ਵਿਚ ਸਮਾ ਗਿਆ ਸੀ। ਦੂਜਾ ਧਰਮ ਹੀ ਕੋਈ ਨਹੀਂ ਸੀ। ਨਾ ਇਸਲਾਮ ਤੇ ਨਾ ਹਿੰਦੂ। ਪੰਜਾਬ ਵਿਚ ਜਿਹੜਾ ਵੀ ਜੰਮਿਆ ਏ ਉਹ ਗੁਰੂਆਂ ਦਾ ਸ਼ਰਧਾਲੂ ਏ। ਗੁਰੂ ਹੀ ਉਹਦਾ ਰੱਬ ਏ ਤੇ ਗੁਰੂ ਹੀ ਉਹਦਾ ਖ਼ੁਦਾ। ਧਰਮ ਕੁਝ ਵੀ ਏ। ਪਹਿਰਾਵਾ ਕੋਈ ਵੀ ਹੋਵੇ। ਯਕੀਨ, ਈਮਾਨ ਸਿਰਫ ਗੁਰੂ। ਪਤਾ ਨਹੀਂ ਕੀ ਸੁੰਢ ਦੀ ਗੰਢੀ ਏ ਗੁਰੂ ਕੋਲ। ਐਵੇਂ ਮਗਰ ਲਗ ਖਲੋਤੀ ਏ ਖ਼ੁਦਾਈ ਪੰਜਾਬ ਦੀ ਧਰਤੀ, ਪੰਜਾਬ ਦਾ ਦਿਲ ਏ ਗੁਰੂ। ਗੁਰੂਆਂ ਨੂੰ ਮਾਮੂਲੀ ਨਾ ਸਮਝੋ। ਗੁਰੂ ਰੱਬ ਹਨ। ਗੁਰੂ ਈਮਾਨ ਹਨ, ਗੁਰੂ ਇਸ਼ਟ ਹਨ, ਗੁਰੂ ਦੇਵਤੇ ਹਨ ਗੁਰੂ ਕਿਸੇ ਧਰਮ ਨੂੰ ਨਿੰਦਦੇ ਨਹੀਂ ਹਨ। ਗੁਰੂ ਤੇ ਆਖਦੇ ਹਨ ਕਿ ਤੁਸੀਂ ਇਕੋ ਰੱਬ ਦੇ ਬੰਦੇ ਹੋ, ਇਕੋ ਹੀ ਔਲਾਦ ਹੋ, ਤੇ ਫੇਰ ਵੈਰ ਵਿਰੋਧ ਕਿਉਂ। ਤੁਹਾਡੀ ਖ਼ੁਰਾਕ, ਸੁਭਾਅ ਖਾਣ ਪੀਣ ਸਭ ਇਕ ਹਨ। ਧਰਮ ਵਿਚ ਅੜਚਣ ਏ। ਕੋਈ ਗਲ ਨਹੀਂ ਤੁਸੀਂ ਇਸਲਾਮ ਨੂੰ ਕਬੂਲੋ ਕੋਈ ਹਰਜ ਨਹੀਂ, ਮੂਰਤੀ ਪੂਜਦੇ ਹੋ ਪੂਜੋ। ਅਸਾਂ ਕੀ ਲੈਣਾ ਏ। ਪਰ ਗਲ ਇਕ ਜਗ੍ਹਾ ਤੇ ਆਣ ਕੇ ਰੁਕ ਜਾਂਦੀ ਏ। ਰੱਬ ਇਕ ਏ। ਉਹਦਾ ਕੋਈ ਵਜੂਦ ਨਹੀਂ। ਉਹਦੀ ਕੋਈ ਸ਼ਕਲ ਨਹੀਂ, ਕੋਈ ਸੂਰਤ ਨਹੀਂ। ਕਿਸੇ ਨੇ ਰੱਬ ਦੇ ਦਰਸ਼ਨ ਨਹੀਂ ਕੀਤੇ। ਪਰ ਰੱਬ ਹੈ। ਗੁਰੂ ਆਖਦੇ ਹਨ ਕਿ ਤੁਸੀਂ ਸਿਰਫ ਸਿਮਰਨ ਕਰੋ। ਸਿਰਫ ਇਕ ਦੋ ਛਿਨ। ਇਕ ਵਾਰ ਤਾਰ ਹਿਲਾਓ। ਤਾਰ ਹਿਲੇਗੀ ਉਹ ਬੜਾ ਸ਼ਕਤੀਮਾਨ ਏ।

ਅਸੀਂ ਸਾਰੇ ਭਰਾ ਹਾਂ। ਸਾਡਾ ਸਾਰਿਆਂ ਦਾ ਉਦੇਸ਼ ਏ ਕਿ ਅਸੀਂ ਆਪਣੀ ਆਪਣੀ ਮਰਜ਼ੀ ਨਾਲ ਜੀਵੀਏ। ਧਰਮ ਸਾਡਾ ਕੋਈ ਵੀ ਕਿਉਂ ਨਾ ਹੋਵੇ। ਪੰਜਾਬੀ ਪੰਜਾਬ ਦੇ ਮਾਲਕ ਹਨ। ਪੰਜਾਬ ਵਿਚ ਜਿਹੜੀ ਆਵਾਜ਼ ਗੂਜ ਰਹੀ ਏ, ਉਹਦਾ ਅਸਰ ਤੇ ਕਬੂਲਣਾ ਪਊ। ਗੁਰੂਆਂ ਦੇ ਸਿਧੇ ਰਾਹ ਹਨ, ਬੰਦਾ ਛੇਤੀ ਸਮਝ ਜਾਂਦਾ ਏ। ਸਾਡਾ ਇਸਲਾਮ ਸਾਨੂੰ ਮੌਲਵੀ ਸਮਝਾਉਂਦੇ ਹਨ। ਇਸਲਾਮ ਨੂੰ ਅਸੀਂ ਕਬੂਲਾਂਗੇ। ਪਰ ਹਿੰਦੁਸਤਾਨ ਦੇ ਸੁਭਾਅ ਦੇ ਮਾਲਕ ਗੁਰੂਆਂ ਦੀ ਗਲ ਛੇਤੀ ਸਮਝ ਵਿਚ ਆ ਜਾਂਦੀ ਏ।

ਇਕ ਵਾਰੀ ਸਿੱਖਾਂ ਪੁਛਿਆ, ਪਾਤਸ਼ਾਹ, ਪਾਠ ਤੇ ਨਿਤ ਨੇਮ ਕਰਦੇ ਹਾਂ ਪਰ ਕਈ ਤੁਕਾਂ ਦੀ ਸੋਝੀ ਨਹੀਂ ਪੈਂਦੀ, ਕੀ ਐਸੇ ਪਾਠ ਦਾ ਕੋਈ ਲਾਭ ਏ?

ਜਵਾਬ ਉਸੇ ਵੇਲੇ ਨਾ ਦਿਤਾ, ਆਖਿਆ ਸਚੇ ਪਾਤਸ਼ਾਹ ਨੇ, ਕਲ ਸਹੀ।

ਇਹਦਾ ਉਤਰ ਇਥੇ ਨਹੀਂ, ਸਗੋਂ ਇਹਦਾ ਜਵਾਬ ਬਾਹਰ ਏ।

ਸਵਾਲ ਕਰਨ ਵਾਲਿਆਂ ਮਹਿਸੂਸ ਕੀਤਾ ਕਿ ਅਗੇ ਤੇ ਜਵਾਬ ਉਸੇ ਵੇਲੇ ਮਿਲ ਜਾਂਦਾ ਸੀ ਪਰ ਇਹਦੇ ਵਿਚ ਕੋਈ ਸਮੱਸਿਆ ਲੁਕੀ ਹੋਈ ਨਹੀਂ, ਸਿਧਾ ਸਾਦਾ ਸਵਾਲ ਸੀ, ਪਤਾ ਨਹੀਂ ਸਤਿਗੁਰਾਂ ਦੇ ਮਨ ਵਿਚ ਕੀ ਵਿਚਾਰ ਆਇਆ ਏ।

ਕਈ ਵੇਰਾਂ ਮਾਮੂਲੀ ਜਿਹੀਆਂ ਗਲਾਂ ਵੀ ਮੁਸ਼ਕਲ ਬਣ ਜਾਂਦੀਆਂ ਨੇ। ਜਵਾਬ ਤੇ ਤਾਂ ਹੀ ਚੰਗਾ ਏ ਜੇ ਅਗਲੇ ਦੀ ਸਮਝ ਵਿਚ ਆ ਜਾਵੇ। ਵਰਨਾ ਜ਼ਬਾਨੀ ਗਲ ਬਾਤ ਕਈ ਵੇਰਾਂ ਸਮਝ ਵਿਚ ਨਹੀਂ ਪੈਂਦੀ।

ਅਗਲੇ ਦਿਨ ਉਨ੍ਹਾਂ ਸਿੱਖਾਂ ਨੂੰ ਨਾਲ ਲਿਆ ਤੇ ਸ਼ਿਕਾਰ ਦਾ ਬਹਾਨਾ ਬਣਾ ਲਿਆ।

ਘੋੜੇ ਦਾ ਮੂੰਹ ਮੋੜਿਆ, ਇਕ ਢੱਠਾ ਜਿਹਾ ਪਿੰਡ ਸੀ। ਰੂੜੀਆਂ ਦੇ ਢੇਰ ਲਗੇ ਹੋਏ ਸਨ। ਘੋੜੇ ਨੂੰ ਥੰਮਿਆ।

ਆਓ ਭਾਈ ਤੁਹਾਡੇ ਸਵਾਲ ਦਾ ਜਵਾਬ ਦੇਈਏ।

—ਗਲੀਆਂ ਵਲ ਇਸ਼ਾਰਾ ਕਰਦੇ ਹੋਏ ਆਖਿਆ ਉਹ ਵੇਖੋ ਠੀਕਰੀਆਂ, ਟੁਟੀ ਹੋਈ ਚਾਟੀ

ਦੀਆਂ ਜਾਂ ਮਿੱਟੀ ਦੀ ਮਘੀ ਦੀਆਂ। ਧੁਪ ਦੀਆਂ ਕਿਰਨਾਂ ਪੈ ਰਹੀਆਂ ਹਨ ਨਾ। ਉਨ੍ਹਾਂ ਠੀਕਰੀਆਂ ਤੇ, ਤੇ ਉਹ ਲਿਸ਼ਕ ਰਹੀਆਂ ਹਨ—'ਰਵ ਤੇਜ ਚਿਕਨਤਾ ਨਿਕਸਤ ਭਈ'।

—ਧੁੱਪ ਦੀ ਗਰਮੀ ਨੇ ਠੀਕਰੀਆਂ ਦੇ ਅੰਦਰ ਥੰਧਿਆਈ ਜਿਹੜੀ ਉਨ੍ਹਾਂ ਅੰਦਰ ਲੁਕੀ ਹੋਈ ਸੀ ਬਾਹਰ ਲੈ ਆਂਦੀ ਏ। ਇਹ ਠੀਕਰੀ ਉਸ ਕੁਨਾਲੀ ਦੀ ਏ ਜਿਹਦੇ ਵਿਚ ਘਰ ਦੀ ਰਕਾਨਣ ਨੇ ਘਿਉ ਇਕੱਠਾ ਕੀਤਾ ਹੋਇਆ ਸੀ। ਇਸ ਠੀਕਰੀ ਦੇ ਅੰਗ ਅੰਗ ਵਿਚ, ਕਣ, ਕਣ ਵਿਚ ਚਿਕਨਾਈ ਸਮਾ ਗਈ ਏ। ਇਹ ਹੈ ਭਾਵੇਂ ਟੁਟੀ ਹੋਈ ਪਰ ਅਸਰ ਫੇਰ ਵੀ ਵਿਖਾ ਰਹੀ ਏ। ਇਹਦੇ ਅੰਦਰ ਦਾ ਗੁਣ ਬਾਹਰ ਆ ਗਿਆ ਏ।

ਗੁਰਾਂ ਫੇਰ ਫੁਰਮਾਇਆ, ਜਿਹੜੇ ਰੱਜ਼ ਨਿਸਚੇ ਨਾਲ ਬਿਨਾਂ ਨਾਗਾ ਪਾਠ ਕਰਦੇ ਹਨ; ਉਨ੍ਹਾਂ ਵਿਚ ਬਾਣੀ ਸਮਾ ਜਾਂਦੀ ਏ। ਤੇ ਉਹ ਸਹਿਜੇ ਸਹਿਜੇ ਬਾਣੀ ਤੇ ਉਹ ਵੀ ਬਾਣੀ ਦਾ ਰੂਪ ਹੋ ਜਾਂਦੇ ਹਨ। ਬਾਣੀ ਜੋ ਅਥਾਹ ਤੇ ਅਗਾਧ ਹੈ। ਉਹ ਉਸ ਨੂੰ ਤਾਂਹੀਏਂ ਪਾ ਨਹੀਂ ਸਕਦੇ ਪਰ ਜੀਵਨ ਨੂੰ ਬਾਣੀ ਵਾਂਗ ਢਾਲ ਲੈਂਦੇ ਹਨ—ਅਨੁਭਵ ਖੁਲ੍ਹ ਜਾਂਦੇ ਹਨ। ਸਮਾਂ ਆਉਣ ਤੇ ਜਦ ਕੋਈ ਬਿਪਤਾ ਆਈ ਵੀ ਤਾਂ ਬਾਣੀ ਸਹਾਰਾ ਬਾਹਰ ਆਣ ਖਲੋਂਦੀ ਏ, ਸਹਾਇਤਾ ਕਰਦੀ ਏ—

"ਜਿਉ ਠੀਕਰੀ ਮਹਿ ਚਿਕਨਤਾ ਰਹੀ, ਤਿਨ ਬਾਨੀ ਕੇ ਗੁਨ ਘੱਟ ਮੇ ਅਹੀ।
ਜੋ ਪਾਠ ਸਾਧਾਰਨ ਮੁੱਖ ਪੜੇ, ਧਾਰ ਪ੍ਰੇਮ ਮਨ ਕੋਇ।
ਗੁਰਬਾਨੀ ਪਾਠ ਪ੍ਰਤਾਪ ਏ, ਤਾ ਕੀ ਇਹ ਗਤਿ ਹੋਇ।

ਗੁਰਬਾਣੀ ਇਸ ਜਗ ਵਿਚ ਚਾਨਣ ਹੈ। ਭਉ ਸਾਗਰ ਤੋਂ ਪਾਰ ਕਰਨ ਲਈ ਜਹਾਜ਼ ਬਣਾਇਆ ਹੈ। ਬਾਣੀ ਤੇ ਵੇਦ ਦਾ ਫਰਕ ਵੀ ਸਮਝਾਇਆ ਹੈ। ਵੇਦ ਦੀ ਉਤਪਤੀ ਵਿਦਿਆ ਤੋਂ ਹੋਈ ਏ। ਵੇਦ ਦੀ ਬਾਣੀ ਵਿਚ ਮਨ ਭਿਜਦਾ ਨਹੀਂ, ਤਰਕ ਵਿਚ ਜਾਂਦਾ ਏ, ਦਲੀਲ ਢੂੰਡਦਾ ਏ।

ਗੁਰਾਂ ਨੇ ਜ਼ਰਾ ਠਰ੍ਹੰਮੇ ਨਾਲ ਫੇਰ ਸਮਝਾਇਆ, ਬਾਣੀ ਤੇ ਮਨ ਭਿਜਦਾ ਏ। ਬਾਣੀ ਭਗਤਾਂ ਤੋਂ ਉਤਪਤ ਹੋਈ ਏ। ਭਗਤ ਤੇ ਪਰਮੇਸ਼ਵਰ ਵਿਚ ਕੋਈ ਫਰਕ ਨਹੀਂ, ਕੋਈ ਭੇਦ ਨਹੀਂ, ਇਕੋ ਰੂਪ ਹਨ। ਜੋ ਭਗਤਾਂ ਦੇ ਮੁਖ ਤੋਂ ਨਿਕਲਿਆ ਏ, ਉਹੀ ਪਰਮੇਸ਼ਵਰ ਦੇ ਵਾਕ ਹਨ। ਭਗਤ ਦੀ ਬਿਮਲ ਮਤ ਹੈ। ਜੋ ਕੁਛ ਉਹ ਬੋਲਦੇ ਹਨ, ਅਗਾਧ ਬੋਲਦੇ ਹਨ। ਉਨ੍ਹਾਂ ਬਚਨਾਂ ਤੇ ਪ੍ਰਮਾਤਮਾ ਦੀ ਕਿਰਪਾ ਹੈ। ਸਤਿ ਬਚਨ ਤੇ ਹੀ ਮਨ ਭਿਜਦਾ ਏ। ਮਨ ਕੀਲਿਆ ਜਾਂਦਾ ਹੈ। ਭਗਤਾਂ ਦੇ ਬਚਨ ਪ੍ਰਮਾਤਮਾ ਨੂੰ ਵੀ ਚੰਗੇ ਲਗਦੇ ਹਨ ਅਤੇ ਪ੍ਰਮੇਸ਼ਵਰ ਇਸੇ ਬਾਣੀ ਵਸ ਵਿਚ ਆਉਂਦਾ ਹੈ। ਬਾਣੀ ਸਮਝ ਵਿਚ ਆਉਂਦੀ ਏ ਤੇ ਉਹਦਾ ਅਸਰ ਆਤਮਾ ਤਕ ਹੁੰਦਾ ਹੈ।

ਗੁਰੂ ਅੰਗਦ ਦੇਵ ਦਾ ਫੁਰਮਾਨ ਏ—
"ਕਥਾ ਕਹਾਣੀ ਬੇਦੀਆਣੀ, ਪਾਪ ਪੁੰਨ ਵੀਚਾਰ।"

ਰਲ ਕੇ ਪੜ੍ਹੋ ਬਾਣੀ, ਆਨੰਦ ਆਵੇ। ਸੁਰੀਲੇ ਬੋਲਾਂ ਵਿਚ ਬੋਲੀ ਰਬੀ ਬਾਣੀ ਦੀ ਮਹਿਮਾ ਪ੍ਰਗਟ ਹੋ ਜਾਂਦੀ ਏ।

ਬਾਣੀ ਅੰਮ੍ਰਿਤ ਦੀ ਫੁਵਾਰ ਏ। ਅੰਮ੍ਰਿਤ ਵਿਚ ਗੁੜੀ ਹੋਈ ਏ।
ਇਹਦੇ ਵਿਚੋਂ ਅੰਮ੍ਰਿਤ ਦੇ ਘੁਟਾਂ ਦੇ ਸਵਾਦ ਆਉਂਦੇ ਹਨ।

ਜਿਸ ਬਾਣੀ ਪੜ੍ਹੀ ਇਕ ਟੱਕ ਹੋ ਕੇ ਉਹਦੀ ਸੁਰਤ ਉਚੀ ਹੋ ਗਈ। ਹਉਮੈ ਦੂਰ ਹੋਈ ਪੜ੍ਹਨ ਵਾਲਾ ਤੇ ਵਿਚਾਰਨ ਵਾਲਾ ਰੱਬ ਦਾ ਰੂਪ ਹੋ ਗਿਆ।

ਬਾਣੀ ਗੁਰੂ ਜੀਵਨ ਸਫਲ ਹੋਵੇ। ਕਾਇਆ ਨਿਰੋਈ। ਮਨ ਮੁਨੱਵਰ ਹੋਵੇ ਉਜਲਾ, ਬੁਧੀ ਵਿਚ ਤੀਖਣਤਾ ਆਵੇ। ਸੁਭਾਅ ਵਿਚ ਨਿਮਰਤਾ ਆਵੇ। ਇਹ ਸਾਰੇ ਗੁਣ ਆਪੇ ਹੀ ਆ ਜਾਂਦੇ ਹਨ। ਜਿਸ ਤਰ੍ਹਾਂ ਧੂਪ, ਥਿੰਦੀ ਠੀਕਰੀ ਵਿਚੋਂ ਘਿਉ ਉਜਾਗਰ ਕਰ ਦਿੰਦੀ ਏ, ਏਸੇ ਤਰ੍ਹਾਂ ਬਾਣੀ ਬੰਦੇ ਦੀ ਆਤਮਾ ਵਿਚ ਇੰਜ ਸਮਾ ਜਾਂਦੀ ਹੈ ਜਿਵੇਂ ਠੀਕਰੀ ਘਿਉ ਨੂੰ।

□

੫੭

ਰਾਤ ਅੱਧੀ

ਅੱਧੀ ਰਾਤ ਲੰਘ ਚੁਕੀ ਸੀ, ਸਾਰਾ ਜਹਾਨ ਘੂਕ ਸੁਤਾ ਪਿਆ ਸੀ। ਇਉਂ ਜਾਪਦਾ ਸੀ ਜਿਵੇਂ ਭਗਵਾਨ ਨੂੰ ਵੀ ਨੀਂਦ ਆ ਗਈ ਹੋਵੇ। ਕਿਤੇ ਚਿੜੀ ਦੀ ਆਵਾਜ਼ ਨਹੀਂ ਸੀ ਸੁਣਾਈ ਦਿੰਦੀ। ਹਾਂ, ਹਾਂ, ਕਿਤੇ ਪਹਿਰੇਦਾਰ ਹਉਕਾ ਦੇਂਦਾ, ਜਾਗਦੇ ਰਹਿਣਾ, ਇਹ ਉਹਦਾ ਫ਼ਰਜ਼ ਏ। ਬੰਦੇ ਜਾਗ, ਜੇ ਤੂੰ ਸੌਣਾ ਈ ਏ ਤਾਂ ਸੁਤਿਆਂ ਹੀ ਤੇ ਸਭ ਕੁਝ ਖੁਹਾ ਬਹੇਂਗਾ। ਸੰਨ੍ਹ ਲਾ ਦਿੰਦੇ ਹਨ ਚੋਰ। ਸਾਰੀ ਜ਼ਿੰਦਗੀ ਦੀ ਕਮਾਈ ਇਕੋ ਰਾਤ ਵਿਚ ਸਾਫ ਕਰ ਜਾਂਦੇ ਹਨ। ਅਧੀ ਰਾਤ ਤੇ ਸੌਂ ਲਿਆ ਈ, ਹੁਣ ਤੇ ਜਾਗ।

ਮੇਰੀ ਆਵਾਜ਼ ਨਹੀਂ ਸੁਣ ਰਿਹਾ, ਭਲਿਆ ਲੋਕਾ ਤਾਂ ਘੜਿਆਲ ਦੀ ਆਵਾਜ਼ ਤੇ ਸੁਣ। ਘੜਿਆਲ ਡੰਕੇ ਦੀ ਚੋਟ ਨਾਲ ਆਖ ਰਿਹਾ ਏ। ਵੇਲਾ ਲੰਘ ਰਿਹਾ ਈ, ਜਾਗ ਤੇ ਕੁਝ ਕਮਾਈ ਕਰ ਲੈ। ਇਹੋ ਹੀ ਤੇਰੇ ਨਾਲ ਜਾਣੀ ਏ।

ਪਹਿਰੇਦਾਰ ਦੀ ਆਵਾਜ਼ ਤੇ ਲੋਕ ਰੋਜ਼ ਸੁਣਦੇ ਹਨ। ਘੜਿਆਲ ਵੀ ਰੋਜ਼ ਵਜਦੇ ਹਨ। ਕੰਨ ਵਿਚ ਘੇਸਲ ਮਾਰ ਲੋਕ ਸੁਤੇ ਰਹਿੰਦੇ ਹਨ।

ਇਕ ਦਿਨ ਅਚਾਨਕ ਬਾਣੀ ਦੇ ਰਸੀਏ ਜੋਟੀਆਂ ਦੇ ਸ਼ਬਦ ਪੜ੍ਹਦੇ, ਵਕਤ ਤੋਂ ਪਹਿਲਾਂ ਹੀ ਉਠ ਬੈਠੇ। ਮਗਨ ਸਨ ਤੇ ਉਚੀ ਉਚੀ ਸ਼ਬਦ ਪੜ੍ਹ ਰਹੇ ਸਨ। ਇਕ ਨੇ ਆਖਿਆ ਚਲੋ ਪ੍ਰਭਾਤ ਫੇਰੀ ਕਰ ਲਈ ਜਾਏ। ਫੇਰ ਉਨ੍ਹਾਂ ਬਾਣੀ ਦੇ ਆਸ਼ਕਾਂ ਨੂੰ ਇਹ ਗਲ ਚੇਤੇ ਹੀ ਨਾ ਰਹੀ। ਕਿ ਅਜੇ ਰਾਤ ਦਾ ਲੱਕ ਵੀ ਨਹੀਂ ਟੁੱਟਾ ਸਵੇਰ ਦੀ ਫੁਹਾਰ ਫੁਟਣ ਵਿਚ ਦੇਰ ਏ। ਕਿਸੇ ਨੂੰ ਵਕਤ ਹੀ ਪੁਛ ਲਈਏ।

ਚੌਕੀ ਜਾ ਲਾਈ ਸ਼ੀਸ਼ ਮਹੱਲਾਂ ਦੇ ਥੱਲੇ ਤੇ ਜੋਟੀਆਂ ਦੇ ਸ਼ਬਦ ਪੜ੍ਹਨੇ ਸ਼ੁਰੂ ਕਰ ਦਿਤੇ। ਆਵਾਜ਼ ਸੁਰੀਲੀ ਸੀ ਮਿੱਠੀ ਸੀ, ਸੋਜ਼ ਸੀ। ਵਜਦ ਵਿਚ ਆਪਣੇ ਆਪਣੀ ਧੁਨ ਵਿਚ ਸ਼ਬਦ ਪੜ੍ਹ ਰਹੇ ਸਨ। ਆਵਾਜ਼ ਜ਼ਰਾ ਜ਼ਰੂਰਤ ਤੋਂ ਉਚੀ ਸੀ। ਅੱਖ ਖੁਲ੍ਹੀ ਸਤਿਗੁਰਾਂ ਵੇਖਿਆ। ਸੰਗਤ ਸ਼ਬਦ ਪੜ੍ਹ ਰਹੀ ਏ। ਦਿਨ ਚੜ੍ਹ ਪਿਆ ਏ ਤੇ ਅਸੀਂ ਸੁਤੇ ਹੀ ਪਏ ਹਾਂ। ਸਾਡੀ ਅੱਖ ਹੀ ਨਹੀਂ ਖੁਲ੍ਹੀ ਉਸੇ ਵੇਲੇ ਮੰਜਾ ਤਿਆਗ ਦਿਤਾ।

ਗੁਰੂ ਕਾਹਲੀ ਵਿਚ ਸਨ, ਸ਼ਮਾ ਜਲ ਰਹੀ ਸੀ ਪਰ ਰੌਸ਼ਨੀ ਮੱਧਮ ਸੀ। ਮੰਜੀ ਦਾ ਪਾਹਵਾ ਲਗਾ ਤੇ ਲਹੂ ਲੁਹਾਨ ਹੋ ਗਿਆ ਗੋਡਾ। ਖ਼ਿਆਲ ਨਹੀਂ ਸੀ ਕੀਤਾ ਪਰ ਲਹੂ ਸਿੰਮ ਰਿਹਾ

ਸੀ। ਕਪੜੇ ਲਹੂ ਵਿਚ ਗੜੁਚ ਸਨ। ਪਰ ਗੁਰਾਂ ਨੂੰ ਪਤਾ ਹੀ ਨਾ ਲਗਾ । ਝਟ ਥੱਲੇ ਆ ਗਏ। ਸੰਗਤ ਵਿਚ ਰਲ ਕੇ ਸ਼ਬਦ ਪੜ੍ਹਨ ਲਗ ਪਏ।

ਇਕ ਸੇਵਕ ਨੇ ਵੇਖਿਆ ਗੁਰਾਂ ਦੇ ਕਪੜੇ ਲਹੂ ਨਾਲ ਲਾਲੋ ਲਾਲ ਹਨ, ਕੀ ਕਾਰਨ ਹੈ?

—ਅਰਜ਼ ਕੀਤੀ, ਇਹ ਲਹੂ, ਇਹ ਸੱਟ ਕਿਦਾਂ ਲਗੀ ਸਤਿਗੁਰ?

—ਸੱਟ ਤੇ ਨਹੀਂ ਲਗੀ। ਸਾਨੂੰ ਤੇ ਪਤਾ ਨਹੀਂ, ਪਰ ਲਹੂ ਕਿਥੋਂ ਆ ਗਿਆ।

—ਕਪੜਾ ਚੁਕ ਕੇ ਵੇਖਿਆ, ਗੋਡਾ ਪੱਛਿਆ ਹੋਇਆ ਸੀ ਚੰਗਾ ਲਹੂ ਸਿੰਮ ਰਿਹਾ ਸੀ।

—ਸਤਿਗੁਰ ਏਨੀ ਕਾਹਲੀ ਕਾਹਦੀ ਸੀ, ਧੀਰਜ ਨਾਲ ਉਠਣਾ ਸੀ।

—ਬਾਣੀ ਗੁਰੂ ਦੇ ਸਿੰਘ ਪੜ੍ਹ ਰਹੇ ਸਨ, ਬਾਣੀ ਪੜ੍ਹੀ ਜਾ ਰਹੀ ਹੋਵੇ ਤੇ ਮੈਂ ਸੁਤਾ ਰਵਾਂ। ਇਹ ਬਾਣੀ ਦਾ ਨਿਰਾਦਰ ਏ।

—ਇਹ ਸ਼ਬਦ ਵੀ ਤੁਹਾਡੇ ਹਨ ਤੇ ਬਾਣੀ ਵੀ ਤੁਹਾਡੀ ਏ। ਗੁਰੂ ਗ੍ਰੰਥ ਸਾਹਿਬ ਵੀ ਆਪ ਜੀ ਦਾ ਹੈ। ਫੇਰ ਏਨੀ ਕਾਹਲੀ ਦੀ ਕੀ ਲੋੜ ਸੀ।

—ਗੁਰਾਂ ਫੁਰਮਾਇਆ, ਬਾਣੀ ਦਾ ਅਦਬ ਕਰਨਾ ਅਤੀ ਜ਼ਰੂਰੀ ਏ। ਸੰਸਾਰ ਜੋ ਅੱਗ ਦਾ ਸਮੁੰਦਰ ਏ ਪਾਰ ਕਰਨ ਲਈ ਬੇੜੀ ਏ ਬਾਣੀ। ਤ੍ਰਿਸ਼ਨਾ ਰੂਪੀ ਹਿਰਨੀ ਨੂੰ ਮਾਰਨ ਲਈ ਸ਼ੇਰਨੀ ਏ ਬਾਣੀ। ਬਾਣੀ ਇਕ ਜਹਾਜ਼ ਏ, ਜੋ ਬਾਣੀ ਪੜ੍ਹੇ, ਉਸਦਾ ਪਾਰ ਉਤਾਰਾ ਹੋ ਜਾਂਦਾ ਏ।

—ਤੁਸੀਂ ਅਧੀ ਰਾਤ ਬਾਣੀ ਪੜ੍ਹਦੇ ਆ ਗਏ ਹੋ। ਬਾਣੀ ਨੂੰ ਸਤਿਕਾਰ ਦੇਣਾ ਸਿੱਖੀ ਦਾ ਪਹਿਲਾ ਧਰਮ ਏ।

ਜੋ ਸਿੱਖ ਗੁਰਬਾਣੀ ਤੇ ਕਰੇ, ਬਿਨ ਪ੍ਰਯਾਸ ਭਵ ਸਾਗਰ ਤਰੇ,
ਜਿਨ ਭੈ ਅਦਬ ਨ ਬਾਣੀ ਧਾਰਾ, ਜਾਨਹੁ ਸੋ ਸਿੱਖ ਨਹੀਂ ਹਮਾਰਾ।

—ਇਹ ਅਦਬ ਦਾ ਹੀ ਇਕ ਰਾਹ ਏ। ਪ੍ਰਭੂ ਤਕ ਪੁਜਣ ਦਾ ਇਕ ਰਸਤਾ ਏ। ਕਾਰਜ ਕਰਨ ਦੀ ਇਕ ਸਤਿ ਸੰਗਣੀ ਏ। ਭੈ ਬਿਨ ਭਗਤੀ ਨਹੀਂ। ਭਗਤੀ ਬਿਨ ਗਿਆਨ ਨਹੀਂ। ਗਿਆਨ ਬਿਨ ਸ਼ਕਤੀ ਨਹੀਂ। ਸ਼ਕਤੀ ਬਿਨ ਮੁਕਤੀ ਨਹੀਂ। ਮੁਕਤੀ ਬਿਨ ਆਨੰਦ ਨਹੀਂ ਆਨੰਦ ਬਿਨ ਪ੍ਰਭੂ ਰਸ ਨਹੀਂ। ਫੇਰ ਹੁਕਮ ਦਿਤਾ—

'ਜੇਤਾ ਅਦਬ ਕਰੀਏ, ਉਹ ਥੋੜ੍ਹਾ ਹੈ'

—ਇਹ ਨਿਜ ਸਰੂਪ ਹੈ, ਇਸ ਨੂੰ ਜਾਣਨ ਵਾਲਾ ਮੇਰੇ ਪਦ ਨੂੰ ਪ੍ਰਾਪਤ ਹੋਵੇਗਾ। ਬਾਣੀ ਪੜ੍ਹਨ ਵਾਲੇ, ਤਰਦੇ ਵੇਖੇ, ਮਥੇ ਟੇਕਣ ਵਾਲਿਆਂ ਨੂੰ ਕੁਝ ਨਾ ਲਭਾ, ਜਿਹਦਾ ਮਨ ਰੌਸ਼ਨ ਉਹਦਾ ਜਹਾਨ ਚਾਨਣ।

□

੫੮

ਰੋਗੀ

ਸਰੀਰ ਏ ਤਾਂ ਫੇਰ ਰੋਗ ਵੀ ਏ । ਜੇ ਸੁਖ ਏ ਤਾਂ ਫੇਰ ਦੁਖ ਵੀ ਏ । ਧੁਪ ਏ ਤਾਂ ਫੇਰ ਛਾਂ ਨੇ ਉਹਦੀ ਕੰਨੀ ਫੜਨੀ ਹੀ ਹੋਈ । ਜਿਨੂੰ ਜੀਣ ਦੀ ਆਸ਼ਾ ਏ ਤਾਂ ਉਹਨੂੰ ਮੌਤ ਦੀ ਕੰਨੀ ਵੀ ਫੜਨੀ ਚਾਹੀਦੀ ਏ । ਇਹ ਜ਼ਰੂਰੀ ਨਹੀਂ ਕਿ ਦੁਖ ਗਰੀਬ ਦੇ ਹਿਸੇ ਹੀ ਆਉਂਦੇ ਹਨ, ਬੀਮਾਰੀ ਸਿਰਫ ਗਰੀਬ ਨੂੰ ਹੀ ਆਉਂਦੀ ਏ ।

ਨਹੀਂ, ਇਹ ਬਿਲਕੁਲ ਨਹੀਂ, ਬੀਮਾਰੀ, ਦੁਖ, ਰੋਗ ਸਭ ਲਈ ਸਾਂਝੇ ਹਨ । ਰਾਜੇ ਵੀ ਬੜੇ ਦੁਖੀ ਹਨ । ਬੀਮਾਰੀ ਨੇ ਉਨ੍ਹਾਂ ਨੂੰ ਵੀ ਗ੍ਰਸਿਆ ਹੋਇਆ ਏ । ਰੋਗ ਸਭ ਨੂੰ ਆਉਂਦਾ ਏ ਤੇ ਕਸ਼ਟ ਸਭ ਨੂੰ ਝਲਣਾ ਪੈਂਦਾ ਏ । ਕੁਠਾਰ ਦੇ ਰਾਜੇ ਨੂੰ ਝੋਲੇ ਦੇ ਰੋਗ ਨੇ ਫੜ ਲਿਆ । ਇਕ ਵਾਰ ਤੇ ਤੌਬਾ ਬੁਲਾ ਦਿਤੀ । ਹਕੀਮ, ਵੈਦ ਆਪਣਾ ਆਪਣਾ ਜ਼ੋਰ ਲਾ ਥਕੇ । ਕੰਨ ਫੜੇ, ਇਹ ਸਾਡੇ ਵਸ ਦਾ ਰੋਗ ਨਹੀਂ ।

—ਤੁਸੀਂ ਫੇਰ ਹਕੀਮ ਕਾਹਦੇ ਹੋ, ਤਨਖਾਹ ਕਿਸ ਗਲ ਦੀ ਲੈਂਦਾ ਏ ਵੈਦ । ਆਖਣ ਲਗਾ ਕੁਠਾਰ ਦਾ ਰਾਜਾ ਰਣਜੀਤ ਦੇਵ ।

—ਅੰਨ ਦਾਤਾ ਇਹ ਕੁਦਰਤ ਦਾ ਰੋਗ ਏ । ਫੋੜਾ ਫਿਨਸੀ ਹੁੰਦੀ ਤਾਂ ਉਹਦੇ ਕਈ ਇਲਾਜ ਸਨ । ਕੋਈ ਸਪ ਠੂੰਹਾ ਲੜ ਜਾਂਦਾ ਤਾਂ ਉਹਦੇ ਕਈ ਉਪਾਅ ਸਨ ਪਰ ਇਹ ਰੋਗ ਹੀ ਕੋਈ ਨਿਰਾਲਾ ਏ । ਖੁਦਾਈ ਕਹਿਰ ਏ, ਦਵਾਈ ਅਸਰ ਹੀ ਨਹੀਂ ਕਰਦੀ ਹਿਕਮਤ ਜਵਾਬ ਦੇ ਗਏ ਈ, ਅਸੀਂ ਮਜਬੂਰ ਹਾਂ ।

—ਅੱਛਾ ਫੇਰ ਤੁਸੀਂ ਜਾਓ ਤੇ ਮੈਨੂੰ ਮੇਰੀ ਕਿਸਮਤ ਤੇ ਛਡ ਦਿਓ ।

—ਇਹ ਹਕੀਮ ਤੇ ਵੈਦ ਦੇ ਸ਼ਾਸਤਰ ਵਿਚ ਨਹੀਂ ਲਿਖਿਆ ਹੋਇਆ ਕਿ ਮਰੀਜ਼ ਨੂੰ ਉਹਦੀ ਮਰਜ਼ੀ ਤੇ ਛਡ ਦਿਤਾ ਜਾਵੇ । ਜਦ ਤਕ ਸਵਾਸ ਹਨ ਤਦ ਤਕ ਆਸ ਹੈ ।

—ਜਾਓ, ਨਿਕਲ ਜਾਓ, ਮੇਰੇ ਰਾਜ ਵਿਚੋਂ । ਮੇਰੇ ਝੋਲੇ ਦੇ ਰੋਗ ਦਾ ਤੁਹਾਡੇ ਕੋਲ ਕੋਈ ਇਲਾਜ ਨਹੀਂ ਤਾਂ ਫੇਰ ਏਥੇ ਤੁਸੀਂ ਰਹਿ ਕੇ ਕੀ ਲੈਣਾ ਏ ।

—ਅਸੀਂ ਸਾਰੇ ਅਹੁੜ ਪਹੁੜ ਕਰ ਚੁਕੇ ਹਾਂ, ਸਲਾਹ ਮਸ਼ਵਰਾ ਵੀ ਕੀਤਾ ਏ, ਦਿੱਲੀ ਦੇ ਸ਼ਾਹੀ ਹਕੀਮਾਂ ਨਾਲ । ਪਰ ਸਾਡੀ ਅਕਲ ਥੋਥੀ ਪੈ ਗਈ ਏ ।

—ਤੇ ਹੁਣ ਫੇਰ ਕੀ ਦਵਾਈ ਖਾਵਾਂ ।

—ਏਥੇ ਹੁਣ ਦਵਾਈ ਨੇ ਕੰਮ ਨਹੀਂ ਕਰਨਾ ।

—ਦੁਆ ਕੰਮ ਕਰੂ ਹੁਣ ਏਥੇ ।

ਫੇਰ ਕੀ ਸੀ, ਮਹਾਰਾਣੀ ਤੇ ਮਹਾਰਾਜ ਨੇ ਕੋਈ ਮੰਦਰ ਨਾ ਛਡਿਆ ਤੇ ਨਾ ਕੋਈ ਛਡੀ ਮੜੀ ਮਸਾਣੀ, ਨਾ ਕੋਈ ਮਕਬਰਾ । ਐਸਾ ਨਹੀਂ ਸੀ ਥਾਂ ਜਿਥੇ ਮਥਾ ਨਾ ਰਗੜਿਆ ਹੋਵੇ ਜਾ ਕੇ । ਪੀਰਾਂ ਫਕੀਰਾਂ ਦੀ ਸਰਦਲ ਤੇ ਜਾ ਕੇ ਸਿਰ ਝੁਕਾਇਆ ਪਰ ਕਿਤੋਂ ਖੈਰ ਹੀ ਨਾ ਪਈ । ਮਜਬੂਰ ਹੋ ਗਿਆ ਮਹਾਰਾਜ ।

—ਕੀ ਸਾਰੀ ਉਮਰ ਇਸ ਰੋਗ ਦੀ ਭੱਠੀ ਵਿਚ ਸੜਨਾ ਪਵੇਗਾ ।

—ਨਹੀਂ ਹਜ਼ੂਰ, ਮੈਂ ਇਕ ਅਰਜ਼ ਕਰਾਂ, ਮੈਂ ਗੁਰੂ ਦਾ ਸੇਵਕ ਹਾਂ ।

—ਹਾਂ, ਹਾਂ, ਬਈ ਬੋਲ। ਮੈਂ ਹਰ ਇਕ ਦੀਆਂ ਰੋਜ਼ ਗਲਾਂ ਸੁਣਨ ਦਾ ਆਦੀ ਹਾਂ।

—ਹਜ਼ੂਰ, ਇਕ ਵਾਰ, ਸਿਰਫ ਇਕ ਵਾਰ ਤੁਸੀਂ ਕੀਰਤਪੁਰ ਜਾਓ। ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਤੇ ਸਤਵੇਂ ਪਾਤਸ਼ਾਹ ਬਿਰਾਜਮਾਨ ਹਨ। ਇਕ ਵਾਰ, ਸਿਰਫ ਇਕ ਵਾਰ ਦਰਸ਼ਨ ਕਰ ਆਓ ਤੇ ਆਪਣਾ ਰੋਗ ਦਸੋ।

—ਇਹ ਰੋਗ ਮੇਰੀਆਂ ਹੱਡੀਆਂ ਗਾਲ਼ ਕੇ ਹੀ ਸਾਹ ਲਊ। ਦਵਾਵਾਂ ਨੇ ਇਹਦੇ ਤੇ ਕੋਈ ਅਸਰ ਨਹੀਂ ਕੀਤਾ।

—ਮਹਾਰਾਜ, ਮੈਂ ਫੇਰ ਅਰਜ਼ ਕਰਦਾ ਹਾਂ, ਹਜ਼ੂਰ ਸਤਵੇਂ ਪਾਤਸ਼ਾਹ ਦੇ ਪਾਸ ਇਕ ਬਹੁਤ ਵਡਾ ਦਵਾਖਾਨਾ ਹੈ, ਤੁਸਾਂ ਨਹੀਂ ਸੁਣਿਆ, ਕਿ ਦਾਰਾ ਸ਼ਿਕੋਹ ਦਾ ਇਲਾਜ ਹਜ਼ੂਰ ਦੀ ਦਵਾਈ ਨਾਲ ਹੀ ਹੋਇਆ ਸੀ: ਕੀ ਸ਼ਹਿਨਸ਼ਾਹ ਕੋਲ ਹਕੀਮਾਂ ਦਾ ਘਾਟਾ ਸੀ ਜਾਂ ਦਵਾਈਆਂ ਦਾ ਘਾਟਾ ਸੀ।

—ਦਵਾ ਵੀ ਅਸਰ ਕਰਦੀ ਏ, ਪਰ ਜੇ ਉਹਦੇ ਨਾਲ ਬਜ਼ੁਰਗਾਂ ਦੀ ਦੁਆ ਵੀ ਮਿਲ ਜਾਵੇ ਤਾਂ ਫੇਰ ਸੋਨੇ ਤੇ ਸੁਹਾਗੇ ਦਾ ਕੰਮ ਬਣ ਜਾਂਦਾ ਏ।

—ਚੰਗਾ ਭਈ, ਇਹ ਦਰਿਆ ਵੀ ਟਪ ਕੇ ਵੇਖ ਲੈਂਦੇ ਹਾਂ। ਅਗੇ ਤਾਂ ਛੱਤੀ ਪਤਣ ਤਰ ਕੇ ਵੇਖੇ ਹਨ।

ਜਾ ਮੱਥਾ ਟੇਕਿਆ, ਮਹਾਰਾਜ ਤੇ ਮਹਾਰਾਣੀ ਨੇ। ਹੱਥ ਜੋੜੇ ਤੇ ਅਰਜ਼ ਕੀਤੀ। ਮਹਾਰਾਣੀ ਨੇ ਝੋਲੀ ਅਡੀ ਹੋਈ ਸੀ। ਸਤਿਗੁਰ ਮੇਰੇ ਪਤੀ ਤੇ ਮਿਹਰ ਕਰੋ।

ਝੋਲੇ ਦੇ ਰੋਗ ਨੇ ਰਾਜੇ ਦਾ ਅੰਦਰ ਖੋਖਲਾ ਕਰ ਦਿਤਾ। ਬਹੁਤ ਦੁਖੀ ਸਨ ਮਹਾਰਾਜ।

—ਧੀਰਜ ਕਰੋ, ਪਹਿਲਾਂ ਲੰਗਰ ਵਿਚ ਪ੍ਰਸ਼ਾਦ ਛਕੋ ਤੇ ਫੇਰ ਆ ਕੇ ਦਵਾਈ ਖਾਓ। ਮਿਹਰ ਦਾ ਹੱਥ ਧਰਿਆ, ਬਖਸ਼ਸ਼ ਕੀਤੀ। ਸਤਿਨਾਮ ਦਾ ਉਚਾਰਨ ਕਰਨ ਲਈ ਕਿਹਾ।

ਮਾਲਾ ਮਹਾਰਾਜ ਨੇ ਵੀ ਫੜ ਲਈ। ਦਵਾਈ ਵੀ ਖਾਧੀ ਤੇ ਸਤਿਨਾਮ ਸਤਿਨਾਮ ਦੀ ਮਾਲਾ ਵੀ ਫੇਰੀ।

ਸਭ ਤੋਂ ਵਡੀ ਕਮਾਈ ਮਹਾਰਾਣੀ ਨੇ ਕੀਤੀ। ਸਾਰੀ ਦਿਹਾੜੀ ਲੰਗਰ ਦੇ ਜੂਠੇ ਬਰਤਨ ਮਾਂਜੇ ਜਿਨੇ ਕਦੀ ਸਾਰੀ ਹਯਾਤੀ ਵਿਚ ਜੂਠੀ ਕੌਲੀ ਨਹੀਂ ਸੀ ਛੋਹੀ। ਪਾਣੀ ਪਿਆਇਆ ਸੰਗਤ ਨੂੰ।

ਮਹਾਰਾਣੀ ਮਗਨ ਸੀ, ਗੁਟ ਸੀ ਲਗਨ ਵਿਚ। ਝੋਲੇ ਦਾ ਰੋਗ ਝੋਲੀ ਵਿਚ ਪਾ ਲਿਆ। ਮਹਾਰਾਜ ਨੌ ਬਰ ਨੌ ਹੋ ਗਏ।

ਮਹਾਰਾਣੀ ਨੇ ਇਥੇ ਹੀ ਬਸ ਨਾ ਕੀਤੀ। ਸਿਰ ਝੁਕਾਇਆ ਸੀ ਇਕ ਬਖਸ਼ਸ਼ ਹੋਰ ਲੈ ਕੇ ਝੋਲੀ ਸਖਣੀ ਸੀ। ਘਰ ਵਿਚ ਬਾਲ ਨਹੀਂ ਸੀ। ਰੌਸ਼ਨੀ ਕਾਹਦੇ ਨਾਲ ਹੋਵੇ। ਪੁਤ ਦੀ ਦਾਤ ਵੀ ਦਿਓ ਮਹਾਰਾਜ। ਸਿਦਕ, ਅਕੀਦਾ, ਨਿਮਰਤਾ ਤੇ ਵਿਸ਼ਵਾਸ ਜੋ ਚਾਹੇ ਲੈ ਸਕਦਾ ਹੈ। ਦੌਲਤ ਨਾਲ ਕੋਈ ਚੀਜ਼ ਖਰੀਦੀ ਨਹੀਂ ਜਾਂਦੀ।

ਦੁਆ ਫਕੀਰਾਂ, ਰਹਿਮ ਅੱਲਾ। ਇਕ ਆਵਾਜ਼ਾ ਸੀ ਸੂਫੀ ਫਕੀਰ ਦਾ।

□

੧੧
ਪੋਖਿ

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ।
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ।
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ।
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ।
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ।
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹਿ ।
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ।
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ।
ਪੋਖੁ ਸੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ।

੫੯
ਜੱਥਾ

ਤਿਆਰ-ਬਰ-ਤਿਆਰ ਘੋੜ ਸਵਾਰ ਅਗ-ਅੱਗੇ ਸਨ ਤੇ ਪਿੱਛੇ-ਪਿੱਛੇ ਵੀ ਸਵਾਰਾਂ ਦੀ ਘਾਟ ਨਹੀਂ ਸੀ ਤੇ ਵਿਚਕਾਰ ਸੀ ਸ਼ਿੰਗਾਰਿਆ ਹੋਇਆ ਇਕ ਹਾਥੀ। ਹਾਥੀ ਦੀ ਅਮਾਰੀ ਡਲ੍ਹ-ਡਲ੍ਹ ਕਰਦੀ ਸੀ। ਅੰਬਾਰੀ ਵਿਚ ਸਤਿਗੁਰੂ ਹਰਿ ਰਾਇ ਜੀ ਬਿਰਾਜ ਰਹੇ ਸਨ। ਸਭ ਤੋਂ ਅੱਗੇ ਊਠ ਤੇ ਇਕ ਨਗਾਰਾ ਰਖਿਆ ਹੋਇਆ ਸੀ। ਨਗਾਰਾ ਵਜਦਾ ਤਾਂ ਕਾਫਲੇ ਵਿਚ ਹਰਕਤ ਆਉਂਦੀ ਅਤੇ ਉਹਦੇ ਪਿੱਛੇ ਨਰਸਿੰਙੇ ਵਾਲੇ ਸਨ। ਕੁਝ ਬੰਦਿਆਂ ਦੇ ਹੱਥਾਂ ਵਿਚ ਸੰਖ ਵੀ ਸਨ। ਗੁਰੂ ਦਾ ਝੰਡਾ ਇਕ ਦਰਸ਼ਨੀ ਜਵਾਨ ਦੇ ਹੱਥ ਵਿਚ ਸੀ। ਉਹਨੂੰ ਹੁਕਮ ਸੀ ਘੋੜੇ ਤੇ ਸਵਾਰੀ ਕਰਨ ਦਾ। ਮਗਰ ਫੌਜਾਂ ਸਨ ਚੋਣਵੇਂ ਜਵਾਨਾਂ ਦੀਆਂ। ਵੈਸੇ ਅਮਲਾ ਕਬੀਲਾ ਬਹੁਤ ਵੱਡਾ ਸੀ।

ਮੁਖੀ ਸਿੰਘ ਸਨ ਨਾਲ, ਮਾਝੇ ਤੇ ਮਾਲਵੇ ਦੇ ਖਾੜਕੂ। ਉਹ ਵੀ ਚੌਧਰੀ ਨਾਲ ਸਨ ਜਿਨ੍ਹਾਂ ਦੀ ਆਪਣੇ ਇਲਾਕੇ ਵਿਚ ਬਝੀ ਨਹੀਂ ਸੀ ਛੁਟਦੀ। ਭਾਈ ਰੌਸ਼ਨ, ਭਾਈ ਦਾਨਾ, ਭਾਈ ਦੂਲਾ, ਭਾਈ ਕਰਮਾ, ਭਾਈ ਮੋਹਰੀ, ਭਾਈ ਸੁੱਖਾ, ਭਾਈ ਡੂਗਰ, ਭਾਈ ਰਾਮਾ ਸਿੰਘ, ਭਾਈ ਸਾਗਰ ਤੇ ਭਾਈ ਬਿਘ। ਜਿਨ੍ਹਾਂ ਨੇ ਸਾਰੇ ਬਾਹਰੇ ਨੂੰ ਗੁਰਾਂ ਦੇ ਸਰਦਲ ਤੇ ਸਿਰ ਝੁਕਾਉਣ ਲਈ ਸ਼ਰਧਾਲੂ ਬਣਾ ਦਿੱਤਾ ਸੀ। ਉਨ੍ਹਾਂ ਦੀਆਂ ਬੇਨਤੀਆਂ ਮੰਨ ਕੇ ਗੁਰਾਂ ਨੇ ਮਾਝੇ ਤੇ ਮਾਲਵੇ ਦੇ ਰਟਨ ਦਾ ਪ੍ਰੋਗਰਾਮ ਉਲੀਕਿਆ ਸੀ। ਅਬਦੁੱਲਾ ਤੇ ਨੱਥਾ ਦੋ ਢਾਡੀ ਨਾਲ ਹੀ ਲੈ ਲਏ ਸਨ ਵਾਰਾਂ ਗਾਉਣ ਲਈ। ਕੀਰਤਨ ਕਰਨ ਵਾਲਾ ਜੱਥਾ ਆਪਣੇ ਰੰਗ ਵਿਚ ਹੀ ਰੰਗਿਆ ਹੋਇਆ ਸੀ। ਭਾਈ ਸੇਵਾ ਰਤਾ, ਭਾਈ ਚਤਰੂ ਤੇ ਭਾਈ ਨਥ ਨੂੰ ਉਚੇਚੇ ਤੌਰ ਤੇ ਨਾਲ ਤੋਰ ਲਿਆ ਸੀ ਤਾਂ ਕਿ ਮਾਝੇ ਤੇ ਮਾਲਵੇ ਨੂੰ ਵੀ ਬਾਣੀ ਵਿਚ ਰੰਗ ਦਿੱਤਾ ਜਾਵੇ। ਲਾਂਗਰੀਆਂ ਨੇ ਲੰਗਰ ਦਾ ਸਾਜ਼-ਸਾਮਾਨ ਗੱਡਿਆਂ ਤੇ ਲੱਦਿਆ ਹੋਇਆ ਸੀ। ਸ਼ਾਮਿਆਨੇ, ਛੋਲਦਾਰੀਆਂ, ਤੰਬੂਆਂ ਦਾ ਗੁਰੂ ਘਰ ਦਾ

ਆਪਣਾ ਇੰਤਜ਼ਾਮ ਸੀ। ਸੰਗਤ ਨੂੰ ਤਕਲੀਫ ਨਾ ਹੋਵੇ। ਜੰਗਲ ਵਿਚ ਵੀ ਡੇਰਾ ਕੀਤਾ ਜਾ ਸਕਦਾ ਸੀ।

ਕਾਫਲੇ ਦੇ ਤੁਰਨ ਤੋਂ ਪਹਿਲਾਂ ਰਾਗੀ, ਵਾਰਾਂ ਗਾਉਣ ਵਾਲੇ, ਕੀਰਤਨ ਕਰਨ ਵਾਲੇ, ਲਾਂਗਰੀ ਤੇ ਹੋਰ ਰਾਜ਼-ਸਾਮਾਨ ਲੈ ਜਾਣ ਵਾਲੇ, ਤੰਬੂ-ਕਨਾਤਾਂ, ਛੌਲਦਾਰੀਆਂ ਸਭ ਪਹਿਲਾਂ ਹੀ ਤੋਰ ਦਿੱਤੇ ਸਨ।

ਉਨ੍ਹਾਂ ਦਾ ਪਹਿਲਾ ਪੜਾਅ ਰੋਪੜ ਸੀ। ਕਾਫਲੇ ਦੇ ਪੁੱਜਣ ਤੋਂ ਪਹਿਲਾਂ ਲੰਗਰ ਤਿਆਰ ਮਿਲੇ। ਸ਼ਾਮਿਆਨੇ ਲੱਗੇ ਹੋਣੇ ਚਾਹੀਦੇ ਹਨ। ਰੋਪੜ ਵਾਲਿਆਂ ਨੂੰ ਜ਼ਰਾ ਜਿੰਨਾ ਵੀ ਕਸ਼ਟ ਨਹੀਂ ਹੋਣਾ ਚਾਹੀਦਾ।

ਜਥੇ ਦੀ ਸਾਰੀ ਰਸਦ ਖਾਣ-ਪੀਣ ਦਾ ਸਾਮਾਨ, ਸਾਰਾ ਗੁਰੂ ਕੀਰਤਪੁਰ ਤੋਂ ਹੀ ਨਾਲ ਲੈ ਕੇ ਚਲੇ ਸਨ। ਭਾਈ ਰੌਸ਼ਨ ਦੇ ਜ਼ਿੰਮੇ ਸਿਰਫ ਇਕੋ ਹੀ ਕੰਮ ਸੌਂਪਿਆ ਹੋਇਆ ਸੀ ਕਿ ਉਨ੍ਹਾਂ ਸਿਰਫ ਆਪਣੇ ਅਗਲੇ ਪੜਾਅ ਤੇ ਜਾ ਕੇ ਸਾਰਾ ਇੰਤਜ਼ਾਮ ਕਰਨਾ ਏ।

ਸਾਰੇ ਜਹਾਨ ਨੇ ਸ਼ਾਹੀ ਜਲੂਸ ਤੇ ਕਈ ਵੇਖੇ ਹੋਏ ਸਨ ਪਰ ਅੱਜ ਦਾ ਕਾਫਲਾ ਗੁਰਾਂ ਦਾ ਸੀ। ਫਕੀਰਾਂ ਦਾ ਜਾਹੋ ਜੁਲਾਲ, ਸ਼ਾਨੋ-ਸ਼ੌਕਤ, ਇਹਨੂੰ ਫਕੀਰਾਂ ਦੀ ਠਾਠ ਆਖੀ ਜਾ ਸਕਦੀ ਏ। ਇਹ ਕੋਈ ਜਲਵਾ ਹੀ ਹੋਰ ਸੀ। ਆਪਣੀ ਕੋਈ ਠਾਠ ਹੀ ਵੱਖਰੀ ਸੀ। ਉਹਦੇ ਦੁੱਖ ਦੀਆਂ ਚਮਕਾਂ ਜਲੂਸਾਂ ਨਾਲੋਂ ਵੱਖਰੀਆਂ ਸਨ। ਓਸ ਜਲੂਸ ਵਿਚ ਰੁਹਬ ਸੀ, ਤਾਕਤ ਸੀ ਤੇ ਸ਼ਾਨ ਸ਼ਾਹਾਨਾ ਸੀ। ਪਰ ਏਸ ਕਾਫਲੇ ਵਿਚ ਰੂਹਾਨੀ ਖੁਸ਼ਬੂ ਅਤੇ ਬਾਣੀ ਦੀ ਅੰਮ੍ਰਿਤ ਵਰਖਾ, ਸਰੂਰ ਤੇ ਆਨੰਦ ਦੀਆਂ ਘਟਾਵਾਂ ਉਮਡ ਉਮਡ ਕੇ ਛਾ ਰਹੀਆਂ ਸਨ। ਬਿਨ ਬਦਲ ਬਿਜਲੀ ਚਮਕ ਰਹੀ ਸੀ। ਘੋੜੇ ਅਥਰੇ ਸਨ ਪਰ ਸ਼ਾਂਤ ਸੁਭਾਅ ਦੇ ਸਨ। ਮਛੇਰੂ ਘੋੜਿਆਂ ਵੀ ਨਿਮਰਤਾ ਦਾ ਸਬਕ ਸਿੱਖ ਲਿਆ ਸੀ।

ਬੰਦਿਆਂ ਨੇ ਗੱਲ ਸੁਣ ਕੇ ਆਪਣੇ ਆਪ ਨੂੰ ਵੀ ਉਸੇ ਮਾਹੌਲ ਵਿਚ ਢਾਲ ਲਿਆ ਸੀ ਪਰ ਧੰਨ ਸਨ ਜਾਨਵਰ ਜਿਹੜੇ ਆਪਣੀਆਂ ਸਾਰੀਆਂ ਆਦਤਾਂ ਖੁਰਲੀ ਦੀ ਝੋਲੀ ਵਿਚ ਪਾ ਆਏ ਸਨ। ਨਾ ਅਥਰਾਪਨ ਸੀ ਤੇ ਨਾ ਹੀ ਕੋਈ ਕੰਨ ਚੁਕਦਾ ਘੋੜਾ। ਫੁਰਕੜਾ ਤਾਂ ਕਿਸੇ ਨੇ ਕੀ ਮਾਰਨਾ ਸੀ ਗਊ ਬਣੇ ਜਾ ਰਹੇ ਸਨ। ਕਿਆ ਪ੍ਰਤਾਪ ਸੀ ਗੁਰਾਂ ਦਾ। ਫੂਕ ਮਾਰ ਦਿੱਤੀ ਸੀ ਕਿਸੇ ਨੇ ਉਨ੍ਹਾਂ ਦੇ ਕੰਨ ਵਿਚ, ਸਾਧ ਬਣ ਗਏ ਸਨ ਘੋੜੇ। ਕਾਫਲਾ ਮਾਰਫਤ ਦੀ ਰੰਗਤ ਵਿਚ ਰੰਗਿਆ ਹੋਇਆ ਸੀ। ਮਜੀਠੀ ਰੰਗ ਨੇ ਆਪਣੀ ਰੰਗਤ ਦਾ ਜਲਾਲ ਵਿਖਾ ਕੇ ਛਡਿਆ। ਮੇਰੇ ਰੰਗ ਦੀ ਕਸ਼ਿਸ਼ ਵੇਖੋ।

ਜੱਥੇ ਨੂੰ ਕੂਚ ਦਾ ਹੁਕਮ ਦੇਣ ਤੋਂ ਪਹਿਲਾਂ, ਸਤਿਗੁਰਾਂ ਜਥੇ ਦੇ ਚੱਲਣ ਤੇ ਕੁਝ ਪਾਬੰਦੀਆਂ ਲਾ ਦਿੱਤੀਆਂ ਤੇ ਕੁਝ ਅਸੂਲ ਵੀ ਬੰਨ੍ਹੇ ਤਾਂ ਕਿ ਜਥਾ ਆਪਣੀ ਮਨ-ਮਾਨੀ ਕਦੀ ਵੀ ਨਾ ਕਰ ਸਕੇ। ਅੱਥਰੇ ਲੋਕ ਵੀ ਤੇ ਨਾਲ ਹੀ ਸਨ। ਖਾੜਕੂ ਬੋਲੀ ਵਾਲੇ ਮਝੈਲ, ਸਿਰ ਕੱਢ ਬੰਦੇ ਪਿੱਛੇ ਥੋੜ੍ਹੇ ਛੱਡ ਚੱਲੇ ਸਨ। ਹਰ ਕਿਸਮ ਦਾ ਬੰਦਾ ਜਥੇ ਦਾ ਭਾਈਵਾਲ ਸੀ ਪਰ ਇਹ ਜ਼ਰੂਰੀ ਸੀ ਕਿ ਜਥੇ ਨੂੰ ਦੇਖ-ਰੇਖ ਵਿਚ ਚਲਾਇਆ ਜਾਵੇ ਤਾਂ ਕਿ ਇਲਾਕੇ ਦੀ ਜਨਤਾ ਨੂੰ ਸ਼ਕਾਇਤ ਦਾ ਮੌਕਾ ਨਾ ਮਿਲੇ। ਬੜੀ ਸਮਝਦਾਰੀ ਦਾ ਕੰਮ ਸੀ, ਏਨੇ ਲੋਕਾਂ ਨੂੰ ਨਾਲ ਲੈ ਕੇ ਸਫਰ ਕਰਨਾ ਤੇ ਫੇਰ ਲੋਕਾਂ ਦੇ ਦਿਲਾਂ ਨੂੰ ਜਨਤਾ ਤੇ ਗੁਰ ਮਰਿਆਦਾ ਨੂੰ ਵੀ ਕਾਇਮ ਰੱਖਣਾ। ਸ਼ਰਧਾ ਵਿਚ ਫਰਕ ਨਾ ਪਵੇ, ਪ੍ਰੇਮ ਵੀ ਬਣਿਆ ਰਹੇ। ਸਾਰੇ ਤੇ ਗੁਰੂ ਦੇ ਸ਼ਰਧਾਲੂ ਨਹੀਂ ਸਨ। ਵਿਚ ਗੱਲਾਂ ਕਰਨ

ਵਾਲਿਆਂ ਦੀਆਂ ਵੀ ਟੋਲੀਆਂ ਸਨ। ਮੁਸਲਮਾਨ ਵੀ ਆਪਣੀ ਜੁੰਡਲੀ ਨਾਲ ਲੈ ਕੇ ਤੁਰੇ ਹੋਏ ਸਨ। ਸੂਫੀਆਂ ਦਾ ਆਪਣਾ ਅਖਾੜਾ ਸੀ। ਨਾਥ ਵੀ ਨਾਲ ਸਨ, ਸੰਤ ਆਪੋ ਆਪਣੀ ਮੁਹਾਰਨੀ ਪੜ੍ਹ ਰਹੇ ਸਨ। ਵਣ-ਵਣ ਦੀ ਲੱਕੜੀ ਇਕੱਠੀ ਕੀਤੀ ਹੋਈ ਸੀ। ਭਾਨਮਤੀ ਨੇ ਕੁਨਬਾ ਜੋੜਿਆ ਇੱਟ ਕਿਥੋਂ ਦੀ ਤੇ ਰੋੜਾ ਕਿਥੋਂ ਦਾ। ਪਰ ਖੂਬੀ ਇਹ ਸੀ ਕਿ ਉਨ੍ਹਾਂ ਸਾਰਿਆਂ ਗੁਰੂ ਦੀ ਸਰਦਲ ਤੇ ਆਪਣਾ ਈਮਾਨ ਲੈ ਆਂਦਾ ਸੀ। ਉਹ ਸਾਰੇ ਹੀ ਗੁਰੂ ਦੇ ਸ਼ਰਧਾਲੂ ਸਨ। ਇਕੋ ਧੁਨ ਵਿਚ ਜੱਥਾ ਚੱਲ ਰਿਹਾ ਸੀ।

ਜੱਥਾ ਕਾਹਦਾ ਸੀ, ਇਕ ਪਿੰਡ ਚੱਲ ਰਿਹਾ ਸੀ, ਇਕ ਪਿੰਡ ਨਹੀਂ ਕਈ ਪਿੰਡ ਨਾਲ ਚੱਲ ਰਹੇ ਸਨ। ਜੱਥੇ ਨੇ ਜਿੱਥੇ ਰਾਤ ਕੱਟੀ ਸੀ ਉਥੇ ਤੇ ਇਕੋ ਵੇਲੇ ਕਈ ਪਿੰਡ ਵੱਸ ਜਾਂਦੇ। ਉਨ੍ਹਾਂ ਨੂੰ ਖਾਣ ਨੂੰ ਚਾਹੀਦਾ ਏ, ਆਰਾਮ ਕਰਨ ਨੂੰ ਜਗ੍ਹਾ ਵੀ ਲੋੜ ਏ। ਭਾਵੇਂ ਸਾਰੀ ਜ਼ਿੰਮੇਵਾਰੀ ਗੁਰੂ ਘਰ ਦੀ ਸੀ ਪਰ ਪ੍ਰਬੰਧ ਕਰਨਾ ਤੇ ਲੋਕਾਂ ਨੇ ਸੀ। ਇਹ ਵੀ ਇਕ ਨਵਾਂ ਤਜਰਬਾ ਸੀ। ਬਾਦਸ਼ਾਹ ਤੇ ਬਾਦਸ਼ਾਹ ਹਨ, ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਖਰਚ ਦਾ ਕੋਈ ਹਿਸਾਬ ਕਿਤਾਬ ਨਹੀਂ ਹੁੰਦਾ ਪਰ ਇਹ ਤੇ ਸਾਧਾਂ ਦਾ ਟੋਲਾ ਸੀ। ਉਹਦੀ ਸਾਰੀ ਰਸਦ ਪਾਣੀ ਦੀ ਜ਼ਿੰਮੇਵਾਰੀ ਜਨਤਾ ਦੇ ਸਿਰ ਹੀ ਪੈਣੀ ਸੀ। ਪਿੰਡ ਵਾਲੇ ਬੜੇ ਪ੍ਰੇਮ, ਪਿਆਰ ਉਤਸ਼ਾਹ ਨਾਲ ਲੰਗਰ ਸੇਵਾ ਦਾ ਪ੍ਰਬੰਧ ਕਰਦੇ। ਗੁਰੂ ਨੂੰ ਲੰਗਰ ਦੀ ਕੋਈ ਚਿੰਤਾ ਨਹੀਂ ਸੀ। ਸਿਰਫ ਡਰ ਇਕੋ ਹੀ ਸੀ ਕਿ ਸ਼ਾਹੀ ਹਾਕਮ ਕਿਤੇ ਰਾਹ ਨਾ ਰੋਕ ਲੈਣ। ਵੇਖਣ ਨੂੰ ਤੇ ਪੂਰੀ ਫੌਜ ਨਾਲ ਸੀ। ਭਾਵੇਂ ਉਹ ਸਾਰੇ ਦੇ ਸਾਰੇ ਮਾਲਾ ਦੇ ਰਸੀਏ ਸਨ, ਬਾਣੀ ਦੇ ਪੁਜਾਰੀ ਸਨ।

ਜੱਥੇ ਦੀ ਚੜ੍ਹਤ ਵੇਖ ਕੇ ਪਹਾੜੀ ਰਾਜਿਆਂ ਦੀ ਹਿੱਕ ਤੇ ਸੱਪ ਲੇਟਣੇ ਸ਼ੁਰੂ ਹੋ ਗਏ। ਯਾਰੋ ਅਸੀਂ ਖਾਨਦਾਨੀ ਰਾਜੇ ਮਹਾਰਾਜੇ ਤੇ ਇਹ ਕੱਲ੍ਹ ਆਏ ਅੱਜ ਇਨ੍ਹਾਂ ਦੀ ਸ਼ਾਨੋ-ਸ਼ੌਕਤ ਵੇਖੋ। ਇਹ ਫਕੀਰਾਂ ਦੀ ਟੋਲੀ ਏ ਜਾਂ ਰਾਜਿਆਂ ਦੀ ਬਰਾਤ ਏ। ਗੁਰੂ ਕਿਸੇ ਰਾਜੇ ਤੋਂ ਘੱਟ ਨਹੀਂ ਸਨ। ਉਨ੍ਹਾਂ ਨੂੰ ਨਾ ਜ਼ਮੀਨ ਨਾਲ ਪਿਆਰ ਸੀ ਤੇ ਨਾ ਹੀ ਉਹ ਰਾਜ ਹੀ ਕਰਨਾ ਚਾਹੁੰਦੇ ਸਨ। ਗੁਰੂ ਪ੍ਰੇਮ ਪਿਆਰ ਤੇ ਬਾਣੀ ਦਾ ਛੱਟਾ ਮਾਰਨਾ ਚਾਹੁੰਦੇ ਸਨ ਪੂਰੇ ਪੰਜਾਬ ਵਿਚ।

ਪਹਿਲਾ ਅਸੂਲ ਇਹ ਹੈ ਕਿ ਸਫਰ ਵੀ ਕਰਨਾ ਹੈ ਤੇ ਨਾਲ ਕੀਰਤਨ ਵੀ ਕਰਦੇ ਜਾਣਾ ਹੈ। ਤੇ ਆਸੇ-ਪਾਸੇ ਝਾਤੀਆਂ ਵੀ ਮਾਰਨੀਆਂ।

ਹਾਸਾ, ਠੱਠਾ, ਮਸਕਰੀ, ਮਖੌਲ ਨਾ ਕਿਸੇ ਨੂੰ ਕਰਨਾ ਏ ਤੇ ਨਾ ਕਿਸੇ ਕੋਲੋਂ ਸੁਣਨਾ ਈ ਏ।

ਜਿਹੜੀ ਗਰਜ਼ ਮੁੱਖ ਰੱਖ ਕੇ ਤੁਰੇ ਹੋ, ਜੀਭ ਦਾ ਸਵਾਦ, ਜੀਭ ਨੂੰ ਕਾਬੂ ਵਿਚ ਰੱਖਣਾ। ਕੌੜਾ ਬਚਨ ਨਹੀਂ ਬੋਲਣਾ। ਨਿਮਰਤਾ ਰੱਖੀ ਤੁਰਨਾ ਏ। ਕੋਈ ਬੰਦਾ ਆਪਣਾ ਖਾਣਾ ਵੱਖਰਾ ਨਹੀਂ ਬਣਾ ਸਕਦਾ ਤੇ ਨਾ ਹੀ ਬਾਹਰ ਤੋਂ ਲਿਆ ਕੇ ਉਹ ਖਾ ਸਕੇਗਾ। ਜੋ ਲੰਗਰ ਵਿਚ ਬਣੇਗਾ, ਸੰਗਤ ਵਿਚ ਬੈਠ ਕੇ ਖਾਣਾ ਏ। ਘਰ ਦਾ ਮੋਹ ਤਿਆਗ ਕੇ ਚੱਲੋ ਜੱਥੇ ਨਾਲ, ਇਹ ਇਕ ਯਾਤਰਾਂ ਏ। ਰੱਬ ਦੇ ਬੰਦਿਆਂ ਨਾਲ ਮੇਲ-ਮਿਲਾਪ ਕਰਨਾ ਏ।

ਹਰ ਪੜਾਅ ਤੇ ਦੀਵਾਨ ਲੱਗਣ, ਵੱਧ ਤੋਂ ਵੱਧ ਗੁਰਬਾਣੀ ਨੂੰ ਸੁਣਨ ਲੋਕ ਅਤੇ ਉਪਦੇਸ਼ ਗ੍ਰਿਹਸਤੀਆਂ ਨੂੰ ਦੇਣਾ ਹੈ। ਕਿਸੇ ਉੱਚੇ ਸੁੱਖਾਂ ਵੱਲ ਮਨ ਚਿੱਤ ਨਹੀਂ ਲਾਉਣਾ।

ਸ਼ਰਧਾ, ਸੇਵਾ ਵਿਚ ਹੱਥ ਸੁੱਚੇ ਕਰਨੇ ਹਨ। ਏਨੇ ਨਾਲ ਤੁਸੀਂ ਸਫਲ ਹੋਵੋਗੇ।

ਕੂਚ ਦਾ ਹੁਕਮ ਦਿੱਤਾ, ਪਹਿਲਾਂ ਸੰਖ ਪੂਰੇ ਗਏ ਤੇ ਫੇਰ ਨਰਸਿੰਙੇ ਵਜੇ। ਨਗਾਰਾ ਵਜਿਆ ਤੇ ਜੱਥੇ ਦੇ ਪੈਰਾਂ ਵਿਚ ਹਰਕਤ ਆਈ। ਜੱਥਾ ਤੁਰ ਪਿਆ। □

੯੦

ਹਰੀਆਂ ਵੇਲਾਂ

ਕੀਰਤਪੁਰ ਤੋਂ ਸੁਖ ਸੁੱਖਾਂ ਨਾਲ ਪਹਿਲਾ ਪੜਾਅ ਰੋਪੜ ਕੀਤਾ। ਇਕ ਵਾਰ ਤੇ ਜਲੂਸ ਵੇਖ ਕੇ ਹਾਕਮਾਂ ਦੇ ਦਿਲ ਦਹਿਲ ਗਏ ਪਰ ਲੋਕਾਂ ਨੂੰ ਇਉਂ ਜਾਪਿਆ ਜਿਵੇਂ ਉਨ੍ਹਾਂ ਲਈ ਚੰਨ ਚੜ੍ਹ ਗਿਆ। ਜਿਦਾਂ ਬਰਕਤਾਂ ਉਨ੍ਹਾਂ ਦੇ ਵਿਹੜਿਆਂ ਵਿਚ ਆ ਗਈਆਂ ਹੋਣ। ਰੱਬ ਉਨ੍ਹਾਂ ਦਾ ਜਿਵੇਂ ਬੂਹਾ ਖੜਕਾ ਰਿਹਾ ਹੋਵੇ। ਮੈਂ ਤੁਹਾਡੇ ਕੋਲ ਹੀ ਆ ਗਿਆ ਹਾਂ। ਮੈਂ ਤੁਹਾਥੋਂ ਬਾਹਰ ਥੋੜ੍ਹਾ ਹਾਂ। ਤੁਹਾਡੇ ਵਿਚੋਂ ਹਾਂ, ਤੁਹਾਡਾ ਹੀ ਜੀਅ ਹਾਂ। ਆਓ ਮੇਰੇ ਨਾਲ ਗੱਲਾਂ ਕਰੋ, ਮੇਰੇ ਨਾਲ ਦੁੱਖ ਸੁੱਖ ਵਡਾਵੋ। ਮੈਂ ਤੁਹਾਡੀਆਂ ਰੀਝਾਂ ਲਾਹੁਣ ਆਇਆ ਹਾਂ। ਤੁਹਾਡਾ ਦੁੱਖ ਮੇਰਾ ਦੁੱਖ ਹੈ। ਤੁਹਾਡਾ ਸੁੱਖ ਵੇਖ ਕੇ ਮੇਰੇ ਅੰਦਰ ਗਿੱਠ-ਗਿੱਠ ਲਾਲੀਆਂ ਚੜ੍ਹ ਜਾਣਗੀਆਂ। ਮੈਂ ਆਨੰਦ ਵਿਚ ਮਗਨ ਹੋ ਜਾਵਾਂਗਾ। ਤੁਹਾਡੀ ਰੂਹ ਰੌਸ਼ਨ ਹੋਵੇ ਤਾਂ ਮੈਨੂੰ ਸ਼ਾਂਤੀ ਨਸੀਬ ਹੋਵੇਗੀ। ਮੈਂ ਤੁਹਾਡੇ ਕੋਲ ਇਸ ਵਾਸਤੇ ਆਇਆ ਹਾਂ ਕਿ ਤੁਸੀਂ ਮੇਰੇ ਨਾਲ ਸਾਂਝ ਪਾਵੋ। ਆਪਣੇ ਦਿਲ ਦੀ ਘੁੰਡੀ ਖੋਲ੍ਹੋ। ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ। ਮੈਂ ਤੁਹਾਡਾ ਗੁਆਂਢੀ ਹਾਂ, ਹਮਸਾਇਆ ਹਾਂ। ਤੁਹਾਡੇ ਦੁਖ ਮੈਂ ਲੈ ਲਵਾਂਗਾ। ਗੁਰੂ ਤੁਹਾਡੇ ਤੇ ਮਿਹਰ ਕਰੇ, ਬਾਣੀ ਪੜ੍ਹੋ, ਮਨ ਪਵਿੱਤਰ ਹੋਵੇਗਾ। ਜ਼ਿੰਦਗੀ ਵਿਚ ਕਰੜੇ ਦਿਨ ਆਉਣਗੇ ਉਨ੍ਹਾਂ ਨੂੰ ਜਰੋ, ਸੁੱਖ ਸ਼ਾਂਤੀ ਤੁਹਾਡੇ ਬੂਹੇ ਆਣ ਬੈਠੇਗੀ।

ਗੁਰੂ ਵਾਕਿਆ ਹੀ ਸਭ ਦਾ ਭਲਾ ਮੰਗਦੇ ਹਨ। ਇਨ੍ਹਾਂ ਦੇ ਦਿਲ ਵਿਚ ਰਤਾ ਭਰ ਮੈਲ ਨਹੀਂ ਵੱਖਰਾਪਨ ਨਹੀਂ, ਲੋਕਾਂ ਦੇ ਯਾਰ ਹਨ, ਲੋਕਾਂ ਦੇ ਦੁੱਖ-ਸੁੱਖ ਦੇ ਭਾਈਵਾਲ ਹਨ।

ਪ੍ਰਸਿੱਧ ਫਕੀਰ ਲੈਣ ਆਏ ਅੱਗੋਂ, ਸਜਦੇ ਕਰਦੇ, ਸਲਾਮਾਂ ਕਰਦੇ ਝੁਕ-ਝੁਕ, ਖ਼ੁਦਾ ਦੀਆਂ ਬਰਕਤਾਂ ਸਾਡੇ ਘਰ ਆ ਗਈਆਂ ਹਨ ਆਖਦੇ।

ਭਾਈ ਬਿੰਭ, ਭਾਈ ਬੰਦਾ, ਭਾਈ ਗਜਣ, ਭਾਈ ਘਈਆ ਤੇ ਖੀਵਾ ਹੀ ਹੋ ਗਿਆ ਰਾਤ ਦਿਨ ਸੇਵਾ ਵਿਚ ਜੁੱਟ ਗਏ। ਨਾ ਰਾਤ ਦਾ ਪਤਾ ਤੇ ਨਾ ਇਹ ਦੱਸ ਸਕਦੇ ਸਨ ਕਿ ਦਿਨ ਕਦੋਂ ਚੜ੍ਹਿਆ ਸੀ।

ਗੁਰਾਂ ਨੇ ਨਾਮ ਜਲ ਦੇ ਛੱਟੇ ਮਾਰੇ ਸਾਰੇ ਹੀ ਰੋਪੜ ਵਿਚ। ਗੁਰੂ ਦੇ ਰੰਗ ਵਿਚ ਰੰਗੇ ਗਏ ਸਾਰੇ ਫਕੀਰ, ਸਾਧ, ਜਨਤਾ ਅਤੇ ਸਰਕਾਰੀ ਹਾਕਮ। ਪਹਿਲਾਂ ਉਹ ਬੰਦੇ ਸਨ ਤੇ ਫੇਰ ਹਾਕਮ।

ਦੁਖੀ ਵੀ ਤੇ ਸਨ ਜਿਨ੍ਹਾਂ ਦਿਲ ਕੀਤਾ ਸੀ ਉਜਾਂ ਵੀ ਲਾਈਆਂ ਸਨ। ਜਦ ਉਨ੍ਹਾਂ ਗੁਰੂ ਦਾ ਦੀਦਾਰ ਕੀਤਾ ਨੂਰਾਨੀ ਚਿਹਰੇ ਦਾ ਨੂਰ ਵੇਖਿਆ। ਚਰਨੀ ਆਣ ਲੱਗੇ। ਰਾਤ ਕੱਟੀ ਤੇ ਦਿਨੇ ਫਿਰ ਕਾਫਲੇ ਨੇ ਰਾਹ ਢੂੰਡਿਆ, ਫਿਰ ਸੰਖ ਵੱਜੇ, ਨਰਸਿੰਙੇ ਵਜੇ, ਨਗਾਰਾ ਵਜਿਆ ਕਾਫਲੇ ਨੇ ਕੂਚ ਕੀਤਾ, ਬਸ ਏਨਾ ਹੀ ਮੇਲਾ ਸੀ।

ਦੋ ਤਿੰਨ ਦਿਨ ਦੀ ਲੀਲਾ ਸੀ, ਜਿਹੜੀ ਰੋਪੜ ਵਾਲਿਆਂ ਵੇਖੀ ਸੀ।

ਗੜ੍ਹ ਸ਼ੰਕਰ ਆਣ ਬਿਰਾਜੇ ਸੂਰਜ ਢਲਣ ਤੋਂ ਪਹਿਲਾਂ। ਹੁਸ਼ਿਆਰਪੁਰ ਤੋਂ ਦਸ ਮੀਲ ਦੀ ਵਿੱਥ ਤੇ ਬਡੀ ਟਾਹਲੀ ਆਣ ਟਿਕੇ। ਪਿੰਡ ਵਾਲਿਆਂ ਸੇਵਾ ਦੇ ਕੜ ਤੋੜ ਦਿੱਤੇ। ਸਾਰਾ ਇਲਾਕਾ ਵਾਹਵਾ ਕਰ ਉਠਿਆ। ਸਤਿਗੁਰਾਂ ਸਾਰੇ ਪਿੰਡ ਵਾਲਿਆਂ ਨੂੰ ਸੇਵਕ ਨਿਹਾਲ ਦਾ ਬਚਨ ਉਚਾਰ ਕੇ ਅਸੀਸ ਦਿੱਤੀ। ਗੁਰੂ ਧਾਮ ਧਰਮਸਾਲਾ ਦਾ ਨਾਂ ਏ। ਸੇਵਕ ਨਿਹਾਲ ਬਣ ਗਿਆ।

ਇਲਾਕੇ ਨੂੰ ਸ਼ਰਾਬ ਛੱਡਣ, ਨਸ਼ੇ ਤਿਆਗਣ ਤੇ ਅਮਲ ਕਰਨ ਤੋਂ ਵਰਜਿਆ। ਸਤਿਗੁਰ ਜਿਹੜਾ ਵੀ ਬਚਨ ਕਹਿਣ ਪਿੰਡ ਵਾਲੇ ਸਤਿ ਬਚਨ ਆਖ ਕੇ ਇਸ ਤੋਂ ਅੱਗੇ ਹੋਰ ਕੁਝ ਨਾ ਆਖਦੇ। ਪਿੰਡ ਵਾਲੇ ਸਤਿ ਬਚਨ ਸਤਿ ਬਚਨ ਕਹਿੰਦੇ ਸਤਿ ਹੋ ਗਏ। ਗੁਰਾਂ ਵੀ ਕਿਰਪਾ ਕੀਤੀ ਤੇ ਉਨ੍ਹਾਂ ਆਪਣੇ ਆਪ ਨੂੰ ਉਸੇ ਧੁੰਨ ਵਿਚ ਢਾਲ ਲਿਆ ਤੇ ਲੋਕਾਂ ਨੂੰ ਸਤਿ ਸਾਹਿਬੀਏ ਆਖ ਕੇ ਸਤਿਕਾਰਿਆ। ਅਜੇ ਵੀ ਲੋਕ ਉਸ ਪਿੰਡ ਵਾਲਿਆਂ ਨੂੰ ਸਤਿ ਸਾਹਿਬੀਏ ਹੀ ਆਖਦੇ ਹਨ।

ਗੜ੍ਹ ਸ਼ੰਕਰ ਤੋਂ ਹੁਸ਼ਿਆਰਪੁਰ ਵੱਲ ਤੁਰੇ ਤੇ ਕਾਫਲਾ ਇਕ ਪਿੰਡ ਦੇ ਕੋਲ ਦੀ ਲੰਘਿਆ ਗੁਰਾਂ ਨੇ ਹੁਕਮ ਕੀਤਾ ਕਿ ਇਥੇ ਮੁਕਾਮ ਕੀਤਾ ਜਾਵੇ।

—ਸੇਵਕ ਨੇ ਅਰਜ਼ ਕੀਤੀ ਕਿ ਪਿੰਡ ਦੂਰ ਏ, ਏਥੇ ਤੇ ਪਾਣੀ ਦਾ ਕੋਈ ਇੰਤਜ਼ਾਮ ਨਹੀਂ।

—ਸਭ ਕੁਝ ਏਥੇ ਹੀ ਮਿਲੇਗਾ। ਉਜਾੜ ਵਿਚ ਹੀ ਤੰਬੂ ਗੱਡ ਦਿੱਤੇ ਜਾਣ। ਛੋਲਦਾਰੀਆਂ ਤੇ ਕਨਾਤਾਂ ਇਥੇ ਹੀ ਲਾ ਦਿਓ। ਅੱਜ ਰੜੇ ਮੈਦਾਨ ਹੀ ਰਹਿ ਕੇ ਵੇਖਦੇ ਹਾਂ। ਇਹੋ ਜਿਹੇ ਮੌਕੇ ਵੀ ਤੁਹਾਨੂੰ ਵੇਖਣੇ ਚਾਹੀਦੇ ਹਨ।

ਸਤਿ ਬਚਨ, ਘੋੜ ਸਵਾਰਾਂ ਨੇ ਆਪਣੇ ਕਿੱਲੇ ਗੱਡ ਦਿੱਤੇ ਅਤੇ ਘੋੜਿਆਂ ਦੀ ਪੈੜਾਂ ਬੰਨ੍ਹ ਦਿੱਤੀਆਂ। ਲੰਗਰ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ।

ਘੋੜ ਚੜ੍ਹੇ ਕੁਝ ਸਵਾਰ ਆ ਗਏ। ਇਹ ਸੀ ਚੌਧਰੀ ਦਾ ਪਿੰਡ। ਆਪਣੇ ਆਪ ਵਿਚ ਹੀ ਸੜਿਆ ਬਲਿਆ ਰਹਿੰਦਾ ਸੀ। ਮਗਰੂਰ ਵੀ ਬੜਾ ਸੀ। ਬਦ-ਦਿਮਾਗ ਤੇ ਹੋਣਾ ਹੀ ਸੀ। ਉਹਨੂੰ ਆਪਣੀ ਤਾਕਤ ਤੇ ਬੜਾ ਮਾਣ ਸੀ। ਮੇਰੀ ਮਾਲਕੀ ਏ, ਮੈਂ ਮਾਲਕ ਹਾਂ।

—ਘੋੜੇ ਦੀਆਂ ਲਗਾਮਾਂ ਖਿੱਚੀਆਂ ਤੇ ਬੋਲਿਆ ਕੌਣ ਏ, ਕਿਹੜਾ ਏ ਏਸ ਕਾਫਲੇ ਦਾ ਮਾਲਕ। ਉਹਨੂੰ ਇਹ ਪਤਾ ਨਹੀਂ ਸੀ ਕਿ ਇਹ ਜ਼ਮੀਨ ਮੇਰੀ ਏ। ਕਿਹਦੀ ਇਜਾਜ਼ਤ ਨਾਲ ਓਸ ਤੰਬੂ ਗੱਡੇ ਹਨ।

ਗੱਲ ਗੁਰਾਂ ਕੋਲ ਪੁਜਣੀ ਸੀ। ਬੜੇ ਸਹਿਜ ਸੁਭਾਅ ਆਖਿਆ—

"ਧਨ ਭੂਮ ਕਾ ਜੋ ਕਰੇ ਗੁਮਾਨ, ਸੋ ਮੂਰਖ ਅੰਧਾ ਅਗਿਆਨ"।

—ਧਰਤੀ ਸਾਰੀ ਮਾਲਕ ਦੀ ਏ। ਅਸੀਂ ਤੇ ਚੌਰਾਹੇ ਤੇ ਬੈਠੇ ਹਾਂ। ਇਹ ਤੇ ਚਹੁੰ ਪਿੰਡਾਂ ਦੀ ਮਾਲਕੀ ਏ, ਗੜ੍ਹ ਪਿੰਡ ਦੀ ਸ਼ਾਮਲਾਤ, ਬਜਰੋਰ, ਚੱਬੇਵਾਲ, ਬੋਹਣ, ਚਗਰਾਂ ਇਨ੍ਹਾਂ ਚਹੁੰ ਪਿੰਡਾਂ ਦੀਆਂ ਹੱਦਾਂ ਏਥੇ ਆਣ ਕੇ ਮਿਲਦੀਆਂ ਹਨ, ਏਸ ਲਈ ਇਹ ਜਗ੍ਹਾ ਆਣ ਕੇ ਅਸੀਂ ਚੁਣੀ ਹੈ।

—ਤੁਸੀਂ ਕਬਜ਼ਾ ਕਰਨ ਆਏ ਹੋ, ਕਬਜ਼ਾ ਇੰਨਾ ਸਹਿਲ ਨਹੀਂ। ਪਟਾ ਮੇਰੇ ਨਾਂ ਏ, ਓਸ ਮੁੱਛਾਂ ਨੂੰ ਤਾਅ ਦਿੱਤਾ ਤੇ ਆਖਿਆ ਡੇਰਾ ਉਠਾ ਲਵੋ, ਵਰਨਾ ਮੈਂ ਡੇਰਾ ਪੁਟ ਦੇਵਾਂਗਾ। ਜਲਦੀ ਕਰੋ ਮੇਰੇ ਸਾਹਮਣੇ ਹੁਣੇ ਕਿੱਲੇ ਪੁਟ ਸੁਟੋ, ਵਰਨਾ ਮੇਰੇ ਤੋਂ ਬੁਰਾ ਹੋਰ ਕੋਈ ਨਹੀਂ।

—ਮੁਸਾਫਰਾਂ ਨੇ ਰਾਤ ਕੱਟਣੀ, ਅਸਾਂ ਚੁੱਕ ਮਸੀਤ ਨਾ ਲੈ ਜਾਣੀ। ਚੌਧਰੀ ਸਾਹਿਬ ਅਸਾਂ ਚਾਰ ਘੜੀਆਂ ਏਥੇ ਬਿਸਰਾਮ ਕਰਨਾ ਏ ਤੇ ਦਿਨੇ ਕੂਚ ਦਾ ਹੁਕਮ ਏ। ਜਾਹ ਆਪਣੇ ਘਰ ਬਾਂਹ ਸਿਰਹਾਣੇ ਦੇ ਕੇ ਸੌਂ, ਐਵੇਂ ਸਿੰਙ ਨਹੀਂ ਅੜਾਈਦੇ, ਫਕੀਰਾਂ ਤੇ ਸਾਧਾਂ ਦੇ ਸਿਰ ਨਹੀਂ ਆਈਦਾ।

—ਇਹ ਸਾਧ ਹਨ, ਵਿਗੜੇ ਰਈਸ ਹਨ। ਐਵੇਂ ਲੋਕਾਂ ਦੀ ਜ਼ਮੀਨ ਹੜੱਪ ਕਰਨ ਤੁਰੇ ਹਨ। ਤੁਹਾਡੀ ਏਸ ਵਿਚ ਹੀ ਖ਼ੈਰ ਏ ਕਿ ਡੇਰੇ ਪੁੱਟ ਲਵੋ। ਚੌਧਰੀ ਸੱਪ ਵਾਂਗੂ ਵਿਸ ਘੋਲ ਰਿਹਾ ਸੀ।

ਓਸ ਡੇਰਾ ਕੀ ਪੁਟਣਾ ਸੀ। ਸਜਣਾ ਏਥੇ ਸਦਾ ਗੁਰੂ ਨਿਸ਼ਾਨ ਝੂਲਣਗੇ। ਸਦਾ ਹਰੀਆਂ ਵੇਲਾਂ ਰਹਿਣਗੀਆਂ। ਘੋੜਿਆਂ ਨੇ ਸੁੱਕੀਆਂ ਵੇਲਾਂ ਖਾਧੀਆਂ ਨੇ, ਇਨ੍ਹਾਂ ਵਿਚ ਹਰੀਆਂ ਵੇਲਾਂ ਦਾ ਸਵਾਦ ਲੁਕਿਆ ਹੋਇਆ ਏ।

ਸਿੰਘਾਂ ਦੇ ਘੋੜੇ ਇਨ੍ਹਾਂ ਜੂਹਾਂ ਵਿਚ ਫਿਰਦੇ ਰਹਿਣਗੇ।

ਚੌਧਰੀ ਸੜਦਾ, ਬਲਦਾ ਘਰ ਵੱਲ ਤੁਰ ਪਿਆ। ਅੱਛਾ ਦਿਨੇ ਵੇਖਾਂਗਾ।

ਨਾ ਦਿਨ ਚੜ੍ਹਿਆ ਤੇ ਨਾ ਚੌਧਰੀ ਹੀ ਆਇਆ।

ਗੁੱਸੇ ਨੇ ਖਾ ਲਿਆ ਚੌਧਰੀ। ਹਰੀਆਂ ਵੇਲਾਂ ਅੱਜ ਵੀ ਲਹਿ ਲਹਿ ਪਈਆਂ ਕਰਦੀਆਂ ਨੇ। ਬਖਸ਼ਸ਼ਾਂ, ਰਹਿਮਤਾਂ, ਅਸੀਸਾਂ ਨੇ ਹਰੀਆਂ ਵੇਲਾ ਵਾਲਿਆਂ ਤੇ। ਅੱਜ ਵੀ ਝੰਡੇ ਝੂਲਦੇ ਨੇ, ਚੌਧਰੀ ਦਾ ਕਿਤੇ ਨਾਂ ਨਿਸ਼ਾਨ ਵੀ ਨਹੀਂ। ਤਕੱਬਰ ਦਾ ਹਮੇਸ਼ਾ ਸਿਰ ਨੀਵਾਂ ਹੀ ਹੁੰਦਾ ਏ।

□

੬੧

ਚੌਤਰਾ ਸਾਹਿਬ

ਹੁਸ਼ਿਆਰਪੁਰ ਤੋਂ ਫਗਵਾੜੇ ਦੇ ਅੱਧ ਵਿਚ ਸੜਕ ਦੀ ਹਿੱਕ ਤੇ ਇਕ ਪਿੰਡ ਵਸਦਾ ਸੀ ਨਾਂ ਸੀ ਭੰਗਾਣੀ। ਸਤਿਗੁਰਾਂ ਦਾ ਮਨ ਆਇਆ ਕਿ ਕਾਫਲਾ ਉਥੇ ਰੋਕ ਦਿੱਤਾ ਜਾਏ। ਵੈਸੇ ਕਾਫਲੇ ਦਾ ਪੜਾਅ ਚੌਤਰਾ ਸਾਹਿਬ ਹੀ ਸੀ। ਗੁਰਾਂ ਦਾ ਜੀਅ ਆ ਗਿਆ। ਪਿੰਡ ਦੇ ਬੰਦੇ, ਭੋਲੇ-ਭਾਲੇ ਤੇ ਮਾਸੂਮ ਹਨ। ਸਿੱਧੇ, ਸਾਦੇ ਪਏ ਹਾਥੀ ਘੋੜੇ ਜੋੜੀ ਜਾਣ, ਮੂੰਹ ਵਿਚੋਂ ਕੁਝ ਨਾ ਬੋਲਣ। ਉਨ੍ਹਾਂ ਦੇ ਇਸ਼ਾਰਿਆਂ ਤੋਂ ਪਤਾ ਲੱਗਦਾ ਸੀ ਕਿ ਅੱਜ ਸਤਿਗੁਰ ਸਾਡੇ ਨਗਰ ਵਿਚ ਹੀ ਚਰਨ ਪਾਉਣਗੇ। ਸਾਡੀ ਕੋਈ ਪਹੁੰਚ ਨਹੀਂ। ਕਿਸੇ ਨੇ ਮਸੰਦਾਂ ਨੂੰ ਨਹੀਂ ਆਖਣਾ। ਜੇ ਅਸਾਂ ਆਖਿਆ ਵੀ ਤਾਂ ਉਨ੍ਹਾਂ ਸਾਡੀ ਗੱਲ ਨਹੀਂ ਸੁਨਣੀ। ਇਲਾਕੇ ਦੇ ਚੌਧਰੀ ਸਾਨੂੰ ਕਿਸੇ ਗਿਣਤੀ ਵਿਚ ਨਹੀਂ ਲਿਆਉਂਦੇ ਤੇ ਬਾਕੀ ਜਿਹੜੇ ਲਾਂਗੜੀ ਹਨ, ਉਨ੍ਹਾਂ ਨੂੰ ਕੀ ਲੋੜ ਪਈ ਏ ਕਿ ਉਹ ਸਾਡੀ ਅਰਜ਼ ਗੁਰਾਂ ਤੱਕ ਪਹੁੰਚਾਉਣ। ਅਸੀਂ ਆਪ ਹੀ ਗੱਲ ਵਿਚ ਪੱਲਾ ਪਾ ਕੇ ਆ ਗਏ ਹਾਂ। ਅਸਾਂ ਸੁਣਿਆ ਏ ਕਿ ਗੁਰੂ ਗਰੀਬਾਂ ਦੀ ਗੱਲ ਕੋਲ ਹੋ ਕੇ ਸਣਦਾ ਏ। ਏਸ ਲਈ ਸਾਰਾ ਪਿੰਡ ਇਕੱਠਾ ਹੋ ਕੇ ਆਇਆ ਏ।

—ਅਸਾਂ ਤੇ ਪਹਿਲਾਂ ਹੀ ਜੱਥੇ ਵਾਲਿਆਂ ਨੂੰ ਹੁਕਮ ਦੇ ਦਿੱਤਾ ਕਿ ਅਸੀਂ ਅੱਜ ਸਾਹਮਣੇ ਪਿੰਡ ਵਾਲਿਆਂ ਦੇ ਰਹਿਣਾ ਏ, ਪਰਾਹੁਣੇ।

—ਧੰਨ ਭਾਗ, ਪਰਾਹੁਣੇ ਆਉਣ, ਅਸੀਂ ਅੱਖਾਂ ਤੇ ਪਲਕਾਂ ਵਿਛਾਉਂਦੇ ਹਾਂ। ਅੱਜ ਸਾਡਾ

ਪਿੰਡ ਕਾਂਸ਼ੀ ਬਣ ਜਾਏਗਾ। ਜੇ ਸਤਿਗੁਰਾਂ ਦੀ ਨਜ਼ਰ ਸਵੱਲੀ ਹੋ ਗਈ। ਹਜ਼ੂਰ ਅਸਾਂ ਆਪਣੀ ਸ਼ਕਤੀ ਮੁਤਾਬਕ ਲੰਗਰ ਤਿਆਰ ਕੀਤਾ ਏ। ਅੱਗੇ ਘਾਟ ਵਾਧ ਦੇ ਤੁਸੀਂ ਮਾਲਕ ਹੋ।

ਲੰਗਰ ਵੀ ਕਦੇ ਘਟਿਆ ਏ। ਗੁਰੂ ਦਾ ਲੰਗਰ ਏ। ਗੁਰੂ ਲੰਗਰ ਵਿਚ ਆਪ ਆਣ ਖਲੋਂਦਾ ਏ। ਗੁਰਾਂ ਤਸੱਲੀ ਦਿੱਤੀ। ਅੰਦਾਜ਼ੇ ਨਾਲ ਹੀ ਲੰਗਰ ਦੀ ਤਿਆਰੀ ਕੀਤੀ ਸੀ। ਡਰਦੇ ਸਨ ਪਿੰਡ ਵਾਲੇ ਪਰ ਜਦੋਂ ਲੰਗਰ ਵਰਤਿਆ ਗਿਆ, ਸਾਰੀ ਸੰਗਤ ਨੇ ਲੰਗਰ ਛੱਕ ਲਿਆ। ਅਜੇ ਵੀ ਕੜਾਹੀਆਂ ਵਿਚ ਸਬਜ਼ੀਆਂ ਸਨ। ਦੇਗਬਰਿਆਂ ਵਿਚ ਅਜੇ ਵੀ ਚੌਲਾਂ ਦੀ ਤਹਿ ਬਾਕੀ ਸੀ।

ਪਿੰਡ ਵਾਲਿਆਂ ਦਾ ਨਿਸਚਾ ਪਹਿਲਾਂ ਹੀ ਪੱਕਾ ਸੀ ਪਰ ਹੁਣ ਤੇ ਪੱਥਰ ਦੀਆਂ ਲੀਕਾਂ ਵਾਂਗੂ ਮਜ਼ਬੂਤ ਹੋ ਗਿਆ ਸੀ।

ਗੁਰਾਂ ਸੋਚਿਆ, ਅਜੇ ਤੇ ਪਰੇਮ ਦੇ ਪੰਘੂੜੇ ਵਿਚ ਪਹਿਲੀ ਵਾਰ ਚੜ੍ਹੇ ਹਨ। ਅਜੇ ਤੇ ਪਹਿਲਾ ਹੀ ਹੂਟਾ ਲਿਆ ਏ। ਸੇਵਾ ਦਾ ਜਜ਼ਬਾ ਇਹਨਾਂ ਵਿਚ ਠਾਠਾਂ ਮਾਰਦਾ ਏ ਪਰ ਅਜੇ ਇਹ ਸੇਵਾ ਵਿਚ ਖੁਭੇ ਹਨ, ਸਿਰਫ ਮਾਰਗ ਤੇ ਹੀ ਚਲੇ ਹਨ। ਸੇਵਾ ਕਿਡੀ ਵਡੀ ਭਗਤੀ ਏ। ਇਹ ਅਜੇ ਇਨ੍ਹਾਂ ਜਾਣਨਾ ਏ।

ਗੁਰਾਂ ਫੁਰਮਾਇਆ, ਪਹਿਲਾਂ ਨਾਮ ਦੀ ਮਹਿਮਾ ਦਸੀ, ਤੇ ਫੇਰ ਦਸਿਆ ਕਿ ਸੇਵਾ ਉਹੋ ਹੀ ਫਲਦੀ ਏ ਜਿਹੜੀ ਨਿਹਚਾ ਤੇ ਚਿਤ ਲਾ ਕੇ ਕੀਤੀ ਜਾਵੇ। ਸਤਿਗੁਰਾਂ ਲਈ ਕੀਤੀ ਸੇਵਾ ਸਫਲ ਏ। ਜੇ ਕੋ ਕਰੇ ਚਿਤ ਲਾਇ। ਹੰਕਾਰ ਵਿਚ ਕੀਤੀ ਸੇਵਾ ਨਿਹਫਲ ਏ। ਹੰਕਾਰ ਵਿਚ ਸੇਵਾ ਨਹੀਂ ਹੁੰਦੀ। ਸੇਵਾ ਕਰਨ ਵਾਲਿਆਂ ਵਿਚ ਹੰਕਾਰ ਨਹੀਂ ਰਹਿੰਦਾ। ਸਾਰੇ ਪਿੰਡ ਨੇ ਸੇਵਾ ਕਰਨ ਦੀ ਪ੍ਰਤਿਗਿਆ ਕੀਤੀ। ਗੁਰਾਂ ਨੇ ਹੁਕਮ ਦਿਤਾ ਕਿ ਲੰਗਰ ਲਾਓ। ਪਿੰਡ ਵਾਲਿਆਂ ਝੋਲੀ ਅੱਡੀ ਤੇ ਅਰਜ਼ ਕੀਤੀ, ਸਾਡੀ ਗਰੀਬੀ ਸਾਨੂੰ ਮਜਬੂਰੀ ਵਲ ਧੱਕ ਦੇਂਦੀ ਏ। ਲੰਗਰ ਲਾਓ, ਗੁਰੂ ਮਿਹਰ ਕਰੇਗਾ, ਆਪੇ ਰਸਦ ਆਏਗੀ। ਤੁਹਾਡੀ ਚਿੰਤਾ ਕਿਸੇ ਕੰਮ ਦੀ ਨਹੀਂ। ਨਿਸਚਿੰਤ ਹੋ ਕੇ ਲੰਗਰ ਗੁਰੂ ਦੇ ਨਾਂ ਦਾ ਲਾਇਆ ਜਾਵੇ ਤਾਂ ਫੇਰ ਘਾਟਾ ਕੋਈ ਨਹੀਂ। ਲੰਗਰ ਆਪੇ ਚਲੇਗਾ। ਤੁਹਾਡਾ ਜੱਸ ਗੁਰੂ ਦੇ ਨਾਂ ਨਾਲ ਹੀ ਵਧੇਗਾ। ਲਕੜੀ ਨਾਲ ਲੋਹਾ ਵੀ ਤਰ ਜਾਂਦਾ ਏ। ਗਲ ਤੇ ਮਿਹਰ ਦੀ ਏ। ਮੌਜ ਏ ਜਿਥੇ ਆ ਜਾਏ ਗੁਰੂ ਦੀ। ਇਕ ਨਜ਼ਰ ਨਾਲ ਤਰ ਜਾਏ ਸਾਰਾ ਪਿੰਡ।

ਰਾਤੀ ਭੰਗਾਣੀ ਤੋਂ ਚੌਤਰਾ ਤੇ ਆਣ ਬਰਾਜੇ। ਅਗੇ ਲੰਗਰ ਪਕ ਚੁਕਾ ਸੀ। ਤੰਬੂ ਗੱਡੇ ਹੋਏ ਸਨ। ਛੋਲ ਦਾਰੀਆਂ ਤੇ ਕਨਾਤਾਂ ਤਣ ਗਈਆਂ ਸਨ। ਥੰਮੇ ਆਪਣੀ ਸ਼ਾਨ ਵਿਖਾ ਰਹੇ ਸਨ। ਸ਼ਾਮਿਆਨਿਆਂ ਦੇ ਜਲਵੇ ਦੂਰ ਦੂਰ ਤਕ ਵਿਖਾਈ ਦਿੰਦੇ। ਜੱਥਾ ਗੁਰੂਆਂ ਦਾ ਵੇਖ ਕੇ ਹੈਰਾਨ ਸੀ ਸਾਰਾ ਪਿੰਡ। ਇਹ ਸ਼ਾਹੀ ਜਲੂਸ ਨਾਲੋਂ ਵੀ ਚੜ੍ਹਦੀ ਕਲਾ ਵਿਚ ਸੀ। ਲੋਕ ਕਦੀ ਅੰਦਾਜ਼ਾ ਵੀ ਨਹੀਂ ਸਨ ਲਾ ਸਕਦੇ ਕਿ ਗੁਰਾਂ ਦਾ ਜੱਥਾ ਏਦਾਂ ਦਾ ਹੋਵੇਗਾ ਤੇ ਫੇਰ ਦੁਆਬੇ ਵਾਲੇ ਤਾਂ ਬਿਲਕੁਲ ਹੀ ਕੋਰੇ ਸਨ ਗੁਰੂਆਂ ਦੇ ਜਾਹੋ ਜਲਾਲ ਤੋਂ।

ਲੰਗਰ ਛਕਿਆ ਸੰਗਤਾਂ ਨੇ ਫੇਰ ਸ਼ਾਮਿਆਨੇ ਥਲੇ ਦੀਵਾਨ ਸਜਿਆ। ਗੁਰੂ ਹਰਿਰਾਏ ਜੀ ਨੇ ਆਖਿਆ ਸੌ ਹੱਥ ਰੱਸਾ ਤੇ ਸਿਰੇ ਤੇ ਗੰਢ। ਗੁਰੂ ਅਰਜਨ ਦੇਵ ਜੀ ਦੇ ਸ਼ਬਦ ਦਾ ਉਚਾਰਨ ਕੀਤਾ ਤੇ ਹੁਕਮ ਕੀਤਾ ਕਿ ਹਰ ਸਿੱਖ ਏਸ ਸ਼ਬਦ ਦਾ ਸਿਮਰਨ ਕਰੇ। ਏਸੇ ਨਾਲ ਆਨੰਦ ਮਿਲੇਗਾ। ਕਾਇਆ ਕੰਚਨ ਹੋਵੇਗੀ। ਮੁਨੱਵਰ ਹੋਵੇਗਾ ਹਿਰਦਾ—

"ਹਰਿ ਕਾ ਨਾਮੁ ਰਿਦੈ ਨਿਤ ਧਿਆਈ, ਸੰਗੀ ਸਾਥੀ ਸਗਲ ਤਰਾਂਈ।
ਗੁਰੁ ਮੇਰੇ ਸੰਗਿ ਸਦਾ ਹੈ ਨਾਲੇ, ਸਿਮਰਿ ਸਿਮਰਿ ਤਿਸੁ ਸਦਾ ਸਮਾਲੇ।
ਤੇਰਾ ਕੀਆ ਮੀਠਾ ਲਾਗੈ, ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।

ਏਸ ਸ਼ਬਦ ਨੇ ਲੋਕਾਂ ਦੇ ਮਨ ਪਵਿਤਰ ਕਰ ਦਿਤੇ। ਜਾਚ ਦਸੀ ਸਤਿਗੁਰਾਂ, ਧਨ ਤੇ ਨਾਮ ਨੂੰ ਇਕਠਿਆਂ ਜੋੜਨ ਦੀ ਤੇ ਨਾਲੇ ਹੁਕਮ ਕੀਤਾ ਕਿ ਜਦੋਂ ਅਰਦਾਸ ਕਰੋ ਨਾਮਦਾਨ ਦੀ ਜਾਚਨਾ ਵੀ ਕਰੋ।

ਹੁਸ਼ਿਆਰਪੁਰ ਟਿਕਾਣਾ ਤੇ ਕੀਤਾ ਸੀ ਪਰ ਲੰਗਰ ਛਕਾਉਣ ਵਿਚ ਅਜੇ ਲਗੇ ਹੀ ਸਨ ਸੇਵਕ ਗੁਰਾਂ ਨਾਲ ਕੋਈ ਚਰਚਾ ਹੀ ਨਾ ਹੋ ਸਕੀ ਤੇ ਨਾ ਫੁਰਸਤ ਹੀ ਮਿਲੀ ਤੇ ਨਾ ਰਾਤੀ ਮੇਲ ਹੀ ਹੋਇਆ। ਦਿਨ ਚੜ੍ਹਨ ਦਾ ਐਵੇਂ ਝਾਉਲਾ ਹੀ ਪਿਆ ਸੀ ਕਿ ਕਾਫਲੇ ਨੇ ਕੂਚ ਕਰ ਦਿਤਾ ਅਤੇ ਸੇਵਕ ਸੁਤੇ ਹੀ ਰਹਿ ਗਏ। ਕਾਫਲਾ ਭੰਗਾਣੀ ਤੋਂ ਵੀ ਅਗੇ ਲੰਘ ਚੁਕ੍ਹਾ ਸੀ।

ਸਿਰਫ ਸੇਵਾ, ਇਕੋ ਹੀ ਗਲ ਪਲੇ ਬੰਨ੍ਹੀ ਹੋਈ ਸੀ। ਹੁਸ਼ਿਆਰਪੁਰ ਦੀ ਸੰਗਤ ਨੇ ਸੇਵਾ ਨਾਮ ਦੇ ਬਗੈਰ ਤੋਂ ਕਾਹਦੀ। ਬਾਣੀ ਤੋਂ ਬਗੈਰ ਸਰੀਰ ਕਾਹਦਾ। ਸੇਵਕ ਏਨੇ ਥਕ ਗਏ ਸਨ ਕਿ ਉਨ੍ਹਾਂ ਨੂੰ ਸੁਧ ਬੁਧ ਹੀ ਨਹੀਂ ਸੀ ਰਹੀ।

ਮਗਰ ਨਸੇ ਗਏ ਤੇ ਗੁਰਾਂ ਤੋਂ ਖਿਮਾ ਮੰਗੀ। ਆਪਣੇ ਦਿਲ ਦੀ ਅਵਸਥਾ ਆਖ ਸੁਣਾਈ ਤੇ ਆਪਣੀ ਮੂਰਖਤਾ ਤੇ ਪਛਤਾਈ।

—ਭਾਈ ਤਾਰਾ, ਭਾਈ, ਚੰਦਾ, ਭਾਈ ਨਰੈਣ ਦਾਸ ਜਾਓ ਤੁਸੀਂ ਹੁਣ ਬਾਣੀ ਦਾ ਭੰਡਾਰ ਹੋ। ਤੁਸੀਂ ਬਾਣੀ ਦੀਆਂ ਮੁਠੀਆਂ ਭਰ ਕੇ ਵੰਡੋ। ਛੱਟੇ ਮਾਰੋ ਚਾਨਣ ਦੇ।

ਤੁਹਾਨੂੰ ਪਰਚਾਰ ਕਰਨ ਤੇ ਭਾਈ ਦੀ ਪਦਵੀ ਬਖਸ਼ੀ।

ਜਾਓ ਆਪਣਾ ਜੀਵਨ ਵੀ ਸਫਲ ਬਣਾਓ ਤੇ ਲੋਕਾਂ ਦੀ ਕਾਇਆ ਨੂੰ ਕੁੰਦਨ ਕਰੋ ਤੁਹਾਡੇ ਤੇ ਦਾਤੇ ਦੀਆਂ ਮਿਹਰਾਂ ਹੋਣਗੀਆਂ।

ਹੁਸ਼ਿਆਰਪੁਰ, ਏਥੇ ਹਰ ਗੁਰੂ ਸਾਹ ਲੈ ਕੇ ਅਗੇ ਜਾਏਗਾ। ਹੁਸ਼ਿਆਰਪੁਰ ਆਰਾਮ ਗਾਹ ਹੋਵੇਗੀ ਸਦਾ ਹੀ।

ਮਨ ਜੋੜੋ ਬਾਣੀ ਨਾਲ, ਸੇਵਾ ਵੀ ਕਰੋ ਤੇ ਕਰਮ ਵੀ ਕਰੋ। ਕਿਰਤ ਬਹੁਤ ਜ਼ਰੂਰੀ ਏ। ਕਰਮ ਵੀ ਬਲਵਾਨ ਏ।

□

੬੨

ਗੁਰੂ ਨਗਰੀ ਕਰਤਾਰਪੁਰ

—ਕੀ ਲੋਟਾ ਲਭਣ ਚਲਿਆ ਏਂ, ਗੰਗਾ ਨੂੰ? ਲੋਟਾ ਸੋਨੇ ਦਾ ਸੀ ਜਾਂ ਸਵਰਗ ਵਿਚੋਂ ਆਇਆ ਸੀ?

—ਨਹੀਂ ਸਤਿਗੁਰ ਲੋਟਾ ਮੇਰੇ ਬਜ਼ੁਰਗਾਂ ਦੀ ਨਿਸ਼ਾਨੀ ਸੀ। ਲੋਕ ਆਖਦੇ ਹਨ ਕਿ ਜਦ ਗੰਗਾ ਵਿਚ ਲੋਟਾ ਰੁੜ੍ਹ ਗਿਆ ਏ ਤੇ ਦੂਜੇ ਸਾਲ ਕੁੰਭ ਵਾਲੇ ਦਿਨ ਤੁਸੀਂ ਜਾ ਕੇ ਗੰਗਾ ਵਿਚ ਚੁਭੀ ਮਾਰੋ ਤੇ ਆਪਣਾ ਲੋਟਾ ਲਭ ਲਵੋ। ਪਰ ਲੋਟੇ ਦੀ ਪਹਿਚਾਣ ਜ਼ਰੂਰੀ ਏ। ਗੰਗਾ, ਪਤਿਤ ਪਾਵਨੀ ਏ।

—ਰੁੜ੍ਹਿਆ ਲੋਟਾ ਵੀ ਕਦੇ ਮਿਲ ਸਕਦਾ ਏ। ਵਗਦੇ ਪਾਣੀ ਵਲ ਚੀਜ਼ ਰੁੜ੍ਹ ਜਾਏ ਤੇ ਕਦੀ ਉਹ ਚੜ੍ਹਦੇ ਪਾਣੀ ਵਲ ਕਿਦਾਂ ਆਉਣੀ ਏ।

—ਸਤਿਗੁਰ ਮੈਂ ਕੀ ਜਾਣਾ। ਪੰਡਤਾਂ ਨੇ ਏਦਾਂ ਹੀ ਸਮਝਾਇਆ ਏ। ਏਸੇ ਲਈ ਹਰਿਦੁਆਰ ਚਲਿਆ ਹਾਂ।

—ਭਲਿਆ ਲੋਕਾ ਤੂੰ ਐਵੇਂ ਭੁਲੇਖੇ ਵਿਚ ਪੈ ਗਿਆ ਹੈਂ, ਲੋਟੇ ਨੇ ਹਰਿਦੁਆਰ ਕੀ ਲਭਣਾ ਏ। ਗੰਗਾ ਦਾ ਸਰੋਤ ਪੰਜਾਬ ਦੀ ਧਰਤੀ ਨਾਲ ਵੀ ਏ। ਔਹ ਖੂਹ ਏ ਨਾ, ਉਹਨੂੰ ਗੰਗਸਰ ਆਖਦੇ ਹਨ। ਤੇ ਇਹਦਾ ਸਬੰਧ ਸਿਧਾ ਗੰਗਾ ਨਾਲ ਏ। ਇਹਦੇ ਵਿਚ ਚੁਭੀ ਮਾਰੋ ਸ਼ਾਇਦ ਲੋਟਾ ਇਥੋਂ ਨਿਕਲ ਪਵੇ। ਪੰਜਾਬ ਦੇ ਜਲ ਨਾਲ ਗੰਗਾ ਦੇ ਜਲ ਦੀ ਰਿਸ਼ਤੇਦਾਰੀ ਜੁੜੀ ਹੋਈ ਏ। ਸ਼ਾਇਦ ਹਰਿਦੁਆਰ ਵਿਚ ਗਵਾਚੀ ਚੀਜ਼ ਕਰਤਾਰਪੁਰ ਵਿਚ ਮਿਲ ਜਾਏ।

ਗੁਰੂ ਦੇ ਆਖਣ ਦੇ ਗੰਗਾ ਦੇ ਭਗਤ ਨੇ ਖੂਹ ਵਿਚ ਛਾਲ ਕਢ ਮਾਰੀ। ਦੋ ਚਾਰ ਚੁਭੀਆਂ ਮਾਰੀਆਂ, ਲੋਟਾ ਹੱਥ ਵਿਚ ਆਇਆ। ਧੋਤਾ ਤੇ ਖੂਹ ਵਿਚ ਹੀ ਮਾਂਜਿਆ ਤੇ ਫੇਰ ਆਪਣੇ ਬਜ਼ੁਰਗਾਂ ਦਾ ਲਿਖਿਆ ਨਾਂ ਉਹਦੇ ਉਤੇ ਪੜ੍ਹਿਆ। ਲੋਟੇ ਨੂੰ ਪੁਠਾ ਸਿਧਾ ਕਰਕੇ ਚੰਗੀ ਤਰ੍ਹਾਂ ਪਹਿਚਾਣ ਕੀਤੀ। ਬਾਹਰ ਆਣ ਕੇ ਗੁਰੂ ਅਰਜਨ ਦੇਵ ਦੇ ਚਰਨਾਂ ਤੇ ਆਣ ਲਗਾ।

ਸਤਿਗੁਰ ਲੋਟਾ ਲਭ ਗਿਆ ਏ, ਗੰਗਾ ਵਿਚ ਗਵਾਚਾ ਸੀ ਪਰ ਕਰਤਾਰਪੁਰ ਵਿਚ ਆਣ ਮਿਲਿਆ ਏ। ਇਹ ਕਰਿਸ਼ਮਾ ਸੀ ਜਾਂ ਕਰਾਮਾਤ, ਗਵਾਚੇ ਹਰਿਦਵਾਰ ਤੇ ਲਭੇ ਕਰਤਾਰਪੁਰ।

ਕੁਦਰਤ ਦੇ ਕਰਿਸ਼ਮੇ ਹਨ, ਭਗਤ ਜੀ, ਪ੍ਰਭੂ ਦੀ ਮਾਇਆ ਹੈ। ਪ੍ਰੇਮ ਦੇ ਜਾਲ ਹਰ ਥਾਂ ਵਿਛੇ ਹੋਏ ਹਨ। ਪ੍ਰਭੂ ਹਰ ਥਾਂ ਵਸਦਾ ਏ। ਸਾਰੀ ਸ੍ਰਿਸ਼ਟੀ ਉਸੇ ਭਗਵਾਨ ਦੀ ਏ। ਉਹਦੀਆਂ ਉਹੋ ਹੀ ਜਾਣੇ।

ਗੰਗਾ ਭਗਤ ਨੂੰ ਪੁਛਿਆ ਸਤਿਗੁਰਾਂ:

—ਤੂੰ ਏ ਦਸ ਭਈ ਗੰਗਾ ਜਾਣ ਦਾ ਕੋਈ ਲਾਭ ਹੈ। ਗੰਗਾ ਘਰ ਵਿਚ ਹੀ ਹੈ। ਦੂਰ ਕਿਧਰੇ ਜਾਣ ਦੀ ਲੋੜ ਨਹੀਂ।

ਪੰਡਤਾਂ, ਬ੍ਰਾਹਮਣਾਂ ਦਾ ਜਾਲ ਏਨਾ ਚੌੜਾ ਤੇ ਸੰਘਣਾ ਸੀ। ਬੰਦਾ ਫਸਿਆ ਸਾਰੀ ਹਯਾਤੀ ਵਿਚ ਕਦੀ ਨਹੀਂ ਸੀ ਨਿਕਲ ਸਕਦਾ। ਪੰਡਤਾਂ ਨੇ ਸਵਰਗ ਤੇ ਨਰਕ ਦੇ ਝਾਂਸੇ ਦੇ ਕੇ ਲੋਕਾਂ ਦੇ ਮਨ ਬੇਚੈਨ ਕਰ ਦਿਤੇ ਸਨ। ਜੰਮੇ ਤੇ ਬ੍ਰਾਹਮਣ, ਨਾਮ ਕਰਨ ਕਰਨਾ ਤੇ ਬ੍ਰਾਹਮਣ। ਚੌਕੇ ਚਾੜ੍ਹਨਾ ਏ ਤਾਂ ਬ੍ਰਾਹਮਣ। ਜਵਾਨ ਹੋਇਆ, ਮੰਗਣੀ ਕਰਨੀ ਏ ਤਾਂ ਲੋੜ ਏ ਬ੍ਰਾਹਮਣ ਦੀ। ਵਿਆਹ ਬ੍ਰਾਹਮਣ ਤੋਂ ਬਗੈਰ ਹੋ ਨਹੀਂ ਸਕਦਾ। ਡੋਲੀ ਵੀ ਬ੍ਰਾਹਮਣ ਦੀ ਆਗਿਆ ਨਾਲ ਹੀ ਤੁਰੂ। ਜਵਾਨੀ ਹੰਢਾਈ, ਬੁਢਾਪਾ ਆਇਆ, ਖੰਘ ਲਗੀ, ਤਾਪ ਚੜ੍ਹਿਆ, ਦਮ ਉਖੜਿਆ, ਮੋਇਆ ਤਾਂ ਬ੍ਰਾਹਮਣ। ਅਰਥੀ ਚੁਕਣੀ ਏ ਤਾਂ ਲੋੜ ਬ੍ਰਾਹਮਣ ਦੀ ਏ। ਚਿਤਾ ਨੂੰ ਅਗ ਦੇਣੀ ਏ ਤਾਂ ਸੱਦੋ ਬ੍ਰਾਹਮਣ। ਪਿੰਡ ਭਰਾਓ, ਫੁਲ ਤਾਰੋ, ਜਦ ਤਕ ਬੰਦੇ ਦੀ ਮਿੱਟੀ ਨਹੀਂ ਉਡ ਜਾਂਦੀ ਖੋਜ ਖੁਰਾ ਬਾਕੀ ਨਹੀਂ ਰਹਿੰਦਾ ਬ੍ਰਾਹਮਣ ਉਹਦਾ ਖਹਿੜਾ ਨਹੀਂ ਛੱਡਦੇ। ਇਹ ਤੇ ਸਤਿਗੁਰਾਂ ਦੀਆਂ ਮਿਹਰਾਂ ਸਨ ਜਿਨ੍ਹਾਂ ਸਾਡਾ ਭਰਮ ਜਾਲ ਤੋੜਿਆ।

ਅਮਰ ਨਾਮੇ ਵਿਚ ਲਿਖਿਆ ਏ ਅਬਦੁਲੇ ਤੇ ਨੱਥੇ ਨੇ। ਦੋਵੇਂ ਵਾਰਾਂ ਗਾਉਣ ਵਾਲੇ ਸਨ ਪਹਿਲੀ ਸਾਖੀ ਤੇ ਤੁਸੀਂ ਸੁਣ ਹੀ ਲਈ ਏ ਤੇ ਦੂਜੀ ਵੀ ਸੁਣ ਲਵੋ ਮਤਾਂ ਭੁਲ ਈ ਨਾ ਜਾਏ।

ਗਲ ਬਾਬੇ ਬਕਾਲੇ ਦੀ ਏ। ਇਕ ਗਰੀਬ ਬੰਦਾ ਬਕਾਲੇ ਵਿਚ ਰਹਿੰਦਾ ਸੀ। ਉਹਦੇ ਪਿਓ ਦੀ ਮੌਤ ਹੋ ਗਈ ਮੰਜੇ ਤੇ ਹੀ। ਘਰ ਵਾਲੇ ਉਹਨੂੰ ਭੁੰਜੇ ਨਾ ਲਾ ਸਕੇ। ਬ੍ਰਾਹਮਣ ਦੇ ਘਰ ਓਸ ਰਾਤੀਂ ਖ਼ਬਰ ਕੀਤੀ ਕੱਛਾਂ ਮਾਰਦੇ ਬ੍ਰਾਹਮਣ ਉਸੇ ਵੇਲੇ ਗਰੀਬ ਦੇ ਘਰ ਆਣ ਪੁਜੇ। ਪਹਿਲਾਂ ਬੁਲ੍ਹ ਅਟੇਰੇ, ਅਫਸੋਸ ਕੀਤਾ, ਮਾੜਾ ਹੋਇਆ ਏ, ਚੰਗਾ ਬੰਦਾ ਸੀ, ਪਰ ਇਕ ਗਲੋਂ ਘਰ ਵਾਲੇ ਖੁੰਝ ਗਏ ਹਨ, ਮੰਜੇ ਤੇ ਨਹੀਂ ਸੀ ਮਰਨਾ ਚਾਹੀਦਾ। ਦੀਵਾ ਵੱਟੀ ਜ਼ਰੂਰ ਹੋਣੀ ਚਾਹੀਦੀ ਸੀ। ਇਹ ਗਲ ਹਿੰਦੂ ਧਰਮ ਵਿਚ ਬਹੁਤ ਜ਼ਰੂਰ ਮੰਨੀ ਜਾਂਦੀ ਏ। ਏਸ ਤਰ੍ਹਾਂ ਪ੍ਰਾਣੀ ਦੀ ਮੁਕਤ ਨਹੀਂ ਹੁੰਦੀ। ਘਰ ਵਾਲਿਆਂ ਦਾ ਪਿਓ ਮਰ ਗਿਆ ਸੀ ਘਰ ਦਾ ਬੂਹਾ ਦੂਜੇ ਪਾਸੇ ਲਗ ਗਿਆ। ਇਕ ਤੇ ਘਰੋਂ ਬੰਦਾ ਗਿਆ ਤੇ ਦੂਜੇ ਬ੍ਰਾਹਮਣਾਂ ਨੇ ਲੁਟ ਮਚਾ ਦਿਤੀ।

ਆਖਣ ਲਗਾ ਇਕ ਬ੍ਰਾਹਮਣ ਪ੍ਰਾਣੀ ਨੇ ਮੰਜੇ ਤੇ ਜਾਨ ਦਿਤੀ ਏ, ਏਸ ਲਈ ਬ੍ਰਹਮ ਭੋਜ ਜ਼ਰੂਰੀ ਏ। ਤਾਂਹੀਏ ਪ੍ਰਾਣੀ ਨੂੰ ਸ਼ਾਂਤੀ ਮਿਲੇਗੀ ਇਹਦੇ ਕਲਿਆਣ ਲਈ ਘਰ ਵਾਲੇ ਜੇ ਨਾ ਕਰਨ ਤਾਂ ਬਾਹਰ ਵਾਲਿਆਂ ਨੂੰ ਕੀ ਮੁਸੀਬਤ ਏ।

ਆਖਰਕਾਰ ਘਰ ਵਾਲੇ ਲਕੋਂ ਫਾਹੇ ਆ ਗਏ। ਘਰ ਨੂੰ ਹੂੰਝ ਕੂਚ ਕੇ ਬ੍ਰਹਮ ਭੋਜ ਦਾ ਪ੍ਰਬੰਧ ਕੀਤਾ। ਬ੍ਰਾਹਮਣਾ ਖਾਹ ਪੀ ਕੇ ਢਿਡ ਤੇ ਹੱਥ ਫੇਰ ਕੇ ਡਕਾਰ ਮਾਰ ਕੇ ਲਾਂਭੇ ਹੋ ਗਏ ਤੇ ਅਜੇ ਵੀ ਉਨ੍ਹਾਂ ਦਾ ਇਕ ਉਲਾਂਭਾ ਬਾਕੀ ਸੀ, ਦੱਛਣਾ, ਚੰਦ ਘਸਾਈ, ਜੋ ਕੁਝ ਵੀ ਉਨ੍ਹਾਂ ਦੇ ਪੱਲੇ ਬਾਕੀ ਬਚਿਆ ਸੀ ਉਹ ਸਾਰਾ ਉਨਾਂ ਦੀ ਝੋਲੀ ਪਾ ਕੇ ਆਪ ਨੰਗ ਧੜੰਗ ਹੋ ਕੇ ਬਹਿ ਗਏ।

ਇਕ ਬ੍ਰਾਹਮਣ ਹੋਰ ਆ ਗਿਆ ਤੇ ਆਖਣ ਲਗਾ ਬ੍ਰਹਮ ਭੋਜ ਤੇ ਹੋ ਗਿਆ ਪਰ ਗੰਗਾ ਇਸ਼ਨਾਨ ਵੀ ਜ਼ਰੂਰੀ ਏ। ਭਾਈ ਭਾਵੇਂ ਘਰ ਵੇਚ ਤੇ ਭਾਵੇਂ ਘਰ ਗਹਿਣੇ ਪਾ। ਤੇਰੇ ਲਈ ਗੰਗਾ ਇਸ਼ਨਾਨ ਬਹੁਤ ਜ਼ਰੂਰੀ ਏ ਤਾ ਕਿ ਤੇਰੇ ਪਿਤਰ ਖੁਸ਼ ਹੋਣ। ਘਰ ਵਾਲਿਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ।

ਘਰ ਵਾਲਿਆਂ ਦੇ ਪੱਲੇ ਹੁਣ ਸਿਰਫ ਆਪਣਾ ਆਪ ਹੀ ਸੀ। ਮਜਬੂਰ ਹੋ ਗਏ। ਰਾਹ ਲਭ ਰਹੇ ਸਨ। ਇਕ ਗਵਾਂਢੀ ਨੇ ਪੁਛਿਆ, ਕੀ ਗਲ ਏ, ਸਿਰ ਸੁਟ ਕੇ ਬੈਠੇ ਹੋਏ ਹੋ।

—ਜੋ ਕੁਝ ਸਾਡੀ ਝੋਲੀ ਵਿਚ ਸੀ ਬ੍ਰਾਹਮਣਾਂ ਦੀ ਝੋਲੀ ਪਾ ਦਿਤਾ ਤੇ ਹੁਣ ਉਨ੍ਹਾਂ ਇਕ ਪਹਾੜ ਹੋਰ ਸੁਟ ਦਿਤਾ ਏ ਕਿ ਗੰਗਾ ਇਸ਼ਨਾਨ ਜ਼ਰੂਰ ਜਾਓ।

—ਜੇ ਗੰਗਾ ਇਸ਼ਨਾਨ ਨਾ ਕਰੀਏ ਤਾਂ ਕੀ ਪਹਾੜ ਡਿਗ ਪਏਗਾ।

—ਬ੍ਰਾਹਮਣ ਆਖਦੇ ਹਨ ਕਿ ਪਿਤਰਾਂ ਨੂੰ ਸ਼ਾਂਤੀ ਨਹੀਂ ਮਿਲੇਗੀ।

—ਭਈ ਖ਼ੂਬ, ਇਨ੍ਹਾਂ ਰੱਬ ਨਾਲ ਭਾਈਵਾਲੀ ਪਾਈ ਹੋਈ ਏ। ਬੰਦੇ ਖੁਦਾ ਗੁਰੂ ਅਰਜਨ ਦੇਵ ਗੰਗ ਸਰ ਦੀ ਸੇਵਾ ਕਰਵਾ ਰਹੇ ਹਨ। ਜਾਹ ਜਾ ਕੇ ਉਨ੍ਹਾਂ ਅਗੇ ਫਰਿਆਦ ਕਰ ਉਹ ਰਾਹ ਦਸਣਗੇ।

ਰੋਂਦਾ ਧੋਂਦਾ ਘਰ ਵਾਲਾ ਗੁਰੂ ਦੀ ਹਾਜ਼ਰੀ ਵਿਚ ਜਾ ਹਾਜ਼ਰ ਹੋਇਆ।

ਸਤਿਗੁਰ ਇਕ ਤੇ ਬੰਦਾ ਘਰੋਂ ਗਿਆ ਤੇ ਦੂਜਾ ਬ੍ਰਾਹਮਣਾਂ ਪਹਿਲਾਂ ਹੀ ਬ੍ਰਹਮ ਭੋਜ ਤੇ ਹੁਣ ਗੰਗਾ ਇਸ਼ਨਾਨ ਜ਼ਰੂਰੀ ਕਰ ਦਿਤਾ ਏ। ਜੋ ਕੁਝ ਘਰ ਵਿਚ ਸੀ ਹੂੰਝ ਹਾਂਝ ਕੇ ਲੈ ਗਏ ਹਨ ਘਰ ਵਿਚੋਂ ਰੁਪਈਆ ਪੈਸਾ, ਹੁਣ ਤੇ ਸਿਰਫ ਉਲੂ ਹੀ ਬੋਲਦੇ ਹਨ। ਮੈਥੋਂ ਬ੍ਰਾਹਮਣਾਂ ਦੀ ਕੋਈ ਸ਼ਰਤ ਪੂਰੀ ਨਹੀਂ ਹੋ ਸਕੇਗੀ। ਮੈਂ ਤੇ ਹੁਣ ਆਤਮ ਹਤਿਆ ਕਰਨ ਜਾ ਰਿਹਾ ਹਾਂ।

ਗੁਰਾਂ ਫੁਰਮਾਇਆ, ਬ੍ਰਾਹਮਣਾਂ ਏਨੀ ਅਤ ਚੁਕੀ ਹੋਈ ਏ। ਇਨ੍ਹਾਂ ਨੂੰ ਕੁਝ ਨਹੀਂ ਦੇਣਾ।

ਗੁਰਾਂ ਦਾ ਸਾਰੇ ਪੰਜਾਬ ਦੇ ਲੋਕਾਂ ਦੇ ਸਿਰ ਤੇ ਕਿਰਪਾ ਦਾ ਹੱਥ ਏ । ਤੁਸਾਂ ਆਪਣੇ ਪਿਤਾ ਨੂੰ ਸਵਰਗ ਵਿਚ ਵੇਖਣਾ ਏ ਵੇਖ ਲਵੋ । ਗੁਰਾਂ ਨੇ ਘਰ ਵਾਲਿਆਂ ਨੂੰ ਆਪਣੇ ਪਿਤਾ ਦੇ ਸਵਰਗਾਂ ਵਿਚ ਦਰਸ਼ਨ ਕਰਵਾ ਦਿਤੇ ।

ਸਜਣਾ ਕੋਈ ਕਿਸੇ ਨੂੰ ਸਵਰਗ ਵਿਚ ਨਹੀਂ ਭੇਜ ਸਕਦਾ ਤੇ ਨਾ ਹੀ ਕੋਈ ਬੰਦਾ ਆਪਣੀ ਮਰਜ਼ੀ ਨਾਲ ਨਰਕ ਭੋਗਣ ਜਾਂਦਾ ਏ । ਪਰਮੇਸ਼ਵਰ ਦੇ ਭੁਲਿਆਂ ਰੋਗ ਆਉਂਦੇ ਹਨ । ਭਾਈ ਭਗਤੂ ਦਾ ਅਕਾਲ ਚਲਾਣਾ ਹੋ ਗਿਆ ਸੀ । ਗੁਰੂ ਹਰਿਰਾਏ ਜੀ ਨੇ ਆਪ ਸਸਕਾਰ ਕੀਤਾ ਤੇ ਲੋਕਾਂ ਨੂੰ ਇਹ ਵੀ ਦਸਿਆ ਕਿ ਬਾਣੀ ਪੜ੍ਹੋ, ਸੇਵਾ ਕਰੋ, ਗੁਰੂ ਤੇ ਨਿਸਚਾ ਰਖੋ ! ਗੁਰੂ ਆਪ ਨਿਗੇਹਬਾਨ ਹੈ! ਪੰਜਾਬ ਦਾ ਰਾਖਾ ਆਪ ਗੁਰੂ ।

□

੬੩

ਨੂਰ ਮਹਿਲ

ਇਕ ਪਾਸੇ ਤਾਂ ਸੰਗਤਾਂ ਦਾ ਉਤਸ਼ਾਹ ਸੀ ਤੇ ਗੁਰਦਰਸ਼ਨ ਕੀਤੇ ਜਾਣ ਅਤੇ ਜਨਮ ਸਫਲ ਬਣਾਇਆ ਜਾਵੇ ਅਤੇ ਦੂਜੇ ਪਾਸੇ ਗੁਰੂ ਇਹ ਵੀ ਚਾਹੁੰਦੇ ਸਨ ਕਿ ਏਥੇ ਪੰਜ ਗੁਰਧਾਮਾਂ ਦੇ ਦਰਸ਼ਨ ਵੀ ਹੋ ਜਾਣਗੇ । ਜਿਹੜੀਆਂ ਧਰਮਸ਼ਾਲਾ ਪਹਿਲਾਂ ਬਣ ਗਈਆਂ ਸਨ ਉਨ੍ਹਾਂ ਦਾ ਇੰਤਜ਼ਾਮ ਕਈ ਜਗ੍ਹਾ ਤੇ ਸੰਗਤ ਆਪ ਕਰਦੀ ਤੇ ਕਈ ਜਗ੍ਹਾ ਤੇ ਸੰਗਤ ਵਲੋਂ ਮਸੰਦ ਚੁਣੇ ਜਾਂਦੇ । ਮਸੰਦ ਭਾਵੇਂ ਗੁਰੂਆਂ ਦੇ ਰਾਖਵੇਂ ਹੀ ਸਨ । ਏਸ ਗਲ ਦੀ ਖ਼ਬਰ ਲੈਣੀ ਜ਼ਰੂਰੀ ਸੀ ਕਿ ਮਸੰਦ ਪ੍ਰਬੰਧ ਠੀਕ ਕਰਦੇ ਹਨ ਜਾਂ ਆਪਣੇ ਦਮਾਮੇ ਮਾਰ ਰਹੇ ਹਨ ਕਈ ਜਗ੍ਹਾ ਤੇ ਨਾਂ ਦਾ ਢੰਡੋਰਾ ਹੀ ਪਿਟੀ ਜਾ ਰਹੇ ਸਨ। ਜਦ ਤਕ ਮਾਲਕ ਆਪਣੇ ਕਬੀਲੇ ਦੀ ਖ਼ਬਰ ਨਹੀਂ ਲੈਂਦਾ ਘਰ ਦੀ ਰਾਖੀ ਵਲ ਧਿਆਨ ਨਹੀਂ ਦੇਂਦਾ ਉਨਾ ਚਿਰ ਬਾਰਾਂਦਰੀਆਂ ਦੀ ਰੌਣਕ ਕਾਇਮ ਨਹੀਂ ਰਹਿੰਦੀ । ਮਸੰਦ ਕਈ ਜਗ੍ਹਾ ਤੇ ਮੂੰਹ ਜ਼ੋਰ ਵੀ ਹੋ ਚੁੱਕੇ ਸਨ ਤੇ ਕਈ ਵਾਰ ਮਸੰਦ ਬਦਲੇ ਵੀ ਜਾਂਦੇ । ਗੁਸਤਾਖ਼ ਮਸੰਦ ਜਦ ਸੀਨਾ ਜ਼ੋਰੀ ਕਰਦੇ ਤੇ ਨਾਂ ਤਾਂ ਗੁਰੂਆਂ ਦਾ ਹੀ ਬਦਨਾਮ ਹੁੰਦਾ । ਆਮ ਲੋਕ ਤੇ ਇਹੋ ਹੀ ਸਮਝਦੇ ਸਨ ਕਿ ਇਹ ਸਭ ਕੁਝ ਗੁਰੂ ਦੇ ਹੁਕਮ ਨਾਲ ਹੀ ਹੋ ਰਿਹਾ ਹੈ । ਭਾਵੇਂ ਵਿਚਾਰੇ ਗੁਰੂ ਨੂੰ ਉਹਦੀ ਖ਼ਬਰ ਵੀ ਨਾ ਹੋਵੇ । ਏਸੇ ਲਈ ਰਟਨ ਕਰਨਾ ਤੇ ਸੰਗਤ ਦੇ ਦੁੱਖ ਸੁੱਖ ਵਿਚ ਭਾਈਵਾਲ ਬਣਨਾ ਹਰ ਗੁਰੂ ਦਾ ਫਰਜ਼ ਬਣਦਾ ਏ ।

ਗੁਰੂ ਹਰਿਰਾਏ ਨੇ ਕਰਤਾਰਪੁਰ ਵਿਚ ਆਪਣਾ ਜਿੰਨੇ ਦਿਨ ਕਿਆਮ ਕੀਤਾ, ਉਨੇ ਦਿਨ ਦੂਰੋਂ ਨੇੜਿਉਂ ਸੰਗਤ ਦਰਸ਼ਨਾਂ ਨੂੰ ਆਉਂਦੀ ਰਹੀ । ਵਹੀਰਾਂ ਘਤ ਲੋਕ ਆਉਂਦੇ ਰਹੇ । ਪਰ ਜਿਥੇ ਗੁਰਾਂ ਨੇ ਚਰਨ ਨਹੀਂ ਸਨ ਪਾਏ ਉਹ ਤੇ ਰੋਜ਼ ਹਾਜ਼ਰੀ ਭਰਦੇ ਅਤੇ ਅਰਜ਼ ਕਰਦੇ ਹਜ਼ੂਰ ਸਾਡੀ ਵੀ ਨਗਰੀ ਚਰਨ ਪਾਵੋ ਤਾ ਕਿ ਸਾਡਾ ਪਿੰਡ ਵੀ ਗੁਰੂ ਵਾਲਾ ਬਣ ਜਾਏ ।

ਨਿਉਤਾ ਦੇਣ ਵਾਲੇ ਬਹੁਤੇ ਸਨ ਪਰ ਇਕੱਲੇ ਗੁਰੂ ਕਿਸ ਕਿਸ ਜਗ੍ਹਾ ਜਾ ਸਕਦੇ ਸਨ ।

ਉਨ੍ਹਾਂ ਇਕ ਗਾਡੀ ਰਾਹ ਉਲੀਕ ਲਿਆ ਤੇ ਸੰਗਤ ਨੂੰ ਦਸ ਦਿਤਾ ਕਿ ਅਸੀਂ ਇਨ੍ਹਾਂ ਇਨ੍ਹਾਂ ਥਾਵਾਂ ਤੇ ਹੋ ਕੇ ਜਾਵਾਂਗੇ। ਸੰਗਤ ਉਸੇ ਹਿਸਾਬ ਦਰਸ਼ਨ ਕਰਨ ਆਉਂਦੀ। ਜਿਥੇ ਗੁਰੂ ਦਾ ਡੇਰਾ ਲਗਦਾ ਉਹਦੇ ਆਸੇ ਪਾਸੇ ਦੇ ਵੀਹ ਪਿੰਡ ਇਕੱਠੇ ਹੋ ਜਾਂਦੇ। ਏਸ ਤਰ੍ਹਾਂ ਗੁਰੂ ਮਹਿਮਾ ਵੱਧਦੀ। ਸੰਗਤ ਹੌਲੀ ਹੌਲੀ ਗੁਰੂ ਵਾਲੀ ਬਣਦੀ ਜਾ ਰਹੀ ਸੀ। ਪੰਜਾਬ ਵਾਲੇ ਤੇ ਗੁਰੂ ਦਾ ਨਾਂ ਲੈ ਕੇ ਜਿਉਂਦੇ ਸਨ। ਮੁਸਲਮਾਨਾਂ ਵਿਚ ਗੁਰੂ ਦੇ ਕਲਾਮ ਦਾ ਬੜਾ ਸਤਿਕਾਰ ਸੀ। ਸੂਫ਼ੀ ਤੇ ਇਉਂ ਜਾਪਦੇ ਸਨ ਜਿਵੇਂ ਮਾਸੀ, ਫੂਫ਼ੀ ਦੇ ਭਰਾ ਹਨ। ਉਹ ਹਿੰਦੂ ਵਰਨ ਜਾਤੀ ਵਾਲੇ ਸਨ ਜਿਹੜੇ ਉਹ ਨੀਵੀਆਂ ਜਾਤਾਂ ਵਾਲਿਆਂ ਨੂੰ ਨੇੜੇ ਨਹੀਂ ਸਨ ਲਗਣ ਦੇਂਦੇ। ਉਨ੍ਹਾਂ ਤੇ ਗੁਰੂ ਦੇ ਚਰਨ ਆਣ ਕੇ ਫੜਨੇ ਹੀ ਸਨ। ਹਿੰਦੂ ਜ਼ਾਤੀ ਦੇ ਧਨਾਢ, ਖਾੜਕੂ ਅਤੇ ਉਚੀ ਜ਼ਾਤੀ ਵਾਲੇ ਵੀ ਗੁਰੂਆਂ ਤੇ ਆਪਣੀ ਸ਼ਰਧਾ ਰਖਣ ਲਗ ਪਏ ਸਨ।

ਗੁਰੂ ਕਿਸੇ ਕੋਲੋਂ ਮੰਗਦੇ ਨਹੀਂ ਸਨ ਤੇ ਨਾ ਹੀ ਜ਼ਬਰਦਸਤੀ ਕਰ ਵਸੂਲ ਕਰਦੇ ਸਨ। ਲੋਕ ਆਪੋ ਆਪਣੀ ਸ਼ਰਧਾ ਅਧੀਨ ਮੱਥੇ ਟੇਕ ਜਾਂਦੇ। ਭਾਵੇਂ ਸਾਰੇ ਕੰਮ ਮਾਇਆ ਦੇ ਪਰਤਾਪ ਨਾਲ ਹੀ ਹੁੰਦੇ ਹਨ। ਪਰ ਕਈ ਕੰਮ ਗੁਰੂ ਦੇ ਜਲਾਲ ਨਾਲ ਵੀ ਸੰਪੂਰਨ ਹੁੰਦੇ ਹਨ। ਸੰਗਤ ਜਿਥੇ ਵੀ ਮਾਇਆ ਇਕੱਠੀ ਕਰਦੀ ਗੁਰੂ ਉਥੇ ਹੀ ਲੰਗਰ ਲਵਾਉਂਦੇ, ਧਰਮਸ਼ਾਲਾ ਬਣਾਉਣ ਤੇ ਖ਼ਰਚ ਕਰ ਦੇਂਦੇ। ਇਸ ਲਈ ਆਮ ਲੋਕ ਵੀ ਦਿਲ ਖੋਲ੍ਹ ਕੇ ਗੁਰੂ ਭੇਟਾ ਦੇਂਦੇ। ਧਰਮਸ਼ਾਲਾਵਾਂ ਵਜੂਦ ਵਿਚ ਆ ਰਹੀਆਂ ਸਨ। ਗੁਰੂ ਅਸਥਾਨ ਬਣ ਰਹੇ ਸਨ। ਲੰਗਰ ਲਾਉਣ ਤੇ ਚਲਾਉਣ ਦੀ ਲੋਕਾਂ ਨੂੰ ਜਾਚ ਆ ਗਈ ਸੀ।

ਆਪਣੇ ਘਰ ਦੀ ਰਸਦ, ਅਸਾਂ ਆਪਣੇ ਘਰ ਵਿਚ ਤੇ ਖਾਣੀ ਏ। ਜੇ ਗੁਰੂ ਭੇਟਾ ਦਿਤੀ ਗਈ ਤਾਂ ਉਹ ਵੀ ਤੇ ਅਸਾਂ ਹੀ ਖਾਣੀ ਏ। ਗੁਰਾਂ ਨੇ ਤੇ ਉਹਦੇ ਵਿਚੋਂ ਕੁਝ ਨਹੀਂ ਲੈਣਾ ਤੇ ਨਾ ਹੀ ਕੁਝ ਕਿਸੇ ਨੇ ਖਾਣਾ ਹੀ ਏ। ਦੋ ਟਿੱਕੀਆਂ ਗੁਰਾਂ ਦੇ ਹਿੱਸੇ ਆਉਣੀਆਂ ਨੇ। ਘਰੋਂ ਰੋਟੀਆਂ ਪਕਾ ਕੇ ਲੈ ਜਾਵੋ ਤੇ ਧਰਮਸ਼ਾਲਾ ਵਿਚ ਬੈਠ ਕੇ ਖਾ ਆਵੋ। ਇਹਦੇ ਨਾਲ ਵੀ ਪਿਆਰ ਵਧੇਗਾ। ਦੋਸਤੀ ਵਿਚ ਗੰਢਾਂ ਪੱਕੀਆਂ ਹੋਣਗੀਆਂ। ਆਪਸ ਵਿਚ ਰਿਸ਼ਤੇਦਾਰੀ ਪੱਕੀ ਹੋਵੇਗੀ। ਸਾਂਝ ਵਿਚ ਪਕੜ ਮਜ਼ਬੂਤ ਹੋਵੇਗੀ। ਭਾਈਚਾਰੇ ਵਿਚ ਵਾਧਾ ਹੋਵੇਗਾ। ਗੁਰਾਂ ਦੀਆਂ ਬਖਸ਼ਸ਼ਾਂ ਹਰ ਬੰਦਾ ਆਪਣੇ ਹਿੱਸੇ ਦੀਆਂ ਆਪਣੇ ਘਰ ਲੈ ਆਵੇਗਾ। ਗੁਰਾਂ ਦੀਆਂ ਅਸੀਸਾਂ ਹੀ ਤੇ ਜਨਮ ਸਫਲ ਕਰਦੀਆਂ ਹਨ। ਸਿੱਖੀ ਏਸੇ ਲਈ ਫਲ ਫੂਲ ਰਹੀ ਸੀ। ਇਹਦੇ ਲਾਗੇ ਲਗ ਲਪੇਟ ਘਟ ਸੀ। ਕਿਸੇ ਤੇ ਨਾ ਕੋਈ ਜ਼ੁਲਮ ਸੀ, ਨਾ ਸਖਤੀ ਤੇ ਨਾ ਹੀ ਕੋਈ ਮਜਬੂਰੀ। ਲੋਕ ਆਪਣੇ ਦਿਲ ਨਾਲ ਸ਼ਰਧਾ ਤੇ ਭਗਤੀ ਅਧੀਨ ਹੀ ਸਭ ਕੁਝ ਦੇ ਆਉਂਦੇ ਪਰਬੰਧਕ ਮਸੰਦ ਸਨ।

ਕਰਤਾਰਪੁਰ ਤੋਂ ਚਲੇ, ਕਪੂਰਥਲੇ ਪੁਜੇ ਤੇ ਨਾਲ ਲਗਦੇ ਸੁਲਤਾਨਪੁਰ ਲੋਧੀ ਵਿਚ ਵੀ ਜਿਥੇ ਗੁਰੂ ਦੇਵ, ਗੁਰੂ ਨਾਨਕ ਦੇ ਚਰਨਾਂ ਨਾਲ ਭੂਮੀ ਪਵਿਤਰ ਹੋਈ ਸੀ। ਹਿੰਦੂ, ਮੁਸਲਮਾਨ ਅਜੇ ਵੀ ਗੁਰੂ ਦਾ ਨਾਂ ਜਪਦੇ ਸਨ, ਉਹਨੂੰ ਪਵਿਤਰ ਭੂਮੀ ਮੰਨਿਆ ਜਾਂਦਾ ਸੀ। ਕਾਂਸ਼ੀ ਪ੍ਰਯਾਗ ਦਾ ਰੁਤਬਾ ਦੇਂਦੇ ਸਨ, ਪੰਜਾਬ ਵਾਲੇ, ਸਿੱਖੀ ਦਾ ਬੂਟਾ ਵਧ ਫੂਲ ਰਿਹਾ ਸੀ। ਗੜ੍ਹ ਸੀ ਇਸਲਾਮੀ ਹਕੂਮਤ ਦਾ ਸੁਲਤਾਨਪੁਰ ਲੋਧੀ, ਇਥੋਂ ਦੇ ਮਦਰੱਸਿਆਂ ਵਿਚ ਇਹ ਖੂਬੀ ਸੀ ਕਿ ਸ਼ਹਿਨਸ਼ਾਹਾਂ ਦੇ ਸਾਹਿਬਜ਼ਾਦੇ, ਅਹਿਲਕਾਰਾਂ ਦੇ ਨੌ ਨਿਹਾਲ, ਜਾਗੀਰਦਾਰਾਂ ਦੇ ਪੁਤ ਪੋਤਰੇ ਸਾਰੇ ਏਥੇ ਆਣ ਕੇ ਉਚੀ ਤਾਲੀਮ ਹਾਸਲ ਕਰਦੇ। ਇਹਨੂੰ ਯੂਨੀਵਰਸਿਟੀ ਆਖਿਆ ਜਾ ਸਕਦਾ ਸੀ। ਆਲਮ, ਹਾਫ਼ਿਜ਼, ਕੁਰਾਨ, ਸ਼ਰ੍ਹਾ ਦੇ ਉਚੇ ਬੁਰਜ, ਇਸਲਾਮੀ ਧਰਮ ਦੇ ਕਾਨੂੰਨ ਸਾਰੇ ਇਥੇ ਹੀ ਬਝਦੇ ਸਨ। ਇਸਲਾਮ ਦਾ ਪਰਚਾਰ ਕਰਨ ਵਾਲੇ ਜਥੇ ਇਥੋਂ ਹੀ ਤੁਰਦੇ ਅਤੇ ਸਾਰੇ ਹਿੰਦੁਸਤਾਨ ਵਿਚ ਫੈਲ

ਜਾਂਦੇ। ਮੁਸਲਮਾਨ, ਮੌਲਵੀਆਂ, ਮੌਲਾਣਿਆਂ ਆਲਮਾਂ ਨੂੰ ਸਿੱਖੀ ਦਾ ਸਬਕ ਏਥੇ ਹੀ ਪੜ੍ਹਾਇਆ ਜਾਂਦਾ ਹੈ। ਸਿੱਖੀ ਦੇ ਨਾਂ ਨਾਲ ਇਹ ਇਕ ਨਵੀਂ ਕੌਮ ਦੇ ਨਾਂ ਨਾਲ ਜਾਣੀ ਜਾਣ ਲਗ ਪਈ ਸੀ। ਹਕੂਮਤ ਵਿਚ ਜਿਥੇ, ਹਿੰਦੂ, ਮੁਸਲਮਾਨ ਜਾਂ ਹੋਰ ਫਿਰਕੇ ਹਕੂਮਤ ਦੀਆਂ ਕੁਰਸੀਆਂ ਤੇ ਬੈਠੇ ਹੋਏ ਸਨ ਉਥੇ ਸਿੱਖੀ ਦੇ ਪਰਚਾਰ ਤੇ ਅਹਿਲਕਾਰ ਵੀ ਟਾਂਵੇਂ ਟਾਂਵੇਂ ਆਪਣੇ ਪੈਰ ਜਮਾ ਰਹੇ ਸਨ। ਹੁਕਮਰਾਨ ਸੂਝ ਬੂਝ, ਸਾਂਝਾ ਮੀਝਾ ਕਾਨੂੰਨ ਇਥੇ ਹੀ ਘੜਦੀ ਤੇ ਏਥੇ ਹੀ ਸਾਜ਼ਸ਼ਾਂ ਦਾ ਗੁਲੀ ਡੰਡਾ ਖੇਡਿਆ ਜਾਂਦਾ। ਸਾਜ਼ਸ਼ਾਂ ਏਥੇ ਹੀ ਜਨਮ ਲੈਂਦੀਆਂ। ਹਕੂਮਤ ਦੀਆਂ ਵੀ ਏਸ ਨਗਰੀ ਤੇ ਖਾਸ ਮਿਹਰਬਾਨੀਆਂ ਸਨ। ਗੁਰਧਾਮ ਹੋਣ ਕਰਕੇ ਸਿੱਖ ਵੀ ਏਥੇ ਮੱਥੇ ਟੇਕਣ ਜ਼ਰੂਰ ਆਉਂਦੇ। ਨਵੇਂ ਧਰਮ ਦੀਆਂ ਜੜ੍ਹਾਂ ਏਥੇ ਹੀ ਉਭਰਦੀਆਂ ਅਤੇ ਏਥੇ ਹੀ ਜੜ੍ਹਾਂ ਕਟਣ ਦੇ ਮਨਸੂਬੇ ਬਣਦੇ। ਇਹਨੂੰ ਛੋਟੀ ਰਾਜਧਾਨੀ ਵੀ ਆਖਿਆ ਜਾ ਸਕਦਾ ਸੀ।

ਕੁਝ ਦਿਨ ਏਥੇ ਰੁਕੇ, ਤੇ ਫੇਰ ਡੱਲਾ, ਨਕੋਦਰ ਹੁੰਦੇ ਹੋਏ, ਨੂਰ ਮਹਿਲ ਪੁਜੇ। ਇਹ ਇਕ ਸਰਕਾਰੀ ਆਰਾਮਗਾਹ, ਸਰਾਂ ਤੇ ਮੰਡੀ ਸੀ। ਸੌਦਾਗਰ ਏਥੇ ਹੀ ਆਪਣਾ ਪੜਾਅ ਕਰਦੇ ਬਦੇਸ਼ੀ ਮਾਲ ਖ਼ਰੀਦਣ ਇਸ ਤੋਂ ਵਡੀ ਮੰਡੀ ਸਾਰੇ ਪੰਜਾਬ ਵਿਚ ਹੋਰ ਕਿਤੇ ਨਹੀਂ ਸੀ। ਨਵੀਂ ਸਰਾਂ ਬਣ ਰਹੀ ਸੀ, ਰੌਣਕ ਵੀ ਵਧ ਰਹੀ ਸੀ ਤੇ ਜਗ੍ਹਾ ਜਗ੍ਹਾਂ ਦੇ ਬੰਦੇ ਏਥੇ ਮਿਲ ਜਾਂਦੇ। ਸ਼ਾਹੀ ਸਰਾਂ ਤੇ ਬਨਾਉਣੀ ਸ਼ੁਰੂ ਕਰ ਗਿਆ ਬਾਦਸ਼ਾਹ ਆਪ ਚਲਾ ਗਿਆ ਪਰ ਉਨ੍ਹਾਂ ਦੇ ਅਹਿਲਕਾਰ ਆਪਣੇ ਆਪਣੇ ਕੁਕੜ ਬੁਲਾ ਰਹੇ ਸਨ। ਭੁਖ ਨੰਗ ਦੀ ਵੀ ਪ੍ਰਵਾਹ ਨਹੀਂ ਸੀ। ਲੋਕ ਭੁਖੇ ਵੀ ਸਨ ਤੇ ਰਈਸ ਵੀ ਸਨ। ਸਪ ਲੰਘ ਗਿਆ ਸੀ, ਲਕੀਰ ਖਿਚੀ ਜਾ ਰਹੀ ਸੀ। ਗਪੌੜ ਬਾਜ਼ ਵੀ ਕੋਈ ਘਟ ਨਹੀਂ ਸਨ। ਸਿਰਫ਼ ਮੁਸਾਫਰਾਂ ਦੀ ਰੌਣਕ ਤਾਜ਼ਾ ਸੀ। ਸ਼ਾਹੀ ਜਾਹੋ ਜਲਾਲ ਦਾ ਅਜੇ ਵੀ ਅਸਰ ਬਾਕੀ ਸੀ। ਸਿਰਫ ਮੰਡੀ ਦੇ ਸਦਕੇ ਸ਼ਹਿਰ ਵਿਚ ਰੌਣਕ ਸੀ। ਸ਼ਾਹੂਕਾਰ ਸਿਰਫ ਏਸ ਲਈ ਬੈਠੇ ਹੋਏ ਸਨ ਕਿ ਦਿੱਲੀ ਤੋਂ ਮਾਲ ਸਸਤਾ ਖਰੀਦ ਲੈਂਦੇ। ਕਾਫਲੇ ਵਾਲੇ ਮਾਲ ਖ਼ਾਲੀ ਕਰਦੇ ਤੇ ਵਾਪਸ ਆਪਣੇ ਵਤਨ ਨੂੰ ਮੁੜ ਜਾਂਦੇ। ਦਿੱਲੀ ਸਿਰਫ਼ ਉਹੋ ਹੀ ਕਾਫਲਾ ਜਾਂਦਾ ਜਿਦੇ ਕੋਲ ਮਾਲ ਬੇਤਹਾਸ਼ਾ ਹੁੰਦਾ। ਥੋੜ੍ਹੀ ਪੂੰਜੀ ਵਾਲਾ ਇਥੋਂ ਹੀ ਜੁੱਤੀ ਪਾਉਂਦਾ ਤੇ ਵਾਪਸ ਮੁੜ ਜਾਂਦਾ।

ਗੁਰੂ ਹਰਿਰਾਏ ਜੀ ਵੀ ਘੋੜਿਆਂ ਦੇ ਬੜੇ ਸ਼ੌਕੀਨ ਸਨ। ਅਰਬੀ ਘੋੜਿਆਂ ਲਈ ਇਹ ਮੰਡੀ ਬਹੁਤ ਮਸ਼ਹੂਰ ਸੀ। ਇਸ ਲਈ ਏਥੇ ਪੜਾਅ ਕਰਨਾ ਬਹੁਤ ਜ਼ਰੂਰੀ ਸੀ। ਸਰਾਂ ਵਿਚ ਕੀ ਠਹਿਰਨਾ ਏ ਐਵੇਂ ਮੁਸਾਫਰ ਤੰਗ ਹੋਣਗੇ। ਪਿੰਡੋਂ ਬਾਹਰਵਾਰ ਬਾਗ ਵਿਚ ਹੀ ਡੇਰੇ ਲਾ ਦਿਤੇ।

ਉਹ ਬਾਗ ਇਕ ਚੌਧਰੀ ਦਾ ਸੀ। ਗੁਰੂਆਂ ਨਾਲ ਹਮਦਰਦੀ ਤੇ ਬਹੁਤ ਸੀ ਪਰ ਓਸ ਸੋਚਿਆ ਮਤਾਂ ਗੁਰੂ ਮੇਰਾ ਬਾਗ ਹੀ ਮਲ ਬੈਠੇ। ਓਸ ਆਪਣੇ ਮੁਨਸ਼ੀ, ਮੁਸਅਦੀ ਭੇਜੇ ਤੇ ਨਾਲ ਇਹ ਵੀ ਆਖ ਘਲਿਆ, ਬਾਗ ਖ਼ਾਲੀ ਕਰ ਦਿਓ, ਬਾਗ ਉਜੜ ਜਾਏਗਾ। ਬਾਗ ਮੇਰੀ ਮਾਲਕੀ ਏ। ਮੇਰਾ ਨਾਂ ਏ ਭਰਾਵਾਂ ਗਿਰ। ਦੂਜੀ ਗਲ ਇਹ ਸੀ ਕਿ ਜੇ ਮੈਂ ਗੁਰੂ ਕੋਲ ਗਿਆ ਮਤਾਂ ਐਸਾ ਨਾ ਹੋਵੇ ਕਿ ਸ਼ਾਹੀ ਅਜ਼ਾਬ ਹੀ ਨਾ ਆ ਗਿਰੇ। ਕਿਉਂਕਿ ਸਿੱਖ ਹਕੂਮਤ ਦੀਆਂ ਅੱਖੀਂ ਰੜਕਦੇ ਹਨ। ਏਸ ਲਈ ਜਿੰਨਾ ਇਨ੍ਹਾਂ ਤੋਂ ਪਰੇ ਪਰੇ ਰਿਹਾ ਜਾਏ ਉਨ੍ਹਾਂ ਹੀ ਬੰਦਾ ਸੁਖੀ ਰਹੇਗਾ। ਅਸੀਂ ਹਕੂਮਤ ਦੇ ਕਾਰਿੰਦੇ ਹਾਂ, ਸਾਨੂੰ ਤੇ ਹਕੂਮਤ ਦੇ ਇਸ਼ਾਰਿਆਂ ਤੇ ਚਲਣਾ ਹੀ ਪਏਗਾ। ਬਾਕੀ ਸਾਨੂੰ ਗੁਰੂਆਂ ਨਾਲ ਹਮਦਰਦੀ ਬਹੁਤ ਏ!

ਗੁਰੂਆਂ ਨੇ ਦੀਵਾਨ ਦੇ ਬੰਦੇ ਆਉਣ ਤੋਂ ਪਹਿਲਾਂ ਹੀ ਆਪਣੇ ਸੇਵਕ ਭੇਜੇ ਸਨ ਧੰਨਵਾਦ ਕਰਨ ਲਈ ਕਿ ਅਸਾਂ ਤੇਰੇ ਬਾਗ ਵਿਚ ਡੇਰਾ ਲਾ ਲਿਆ ਏ।

ਦੀਵਾਨ ਡਰਾਕਲ ਤੇ ਬੁਜ਼ਦਿਲ ਸੀ। ਹਕੂਮਤ ਤੋਂ ਸਾਰੀ ਖ਼ੁਦਾਈ ਥਰ ਥਰ ਕੰਬਦੀ ਸੀ। ਦੀਵਾਨ ਕਿਹੜੀ ਗਿਣਤੀ ਵਿਚ ਸੀ।

ਜਦ ਸੇਵਕ ਪੁਜੇ ਤਾਂ ਦੀਵਾਨ ਨੇ ਅਖਵਾ ਭੇਜਿਆ ਕਿ ਦੀਵਾਨ ਸੁੱਤਾ ਪਿਆ ਏ। ਸੇਵਕ ਮੁੜ ਆਏ।

ਗੁਰਾਂ ਨੇ ਸੁਭੋਕੀ ਆਖਿਆ, ਅੱਛਾ ਸੁਤਾ ਏ ਤਾਂ ਸੁਤਾ ਹੀ ਰਹੇ।

ਦੀਵਾਨ ਫੇਰ ਨਾ ਉਠਿਆ। ਗੁਰਾਂ ਦੀ ਨਿਰਾਦਰੀ ਦਾ ਫਲ ਪਾਇਆ। ਕੁਹਰਾਮ ਮਚ ਗਿਆ ਨੂਰ ਮਹਿਲ ਵਿਚ।

ਡਰਾਕਲ, ਬੁਜ਼ਦਿਲ, ਲਾਲਚੀ, ਲੋਭੀ ਦਾ ਇਹੋ ਹਸ਼ਰ ਹੁੰਦਾ ਏ।

ਗੁਰੂ ਵੀ ਤੇ ਖ਼ੁਦਾ ਦੀ ਬਖਸ਼ਸ਼ ਨਾਲ ਹੀ ਆਉਂਦਾ ਏ ਨਾ। ਧਰਮ ਇਕ ਪਾਸੇ ਰਖੋ ਤੇ ਹਕੂਮਤ ਨੂੰ ਦੂਜੇ ਪਾਸੇ। ਸਤਿਕਾਰ ਦੋਵਾਂ ਦਾ ਜ਼ਰੂਰੀ ਏ। ਪਰ ਏਨੀ ਵੀ ਲੋਹੇ ਦੀ ਲੱਠ ਨਾ ਬਣ ਜਾਓ ਕਿ ਧਰਮ ਤੋਂ ਬਿਲਕੁਲ ਹੀ ਕੋਰੇ ਰਹਿ ਜਾਓ।

□

੬੪

ਹੱਦਾਂ ਵੀ ਮਿਲ ਜਾਂਦੀਆਂ ਹਨ

ਬੁਰਿਆਂ ਦੀ ਗਿਣਤੀ ਘਟ ਹੁੰਦੀ ਏ ਤੇ ਭਲਿਆਂ ਦੀ ਬਹੁਤੀ। ਜਿਸ ਘਰ ਵਿਚ ਜਾਬਰ ਪੈਦਾ ਹੁੰਦੇ ਹਨ ਓਸ ਘਰ ਵਿਚ ਵਲੀ ਅੱਲਾ, ਸਾਧੂ, ਸੰਤ ਵੀ ਪੈਦਾ ਹੁੰਦੇ ਹਨ। ਇਹ ਕੁਦਰਤ ਦਾ ਨਿਜ਼ਾਮ ਏ ਫੁਲ ਦੇ ਨਾਲ ਕੰਡਾ ਜ਼ਰੂਰ ਹੁੰਦਾ ਏ। ਬਿਲਕੁਲ ਉਹੋ ਹੀ ਗਲ ਵਾਪਰੀ ਨੂਰ ਮਹਿਲ ਵਿਚ। ਦੀਵਾਨ ਤੇ ਵਿਚਾਰਾ ਆਪਣੇ ਤਕੱਬਰ ਵਿਚ ਹੀ ਮਾਰਿਆ ਗਿਆ।

ਭਲਿਆ ਲੋਕਾ ਜੇ ਤੂੰ ਕਿਸੇ ਬਜ਼ੁਰਗ ਦੀ ਇਜ਼ਤ ਨਹੀਂ ਕਰਨੀ ਤਾਂ ਨਾ ਕਰ, ਨਿੰਦਿਆ ਕਿਉਂ ਕਰਦਾ ਏਂ। ਭਲਾ ਬੁਰਾ ਕਿਉਂ ਆਖਦਾ ਏਂ। ਗੁਰੂਆਂ ਨੇ ਤੇ ਗੁਰੂ ਹੀ ਰਹਿਣਾ ਏ। ਸੂਰਜ ਵਲ ਮੂੰਹ ਕਰ।

ਉਸੇ ਪਿੰਡ ਦੇ ਚੌਧਰੀ ਨੇ ਜਦ ਸੁਣਿਆ ਕਿ ਸਤਿਗੁਰ ਹਰਿਰਾਏ ਜੀ ਸਾਡੇ ਨਗਰ ਨੂਰ ਮਹਿਲ ਵਿਚ ਪਧਾਰੇ ਸਨ। ਸੇਵਕਾਂ ਤੇ ਸੰਗਤਾਂ ਨੂੰ ਨਾਲ ਲੈ ਕੇ ਢੋਲਕੀ ਛੈਣੇ ਵਜਾਉਂਦੇ, ਜੋਟੀਆਂ ਦੇ ਸ਼ਬਦ ਪੜ੍ਹਦੇ ਗੁਰੂ ਚਰਨੀ ਆਣ ਲਗੇ। ਨਿਮਰਤਾ ਧਾਰ ਕੇ ਸੇਵਾ ਕੀਤੀ। ਲੈਣ ਵਾਲੇ ਕਿਸ ਤਰ੍ਹਾਂ ਲੈ ਜਾਂਦੇ ਹਨ ਤੇ ਦੇਣ ਵਾਲਾ ਕਿਸ ਤਰ੍ਹਾਂ ਦੇਂਦਾ ਹੈ। ਇਹ ਵੀ ਕੁਦਰਤ ਦੀ ਰਹਿਮਤ ਹੈ।

ਸਿਰ ਝੁਕਾਇਆ ਚੌਧਰੀ ਨੇ ਮੱਥਾ ਟੇਕਣ ਲਈ। ਸਿਰ ਨਾ ਚੁਕਿਆ। ਮਗਰ ਕਤਾਰ ਲਗੀ ਹੋਈ ਸੀ ਸੰਗਤ ਦੀ।

—ਕਿਉਂ ਭਾਈ ਕੀ ਦੁਖ ਏ ? ਕਿਸੇ ਮੇਰੇ ਸਿੱਖ ਨੇ ਤੁਹਾਡੀ ਨਿਰਾਦਰੀ ਤਾਂ ਨਹੀਂ ਕੀਤੀ। ਇਹ ਫੁਰਮਾਨ ਸੀ ਗੁਰਾਂ ਦਾ।

—ਨਹੀਂ ਹਜ਼ੂਰ ਮੈਨੂੰ ਆਪਣਾ ਹੀ ਦੁਖ ਏ। ਮੈਂ ਬਖਸ਼ਸ਼ਾਂ ਦੇ ਦਰ ਆਇਆ ਹਾਂ।

—ਏਨਾ ਕਿਹੜਾ ਦੁਖ ਏ ਜਿਨੇ ਤੈਨੂੰ ਸਿਰ ਸੁਟ ਕੇ ਭਰੇ ਦਰਬਾਰ ਵਿਚ ਅੜ ਕੇ ਬਹਿਣ ਤੇ ਮਜਬੂਰ ਕਰ ਦਿਤਾ ਏ।

—ਮੇਰੇ ਘਰ ਵਿਚ ਹਨੇਰਾ ਹੀ ਹਨੇਰਾ ਏ। ਕੋਈ ਵਿਹੜੇ ਬਾਲ ਨਹੀਂ ਖੇਡਦਾ। ਜ਼ਿੰਦਗੀ ਅਜ਼ਾਬ ਬਣ ਗਈ ਏ। ਹਨੇਰੇ ਘਰ ਵਿਚ ਮਾੜਾ ਜਿਹਾ ਦੀਵਾ ਤੇ ਬਲਣਾ ਚਾਹੀਦਾ ਏ, ਚੌਧਰੀ ਆਖਣ ਲਗਾ।

ਗੁਰਾਂ ਨੇ ਬਾਣੀ ਦਾ ਸਹਾਰਾ ਲਿਆ ਤੇ ਫੁਰਮਾਇਆ—

ਪ੍ਰਭ ਮੇਰਾ ਬੇਅੰਤ ਹੈ, ਅੰਤੁ ਕਿਨੈ ਨ ਲਖਨੀ।
ਸਤਿਗੁਰ ਚਰਣੀ ਲਗਿਆ, ਹਰਿ ਨਾਮ ਨਿਤ ਜਪਨੀ।
ਜੋ ਇਛੇ ਸੋ ਫਲੁ ਪਾਇਸੀ, ਸਭਿ ਘਰੈ ਵਿਚ ਜਚਨੀ।

—ਦੁਨੀਆ ਨੂੰ ਚਲਾਉਣ ਵਾਲਾ ਤੇ ਦੁਨੀਆ ਤੋਂ ਖੋਹਣ ਵਾਲਾ ਦਾਤਾ ਪ੍ਰਭੂ ਆਪ ਏ। ਆ ਗਏ ਹੋ, ਰੱਬ ਦਾ ਰੂਪ ਜਾਣ ਕੇ ਸੇਵਾ ਕਰੋ। ਬਰਕਤਾਂ ਘਰ ਵਸਿਆ ਕਰਨਗੀਆਂ। ਘਾਟਿਆਂ ਨੂੰ ਪੂਰਾ ਕਰਨ ਵਾਲਾ ਉਹ ਮਾਲਕ ਆਪ ਹੈ, ਬੰਦਾ ਤੇ ਅਰਦਾਸ ਹੀ ਕਰ ਸਕਦਾ ਏ।

ਹਾਜ਼ਰੀ ਆਣ ਭਰੀ, ਭਾਈ ਫਤਿਹ ਸ਼ਾਹ ਤੇ ਨਾਲ ਹੀ ਖਲੋਤਾ ਸੀ ਸੁਥਰਾ ਸ਼ਾਹ ਜਿਹੜਾ ਏਸ ਇਲਾਕੇ ਵਿਚ ਪਰਚਾਰ ਕਰ ਰਿਹਾ ਸੀ।

—ਸੁਥਰੇ ਸ਼ਾਹ ਤੂੰ ਚੌਧਰੀ ਦੀ ਖਾਹਿਸ਼ ਨਹੀਂ ਪੂਰਾ ਕਰ ਸਕਿਆ, ਐਵੇਂ ਸਾਡੇ ਵਲ ਕਿਉਂ ਭੇਜਿਆ ਈ, ਜਦ ਤੇਰੇ ਕੋਲ ਬਖਸ਼ਸ਼ਾਂ ਦੇ ਭੰਡਾਰ ਹਨ। ਤੂੰ ਤੇ ਆਪ ਕਰਨ ਕਾਰਨ ਏ, ਗੁਰਾਂ ਫੁਰਮਾਇਆ।

—ਸਤਿਗੁਰ ਜਦ ਤੁਹਾਡਾ ਦਰਬਾਰ ਖੁਲ੍ਹਾ ਏ ਤਾਂ ਫੇਰ ਸੇਵਕ ਨੂੰ ਹਿੰਮਤ ਕਰਨ ਦੀ ਜੁਰਅਤ ਕਿਵੇਂ ਪਵੇ।

—ਅੱਛਾ ਤੇਰੀ ਮਰਜ਼ੀ ਸੁਥਰੇ ਸ਼ਾਹ, ਅਸਾਂ ਤੈਨੂੰ ਕੀ ਆਖਣਾ ਏ। ਭਾਈ ਫਤਿਹ ਸ਼ਾਹ, ਬਾਗ ਦੀ ਜਗ੍ਹਾ ਖੂਬਸੂਰਤ ਵੀ ਏ ਤੇ ਸੁਹਾਣੀ ਵੀ। ਸੰਗਤ ਦਾ ਮਨ ਵੀ ਜੁੜੂ। ਧਰਮਸਾਲਾ ਏਥੇ ਹੀ ਬਣਾ, ਚੌਧਰੀ ਬਹੁਤਰ ਦਿਆ ਕਰ ਆ ਕੇ ਧਰਮਸ਼ਾਲਾ ਵਿਚ। ਗੁਰੂ ਭਲਾ ਕਰੂ।

ਦੂਜਾ ਪੜਾਅ ਸੀ ਪੁਆਂਦੜਾ। ਸੰਗਤ ਲੈਣ ਆਈ ਹੋਈ ਸੀ। ਉਨ੍ਹਾਂ ਦੀ ਬਾਣੀ ਵਿਚ ਬੜਾ ਰਸ ਸੀ। ਬੜਾ ਆਦਰ ਦਿਤਾ, ਸੇਵਾ ਕੀਤੀ, ਹੱਦਾਂ ਹੀ ਲਾ ਦਿਤੀਆਂ। ਗੁਰਾਂ ਦੇ ਮਨ ਵਿਚ ਬੜੀ ਸ਼ਰਧਾ ਵਧੀ ਤੇ ਸਭੋ ਕੀ ਹੀ ਆਖਿਆ—"ਅਨੰਦ ਰਹੋ, ਘਨੇ ਵਸੋ ਤੇ ਰਸੋ" ਦਾ ਵਰ ਦਿੱਤਾ ਤੇ ਮਾਲਵੇ ਵਲ ਮੂੰਹ ਕਰ ਲਿਆ। ਦੁਆਬੇ ਦੀਆਂ ਹੱਦਾਂ ਮੁਕ ਗਈਆਂ ਸਨ ਮਾਲਵੇ ਵਾਲਿਆਂ ਹੁਦਾਰਾ ਲੈ ਲਿਆ ਗੁਰੂ ਦੁਆਬੇ ਵਾਲਿਆਂ ਤੋਂ। ਸਾਡੇ ਵੀ ਗੁਰੂ ਕੁਝ ਲਗਦੇ ਹਨ।

ਪੈਂਡਾ ਕਰਦੇ, ਸੰਗਤਾਂ ਨੂੰ ਤਾਰਦੇ, ਸਤਿਗੁਰ ਡਰੋਲੀ ਆਣ ਪੁਜੇ। ਉਹ ਤੇ ਅਗੇ ਹੀ ਗੁਰੂ ਘਰ ਸੀ। ਮਾਤਾ ਦਮੋਦਰੀ ਦੀ ਸਮਾਧ ਲਾਗੇ ਇਕ ਖੂਹ ਸੀ ਜਿਹਦੀ ਉਸਾਰੀ ਗੁਰੂ ਹਰਗੋਬਿੰਦ ਸ਼ੁਰੂ ਤੇ ਕਰਵਾ ਗਏ ਸਨ ਪਰ ਉਹ ਵਿਚੇ ਹੀ ਅਧੂਰੀ ਰਹਿ ਗਈ ਸੀ। ਉਹਨੂੰ ਮੁਕੰਮਲ ਕਰਵਾਇਆ।

ਭਾਈ ਰੂਪਾ ਤੇ ਭਾਈ ਸਾਧੂ ਨੇ ਮਾਲਵੇ ਦੀ ਰੂਪ ਰੇਖਾ ਬਣਾ ਲਈ। ਕਿਥੇ ਕਿਥੇ ਰੁਕਣਾ

ਏ ਕਿਥੇ ਕਿੰਨੇ ਦਿਨ ਪੜਾਅ ਕਰਨਾ ਏ। ਜਦ ਗਲ ਫੈਸਲੇ ਤੇ ਪੁਜ ਗਈ। ਭਾਈ ਬਹਿਲੋ ਜੀ ਦੇ ਪੋਤਰੇ ਭਾਈ ਹਰਦਾਸ ਜੀ ਤੇ ਭਾਈ ਤਾਰਾ ਜੀ ਤੇ ਭਾਈ ਭੂੰਦੜ ਜੀ ਦੇ ਪੋਤਰੇ ਭਾਈ ਬਿਹਾਰੀ ਨੂੰ ਬੜਾ ਪਿਆਰ ਦਿੱਤਾ ਤੇ ਨਾਲ ਹੁਕਮ ਵੀ ਕੀਤਾ ਏਥੇ ਲੰਗਰ ਲਾਓ ਰਾਤ ਦਿਨ ਚਲੇਗਾ। ਤੁਹਾਡੇ ਸਿਰਫ ਉਦਮ ਦੀ ਦੇਰ ਏ, ਗੁਰੂ ਬਰਕਤ ਪਾਊ ਲੰਗਰ ਵਿਚ।

ਪਿਆਰ ਠਾਠਾਂ ਮਾਰਨ ਲਗ ਪਿਆ ਤੇ ਆਨੰਦ ਵਿਚ ਆਏ ਸਤਿਗੁਰਾਂ ਸੁਭਾਗਾ ਮਾਲਵਾ ਦਾ ਬਚਨ ਕੀਤਾ।

ਧੰਨ ਹਨ ਮਾਲਵੇ ਵਾਲੇ, ਜਿਥੇ ਆਏ ਪ੍ਰੇਮੀ ਘਾਲਾਂ ਘਾਲ ਕੇ ਸਿੱਖੀ ਨੂੰ ਪਰਚਾਰ ਰਹੇ ਹਨ। ਘਰ ਘਰ ਬੂਹੇ ਖੜਕਾ ਕੇ ਸਿੱਖੀ ਦਾ ਸੰਦੇਸ਼ ਦੇਂਦੇ ਹਨ। ਇਹ ਉਦਮ ਭਾਗਾਂ ਵਾਲਿਆਂ ਨੂੰ ਹੀ ਨਸੀਬ ਹੁੰਦਾ ਏ। ਉਹ ਸੁਭਾਗੇ ਹੀ ਹਨ।

ਮਾਲਵਾ ਗੁਰੂਆਂ ਦੇ ਨਾਂ ਦੀ ਮਾਲਾ ਜਪ ਰਿਹਾ ਸੀ। ਭਾਵੇਂ ਮਾਲਵੇ ਵਾਲਿਆਂ ਗੁਰਾਂ ਦੇ ਨੂਰਾਨੀ ਚਿਹਰੇ ਦੇ ਦਰਸ਼ਨ ਨਹੀਂ ਸੀ ਕੀਤੇ।

ਸ਼ਰਧਾ ਏਨੀ ਬਲਵਾਨ ਸੀ, ਮਸੰਦਾਂ ਦੇ ਕਹਿਣ ਸੁਣਨ ਤੇ ਹੀ ਸੰਗਤ ਗੁਰੂਆਂ ਦੀ ਸ਼ਰਧਾਲੂ ਬਣ ਗਈ ਸੀ।

ਬੜਾ ਚਾਅ ਸੀ ਮਾਲਵੇ ਵਾਲਿਆਂ ਨੂੰ ਕੀਰਤਪੁਰ ਦੀ ਯਾਤਰਾ ਕਰਨ ਦਾ।

"ਮਹਿਬੂਬ ਪਰਦੇ ਵਿਚ ਹੀ ਰਹੇ ਤਾਂ ਅਕੀਦਤ ਵਧਦੀ ਏ"

ਦੀਦਾਰ ਤੇ ਫੇਰ ਜਲਵਾ ਵੇਖਣ ਵਾਲੀ ਗਲ ਏ। ਦੀਦਾਰ ਕਰ ਲਿਆ ਤਾਂ ਫੇਰ ਬਾਕੀ ਕੀ ਰਿਹਾ। ਪਰਦਾ ਵੀ ਤੇ ਉਸੇ ਦੀ ਰਹਿਮਤ ਏ। ਜਿੰਨਾ ਚਿਰ ਪਰਦਾ ਰਹੇਗਾ, ਅਕੀਦਤ ਤੇ ਨਿਸਚਾ ਬਲਵਾਨ ਰਹੇਗਾ।

ਹਜ਼ੂਰ ਸਤਿਗੁਰ ਆਪ ਦਰਸ਼ਨ ਕਰਨ ਜਾ ਰਹੇ ਹਨ, ਆਪਣੀ ਪਿਆਰੀ ਸੰਗਤ ਦਾ। ਗੁਰੂ ਫੁਰਮਾਨ ਸੀ ਕਿ ਅਸੀਂ ਉਥੇ ਸੰਗਤ ਵਿਚੋਂ ਗੁਰੂ ਦਾ ਰੂਪ ਵੇਖਣ ਚਲੇ ਹਾਂ।

ਮੂਰਤੀਕਾਰ ਮੂਰਤੀਆਂ ਬਣਾਉਂਦਾ ਏ ਪਰ ਉਹਨੂੰ ਪਤਾ ਨਹੀਂ ਹੁੰਦਾ, ਕਿ ਉਹ ਕੀ ਬਣਾ ਰਿਹਾ ਏ। ਪਰ ਜਦ ਮੂਰਤੀਕਾਰ ਆਪਣੀਆਂ ਬਣਾਈਆਂ ਮੂਰਤੀਆਂ ਵੇਖਦਾ ਏ ਤਾਂ ਹੈਰਾਨ ਰਹਿ ਜਾਂਦਾ ਏ।

ਕੀ ਇਹ ਮੂਰਤੀਆਂ ਮੇਰੇ ਹੱਥਾਂ ਨੇ ਬਣਾਈਆਂ ਹਨ?

ਗੁਰੂ ਵੀ ਆਪਣੀ ਸਿੱਖਾਂ ਦੇ ਦਰਸ਼ਨ ਕਰਨ ਜਾ ਰਿਹਾ ਸੀ ਮਾਲਵੇ ਦੀ ਧਰਤੀ ਵਲ। ਏਧਰ ਚੇਤਰ ਚੜ੍ਹ ਗਿਆ ਸੀ, ਮੌਸਮ ਸੁਹਾਵਣਾ ਆ ਗਿਆ ਸੀ। ਹਰ ਪਾਸੇ ਹਰਿਆਵਲ ਹੀ ਹਰਿਆਵਲ ਹੋ ਗਈ ਸੀ। ਮਾਲਵੇ ਵਾਲਿਆਂ ਦੇ ਭਾਗ ਖੁਲ੍ਹ ਗਏ ਸਨ।

ਗਲ ਤੇ ਕਿਸਮਤ ਦੀ ਏ। ਭਾਗਾਂ ਵਿਚ ਜੋ ਕੁਝ ਲਿਖਿਆ ਏ, ਮਿਲਣਾ ਉਹੋ ਹੀ ਕੁਝ ਏ। ਭਾਵੇਂ ਬੰਦਾ ਲਖ ਹੱਥ ਪੈਰ ਮਾਰੇ।

□

੬੫

ਲੱਖੀ ਜੰਗਲ

ਮਨਮਤੀਆਂ ਅਤੇ ਅਨਮਤੀਆਂ ਦਾ ਸੁਮੇਲ ਸੀ ਜ਼ੀਰਾ ਪਿੰਡ। ਭਾਈ ਭਗਤੂ ਦੇ ਪੋਤਰੇ, ਜੀਵਨ ਜੀ, ਭਾਈ ਗੋਰਾ ਤੇ ਭਾਈ ਫੇਰੂ ਲਖੀ ਜੰਗਲ ਵਿਚੋਂ ਆਏ ਸਨ। ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰਕੇ ਸਤਿਗੁਰਾਂ ਨੇ ਉਨ੍ਹਾਂ ਨਾਲ ਜਾਣ ਦੀ ਪ੍ਰਵਾਨਗੀ ਦੇ ਦਿਤੀ। ਪਰ ਜ਼ੀਰੇ ਵਾਲੇ ਚਾਹੁੰਦੇ ਸਨ ਕਿ ਸਤਿਗੁਰ ਕੁਝ ਦਿਨ ਜ਼ੀਰੇ ਠਹਿਰਣ ਤਾ ਕਿ ਇਥੋਂ ਦੇ ਲੋਕਾਂ ਦਾ ਸੁਭਾਅ ਬਦਲੇ। ਗੁਰੂ ਤੇ ਪਰਉਪਕਾਰੀ ਸੁਭਾਅ ਦੇ ਸਨ। ਗਰੀਬਾਂ ਦੇ ਦਰਦ ਲਈ ਕੁਟ ਕੁਟ ਕੇ ਪਿਆਰ ਦਿਲ ਵਿਚ ਭਰਿਆ ਸੀ। ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਦੇ। ਸੰਤੋਖੀ ਵਾਤਾਵਰਨ ਛਾ ਗਿਆ ਸੀ। ਸੂਝਵਾਨ ਤੇ ਗੁਰਾਂ ਦੀ ਚਰਨੀਂ ਆਣ ਢੱਠੇ। ਪਰ ਜਿਨ੍ਹਾਂ ਦੇ ਸੁਭਾਅ ਖਾਨਦਾਨੀ ਸਨ ਉਹ ਕਿਦਾਂ ਘੜੀ ਵਿਚ ਆਪਣਾ ਚੋਲਾ ਬਦਲਣ। ਪਰ ਨਹੀਂ ਗੁਰਾਂ ਦੇ ਬਚਨਾਂ ਵਿਚ ਵੀ ਕੁਝ ਤਾਸੀਰ ਸੀ। ਉਥੇ ਸਤਿਗੁਰਾਂ ਆਪ ਕਥਾ ਕੀਤੀ ਤੇ ਬਾਣੀ ਦੀ ਬਰਖਾ ਨਾਲ ਲੋਕਾਂ ਦੀ ਆਤਮਾ ਬਦਲ ਦਿਤੀ। ਗਲ ਵਿਚ ਪੱਲਾ ਪਾ ਕੇ ਨਾਢੂ ਖਾਂ ਖਾੜਕੂ ਤੇ ਖੜਪੈਂਚ ਸਾਰਿਆਂ ਆਣ ਕੇ ਹਾਜ਼ਰੀ ਭਰੀ ਤੇ ਆਪਣੀਆਂ ਬੁਰੀਆਂ ਆਦਤਾਂ ਨੂੰ ਛਿਕੇ ਟੰਗ ਦਿਤਾ। ਕੰਨ ਫੜੇ, ਭੁਲ ਬਖਸ਼ਵਾਈ, ਚਰਨੀਂ ਲਗੇ। ਗੁਰਾਂ ਨੇ ਉਨ੍ਹਾਂ ਦੇ ਹਨੇਰੇ ਦਿਲ ਦੀ ਕੋਠੜੀ ਵਿਚ ਚਾਨਣ ਦੇ ਛਿੱਟੇ ਮਾਰੇ। ਤਦ ਅਖਾਂ ਖਲ੍ਹੀਆਂ ਤੇ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਅਸੀਂ ਵੀ ਅਜ ਹੀ ਜੰਮੇ ਹਾਂ। ਗੁਰੂ ਮਤ ਤੇ ਚਲਣ ਦੀ ਸਹੁੰ ਖਾਧੀ। ਗੁਰਾਂ ਨੂੰ ਲੈ ਜਾਣ ਵਾਲੇ ਸੇਵਕ ਖੜੇ ਸਨ। ਘੋੜੇ ਤੇ ਪਲਾਕੀ ਮਾਰੀ। ਅਗੇ ਅਗੇ ਸੰਗਤ ਤੇ ਪਿਛੇ ਪਿਛੇ ਗੁਰੂ। ਝੰਡੇ, ਨਗਾਰੇ ਘੋੜੇ ਹਾਥੀ ਸਭ ਝੂਮਦੇ ਜਾ ਰਹੇ ਸਨ। ਨਰਸਿੰਙਾ ਵਜ ਰਿਹਾ ਸੀ ਤੇ ਨਰਸਿੰਙੇ ਦੀ ਆਵਾਜ਼ ਸੀ ਕਿ ਗੁਰੂ ਇਕ ਨਵੇਂ ਤੀਰਥ ਨੂੰ ਉਜਾਗਰ ਕਰਨ ਜਾ ਰਹੇ ਹਨ।

ਲਖੀ ਜੰਗਲ ਹੈ ਤੇ ਜੰਗਲ ਹੀ ਸੀ ਨਾ। ਸਾਰੇ ਬਾਹਰੇ ਵਿਚ ਜੰਗਲ ਹੀ ਜੰਗਲ। ਨਾ ਖੇਤੀ ਨਾ ਆਬਾਦੀ, ਨਾ ਰੁਖ। ਪਰ ਧੰਨ ਸੇਵਾ ਸੀ ਜੀਵਨ ਤੇ ਗੁਰੇ ਦੀ। ਜਿਨੇ ਸਾਰੀ ਸੰਗਤ ਨੂੰ ਗੁਰੂ ਦਾ ਸ਼ਰਧਾਲੂ ਬਣਾ ਦਿਤਾ ਸੀ। ਲੋਕ ਸਿਰਫ਼ ਦਰਸ਼ਨਾਂ ਨੂੰ ਤਰਸਦੇ, ਮਰਿਆਦਾ ਵਧ ਰਹੀ ਸੀ। ਗੁਰਾਂ ਦਾ ਪਰਤਾਪ ਲੋਕਾਂ ਦੇ ਮਨ ਤੇ ਉਲੀਕਿਆ ਗਿਆ।

ਖਾਂਦੇ ਪੀਂਦੇ ਲੋਕ ਲੰਗਰ ਲਵਾ ਦੇਂਦੇ ਸਨ ਪਰ ਲੰਗਰ ਦੀ ਮਰਿਆਦਾ ਅਜੇ ਤਕ ਵੀ ਨਹੀਂ ਸੀ ਬਝੀ ਲੰਗਰ ਗੁਰੂ ਦਾ ਚਾਹੀਦਾ ਏ। ਰਸਦ ਘਰ ਘਰ ਵਿਚੋਂ ਆਵੇ ਤੇ ਨਾਂ ਲੰਗਰ ਦਾ ਵਰਤੇ ਲੋਕ ਗੁਰੂ ਦੇ ਲੰਗਰ ਵਿਚੋਂ ਪ੍ਰਸ਼ਾਦ ਛਕਣ। ਇਹ ਗਲ ਕੋਈ ਨਾ ਆਖੇ ਕਿ ਫਲਾਣੇ ਸਰਦਾਰ ਦੇ ਘਰ ਲੰਗਰ ਏ। ਕਈ ਆਉਣਗੇ ਤੇ ਕਈ ਬਿਲਕੁਲ ਹੀ ਦਹਿਲੀਜ਼ ਨਹੀਂ ਟਪਣਗੇ। ਏਸ ਲਈ ਇਕ ਜਗ੍ਹਾ ਤੇ ਰਸਦ ਇਕਠੀ ਹੋਵੇ। ਲੰਗਰ ਸਾਰੇ ਪਿੰਡ ਵਲੋਂ ਹੋਣਾ ਚਾਹੀਦਾ ਹੈ। ਕੋਈ ਅੰਨ ਜ਼ਿਆਦਾ ਦੇਵੇ, ਤੇ ਕੋਈ ਘਟ ਪੁੰਨ ਸਭ ਨੂੰ ਇਕੋ ਜਿਹਾ ਮਿਲੇਗਾ। ਗੁਰੂ ਵਿਚ ਸਭ ਬਰਾਬਰ ਹਨ ਕੋਈ ਵਡਾ ਨਹੀਂ ਤੇ ਕੋਈ ਛੋਟਾ ਨਹੀਂ। ਲੰਗਰ ਬਰਾਬਰ ਚਲੇਗਾ, ਸਭ ਬਰਾਬਰ ਛਕਣਗੇ। ਜਿਹੜਾ ਛਕੇਗਾ, ਉਹਦਾ ਜਨਮ ਸਫਲ ਹੋਵੇਗਾ, ਝਿਜਕ ਲਥੇਗੀ। ਰਲ ਬੈਠਣ ਦੀ ਆਦਤ ਪਵੇਗੀ ਵੈਰ ਵਿਰੋਧ ਮਿਟੇਗਾ। ਪਿਆਰ ਦੀਆਂ ਲਹਿਰਾਂ ਉਠਣਗੀਆਂ ਤੇ ਗਲ ਨੂੰ ਗਲਵਕੜੀ ਪਾਉਣਗੀਆਂ, ਏਸੇ ਵਿਚ ਬਰਕਤਾਂ ਹਨ। ਤੁਹਾਡੀ ਦੁਸ਼ਮਣੀ ਸਤ ਸਤ ਪੀੜ੍ਹੀਆਂ ਚਲਦੀ ਰਹੇ। ਸਾਰਿਆਂ ਦੇ ਦਿਲ ਵਿਚੋਂ ਈਰਖਾ, ਦੁਸ਼ਮਣੀ ਦੀ ਅਗ ਸਭ ਕੁਝ ਮਿਟਾ ਦਏਗਾ ਲੰਗਰ ਦਾ ਪਰਸ਼ਾਦ।

ਇਕ ਸੇਵਕ ਨੇ ਉਚੇਚੀ ਰੋਟੀ ਆਖੀ ਗੁਰਾਂ ਦੀ। ਗਲ ਕਰਨ ਲਗਿਆਂ ਸੋਚਿਆ ਨਾ, ਘਰ ਵਿਚ ਭੰਗ ਭੁਜਦੀ ਸੀ, ਤਿੜ ਵਿਚ ਆ ਕੇ ਨਿਉਤਾ ਦੇ ਦਿਤਾ। ਗੁਰੂ ਜਾਣੀ ਜਾਣ ਸਨ, ਸ਼ਰਧਾ ਵੇਖ ਕੇ ਹਾਂ ਕਰ ਦਿਤੀ।

ਸੰਗਤ ਨਾਲ ਤੁਰੀ ਤੇ ਗੁਰਾਂ ਨੇ ਆਖਿਆ ਕਿ ਤੁਸੀਂ ਏਥੇ ਹੀ ਲੰਗਰ ਛਕੋ, ਮੈਂ ਤੇ ਕੱਲਿਆਂ ਹੀ ਜਾਣਾ ਏ। ਮੈਨੂੰ ਤੇ ਕੱਲਿਆਂ ਨੂੰ ਨਿਉਂਦਾ ਏ, ਹੁਕਮ ਗੁਰਾਂ ਦਾ ਸੀ।

ਅੱਗੇ ਗੁਰੂ ਸਵਕ ਦੇ ਘਰ ਸਿਰਫ ਸ਼ਰਧਾ ਹੀ ਸ਼ਰਧਾ ਸੀ। ਭੜੋਲੀਆਂ ਮੂੰਹ ਅੱਡੀ ਖੜੀਆਂ ਸਨ। ਨਾ ਚੁਲ੍ਹੇ ਅੱਗ ਤੇ ਨਾ ਆਟਾ ਪਰਾਤ ਵਿਚ। ਸਵਾਣੀ ਹੱਥ ਤੇ ਹੱਥ ਧਰੀ ਬੈਠੀ ਹੋਈ ਸੀ।

—ਮੈਂ ਗੁਰੂਆਂ ਨੂੰ ਘਰ ਆਉਣ ਦਾ ਸੱਦਾ ਦੇ ਆਇਆ ਹਾਂ, ਲੰਗਰ ਛੱਕਣਗੇ।

—ਉਧਾਰ ਲੈ ਆਓ, ਖਾਲੀ ਥਾਲੀ ਤੇ ਅੱਗੇ ਨਹੀਂ ਨਾ ਰੱਖੀ ਜਾਂਦੀ।

—ਭਲੀਏ ਲੋਕੇ, ਉਧਾਰ ਲੈ ਕੇ ਗੁਰਾਂ ਨੂੰ ਪਰਸ਼ਾਦ ਛਕਾਇਆ ਤੇ ਗੱਲ ਖਿੱਲਰ ਜਾਏਗੀ। ਅੱਗੇ ਅਸੀਂ ਕਿਹੜਿਆਂ ਗੁਨਾਹਾਂ ਦੇ ਭਾਗੀ ਹਾਂ।

—ਘਰ ਵਿਚ ਹੈ ਕੀ, ਜੋ ਕੁਝ ਘਰ ਵਿਚ ਹੈ ਉਹੀ ਹੀ ਖਵਾ ਦੇ।

—ਘਰ ਵਿਚ ਤੇ ਭੰਗ ਭੁਜ ਰਹੀ ਏ। ਪੀਲੂ ਦਾ ਗੋਲਾ ਭਰਿਆ ਹੋਇਆ ਏ।

—ਤੇਰਾ ਜਨਮ ਸਫਲ ਹੋ ਗਿਆ। ਪੀਲੂ ਉਬਾਲ ਕੇ ਪਿਆਰ ਨਾਲ ਗੁਰੂ ਅੱਗੇ ਰੱਖੇ।

—ਭੀਲਣੀ ਦੇ ਬੇਰਾਂ ਤੇ ਭਗਵਾਨ ਰੀਝ ਪਿਆ ਸੀ। ਤੇਰੇ ਪੀਲੂ ਕੀ ਬੇਰਾਂ ਤੋਂ ਘੱਟ ਹਨ। ਮੈਂ ਕਿਸੇ ਦੇ ਘਰ ਕੁਝ ਮੰਗਣ ਨਹੀਂ ਜਾਣਾ।

ਪੀਲੂ ਉਬਾਲੇ ਗਏ। ਸਵਾਣੀ ਸ਼ਰਮ ਵਿਚ ਪਾਣੀ-ਪਾਣੀ ਹੋ ਰਹੀ ਸੀ। ਗੁਰੂ ਕੀ ਆਖਣਗੇ ਕਿਹੜੀ ਸ਼ੇਖੀ ਤੇ ਸਦਿਆ ਸੂ।

ਗੁਰੂ ਆ ਗਏ ਤੇ ਉਨ੍ਹਾਂ ਆਉਂਦਿਆਂ ਹੀ ਆਖਿਆ, ਉਬਲੇ ਪੀਲੂ ਛਕਾਉ, ਇਲਾਕੇ ਦੀ ਸੁਗਾਤ।

ਗੁਰੂ ਤੇ ਸੇਵਕ ਦੀ ਸਾਂਝ ਸਾਂਝੀ, ਬੱਕਲ ਸਾਂਝੀ, ਇੱਜ਼ਤ ਸਾਂਝੀ, ਪੀਲੂ ਛੱਕੇ ਤੇ ਵਰ ਦਿੱਤਾ ਲੱਖੀ ਜੰਗਲ ਵਿਚ ਖਾਲਸਾ ਆਊ, ਦੀਦਾਰ ਕਰਨਾ, ਏਸ ਜੰਗਲ ਵਿਚ ਗੜ੍ਹ ਬਣੇਗਾ ਖਾਲਸੇ ਦਾ। ਸਾਰਾ ਭਾਰਤ ਵਰਸ਼ ਲੱਖੀ ਜੰਗਲ ਵੱਲ ਵੇਖੇਗਾ। ਭਾਈ ਮਲਯਾਗਰ ਤੂੰ ਘਰ ਘਰ ਲੰਗਰ ਲਵਾਏਂਗਾ, ਭੜੋਲੀਆਂ ਵਿਚੋਂ ਦਾਣੇ ਉਛਲ-ਉਛਲ ਪੈਣਗੇ ਤੇ ਆਸੇ-ਪਾਸੇ ਘੋੜੇ ਦੌੜਿਆ ਕਰਨਗੇ।

ਭਰੀ ਸੰਗਤ ਵਿਚ ਗੁਰਾਂ ਫੁਰਮਾਇਆ ਘਰ ਭਰਿਆ ਹੋਵੇ ਤਾਂ ਘਰ ਆਏ ਨੂੰ ਖਵਾਉਣ ਤੇ ਦੇਣ ਤੋਂ ਸੰਕੋਚ ਕਰੀਏ ਓਸ ਨੂੰ ਬੜਾ ਦੋਸ਼ ਲੱਗਦਾ ਏ। ਘਰ ਸਿੱਖ ਦੇ ਘਰ ਜਾ ਕੇ ਸਲੂਣੀਆਂ ਦੀ ਆਸ ਕਰੀਏ ਤਾਂ ਏਸ ਤੋਂ ਵੱਡਾ ਅਪਰਾਧ ਕੋਈ ਨਹੀਂ—

ਸਿੱਖ ਢਿੱਗ ਹੋਇ ਅਚਾਵਹਿ ਨਾਹੀ, ਤੋ ਦੂਖਨ ਜਾਨਹੁ ਤਿਸ ਮਾਹੀ।
ਨਿਰਧਨ ਸਿੱਖ ਤੇ ਜਾਚਹਿ ਨੀਕਾ, ਦੋਸ਼ ਲਖਹੁ ਅਚਵਹਿ ਤਿਸਹੀਕਾ।

ਪਰਦਾ ਪਾਓ, ਪਰਦਾ ਪਿਆ ਰਹੇ। ਪਰਦਾ ਨਾ ਚੁਕੋ। ਪਰਦੇ ਵਿਚ ਰੱਬ ਲੁਕਿਆ ਹੋਇਆ ਏ। ਛੱਡੀ ਪਦਾਰਥ ਇਕ ਪਾਸੇ ਤੇ ਪੀਲੂ ਇਕ ਪਾਸੇ।

ਮਤੇ ਦੀ ਸਰਾਂ ਗੁਰੂ ਅੰਗਦ ਦੇਵ ਦਾ ਜਨਮ ਅਸਥਾਨ ਸੀ। ਦਰਸ਼ਨ ਕੀਤੇ ਗੁਰਾਂ ਨੇ ਤੇ ਉਥੋਂ ਚਾਲੇ ਪਾ ਦਿੱਤੇ ਮਹਿਰਾਜ।

ਪੀਲੂਆਂ ਦਾ ਸਵਾਦ ਗੁਰੂ ਅਜੇ ਤੱਕ ਮਹਿਸੂਸ ਕਰ ਰਹੇ ਸਨ। ਆਨੰਦ ਆ ਰਿਹਾ ਸੀ ਸ਼ਰਧਾ ਭਗਤੀ ਦਾ।

□

੬੬

ਫੂਲਕਿਆਂ ਤੇ ਮਿਹਰਾਂ

ਮੋਹਲੀ ਗੱਡੀ ਤੇ ਪਿੰਡ ਵਸਾ ਦਿੱਤਾ, ਪਰ ਸ਼ਰੀਕਾ ਤਕੜਾ ਸੀ ਜੀਣ ਕਿਥੋਂ ਦੇਵੇ। ਪਹਿਲਾਂ ਮੋਹਲੀ ਹੀ ਨਹੀਂ ਸੀ ਗੱਡਣ ਦਿੰਦਾ। ਗੁਰੂ ਹਰ ਗੋਬਿੰਦ ਨੇ ਮੋਹਲੀ ਗਡਵਾਈ। ਮਹਿਰਾਜ ਕਿਆਂ ਦੇ ਨਾਂ ਤੇ ਪਿੰਡ ਦੀ ਵੱਸੋਂ ਹੋਈ ਪਰ ਪਾਣੀ ਦੀ ਔੜ ਬਣੀ ਰਹੀ। ਗੁਰੂ ਤੇ ਚਲੇ ਗਏ ਪਰ ਪੁਰਾਣੇ ਜ਼ੈਦ ਦੇ ਕੂਲ ਕੋਲ ਪਾਣੀ ਦੀ ਖੂਹੀ ਸੀ।

ਜ਼ੈਦ ਪੁਰਾਣਿਆਂ ਨੂੰ ਆਪਣੇ ਡੌਲਿਆਂ ਤੇ ਬੜਾ ਮਾਣ ਸੀ। ਉਹ ਤੇ ਕਿਸੇ ਨੂੰ ਖੰਘਣ ਨਹੀਂ ਸਨ ਦੇਂਦੇ। ਜਦ ਗੁਰੂ ਹਰਿ ਰਾਏ ਜੀ ਪਧਾਰੇ ਤਾਂ ਮਹਿਰਾਜ ਕਿਆਂ ਨੇ ਸੇਵਾ ਕੀਤੀ। ਲੰਗਰ ਲਾਏ। ਜ਼ੈਦ ਪੁਰਾਣੇ ਵਾਲੇ ਵੀ ਆਏ। ਲੰਗਰ ਲਈ ਪਾਣੀ ਖਿੜੇ ਮੱਥੇ ਦਿੱਤਾ ਪਰ ਨਾਲ ਇਹ ਵੀ ਆਖਿਆ ਕਿ ਗੁਰੂ ਨੇ ਕਿਹੜਾ ਏਥੇ ਡੇਰੇ ਲਾ ਕੇ ਬੈਠ ਰਹਿਣਾ ਏ। ਬੱਚੂ ਜਾਣ ਦਿਓ ਗੁਰੂ ਨੂੰ ਤੇ ਪਿੱਛੋਂ ਨਿਬੜਾਂਗੇ ਤੁਹਾਡੇ ਨਾਲ।

—ਪਿੰਡ ਵਸਾ ਲਿਆ ਏ, ਕੋਈ ਗੱਲ ਨਹੀਂ। ਪਾਣੀ ਪੀਣ ਕੀ ਹਰਿਦੁਆਰ ਜਾਓਗੇ?

ਬੋਲੀ ਨੇ ਕਲੇਜਾ ਚੀਰ ਸੁਟਿਆ। ਬੋਲੀ ਕਾਜ ਵਿਗਾੜਿਆ ਸਣ ਮੂਲੀ ਪੱਤੇ।

ਸਵਾ ਮਣ ਦੀ ਬਰਛੀ ਦਾ ਵਾਰ ਸਹਿਜੇ ਕਰ ਸਕਦਾ ਸੀ, ਜ਼ੈਦ ਪੁਰਾਣੇ ਦਾ ਖਾੜਕੂ। ਗੁਰੂ ਘਰ ਤੇ ਸ਼ਰਧਾ ਤੇ ਸੀ ਪਰ ਆਪਣੀ ਹੈਂਕੜ ਵਿਚ ਮਸਤ ਸੀ। ਜਦ ਦਰਬਾਰ ਵਿਚ ਜ਼ੈਦ ਪੁਰਾਣੇ ਵਾਲਿਆਂ ਦੀ ਸੰਗਤ ਆਈ ਤੇ ਆਗੂ ਨੇ ਅੱਗੇ ਵੱਧ ਕੇ ਸਿਰ ਝੁਕਾਇਆ।

ਗੁਰੂ ਤੇ ਜਾਣੀ ਜਾਣ ਸਨ, ਸਮਝ ਗਏ ਅਜੇ ਤੱਕ ਹੰਕਾਰ ਦੀ ਬੋਲੀ ਬੋਲੀ ਜਾ ਰਿਹਾ ਜਦ ਸਿਰ ਝੁਕਾਇਆ ਤਾਂ ਗੁਰੂ ਮਹਾਰਾਜ ਨੇ ਆਪਣੀ ਛੜੀ ਉਹਦੇ ਸਿਰ ਤੇ ਰੱਖ ਦਿੱਤੀ।

ਜ਼ੈਦ ਪੁਰਾਣੇ ਨੇ ਉਦੋਂ ਮਹਿਸੂਸ ਕੀਤਾ ਕਿ ਮੇਰੀ ਔਕਾਤ ਪਹਾੜੀ ਕਾਂ ਜਿੰਨੀ ਵੀ ਨਹੀਂ। ਗੁਰਾਂ ਨੇ ਮੁਖ ਤੋਂ ਤਾਂ ਕੁਝ ਨਾ ਆਖਿਆ ਪਰ ਇਸ਼ਾਰਿਆਂ ਨਾਲ ਸਮਝਾਇਆ, ਗੁੱਝੀ ਰਮਜ਼ ਸੀ, ਕਾਲੇ ਕਿਆਂ ਨਾਲ ਮੇਲ ਕਰੋ, ਇਕੱਠਿਆਂ ਬੜੀ ਤਾਕਤ ਹੁੰਦੀ ਏ। ਪਰ ਉਹ ਹਵਾ ਤੇ ਚੜ੍ਹਿਆ ਹੋਇਆ ਸੀ।

ਆਖਣ ਲੱਗਾ ਗ੍ਰਾਸ ਦੇਈਏ, ਬਾਸ ਨਾ ਦੇਈਏ।

ਕਾਲੇ ਨੇ ਹੱਥ ਬੰਨ੍ਹ ਕੇ ਅਰਜ਼ ਕੀਤੀ, ਅਸੀਂ ਬੜੇ ਦੁਖੀ ਹਾਂ ਸ਼ਰੀਕਾ ਜ਼ੋਰਾਵਰ ਏ।

ਸਾਡੀਆਂ ਸਵਾਣੀਆਂ ਪਾਣੀ ਭਰਨ ਜਾਂਦੀਆਂ ਹਨ ਤਾਂ ਇਨ੍ਹਾਂ ਦੇ ਗਭਰੂ ਜਵਾਨ ਟਿਚਕਰਾਂ ਕਰਦੇ ਹਨ। ਅਸੀਂ ਹੱਥ ਜੋੜ ਕੇ ਥੱਕ ਗਏ ਹਾਂ। ਪਰ ਮੁੰਡੇ ਆਖਦੇ ਹਨ, ਭਾਬੀਆਂ ਹਨ। ਅਸੀਂ ਇਨ੍ਹਾਂ ਨੂੰ ਟਿਚਰਾਂ ਨਹੀਂ ਕਰਨੀਆਂ ਤਾਂ ਹੋਰ ਕਿਹਨੂੰ ਕਰਨੀਆਂ ਨੇ।

ਇਕ ਸੇਵਕ ਆਖਣ ਲੱਗਾ, ਜੇ ਅੱਜ ਤੁਸੀਂ ਇਨ੍ਹਾਂ ਨਾਲ ਮੇਲ ਨਹੀਂ ਕਰਦੇ ਤੇ ਕੱਲ੍ਹ ਨੂੰ ਸਮੇਂ ਨੇ ਕਰਵਟ ਲਈ ਤਾਂ—

ਗੁਰਾਂ ਫੁਰਮਾਇਆ, "ਇਹ ਮਾਲਕ ਹੈਵ ਦੇਸ਼ ਕੇ, ਤੁਮ ਹੋਵੇ ਹੋ ਪਾਹੀ"।

—ਜ਼ੈਦ ਪੁਰਾਣਾ ਬੋਲਦਾ ਚਲਾ ਗਿਆ, ਆਖਣ ਲੱਗਾ, "ਗੁਰੂ ਕੌਣ ਹਨ, ਫੈਸਲਾ ਕਰਨ ਵਾਲੇ। ਇਹ ਸਾਡੇ ਘਰ ਦੀ ਗੱਲ ਏ, ਅਸੀਂ ਆਪ ਨਿਬੜਾਂਗੇ। ਪਾਣੀ ਲੈਣਾ ਏ ਤਾਂ ਠੱਠਾ ਮਖੌਲ ਤੇ ਸਹਿਣਾ ਹੀ ਪਊ। ਮੁੰਡਿਆਂ ਨੇ ਕਿਹੜਾ ਉਨ੍ਹਾਂ ਦੀ ਚੁੰਨੀ ਲਾਹ ਲਈ ਏ।" ਭਰੇ ਦਰਬਾਰ ਵਿਚ ਕਾਲੇ ਨੂੰ ਲਲਕਾਰਿਆ ਵੀ ਪਰ ਮਾੜਾ ਬੰਦਾ ਕੀ ਕਰ ਸਕਦਾ ਏ। ਸਿਰ ਸੁੱਟਕੇ ਬਹਿ ਗਿਆ।

—ਕਾਲਾ ਢੇਰੀਆਂ ਢਾਹ ਬੈਠਾ ਏਂ, ਮਰਦ ਬਣ, ਉਠ, ਆਪਣੀ ਕਿਰਪਾਨ ਦਿੱਤੀ ਤੇ ਆਖਿਆ, ਹੁਣ ਅਤਿ ਹੋ ਚੁੱਕੀ ਹੈ, ਜੂਝੋ। ਥਾਪਣਾ ਦਿੱਤੀ।

ਹੰਕਾਰ ਬੁਰੀ ਬਲਾ ਏ, ਜ਼ੈਦਾ ਪੁਰਾਣਾ ਸਾਥੀ ਨਾਲ ਲੈ ਕੇ ਚੜ੍ਹ ਆਇਆ ਤੇ ਉਸ ਦੀਵਾਨ ਦੇ ਬਾਹਰ ਖਲੋ ਕੇ ਲਲਕਾਰਿਆ ਤੇ ਆਪਣੀ ਬਰਛੀ ਨੂੰ ਹੱਥਾਂ ਵਿਚ ਤੋਲਿਆ।

—ਲੈ ਆ ਖਾਂ ਜੇ ਮਰਦ ਦਾ ਪੁੱਤ ਏਂ। ਲੈ ਵਾਰ ਝੱਲ। ਉਸ ਮਹਾਰਾਜ ਕਿਆਂ ਤੇ ਵਾਰ ਕੀਤਾ। ਮਹਾਰਾਜ ਨੇ ਆਪ ਹੱਥ ਦੇ ਕੇ ਝਲਿਆ। ਲਹੂ ਲੁਹਾਨ ਹੋ ਗਏ ਹੱਥ।

ਫੇਰ ਕੀ ਸੀ ਜ਼ੈਦੇ ਪੁਰਾਣੇ ਨੂੰ ਕਾਲੇ ਨੇ ਜਾ ਜੱਫਾ ਮਾਰਿਆ ਤੇ ਢਾਹ ਲਿਆ। ਤੇ ਜ਼ੈਦਾ ਪੁਰਾਣਾ ਏਦਾਂ ਡਿੱਗਾ ਜਿਦਾਂ ਕੋਈ ਮੀਨਾਰ ਤੋਂ ਡਿਗਦਿਆਂ ਹੀ ਪਰਾਣ ਤਿਆਗ ਦੇਵੇ। ਕਿਰਪਾਨ ਦੀ ਲੋੜ ਹੀ ਨਾ ਪਈ। ਪਰ ਕਮਾਲ ਦੀ ਗੱਲ ਇਹ ਸੀ ਕਿ ਕਾਲਾ ਜ਼ਰਾ ਵੀ ਹੰਕਾਰ ਵਿਚ ਨਾ ਆਇਆ ਸਗੋਂ ਹੱਥ ਜੋੜੀ ਜਾਏ।

—ਕਾਲੇ ਡਰਦਾ ਕਿਉਂ ਏਂ। ਕੰਬੀ ਕਿਉਂ ਜਾਂਦਾ ਏਂ। ਬਰਛੀ ਦਾ ਵਾਰ ਤੇ ਅਸੀਂ ਝਲਿਆ। ਜ਼ਖਮੀ ਹੱਥ ਗੁਰਾਂ ਵਿਖਾਏ। ਗਭਰੂ ਬਣ।

—ਮਹਾਰਾਜ ਇਨ੍ਹਾਂ ਮੇਰੇ ਬਾਲ ਬੱਚਿਆਂ ਦੇ ਟੋਟੇ ਕਰ ਦੇਣੇ ਹਨ। ਇਹ ਬੜੇ ਕਰੋਧੀ ਹਨ। ਇਨ੍ਹਾਂ ਵੈਰ ਨਹੀਂ ਛੱਡਣੇ। ਪੀੜ੍ਹੀਆਂ ਤੱਕ ਜਾਣਗੇ।

ਟੁਕੜੇ ਖਹਿ ਹੋ ਗਏ, ਤਾਕਤ ਚਕਨਾ ਚੂਰ ਹੋ ਚੁੱਕੀ ਹੈ। ਗਰੂਰ ਟੁਟ ਗਿਆ ਹੈ। ਥੰਮ ਲੱਕ ਵਿਚੋਂ ਭੱਜ ਗਿਆ ਏ। ਹੁਣ ਇਹ ਕਿਸੇ ਜੋਗੇ ਨਹੀਂ ਰਹੇ। ਆਕੜਾਂ ਭੱਜ ਗਈਆਂ ਹਨ। ਸਦਾ ਕਦੀ ਬਾਗੀਂ ਬੁਲਬੁਲਾਂ ਨਹੀਂ ਬੋਲੀਆਂ। ਗੁਰੂ ਦਰਬਾਰ ਵਿਚ ਜਿਹੜਾ ਨੀਵਿਆਂ ਉਸ ਹੀ ਪਾਇਆ। ਬੇਰੀ ਨੂੰ ਫਲ ਲੱਗੇ ਤਾਂ ਬੇਰੀ ਝੁਕ ਜਾਂਦੀ ਏ। ਉਹ ਮੂਰਖ ਹਨ ਜਿਹੜੇ ਧੌਣ ਅਕੜਾ ਕੇ ਚਲਦੇ ਹਨ। ਤੁਸੀਂ ਨਿਮਰਤਾ ਵਿਚ ਰਹੋ ਤੁਹਾਡਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਗੁਰਾਂ ਨੇ ਥਾਪਣਾ ਦਿੱਤੀ।

ਜ਼ੈਦੇ ਪੁਰਾਣੇ ਵਾਲਿਆਂ ਦੀਆਂ ਅੱਖਾਂ ਖੁਲ੍ਹੀਆਂ। ਹੁਣ ਬਰਾਬਰ ਦੀ ਸੱਟ ਏ, ਐਵੇਂ ਹੈਂਕੜ ਬਾਜ਼ੀ ਵਿਚ ਮਾਰੇ ਜਾਵਾਂਗੇ। ਗੁਰਾਂ ਤੋਂ ਬਗੈਰ ਹੁਣ ਸਾਡਾ ਕੋਈ ਹਮਦਰਦੀ ਨਹੀਂ। ਗੁਰੂ ਬਾਂਹ ਫੜਨ ਤੇ ਫੜਨ ਹੋਰ ਸਾਨੂੰ ਕਿਤੇ ਢੋਈ ਨਹੀਂ।

ਰਾਤ ਪਈ। ਪਾਣੀ ਭਰਨ ਸਵਾਣੀਆਂ ਫੇਰ ਗਈਆਂ। ਕਿਸੇ ਨੇ ਅੱਖ ਭਰ ਕੇ ਨਾ ਵੇਖਿਆ। ਜ਼ਬਾਨ ਵਿੰਗੀ ਹੋ ਚੁੱਕੀ ਸੀ। ਕਿਸੇ ਦੀ ਜ਼ਬਾਨ ਤੋਂ ਬੋਲ ਵੀ ਨਾ ਨਿਕਲੇ, ਜੀਭ ਨੂੰ ਜੰਦਰਾ ਵੱਜ ਗਿਆ ਸੀ। ਕੋਈ ਕੁਸਕਿਆ ਵੀ ਨਾ। ਘਰੋਂ ਬਾਹਰ ਹੀ ਨਾ ਨਿਕਲੇ ਮੁੰਡੇ। ਮਾਵਾਂ ਨੇ ਉਨ੍ਹਾਂ ਨੂੰ ਸਤਵੀਂ ਕੋਠੜੀ ਵਿਚ ਡੱਕ ਲਿਆ ਸੀ।

ਦੋ ਚਾਰ ਦਿਨ ਹੋਰ ਲੰਘ ਗਏ, ਸੱਪ ਵਿਸ ਘੋਲ ਰਿਹਾ ਸੀ। ਜ਼ਹਿਰੀਲੇ ਸੱਪ ਖੁਡ ਵਿਚ ਵੜ ਚੁੱਕੇ ਸਨ। ਬੜੀ ਦੇਰ ਬਾਅਦ ਅਕਲ ਆਈ ਜ਼ੈਦੇ ਪੁਰਾਣੇ ਵਾਲਿਆਂ ਨੂੰ।

ਭੈਣਾ ਇਹ ਖੂਹੀ ਤੁਹਾਡੀ ਈ ਏ, ਅਸਾਂ ਮੋਹਰ ਥੋੜ੍ਹੀ ਲਾਈ ਹੋਈ ਏ। ਪਾਣੀ ਵਰਤਣ ਲਈ ਏ, ਪਾਣੀ ਮੁੱਲ ਥੋੜ੍ਹਾ ਵਿਕਦਾ ਏ। ਇਹ ਰੱਬ ਦੀ ਦਾਤ ਹੈ, ਤੁਸੀਂ ਵੀ ਵਰਤੋ ਤੇ ਅਸੀਂ ਵੀ। ਝਗੜੇ ਦਾ ਕਿੱਲਾ ਪੁਟਿਆ ਗਿਆ। ਮੂਰਖ ਨੇ ਸਾਡੀ ਪੱਗ ਪੈਰਾਂ ਵਿਚ ਰੋਲ ਦਿੱਤੀ ਏ। ਤੁਸਾਂ ਵੀ ਉਨ੍ਹਾਂ ਦੀਆਂ ਨੂੰਹਾਂ, ਧੀਆਂ ਹੋ। ਸਾਡੀਆਂ ਵੀ ਤੇ ਨੂੰਹਾਂ ਹੀ ਲੱਗਦੀਆਂ ਹੋ। ਜ਼ੈਦੇ ਪੁਰਾਣੇ ਦੇ ਇਕ ਬਜ਼ੁਰਗ ਦੇ ਬੋਲ ਸਨ।

ਕੀ ਹੋਇਆ ਜੇ ਮੁੰਡੇ ਸਾਨੂੰ ਟਿਚਰਾਂ ਕਰਦੇ ਹਨ। ਰਿਸ਼ਤੇ ਵਿਚ ਸਾਡਾ ਦਿਉਰ ਭਾਬੀ ਦਾ ਸਾਕ ਏ। ਹੁਣ ਇਹ ਟਿਚਰਾਂ ਨਾ ਕਰਨ। ਸਾਡਾ ਰਾਹ ਨਾ ਰੋਕਣ। ਘੜੇ ਨਾ ਭੰਨਣ। ਅਸਾਂ ਕੀ ਲੈਣਾ ਏ ਬਾਬਾ। ਸਾਡੀ ਤੇ ਲਹੂ ਦੀ ਸਾਂਝ ਏ। ਪਰ ਟਿੱਚਰ ਝੱਲੀ ਵੀ ਤੇ ਨਹੀਂ ਜਾਂਦੀ। ਇਨ੍ਹਾਂ ਦੇ ਨੱਕ ਵਿਚ ਨਕੇਲ ਪੈ ਗਈ ਏ। ਕੌਣ ਜੰਮਿਆ ਏ ਤੁਹਾਡੀ ਵ੍ਹਾ ਵੱਲ ਵੇਖਣ ਵਾਲਾ। ਖੂਹੀ ਦੀ ਮਾਲਕੀ ਤੁਹਾਡੀ ਤੇ ਸਾਡੀ ਸਾਂਝੀ ਏ।

ਗੁਰਾਂ ਨੇ ਝਗੜੇ ਦਾ ਰੱਸਾ ਅੱਧ ਵਿਚੋਂ ਟੁਚ ਦਿੱਤਾ। ਹੁਣ ਕੋਈ ਫਸਾਦੀ ਨਹੀਂ ਸੀ ਰਿਹਾ। ਏਸ ਕਾਰਜ ਨੂੰ ਨਜਿੱਠਣ ਵਿਚ ਗੁਰਾਂ ਦੇ ਤਿੰਨ ਮਹੀਨੇ ਤੇ ਬਾਈ ਦਿਨ ਲੱਗੇ। ਮੱਛਰੇ ਸਾਨ੍ਹ ਮਸਾਂ ਮਸਾਂ ਖੁਰਲੀ ਤੇ ਬੱਝੇ। ਅਗਲੇ ਪਿੰਡ ਜਾਣ ਲਈ ਨਰਸਿੰਙੇ ਵੱਜੇ। ਨਗਾਰਾ ਬੋਲਿਆ, ਘੋੜਿਆਂ ਵਿਚ ਹਰਕਤ ਆਈ।

ਮਹਾਰਾਜ ਕਿਆਂ ਦੀ ਹਾਲਤ ਮਾੜੀ ਸੀ। ਜ਼ੈਦੇ ਪੁਰਾਣੇ ਵਾਲੇ ਹਰ ਗੱਲ ਵਿਚ ਤਕੜੇ ਸਨ। ਜੇ ਦੋਹਾਂ ਧਿਰਾਂ ਵਿਚ ਝਗੜੇ ਦਾ ਭੂਤਨਾ ਨਾ ਨੱਚੇ ਪਰ ਡਰ ਬਣਿਆ ਰਹੇ ਤੇ ਫੇਰ ਵੀ ਦੋਵੇਂ ਪਿੰਡ ਭੁੱਖੇ ਮਰ ਜਾਣਗੇ। ਜੱਫੀਆਂ ਪਾ ਕੇ ਇਹ ਕੰਮ ਧੰਦਾ ਕਰਨ ਤੇ ਦੋਵੇਂ ਖੁਸ਼ਹਾਲ ਹੋ ਜਾਣ ਨਹੀ ਤੇ ਭੰਗ ਭੁਜੇਗੀ ਦੋਵਾਂ ਪਿੰਡਾਂ ਵਿਚ। ਸਾਰੀ ਮਲ ਗੁਜ਼ਾਰ ਵਿਚ ਗੁਡਾ ਤੇ ਬੱਝ ਗਿਆ ਏ। ਕਿਸੇ ਨੇ ਟਕਾ ਉਧਾਰ ਨਹੀਂ ਦੇਣਾ। ਖਾਧਿਆਂ ਤੇ ਖੂਹ ਖਾਲੀ ਹੋ ਜਾਂਦੇ ਹਨ।

ਸਾਡਾ ਪੈਲੀ ਬੰਨਾ ਸਾਂਝਾ ਏ, ਏਸ ਲਈ ਸਿਆਣਿਆਂ ਵਿਚ ਪੈ ਕੇ ਏਸ ਗੱਲ ਵਿਚ ਸਾਕ ਪੱਕੇ ਕਰ ਲਏ। ਚਾਰ ਡੋਲੇ ਘਰੋਂ ਦਿੱਤੇ ਤੇ ਚਾਰ ਲਏ। ਕੁੜਮਾਚਾਰੀ ਵੀ ਹੋ ਗਈ ਤੇ ਸ਼ਰੀਕੇ ਦਾ ਲੱਕ ਵੀ ਟੁੱਟ ਗਿਆ।

ਜ਼ੈਦੇ ਪੁਰਾਣੇ ਵਾਲਿਆਂ ਦੀ ਅਕਲ ਟਿਕਾਣੇ ਆਈ ਤੇ ਉਹ ਗੁਰਾਂ ਦੀ ਚਰਨੀਂ ਜਾ ਲੱਗੇ। ਵਰ ਮੰਗਿਆ ਤੇ ਅੱਗੇ ਤੋਂ ਕੰਨ ਫੜੇ। ਕਦੀ ਭੁਲ ਕੇ ਵੀ ਝਗੜੇ ਦੇ ਨੇੜੇ ਨਹੀਂ ਜਾਵਾਂਗੇ। ਪਿਛਲੀਆਂ ਭੁੱਲਾਂ ਬਖਸ਼ੋ ਤੇ ਅੱਗੋਂ ਬਖਸ਼ਸ਼ਾਂ ਕਰੋ ਕਿ ਸਾਡੀ ਕੁਲ ਵਿਚ ਕੋਈ ਝਗੜਾਲੂ ਪੁਤ ਨਾ ਜੰਮੇ।

ਮਹਾਰਾਜ ਕਿਆਂ ਕੋਲ ਜ਼ਮੀਨ ਵੀ ਥੋੜ੍ਹੀ ਸੀ, ਰੋਟੀ ਟੁਕਰ ਦੇ ਵਸੀਲੇ ਵੀ ਘੱਟ ਸਨ। ਲੋੜ ਤੇ ਬਹੁਤੀ ਉਨ੍ਹਾਂ ਨੂੰ ਸੀ ਜਿਨ੍ਹਾਂ ਦੀ ਡੰਗ ਬਡੰਗੀ ਚਲਦੀ ਸੀ।

ਵੈਸੇ ਠਲ੍ਹ ਪੈ ਚੁੱਕੀ ਸੀ ਮੂੰਹ ਜ਼ੋਰ ਵਛੇਰਿਆਂ ਨੂੰ। ਕੰਡਿਆਂ ਵਾਲੀਆਂ ਲਗਾਮਾਂ ਚਾੜ੍ਹ ਦਿੱਤੀਆਂ ਸਨ। ਬਾਂਗਾਂ ਦੇਣ ਵਾਲੇ ਕੁੱਕੜ ਖੁਡਿਆਂ ਵਿਚ ਡੱਕੇ ਗਏ ਸਨ। ਉਹ ਹੁਣ ਬਾਂਗ ਦੇਣ ਤੋਂ ਵੀ ਡਰਦੇ ਸਨ।

ਘੋੜਿਆਂ ਤੇ ਕਾਠੀਆਂ ਪੈ ਚੁਕੀਆਂ ਸਨ ਪਰ ਅਜੇ ਸਵਾਰ ਨਹੀਂ ਸਨ ਚੜ੍ਹੇ। ਨਰਸਿੰਙੇ ਵੱਜੇ ਵੀ ਸਨ। ਸਾਰਿਆਂ ਨੂੰ ਹੁਸ਼ਿਆਰ ਕਰਨ ਲਈ। ਨਗਾਰੇ ਚੋਟ ਪਈ ਸੀ, ਲਵੋ ਭਾਈ ਤਿਆਰ ਹੋ ਜਾਵੋ। ਦੀਵਾਨ ਸਮਾਪਤ ਹੋਣ ਵਿਚ ਦੇਰ ਸੀ। ਸਿਰਫ ਕੀਰਤਨ ਕਰਨ ਵਾਲੀਆਂ ਟੋਲੀਆਂ ਤੇ ਲੰਗਰ ਦੇ ਲਾਂਗਰੀਆਂ ਨੇ ਹੀ ਕੂਚ ਕੀਤਾ ਸੀ।

ਭਾਈ ਕਾਲੇ ਨੇ ਆਪਣੇ ਭਰਾ ਦੇ ਦੋ ਪੁੱਤਾਂ ਨੂੰ ਨਾਲ ਲਿਆ। ਇਕ ਦਾ ਨਾਂ ਫੂਲ ਸੀ ਤੇ ਦੂਜੇ ਦਾ ਨਾਂ ਸੰਦਲੀ। ਦਰਬਾਰ ਵਿਚ ਹਾਜ਼ਰੀ ਆਣ ਭਰੀ। ਭਰਾ ਦਾ ਨਾਂ ਕਰਮ ਚੰਦ ਸੀ। ਘਰੋਂ ਹੀ ਸਿੱਖੇ ਸਿਖਾਏ ਆਏ ਸਨ।

ਦੀਵਾਨ ਵਿਚ ਪੁੱਜੇ। ਢਿੱਡ ਨੰਗਾ ਕਰਕੇ ਢਿੱਡ ਵਜਾਉਣ ਲੱਗ ਪਏ। ਸਾਰੀ ਸੰਗਤ ਹੈਰਾਨ ਹੋ ਗਈ।

ਇਹ ਕੀ ਰਾਮ ਲੀਲਾ ਏ। ਇਹ ਕੰਗਲਿਆਂ ਦਾ ਡੇਰਾ ਕਿਥੋਂ ਆ ਗਿਆ ਏ। ਸੰਗਤ ਏਸ ਤਰ੍ਹਾਂ ਸੋਚ ਰਹੀ ਸੀ।

—ਗੁਰਾਂ ਫੁਰਮਾਇਆ, ਭਾਈ ਕਾਲੇ ਇਹ ਕੌਣ ਹਨ, ਕਿਥੋਂ ਆਏ ਹਨ।

—ਭਾਈ ਕਾਲੇ ਨੇ ਹੱਥ ਜੋੜੇ, ਇਹ ਮੇਰੇ ਭਤੀਜੇ ਹਨ, ਮਾਸੂਮ ਹਨ, ਯਤੀਮ ਹਨ, ਗ਼ਰੀਬੀ ਘਰ ਦੇ ਬੂਹੇ ਮਲੀ ਬੈਠੀ ਏ। ਘਰ ਵਿਚ ਭੁੱਖ ਨੰਗ ਦੀ ਕੂਤਨੀ ਨੱਚ ਰਹੀ ਏ। ਕੋਈ ਆਸਰਾ ਨਹੀਂ। ਕੌਣ ਸਹਾਰਾ ਦੇਵੇ।

—ਇਹ ਕੀ ਮੰਗਦੇ ਹਨ।

—ਇਨ੍ਹਾਂ ਦੇ ਗਲ ਕਪੜਾ ਵੀ ਨਹੀਂ। ਭੁੱਖੇ ਨੇ ਕੀ ਮੰਗਣਾ ਏ ਮਹਾਰਾਜ ਦੋ ਰੋਟੀਆਂ। ਘਰ ਵਿਚ ਤੇ ਇਕ ਡੰਗ ਦੀ ਵੀ ਰੋਟੀ ਨਹੀਂ। ਇਹ ਭੁੱਖੇ ਹਨ।

ਬਖਸ਼ਸ਼ਾਂ ਦੇ ਦਾਤੇ ਨੇ ਹੁਕਮ ਕੀਤਾ, ਕੀ ਆਖਦਾ ਏ, ਇਹ ਭੁੱਖੇ ਹਨ?

—ਹਾਂ ਸਤਿਗੁਰੂ ਇਨ੍ਹਾਂ ਦੇ ਤਨ ਤੇ ਟਾਕੀ ਕਪੜਾ ਵੀ ਨਹੀਂ। ਪੈਰਾਂ ਵਿਚ ਜੁੱਤੀ ਤੱਕ ਵੀ ਨਹੀਂ। ਸਿਰੋਂ ਨੰਗੇ, ਗ਼ਰੀਬੀ, ਗੁਰਬਤ ਮੁਫਲਸੀ ਟਹਿਕਦੀ ਏ ਇਨ੍ਹਾਂ ਦੇ ਚਿਹਰਿਆਂ ਤੇ।

ਬਖਸ਼ਸ਼ਾਂ ਦੇ ਦਾਤੇ ਅੱਗੇ ਮੱਥਾ ਟੇਕਿਆ ਤੇ ਮਿਹਰ ਭਰੀ ਨਜ਼ਰ ਕੀਤੀ ਗੁਰੂ ਹਰਿ ਰਾਏ ਨੇ। ਰਹਿਮਤ ਭਰੀ ਨਜ਼ਰ ਨਾਲ ਵੇਖਿਆ। ਰਸਨਾ ਭਰੀ ਆਵਾਜ਼ ਵਿਚ ਬਚਨ ਕੀਤਾ।

—ਭਾਈ ਕਾਲੇ ਇਹ ਕੀ ਮੰਗਦੇ ਹਨ?

ਸੋਚਿਆ ਵਕਤ ਏ, ਗੁਰਾਂ ਆਪ ਪੁਛਿਆ ਏ।

—ਤੂੰ ਇਨ੍ਹਾਂ ਨੂੰ ਭੁੱਖੇ ਆਖਦਾ ਏਂ, ਇਹ ਤੇ ਸਮਾਂ ਆਉਣ ਤੇ ਰਾਜੇ ਹੋਣਗੇ। ਇਨ੍ਹਾਂ ਦੇ ਦਰ ਤੋਂ ਕਈ ਭੁੱਖੇ ਆਣ ਕੇ ਪੇਟ ਭਰਿਆ ਕਰਨਗੇ। ਜਮਨਾ ਤੀਕ ਇਨ੍ਹਾਂ ਦੇ ਘੋੜਿਆਂ ਦੀਆਂ ਟਾਪਾਂ ਸੁਣੀਆਂ ਜਾਣਗੀਆਂ। ਰਾਜਿਆਂ ਨੂੰ ਭੁੱਖੇ ਨਹੀਂ ਆਖੀਦਾ।

ਕਾਲੇ ਦੀ ਵਹੁਟੀ ਨੇ ਜਦ ਸੁਣਿਆ ਕਿ ਭਤੀਜਿਆਂ ਨੂੰ ਬਖਸ਼ਸ਼ਾਂ ਤੇ ਰਹਿਮਤਾਂ ਦੇ ਵਰ ਮਿਲ ਗਏ ਹਨ ਤਾਂ ਝਟ ਹੀ ਆਪਣੇ ਪੁੱਤਾਂ ਨੂੰ ਨੰਗ-ਧੜੰਗ ਕਰਕੇ ਦਰਬਾਰ ਵਿਚ ਭੇਜ ਦਿੱਤਾ ਤੇ ਨਾਲ ਹੀ ਆਪ ਖੜੀ ਹੋ ਗਈ।

—ਹਜ਼ੂਰ ਇਹ ਵੀ ਤੁਹਾਡੇ ਪੁੱਤ ਹਨ, ਇਨ੍ਹਾਂ ਤੇ ਵੀ ਮਿਹਰ ਭਰਿਆ ਹੱਥ ਰੱਖੋ।

ਦਰਦੀ ਦਾਤੇ ਨੇ ਬਚਨ ਕੀਤੇ, ਰਾਜ ਪਾਤਸ਼ਾਹੀਆਂ ਤੇ ਇਨ੍ਹਾਂ ਦੀਆਂ ਵੀ ਹੋਣਗੀਆਂ ਪਰ—

"ਨਿਜ ਬਾਹੀ ਯਹਿ ਭੀ ਖੁਦ ਖੈ ਹੈ" ਹਾਲਾ ਇਹ ਵੀ ਕਿਸੇ ਦਾ ਨਹੀਂ ਭਰਨਗੇ।

ਫੂਲਕੀਆਂ ਰਿਆਸਤਾਂ ਜਿਹੜੀਆਂ ਵਜੂਦ ਵਿਚ ਆਈਆਂ, ਨਾਭਾ ਤੇ ਪਟਿਆਲਾ ਹਨ। ਇਨ੍ਹਾਂ ਦੇ ਵੱਡੇ ਫੂਲ ਤੇ ਸੰਦਲੀ ਈ ਸਨ। ਸਭ ਗੁਰੂ ਹਰਿ ਰਾਏ ਦੀ ਸ਼ੋਭਾ ਏ। ਗੁਰੂ ਜਿਹਨੂੰ ਚਾਹੇ ਪਾਤਸ਼ਾਹ ਬਣਾ ਦੇਵੇ। ਗੁਰੂ ਸ਼ਕਤੀਮਾਨ ਏ।

ਰੱਬ ਕਿਸੇ ਨੇ ਵੇਖਿਆ ਨਹੀਂ। ਗੁਰੂ ਤੁਹਾਡੇ ਸਾਹਮਣੇ ਹੀ ਬਿਰਾਜਮਾਨ ਹਨ।

□

੬੭

ਕਾਕਰੂ ਕਾ ਅੰਬ

ਵਸੋ, ਰਸੋ ਕਰਤਾਰ ਰਾਖਾ! ਦੀਆਂ ਅਸੀਸਾਂ ਦੇਂਦੇ ਤਖਤਪੁਰਾ, ਗਹਿਲ ਤੇ ਭਦੌੜ ਨੂੰ ਤਾਰਦੇ ਸੰਗਰੂਰ, ਸੁਨਾਮ, ਸਮਾਣਾ ਦੀ ਧਰਤੀ ਨੂੰ ਭਾਗ ਲਾਉਂਦੇ, ਗੂਹਲਾ ਤੋਂ ਚੀਕਾ ਹੁੰਦੇ ਹੋਏ ਹਜ਼ੂਰ ਪਹੋਆ ਸਾਹਿਬ ਪਹੁੰਚੇ। ਗੁਰੂ ਦੇ ਵਜਦੇ ਨਰਸਿੰਙੇ ਨਗਾਰਿਆਂ ਅੱਗੇ ਸਾਰੇ ਇਲਾਕੇ ਸਿਰ ਝੁਕਾਇਆ। ਸ਼ਰਧਾ ਤਾਂ ਉਦਾਂ ਹੀ ਵੱਧ ਗਈ ਸੀ। ਲੋਕ ਤੇ ਗੁਰੂ ਦੇ ਘੋੜਿਆਂ ਦੇ ਚਰਨ ਵੀ ਪੂਜਣ ਲੱਗ ਪਏ ਸਨ। ਗੁਰੂ ਦੇ ਹਾਥੀ ਦੇ ਪੈਰਾਂ ਦੀ ਮਿੱਟੀ ਲੋਕਾਂ ਸਲਾਈਆਂ ਭਰ ਭਰ ਕੇ ਅੱਖਾਂ ਵਿਚ ਪਾਈਆਂ। ਸਿਆਣੀਆਂ ਜ਼ਨਾਨੀਆਂ ਦਾ ਅਕੀਦਾ ਸੀ, ਇਨ੍ਹਾਂ ਨਾਲ ਅੱਖਾਂ ਦੇ ਸਾਰੇ ਰੋਗ ਦੂਰ ਹੋ ਜਾਂਦੇ ਹਨ। ਅੱਖਾਂ ਦੀ ਰੌਸ਼ਨੀ ਵਧਦੀ ਏ। ਲੋਕਾਂ ਵਿਚ ਸੇਵਾ, ਸਤਿਕਾਰ ਤੇ ਸ਼ਰਧਾ ਦੀ ਭਾਵਨਾ ਇਥੋਂ ਤਕ ਬਲਵਾਨ ਹੋ ਗਈ ਸੀ। ਜਿਥੋਂ ਤੱਕ ਗੁਰਾਂ ਨੇ ਆਪਣਾ ਆਸਣ ਬਣਾਇਆ ਸੀ ਉਥੋਂ ਤੱਕ ਲੋਕਾਂ ਨੇ ਥੜ੍ਹੇ ਬਣਾ ਦਿੱਤੇ। ਧਰਮਸ਼ਾਲਾ ਬਣਾਉਣ ਦੀ ਯੋਜਨਾ ਬੰਨ੍ਹੀ ਜਾ ਰਹੀ ਸੀ। ਹਰ ਪਿੰਡ ਵਿਚ ਮਾੜੀ ਜਿਹੀ ਕੋਠੜੀ ਵੀ ਕਿਉਂ ਨਾ ਹੋਵੇ, ਬਿਨਾਂ ਛੱਤੀ, ਉਹਨੂੰ ਲੋਕ ਧਰਮਸ਼ਾਲਾ ਆਖਦੇ ਹਨ। ਸੰਗਤ ਇਕੱਠੀ ਹੋਣ ਲੱਗ ਪਈ। ਬਾਣੀ ਪੜ੍ਹਦੇ ਹਿਰਦੇ ਠਾਰਦੇ। ਮਨ ਦੀ ਰਸਨਾ ਪਵਿੱਤਰ ਹੁੰਦੀ। ਲੋਕਾਂ ਨੇ ਨਸ਼ੇ ਤਿਆਗ ਦਿੱਤੇ ਸਨ। ਜਿਥੇ ਸੂਰਜ ਡੁੱਬਣ ਵੇਲੇ ਸ਼ਰਾਬ ਪੀਣ ਵਾਲਿਆਂ ਦੀਆਂ ਜੁੰਡਲੀਆਂ ਬੈਠਿਆ ਕਰਦੀਆਂ ਸਨ, ਉਥੇ ਹੁਣ ਬਾਣੀ ਪੜ੍ਹਨ ਵਾਲੇ, ਕਥਾ ਕੀਰਤਨ ਕਰਨ ਵਾਲੀਆਂ ਭਜਨ ਮੰਡਲੀਆਂ ਦਾ ਕਬਜ਼ਾ ਸੀ। ਸ਼ਰਾਬੀ ਕਬਾਬੀਆਂ ਨੇ ਆਪਣੇ ਅੱਡੇ ਖੇਤਾਂ ਦੀ ਨਾਭੀ ਵਿਚ ਜਾ ਲਾਏ ਸਨ। ਜੀਵਨ ਨੇ ਪਲਟਾ ਖਾਧਾ। ਲੋਕਾਂ ਦਾ ਗੁਰੂ ਤੇ ਵਿਸ਼ਵਾਸ ਪੱਕਾ ਹੋ ਗਿਆ ਸੀ। ਗੁਰੂ ਹੀ ਸਾਨੂੰ ਤਾਰ ਸਕਦੇ ਹਨ। ਸਾਡੇ ਜੀਵਨ ਦੀ ਬੇੜੀ ਦੇ ਮਲਾਹ ਗੁਰੂ ਹੀ ਹਨ। ਪੰਜਾਬ ਦੀ ਰੂਹ ਵਿਚ ਜੇ ਕਿਸੇ ਨੇ ਤਬਦੀਲੀ ਲਿਆਉਣੀ ਏ ਤਾਂ ਉਹ ਹਨ ਗੁਰੂ।

ਬਜ਼ੁਰਗਾਂ ਨੇ ਨਸ਼ੇ ਪਾਣੀ ਤੋਂ ਤੌਬਾ ਕਰ ਲਈ ਸੀ। ਅਫੀਮ ਤੋਂ ਤੇ ਹੌਲੀ ਹੌਲੀ ਛੁਟਕਾਰਾ ਮਿਲੂ। ਸ਼ਰਾਬ ਦੀਆਂ ਮਟਕੀਆਂ ਤੇ ਲੋਕਾਂ ਚੁਰਾਹੇ ਤੇ ਭੰਨ ਸੁਟੀਆਂ ਸਨ। ਚੋਰੀ ਛਿਪੇ ਭਾਵੇਂ ਕੋਈ ਸ਼ਰਾਬ ਕਢਦਾ ਪਰ ਰੜ੍ਹੇ ਮੈਦਾਨ ਵਿਚ ਕਿਸੇ ਦੀ ਕੋਈ ਜੁਰਅਤ ਨਾ ਪੈਂਦੀ ਕਿ ਸ਼ਰਾਬ ਦੀ ਭੱਠੀ ਚੜ੍ਹਾ ਸਕੇ। ਜਗਜੀਵਨ ਵਿਚ ਬਹੁਤ ਵਡੀ ਤਬਦੀਲੀ ਆ ਰਹੀ ਸੀ। ਗਭਰੂ ਮੁੰਡੇ ਅਜੇ ਵੀ ਆਪਣਾ ਅਥਰਾਪਨ ਨਹੀਂ ਸਨ ਛਡ ਰਹੇ। ਪਰ ਫੇਰ ਵੀ ਉਥੋਂ ਦੇ ਪਿੰਡ ਦੇ ਮੁੰਡਿਆਂ ਨੇ ਕੰਨਾਂ

ਨੂੰ ਹੱਥ ਲਾ ਲਏ ਸਨ। ਹੁਣ ਸ਼ਾਮ ਦੇ ਅਖਾੜੇ ਸ਼ਰਾਬੀਆਂ ਦੇ ਨਹੀਂ ਸਨ ਜੰਮਦੇ ਸਗੋਂ ਢੋਲਕੀ ਛੈਣਿਆਂ ਦੀਆਂ ਰੌਣਕਾਂ ਸਨ। ਮਾਲਾ ਪ੍ਰਧਾਨ ਹੋ ਗਈ ਸੀ। ਚਲੋ ਜਵਾਨੀ ਵਿਚ ਤੋਬਾ ਨਹੀਂ ਕੀਤੀ, ਬੁਢਾਪੇ ਵਿਚ ਤੇ ਮਾਲਾ ਫੜ ਲਈ ਏ। ਜਵਾਨੀ ਵਿਚ ਗੁਨਾਹ ਦੀਆਂ ਪੰਡਾਂ ਬੰਨ੍ਹੀਆਂ ਸਨ ਜਿਹੜੀਆਂ ਉਹ ਬੁਢਾਪੇ ਵਿਚ ਖੁਲ੍ਹ ਜਾਣਗੀਆਂ। ਗੁਨਾਹ ਬਿਖਰ ਜਾਣਗੇ ਅਤੇ ਰਾਹ ਦਾ ਭਾਰ ਹੌਲਾ ਹੋ ਜਾਵੇਗਾ। ਪਿੰਡਾਂ ਦੇ ਪਿੰਡ ਸਿੰਘ ਸਭੀਏ ਬਣ ਰਹੇ ਸਨ। ਗੁਰਾਂ ਦਾ ਬੋਲ ਬਾਲਾ ਸੀ। ਮੁਸਲਮਾਨਾਂ ਨੇ ਬਹੁਤ ਜਲਦੀ ਅਸਰ ਕਬੂਲਿਆ। ਸੂਫ਼ੀ ਫਕੀਰ, ਧੰਨ ਧੰਨ ਗੁਰੂ ਦਾ ਨਾਅਰਾ ਮਾਰਦੇ ਫਿਰਦੇ ਸਨ। ਏਸ ਯੁਗ ਦੇ ਵਲੀ ਫਕੀਰ ਔਲੀਆ, ਸਭ ਗੁਰੂ ਮਹਾਰਾਜ ਹੀ ਹਨ।

ਕਈਆਂ ਪਿੰਡਾਂ ਵਿਚ ਨੀਂਹਾਂ ਭਰੀਆਂ ਗਈਆਂ ਸਨ, ਧਰਮਸ਼ਾਲਾਵਾਂ ਦੀਆਂ ਤੇ ਕਈਆਂ ਨੇ ਉਸਾਰੀਆਂ ਵੀ ਕਰ ਦਿੱਤੀਆਂ ਸਨ। ਗਲ ਕੀ ਗੁਰਾਂ ਨੇ ਪਿਉਂਦ ਲਾ ਦਿੱਤੀ ਸੀ ਸਿਖੀ ਦੀ। ਹਰ ਬੰਦਾ ਨਾਂ ਲੈਣ ਨੂੰ ਉਤਾਵਲਾ ਸੀ। ਜੀਵਨ ਦੀ ਧਾਰਾ ਹੀ ਬਦਲ ਗਈ ਸੀ।

ਗਿੱਧੇ ਦੀਆਂ ਬੋਲੀਆਂ ਵਿਚ ਵੀ ਗੁਰਬਾਣੀ ਦੀ ਲਹਿਰ ਦੌੜ ਗਈ ਸੀ। ਗੁਰੂ ਹੁਣ ਗਿੱਧੇ ਵਿਚ ਵੀ ਪ੍ਰਧਾਨ ਹੁੰਦਾ ਜਾ ਰਿਹਾ ਸੀ। ਭੰਗੜਾ ਪਾਉਣ ਵਾਲੇ ਡਰਦੇ ਡਰਦੇ ਵੀ ਗੁਰਬਾਣੀ ਦੀਆਂ ਤੁਕਾਂ ਦੀ ਵਰਤੋਂ ਕਰ ਰਹੇ ਸਨ। ਪਰ ਅਜੇ ਉਨ੍ਹਾਂ ਦੇ ਸੰਗ ਵਿਚੋਂ ਆਵਾਜ਼ ਨਿਕਲਦੀ ਨਹੀਂ ਸੀ।

ਖਾੜਕੂ ਜੀਵਨ ਬਿਤਾਉਣ ਵਾਲੇ ਸਾਧਾਂ ਵਾਂਗੂੰ ਆਪਣਾ ਜੀਵਨ ਢਾਲ ਰਹੇ ਸਨ। ਅਜ ਸਾਧ ਬਣੇ ਹਨ, ਹੌਲੀ ਹੌਲੀ ਮੁੰਦਰਾਂ ਵੀ ਪਾ ਲੈਣਗੇ। ਜੋਗੀ ਇਕ ਦਿਨ ਵਿਚ ਬੰਦਾ ਥੋੜ੍ਹਾ ਬਣ ਜਾਂਦਾ ਏ। ਸੰਤ ਬਣਨ ਵਿਚ ਉਮਰ ਦਾਅ ਤੇ ਲਾਉਣੀ ਪੈਂਦੀ ਏ।

ਲੋਕਾਂ ਦਾ ਅਥਰਾਪਨ, ਤੁਰਸ਼ੀ, ਕਸੈਲੇ ਬੋਲ, ਆਪਣੇ ਚੋਲੇ ਬਦਲ ਰਹੇ ਸਨ। ਦੁੱਧ ਰਿੜਕਦੀਆਂ ਸਵਾਣੀਆਂ ਨੇ ਵੀ ਬਾਣੀ ਦੀਆਂ ਤੁਕਾਂ ਜ਼ਬਾਨੀ ਕੰਠ ਕਰ ਲਈਆਂ ਸਨ। ਬਾਕੀ ਆਮ ਜੀਵਨ ਵਿਚ ਵੀ ਬਾਣੀ ਬਲਵਾਨ ਹੁੰਦੀ ਜਾ ਰਹੀ ਸੀ। ਗੁਰਾਂ ਬਾਰੇ ਲੋਕਾਂ ਦਾ ਅਕੀਦਾ ਪੱਕਾ ਹੁੰਦਾ ਜਾ ਰਿਹਾ ਸੀ।

ਡੋਡਿਆਂ ਤੋਂ ਲੋਕ ਨਫ਼ਰਤ ਕਰਨ ਲਗ ਪਏ ਸਨ। ਅਫ਼ੀਮ ਨੂੰ ਤਿਲਾਂਜਲੀ ਦਿੱਤੀ ਜਾ ਰਹੀ ਸੀ ਇਹ ਕਿਰਪਾ ਗੁਰੂ ਦੇ ਪਰਤਾਪ ਦੀ ਏ, ਵਰਨਾ ਅਫ਼ੀਮੀ ਅਫ਼ੀਮ ਛੱਡ ਦੇਵੇ, ਕਦੀ ਨਹੀਂ। ਸੂਰਜ ਲਹਿੰਦੇ ਵਲੋਂ ਚੜ੍ਹ ਸਕਦਾ ਏ ਪਰ ਅਫ਼ੀਮੀ ਅਫ਼ੀਮ ਨਹੀਂ ਛੱਡ ਸਕਦਾ ਏ।

ਭਰਮ ਜਾਲ ਪੰਡਿਆਂ ਨੇ ਬਹੁਤ ਸੁਟੇ ਹੋਏ ਸਨ। ਉਨ੍ਹਾਂ ਤੋਂ ਕੋਈ ਮੁਕਤ ਨਹੀਂ ਸੀ ਹੋ ਸਕਦਾ। ਬ੍ਰਾਹਮਣਾਂ ਦੀ ਪਕੜ ਬਹੁਤ ਮਜ਼ਬੂਤ ਸੀ। ਬ੍ਰਾਹਮਣਾਂ ਨੇ ਕਈ ਸੌ ਸਾਲ ਭਾਰਤ ਵਰਸ਼ ਦੇ ਲੋਕਾਂ ਦੇ ਦਿਲਾਂ ਤੇ ਰਾਜ ਕੀਤਾ ਸੀ। ਉਤਮ ਪਦਵੀ ਤੇ ਉਚਾ ਅਸਥਾਨ ਹਮੇਸ਼ਾ ਪ੍ਰਾਪਤ ਕਰਨ ਵਾਲੇ, ਕਿਦਾਂ ਭੁੰਜੇ ਪਸੱਕਾ ਮਾਰਕੇ ਬੈਠ ਜਾਣ। ਰਸੀ ਸੜਦੀ ਸੜ ਜਾਏ ਵੱਟ ਨਹੀਂ ਜਾਂਦਾ। ਭੁਬਲ ਹੋ ਜਾਂਦੀ ਏ ਰੱਸੀ। ਹੌਲੀ ਹੌਲੀ ਵੱਟ ਜਾਣਗੇ, ਜਦ ਹਵਾ ਉਨ੍ਹਾਂ ਦੀ ਸਵਾਹ ਉਡਾ ਦੇਵੇਗੀ।

ਇਕ ਬ੍ਰਾਹਮਣ ਨੇ ਆਖਿਆ, ਕੋਏ ਦਾ ਤਲਾਅ ਅਜ ਦਾ ਥੋੜ੍ਹਾ ਏ, ਸਤਿਜੁਗ ਦਾ ਏ। ਇਹਦਾ ਮਹਾਤਮ ਏ, ਜਿਹੜਾ ਇਸ ਤਲਾਅ ਵਿਚ ਇਸ਼ਨਾਨ ਕਰਕੇ, ਸੋਨਾ ਦਾਨ ਕਰੇਗਾ ਉਹਨੂੰ ਸੋਨੇ ਦਾ ਰਥ ਅਗਲੇ ਜਨਮ ਵਿਚ ਮਿਲੇਗਾ। ਬ੍ਰਾਹਮਣਾਂ ਦੀ ਰੋਟੀ ਦਾ ਕੋਈ ਸਾਧਨ ਨਹੀਂ ਸੀ। ਏਸੇ ਲਈ ਉਨ੍ਹਾਂ ਮਨ ਘੜਤ ਗਲਾਂ ਬਣਾ ਲਈਆਂ ਸਨ। ਯਾਤਰੀ ਨੇ ਕੁਝ ਨਾ ਕੁਝ ਦਾਨ ਤੇ ਜ਼ਰੂਰ ਕਰਨਾ ਈ ਏ ਵਿਚ ਵਿਚ ਧਨੀ ਲੋਕ ਵੀ ਆ ਜਾਂਦੇ ਹਨ। ਸੋਨਾ ਉਨ੍ਹਾਂ ਦੀ ਗੰਢ ਵਿਚੋਂ ਕਢਵਾਇਆ ਜਾਂਦਾ। ਕਿਸੇ ਦੀ ਗੰਢ ਖੁਲਵਾਉਣੀ ਮਖੌਲ ਨਹੀਂ। ਏਸੇ ਨੂੰ ਈ ਤੇ ਵਿਦਿਆ ਆਖਿਆ ਜਾਂਦਾ ਏ।

ਪਰ ਪੰਜਾਬੀ ਜਿੰਨਾ ਚਿਰ ਏਸ ਮਾਇਆ ਜਾਲ ਨੂੰ ਝਲਦਾ ਏ, ਝਲੀ ਜਾਂਦਾ ਏ, ਅੱਖਾਂ ਮੀਟ ਕੇ ਤੇ ਜਦ ਇਹ ਛੱਟ ਲਾਹੁਣ ਲਗਦਾ ਏ ਤੇ ਇਕ ਪਲ ਵਿਚ ਲਾਹ ਕੇ ਪਰ੍ਹੇ ਸੁਟਦਾ ਏ। ਇਹ ਇਦ੍ਹਾ ਸੁਭਾਅ ਏ। ਜਿਹੜਾ ਵੀ ਧਰਮ ਪੰਜਾਬ ਵਿਚ ਆਇਆ ਸਭ ਤੋਂ ਪਹਿਲਾਂ ਪੰਜਾਬ ਵਿਚ ਹੀ ਪ੍ਰਵਾਨ ਚੜ੍ਹਿਆ ਤੇ ਪੰਜਾਬੀਆਂ ਨੇ ਹੀ ਕਬੂਲਿਆਂ। ਸਵਾਦ ਲੈਣਾ ਪੰਜਾਬੀਆਂ ਦਾ ਕੰਮ ਏ। ਕਈ ਸਵਾਦ ਵਿਚ ਫਾਹੇ ਵੀ ਲਗ ਜਾਂਦੇ ਹਨ ਤੇ ਕਈਆਂ ਜ਼ਬਾਨ ਦਾ ਚਸਕਾ ਲਿਆ ਤੇ ਕੰਢੇ ਤੇ ਖਲੋ ਗਏ।

ਗੁਰੂ ਨਾਨਕ ਦੇਵ ਜਦ ਕੋਏ ਆਏ ਤੇ ਉਨ੍ਹਾਂ ਬ੍ਰਾਹਮਣਾਂ ਦੀ ਰਾਮ ਲੀਲਾ ਵੇਖੀ ਤੇ ਆਖਿਆ ਏਸ ਤਰ੍ਹਾਂ ਨਹੀਂ ਪੰਡਤ ਜੀ—"ਨਾਨਕ ਅਗੇ ਸੋ ਮਿਲੇ ਜੋ ਖਟੇ ਘਾਲੇ ਦੇਇ।"

ਹੁਣ ਗੁਰੂ ਹਰਿਰਾਏ ਨੇ ਸ਼ਹਿਰ ਦੇ ਪੂਰਬ ਵਲ ਇਕ ਉਚੀ ਥੇਹ ਤੇ ਆਪਣਾ ਡੇਰਾ ਲਾਇਆ ਤੇ ਪੰਡਤਾਂ ਨੂੰ ਉਪਦੇਸ਼ ਦਿੱਤਾ, ਕਿ ਪ੍ਰਭੂ ਨੂੰ ਧਿਆਵੋ, ਭਲੇ ਹੀ ਤੁਸੀਂ ਆਪਣੀ ਮਰਿਆਦਾ ਵਿਚ ਰਹੋ ਪਰ ਜਿਨ੍ਹਾਂ ਨੂੰ ਦੇਵ ਬਾਣੀ ਨਹੀਂ ਆਉਂਦੀ ਉਨ੍ਹਾਂ ਨੂੰ ਗੁਰਬਾਣੀ ਜਪਣ ਲਈ ਆਖੋ ਏਸੇ ਵਿਚ ਤੁਹਾਡਾ ਕਲਿਆਣ ਏ।

ਥਾਨੇਸਰ ਅਗਲਾ ਪੜਾਅ ਸੀ। ਗੁਰਾਂ ਨੇ ਆਪਣਾ ਟਿਕਾਣਾ ਜ਼ਮਾਨੇ ਤੋਂ ਛੇਕੀ ਜ਼ਾਤ, ਜਿਨ੍ਹਾਂ ਨੂੰ ਲੋਕ ਪਿੰਡ ਵਿਚ ਨਹੀਂ ਰਹਿਣ ਦੇਂਦੇ, ਉਨ੍ਹਾਂ ਦੇ ਘਰ ਕੀਤਾ। ਨਿਥਾਂਵਿਆਂ ਦੀ ਥਾਂ ਗੁਰੂ ਅਮਰਦਾਸ ਪਾਤਸ਼ਾਹ ਦੀ ਯਾਦ ਵਿਚ ਗੁਰੂ ਧਾਮ ਦੀ ਨੀਂਹ ਰਖੀ ਅਤੇ ਲੋਕਾਂ ਨੂੰ ਸਮਝਾਇਆ ਕਿ ਜਨਮ ਵਿਚ ਸਭ ਇਕ ਹਨ, ਕੋਈ ਉਚਾ ਨਹੀਂ ਤੇ ਕੋਈ ਨੀਵਾਂ ਨਹੀਂ ਗੁਰੂ ਦਾ ਗਿਆਨ ਸਭ ਲਈ ਸੱਚਾ ਤੀਰਥ ਏ।

"ਗੁਰੂ ਗਿਆਨ ਸਚਾ ਥਾਨ ਤੀਰਥ"।

ਸਦਾ ਦਿੱਲੀ ਲੁਟਣ ਵਾਲੇ ਲੁਟੇਰੇ ਪਹਿਲਾਂ ਥਾਨੇਸਰ ਨੂੰ ਤਬਾਹ ਕਰਦੇ। ਕਿਉਂਕਿ ਇਹ ਮੁਖ ਦਵਾਰ ਮੰਨਿਆ ਜਾਂਦਾ ਸੀ ਦਿੱਲੀ ਦਰਬਾਰ ਦਾ। ਗੁਰੂ ਦੇ ਸਦਕੇ ਬੰਦੇ ਬਹਾਦਰ ਨੇ ਪਹਿਲਾਂ ਇਥੇ ਹੀ ਥੰਮ੍ਹਾ ਗਡਿਆ ਸੀ ਤੇ ਫੁਰਮਾਨ ਜਾਰੀ ਕੀਤਾ ਸੀ ਕਿ ਹੁਣ ਕੋਈ ਹਿੰਦੁਸਤਾਨ ਦੀ ਅਣਖ ਨੂੰ ਹੱਥ ਨਹੀਂ ਪਾਏਗਾ। ਇਹ ਉਹ ਅਸਥਾਨ ਏ ਜਿਥੇ ਸਾਰੇ ਗੁਰੂਆਂ ਨੇ ਚਰਨ ਪਾਏ ਨੇ, ਸਿਰਫ ਗੁਰੂ ਅੰਗਦ ਦੇਵ ਨੂੰ ਮੌਕਾ ਨਹੀਂ ਮਿਲਿਆ। ਏਸ ਲਈ ਵੀ ਇਸ ਨੂੰ ਤੀਰਥ ਅਸਥਾਨ ਮੰਨਿਆ ਜਾਂਦਾ ਏ।

ਸਿੰਧ ਬਟੀ, ਜਿਥੇ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਉਚਾਰਿਆ ਸੀ—"ਮਾਸ ਮਾਸ ਕਰ ਮੂਰਖ ਝਗੜੇ" ਦੇ ਦਰਸ਼ਨ ਕੀਤੇ। ਪਿਪਲੀ, ਮਾਰਕੰਡਾ, ਅੰਬਾਲਾ ਤੋਂ ਜਦ ਗੁਰਾਂ ਕੀਰਤਪੁਰ ਮੁੜਨ ਦਾ ਮਨ ਬਣਾ ਲਿਆ ਤੇ ਭਾਈ ਕਾਕਰੂ ਦੀ ਇੱਛਾ ਪੂਰੀ ਕਰਨ ਲਈ ਉਹਦੇ ਪਿੰਡ ਪਧਾਰੇ। ਪਰੇਮੀ ਸੇਵਕ ਸੀ। ਪਰੇਮ ਦੀ ਕੱਚੀ ਡੋਰ ਵਿਚ ਬੱਝੇ ਸਤਿਗੁਰ ਖਿਚੇ ਚਲੇ ਆਏ। ਟਿਕਾਣਾ ਬਾਗ ਵਿਚ ਈ ਕੀਤਾ। ਅੰਬਾਂ ਦਾ ਬਾਗ ਸੀ। ਇਹ ਅਸਥਾਨ ਮਨੀ ਮਾਜਰੇ ਤੋਂ ਸਤ ਮੀਲ ਦੀ ਵਿੱਥ ਤੇ ਹੈ। ਗੁਰੂ ਦੀ ਕਿਰਪਾ ਦ੍ਰਿਸ਼ਟੀ ਨਾਲ ਏਸ ਪਿੰਡ ਦਾ ਨਾਂ ਈ ਕਾਕਰੂ ਕਾ ਅੰਬ ਪੈ ਗਿਆ। ਕਾਕਰੂ ਦਾ ਅੰਬ ਅਜ ਵੀ ਗੁਰੂ ਹਰਿਰਾਏ ਜੀ ਦੇ ਨਾਮ ਦੀ ਮਾਲਾ ਜਪਦਾ ਏ।

ਇਹ ਸਾਰੀ ਯਾਤਰਾ ਗੁਰੂਆਂ ਨੇ ਸੇਵਾ ਸਾਲ ਵਿਚ ਪੂਰੀ ਕੀਤੀ। ਮੂੰਗਾ ਸਾਹਿਬ ਆਖਰੀ ਪੜਾਅ ਸੀ। ਨਰਸਿੰਙੇ ਵਜੇ, ਨਗਾਰਿਆਂ ਤੇ ਚੋਟਾਂ ਮਾਰਦੇ ਗੁਰੂ ਕੀਰਤਪੁਰ ਆਣ ਪੁਜੇ। 22 ਪਿੰਡ ਗੁਰੂ ਦੇ ਮਤਵਾਲੇ ਹੋ ਗਏ ਸਨ। ਗੁਰੂ ਤੋਂ ਬਗੈਰ ਉਹ ਹੋਰ ਕਿਸੇ ਦੇ ਅਗੇ ਸਿਰ ਨਹੀਂ ਸਨ ਝੁਕਾਉਂਦੇ। □

੧੨
ਮਾਘਿ

ਮਾਘਿ ਮਜਨੁ ਸੰਗਿ ਸਾਧੂਆਂ, ਧੂੜੀ ਕਰਿ ਇਸਨਾਨੁ ।
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ।
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ।
ਕਾਮਿ ਕਰੋਧਿ ਨਾ ਮੋਹੀਐ ਬਿਨਸੈ ਲੋਭੁ ਸੁਆਨੁ ।
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ।
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ।
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖ ਸੁਜਾਨੁ ।
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ।
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੂ ਮਿਹਰਵਾਨੁ ।

੬੮

ਅਜੇ ਤੇ ਰਾਜ ਹੀ ਬਦਲਿਆ ਏ

ਨੌਬਤ ਖੜਕੀ, ਨਗਾਰੇ ਵਜੇ, ਸ਼ਾਹੀ ਵਾਜਿਆਂ ਵਾਲਿਆਂ ਸਲਾਮੀ ਦਿੱਤੀ । ਕਿਲਾ ਆਗਰੇ ਦਾ ਸੀ ।

—ਈਦ ਮੁਬਾਰਕ ਦਾ ਤੋਹਫਾ ਸ਼ਹਿਜ਼ਾਦਾ ਔਰੰਗਜ਼ੇਬ ਨੇ ਭੇਜਿਆ ਏ । ਇਕ ਅਹਿਲਕਾਰ ਨੇ ਅਰਜ਼ ਕੀਤੀ ।

ਰੌਸ਼ਨ ਆਰਾ ਬੇਗਮ ਤੇ ਜਹਾਨ ਆਰਾ ਬੇਗਮ ਅੱਬਾ ਹਜ਼ੂਰ ਦੇ ਕੋਲ ਬੈਠੀਆਂ ਹੋਈਆਂ ਸਨ ।

—ਬਰਖੁਰਦਾਰੀ ਦਾ ਸਬੂਤ ਦਿੱਤਾ ਏ ਨਾ ਪੁਤਰ ਨੇ, ਸ਼ਹਿਨਸ਼ਾਹ ਏ ਨਾ, ਸ਼ਾਹ ਜਹਾਨ ਬੋਲਿਆ ।

ਤਿਪਾਈ ਤੇ ਲਿਆ ਰੱਖੀ ਤਸ਼ਤਰੀ, ਤੋਹਫਾ ਈਦ ਮੁਬਾਰਕ ਦਾ ।

ਮੁਬਾਰਕਾਂ ਦੇਣ ਲਈ ਖੜੇ ਸਨ, ਮੁਨਸਫ, ਅਹਿਲਕਾਰ, ਮੁਨਸ਼ੀ, ਮੁਸੱਦੀ ।

—ਬੜੀਆਂ ਈਦਾਂ ਵੇਖੀਆਂ ਨੇ ਪਰ ਅਜ ਦੀ ਈਦ ਦਾ ਲੁਤਫ਼ ਹੀ ਕੋਈ ਨਿਰਾਲਾ ਏ । ਸ਼ਾਹ ਜਹਾਨ ਦੀ ਆਵਾਜ਼ ਮੱਧਮ ਸੀ ।

—ਲਿਆਵੋ ਜ਼ਿਆਰਤ ਕੀਤੀ ਜਾਏ, ਬੇਟੇ ਨੇ ਤੋਹਫਾ ਭੇਜਿਆ ਏ ਆਪਣੇ ਅੱਬਾ ਜਾਨ ਲਈ । ਖੁਸ਼-ਆਮਦੀਦ !

ਤਸ਼ਤਰੀ ਤੋਂ ਪਹਿਲਾਂ ਰੁਮਾਲ ਚੁਕਿਆ ਗਿਆ ਤੇ ਦੂਜੇ ਰੁਮਾਲ ਦੀ ਵਾਰੀ ਆਈ ।

ਜਦ ਤੀਜਾ ਰੁਮਾਲ ਚੁਕਿਆ ਤਾਂ ਇਕ ਦਮ ਸੱਨਾਟਾ ਛਾ ਗਿਆ। ਥਰ ਥਰ ਕੰਬੇ ਅਹਿਲਕਾਰ। ਮਨਸਫਦਾਰ, ਮੀਰ ਮੁਨਸ਼ੀ ਦੇ ਪੈਰਾਂ ਥਲਿਓ ਜ਼ਮੀਨ ਨਿਕਲ ਗਈ।

ਜ਼ਮੀਨ ਹਿੱਲੀ ਤੇ ਆਸਮਾਨ ਹਰਕਤ ਵਿਚ ਆਇਆ।

ਦਾਰਾ, ਵਲੀ ਅਹਿਦ ਦਾਰਾ ਦਾ ਸਿਰ, ਤੁਹਫਾ ਏ ਈਦ ਮੁਬਾਰਕ, ਜ਼ਹੇ ਕਿਸਮਤ। ਵੱਡੇ ਭਰਾ ਦਾ ਸਿਰ, ਭੇਜਣ ਵਾਲਾ ਛੋਟਾ ਭਰਾ, ਤੁਹਫਾ ਅੱਬਾ ਜਾਨ ਲਈ। ਅੱਥਰੂ ਭਰ ਭਰ ਰੋਈਆਂ ਭੈਣਾਂ, ਰੋਸ਼ਨ ਆਰਾ ਬੇਗਮ ਤੇ ਜਹਾਂ ਆਰਾ ਬੇਗਮ।

—ਏਨਾ ਹਨੇਰ, ਅੱਬਾ ਜਾਨ, ਖ਼ੁਦਾ ਦੀ ਵੀ ਕੋਈ ਖ਼ੁਦਾਈ ਹੈ ਜਾਂ ਨਹੀਂ, ਬੋਲ ਸਨ ਜਹਾਂ ਆਰਾ ਦੇ।

—ਮੂਰਖ, ਯੇਹ ਤਖ਼ਤ ਕਾ ਨਸ਼ਾ ਹੈ, ਬਾਪ ਔਰ ਬੇਟੇ ਕਾ ਯਹਾਂ ਕੋਈ ਰਿਸ਼ਤਾ ਨਹੀਂ। ਨਏ ਬਾਦਸ਼ਾਹ ਨੇ ਪੁਰਾਨੇ ਸ਼ਹਿਨਸ਼ਾਹ ਕੋ ਤੁਹਫਾ ਭੇਜਾ ਏ, ਸੁਬਹਾਨ ਅੱਲਾਹ। ਵਕਤ ਵਕਤ ਕੀ ਬਾਤ ਹੈ।

ਈਦ ਵਾਲੇ ਦਿਨ ਹੀ ਓਸ ਆਪਣੇ ਨਾਂ ਦਾ ਖ਼ੁਤਬਾ ਪੜ੍ਹਾਇਆ ਤੇ ਸ਼ਹਿਨਸ਼ਾਹੀ ਦਾ ਐਲਾਨ ਕਰ ਦਿੱਤਾ। ਬਾਪ ਦੀ ਆਰਾਮ ਗਾਹ ਖ਼ੂਬਸੂਰਤ ਕੈਦਖਾਨੇ ਵਿਚ ਸੀ।

ਮੁਗ਼ਲ ਸਲਤਨਤ ਦੇ ਤਖ਼ਤੇ ਤਾਊਸ ਤੇ ਔਰੰਗਜ਼ੇਬ ਆਲਮਗੀਰ, ਸ਼ਹਿਨਸ਼ਾਹੇ ਹਿੰਦੁਸਤਾਨ ਜਲਵਾ ਅਫਰੋਜ਼ ਸਨ।

ਸਾਰੇ ਹਿੰਦੁਸਤਾਨ ਨੂੰ ਇਕ ਵਾਰ ਝਟਕਾ ਲੱਗਾ। ਨਵੀਂ ਹਕੂਮਤ ਦੇ ਤੇਵਰ ਦੇਖੋ।

—ਜੋ ਵੀ ਦਾਰਾ ਦੇ ਹਮਾਇਤੀ ਸਨ ਸਭ ਨੂੰ ਇਕ ਇਕ ਕਰਕੇ ਦਰਬਾਰ ਵਿਚ ਪੇਸ਼ ਕੀਤਾ ਜਾਏ। ਐਸੀਆਂ ਸਜ਼ਾਵਾਂ ਤਜਵੀਜ਼ ਕਰੋ ਕਿ ਇਹ ਹਰਾਮਜ਼ਾਦੇ ਸੱਤ ਪੁਸ਼ਤਾਂ ਤਕ ਯਾਦ ਕਰਨ।

ਦਾਰਾ ਕੇ ਨਾਮ ਕੇ ਨਕਸ਼ ਉੜਾਏ ਜਾਨੇ ਚਾਹੀਏਂ।

ਕੋਈ ਟੁੱਟੀ ਸਲੇਟ ਤੇ ਵੀ ਦਾਰਾ ਦਾ ਨਾਂ ਨਹੀਂ ਲਿਖ ਸਕਦਾ। ਦਾਰਾ ਦੇ ਸਭ ਨਕਸ਼ੋ ਨਿਗਾਰ ਮਿਟਾ ਦਿਉ। ਪਹਿਲਾ ਨਜ਼ਲਾ ਅੱਲਾ ਦੇ ਪਿਆਰੇ ਸਰਮਦ ਤੇ ਡਿਗਿਆ ਤੇ ਫੇਰ ਕਤਲ ਕਰਨ ਵਾਲਿਆਂ ਦੀਆਂ ਕਤਾਰਾਂ ਲੱਗ ਗਈਆਂ। ਬੇਗੁਨਾਹ ਰੋਜ਼ ਕਤਲ ਹੁੰਦੇ। ਤਖ਼ਤੇ ਤਾਊਸ ਦਾ ਤਾਵੀਜ਼ ਗੱਲ ਵਿਚ ਪਾ ਕੇ ਫਿਰਨ ਲੱਗ ਪਏ ਅਹਿਲਕਾਰ। ਨਜ਼ਰਾਂ ਪੰਜਾਬ ਵੱਲ ਹੀ ਸਨ। ਇਹਦਾ ਨਜ਼ਲਾ ਗੁਰੂ ਘਰ ਤੇ ਵੀ ਡਿਗਣਾ ਜ਼ਰੂਰੀ ਸੀ।

ਗੁਰੂ ਹਰਿਰਾਏ ਤੇ ਸਿਰਫ ਏਸ ਗੱਲ ਦਾ ਗੁੱਸਾ ਸੀ ਕਿ ਓਸ ਦਾਰਾ ਲਈ ਦਵਾਈ ਕਿਉਂ ਭੇਜੀ ਤੇ ਦੂਜਾ ਦੁਖ ਇਹ ਸੀ ਕਿ ਦਾਰਾ ਨੂੰ ਫਤਿਹ ਦਾ ਤਿਲਕ ਕਿਉਂ ਲਾਇਆ। ਕੀ ਉਹ ਇਹ ਨਹੀਂ ਸੀ ਜਾਣਦਾ ਕਿ ਕਦੀ ਔਰੰਗਜ਼ੇਬ ਨੇ ਵੀ ਹਿੰਦੁਸਤਾਨ ਦਾ ਸ਼ਹਿਨਸ਼ਾਹ ਬਣ ਜਾਣਾ ਏ। ਗੁਰੂ ਕਦੋ ਡਰਦੇ ਸਨ ਸ਼ਹਿਨਸ਼ਾਹ ਕੋਲੋਂ। ਦਾਰਾ ਨੂੰ ਧੀਰਜ ਦਿੱਤੀ ਤੇ ਆਖਿਆ, ਦੀਨੀ ਰਾਜ ਯਸ਼ ਰਾਜ ਨਾਲੋਂ ਕਿਧਰੇ ਵੱਡਾ ਤੇ ਉਚਾ ਏ। ਸਿਰਫ ਏਸ ਗੱਲ ਦੀ ਸਜ਼ਾ ਦੇਣਾ ਚਾਹੁੰਦਾ ਏ ਸ਼ਹਿਨਸ਼ਾਹ।

—ਇਕ ਸ਼ਹਾਦਤ ਦੇ ਚੁਕੇ ਹਾਂ, ਜੇ ਅਗੇ ਵੀ ਲੋੜ ਪਈ ਤਾਂ ਹੋਰ ਵੀ ਦੇਵਾਂਗੇ। ਹੁਣ ਤੇ ਜਾਚ ਆ ਗਈ ਏ।

—ਸ਼ਹਿਨਸ਼ਾਹ ਇਹੋ ਜਿਹੀਆਂ ਗੱਲਾਂ ਸੁਣਨ ਦਾ ਆਦੀ ਨਹੀਂ। ਉਹ ਸਿਰਫ ਹੁਕਮ ਦੇਣਾ ਜਾਣਦਾ ਏ, ਇਸ ਤੋਂ ਅਗੇ ਕੁਝ ਵੀ ਨਹੀਂ ਅਹਿਲਕਾਰ ਦੇ ਬੋਲ ਸਨ।

—ਉਹ ਤੇ ਸ਼ਹਿਨਸ਼ਾਹ ਹੈ ਤੇ ਅਸੀਂ ਸ਼ਹਿਨਸ਼ਾਹਾਂ ਦੇ ਕੋਲ ਬੈਠਣ ਵਾਲੇ ਹਾਂ। ਅਸਾਂ ਕਿਸੇ ਦਾ ਇਲਾਕਾ ਹੜਪ ਨਹੀਂ ਕਰਨਾ। ਆਪ ਹਮਲਾ ਕਰਨਾ ਨਹੀਂ। ਜਿਹੜਾ ਸਾਡੇ ਤੇ ਹਮਲਾ ਕਰੇਗਾ, ਸੀਨਾਜ਼ੋਰੀ ਵਿਖਾਏਗਾ ਉਹਦਾ ਮੂੰਹ ਤੋੜ ਜਵਾਬ ਦਿੱਤਾ ਜਾਏਗਾ।

—ਬਾਦਸ਼ਾਹ ਏ ਤਾਂ ਫੇਰ ਕੀ ! ਰੱਬ ਦੀ ਬਾਦਸ਼ਾਹੀ ਨਾਲੋਂ ਤੇ ਵੱਡਾ ਨਹੀਂ ਨਾ। ਸਾਡੇ ਕੋਲ ਮਾਲਾ ਵੀ ਏ ਅਤੇ ਤਲਵਾਰ ਵੀ ਏ। ਮਾਲਾ ਨੇ ਸ਼ਕਤੀ ਦਾ ਰੂਪ ਧਾਰ ਲਿਆ ਏ। ਅਸੀਂ ਫਕੀਰ ਹਾਂ। ਸਾਨੂੰ ਛੇੜ ਕੇ ਕੀ ਲੈਣਾ ਏ। ਟੱਕਰ ਲੈਣੀ ਏ ਤਾਂ ਨਵਾਬਾਂ, ਮਹਾਰਾਜਿਆਂ ਨਾਲ ਮੱਥਾ ਮਾਰੇ। ਸਾਥੋਂ ਫਕੀਰਾਂ ਕੋਲੋਂ ਦੁਆ ਲਵੇ, ਗੁਰੂ ਹਰਿਰਾਏ ਦਾ ਫੁਰਮਾਨ ਸੀ।

ਖਲੀਲ-ਉਲ-ਖਾਂ ਓਸ ਵੇਲੇ ਪੰਜਾਬ ਦਾ ਨਵਾਬ ਸੀ। ਪਰਵਾਨਾ ਉਹਦੇ ਕੋਲ ਵੀ ਪੁਜ ਚੁਕਾ ਸੀ ਕਿ ਗੁਰੂ ਨਾਲ ਨਿਪਟਿਆ ਜਾਏ। ਖਲੀਲ-ਉਲਾ ਖਾਂ ਨੇ ਵਿਚਾਰ ਕੀਤੀ। ਸੁਤੇ ਫਕੀਰਾਂ ਨੂੰ ਧੂਣੇ ਤੋਂ ਨਾ ਉਠਾਓ। ਅੱਗ ਸੇਕ ਰਹੇ ਹਨ। ਅਲੱਾਹ ਅਲੱਾਹ ਕਰ ਰਹੇ ਹਨ। ਸਾਡਾ ਕੀ ਲੈਂਦੇ ਹਨ। ਸ਼ਹਿਨਸ਼ਾਹ ਦੇ ਦਿਲ ਦੀ ਹਾਲਤ ਕੁਝ ਨਿਰਾਲੀ ਸੀ। ਕੰਨ ਭਰਨ ਵਾਲਿਆਂ ਕੰਨ ਭਰੇ ਹਨ। ਉਹ ਨਹੀਂ ਜਾਣਦੇ ਕਿ ਪੰਜਾਬ ਦੀ ਮਿੱਟੀ ਦੀ ਤਾਸੀਰ ਕੀ ਏ। ਸਾਰਾ ਹਿੰਦੁਸਤਾਨ ਅਤਾਇਤ ਕਬੂਲ ਕਰ ਲਏਗਾ ਪਰ ਪੰਜਾਬ ਨੇ ਈਨ ਨਹੀਂ ਮੰਨਣੀ। ਹਕੂਮਤ ਦਾ ਜਲਾਲ ਤੇ ਕਬੂਲ ਕਰਨਗੇ ਪਰ ਨਾਜਾਇਜ਼ ਸਖਤੀ ਬਰਦਾਸ਼ਤ ਤੋਂ ਬਾਹਰ ਏ। ਇਹ ਗੱਲ ਸ਼ਹਿਨਸ਼ਾਹ ਜਾਣਦਿਆਂ ਹੋਇਆਂ ਵੀ ਖਾਮੋਸ਼ ਏ। ਐਵੇਂ ਭੁਬਲ ਵਿਚ ਫੂਕਾਂ ਮਾਰਿਆਂ ਕੁਝ ਨਹੀਂ ਬਣਨਾ। ਪੰਜਾਬ ਵਾਲਿਆਂ ਨੂੰ ਥਾਪੀਆਂ ਦਿਓ। ਬਹਾਦਰ ਆਖੋ ਜੋ ਚਾਹੋ ਕਰਵਾ ਲਵੋ। ਡੰਡਾ ਪੰਜਾਬ ਤੇ ਕਾਰਗਰ ਨਹੀਂ ਹੋ ਸਕਦਾ। ਮਿੱਠੇ ਬਣਿਆਂ ਕੰਮ ਨੇਪਰੇ ਚੜ੍ਹੇ ਤਾਂ ਫੇਰ ਜ਼ਹਿਰ ਦੀ ਵਰਤੋਂ ਕਿਉਂ ਕੀਤੀ ਜਾਏ। ਨਿਸ਼ਾਨਾ ਗੁਰੂ ਘਰ। ਇਹ ਸਾਧੂਆਂ ਦਾ ਟੋਲਾ, ਇਹ ਰੱਬ ਦੇ ਪਿਆਰਿਆਂ ਦੀ ਸੰਗਤ। ਇਹ ਮਾਲਾ ਦੇ ਪੁਜਾਰੀ ਇਨ੍ਹਾਂ ਨੂੰ ਤਲਵਾਰ ਚੁਕਣ ਤੇ ਮਜਬੂਰ ਨਾ ਕਰੋ। ਜਦ ਇਹਨਾਂ ਦੇ ਹੱਥ ਤਲਵਾਰਾਂ ਤੇ ਰੀਝ ਪਏ ਤੇ ਮੁਗਲ ਸੈਨਾ ਨੇ ਇਨ੍ਹਾਂ ਦੇ ਸਾਹਮਣੇ ਦਮ ਨਹੀਂ ਮਾਰਨਾ। ਚਲੋ ਵੇਖੀ ਜਾਓ। ਅਜੇ ਤੇ ਪਰਵਾਨਾ ਆਇਆ ਏ। ਤੇ ਸ਼ਹਿਨਸ਼ਾਹ ਦੱਖਣ ਚਲਿਆ ਏ। ਇਕ ਸਾਲ ਤੇ ਫੁਰਮਾਨ ਦਾ ਕੋਈ ਅਸਰ ਨਹੀਂ ਹੋਣ ਲੱਗਾ। ਮੈਨੂੰ ਆਪਣੀ ਤਾਕਤ ਮਜ਼ਬੂਤ ਕਰ ਲੈਣ ਦਿਓ ਮੈਂ ਫਿਰ ਗੁਰੂ ਘਰ ਦੀ ਸੰਘੀ 'ਚ ਨਹੁੰ ਦੇਵਾਂਗਾ। ਜਦ ਤਕ ਮੇਰੇ ਕਦਮ ਨਹੀਂ ਜੰਮਦੇ, ਮੈਂ ਸ਼ੇਰਾਂ ਦੇ ਜੰਗਲ ਵਿਚ ਜਾਵਾਂ ਹੀ ਕਿਉਂ। ਅਜੇ ਹਕੂਮਤ ਦੇ ਤੇਵਰ ਤਾਂ ਵੇਖੋ ਊਠ ਕਿਸ ਕਰਵਟ ਬੈਠਦਾ ਏ। ਸ਼ਹਿਨਸ਼ਾਹ ਦਾ ਲੋਕਾਂ ਦਾ ਦਿਲ ਜਿੱਤ ਕੇ ਹਕੂਮਤ ਕਰਨਾ ਚਾਹੁੰਦਾ ਏ ਜਾਂ ਤਲਵਾਰ ਦਾ ਜ਼ੋਰ ਵਿਖਾ ਕੇ। ਇਹ ਵੱਗ ਇਕ ਲਾਠੀ ਨਾਲ ਹਿਕਿਆ ਨਹੀਂ ਜਾ ਸਕਦਾ। ਏਥੇ ਲਾਠੀ ਤੇ ਸੋਟੇ ਵਿਚ ਫਰਕ ਵਿਖਾਉਣਾ ਪਊ। ਪੰਜਾਬ ਸਰਹੱਦ ਦਾ ਇਲਾਕਾ ਏ। ਪੰਜਾਬ ਦੇ ਸਿਰ ਤੇ ਹੀ ਹਕੂਮਤ ਕੀਤੀ ਜਾ ਸਕਦੀ ਏ। ਖਲੀਲ ਉਲਾ ਖਾਂ ਨੇ ਆਪਣੇ ਮਨ ਨੂੰ ਟਿਕਾਣੇ ਰਖਿਆ। ਵੈਸੇ ਗੁਰੂ ਘਰ ਵੱਲ ਨਜ਼ਰ ਉਠਾ ਕੇ ਵੀ ਨਾ ਵੇਖੀ। ਉਦਾਂ ਹਰ ਹਰਕਤ ਤੇ ਨਜ਼ਰ ਰੱਖੀ ਜਾਂਦੀ।

ਗੁਰੂ ਹਰਿਰਾਏ ਕੀਰਤਪੁਰ ਵਿਚ ਬੈਠੇ ਸਨ। ਕਿਲ੍ਹੇ ਉਸਰ ਰਹੇ ਸਨ। ਫੌਜਾਂ ਦੀ ਦੇਖ ਭਾਲ ਕੀਤੀ ਜਾ ਰਹੀ ਸੀ। ਗੁਰੂ ਜਾਣਦੇ ਸਨ ਕਿ ਉਹ ਵਕਤ ਦੂਰ ਨਹੀਂ ਜਦ ਤਲਵਾਰਾਂ, ਤਲਵਾਰਾਂ ਨਾਲ ਖਹਿਣਗੀਆਂ। ਲਹੂ ਧਰਤੀ ਪੀਵੇਗੀ। ਪਰ ਜਿੰਨਾ ਚਿਰ ਵਕਤ ਨੂੰ ਧੱਕਾ ਦਿੱਤਾ ਜਾ ਸਕਦਾ ਏ, ਖਾਮੋਸ਼ੀ ਤੋਂ ਕੰਮ ਲਵੋ। ਆਪਣੀ ਸ਼ਕਤੀ ਨੂੰ ਬਲਵਾਨ ਕਰੋ।

ਗੁਰਾਂ ਨੇ ਫੈਸਲਾ ਕੀਤਾ ਕਿ ਫੇਰ ਇਕ ਵਾਰ ਦੁਆਬੇ, ਮਾਲਵੇ ਦੀ ਸੰਗਤ ਦੇ ਮੁਖੜਿਆਂ ਦੇ ਦਰਸ਼ਨ ਕੀਤੇ ਜਾਣ। ਤਾਕਤ ਨੂੰ ਹੱਲਾ ਸ਼ੇਰੀ ਦਿੱਤੀ ਜਾਏ। ਗਭਰੂ ਤਿਆਰ ਕੀਤੇ ਜਾਣ। ਹਕੂਮਤ ਦੇ ਚਿਹਨ ਚੱਕਰ ਵੇਖੋ। ਬਿਨਾਂ ਤਲਵਾਰਾਂ ਤੋਂ ਪੰਜਾਬ ਵਿਚ ਵਸਿਆ ਨਹੀਂ ਜਾਏਗਾ।

ਨਵੀਂ ਪਨੀਰੀ ਨੂੰ ਪੁਠ ਦੇਣੀ ਪਵੇਗੀ। ਮਾਲਾ ਨੂੰ ਗੱਲ ਵਿਚ ਪਾਵੋ ਤੇ ਤਲਵਾਰਾਂ ਨੂੰ ਹੱਥਾਂ ਵਿਚ ਫੜੋ। ਜੰਗ ਦੀਆਂ ਕਿਤਾਬਾਂ ਤੋਂ ਸਬਕ ਪੜ੍ਹੋ ਤਾਂ ਤੁਹਾਡੀ ਹੋਂਦ ਨੂੰ ਮੰਨਿਆ ਜਾਏਗਾ।

ਯਾਤਰਾ, ਪਰਚਾਰ, ਤੇ ਸੰਗਤ ਨਾਲ ਮੇਲ ਮਿਲਾਪ। ਗੁਰੂ ਹਰਿਰਾਏ ਨੇ ਚੋਣਵੇਂ ਸਿੱਖ ਸੇਵਕਾਂ ਨੂੰ ਨਾਲ ਲਿਆ, ਪਰਵਾਰ ਭਾਵੇਂ ਨਾਲ ਹੀ ਸੀ। ਰੋਪੜ ਤੋਂ ਕੁਟਾਲਾ, ਮਾਛੀਵਾੜਾ, ਸਮਰਾਲਾ ਹੁੰਦੇ ਹੋਏ ਸਾਹਨੇਵਾਲ ਪੁਜੇ। ਸਾਹਨੇਵਾਲ ਤੋਂ ਢੰਡਾਰੀ ਕਲਾਂ ਪਿੰਡ ਤੋਂ ਪੱਛਮ ਵੱਲ। ਪਿੰਡ ਜਸਪਾਲ ਭਾਈਕੇ ਸੀ ਉਥੇ ਆਣ ਕੇ ਡੇਰਾ ਲਾ ਦਿੱਤਾ। ਇਹ ਜੱਥਾ ਘਰ ਘਰ ਜਾ ਕੇ ਫੂਕ ਮਾਰ ਰਿਹਾ ਸੀ। ਤਕੜੇ ਹੋ ਜਾਓ ਵਕਤ ਖ਼ਰਾਬ ਆ ਰਿਹਾ ਜੇ। ਤੁਹਾਡੀ ਤਾਕਤ ਦਾ ਲੋਹਾ ਮੰਨੇਗੀ ਹਕੂਮਤ ਜੇ ਤੁਸੀਂ ਇਕਮੁਠ ਰਹੇ। ਅਸੀਂ ਸੁਨੇਹਾ ਦੇਣ ਆਏ ਹਾਂ। ਸੀਸ ਨਿਵਾਇਆ ਸਾਰੀ ਸੰਗਤ ਨੇ ਗੁਰੂ ਹਰਿਰਾਏ ਅਗੇ।

□

੬੯

ਲੰਗਰ

—ਲੰਗਰ ਦਾ ਬੜਾ ਢੰਡੋਰਾ ਏ ਸਾਰੇ ਪੰਜਾਬ ਵਿਚ। ਦਸਾਂ ਬੰਦਿਆਂ ਰੋਟੀ ਪਕਾਈ ਤੇ ਇਕ ਕਤਾਰ ਵਿਚ ਬਹਿ ਕੇ ਖਾਣ ਨੂੰ ਲੰਗਰ ਆਖਦੇ ਹਨ ਜਾਂ ਇਹਦਾ ਕੁਝ ਮਤਲਬ ਹੋਰ ਏ ਜਲੰਧਰ ਦਾ ਸੂਬੇਦਾਰ ਪੁਛ ਰਿਹਾ ਸੀ।

—ਸੂਬੇਦਾਰ ਜੀ, ਤੁਸੀਂ ਪੰਜਾਬ ਦੀ ਧੁਨੀ ਵਿਚ ਵਸਦੇ ਹੋ। ਰੋਜ਼ ਤੁਹਾਡਾ ਗੁਰੂ ਨਾਲ ਵਾਸਤਾ ਪੈਂਦਾ ਏ। ਤੁਸੀਂ ਅਜੇ ਤਕ ਲੰਗਰ ਦੀ ਮਰਿਆਦਾ ਹੀ ਨਹੀਂ ਜਾਣਦੇ। ਹਕੂਮਤ ਰਾਏ ਸੁਖ ਨਾਲ ਦੀਵਾਨ ਸੀ ਸੂਬਾ ਜਲੰਧਰ ਦਾ।

—ਦੀਵਾਨ ਸਾਹਿਬ ਕਦੀ ਵਾਸਤਾ ਹੀ ਨਹੀਂ ਪਿਆ ਤੇ ਨਾ ਹੀ ਕਦੇ ਲੰਗਰ ਵਿਚ ਬੈਠ ਕੇ ਖਾਣ ਦਾ ਮੌਕਾ ਹੀ ਮਿਲਿਆ ਏ। ਲੋਕਾਂ ਕੋਲੋਂ ਹੀ ਸੁਣਿਆ ਏ।

—ਅਜ ਫੇਰ ਲੰਗਰ ਵਿਚ ਹੀ ਦਾਅਵਤੇ ਸ਼ੀਰਾਜ਼ ਮਨਾਈ ਜਾਏ।

—ਦੀਵਾਨ ਸਾਹਿਬ ਮੇਰੀ ਵੀ ਉਮਰ ਲੱਗਭੱਗ 55 ਸਾਲ ਦੀ ਹੋ ਗਈ ਏ। ਮੈਂ ਆਪ ਵੀ ਕਈ ਲੰਗਰ ਲੁਵਾਏ ਹਨ ਤੇ ਸ਼ਾਹੀ ਲੰਗਰ ਵੀ ਵੇਖੇ। ਨਾਂ ਦਾ ਬੜਾ ਢੰਡੋਰਾ ਏ ਪਰ ਕਦੀ ਕਿਸੇ ਨੂੰ ਰਜਵੀਂ ਰੋਟੀ ਨਸੀਬ ਨਹੀਂ ਹੋਈ। ਪਹਿਲਾਂ ਪਹਿਲਾਂ ਜਿਨ੍ਹਾਂ ਰੋਟੀ ਖਾਹ ਲਈ, ਖਾਹ ਲਈ ਜਿਹੜਾ ਮਗਰੋਂ ਆਇਆ ਤਾਂ ਬੱਸ ਜੇ ਰੋਟੀ ਹੈ ਤਾਂ ਸਬਜ਼ੀ ਨਹੀਂ, ਜੇ ਸਬਜ਼ੀ ਦੀ ਦੇਗ ਅੱਧੀ ਪਈ ਤਾਂ ਫੇਰ ਰੋਟੀਆਂ ਵਲੋਂ ਨੰਨਾ ਹੀ ਪੜ੍ਹਿਆ ਹੋਇਆ ਏ। ਬਾਦਸ਼ਾਹੀ ਲੰਗਰ ਵਿਚ ਰਸਦ ਦੀ ਕੋਈ ਘਾਟ ਤੇ ਨਹੀਂ ਨਾ। ਰੋਟੀ ਪੇਟ ਭਰ ਕੇ ਉਥੇ ਵੀ ਨਸੀਬ ਨਹੀਂ ਹੋਈ। ਇਹ ਤਾਂ ਫੇਰ ਫਕੀਰਾਂ ਦਾ ਲੰਗਰ ਏ। ਏਥੇ ਤਾਂ ਰਸਦ ਦੀ ਵੀ ਘਾਟ ਏ ਤੇ ਬਰਤਨਾਂ ਦੀ ਵੀ ਥੋੜ੍ਹ ਏ। ਇਹ ਸਾਡੀ ਝਾਲ ਕਿਦਾਂ ਝਲ ਸਕਦੇ ਹਨ। ਸੂਬੇਦਾਰ ਦੇ ਵਿਚਾਰ ਸਨ।

—ਸੂਬੇਦਾਰ ਸਾਹਿਬ ਤੁਸਾਂ ਆਪਣੇ ਲੰਗਰ ਵੇਖੇ ਹਨ। ਜਾਂ ਬਾਦਸ਼ਾਹੀ ਲੰਗਰ ਦੀ ਸ਼ਾਨੋ ਸ਼ੌਕਤ ਵੇਖੀ ਹੈ। ਪਰ ਫਕੀਰਾਂ ਦੇ ਲੰਗਰ ਦੇ ਦਰਸ਼ਨ ਨਹੀਂ ਕੀਤੇ। ਇਹ ਤੇ ਮੰਨਣ ਯੋਗ ਗੱਲ ਏ ਨਾ ਕਿ ਲੰਗਰ ਦੀ ਨਾ ਤੇ ਕੋਈ ਜਗੀਰ ਏ ਤੇ ਨਾ ਹੀ ਕੋਈ ਖਜ਼ਾਨਾ ਹੀ ਰਾਖਵਾਂ ਏ ਪਰ ਇਹ ਸੰਗਤ ਦਾ ਲੰਗਰ ਏ। ਕੋਈ ਪਾਬੰਦੀ ਨਹੀਂ। ਹਰ ਬੰਦਾ ਗਿਣਤੀ ਦੀ ਰਸਦ ਪਾਵੇ ਇਹ ਕੋਈ ਰੋਕ ਨਹੀਂ। ਜਿਸਦੀ ਜਿੰਨੀ ਮਰਜ਼ੀ, ਜਿੰਨਾ ਜੀਅ ਕਰੇ ਉਹ ਯਥਾ-ਸ਼ਕਤ ਲੰਗਰ ਵਿਚ ਜਾ ਕੇ ਪਾ ਆਵੇ ਕੋਈ ਪਾਬੰਦੀ ਨਹੀਂ। ਗੁਰੂ ਦੇ ਲੰਗਰ ਵਿਚ ਬੜੀ ਬਰਕਤ ਏ। ਗੁਰਾਂ ਦਾ ਪਰਤਾਪ ਏ ਜਾਂ ਖ਼ੁਦਾਈ ਮਿਹਰ। ਕਦੀ ਲੰਗਰ ਵਿਚ ਤੋਟ ਨਹੀਂ ਆਈ। ਸੂਰਜ ਡੁਬ ਚੁਕਾ ਸੀ। ਜਦ ਅਸੀਂ ਜਲੰਧਰੋਂ ਚਲੇ। ਜਦ ਅਸੀਂ ਜਸਪਾਲ ਭਾਈਕੇ ਪਿੰਡ ਪੁਜੇ ਸਾਂ ਤੇ ਲੋਕੀ ਰੋਟੀ ਟੁਕਰ ਖਾ ਕੇ ਸੌਣ ਦੀਆਂ ਤਿਆਰੀਆਂ ਕਰ ਰਹੇ ਸਨ। ਸਾਰੇ ਪਿੰਡ ਦੀ ਖਾਕ ਛਾਣੀ, ਚੌਧਰੀ ਇਕੱਠੇ ਕੀਤੇ। ਕਿਸੇ ਹਾਮੀ ਨਾ ਭਰੀ ਲਸ਼ਕਰ ਨੂੰ ਰੋਟੀ ਖੁਵਾਉਣ ਦੀ। ਚਹੁੰ ਪਿੰਡਾਂ ਦੇ ਨੰਬਰਦਾਰ ਇਕੱਠੇ ਬੈਠੇ ਪਰ ਸਾਰਿਆਂ ਨੇ ਸਿਰ ਫੇਰ ਦਿੱਤਾ। ਕਾਹਦੀ ਤੁਹਾਡੀ ਸੂਬੇਦਾਰੀ ਏ। ਇਤਲਾਹ ਦੇ ਕੇ ਆਉਂਦੇ। ਇਕ ਗ਼ਰੀਬ ਬੰਦਾ ਵੀ ਲਸ਼ਕਰ ਦੀ ਰੋਟੀ ਵਰਜ ਸਕਦੈ। ਸਵਾਦ ਤੇ ਤਾਂ ਏ ਜੇ ਬਿਨਾਂ ਇਤਲਾਹ ਦਿਤਿਆਂ ਰੋਟੀ ਲਭੇ। ਹਜ਼ੂਰ ਇਹ ਪੰਜਾਬ ਦੀ ਮਿੱਟੀ ਵਿਚੋਂ ਪੁੰਗਰੀ ਸਿੱਖੀ ਏ। ਪੰਜਾਬੀ ਤੇ ਪਿੰਡ ਮੰਗ ਕੇ ਵੀ ਪਰਾਹੁਣੇ ਨੂੰ ਖੁਆ ਦੇਂਦੇ ਹਨ। ਪਰ ਮੈਨੂੰ ਅਫਸੋਸ ਏ ਕਿ ਤੁਹਾਡੀ ਕੌਮ ਦੀ ਕੀ ਸ਼ਰੀਅਤ। ਇਨਕਾਰ ਹੀ ਕਰ ਦਿੱਤਾ ਤੇ ਆਖਣ ਲਗੇ ਜੇ ਹੁਣ ਤੋਂ ਵੀ ਦੇਗਾਂ ਚਾੜ੍ਹੀਆਂ ਜਾਣ ਤਾਂ ਵੀ ਅੱਧੀ ਰਾਤ ਟਪਣ ਤੋਂ ਬਾਅਦ ਹਜ਼ੂਰ ਨੂੰ ਇਕ ਲੁਕਮਾ ਨਸੀਬ ਹੋਵੇਗਾ ਰੋਟੀ ਦਾ।

ਆਓ ਅਜ ਤੁਸੀਂ ਮੇਰੇ ਗੁਰੂ ਦੀ ਕਰਾਮਾਤ ਵੇਖੋ। ਤੁਸਾਂ ਕਿਤੇ ਇਤਲਾਹ ਤੇ ਨਹੀਂ ਨਾ ਦਿੱਤੀ। ਉਨ੍ਹਾਂ ਨੂੰ ਕੁਝ ਪਤਾ ਤੇ ਨਹੀਂ ਨਾ ਕਿ ਹਜ਼ੂਰ ਨੇ ਏਥੇ ਪੜਾਅ ਕਰਨਾ ਹੈ। ਤੁਹਾਡਾ ਲਸ਼ਕਰ ਵੀ ਤੇ ਕਦੇ ਨਹੀਂ ਨਾ ਆਇਆ। ਏਥੇ ਲੰਗਰ ਨੂੰ ਰਵਾਇਤ ਦੇ ਮੁਤਾਬਕ ਦਸ ਵੀਹ ਬੰਦਿਆਂ ਤਕ ਤੇ ਮਹਿਦੂਦ ਹੋ ਜਾਏਗਾ ਪਰ ਸੂਬੇਦਾਰ ਸਾਹਿਬ ਚਲੋ ਲੈ ਚਲੋ ਸਾਰੇ ਲਸ਼ਕਰ ਨੂੰ ਮੈਂ ਹਿੱਕ ਤੇ ਹੱਥ ਮਾਰ ਕੇ ਆਖਦਾ ਹਾਂ ਮੈਂ ਸਾਰਿਆਂ ਨੂੰ ਰੋਟੀ ਖੁਆਵਾਂਗਾ। ਇਕ ਬੰਦਾ ਵੀ ਭੁਖਾ ਨਹੀਂ ਰਹੇਗਾ। ਮੇਰਾ ਗੁਰੂ ਮੇਰੀ ਇੱਜ਼ਤ ਰਖੇਗਾ। ਦੀਵਾਨ ਹਕੂਮਤ ਰਾਏ ਨੇ ਅਰਜ਼ ਕੀਤੀ।

—ਜਾਣ ਦਿਓ ਦੀਵਾਨ ਸਾਹਿਬ, ਐਵੇਂ ਬਣੀ ਬਣਾਈ ਇੱਜ਼ਤ ਨੂੰ ਵੱਟਾ ਨਾ ਲੁਆਓ। ਸਾਡੇ ਲਸ਼ਕਰ ਦੀ ਕੋਈ ਝਾਲ ਨਹੀਂ ਝਲ ਸਕਦਾ। ਖਾਨਾਂ ਦੇ ਖਾਨ ਪਰਾਹੁਣੇ। ਇਨ੍ਹਾਂ ਫਕੀਰਾਂ ਸਾਧੂਆਂ ਨੂੰ ਲਲਕਾਰਿਆ ਨਹੀਂ ਜਾਂਦਾ ਤੇ ਨਾ ਹੀ ਇਨ੍ਹਾਂ ਦਾ ਇਮਤਿਹਾਨ ਹੀ ਲਿਆ ਜਾਂਦੈ, ਇਹ ਜਿਹੋ ਜਿਹੇ ਹਨ ਚੰਗੇ ਹਨ। ਆਪੇ ਠਾਹ ਠੀਆ ਕੁਝ ਕਰੋ। ਜਾਵੋ ਦੀਵਾਨ ਸਾਹਿਬ ਅਸਾਂ ਗੁਰੂ ਦੇ ਲੰਗਰ ਨੂੰ ਕੋਈ ਤਕਲੀਫ ਨਹੀਂ ਦੇਣੀ। ਪਰਾਹੁਣਾ ਘਰ ਆ ਗਿਆ ਸਾਰੀ ਰਾਤ ਲੰਗਰ ਹੀ ਬਣਾਉਂਦੇ ਰਹਿਣ। ਰਾਤ ਮੁਕ ਜਾਏਗੀ ਪਰ ਸਾਡੇ ਲਸ਼ਕਰ ਨੇ ਨਹੀਂ ਮੁਕਣਾ। ਜ਼ਿਦੇ ਨਾ ਪੈ, ਗੁਰੂ ਦੀ ਨੀਂਦ ਕਿਉਂ ਹਰਾਮ ਕਰਨ ਲੱਗਾ ਏਂ।

—ਹਜ਼ੂਰ ਗੁਰੂ ਤੇ ਇਥੇ ਨਹੀਂ। ਗੁਰੂ ਦਾ ਇਕ ਸੇਵਕ ਏ ਜਿਹੜਾ ਲੰਗਰ ਦੀ ਸੇਵਾ ਕ਼ਰਵਾ ਰਿਹਾ ਏ। ਅਜ ਸੇਵਕ ਦੇ ਲੰਗਰ ਦੀ ਰੋਟੀ ਖੁਵਾਈ ਜਾਵੇ ਤੇ ਫਿਰ ਕਿਸੇ ਦਿਨ ਗੁਰੂ ਦੇ ਲੰਗਰ ਦੀ ਸ਼ੋਭਾ ਵਿਖਾਵਾਂਗੇ।

—ਜ਼ਿਦ ਨਾ ਕਰ, ਮਤਾਂ ਅੱਖਾਂ ਨੀਵੀਆਂ ਨਾ ਕਰਨੀਆਂ ਪੈਣ। ਤੁਸੀਂ ਲੰਗਰ ਦੀਆਂ ਰੋਜ਼ ਗੱਲਾਂ ਕਰਦੇ ਹੋ, ਅਸੀਂ ਸੁਣ ਲੈਂਦੇ ਹਾਂ। ਪਰ ਅਜ ਉਹਦਾ ਜਾਦੂ ਟੁਟ ਜਾਏਗਾ। ਸੂਬੇਦਾਰ ਦੀ ਆਵਾਜ਼ ਸੀ।

—ਇਕ ਵਾਰੀ ਚਲੋ ਤੇ ਸਹੀ, ਨਾ ਮਿਲੇਗਾ ਨਾ ਸਹੀ, ਵਾਪਸ ਆ ਜਾਵਾਂਗੇ।

—ਪਹਿਲਾਂ ਅਸੀਂ ਦੱਸ ਬੰਦੇ ਜਾਂਦੇ ਹਾਂ।

—ਹਾਂ ਇਹ ਗੱਲ ਤੇ ਤੇਰੀ ਸਮਝ ਵਿਚ ਆਈ ਨਾ। ਚਲੋ ਅਜ ਵੇਖੀਏ ਤੇਰੇ ਗੁਰੂ ਦੇ ਲੰਗਰ ਦੀ ਮਰਿਆਦਾ।

ਬੰਦੇ ਵੀਹ ਸਨ। ਦੀਵਾਨ ਹਕੂਮਤ ਰਾਏ ਨੇ ਅਰਜ਼ ਕੀਤੀ : ਲੰਗਰ ਛਕਣਾ ਏ।

—ਪੁਛਣ ਦੀ ਲੋੜ ਏ? ਪੰਗਤ ਵਿਚ ਬੈਠੋ ਤੇ ਲੰਗਰ ਤਿਆਰ ਏ। ਲਾਂਗਰੀ ਭਾਈ ਸਾਗਰ ਮੱਲ ਨੇ ਹੱਥ ਜੋੜੇ।

—ਭਾਈ ਸਾਹਿਬ ਸਾਡੇ ਨਾਲ ਲਸ਼ਕਰ ਏ। ਲੰਗਰ ਅਜੇ ਸਾਰਿਆਂ ਛਕਣਾ ਏ। ਹਕੂਮਤ ਰਾਏ ਦੀ ਆਵਾਜ਼ ਉਭਰੀ।

—ਹੱਥ ਜੋੜੇ ਭਾਈ ਸਾਗਰ ਮਲ ਨੇ। ਜਗ੍ਹਾ ਦੇ ਮੁਤਾਬਕ ਜਿੰਨੇ ਆਦਮੀ ਬੈਠ ਸਕਦੇ ਹਨ ਬੈਠ ਜਾਣ। ਲੰਗਰ ਮੁਕਣ ਨਹੀਂ ਲੱਗਾ। ਗੁਰੂ ਦੀਆਂ ਮਿਹਰਾਂ ਹਨ। ਸਾਰੀ ਰਾਤ ਬੰਦੇ ਆਉਂਦੇ ਜਾਣ ਲੰਗਰ ਛਕਦੇ ਜਾਣ।

—ਪਰ ਲਸ਼ਕਰ ਲੰਗਰ ਛਕੇਗਾ ਕਿੰਨੇ ਚਿਰ ਵਿਚ, ਸੂਬੇਦਾਰ ਦੀ ਆਵਾਜ਼ ਉਭਰੀ।

—ਹਜ਼ੂਰ ਮੈਂ ਤੇ ਜਗ੍ਹਾ ਦੇ ਮੁਤਾਬਕ ਅਰਜ਼ ਕੀਤੀ ਏ, ਤੁਸੀਂ ਫਿਕਰ ਨਾ ਕਰੋ। ਤੁਹਾਡੇ ਲਸ਼ਕਰ ਨੂੰ ਲੰਗਰ ਛਕਾ ਕੇ ਹੀ ਭੇਜਾਂਗੇ, ਇਹ ਮੇਰਾ ਜ਼ਿੰਮਾ ਕਿ ਕੋਈ ਭੁਖਾ ਨਹੀਂ ਜਾਏਗਾ।

—ਭਾਈ ਸਾਹਿਬ ਪੰਗਤ ਵਿਚ ਕਿੰਨੀ ਸੰਗਤ ਬੈਠ ਸਕਦੀ ਏ।

—ਜੇ ਪੰਜ ਪਾਲਾਂ ਲਾ ਲੈਣ ਤਾਂ ਸਮਝੋ ਇਕ ਵਾਰ ਸੌ ਬੰਦਾ ਬੈਠ ਸਕਦਾ ਏ। ਤੁਸੀਂ ਸੌ-ਸੌ ਬੰਦਿਆਂ ਦੀਆਂ ਟੋਲੀਆਂ ਬਣਾ ਲਵੋ। ਗੁਰੂ ਦੀ ਮਿਹਰ ਸਦਕਾ ਤੁਹਾਨੂੰ ਕੋਈ ਸ਼ਕਾਇਤ ਨਹੀਂ ਹੋਵੇਗੀ। ਪਹਿਲਾਂ ਤੁਸੀਂ ਆਪ ਪਰਸ਼ਾਦ ਛਕੋ। ਮੇਰੇ ਬੰਦੇ ਜਾ ਕੇ ਹੋਰ ਆਦਮੀ ਸੱਦ ਲਿਆਉਂਦੇ ਹਨ।

ਬੜਾ ਭਰੋਸਾ ਹੈ, ਬੜਾ ਅਕੀਦਾ ਹੈ, ਕਿੰਨਾ ਅਟਲ ਨਿਸ਼ਚਾ ਏ। ਕੀ ਲੰਗਰ ਸਾਰੇ ਲਸ਼ਕਰ ਨੂੰ ਦੇਵੇਗਾ। ਕਲ੍ਹ ਨੂੰ ਤੇ ਏਥੇ ਉਲੂ ਬੋਲਣਗੇ, ਸੂਬੇਦਾਰ ਜਲੰਧਰ ਦੇ ਮਨ ਦੇ ਵਿਚਾਰ ਸਨ।

—ਸੂਬੇਦਾਰ ਜੀ ਤੁਸੀਂ ਬੰਦੇ ਤੇ ਭੇਜੋ, ਸੰਭਾਲਣਾ ਸਾਡਾ ਕੰਮ।

ਅਜੇ ਬੰਦੇ ਪੰਗਤ ਵਿਚ ਬੈਠੇ ਹੀ ਸਨ ਲਾਂਗਰੀ ਨੇ ਲੰਗਰ ਵਰਤਾਉਣਾ ਸ਼ੁਰੂ ਕਰ ਦਿੱਤਾ ਐਵੇਂ ਇਕ ਅੱਧ ਘੜੀ ਵਿਚ ਹੀ ਲੰਗਰ ਦੀ ਨਫਰੀ ਖ਼ਤਮ ਹੋ ਗਈ। ਅਜ ਸੂਬੇਦਾਰ ਖੜਾ ਗਲਾਂ ਹੀ ਕਰ ਰਿਹਾ ਸੀ। ਤੇ ਭਾਈ ਸਾਗਰ ਮਲ ਹੱਥ ਜੋੜ ਕੇ ਆਖਣ ਲਗਾ, ਹੋਰ ਤੁਹਾਡੇ ਬੰਦੇ ਆਏ ਨਹੀਂ ਲੰਗਰ ਤਿਆਰ ਏ।

ਫੌਜ ਦੇ ਹਾਕਮ ਨੇ ਅਰਜ਼ ਕੀਤੀ, "ਸਾਰੇ ਹੀ ਲਸ਼ਕਰ ਨੇ ਲੰਗਰ ਛਕ ਲਿਆ ਏ ਕੋਈ ਬੰਦਾ ਬਾਕੀ ਨਹੀਂ।"

—ਭਾਈ ਸਾਗਰ ਮਲ ਯਾਰ ਇਕ ਗਲ ਤੇ ਦਸ, ਤੇਰੇ ਕੋਲ ਏਨੀ ਰਸਦ ਕਿਥੋਂ ਆਈ? ਤੂੰ ਕਿਸ ਤਰ੍ਹਾਂ ਸਾਰਿਆਂ ਨੂੰ ਲੰਗਰ ਛਕਾਇਆ ਏ? ਤੇਰੇ ਕੋਲ ਤਿਆਰ ਤੇ ਨਹੀਂ ਸੀ ਨਾ ਲੰਗਰ?

ਹੱਥ ਜੋੜੇ ਭਾਈ ਸਾਗਰ ਮਲ ਨੇ। ਹਜ਼ੂਰ ਜਦੋਂ ਤੁਸੀਂ ਆਏ ਸਉ ਤਾਂ ਮੇਰੇ ਪਾਸ ਪੰਜਾਹ ਬੰਦਿਆਂ ਦਾ ਲੰਗਰ ਤਿਆਰ ਸੀ ਅਤੇ ਮੇਰਾ ਅੰਦਾਜ਼ਾ ਏ ਕਿ ਮੇਰੀ ਜਗ੍ਹਾ ਵਿਚ ਪੰਜਾਹ ਬੰਦਿਆਂ ਤੋਂ ਵਧ ਸੰਗਤ ਬੈਠ ਨਹੀਂ ਸਕਦੀ ਤੇ ਇਕ ਪੰਗਤ ਨੂੰ ਖਾਣ ਲੱਗਿਆਂ ਅੱਧਾ ਕੁ ਘੰਟਾ

ਤੇ ਲੱਗਣਾ ਹੀ ਹੋਇਆ। ਮੈਂ ਚਾਰ ਦੇਗਾਂ ਦਾਲ ਹੋਰ ਚਾੜ੍ਹ ਦਿੱਤੀ ਸੀ। ਆਟਾ ਗੁੰਨ੍ਹਣ ਨੂੰ ਸੇਵਾਦਾਰ ਲਾ ਦਿੱਤੇ ਸਨ। ਦਾਲ ਨੇ ਤੇ ਅੱਧਾ ਘੰਟਾ ਹੀ ਲਿਆ। ਰੋਟੀਆਂ ਪਕ ਰਹੀਆਂ ਸਨ। ਲੰਗਰ ਚਲ ਰਿਹਾ ਸੀ। ਇਹ ਗੁਰੂ ਦੀ ਬਖਸ਼ਿਸ਼ ਏ ਲੰਗਰ ਕਦੀ ਘਟਿਆ ਨਹੀਂ। ਮੈਨੂੰ ਏਨਾ ਕੁ ਵਕਤ ਮਿਲ ਗਿਆ ਮੈਂ ਲੰਗਰ ਛਕਾਉਣ ਲੱਗ ਪਿਆ। ਮੈਂ ਦੋ ਦੇਗਾਂ ਹੋਰ ਚਾੜ੍ਹ ਦਿੱਤੀਆਂ। ਤੁਹਾਡੇ ਬੰਦੇ ਪੰਜ ਕੁ ਸੌ ਦੇ ਕਰੀਬ ਸਨ, ਮੈਨੂੰ ਦੀਵਾਨ ਸਾਹਿਬ ਨੇ ਦਸ ਦਿੱਤੀ ਸੀ ਨਫ਼ਰੀ। ਗੁਰੂ ਨੇ ਮੇਰੀ ਇਜ਼ਤ ਰਖ ਲਈ।

—ਧੰਨ ਹੋ ਤੁਸੀਂ ਤੇ ਧੰਨ ਹਨ ਤੁਹਾਡੇ ਗੁਰੂ। ਤੁਹਾਡਾ ਅਕੀਦਾ ਬਹੁਤ ਬਲਵਾਨ ਏ। ਤੁਹਾਡੀ ਕੋਈ ਦਾਦ ਨਹੀਂ ਦਿੱਤੀ ਜਾ ਸਕਦੀ। ਜਿਹਦਾ ਨਿਸ਼ਚਾ ਇੰਨਾ ਬੁਲੰਦ ਹੋਵੇ ਉਹ ਕੌਮ ਕਿਸੇ ਅੱਗੇ ਨਹੀਂ ਝੁਕ ਸਕਦੀ। ਸ਼ਹਿਨਸ਼ਾਹ ਦਾ ਅੰਦਾਜ਼ਾ ਗ਼ਲਤ ਏ। ਮੈਂ ਤੁਹਾਡੇ ਅਤੇ ਤੁਹਾਡੇ ਗੁਰੂ ਅੱਗੇ ਸਰੇ ਖ਼ਮ ਤਸਲੀਮ ਕਰਦਾ ਹਾਂ। ਅਜ ਮੈਂ ਤੁਹਾਡੀ ਅਜ਼ਮਤ ਸਮਝ ਗਿਆ ਹਾਂ।

—ਹਕੂਮਤ ਰਾਏ ਜੀ ਜੇ ਮੈਂ ਕੁਝ ਨਜ਼ਰ ਕਰਨਾ ਚਾਹਵਾਂ ਤਾਂ ਤੇਰੇ ਗੁਰੂ ਭਾਈ ਕਬੂਲ ਕਰਨਗੇ।

—ਹਜ਼ੂਰ ਤੁਸੀਂ ਸੂਬੇਦਾਰ ਹੋ, ਅਸੀਂ ਸਾਰੇ ਤੁਹਾਡੀ ਰਿਆਇਆ ਹਾਂ, ਰਿਆਇਆ ਬੱਚੇ ਹੁੰਦੀ ਏ ਹਕੂਮਤ ਦੇ।

—ਹਜ਼ੂਰ ਜਿਹੜੀ ਚੀਜ਼ ਸ਼ਰਧਾ ਤੇ ਅਕੀਦੇ ਨਾਲ ਪੇਸ਼ ਕੀਤੀ ਜਾਵੇਗੀ ਉਹ ਜ਼ਰੂਰ ਕਬੂਲ ਹੋ ਜਾਏਗੀ ਗ਼ਰੂਰ ਤੇ ਹੰਕਾਰ ਨਾਲ ਦਿੱਤਾ ਹੀਰਾ ਵੀ ਠੋਕਰ ਮਾਰ ਕੇ ਰੋੜ੍ਹ ਦਿੱਤਾ ਜਾਂਦਾ ਏ।

—ਹਕੂਮਤ ਰਾਏ ਮੇਰਾ ਖ਼ਿਆਲ ਏ ਕਿ ਲੰਗਰ ਜਿਹਦਾ ਜਲਵਾ ਮੈਂ ਅਜ ਵੇਖਿਆ ਏ, ਮੈਂ ਚਾਹੁੰਦਾ ਹਾਂ ਕਿ ਇਹ ਸਦਾ ਹੀ ਚਲਦਾ ਰਹੇ। ਇਹ ਨਿਅਮਤੇ ਇਲਾਹੀ ਏ। ਇਹ ਖ਼ੁਦਾ ਦੀ ਬੁਸ਼ਾਰਤ ਏ, ਇਹ ਕੁਦਰਤ ਦਾ ਤੁਹਫਾ ਏ। ਮੈਂ ਬਹੁਤ ਖੁਸ਼ ਹਾਂ। ਮੈਂ ਨਾਚੀਜ਼ ਦੋ ਸੌ ਵਿਘੇ ਜ਼ਮੀਨ ਲੰਗਰ ਦੇ ਨਾਂ ਲਵਾਉਣਾ ਚਾਹੁੰਦਾ ਹਾਂ। ਇਹ ਪਟਾ ਏ। ਗ਼ਰੀਬ ਨਗਰੀ ਪਿੰਡ ਦੀ ਜਗੀਰ ਵਜੋਂ ਦਿੱਤਾ ਗਿਆ ਏ। ਲਾਂਗਰੀ ਨੇ ਅਰਦਾਸ ਕੀਤੀ। ਸੂਬੇਦਾਰ ਸਾਹਿਬ ਖ਼ੁਦਾ ਆਪ ਦਾ ਜਲਾਲ ਬੁਲੰਦ ਕਰੇ। ਗੁਰੂ ਦੀਆਂ ਮਿਹਰਾਂ ਤੁਹਾਡੇ ਤੇ ਬਣੀਆਂ ਰਹਿਣ। ਅਜ ਜ਼ਰਾ ਦਿਲ ਖੁਸ਼ ਨਹੀਂ ਹੋਇਆ ਫੇਰ ਕਿਸੇ ਦਿਨ ਆਵੋ। ਮੇਰੀ ਵੀ ਰੀਝ ਲਾਹੁਣ ਦੀ ਖਾਹਿਸ਼ ਏ।

—ਅੱਛਾ ਫੇਰ ਕਦੇ ਮੌਕਾ ਮਿਲਿਆ ਤਾਂ ਜ਼ਰੂਰ ਹਾਜ਼ਰੀ ਭਰਾਂਗੇ, ਸੂਬੇਦਾਰ ਜਲੰਧਰ ਨੇ ਆਖਿਆ।

ਜਿਹਦੇ ਸਵੇਕ ਹੀ ਏਨੇ ਬੁਲੰਦ ਹਨ ਉਹਦੇ ਗੁਰੂ ਕੀ ਹੋਣਗੇ। ਅਸੀਂ ਐਵੇਂ ਨਫਰਤ ਕਰਦੇ ਰਹੇ। ਇਹ ਤੇ ਵਾਕਈ ਹੀ ਖ਼ੁਦਾ ਦੇ ਲੋਕ ਹਨ। ਦਿਲ ਹੀ ਦਿਲ ਵਿਚ ਵਿਚਾਰ ਰਿਹਾ ਸੀ ਸੂਬੇਦਾਰ। ਜਸਪਾਲ ਭਾਈਕੇ ਦੇ ਲੰਗਰ ਦੀ ਸ਼ੋਭਾ ਸਾਰੇ ਦੁਆਬੇ ਵਿਚ ਫੈਲ ਗਈ। ਜਲੰਧਰ ਦਾ ਸੂਬੇਦਾਰ ਸੱਜਦੇ ਕਰਦਾ, ਸਿਰ ਝੁਕਾਉਂਦਾ ਵਾਪਸ ਚਲਾ ਗਿਆ।

ਖ਼ੁਦਾ ਹਰ ਮੁਕਾਮ ਤੇ ਮੌਜੂਦ ਏ ਪਰ ਵੇਖਣ ਨੂੰ ਅੱਖਾਂ ਚਾਹੀਦੀਆਂ ਨੇ।

□

ਸ਼ਬੇ-ਖ਼ੂਨ

ਸਤਿਲੁਜ ਨਦੀ ਨੂੰ ਪਾਰ ਕੀਤਾ ਬੇੜੀਆਂ ਰਾਹੀਂ, ਫਰਾਲਾ ਹੁੰਦੇ ਹੋਏ ਦੁਸਾਂਝ ਮਸੰਦਾਂ ਦੇ ਲੋਕ ਚਰਨੀਂ ਪਏ। ਉਥੋਂ ਲੋਕਾਂ ਨੂੰ ਸੰਗਤ ਦਾ ਮਹਾਤਮ ਦੱਸਿਆ ਤੇ ਪ੍ਰਭਾਤ ਵੇਲੇ ਨਾਮ ਜਪਣ ਦੀ ਮਹਿਮਾ ਤੇ ਚਾਨਣ ਪਾਇਆ, ਗੁਰੂ ਹਰਗੋਬਿੰਦ ਨੇ ਦੋ ਦਿਨ ਖੂਬ ਦੀਵਾਨ ਸਜਾਏ ਤੇ ਲੋਕਾਂ ਵੀ ਹੁੰਮ ਹੁੰਮਾ ਕੇ ਦੀਵਾਨ ਵਿਚ ਧੁੰਮਾ ਪਾ ਦਿੱਤੀਆਂ। ਦੁਸਾਂਝ ਮਸੰਦਾਂ ਦੀ ਸੰਗਤ ਨੇ ਗੁਰਾਂ ਦੀ ਮਹਿਮਾ ਨੂੰ ਚੰਗੀ ਤਰ੍ਹਾਂ ਨਾਲ ਮਾਣਿਆ। ਬਹੁਤ ਨੇੜੇ ਹੋ ਕੇ ਬੈਠਣ ਦੀ ਜਾਚ ਸਿਖ ਲਈ। ਦੁਸਾਂਝ ਮਸੰਦਾਂ ਦੀ ਧਰਤੀ ਦੀ ਹਿੱਕ ਤੇ ਅਜੇ ਵੀ ਗੁਰੂ ਹਰਰਾਇ ਦੇ ਘੋੜੇ ਦੇ ਸੁੰਮਾਂ ਦੇ ਨਿਸ਼ਾਨ ਹਨ। ਲੋਕ ਉਨ੍ਹਾਂ ਨਿਸ਼ਾਨਾਂ ਦੀ ਮਿੱਟੀ ਨੂੰ ਸੁਰਮਾ ਸਮਝ ਕੇ ਅਜ ਵੀ ਸਲਾਈਆਂ ਪਾਉਂਦੇ ਹਨ। ਇਕ ਤੀਰਥ ਬਣ ਗਿਆ ਏ ਦੁਸਾਂਝ ਮਸੰਦਾਂ ਦੁਆਬੇ ਵਿਚ।

ਗੁਰਾਂ ਦਾ ਦੂਜਾ ਪੜਾਅ ਸੀ ਪਲਾਹੀ। ਪਲਾਹੀ ਤੇ ਅੱਗੇ ਹੀ ਸ਼ਰਧਾਲੂਆਂ ਦਾ ਗਰਾਂ ਸੀ। ਗੁਰੂ ਪਿਆਰੇ, ਗੁਰੂ ਦੇ ਨਾਮ ਤੇ ਜਾਨ ਵਾਰਨ ਲਈ ਤਿਆਰ ਸਨ। ਗੁਰੂ ਉਹਨਾਂ ਲਈ ਰੱਬ ਸਨ, ਗੁਰੂ ਪਰਮਾਤਮਾ ਦਾ ਦੂਸਰਾ ਰੂਪ ਸਨ। ਚੰਨ ਚੜ੍ਹ ਪਿਆ ਹਨੇਰੀਆਂ ਬੱਦਲੀਆਂ ਵਿਚੋਂ ਜਦ ਗੁਰੂ ਪਲਾਹੀ ਪੁੱਜੇ।

ਦੀਵਾਨ ਸਜੇ, ਗੁਰਬਾਣੀ ਦੀ ਅਮਰ ਵਰਖਾ ਹੁੰਦੀ ਗਈ। ਪਰੇਮ ਰਸ ਵਿਚ ਰਚ ਗਏ ਪਲਾਹੀ ਦੇ ਨਿਵਾਸੀ, ਗੁਰੂਆਂ ਦਾ ਵੀ ਜੀਅ ਲੱਗ ਗਿਆ। ਛੋਲਦਾਰੀਆਂ, ਖ਼ੇਮੇ, ਤੰਬੂ ਏਨੇ ਲੱਗੇ ਹੋਏ ਸਨ ਕਿ ਪਿੰਡ ਵਸਿਆ ਜਾਪਦਾ ਸੀ। ਆਖਣ ਵਾਲੇ ਤੇ ਆਖਦੇ ਸਨ ਕਿ ਮੁਗਲਾਂ ਦੀ ਛਾਉਣੀ ਲੱਗੀ ਹੋਈ ਏ। ਬੜੀ ਸ਼ਾਨੋ ਸ਼ੌਕਤ, ਬੜਾ ਜਾਹੋ ਜਲਾਲ, ਦੱਖ ਝਲੀ ਨਹੀਂ ਸੀ ਜਾਂਦੀ ਗੁਰੂ ਦੇ ਕਾਫਲੇ ਦੀ। ਸ਼ਾਹੀ ਲਸ਼ਕਰ ਤੋਂ ਘੱਟ ਸ਼ਾਨ ਨਹੀਂ ਸੀ, ਲੋਕ ਹੈਰਾਨ ਸਨ ਕਿ ਸ਼ਾਹੀ ਰੁਤਬੇ ਦੇ ਮੁਕਾਬਲੇ ਵਿਚ ਗੁਰੂ ਦੇ ਕਾਫਲੇ ਹਰ ਤਰ੍ਹਾਂ ਨਾਲ ਟੱਕਰ ਲੈ ਰਹੇ ਸਨ। ਗੁਰੂ ਹਨ ਕਿਸੇ ਨਾਲੋਂ ਘੱਟ ਥੋੜੇ ਹਨ, ਉਹ ਹਿੰਦੋਸਤਾਨ ਦਾ ਸ਼ਹਿਨਸ਼ਾਹ ਏ ਤੇ ਇਹ ਪੰਜਾਬ ਦੇ ਸ਼ਹਿਨਸ਼ਾਹ ਨੇ। ਦਿਲਾਂ ਤੇ ਜੇ ਕਰ ਕੋਈ ਰਾਜ ਕਰਦਾ ਏ ਤਾਂ ਉਹ ਸਿਰਫ ਗੁਰੂ। ਬਾਕੀ ਸਭ ਤਲਵਾਰ ਦੇ ਜ਼ੋਰ ਨਾਲ ਸ਼ਹਿਨਸ਼ਾਹ ਲੋਕਾਂ ਕੋਲੋਂ ਐਵੇ ਹੀ ਵਾਹ ਵਾਹ ਕਰਵਾ ਲੈਂਦੇ ਨੇ, ਇਹਦੇ ਵਿਚ ਕੋਈ ਤੱਤ ਨਹੀਂ। ਲਸ਼ਕਰ ਨੇ ਕੂਚ ਕੀਤਾ ਤੇ ਨਾਲ ਹੀ ਸ਼ਹਿਨਸ਼ਾਹ ਦੇ ਨਾਂ ਦਾ ਵੀ ਫ਼ਾਤਿਆ ਪੜ੍ਹਿਆ ਗਿਆ। ਕੌਣ ਯਾਦ ਰੱਖਦਾ ਏ ਸ਼ਹਿਨਸ਼ਾਹ ਦੇ ਨਾਂ ਨੂੰ, ਬਦਲਦੇ ਰਹਿੰਦੇ ਹਨ। ਗੁਰੂਆਂ ਨੇ ਬਦਲ ਥੋੜ੍ਹਾ ਜਾਣਾ ਏ। ਪੰਜਾਬ ਦੀ ਤੇ ਆਤਮਾ ਹਨ ਗੁਰੂ, ਇਕ ਜੋਤ।

ਪਲਾਹੀ ਭਾਵੇਂ ਛੋਟਾ ਜਿਹਾ ਪਿੰਡ ਸੀ ਪਰ ਸ਼ਰਧਾਲੂ ਏਨੇ ਸਨ ਕਿ ਗੁਰੂ ਆਉਂਦਾ ਜਾਪੇ ਤੇ ਸਾਰਾ ਲਾਹੌਰ ਹੀ ਪਲਾਹੀ ਵਿਚ ਇੱਕਠਾ ਹੋਇਆ ਲੱਭਦਾ, ਹਰ ਬੰਦੇ ਅੰਦਰ ਇਕ ਤਰ੍ਹਾਂ ਦਾ ਜਜ਼ਬਾ ਠਾਠਾ ਮਾਰ ਰਿਹਾ ਸੀ। ਸ਼ਰਧਾ ਦਿਨੋ ਦਿਨ ਉਮਡ ਕੇ ਸੰਗਤ ਦੇ ਰੂਪ ਵਿਚ ਲੋਕਾਂ ਦਾ ਹੜ੍ਹ ਵਗਦਾ ਵੇਖਿਆ ਸਾਰੀ ਖਲਕਤ ਨੇ। ਪਲਾਹੀ ਨੇ ਕੀ ਪਨਾਹ ਮੰਗਣੀ ਸੀ ਫਗਵਾੜੇ ਵਾਲੇ ਵੀ ਧੰਨ ਧੰਨ ਕਰ ਉਠੇ। ਇਹ ਸਭ ਬਰਕਤਾਂ ਗੁਰੂ ਦੇ ਪਰਤਾਪ ਦੀਆਂ ਸਨ।

ਗੁਰੂ ਕਿਸੇ ਨੂੰ ਨੌਕਰੀ ਨਹੀਂ ਦੇ ਸਕਦਾ, ਪਰ ਇਕ ਗਲ ਜਿਹੜੀ ਵਰਨਣ ਯੋਗ ਏ, ਇਹ ਹੈ ਕਿ ਜਿਹੜਾ ਗਭਰੂ ਸਰਕਾਰ ਦੀ ਨੌਕਰੀ ਤੋਂ ਛੁੱਟੀ ਪਾ ਕੇ ਨਿਕਲਿਆ ਸੀ, ਉਹਦਾ ਟਾਕਰਾ ਜੇ ਗਲਤੀ ਨਾਲ ਗੁਰੂ ਦੇ ਜਥੇ ਨਾਲ ਹੋ ਗਿਆ ਤੇ ਫਿਰ ਉਹ ਬੰਦਾ ਸਰਕਾਰੀ ਨੌਕਰੀ ਦਾ

ਚਿੱਤ ਚੇਤਾ ਹੀ ਭੁਲਾ ਦਿੰਦਾ ਤੇ ਜਥੇ ਦੇ ਨਾਲ ਰਲ ਜਾਂਦਾ। ਨੌਕਰੀ ਦਾ ਖਿਆਲ ਹੀ ਜਾਂਦਾ ਰਹਿੰਦਾ। ਭਾਵੇਂ ਗੁਰੂ ਤਨਖਾਹ ਨਹੀਂ ਸਨ ਦਿੰਦੇ, ਪਰ ਬੰਦੇ ਦਾ ਹਰ ਕਿਸਮ ਦਾ ਖਰਚਾ ਗੁਰੂ ਦੀ ਗੋਲਕ ਹੀ ਸਹਾਰਦੀ ਸੀ। ਨਕਦੀ ਦੇ ਰੂਪ ਵਿਚ ਨਹੀਂ ਸੀ ਮਿਲਦਾ। ਰਸ਼ਦ ਦੇ ਰੰਗ ਵਿਚ ਰੰਗੇ ਜਾਂਦੇ ਇਕ ਲੀਨ ਹੋ ਜਾਂਦੇ, ਸ਼ਰਧਾ ਵੱਧ ਜਾਂਦੀ। ਜਿਹਨਾਂ ਦੇ ਘਰ ਦਾ ਗੁਜ਼ਾਰਾ ਉਸ ਬੰਦੇ ਤੇ ਹੀ ਸੀ ਜਿਨ੍ਹੇ ਨੌਕਰੀ ਕਰਕੇ ਟੱਬਰ ਦੇ ਢਿੱਡ ਦੀ ਅੱਗ ਬੁਝਾਉਣੀ ਏ, ਇਹ ਢਿੱਡ ਦਾ ਤੰਦੂਰ ਘਰ ਵਾਲਿਆਂ ਨਾਲ ਲੱਗਾ ਹੋਇਆ ਸੀ, ਗੁਰੂ ਮਹਾਰਾਜ ਹਰ ਬੰਦੇ ਦੀ ਲੋੜ ਪੂਰੀ ਕਰਦੇ, ਨੌਕਰੀ ਭਾਵੇਂ ਸਰਕਾਰੀ ਨਹੀਂ ਸੀ ਪਰ ਸਰਕਾਰ ਨਾਲੋਂ ਕਿਤੇ ਜ਼ਿਆਦਾ ਚੰਗੀ ਸੀ, ਕਿਰਤ, ਮਨ ਦੀ ਸੁਧੀ, ਵਿਚਾਰਾਂ ਦੀ ਪਵਿੱਤਰਤਾ, ਉਦਮ, ਜੋਸ਼, ਬੀਰਤਾ ਦੀ ਪੁੱਠ ਗੁਰੂ ਦੇ ਜਥੇ ਵਿਚੋਂ ਮਿਲ ਸਕਦੀ ਸੀ, ਬਾਹਰੋਂ ਕਿਸੇ ਨੂੰ ਰੂਹਾਨੀ ਖੁਰਾਕ ਨਹੀਂ ਸੀ ਮਿਲ ਸਕਦੀ ਭਾਵੇਂ ਹੋਰ ਛੱਤੀ ਨਿਆਮਤਾਂ ਮਿਲ ਜਾਣ। ਦੁਨੀਆ ਵਿਚ ਹਰ ਤਰ੍ਹਾਂ ਦੇ ਬੰਦੇ ਪੈਦਾ ਹੁੰਦੇ ਨੇ। ਉਹ ਲੋਕ ਵੀ ਸਨ ਜਿਹੜੇ ਗੁਰੂ ਦੀ ਪਰਦਖਨਾ ਕਰਕੇ ਅੰਨ ਦਾ ਭੋਰਾ ਮੂੰਹ ਵਿਚ ਪਾਉਂਦੇ, ਤੇ ਕਈ ਏਨੇ ਚੰਡਾਲ ਵੀ ਸਨ ਜਿਹੜੇ ਗੁਰੂ ਦੀ ਪਾਣ ਪਤ ਲਾਹੁਣ ਲਈ ਤਿਆਰ ਖੜੇ ਸਨ, ਦੁਨੀਆ ਰੰਗ ਰੰਗੀਲੀ ਏ, ਜਦ ਤਕ ਲੋਕ ਬਦੀ ਦਾ ਨਾਚ ਰੰਗ ਨਹੀਂ ਵੇਖ ਲੈਂਦੇ ਉਦੋਂ ਤਕ ਲੋਕਾਂ ਨੂੰ ਨੇਕੀ ਦਾ ਕਿਤੇ ਚਿੱਤ ਚੇਤਾ ਵੀ ਨਹੀਂ ਆਉਂਦਾ।

ਇਕ ਪਾਸੇ ਗੁਰੂ ਦੇ ਲੰਗਰ ਨੂੰ ਜਾਗੀਰ ਦਿੱਤੀ ਜਾ ਰਹੀ ਏ ਤੇ ਦੂਸਰੇ ਪਾਸੇ ਮੁਖ਼ਲਸ ਖਾਂ ਦੇ ਪੋਤਰੇ ਕਾਸਮ ਬੇਗ ਨੇ ਤੇ ਹੋਰ ਨਾਲ ਰਲ ਪਿਆ ਡੂਰਲੀ ਜਥਾ ਹਯਾਤ ਖਾਂ ਦਾ। ਇਹ ਗੱਲ ਮੰਨਣ ਯੋਗ ਨਹੀਂ ਸੀ ਕਿ ਉਹਨਾਂ ਨੂੰ ਕਿਸੇ ਹਕੂਮਤ ਨੇ ਗੁਰਾਂ ਦੇ ਘਰ ਬਾਰ ਨੂੰ ਲੁੱਟਣ ਦਾ ਹੁਕਮ ਦਿੱਤਾ ਸੀ, ਇਹ ਦੋਵੇਂ ਮਨਚਲੇ, ਇਕੱਠੇ ਬੈਠੇ, ਸ਼ਰਾਬ ਪੀਤੀ ਤੇ ਸਲਾਹ ਬਣਾਈ ਕਿ ਚਲੋ ਸ਼ਿਕਾਰ ਤੇ ਚੜ੍ਹੀਏ, ਜਦੋਂ ਕਿਸੇ ਸ਼ਿਕਾਰੀ ਨੂੰ ਸ਼ਿਕਾਰ ਨਾ ਮਿਲੇ ਤਾਂ ਉਹ ਵਿਚਾਰਾ ਜਾਏ ਕਿੱਥੇ, ਗੁੱਸੇ ਵਿਚ ਭਰਿਆ ਪੀਤਾ ਸ਼ਿਕਾਰੀ, ਫਿਰ ਕੁੱਤੇ ਮਾਰਨ ਤੁਰ ਪੈਂਦਾ ਏ ਤੇ ਪਿੰਡ ਵਾਲੇ ਸਮਝ ਲੈਂਦੇ ਹਨ ਕਿ ਅੱਜ ਸ਼ਿਕਾਰੀ ਖਾਲੀ ਹੱਥ ਆਇਆ ਏ। ਜੇ ਕੁਝ ਵੀ ਹੱਥ ਨਾ ਲੱਗੇ ਤਾਂ ਢੱਠੀ ਕੰਧ ਨੂੰ ਵੀ ਡਾਂਗਾਂ ਮਾਰਨਗੇ। ਟੁੱਟੀ ਹਵੇਲੀ, ਉਥੇ ਤੇ ਦਾਅ ਲੱਗਣਾ ਹੀ ਏ ਨਾ। ਵਿਚਾਰ ਬਣਾਈ, ਗੁਰੂ ਦੇ ਕਾਫ਼ਲੇ ਵਿਚ ਬੜੀ ਠਾਠ ਬਾਠ ਏ, ਅੱਜ ਉਥੇ ਹੀ ਹੱਥ ਅਜ਼ਮਾ ਕੇ ਵੇਖ ਲੈਣੇ ਚਾਹੀਦੇ ਹਨ। ਇਹ ਗੁਰੂ ਅੱਗੇ ਭਾਵੇਂ ਗਰੀਬ ਹੋਣਗੇ, ਪਰ ਅੱਜਕਲ੍ਹ ਗੁਰੂ ਕਿਸੇ ਬਾਦਸ਼ਾਹ ਨਾਲੋਂ ਘੱਟ ਨਹੀਂ, ਇਹਨਾਂ ਕੋਲ ਗਹਿਣਾ ਗੱਟਾ ਕਾਫ਼ੀ ਏ। ਹਵੇਲੀਆਂ ਵਿਚ ਤੇ ਟੱਕਰਾਂ ਹੀ ਮਾਰਨੀਆਂ ਪੈਣਗੀਆਂ, ਮਿਲ ਜਾਏ ਤੇ ਭਾਵੇਂ ਮੋਹਰਾਂ ਦਾ ਭਰਿਆ ਸੰਦੂਕ। ਸਾਰੀ ਰਾਤ ਫੋਲਦੇ ਰਹੋ, ਚਾਰ ਛਿਲੜਾਂ ਵੀ ਪੱਲੇ ਨਹੀਂ ਪੈਣਗੀਆਂ, ਚਲੋ ਅੱਜ ਗੁਰੂਆਂ ਦੇ ਹਰਮ ਤੇ ਹੀ ਕਿਸਮਤ ਅਜ਼ਮਾਈ ਕੀਤੀ ਜਾਏ।

—ਉਮਰ ਹਯਾਤ ਖਾਂ ਨੇ ਆਪਣੇ ਸਾਥੀ ਤੋਂ ਪੁੱਛਿਆ, ਸੱਜਣਾ ਅਗੇ ਜੇ ਗੁਰਾਂ ਦੇ ਦਰਸ਼ਨ ਹੋ ਗਏ ਤੇ ਫੇਰ।

—ਮੱਥਾ ਟੇਕ ਲਵਾਂਗੇ।

—ਆਖਾਂਗੇ ਬਦਮਾਸ਼ਾਂ ਨੇ ਖ਼ੇਮੇ ਨੂੰ ਘੇਰ ਲਿਆ ਸੀ ਇਸ ਲਈ ਆਏ ਹਾਂ ਮਤਾਂ ਇਲਾਕੇ ਦਾ ਨਾਂ ਬਦਨਾਮ ਨਾ ਹੋਵੇ।

ਚੋਰ ਸੰਨ੍ਹ ਤੋਂ ਫੜਿਆ ਜਾਵੇ ਤੇ ਉਹਦੇ ਹੱਥ ਵਿਚ ਭਾਵੇਂ ਦੋ ਤਸਬੀਆਂ ਹੀ ਕਿਉਂ ਨਾ ਹੋਣ ਲੋਕਾਂ ਉਹਨਾਂ ਨੂੰ ਸਾਧ ਨਹੀਂ ਆਖਣਾ ਜਿਨੇ ਆਖਣਾ ਏ ਚੋਰ ਏ, ਡਾਕੂ ਏ।

—ਲੁੱਟਣ ਚਲੇ ਹਾਂ ਕਾਫ਼ਲਾ, ਸਾਧ ਬਣਕੇ, ਹੱਥ ਵਿਚ ਤਲਵਾਰਾਂ ਹਨ ਤਿਖੀਆਂ।

—ਨਹੀਂ ਬੱਚੂ ਇਸ ਤਰ੍ਹਾਂ ਨਹੀਂ, ਡਾਕੂ ਬਣਕੇ ਲੁਟੋ ਇਹ ਬਹਾਦਰੀ ਏ। ਪਿਓ ਦਾ ਘਰ ਕਦੇ ਪੁੱਤਾਂ ਲੁਟਿਆ ਏ। ਇਕ ਪਾਸੇ ਤੇ ਗੁਰੂ ਆਖਦੇ ਹੋ ਤੇ ਦੂਜੇ ਪਾਸੇ ਲੁੱਟਣ ਹਰਮ ਆਏ ਹੋ। ਮਾਂ ਦੀ ਗੱਠੜੀ ਮਹਿੰਗੀ ਜਾਪਦੀ ਏ। ਜ਼ਬਰਦਸਤੀ ਚੁੱਕੀ ਨਹੀਂ ਜਾਂਦੀ।

ਜਾਂ ਤੇ ਹੱਲਾ ਕਰੋ ਤੇ ਬੰਦੇ ਦੇ ਪੁੱਤਾਂ ਵਾਂਗੂੰ ਹਰਮ ਲੁਟੋ, ਫਿਰ ਗੁਰੂ ਵਾਲੀ ਗਲ ਕੋਈ ਨਹੀਂ, ਕਾਫਰਾਂ ਦਾ ਘਰ ਲੁੱਟਣਾ ਸਵਾਬ ਏ। ਬੰਦੇ ਤੇਰੇ ਨਾਲ ਹਨ, ਮਜ਼ਾ ਤੇ ਤਾਂ ਏ ਕੋਈ ਬਾਕੀ ਨਾ ਰਹੇ ਪਾਣੀ ਪੀਣ ਜੋਗਾ। ਤੇ ਫਿਰ ਜਲੰਧਰ ਜਾ ਕੇ ਬੜ੍ਹਕਾਂ ਮਾਰ ਲਈਂ। ਤੁਸਾਂ ਵਿਚੋਂ ਕਦੇ ਕਿਸੇ ਨੇ ਗੁਰੂ ਦਾ ਘਰ ਨਹੀਂ ਲੁਟਿਆ, ਅਸਾਂ ਇਹ ਪਹਿਲ ਕੀਤੀ ਏ, ਬੱਸ ਫਿਰ ਤਗਮੇ ਮਿਲਣਗੇ, ਕਲਗੀਆਂ ਗਿੱਠ-ਗਿੱਠ ਉਚੀਆਂ ਹੋ ਜਾਣਗੀਆਂ, ਹਕੂਮਤ ਤੇ ਇਹ ਚਾਹੁੰਦੀ ਏ ਇਹਨਾਂ ਗੁਰੂਆਂ ਦਾ ਜ਼ੋਰ ਪੰਜਾਬ ਵਿਚੋਂ ਖਤਮ ਕੀਤਾ ਜਾਏ, ਇਹ ਦਿਨ ਬ ਦਿਨ ਰਈਸ ਹੁੰਦੇ ਜਾ ਰਹੇ ਹਨ। ਹਕੂਮਤ ਦੀਆਂ ਅੱਖਾਂ ਵਿਚ ਕੁਕਰੇ ਵਾਂਗੂ ਰੜਕਦੇ ਹਨ ਜੇ ਇਹਨਾਂ ਦਾ ਰੋੜਾ ਕੱਢ ਦਿੱਤਾ ਜਾਏ ਤਾਂ ਫਿਰ ਹਕੂਮਤ ਤੁਹਾਨੂੰ ਪੰਜ ਹਜ਼ਾਰੀ ਦੀ ਖਿਲਅਤ ਤੇ ਜ਼ਰੂਰ ਦੇਵੇਗੀ ਤੇ ਜੇ ਅੱਗੋਂ ਬੂਥਾ ਭੰਨਣ ਵਾਲੇ ਬੂਰਛੇ ਮਿਲ ਗਏ ਤੇ ਫਿਰ ਮਰਦਾਂ ਵਾਂਗੂੰ ਟੱਕਰ ਲਵੋ ਜਾਂ ਮਾਰ ਸੁਟੋ ਤੇ ਜਾਂ ਫਿਰ ਸ਼ਹੀਦ ਹੋ ਜਾਓ। ਬਹਾਦਰੀ ਦੋਹਾਂ ਪਾਸਿਓਂ ਮਿਲੂ, ਜੇ ਤੰਬੂ ਲੁਟ ਲਿਆ ਤਾਂ ਦੌਲਤ ਹੱਥ ਲੱਗੂ, ਪੀੜ੍ਹੀਆਂ ਖਾਂਦੀਆਂ ਨਹੀਂ ਮੁਕਦੀ। ਬੜੀਆਂ ਦੌਲਤਾਂ ਹਨ ਅਜਕਲ੍ਹ ਗੁਰੂਆਂ ਕੋਲ। ਨਹੀਂ ਤੇ ਦਾੜ੍ਹਾਂ ਹੀ ਸੇਕਣੀਆਂ ਪੈਣਗੀਆਂ, ਚਾਰ ਦਿਨ ਪੱਟੀਆਂ ਵੱਧ ਬੰਨ੍ਹ ਲਵਾਂਗੇ।

—ਫੈਸਲਾ ਇਕ ਟੁੱਕ ਕਰਕੇ ਹਮਲਾ ਕਰੋ। ਨਹੀਂ ਤੇ ਕੰਨ ਲਪੇਟ ਕੇ ਆਪਣਾ ਰਾਹ ਫੜੀਏ।

—ਚਲੋ ਅਜ ਸਵਾਬ ਹੀ ਖਟਿਆ ਜਾਏ। ਸਾਰੀ ਹਯਾਤੀ ਵਿਚ ਕਦੀ ਦੀਨੀ ਕੰਮ ਨੂੰ ਹੱਥ ਨਹੀਂ ਲਾਇਆ, ਅੱਜ ਇਹੋ ਹੀ ਖੱਟੀ ਖਟੋ। ਜੇ ਕਿਤੇ ਸਾਡਾ ਟੁੱਲ ਲੱਗ ਗਿਆ ਤਾਂ ਲੋਕ ਗਾਜ਼ੀ ਆਖਣਗੇ, ਗਾਜ਼ੀ। ਘੇਰ ਲਓ ਫਿਰ ਖ਼ੇਮੇ ਨੂੰ।

ਇਕ ਹੋਰ ਗੱਲ ਚੇਤੇ ਆ ਗਈ ਏ। ਜੇ ਇਹ ਗਲ ਪਹਿਲਾਂ ਮਾਲੂਮ ਕੀਤੀ ਜਾਏ ਤੇ ਗੁਰਾਂ ਦਾ ਅਜ ਕਿਥੇ ਬਿਸਰਾਮ ਏ ਤਾਂ ਫਿਰ ਅੱਜ ਪੰਜੇ ਹੀ ਘਿਓ ਵਿਚ ਹੋਣਗੀਆਂ, ਹਾਂ ਬਈ ਤੇਰੀ ਚਤਰਾਈ ਦੇ ਬਲਹਾਰੇ, ਐਵੇਂ ਲੋਕ ਖਾਨਾਂ ਦੇ ਪੁੱਤਾਂ ਨੂੰ ਨਹੀਂ ਲੱਭਦੇ।

ਅੱਜ ਖ਼ੇਮੇ ਵਿਚ ਗੁਰੂ ਨਹੀਂ ਹਨ, ਦੋ ਦਿਨ ਉਹਨਾਂ ਲਾਗੇ ਦੇ ਪਿੰਡਾਂ ਵਿਚ ਦੀਵਾਨ ਸਜਾਣੇ ਹਨ, ਰਾਤੀਂ ਗੁਰਾਂ ਨੇ ਘਰ ਨਹੀਂ ਪਰਤਣਾ, ਮੈਦਾਨ ਮਾਰਕੇ ਬੱਚੂ ਗਾਜ਼ੀ ਦਾ ਰੁਤਬਾ ਪਾ ਲਵੋ।

ਘੇਰਾ ਖ਼ੇਮੇ ਦਾ ਪੱਕਾ ਕਰ ਲਿਆ ਉਮਰ ਹਯਾਤ ਤੇ ਕਾਸਮ ਬੇਗ ਨੇ। ਦਾਇਰਾ ਵੱਡਾ ਸੀ ਤੇ ਫਿਰ ਉਸ ਹੌਲੀ ਹੌਲੀ ਸੁੰਗੜਣਾ ਸੀ। ਇਧਰ ਗੁਰੂ ਦੇ ਸ਼ਰਧਾਲੂ ਵੀ ਇਸ ਚੱਕਰਵਿਓ ਨੂੰ ਤਾੜ ਰਹੇ ਸਨ।

ਜੀਵਨ ਭਾਵੇਂ ਕਾਤਿਲ ਸੀ, ਖ਼ੂਨੀ ਸੀ ਪਰ ਹੈ ਸੀ ਗੁਰੂ ਦਾ ਪਿਆਰਾ। ਗੁਰੂ ਦੇ ਮੱਥੇ ਨਹੀਂ ਸੀ ਲੱਗਦਾ ਡਰਦਾ, ਪਰ ਉਸ ਸਹੁੰ ਖਾਧੀ ਹੋਈ ਸੀ ਕਿ ਮੇਰੇ ਪਾਪਾਂ ਦੀ ਸਜ਼ਾ ਮੈਨੂੰ ਜ਼ਰੂਰ ਮਿਲਣੀ ਏ ਇਸ ਲਈ ਸਜ਼ਾ ਲਈ ਮੈਂ ਪਹਿਲਾਂ ਹੀ ਤਜਵੀਜ਼ ਕਰਾਂਗਾ ਤੇ ਮੇਰੀ ਸਜ਼ਾ ਨੂੰ ਗੁਰਾਂ ਕਬੂਲ ਕਰ ਲਿਆ ਤਾਂ ਮੇਰਾ ਕਲਿਆਣ ਹੋ ਜਾਇਗਾ ਤੇ ਜੇ ਮੇਰੀ ਸਜ਼ਾ ਨਰਮ ਹੋਈ ਤਾਂ ਮੇਰਾ ਗੁਰੂ ਮੈਨੂੰ ਹੋਰ ਸਜ਼ਾ ਦੇਵੇਗਾ।

ਜੀਵਨ ਚੋਰੀ-ਚੋਰੀ ਆਪਣੀ ਫੌਜ ਦੀ ਟੁਕੜੀ ਨੂੰ ਨਾਲ ਲੈ ਕੇ ਗੁਰਾਂ ਦੀ ਰਾਖੀ ਕਰ ਰਿਹਾ

ਸੀ। ਗੁਰਾਂ ਦੀ ਟੋਲੀ, ਗੁਰਾਂ ਦਾ ਜਥਾ ਤੇ ਉਹਦੇ ਆਸੇ ਪਾਸੇ ਘੇਰਾ ਜੀਵਨ ਦਾ। ਜੀਵਨ ਗੁਰੂ ਨੂੰ ਨਜ਼ਰ ਨਾ ਆਵੇ। ਪਰ ਜੀਵਨ ਦੀਆਂ ਨਜ਼ਰਾਂ ਹਰ ਵੇਲੇ ਗੁਰੂ ਮਹਾਰਾਜ ਤੇ ਲੱਗੀਆਂ ਰਹਿੰਦੀਆਂ ਸਨ।

ਕਤਲ ਤੇ ਭਾਵੇਂ ਭੁਲ ਭੁਲੇਖੇ ਵਿਚ, ਗੁੱਸੇ ਵਿਚ ਸਭੌਕੀ ਹੀ ਹੋ ਗਿਆ ਸੀ ਪਰ ਉਹਦਾ ਦੰਡ ਤੇ ਜ਼ਰੂਰ ਮਿਲਣਾ ਸੀ ਇਹ ਗਲ ਜੀਵਨ ਵੀ ਜਾਣਦਾ ਸੀ ਤੇ ਉਹਦੇ ਘਰ ਵਾਲੇ ਵੀ, ਜੀਵਨ ਚਾਹੁੰਦਾ ਸੀ ਕਿ ਜੇ ਕਿਤੇ ਮੌਕਾ ਮਿਲ ਜਾਵੇ ਤਾਂ ਗੁਰੂ ਤੇ ਜਾਨ ਵਾਰ ਦੇਵਾਂ ਤੇ ਮੇਰੀ ਚੁਰਾਸੀ ਕੱਟੀ ਜਾਊ, ਰੱਬ ਨੇ ਅੱਜ ਮੌਕਾ ਦੇ ਦਿੱਤਾ ਏ, ਗੁਰੂ ਕੇ ਮਹਿਲ ਅੱਜ ਖ਼ੇਮੇ ਵਿਚ ਅਰਾਮ ਕਰ ਰਹੇ ਹਨ, ਲੁਟੇਰਿਆਂ ਨੇ ਖ਼ੇਮਾ ਘੇਰ ਲਿਆ ਏ, ਗੁਰੇ ਨੇ ਉਹਨਾਂ ਤੇ ਹੀ ਇਕ ਘੇਰਾ ਪਾ ਲਿਆ ਏ ਤੇ ਉਸ ਘੇਰੇ ਨੂੰ ਹੌਲੀ-ਹੌਲੀ ਤੰਗ ਕਰਨਾ ਸ਼ੁਰੂ ਕਰ ਦਿੱਤਾ, ਜਦ ਕਾਸਮ ਬੇਗ ਨੂੰ ਪਤਾ ਲੱਗਾ ਤਾਂ ਉਸ ਆਪਣਾ ਇਰਾਦਾ ਹੀ ਬਦਲ ਲਿਆ।

ਪਹਿਲਾਂ ਇਹਨਾਂ ਲਾਡਲਿਆਂ ਨਾਲ ਹੀ ਦੋ ਹੱਥ ਕਰ ਲਈਏ, ਫਿਰ ਸੋਚਾਂਗੇ ਹਰਮ ਦੀ ਗੱਲ। ਹਰਮ ਤੇ ਹਮਲਾ ਇਕ ਬਹੁਤ ਵੱਡੀ ਬਦਨਾਮੀ ਏ। ਚਲੋ ਉਹ ਗੱਲ ਮਗਰੋਂ ਦੀ ਏ। ਪਹਿਲਾਂ ਜਿਹੜੇ ਪ੍ਰਾਹੁਣੇ ਆਏ ਹਨ ਉਹਨਾਂ ਨੂੰ ਖੰਡ ਚੌਲ ਖਵਾਓ, ਇਹ ਗੱਲ ਅਜੇ ਕਾਸਮ ਬੇਗ ਸੋਚ ਹੀ ਰਿਹਾ ਸੀ ਕਿ ਯਕਦਮ ਜੀਵਨ ਨੇ ਹਮਲਾ ਕਰ ਦਿੱਤਾ, ਉਹਦਾ ਇਹ ਹਮਲਾ ਏਨਾ ਕਾਮਯਾਬ ਰਿਹਾ ਕਿ ਫੌਜ ਦਾ ਨੁਕਸਾਨ ਵੀ ਕਾਫੀ ਹੋਇਆ ਪਰ ਜ਼ਿਦੀ ਜੀਵਨ ਨੇ ਆਪਣੀ ਆਨ ਨੂੰ ਕਾਇਮ ਰੱਖਣ ਵਾਸਤੇ ਜਿਹੜੀ ਤਲਵਾਰ ਚਲਾਈ ਉਹਦਾ ਕੋਈ ਜਵਾਬ ਨਹੀਂ। ਹਮਲਾ ਸ਼ਬੇ-ਖੂਨ ਸੀ।

ਯਕਦਮ ਹਮਲਾ ਕਰੋ, ਲੁੱਟੋ, ਮਾਰੋ ਤੇ ਆਪਣੇ ਰਾਹ ਪਵੋ ਬੱਸ ਇਸੇ ਨੂੰ ਹੀ ਸ਼ਬੇ ਖੂਨ ਕਹਿੰਦੇ ਹਨ।

ਤਲਵਾਰ ਖਟਕਣ ਦੀ ਨੌਬਤ ਆਈ, ਖੂਨ ਦੀਆਂ ਤਤੀਰੀਆਂ ਛੁੱਟੀਆਂ, ਲਹੂ ਜ਼ਮੀਨ ਤੇ ਡੁਲ੍ਹਿਆ, ਬੰਦੇ ਵੀ ਮਰੇ ਤੇ ਸਿਰ ਉਮਰ ਹਯਾਤ ਖਾਂ ਦਾ ਵੀ ਪਾਟਾ। ਕਾਸਮ ਬੇਗ ਨੂੰ ਹੋਰ ਤਾਂ ਕੁਝ ਨਾ ਲੱਭਾ ਸਿਰਫ ਅੱਧੀ ਬਾਂਹ ਵੱਢੀ ਮੈਦਾਨ ਵਿਚ ਛੱਡ ਕੇ ਨੱਸ ਉਠਿਆ। ਅੱਧੀ ਫੌਜ ਗਾਜ਼ੀ ਬਣ ਗਈ ਜਾਂ ਸ਼ਹੀਦ। ਜੀਵਨ ਨੇ ਆਪਣਾ ਸਾਰਾ ਜ਼ੋਰ ਲਾ ਕੇ ਗੁਰੂ ਕੇ ਮਹਿਲ ਦੇ ਖ਼ੇਮੇ ਦੀ ਹਿਫਾਜ਼ਤ ਕੀਤੀ ਤੇ ਲੁੱਟ ਤੋਂ ਬਚਾ ਲਿਆ ਖੇਮਾ।

ਦੂਜੇ ਦਿਨ ਖਬਰ ਹੋਈ ਲੋਕਾਂ ਨੂੰ ਤੇ ਜੀਵਨ ਆਪੇ ਹੀ ਦੀਵਾਨ ਵਿਚ ਹਾਜ਼ਰ ਹੋ ਗਿਆ। ਸਾਰਾ ਕਾਰਨਾਮਾ ਸੇਵਕਾਂ ਦਸਿਆ, ਜੀਵਨ ਦੀ ਬਹਾਦਰੀ ਦਾ ਗੁੱਡਾ ਬੰਨ੍ਹ ਦਿੱਤਾ। ਮਹਾਰਾਜ ਨੇ ਖਿਮਾ ਦਿੱਤੀ। ਜੀਵਨ ਅਜੇ ਵੀ ਨਾਖੁਸ਼ ਸੀ, ਹੱਥ ਜੋੜੇ ਅਰਜ਼ ਕੀਤੀ।

ਹਜ਼ੂਰ ਮੈਨੂੰ ਸਜ਼ਾ ਦਾ ਭਾਗੀ ਬਣਿਆ ਰਹਿਣ ਦਿਓ, ਮੈਂ ਇਕ ਕਤਲ ਕੀਤਾ ਸੀ ਮੇਰਾ ਕਤਲ ਹੋਣਾ ਜ਼ਰੂਰੀ ਏ, ਖੂਨ ਦਾ ਬਦਲਾ ਖੂਨ।

□

ਚੌਧਰੀ ਪੂਣਾ

ਕਿਸੇ ਨੂੰ ਕੋਈ ਦੁਮ ਛੱਲਾ ਲੱਗ ਜਾਏ ਜਾਂ ਸਰਕਾਰੇ ਦਰਬਾਰੇ ਪੁੱਛ ਪਰਤੀਤ ਹੋ ਜਾਏ ਤੇ ਜਾਂ ਫਿਰ ਲੋਕ ਹੀ ਵੱਡਾ ਆਖਣ ਲੱਗ ਪੈਣ ਫਿਰ ਉਸ ਬੰਦੇ ਦਾ ਦਿਮਾਗ ਸਤਵੇਂ ਅਸਮਾਨ ਤੇ ਘੁੰਮਣ ਲੱਗ ਪੈਂਦਾ ਏ। ਜ਼ਮੀਨ ਤੋਂ ਦੋ ਦੋ ਚੱਪੇ ਉਠ ਉਠ ਕੇ ਚਲਦਾ ਏ। ਉਹਦੀ ਪੱਗ ਦਾ ਤੁਰਲਾ ਹਵਾ ਵਿਚ ਪੈਲਾਂ ਪਾਉਂਦਾ ਏ ਜਿਦਾਂ ਮੋਰ ਪਿਆ ਨਚੇ। ਇਸ ਫ਼ਾਨੀ ਦੁਨੀਆ ਵਿਚ ਕਦੇ ਕਿਸੇ ਤੇ ਬਹਾਰਾਂ ਨਹੀਂ ਰਹੀਆਂ। ਰੁੱਤਾਂ ਬਦਲਦੀਆਂ ਹਨ ਤੇ ਇਸੇ ਤਰ੍ਹਾਂ ਬੰਦੇ ਤੇ ਮੌਸਮ ਤਬਦੀਲ ਹੁੰਦੇ ਰਹਿੰਦੇ ਹਨ।

ਗਰਮੀ, ਸਰਦੀ, ਬਰਸਾਤ, ਚੁਮਾਸਾ, ਇਸੇ ਤਰ੍ਹਾਂ ਬੰਦਾ ਵੀ ਮੌਸਮ ਦੇ ਨਾਲ ਹੀ ਬਦਲਦਾ ਰਹਿੰਦਾ ਏ। ਇਕ ਚੌਧਰੀ ਉਹ ਇਕ ਪਿੰਡ ਦਾ ਸੀ, ਜਿਸ ਪਿੰਡ ਦੀ ਕੋਈ ਗਿਣਤੀ ਨਹੀਂ ਸੀ, ਐਵੇ ਮਾੜਾ ਮੋਟਾ ਜਿਹਾ ਪਿੰਡ, ਪੰਜਾਹ ਕੁ ਕੋਠੇ, ਕਿੰਨਾ ਕੁ ਧਨਾਢ ਹੋ ਸਕਦਾ ਏ, ਬੰਦਾ ਉਸ ਪਿੰਡ ਦਾ, ਸੰਤਾਂ ਸਾਧੂਆਂ ਤੇ ਗੁਰਾਂ ਦੇ ਚਰਨੀਂ ਲੱਗਣਾ ਪੰਜਾਬ ਦੀ ਸਭਿਅਤਾ ਵਿਚ ਸ਼ਾਮਲ ਏ। ਜਿਹਦੇ ਚਰਨ ਪਰਸੀਏ ਉਥੋਂ ਹੀ ਕੁਝ ਲੱਭੂ, ਚਲੋ ਦੌਲਤ ਨਾ ਹੀ ਸਹੀ ਦਿਲ ਨੂੰ ਕੁਝ ਸ਼ਾਂਤੀ ਲੱਭੂ, ਅਸੀਸਾਂ ਕੁਲਾਂ ਤਾਰ ਦੇਂਦੀਆਂ ਨੇ, ਫਕੀਰਾਂ ਕੋਲੋਂ ਸਿਰਫ ਦੁਆ ਲਈ ਜਾਂਦੀ ਏ, ਗੁਰੂ ਤੇ ਫਿਰ ਸਿਰਫ ਪੰਜਾਬ ਦੀ ਜਿੰਦ ਜਾਨ ਸਨ। ਇਹ ਗੱਲ ਫਗਵਾੜੇ ਦੇ ਲਾਗੇ ਇਕ ਪੁਰਾਣੇ ਪਿੰਡ ਦੀ ਏ ਜਿਹਨੂੰ ਤੇਲੀਆਬਾਦ ਕਹਿੰਦੇ ਸਨ। ਤੇ ਫਿਰ ਹੌਲੀ ਹੌਲੀ ਉਹਦਾ ਨਾਂ ਹਦੀਆਬਾਦ ਪੈ ਗਿਆ। ਹਦੀਆਬਾਦ, ਫਗਵਾੜੇ ਦੀ ਕਿਸੇ ਜੂਹ ਵਿਚ ਸੀ। ਸੰਗਤਾਂ ਨੇ ਪਰੇਮ ਕੀਤਾ, ਸ਼ਰਧਾ ਪਰਗਟ ਕੀਤੀ ਤੇ ਗੁਰੂ ਵੀ ਉਥੇ ਆਏ। ਲੰਗਰ ਤੇ ਚਲ ਹੀ ਰਿਹਾ ਸੀ। ਏਥੇ ਗੁਰੂ ਪਰੇਮ ਦੇ ਬੰਧਨ ਵਿਚ ਫਸ ਗਏ ਤੇ ਸੰਗਤ ਨੂੰ ਆਪਣੇ ਹੱਥਾਂ ਨਾਲ ਜਲ ਛਕਾਉਣ, ਆਪਣੇ ਹੱਥਾਂ ਨਾਲ ਸੰਗਤ ਨੂੰ ਪ੍ਰਸ਼ਾਦ ਵੰਡਦੇ, ਜਦ ਗੁਰੂ ਸੇਵਾ ਕਰ ਰਿਹਾ ਏ ਤਾਂ ਸੇਵਕਾਂ ਨੇ ਸੇਵਾ ਦੇ ਕੁੰਭ ਵਿਚ ਟੁੱਬੀਆਂ ਹੀ ਮਾਰਨੀਆਂ ਨੇ। ਜਦ ਫਗਵਾੜੇ ਵੱਲ ਗੁਰਾਂ ਨੇ ਮੂੰਹ ਕੀਤਾ ਤਾਂ ਸੰਗਤਾਂ ਉਮਡ ਉਮਡ ਆਈਆਂ, ਜਥਿਆਂ ਦੇ ਜੱਥੇ, ਟੋਲਿਆਂ ਦੇ ਟੋਲੇ, ਕੋਈ ਘਰ ਐਸਾ ਨਹੀਂ ਸੀ ਜਿਥੋਂ ਚਾਰ ਜੀਅ ਗੁਰੂਆਂ ਦੇ ਦਰਸ਼ਨਾਂ ਨੂੰ ਨਾ ਆਏ ਹੋਣ। ਜਦੋਂ ਸਾਰੇ ਬਾਰੇ ਵਿਚੋਂ ਲੋਕ ਆਏ ਤਾਂ ਗੁਰਾਂ ਵਿਚ ਕੋਈ ਮਿਕਨਾਤੀਸੀ ਤਾਕਤ ਜ਼ਰੂਰ ਹੋਣੀ ਏ ਤਾਹੀਓਂ ਤੇ ਖਲਕਤ ਹੁੰਮ ਹੁੰਮਾ ਕੇ ਆਈ ਸੀ। ਪਰ ਵਿਚ ਕੋਈ ਬਦਨਸੀਬ ਹੀ ਹੋਏਗਾ, ਕਰਮਾਂ ਦਾ ਮਾਰਿਆ ਜਿਹੜਾ ਨਾ ਆਇਆ ਹੋਏਗਾ।

ਮੈਂ ਚੂਹੜ ਮਲ ਚੌਧਰੀ ਦੀ ਗੱਲ ਕਰਦਾ ਹਾਂ। ਆਪਣੀ ਚੌਧਰ ਪੁਣੇ ਦੇ ਹੰਕਾਰ ਵਿਚ ਮੱਤਾ ਦਰਸ਼ਨਾਂ ਨੂੰ ਨਾ ਆਇਆ।

ਸਾਰੇ ਲੋਕਾਂ ਵੇਖਿਆ, ਉਸੇ ਦੀਆਂ ਗੱਲਾਂ ਕਰਦੇ ਪਏ ਨੇ ਕਿ ਚੌਧਰੀ ਕਿਉਂ ਨਹੀਂ ਆਇਆ। ਤਈਆ ਚੜ੍ਹ ਗਿਆ ਏ ਜਾਂ ਗੋਡਿਆ ਤੋਂ ਰਹਿ ਗਿਆ ਏ ਜਾਂ ਹੰਕਾਰ ਨੇ ਉਹਦੀ ਮਤ ਮਾਰ ਦਿੱਤੀ ਏ ਕਿਤੇ ਆਕੜਿਆ ਹੀ ਲੋਹੇ ਦੀ ਲੱਠ ਨਾ ਬਣ ਗਿਆ ਹੋਵੇ, ਉਹਨੂੰ ਆਉਣਾ ਚਾਹੀਦਾ ਸੀ। ਸਾਡਾ ਸਿਰ ਉਚਾ ਹੁੰਦਾ। ਅਜੇ ਵੀ ਨਹੀਂ ਆਇਆ। ਸਾਨੂੰ ਅੱਖਾਂ ਨੀਵੀਆਂ ਕਰਨੀਆਂ ਪੈਂਦੀਆਂ ਹਨ ਪਿੰਡ ਦਾ ਪੱਗ ਬੰਨ੍ਹ ਚੌਧਰੀ ਹੋਵੇ ਤੇ ਆਪਣੇ ਪਿੰਡ ਵਾਲਿਆਂ ਨਾਲ ਨਾ ਆਵੇ, ਨਮੋਸ਼ੀ ਤੇ ਹੁੰਦੀ ਏ ਨਾ :

ਚੌਧਰੀ ਰਾਇ ਸਦਾਇਐ ਜਲ ਬਲੀਐ।

ਗੁਰੂ ਹਰਰਾਇ ਚਲ ਪਏ ਕਰਤਾਰਪੁਰ ਵੱਲ। ਸੁਨਣ ਵਾਲਿਆਂ ਸੁਣ ਲਈ, ਗਲਤੀ ਤੇ ਇਕ ਚੌਧਰੀ ਦੀ ਏ ਸਾਰਾ ਪਿੰਡ ਕਿਉਂ ਡੁੱਬੇ। ਭਾਈ ਸੰਤੂ ਲੁਹਾਰ ਨੇ ਜਦ ਇਹ ਬਚਨ ਸੁਣੇ ਤਾਂ ਸੱਤੀ ਕਪੜੀਂ ਅੱਗ ਲੱਗ ਗਈ, ਮਨ ਨੇ ਵਿਚਾਰਿਆ, ਹੁਣ ਏ ਵੇਲਾ, ਹੁਣੇ ਗੁਰਾਂ ਤੋਂ ਅਸੀਸ ਲੈ ਲਵੋ, ਕਈ ਵਾਰ ਗਰਮ ਹਵਾ ਮੁੜ੍ਹਕੋ ਮੁੜ੍ਹਕੀ ਕਰ ਦਿੰਦੀ ਏ, ਤੇ ਕਈ ਵਾਰ ਗਰਮ ਹਵਾ ਪਿੰਡਾ ਲੂਹ ਕੇ ਰੱਖ ਦਿੰਦੀ ਏ। ਜ਼ਰਾ ਕੁ ਪੱਖੇ ਦੀ ਝਲ ਮਾਰੋ ਤੇ ਠੰਡ ਪੈ ਜਾਂਦੀ ਏ, ਗੁਰੂ ਮਿਹਰਬਾਨ ਏ। ਐਵੇਂ ਮਾੜੀ ਜਿਹੀ ਧੂੜ ਹੀ ਚੜ੍ਹੀ ਏ, ਝੱਟ ਹੀ ਲੱਥ ਜਾਏਗੀ, ਪਿਆਰ ਹੀ ਚਾਹੀਦਾ ਏ, ਨਿਮਰਤਾ ਤਾਂ ਪੱਥਰ ਵੀ ਪਿਘਲਾ ਦਿੰਦੀ ਏ, ਖਿਮਾ ਮੰਗਣ ਲਈ ਘੋੜੇ ਦੇ ਨਾਲ ਨਾਲ ਦੋ ਮੀਲ ਦੌੜਦਾ ਗਿਆ ਸੰਤੂ ਲੁਹਾਰ।

—ਕੀ ਗੱਲ ਏ ਭਗਤਾ, ਤੂੰ ਘੋੜੇ ਦੇ ਨਾਲ ਨਾਲ ਕਿਉਂ ਨਸਿਆ ਆ ਰਿਹਾ ਏਂ।

—ਭੁੱਲ ਇਕ ਦੀ ਏ ਤੇ ਸਜ਼ਾ ਦਾ ਭਾਗੀ ਸਾਰਾ ਪਿੰਡ।

ਭਾਈ ਸੰਤੂ ਦੀ ਨਿਮਰਤਾ ਵੇਖ ਕੇ ਗੁਰੂ ਘੋੜੇ ਤੋਂ ਉਤਰੇ ਤੇ ਆਖਿਆ, ਧੰਨ ਸਿੱਖੀ : ਲੋਕ ਸੁਖੀਏ, ਪਰਲੋਕ ਸੁਹੇਲੇ ! ਦੀ ਅਸੀਸ ਦਿੱਤੀ।

—ਲੋਹਾ ਗਰਮ ਸੀ, ਭਾਈ ਸੰਤੂ ਨੇ ਇਕ ਗੱਲ ਹੋਰ ਕੀਤੀ, ਮੂਰਖ ਏ, ਚੂਹੜ ਮਲ ਚੌਧਰੀ ਉਸ ਨੂੰ ਵੀ ਖਿਮਾ ਕਰ ਦਿਓ। ਦਿਆਲੂ ਦੇ ਘਰ ਵਿਚ ਕੋਈ ਘਾਟ ਨਹੀਂ।

—ਗੁਰਾਂ ਫਰਮਾਇਆ ਤੇਰੇ ਪਿਛੇ ਉਸਦਾ ਵੀ ਭਲਾ ਹੋਵੇਗਾ।

ਜਦ ਚੌਧਰੀ ਨੂੰ ਸੁਰਤ ਆਈ ਤਾਂ ਘੋੜੀ ਦੁੜਾਈ ਆ ਰਿਹਾ ਸੀ ਆਉਂਦਿਆਂ ਹੀ ਚਰਨੀਂ ਆਣ ਪਿਆ।

ਤੇਰਾ ਚੌਧਰੀ ਪਨਾਹ ਮੰਗ ਬੈਠਾ ਏ। ਭਾਈ ਸੰਤੂ ! ਗੁਰਾਂ ਫਰਮਾਇਆ।

--ਗੁਰੂ ਗੁਰੂ ਹਨ। ਜੇ ਕੋਈ ਵਡਿਆਈ ਨਾ ਹੋਵੇ ਤਾਂ ਫਿਰ ਲੋਕ ਗੁਰੂ ਕਿਉਂ ਆਖਣ।

□

੭੨

ਪੂਰਨੇ ਹੱਥੀਂ ਪਾਓ

ਜਿਨ੍ਹਾਂ ਕੁਝ ਸਿਖਣਾ ਏ, ਜਿੰਨੇ ਕੁਝ ਕਰਨਾ ਏ, ਉਹਨੂੰ ਆਪਣੀ ਫੱਟੀ ਤੇ ਕਿਸੇ ਪਵਿੱਤਰ ਹੱਥਾਂ ਤੋਂ ਪੂਰਨੇ ਜ਼ਰੂਰ ਪੁਆਉਣੇ ਪੈਣਗੇ। ਜਦੋਂ ਤਕ ਉਹ ਕਿਸੇ ਤੋਂ ਪਹਿਲਾ ਸਬਕ ਨਹੀਂ ਲੈਂਦਾ ਤਦ ਤਕ ਉਸ ਦੀ ਆਤਮਾ ਉਸ ਕੰਮ ਵਿਚ ਨਹੀਂ ਲੱਗ ਸਕਦੀ। ਗੁਰੂ ਹਰਿਰਾਇ ਗੁਰੂ ਤੇ ਸਨ ਪਰ ਗੁਰੂਆਂ ਦੇ ਅਸਥਾਨ ਤੇ ਆ ਕੇ ਜੇ ਕੁਝ ਲਭਣਾ ਏ ਤਾਂ ਫੇਰ ਪੋਚੀ ਫੱਟੀ ਤੇ ਪੂਰਨੇ ਪੁਆਉਣੇ ਜ਼ਰੂਰੀ ਬਣਦੇ ਹਨ। ਇਹ ਵੱਡਪਣ ਏ। ਇਹਦੇ ਨਾਲ ਸੋਝੀ ਵਿਚ ਵਾਧਾ ਹੁੰਦਾ ਏ। ਗੱਲ ਬਾਬੇ ਬਕਾਲੇ ਦੀ ਏ। ਤੇਗ ਬਹਾਦਰ ਭਾਈ ਮੇਹਰ ਜੀ ਦੇ ਘਰ ਆਪਣੇ ਪਿਤਾ ਦੇ ਹੁਕਮ ਨਾਲ ਠਹਿਰੇ ਹੋਏ ਸਨ। ਗੁਰੂ ਹਰਿਗੋਬਿੰਦ ਆਖਿਆ ਕਰਦੇ ਸਨ ਬੇਟਾ ਅਜੇ ਤੇਰਾ ਸਮਾਂ ਨਹੀਂ ਆਇਆ ਅਤੇ ਜਦ ਤੇਰਾ ਸਮਾਂ ਆਇਆ ਤਾਂ ਫੇਰ ਲੋਕਾਂ ਤੈਨੂੰ ਭੋਰੇ ਵਿਚੋਂ ਕੱਢ ਲੈਣਾ ਏ। ਅਜੇ ਤੇਰੀ ਸਾਧਨਾ

ਕੱਚੀ ਏ, ਤੇਰੀ ਤਪੱਸਿਆ ਅਧੂਰੀ ਏ। ਤੂੰ ਇਕ ਨਵੇਂ ਸਾਕੇ ਦੀ ਨੀਂਹ ਰੱਖਣੀ ਏ। ਜਬਰ ਅਗੇ ਤੂੰ ਝੁਕਣਾ ਨਹੀਂ ਜ਼ੁਲਮ ਦੀ ਅੱਤ ਵੇਖਣੀ ਏ। ਤੇਰੀ ਰਾਤੀਂ ਕੋਈ ਦੂਜਾ ਨਹੀਂ ਜੰਮਿਆ। ਤੂੰ ਸਭ ਤੋਂ ਵੱਡੀ ਬਾਜ਼ੀ ਮਾਰੇਂਗਾ ਪਰ ਅਜੇ ਤੂੰ ਬਾਬੇ ਬਕਾਲੇ ਵਿਚ ਹੀ ਰਹਿ। ਕਿਰਤ ਕਰ। ਭਜਨ ਕਰ, ਸੇਵਾ ਕਰ। ਬਾਨੀ ਪੜ੍ਹ ਤੇ ਬਾਣੀ ਪੜ੍ਹਾ। ਲੋਕਾਂ ਨੂੰ ਸਿਧੇ ਰਾਹ ਤੇ ਪਾ। ਇਹੋ ਤੇਰੀ ਮੰਜ਼ਲ ਏ। ਮੰਜ਼ਲ ਦਾ ਮਕਾਮ ਅਜੇ ਦੂਰ ਏ।

ਤੇਗ ਬਹਾਦਰ ਨੇ ਆਪਣਾ ਨਿਤ ਨੇਮ ਹੀ ਬਣਾ ਲਿਆ ਸੀ। ਅੰਮ੍ਰਿਤ ਵੇਲੇ ਉਠਣਾ, ਕੀਰਤਨ ਕਰਨਾ, ਦਿਹਾੜੀ ਦਸਾਂ ਨਹੁੰਆਂ ਦੀ ਕਿਰਤ ਕਰਨੀ। ਭੇਟਾ ਕਿਸੇ ਕੋਲੋਂ ਲੈਣੀ ਨਹੀਂ। ਜੇ ਕੋਈ ਜ਼ਬਰਦਸਤੀ ਗੁਰੂ ਦਾ ਪੁੱਤ ਜਾਣ ਕੇ ਧਰ ਜਾਵੇ ਤਾਂ ਉਸੇ ਵੇਲੇ ਵੰਡ ਦੇਣੀ। ਦਰਸ਼ਨ ਕਰਨ ਸੰਗਤ ਆਉਂਦੀ, ਇਨਕਾਰ ਕਰ ਦੇਂਦੇ, ਮੇਰੇ ਆਪਣੇ ਪੱਲੇ ਹੀ ਕੁਝ ਨਹੀਂ ਮੈਂ ਤੁਹਾਨੂੰ ਕੀ ਦੇ ਸਕਦਾ ਹਾਂ।

ਦੁਪਹਿਰੀਂ ਸ਼ਿਕਾਰ ਖੇਡਣ ਚਲੇ ਜਾਂਦੇ ਤਾ ਕਿ ਕੋਈ ਤੰਗ ਨਾ ਕਰੇ। ਲੁਕ ਛਿਪ ਕੇ ਦਿਨ ਕਟ ਰਹੇ ਸਨ।

ਸਾਧਨਾ ਨੂੰ ਸਾਧ ਰਿਹਾ ਸੀ ਸਾਧ। ਸੋਨਾ ਕੁੰਦਨ ਬਣ ਰਿਹਾ ਸੀ ਪਰ ਹੌਲੀ ਹੌਲੀ ਜਾਂ ਬਿਆਸਾ ਦੇ ਕੰਢੇ ਜਾਂ ਭੋਰੇ ਵਿਚ ਜਾਂ ਸਮਾਧੀ ਵਿਚ ਜਾਂ ਵਾਣ ਵੱਟਣ ਵਿਚ, ਜ਼ਿੰਦਗੀ ਦੀ ਚਰਖੜੀ ਨੂੰ ਏਸ ਤਰ੍ਹਾਂ ਘੁਮਾਇਆ ਜਾ ਰਿਹਾ ਸੀ। ਲੋਕੀਂ ਵਕਤ ਤੋਂ ਪਹਿਲਾਂ ਗੁਰੂ ਬਣਨ ਦੀ ਲਾਲਸਾ ਪੈਦਾ ਨਾ ਕਰ ਦੇਣ। ਮੈਨੂੰ ਕਿਰਤ ਤੋਂ ਹਟਾ ਕੇ ਭੇਟਾ ਦੀ ਮਾਇਆ ਅਧੀਨ ਨਾ ਬਣਾ ਦੇਣ। ਦਾਨ ਲੈਣਾ ਆਸਾਨ ਏ ਪਰ ਹਜ਼ਮ ਕਰਨਾ ਮੁਸ਼ਕਲ ਏ। ਮੇਰੀ ਮੰਜ਼ਲ ਕੁਝ ਵਖਰੀ ਜਿਹੀ ਏ ਏਸ ਲਈ ਕਦਮ ਕੁਝ ਫੂਕ ਫੂਕ ਕੇ ਰਖਣੇ ਚਾਹੀਦੇ ਨੇ।

ਜਵਾਨੀ ਵਿਚ ਤੋਬਾ ਜਵਾਨੀ ਦਾ ਸ਼ਿੰਗਾਰ ਏ। ਬੁਢਾਪੇ ਵਿਚ ਤੋਬਾ ਸ਼ਰਮਿੰਦਗੀ ਏ।

ਸੌਖੀਆਂ ਮੰਜ਼ਲਾਂ ਤਹਿ ਹੋ ਜਾਂਦੀਆਂ ਹਨ ਪਰ ਮੁਸ਼ਕਲ ਮੰਜ਼ਲ ਵਲ ਪੈਰ ਉਠਦੇ ਹੀ ਨਹੀਂ। ਜਿਦ੍ਹੇ ਪੈਰ ਉਠ ਗਏ ਉਸ ਸ਼ਹਾਦਤ ਦਾ ਜਾਮ ਪੀ ਲਿਆ ਜਿਸ ਦੇ ਲਈ ਦੁਨੀਆਂ ਤਰਸਦੀ ਫਿਰਦੀ ਏ। ਕਿਰਤ ਕਰਨ ਵਾਲਾ ਵੀ ਰੱਬ ਦਾ ਬੇਲੀ ਬਣ ਜਾਂਦਾ ਏ।

ਤੇਗ ਬਹਾਦਰ ਫੁਰਮਾਇਆ ਕਰਦੇ ਸਨ ਦੁਨੀਆ ਦੀ ਅਸਲੀਅਤ, ਉਸ ਦੇ ਅਸਲ ਦੁਖ ਵਿਚ ਜਾਏ ਬਗੈਰ ਕੋਈ ਕਿਵੇਂ ਪਾ ਸਕਦਾ ਏ। ਵਾਹਿਗੁਰੂ ਦੁਖ ਦੇ ਅਸਲੇ ਦੀ ਸੋਝੀ ਦਿੰਦਾ ਏ।

ਕਰਮ ਹਰ ਬੰਦੇ ਲਈ ਜ਼ਰੂਰੀ ਏ, ਭਾਵੇਂ ਕੋਈ ਸਾਧ ਏ ਤੇ ਭਾਵੇਂ ਕੋਈ ਸੰਤ। ਫਕੀਰ ਏ ਜਾਂ ਗੁਰੂ ਕਰਮ ਹੀ ਬੰਦੇ ਨੂੰ ਬਲਵਾਨ ਬਣਾਉਂਦੇ ਹਨ ਤੇ ਕਰਮ ਹੀ ਜ਼ਿੰਦਗੀ ਵਿਚ ਮਿਸਾਲ-ਏ-ਰਾਹ ਬਣਦਾ ਏ। ਕਰਮ ਹੀ ਉਹਨੂੰ ਜ਼ਿੰਦਗੀ ਦੇ ਅਸਲੀ ਰਾਹ ਤੇ ਪਾਉਂਦਾ ਏ। ਕਰਮ, ਸੇਵਾ, ਕਿਰਤ ਜਿਸ ਕਰੀ, ਵਾਹਿਗੁਰੂ ਨੂੰ ਉਸ ਲਭ ਲਿਆ। ਨਿਸ਼ਾਨਾ ਉਹਦੇ ਸਾਹਮਣੇ ਆਣ ਖਲੋਤਾ। ਜ਼ਿੰਦਗੀ ਦਾ ਮਕਸਦ ਉਹਦੀਆਂ ਅੱਖਾਂ ਵਿਚ ਲਿਸ਼ਕਾਰੇ ਮਾਰਨ ਲੱਗ ਪਿਆ। ਨਾ ਫੇਰ ਮੌਤ ਦਾ ਭੈਅ ਰਿਹਾ ਅਤੇ ਨਾ ਹੀ ਹਕੂਮਤ ਦੇ ਜਬਰ ਦਾ। ਉਹ ਪ੍ਰਭੂ ਦੀ ਰੰਗਣ ਵਿਚ ਰੰਗਿਆ ਗਿਆ। ਉਸ ਇਲਾਹੀ ਰੰਗ ਨੂੰ ਲੱਭਣ ਵਿਚ ਲੋਕ ਸਾਰੀ ਹਯਾਤੀ ਚਿਲੇ ਕਟਦੇ ਹਨ।

ਬਾਬੇ ਬਕਾਲੇ ਤੋਂ ਜੋ ਕੁਝ ਵੀ ਲਭਾ ਉਹਦੀਆਂ ਪੋਟਲੀਆਂ ਬਣਾ ਲਈਆਂ ਅਤੇ ਉਨ੍ਹਾਂ ਉਤੇ ਪੀਚਵੀਆਂ ਗੰਢਾਂ ਬੰਨ੍ਹ ਲਈਆਂ। ਇਨ੍ਹਾਂ ਨੂੰ ਕੀਰਤਪੁਰ ਜਾ ਕੇ ਖੋਲਾਂਗੇ। ਸਿਆਣਿਆਂ ਦੀਆਂ ਗੱਲਾਂ ਲੋਕ ਗੰਢਾਂ ਮਾਰ ਕੇ ਸੰਭਾਲ ਕੇ ਰਖਦੇ ਹਨ। ਇਹ ਜ਼ਿੰਦਗੀ ਦੇ ਤੱਤ ਹਨ, ਨਿਚੋੜ ਏ

ਹਯਾਤੀ ਦਾ ਬਹੁਤੀ ਗੱਲ ਥੋੜ੍ਹਿਆਂ ਸ਼ਬਦਾਂ ਵਿਚ। ਯਾਤਰਾ ਕਰਨਾ, ਭਰਮਣ ਕਰਨਾ, ਜ਼ਿੰਦਗੀ ਦੇ ਪੜਾਅ ਦੇ ਸਹੀ ਮਕਾਮ ਕਿਥੇ ਹਨ.। ਉਹਦਾ ਨਿਸ਼ਾਨ ਇਹਨਾਂ ਪੋਟਲੀਆਂ ਵਿਚੋਂ ਲਭਿਆ ਜਾ ਸਕਦਾ ਏ। ਇਹ ਅਖਾਣ ਇਹ ਕਹਾਵਤਾਂ ਜ਼ਿੰਦਗੀ ਦੇ ਨਿਚੋੜ ਦੀਆਂ ਪੋਟਲੀਆਂ ਹਨ। ਨੁਸਖੇ ਹਨ। ਵੈਦਾਂ ਤੇ ਹਕੀਮਾਂ ਦੇ ਜਿਨ੍ਹਾਂ ਨੇ ਹਯਾਤੀ ਦੀ ਨਬਜ਼ ਨੂੰ ਪਰਖਿਆ ਏ।

ਗੁਰੂ ਹਰਿਰਾਇ ਨੇ ਕਾਫਲੇ ਨੂੰ ਕੂਚ ਦਾ ਹੁਕਮ ਦਿੱਤਾ। ਲਾਂਗਰੀ, ਸ਼ਾਮਿਆਨੇ ਵਾਲੇ ਘੋੜਿਆਂ ਦੀ ਖੁਰਾਕ ਦਾ ਜ਼ਖ਼ੀਰਾ ਤੇ ਹੋਰ ਰਸਦ ਪਾਣੀ ਪਹਿਲਾਂ ਹੀ ਗੋਇੰਦਵਾਲ ਭੇਜ ਦਿੱਤੀ ਗਈ ਸੀ ਪਰ ਰਾਹ ਵਿਚ ਸਲਾਹ ਬਦਲ ਗਈ। ਰਾਤ ਖਡੂਰ ਕਟੀ ਜਾਏ।

ਗੁਰੂ ਦਾ ਤੀਰਥ ਆਇਆ ਇਹਦਾ ਪੁੰਨ ਕਿਉਂ ਨਾ ਖਟਿਆ ਜਾਏ। ਇਹਦੀ ਧੂੜ ਜਦ ਤਕ ਮਥੇ ਨਾਲ ਨਾ ਲਾਈ ਜਾਏਗੀ ਮਸਤਕ ਵਿਚ ਜਲਾਲ ਨਹੀਂ ਆਉਂਦਾ। ਵੱਲ ਪਾ ਕੇ ਵੀ ਖਡੂਰ ਜਾਣਾ ਚਾਹੀਦਾ ਏ।

ਕਾਫਲੇ ਵਾਲੇ ਅੱਧੇ ਲੋਕ ਤੇ ਗੋਇੰਦਵਾਲ ਪਹੁੰਚ ਗਏ ਸਨ। ਇਕ ਚੌਥਾਈ ਨੂੰ ਹੋਰ ਭੇਜ ਦਿੱਤਾ ਬਾਕੀ ਸੰਗਤ ਹੀ ਸੀ। ਲੰਗਰ ਤੇ ਰਹਿਣ ਲਈ ਸਾਮਾਨ ਤੇ ਜ਼ਰੂਰੀ ਚੀਜ਼ਾਂ ਦੀ ਲੋੜ ਖਡੂਰ ਵਿਚੋਂ ਪੂਰੀ ਕੀਤੀ ਜਾਏਗੀ। ਪਿੰਡ ਛੋਟਾ ਵੀ ਏ ਤਾਂ ਕੀ ਹੋਇਆ। ਏਨੀ ਝਾਲ ਤੇ ਗੁਰੂ ਦੀ ਨਗਰੀ ਬਰਦਾਸ਼ਤ ਕਰ ਹੀ ਲਊ।

ਨਗਾਰੇ ਵਜੇ, ਨਰਸਿੰਙਿਆਂ ਗੂੰਜਾਂ ਪਾ ਦਿੱਤੀਆਂ। ਘੋੜਿਆਂ ਨੇ ਧਰਤੀ ਦੀ ਧੂੜ ਉਡਾ ਦਿੱਤੀ। ਗੁਰੂ ਆ ਗਏ ਹਨ। ਸਾਰੇ ਪਿੰਡ ਦੇ ਲੋਕਾਂ ਬਾਹਰ ਆ ਕੇ ਗੁਰਾਂ ਦਾ ਸੁਆਗਤ ਕੀਤਾ। ਧੰਨ ਭਾਗ ਸਾਡੇ ਘਰ ਵੀ ਨਰਾਇਣ ਵੀ ਆਏ ਨੇ। ਅੱਖਾਂ ਵਿਛਾਈ ਖੜੇ ਸਨ ਖਡੂਰ ਦੇ ਲੋਕ। ਗੁਰੂ ਗੁਰੂ ਦੀ ਨਗਰੀ ਵਿਚ ਆਇਆ ਏ।

ਸਭ ਤੋਂ ਪਹਿਲਾਂ ਜਿਹੜਾ ਹੁਕਮ ਜਾਰੀ ਕੀਤਾ ਉਹ ਇਹ ਸੀ ਕਿ ਗੁਰੂ ਲੰਗਰ ਵਿਚ ਪਰਸ਼ਾਦ ਛਕਣਗੇ ਤੇ ਗੁਰੂ ਅੰਗਦ ਦੇਵ ਦੇ ਥੜ੍ਹੇ ਤੇ ਬਿਰਾਜਣਗੇ। ਬਿਸਤਰਾ ਭੁੰਜੇ ਹੀ ਲਗੇਗਾ। ਕੋਈ ਉਚੇਚ ਨਾ ਕੀਤਾ ਜਾਏ। ਜਿਥੇ ਜਿਹਨੂੰ ਕੋਈ ਜਗ੍ਹਾ ਲਭੇ ਉਥੇ ਹੀ ਉਹ ਟਿਕਾਣਾ ਕਰ ਲਵੇ। ਪਿੰਡ ਵਾਲਿਆਂ ਨੂੰ ਕੋਈ ਕਸ਼ਟ ਨਾ ਦਿੱਤਾ ਜਾਏ। ਅਸੀਂ ਪ੍ਰਾਹੁਣੇ ਨਹੀਂ ਆਏ। ਅਸੀਂ ਆਪਣੇ ਘਰ ਵਿਚ ਆਏ ਹਾਂ। ਆਪਣੇ ਘਰ ਵਿਚ ਆ ਕੇ ਆਪ ਆਪਣਾ ਟਿਕਾਣਾ ਬਣਾਇਆ ਜਾਂਦਾ ਏ।

ਇਹਦੇ ਨਾਲ ਸੰਗਤ ਸੁਚੇਤ ਹੋ ਗਈ। ਅੱਧੀ ਰਾਤ ਤੇ ਦੀਵਾਨ ਵਿਚ ਹੀ ਗੁਜ਼ਰ ਜਾਣੀ ਏ। ਤੇ ਬਾਕੀ ਰਹੀ ਅੱਧੀ ਘੜੀ। ਇਕ ਪਹਿਰ ਜ਼ਰਾ ਅੱਖ ਲਾ ਲਵੋ ਤੇ ਫੇਰ ਵਕਤ ਆ ਗਿਆ ਇਸ਼ਨਾਨ ਧਿਆਨ ਦਾ, ਪੂਜਾ ਪਾਠ ਦਾ। ਗੁਰਾਂ ਨੂੰ ਸੰਗਤ ਦੀ ਬੜੀ ਚਿੰਤਾ ਸੀ। ਕਿਸੇ ਨੂੰ ਕੋਈ ਤਕਲੀਫ ਨਾ ਹੋਵੇ। ਪਰ ਜਿਹੋ ਜਿਹਾ ਵਕਤ ਹੋਵੇ ਕਟ ਲੈਣਾ ਚਾਹੀਦਾ ਏ।

ਖਡੂਰ ਪਿੰਡ ਦੇ ਲੋਕ ਤੇ ਤਰਸ ਰਹੇ ਸਨ ਕਿ ਸਾਨੂੰ ਸੇਵਾ ਤੋਂ ਵਾਂਝਾ ਰਖਿਆ ਜਾ ਰਿਹਾ ਏ।

ਪਰ ਗੁਰਾਂ ਫੁਰਮਾਇਆ ਕਿ ਤੁਹਾਡੀ ਸੇਵਾ ਨੂੰ ਤੇ ਅਗੇ ਹੀ ਭਾਗ ਲਗੇ ਹੋਏ ਹਨ। ਤੁਸੀਂ ਸਾਨੂੰ ਸੇਵਾ ਦਾ ਮੌਕਾ ਦਿਓ। ਸਾਡਾ ਹੱਕ ਬਣਦਾ ਏ ਤੁਹਾਡੀ ਸੇਵਾ ਕਰਨਾ, ਤੁਸੀਂ ਸਾਡੇ ਗੁਰੂ ਦੀ ਅੰਸ਼ ਹੋ, ਤੁਸੀਂ ਸਾਡੇ ਪੂਜਨੀਕ ਬਜ਼ੁਰਗ ਹੋ। ਤੁਹਾਨੂੰ ਸਾਡੇ ਸਿਰ ਤੇ ਹੱਥ ਰਖਣਾ ਚਾਹੀਦਾ ਏ। ਸਾਡੀ ਯਾਤਰਾ ਤਾਹੀਏਂ ਸਫਲ ਹੋਵੇਗੀ। ਗੁਰੂ ਮਿਹਰ ਕਰਨ। ਅਸ਼ੀਰਵਾਦ ਦੇਣ। ਤੁਸੀਂ ਧੰਨ ਹੋ। ਜਿਨ੍ਹਾਂ ਨੇ ਗੁਰੂ ਦੇ ਬਚਨ ਆਪਣੇ ਪੱਲੇ ਬੰਨ੍ਹੇ ਹੋਏ ਹਨ। ਕੁਝ ਸਾਡੀ ਵੀ ਝੋਲੀ ਵਿਚ ਪਾਓ। ਅਸੀਂ

ਕੁਝ ਲੈਣ ਆਏ ਹਾਂ । ਤੁਸੀਂ ਭੰਡਾਰੀ ਹੋ । ਦੋ ਚਾਰ ਮੁੱਠਾਂ ਤੇ ਜ਼ਰੂਰ ਸਾਨੂੰ ਪਰਸ਼ਾਦ ਸਮਝ ਕੇ ਦਿਉ । ਤੁਸੀਂ ਦਾਤੇ ਹੋ, ਤੁਸੀਂ ਦਿਆਲੂ ਹੋ, ਅਸੀਂ ਤੇ ਤੁਹਾਡੇ ਦਰ ਦੇ ਮੰਗਤੇ ਹਾਂ । ਗੁਰੂ ਹਰਿਰਾਏ ਆਖ ਰਹੇ ਸਨ ।

—ਮਹਾਰਾਜ ਤੁਸੀਂ ਤੇ ਆਪ ਗੁਰੂ ਹੋ । ਇਹ ਕੀ ਆਖ ਰਹੇ ਹੋ ।

—ਗੁਰੂ ਤੇ ਤੁਹਾਡੇ ਹੀ ਬਣਾਏ ਹੋਏ ਹਾਂ । ਤੁਹਾਡੀ ਮਿਹਰ ਸਦਕਾ ਸਾਨੂੰ ਲੋਕ ਗੁਰੂ ਆਖਦੇ ਹਨ । ਅਸਲ ਵਿਚ ਸਭ ਕੁਝ ਤੁਸੀਂ ਹੀ ਹੋ ਅਸੀਂ ਕੁਝ ਨਹੀਂ । ਅਸਾਂ ਤੁਹਾਥੋਂ ਹੀ ਲੈਣਾ ਏ, ਜੋ ਤੁਹਾਡੇ ਕੋਲ ਏ । ਸਾਨੂੰ ਚਾਨਣ ਦੀ ਮਾੜੀ ਜਿਹੀ ਛਿੱਟ ਜ਼ਰੂਰ ਬਖਸ਼ੋ ।

ਅਤ ਸਾਦਰ ਗੁਰ ਅੰਸ ਬਲਾਏ ।
ਦੀਆ ਮਾਨ ਲੈ ਕੰਠ ਲਗਾਏ,
ਕਰ ਭਾਉ ਭਗਤ ਸੰਪੈ ਬਹੁ ਦੀਆ ।

—ਤੁਹਾਡੇ ਸਦਕੇ ਹੀ ਸਿੱਖੀ ਦੇ ਬੂਟੇ ਵਿਚ ਨਿਖਾਰ ਆ ਰਿਹਾ ਏ । ਬੂਟਾ ਤੁਹਾਡੇ ਹੱਥਾਂ ਦਾ ਲਾਇਆ ਹੋਇਆ ਏ । ਅਸੀਂ ਤੇ ਸਿਰਫ ਪਾਣੀ ਹੀ ਦੇ ਰਹੇ ਹਾਂ । ਬਹਾਰਾਂ ਵਿਚ ਜਦ ਫੁਲ ਖਿੜਨਗੇ ਤਾਂ ਮਹਿਮਾ ਤੁਹਾਡੀ ਹੀ ਹੋਵੇਗੀ । ਅਸੀਂ ਤੁਹਾਡਾ ਹੀ ਜੱਸ ਗਾਵਾਂਗੇ । ਤੇ ਲੋਕ ਵੀ ਤੁਹਾਨੂੰ ਹੀ ਮੱਥੇ ਟੇਕਣਗੇ ।

ਜਾਣ ਲਗਿਆਂ ਪਹਿਲਾਂ ਗੁਰੂ ਅੰਸ਼ ਨੂੰ ਸੱਦ ਕੇ ਸਿਰੋਪਾ, ਆਦਰ ਤੇ ਭੇਟਾਵਾਂ ਦਿੱਤੀਆਂ ਤੇ ਸੀਨੇ ਨਾਲ ਲਾਇਆ ।

ਖਡੂਰ ਵਿਚ ਸਿਰਫ ਲੰਗਰ ਦੀ ਥੋੜ੍ਹ ਸੀ । ਕਦੀ ਲੰਗਰ ਵੀ ਮਸਤਾਨਾ ਹੋ ਜਾਂਦਾ । ਏਸ ਦਾ ਪੂਰਾ ਪਰਬੰਧ ਕੀਤਾ ਸਤਿਗੁਰਾਂ ਤੇ ਫੁਰਮਾਇਆ ਅਜ ਤੋਂ ਲੰਗਰ ਪੂਰਾ ਚਲੇਗਾ, ਇਸ ਵਿਚ ਕਦੇ ਥੋੜ੍ਹ ਨਹੀਂ ਆਵੇਗੀ । ਗੋਇੰਦਵਾਲ ਦੀ ਸੰਗਤ ਇੰਤਜ਼ਾਰ ਕਰ ਰਹੀ ਸੀ । ਉਥੇ ਪੁਜਣਾ ਬਹੁਤ ਜ਼ਰੂਰੀ ਸੀ । ਚਲੋ ਗੁਰੂ ਨਗਰੀ ਗੋਇੰਦਵਾਲ ਵਲ । ਪਹਿਲਾਂ ਸਿਰ ਝੁਕਾਇਆ ਤੇ ਫੇਰ ਸਾਰੀ ਸੰਗਤ ਨਾਲ ਬਾਉਲੀ ਸਾਹਿਬ ਗਏ । ਇਸ਼ਨਾਨ ਕੀਤਾ ਤੇ ਮਹਿਮਾ ਗਾਈ ਗੁਰੂ ਅਮਰਦਾਸ ਦੀ । ਅਤੁੱਟ ਲੰਗਰ ਵਰਤਿਆ, ਦੀਵਾਨ ਸਜਿਆ, ਕੀਰਤਨ ਵਿਚ ਜੁੜੀ ਸੰਗਤ । ਭਲੇ ਵੰਸ਼ ਦੇ ਸਾਹਿਬਜ਼ਾਦੇ ਆਏ । ਉਨ੍ਹਾਂ ਨੂੰ ਸਿਰੋਪਿਆਂ ਨਾਲ ਨਿਵਾਜਿਆ । ਬਾਉਲੀ ਦੀਆਂ ਪਉੜੀਆਂ ਦੀ ਧੂੜ ਮਥੇ ਨਾਲ ਲਾਈ ਤੇ ਫੁਰਮਾਇਆ, "ਇਹ ਚਰਨ ਧੂੜ ਕਲਿਆਣਕਾਰੀ ਹੈ ।" "ਇਹ ਚਰਨ ਧੂੜ ਕ੍ਰਿਤਾਰਥ ਰੂਪੇ ।" ਬਖਸ਼ਸ਼ਾਂ ਕੀਤੀਆਂ ਸੰਗਤ ਦਾ ਚਾਅ ਥੰਮ੍ਹਿਆ ਨਹੀਂ ਸੀ ਜਾਂਦਾ ।

ਤਰਨਤਾਰਨ ਦੀ ਵੀ ਯਾਤਰਾ ਕੀਤੀ ਤੇ ਫੇਰ ਅੰਮ੍ਰਿਤਸਰ ਪੱਕੇ ਟਿਕਾਣੇ ਲਾ ਲਏ । ਇਥੇ ਮਨ ਹੀ ਲੱਗ ਗਿਆ । ਅੰਮ੍ਰਿਤ ਦੀ ਨਗਰੀ ਵਿਚ ਕਿਹਦਾ ਮਨ ਨਹੀਂ ਟਿਕਦਾ । ਹਰਜੀ ਮਿਹਰਬਾਨ ਦਾ ਪੁੱਤਰ ਸੀ । ਓਸ ਦਰਬਾਰ ਸਾਹਿਬ ਦੇ ਕਬਜ਼ਾ ਕੀਤਾ ਹੋਇਆ ਸੀ । ਕਿਸੇ ਨੂੰ ਢੁੱਕਣ ਨਹੀਂ ਸੀ ਦਿੰਦਾ । ਆਪਣੀ ਮਨ ਮਾਨੀ ਵੀ ਕਰਦਾ । ਕੱਚੀ ਬਾਣੀ ਦਾ ਪਰਚਾਰ ਆਮ ਸੀ ।

ਪਰ ਜਦੋਂ ਇਹ ਕੰਨੀਂ ਆਵਾਜ਼ ਪਈ ਤੇ ਗੁਰੂ ਹਰਿਰਾਏ ਅੰਮ੍ਰਿਤਸਰ ਦੀ ਧਰਤੀ ਨੂੰ ਭਾਗ ਲਾਉਣ ਆ ਰਹੇ ਹਨ, ਸਭ ਕੁਝ ਛੱਡ ਛਡਾ ਕੇ ਹੇਰੀਂ ਚਲਾ ਗਿਆ । ਉਥੇ ਉਨ੍ਹਾਂ ਆਪਣਾ ਹਰਿਮੰਦਰ ਬਣਾਇਆ ਹੋਇਆ ਸੀ ਪਿਤਾ ਤੇ ਬਾਬੇ ਦੇ ਨਾਂ ਤੇ ਗੱਦੀ ਚਲ ਰਹੀ ਸੀ । ਗੁਰਾਂ ਨੇ ਪਹਿਲਾਂ ਮਰਿਆਦਾ ਬੰਨ੍ਹੀ ਤੇ ਹਰ ਵੇਲੇ ਕੀਰਤਨ ਕਰਨ ਦੀ ਰਸਮ ਪਾਈ । ਅਕਾਲ ਤਖਤ ਤੇ ਦੀਵਾਨ ਸਜਾਏ । ਮੁੜ ਗੁਰੂ ਹਰਗੋਬਿੰਦ ਵਾਲਾ ਜਲਵਾ ਪੈਦਾ ਕਰ ਵਿਖਾਇਆ ।

ਚੰਗਾ ਆਰਾਮ ਕਰਨ ਤੋਂ ਬਾਅਦ ਲਾਹੌਰ ਦੀ ਵਾਰੀ ਆਈ। ਪਹਿਲਾਂ ਡੇਹਰਾ ਸਾਹਿਬ, ਚੂਨਾ ਮੰਡੀ, ਮਜ਼ੰਗਾਂ ਦੇ ਦਰਸ਼ਨ ਕੀਤੇ। ਖੂਬ ਰੀਝ ਲਾਹ ਕੇ ਮਜੀਠੀ ਰੰਗ ਵਿਚ ਰੰਗੇ ਗਏ। ਕਾਹਲ ਸੀ ਏਸੇ ਲਈ ਨਨਕਾਣੇ ਪੁੱਜਣਾ ਸੀ। ਬੜੀਆਂ ਤਾਂਘਾਂ ਸਨ ਨਨਕਾਣੇ ਵਾਲਿਆਂ ਨੂੰ।

ਜਦ ਸੰਗਤ ਨੇ ਵੇਖਿਆ ਕਿ ਗੁਰੂ ਸੰਗਤ ਵਿਚ ਹੀ ਰਚ ਮਿਚ ਗਏ ਹਨ। ਕੋਈ ਭੇਦ ਹੀ ਨਹੀਂ ਰਿਹਾ ਗੁਰੂ ਤੇ ਸੰਗਤ ਵਿਚ।

ਬਾਬੇ ਨਾਨਕ ਦੀ ਛਾਪ ਮੁਸਲਮਾਨਾਂ ਤੇ ਏਨੀ ਸੀ, ਦੂਰ ਦੂਰ ਤੋਂ ਲੋਕ ਸੱਜਦੇ ਕਰਨ ਆਉਂਦੇ। ਨਾਨਕ ਸ਼ਾਹ ਫ਼ਕੀਰ ਲੋਕਾਂ ਦੇ ਦਿਲ ਤੇ ਰਾਜ ਕਰ ਰਿਹਾ ਸੀ।

ਗੁਰੂ ਹਰਿਰਾਏ ਵੀ ਰਾਹ ਵਿਚ ਬੈਠ ਗਏ। ਗੁਰੂ ਨਾਨਕ ਦੇਵ ਦੀ ਜੋਤ ਤੇ ਸਨ। ਪਰ ਨਨਕਾਣੇ ਆਣ ਕੇ ਉਹ ਆਪਣੇ ਆਪ ਵਿਚ ਹੀ ਗੁਆਚ ਗਏ। ਜਿੱਧਰ ਵੇਖਣ ਗੁਰੂ ਨਾਨਕ ਦੇਵ ਹੀ ਨਜ਼ਰ ਆਏ। ਏਸ ਮਿੱਟੀ ਦੀ ਖੁਸ਼ਬੂ ਵਿਚੋਂ ਨਾਨਕ-ਨਾਨਕ ਦੀ ਗੂੰਜ ਆ ਰਹੀ ਸੀ। ਦਰਸ਼ਨ ਕਰਕੇ ਗੁਰੂ ਨਾਨਕ ਦੇਵ ਦੇ, ਆਪ ਹੀ ਨਾਨਕ ਹੋ ਗਏ। ਸ਼ਰਧਾ ਏਥੋਂ ਵੱਧ ਗਈ ਆਪਣੇ ਖੰਡੇ ਉਤੇ ਗੁਰੂ ਨਾਨਕ ਸਹਾਇ ਦੇ ਸ਼ਬਦ ਲਿਖਵਾਏ ਤਾਕਿ ਅੰਗ ਸੰਗ ਰਹੇ ਗੁਰੂ ਨਾਨਕ ਦੇਵ।

ਬਲਿਹਾਰੇ ਜਾਈਏ ਏਸ ਜੋਤਿ ਤੋਂ ਜਿਨ ਮੋਹ ਲਿਆ ਸਾਰਾ ਨਨਕਾਣਾ ਤੇ ਆਸੇ ਪਾਸੇ ਦੀ ਮਲ ਗੁਜ਼ਾਰ।

□

੭੩

ਘੋੜਾ ਚਲੇ ਰਾਹੋ ਰਾਹ

ਠੁਮਕ ਠੁਮਕ ਚਲੇ ਘੋੜਾ ਗੁਰੂ ਹਰਿਰਾਏ ਦਾ ਤੇ ਮਗਰ ਘੋੜਿਆਂ ਦੀਆਂ ਕਤਾਰਾਂ। ਨਰਸਿੰਙੇ ਵਜਣ ਨਗਾਰੇ ਖੜਕਣ, ਧੂੜ ਉਡੀ; ਕਾਫਲਾ ਚਲ ਰਿਹਾ ਸੀ। ਰਫ਼ਤਾਰ ਮੱਧਮ ਸੀ। ਘੋੜੇ ਪੈਲਾਂ ਪਾਉਂਦੇ ਜਾ ਰਹੇ ਸਨ। ਹਾਥੀ ਝੂਮਦਾ ਸਣੇ ਖਾਲੀ ਅੰਬਾਰੀ ਦੇ। ਅੰਬਾਰੀ ਤੇ ਬਹਿਣ ਵਾਲਾ ਅੱਜ ਘੋੜੇ ਤੇ ਸਵਾਰ ਸੀ। ਜੱਥਾ ਤਿੰਨ ਹਫਤੇ ਸਾਹ ਲੈ ਕੇ ਤੁਰਿਆ ਸੀ। ਕਾਫਲੇ ਦਾ ਰੁਖ਼ ਸਿਆਲ ਕੋਟ ਵੱਲ ਸੀ।

ਸਿਆਲਕੋਟ ਹਿੰਦੂ ਸਭਿਅਤਾ ਦਾ ਓਸ ਵੇਲੇ ਗੜ੍ਹ ਸੀ। ਨਾਥਾਂ ਦੀ ਗੜ੍ਹੀ ਕਾਜ਼ੀਆਂ ਦਾ ਮਕਾਮ, ਭੀੜ ਸੀ ਮੌਲਵੀ ਮੁਲਾਣਿਆਂ ਦੀ। ਕੰਨ ਪਾਟੇ ਜੋਗੀ ਡੇਰੇ ਲਾਈ ਬੈਠੇ ਸਨ। ਉਨ੍ਹਾਂ ਦੇ ਕੰਨੀਂ ਭਿਣਕ ਪਈ ਕਿ ਗੁਰੂ ਹਰਿਰਾਏ ਆਏ ਹੋਏ ਹਨ ਤਦ ਜੋਗੀਆਂ, ਸੰਨਿਆਸੀਆਂ, ਫਕੀਰਾਂ ਦੇ ਟੋਲਿਆਂ ਦੇ ਟੋਲੇ ਦਰਸ਼ਨਾਂ ਲਈ ਆ ਗਏ।

ਧੂਮ ਸੀ ਸਾਰੇ ਸ਼ਹਿਰ ਵਿਚ ਕਿ ਗੁਰੂ ਹਰਿਰਾਏ ਸਾਹਿਬ ਨੇ ਸਾਰੇ ਸਮੂੰਹ ਨੂੰ ਲੰਗਰ ਵਿਚ ਇਕੱਠਿਆਂ ਬਹਿ ਕੇ ਖਾਣ ਦਾ ਹੁਕਮ ਦਿੱਤਾ। ਨਾ ਨਾਂਗਾ ਵੇਖਿਆ ਤੇ ਨਾ ਜੋਗੀ ਜਿਹੜਾ ਲੰਗਰ

ਵਿਚ ਆਇਆ ਏ, ਉਹ ਲੰਗਰ ਛਕੇ, ਦੀਵਾਨ ਵਿਚ ਆਵੇ ਤੇ ਗੁਰਬਾਣੀ ਦਾ ਰੱਸ ਮਾਣੇ। ਗੁਰੂ ਦਰਸ਼ਨ ਰੋਜ਼ ਰੋਜ਼ ਥੋੜ੍ਹਾ ਹੁੰਦੇ ਹਨ। ਅਭਾਗੇ ਨੇ ਕੀ ਕਰਨੇ ਹਨ ਦਰਸ਼ਨ।

ਗੁਰੂ ਉਪਦੇਸ਼ ਸੀ, ਅੰਮ੍ਰਿਤ ਵੇਲਾ ਨਹੀਂ ਖੁੰਝਾਉਣਾ। ਉਠਣਾ ਜ਼ਰੂਰ ਏ। ਸੇਵਾ ਕਰਨੀ ਏ ਸੰਗਤ ਦੀ। ਲੰਗਰ ਵਿਚ ਹੱਥ ਵੰਡਾਉਣਾ ਏ। ਨਾਮ ਜਪਣਾ ਏ। ਮਾਲਾ ਫੇਰਨੀ ਏ। ਤੇ ਉਥੋਂ ਵਿਹਲੇ ਹੋ ਕੇ ਤਲਵਾਰ ਨੂੰ ਵੀ ਹੱਥਾਂ ਤੇ ਪਾਉਣਾ ਏ। ਤਲਵਾਰ ਤੁਹਾਨੂੰ ਜਾਣ ਲਵੇ ਤੇ ਤੁਸੀਂ ਤਲਵਾਰ ਨੂੰ ਪਰਖ ਲਵੋ। ਦੋਹਾਂ ਵਿਚ ਮਿੱਤਰਤਾ ਹੋਣੀ ਬਹੁਤ ਜ਼ਰੂਰੀ ਏ।

ਸੰਗਤਾਂ ਨਾਲ ਹੀ ਸਨ ਚੂਹੜਕਾਣੇ, ਕਰਤਾਰਪੁਰ ਦੀਆਂ ਇਨ੍ਹਾਂ ਸਾਰਿਆਂ ਨੇ ਬਾਬੇ ਦੀ ਬੇਰ ਤੇ ਆਣ ਕੇ ਡੇਰੇ ਲਾਏ ਹੋਏ ਸਨ।

ਭਰਵਾਂ ਇਕੱਠ ਸੀ, ਭੀੜ ਵਿਚ ਗੁਆਚਿਆ ਬੰਦਾ ਨਹੀਂ ਸੀ ਲੱਭਦਾ। ਉਨ੍ਹੀਂ ਦਿਨੀਂ ਖ਼ਲਕਤ ਵੀ ਕੋਈ ਬਹੁਤੀ ਨਹੀਂ ਸੀ। ਲੋਕ ਧਰਮ ਦੇ ਬੜੇ ਸ਼ਰਧਾਲੂ ਸਨ। ਸੰਤਾਂ, ਸਾਧੂਆਂ ਦੇ ਚਰਨ ਧੂੜ ਦੀ ਹਰ ਪਿੰਡ ਨੂੰ ਜਾਚ ਆ ਗਈ ਸੀ। ਮੁਸਲਮਾਨੀ ਇਲਾਕੇ ਵਿਚ ਜਦ ਗੁਰੂ ਪਧਾਰੇ ਤੇ ਲੋਕ ਸੱਜਦੇ ਕਰਦੇ ਨਾ ਥੱਕਦੇ। ਗੁਰਾਂ ਦੀ ਛਾਪ ਲੋਕਾਂ ਦੇ ਦਿਲ ਤੇ ਲੱਗ ਚੁੱਕੀ ਸੀ।

ਪੰਜਾਬ ਦੀ ਆਤਮਾ ਵਿਚੋਂ ਗੁਰੂ ਦੀ ਰੂਹ ਬੋਲਦੀ ਸੀ। ਗੁਰੂ ਗੁਰੂ ਪਿਆ ਕਰਦਾ ਸੀ ਸਾਰਾ ਪੰਜਾਬ। ਹਰ ਇਕ ਦੁਖੀ ਦਿਲ ਦੀ ਦੁਆ ਗੁਰੂ ਕੋਲ ਸੀ। ਜਦ ਦਰਸ਼ਨ ਕੀਤੇ, ਦੁਖ ਵੀ ਗਿਆ ਤੇ ਦਰਦ ਵੀ। ਪੰਜਾਬ ਨੂੰ ਪੁਠ ਦਿੱਤੀ ਜਾ ਰਹੀ ਸੀ ਸ਼ਸਤਰ ਵਿਦਿਆ ਦੀ। ਬਹਾਦਰ ਸੂਰਮੇ ਸੂਰਬੀਰ ਪੈਦਾ ਕੀਤੇ ਜਾ ਰਹੇ ਸਨ। ਉਨ੍ਹਾਂ ਦੀ ਖਲੜੀ ਵਿਚੋਂ ਡਰ ਕਢਿਆ ਜਾ ਰਿਹਾ ਸੀ।

ਗੁਰੂ ਪੰਜਾਬ ਦੀ ਨੁਹਾਰ ਨੂੰ ਬਦਲ ਰਹੇ ਸਨ। ਇਹ ਵੱਖਰੀ ਗੱਲ ਏ ਕਿ ਉਹਦੀ ਰਫਤਾਰ ਮੱਧਮ ਸੀ। ਲੋਕ ਇਹ ਕੌੜੀ ਦਵਾਈ ਹੌਲੀ-ਹੌਲੀ ਖਾਣ ਦੀ ਜਾਚ ਸਿੱਖ ਰਹੇ ਸਨ। ਵੀਰਤਾ ਉਭਰ ਉਭਰ ਕੇ ਸਾਹਮਣੇ ਆ ਰਹੀ ਸੀ।

ਵੀਰਤਾ, ਬਹਾਦਰੀ, ਅਣਖ ਦੇ ਪੰਜਾਬੀ ਮੁਢ ਕਦੀਮ ਤੋਂ ਹੀ ਸ਼ੌਕੀਨ ਸਨ। ਉਨ੍ਹਾਂ ਨੇ ਕਈਆਂ ਮੈਦਾਨਾਂ ਵਿਚ ਵੀਰਤਾ ਦੇ ਜੌਹਰ ਵਿਖਾਏ ਹੋਏ ਸਨ। ਹਮਲਾਵਰ ਉਨ੍ਹਾਂ ਦੀ ਬਹਾਦਰੀ ਦਾ ਸਿੱਕਾ ਮੰਨਦਾ ਸੀ।

ਪਰ ਗੁਲਾਮੀ ਦਾ ਤੌਕ ਉਨ੍ਹਾਂ ਦੇ ਗਲ ਵਿਚ ਏਸ ਲਈ ਬੱਝਾ ਰਹਿੰਦਾ ਸੀ ਕਿ ਉਹ ਇਕ ਮੁੱਠ ਨਹੀਂ ਸਨ। ਭਰਾ ਦਾ ਭਰਾ ਵੈਰੀ ਸੀ। ਹਰ ਕੋਈ ਆਪਣੀ ਚੌਧਰ ਚਾਹੁੰਦਾ ਸੀ। ਆਕੜੀ ਧੌਣ ਦਾ ਮਟਕਾ ਤੋੜ ਦਿੰਦੀ ਏ ਹਕੂਮਤ। ਝੁਕਿਆ ਸਿਰ ਹਮੇਸ਼ਾ ਗੁਲੱਛਰੇ ਉਡਾਉਂਦਾ। ਅਣਖ ਤੇ ਉਦਾਂ ਹੀ ਮਰ ਚੁਕੀ ਸੀ। ਸਿਰਫ ਗੁਰਾਂ ਨੇ ਹੀ ਉਹਨੂੰ ਹੁਜ ਮਾਰੀ ਸੀ।

ਭਾਈ ਨੰਦ ਲਾਲ ਜੀ ਪੁਰੀ ਦੀ ਸ਼ਰਧਾ ਨੇ ਹੀ ਗੁਰੂਆਂ ਨੂੰ ਬਾਹਰ ਬਾਬੇ ਦੀ ਬੇਰ ਤੇ ਦਰਸ਼ਨ ਕਰਵਾਏ ਸਨ।

ਦੀਵਾਨ ਦੀ ਸਮਾਪਤੀ ਤੋਂ ਬਾਅਦ ਭਾਈ ਨੰਦ ਲਾਲ ਨੇ ਹੱਥ ਜੋੜੇ ਤੇ ਅਰਜ਼ ਕੀਤੀ।

"ਸਤਿਗੁਰੂ, ਮਨ ਭਟਕਦਾ ਏ, ਟਿਕਦਾ ਨਹੀਂ, ਧਰਮ ਵੱਲ ਮੁੜਦਾ ਹੀ ਨਹੀਂ। ਲਾਲਚ ਨੇ ਸੰਘੀਆਂ ਘੋਲ੍ਹੀਆਂ ਹੋਈਆਂ ਨੇ। ਮੋਹ ਮਮਤਾ ਮੁਕਦੀ ਹੀ ਨਹੀਂ। ਬੰਦਾ ਆਪਣੇ ਆਪ ਵਿਚ ਹੋਵੇ ਤੇ ਕੁਝ ਸੋਚੇ। ਕੋਈ ਉਪਦੇਸ਼ ਦਿਉ ਸ਼ਾਂਤੀ ਦਾ ਅਸੀਂ ਵੀ ਮੂੰਹ ਵੇਖੀਏ।"

—ਗੁਰਾਂ ਨੇ ਫ਼ੁਰਮਾਇਆ, ਉਪਦੇਸ਼ ਚਹੁੰ ਵਰਣਾਂ ਲਈ ਸਾਂਝਾ ਏ। ਪਰ ਫੇਰ ਵੀ ਜੇ ਤੁਸੀਂ ਉਚੇਚੇ ਉਪਦੇਸ਼ ਦੀ ਯਾਚਨਾ ਕੀਤੀ ਏ ਤੇ ਆਉਣ ਵਾਲੇ ਸਮੇਂ ਲਈ ਤਿੰਨ ਗੱਲਾਂ ਜ਼ਰੂਰੀ ਹਨ :

ਪਹਿਲਾਂ ਕੇਸਾ ਧਾਰੀ ਹੋਣਾ ਇਹ ਬਜ਼ੁਰਗੀ ਦਾ ਚਿੰਨ੍ਹ ਏ। ਇਹਦੇ ਨਾਲ ਬੰਦਾ ਵਿਸ਼ੇ ਵਿਕਾਰਾਂ ਤੋਂ ਬਚ ਜਾਂਦਾ ਏ। ਸ਼ਰਮ ਆਉਂਦੀ ਏ। ਦਾੜ੍ਹੀ ਦੀ ਲਾਜ ਰੱਖਣੀ ਪੈਂਦੀ ਏ। ਕਰਮ ਤੇ ਕਰਦਾ ਏ, ਕੁਕਰਮ ਕਰਨ ਲਗਿਆਂ ਲਾਜ ਆਉਂਦੀ ਏ।

ਨਸ਼ੇ ਤੋਂ ਪਰਹੇਜ਼ ਕਰਨ ਨਾਲ ਬੰਦੇ ਦੀ ਆਯੂ ਵਿਚ ਘਾਟਾ ਨਹੀਂ ਪੈਂਦਾ। ਬੁਧੀ ਵੀ ਮਲੀਨ ਨਹੀਂ ਹੁੰਦੀ, ਸੋਚ ਸ਼ਕਤੀ ਵਿਚ ਵੀ ਕਮਜ਼ੋਰੀ ਨਹੀਂ ਆਉਂਦੀ। ਨਸ਼ਾ ਕੋਈ ਚੰਗੀ ਚੀਜ਼ ਨਹੀਂ ਨਾ ਹੀ ਇਹ ਕੋਈ ਚੰਗਿਆਂ ਬੰਦਿਆਂ ਦੀ ਖ਼ੁਰਾਕ ਏ।

ਪਗ ਬੰਨ੍ਹੋ, ਟੋਪੀ ਗੁਲਾਮੀ ਦੀ ਨਿਸ਼ਾਨੀ ਏ। ਮੁਗਲਾਂ ਦੀ ਦਿੱਤੀ ਹੋਈ ਨਿਸ਼ਾਨੀ। ਟੋਪੀ ਪਾਇਆਂ ਅਣਖ ਮਰਦੀ ਏ। ਕਾਇਰਤਾ ਮੋਢਿਆਂ ਤੇ ਆਣ ਚੜ੍ਹਦੀ ਏ।

ਇਨ੍ਹਾਂ ਦੇ ਪੋਤਰੇ ਸਨ ਹਕੀਕਤ ਰਾਏ ਜਿਨ੍ਹਾਂ ਨੇ ਧਰਮ ਦੀ ਸ਼ਮਾ ਤੇ ਆਪਣੀ ਜਾਨ ਕੁਰਬਾਨ ਕਰ ਦਿੱਤੀ ਪਰ ਧਰਮ ਨੂੰ ਆਂਚ ਨਹੀਂ ਸੀ ਆਣ ਦਿੱਤੀ।

ਗੁਰਾਂ ਨੇ ਮਨ ਬਣਾ ਲਿਆ ਕਸ਼ਮੀਰ ਜਾਣ ਦਾ ਪਹਾੜਾਂ ਵਿਚ ਕਈ ਥਾਵਾਂ ਤੇ ਖੂਹ ਲੁਵਾ ਦਿੱਤੇ।

ਹਾਲਾਤ ਬਦਲ ਰਹੇ ਸਨ। ਹਕੂਮਤ ਦੇ ਤੇਵਰ ਕੀ ਰੰਗ ਬਦਲਣਗੇ ਇਹ ਰੱਬ ਹੀ ਜਾਣਦਾ ਸੀ। ਮੌਲਾਣੇ, ਕਾਜ਼ੀ ਤੇ ਧਰਮ ਦੇ ਪਰਚਾਰਕ ਖ਼ਰੀਦੇ ਜਾ ਚੁੱਕੇ ਸਨ। ਮੁੱਲ ਪੈ ਚੁੱਕਾ ਸੀ।

ਔਰੰਗਜ਼ੇਬ ਦੀ ਚਾਂਦੀ ਦੀ ਜੁੱਤੀ ਅੱਗੇ ਸਾਰੇ ਝੁਕ ਗਏ ਸਨ। ਦੌਲਤ ਦੀ ਵਰਖਾ ਹੋ ਰਹੀ ਸੀ। ਅਹੁਦਿਆਂ ਦੀ ਖੈਰਾਇਤ ਵੰਡੀ ਜਾ ਰਹੀ ਸੀ। ਨਜ਼ਰਾਂ ਪੰਜਾਬ ਵੱਲ ਉਠ ਰਹੀਆਂ ਸਨ ਪੰਜਾਬ ਵੱਲ ਕੋਈ ਬਲਾ ਆਉਣ ਵਾਲੀ ਸੀ। □

੧੩ ਫਲਗੁਣਿ

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ।
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ।
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ।
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ।
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ।
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ।
ਹਲਤੁ ਪਲਤੁ ਸਵਾਰਿਓਨ ਨਿਹਚਲ ਦਿਤੀਅਨੁ ਜਾਇ ।
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ।
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ।
ਫਲਗੁਣਿ ਨਿਤ ਸਲਾਹੀਐ ਜਿਸਨੋ ਤਿਲੁ ਨ ਤਮਾਇ ।

੨੪ ਸਰਮੱਦ

ਇਕ ਵਾਰ ਤੇ ਇਸਲਾਮੀ ਜਗਤ ਨੂੰ ਹਲੂਣਾ ਜਿਹਾ ਆਇਆ । ਸਰਮੱਦ ਦਾ ਕਤਲ ਕੋਈ ਮਾਮੂਲੀ ਗੱਲ ਨਹੀਂ ਸੀ । ਜ਼ੁਲਮ ਵੀ ਕੀਤਾ ਤਾਂ ਸ਼ਾਹੀ ਮਸਜਿਦ ਦੇ ਮੁਨਾਰਿਆਂ ਤੇ ਚੜ੍ਹ ਕੇ । ਇਕ ਬਲਾ ਲਾਹ ਦਿੱਤੀ ਏ ।

ਇੰਨੇ ਸ਼ਾਹੀ ਮਸਜਿਦ ਦੀਆਂ ਪਉੜੀਆਂ ਤੇ ਗੰਦ ਪਾਇਆ ਹੋਇਆ ਸੀ । ਸ਼ਰਮ ਹਯਾ ਦਾ ਇਹਨੂੰ ਕੋਈ ਖ਼ਿਆਲ ਤੱਕ ਨਹੀਂ ਸੀ, ਨੰਗੇਜ ਨੂੰ ਵੀ ਜੇ ਇਹ ਕੱਜ ਰੱਖਦਾ । ਬਹੁਤ ਵੱਡੀ ਬਦਨਾਮੀ ਦਾ ਕਾਰਨ ਬਣਿਆ ਹੋਇਆ ਸੀ । ਔਰਤਾਂ ਬੁਰਕੇ ਪਹਿਨ ਕੇ ਵੀ ਕੋਲ ਦੀ ਨਹੀਂ ਸੀ ਲੰਘ ਸਕਦੀਆਂ । ਇਹ ਹਕੂਮਤ ਲਈ ਇਹ ਲਾਅਨਤ ਸੀ । ਰੋਜ਼ ਦੀਆਂ ਸ਼ਿਕਾਇਤਾਂ ਨੇ ਮੈਨੂੰ ਮਜਬੂਰ ਕੀਤਾ । ਆਖ਼ਰਕਾਰ ਮੈਂ ਸਰਮੱਦ ਦੇ ਕਤਲ ਦਾ ਹੁਕਮ ਦੇਣ ਲਈ ਮਜਬੂਰ ਹੋਇਆ । ਮੈਂ ਲੋਕਾਂ ਦੀ ਭਲਾਈ ਲਈ ਸਭ ਕੁਝ ਕੀਤਾ ਏ ਵਰਨਾ ਮੇਰੀ ਉਹਦੇ ਨਾਲ ਕੋਈ ਦੁਸ਼ਮਣੀ ਨਹੀਂ । ਜਦੋਂ ਓਸ ਬੇਹਯਾਈ ਦੀ ਅਤਿ ਕਰ ਦਿੱਤੀ ਹਕੂਮਤ ਨੂੰ ਮਜਬੂਰਨ ਇਹ ਕਦਮ ਚੁਕਣਾ ਪਿਆ । ਇਕ ਹੰਗਾਮਾ ਜਿਹਾ ਹੋਇਆ ਦਿੱਲੀ ਵਿਚ । ਬਾਦਸ਼ਾਹ ਬਹੁਤ ਬਦਨਾਮ ਹੋਇਆ । ਬਾਦਸ਼ਾਹ ਏਸ ਬਦਨਾਮੀ ਤੋਂ ਡਰਦਾ ਥੋੜ੍ਹਾ ਏ । ਬਾਦਸ਼ਾਹ ਨੂੰ ਕੀ ਡਰ ਸੀ । ਹਕੂਮਤਾਂ ਲਈ ਇਹੋ ਜਿਹੇ ਕਈ ਕੁੱਤੇ ਬਿਲੇ ਕਤਲ ਕਰਨੇ ਇਕ ਬਰਾਬਰ ਹਨ । ਇਕ ਫਕੀਰ ਜੇ ਕਤਲ ਵੀ ਹੋ ਗਿਆ ਤਾਂ ਕਿਹੜੀ ਕਿਆਮਤ ਆ ਚਲੀ ਏ । ਹਕੂਮਤਾਂ ਇਹੋ ਜਿਹੀਆਂ ਗੱਲਾਂ ਤੋਂ ਡਰਦੀਆਂ ਥੋੜ੍ਹੀਆਂ ਨੇ । ਔਰੰਗਜ਼ੇਬ ਦੀ ਸੋਚਣੀ ਕੁਝ ਏਸ ਤਰ੍ਹਾਂ ਦੀ ਸੀ ।

ਫਕੀਰਾਂ ਦੀ ਖਿਦਮਤ ਕਰਨੀ ਤੇ ਘਰ ਤੋਂ ਬਾਹਰ ਤੱਕ ਛੱਡਣ ਜਾਣਾ । ਇਕ ਫਕੀਰ

ਆਇਆ ਤੇ ਉਹਨੂੰ ਛੱਡਣ ਗਏ ਤੇ ਓਸ ਫ਼ੁਰਮਾਇਆ ਟਿਕ ਜਾਓ। ਫਕੀਰ ਤੇ ਆਪਣੇ ਰਾਹ ਪਿਆ। ਮਨ ਟਿਕ ਗਿਆ। ਜਿੰਨੀ ਪਲੇ ਦੌਲਤ ਸੀ ਸਭ ਖ਼ੁਦਾ ਦੇ ਨਾਂ ਤੇ ਵੰਡ ਦਿੱਤੀ।

ਕਪੜਿਆਂ ਤੋਂ ਵੀ ਬੇਨਿਆਜ਼ ਹੋ ਗਏ। ਸ਼ੱਰਾਅ ਦੀ ਕੈਦ ਵੀ ਤੋੜ ਦਿੱਤੀ। ਅਜ਼ਾਨ ਦੇਣ ਵਾਲੇ ਮੁੱਲਾਂ ਨੂੰ ਇਕ ਦਿਨ ਜਾ ਕੇ ਆਖਣ ਲੱਗੇ, ਏਨੀ ਉਚੀ ਆਵਾਜ਼ ਕਿਹਨੂੰ ਦੇਨਾ ਏ? ਉਹ ਤੇ ਤੇਰੇ ਅੰਦਰ ਬੈਠਾ ਹੋਇਆ ਏ।

ਸ਼ੋਭਾ ਫੈਲੀ, ਧੁੰਮਾਂ ਪਈਆਂ। ਰੋਮ ਦੇ ਫਕੀਰਾਂ ਨੇ ਲਿਖ ਭੇਜਿਆ ਕਿ ਸਬਰ ਤੇ ਸ਼ੁਕਰ ਦਾ ਕੀ ਅਰਥ ਏ ਤਾਂ ਆਪ ਨੇ ਫ਼ੁਰਮਾਇਆ, "ਸ਼ਕਤੀਆਂ ਕੋਲ ਹੋਣ ਤਾਂ ਫੇਰ ਵੀ ਸਬਰ ਹੋਵੇ ਬੱਸ ਏਸੇ ਦਾ ਨਾਂ ਸਬਰ ਤੇ ਸ਼ੁਕਰ ਏ।" ਦਾਰਾ ਦੇ ਕਤਲ ਤੇ ਬਹੁਤ ਅਫਸੋਸ ਪ੍ਰਗਟ ਕੀਤਾ ਤੇ ਆਖਿਆ ਕਿ ਉਹਨੂੰ ਦਿੱਲੀ ਦੀ ਸ਼ਹਿਨਸ਼ਾਹੀ ਤੇ ਨਹੀਂ ਮਿਲੀ ਨਾ ਸਹੀ ਪਰ ਉਹ ਦੀਨੀ ਪਾਤਸ਼ਾਹ ਏ। ਲੋਕਾਂ ਦੇ ਦਿਲ ਤੇ ਰਾਜ ਕਰ ਰਿਹਾ ਏ। ਉਹ ਦੀਨੀ ਸ਼ਾਹ ਏ।

ਬਾਦਸ਼ਾਹ ਨੇ ਕਪੜੇ ਭੇਜੇ। ਸਰਮੱਦ ਨੇ ਖਿੜੇ ਮੱਥੇ ਕਬੂਲ ਕੀਤੇ ਤੇ ਸਿਰ ਤੇ ਧਰ ਲਏ। ਇਕ ਬੰਦਾ ਬੋਲਿਆ, ਸ਼ਹਿਨਸ਼ਾਹ ਨੇ ਪਹਿਨਣ ਲਈ ਆਖਿਆ ਏ। ਜਵਾਬ ਦਿੱਤਾ, "ਸ਼ਾਹ ਵਲੋਂ ਸੁਗਾਤ ਆਈ ਏ, ਮੈਂ ਸਿਰ ਤੇ ਧਰ ਕੇ ਕਬੂਲ ਕਰ ਲਈ ਏ। ਬਾਕੀ ਅੱਲਾਹ ਜਿਸ ਵਿਚ ਐਬ ਤੱਕਦਾ ਏ ਉਜਨੂੰ ਨੰਗੇਪਨ ਦੀ ਸਜ਼ਾ ਦਿੰਦਾ ਏ।"

ਇਕ ਇਲਜ਼ਾਮ ਹੋਰ ਲਾਇਆ ਕਿ ਸ਼ਰੱਅ ਨੂੰ ਕਿਉਂ ਨਹੀਂ ਮੰਨਦਾ। ਜਵਾਬ ਦਿੱਤਾ ਦਿੱਤਾ "ਜਿਹੜੀ ਸ਼ਰੱਅ ਦੀ ਕੈਦ ਵਿਚ ਹਨ ਉਹ ਅੱਲਾਹ ਦੇ ਦਰਬਾਰ ਵਿਚ ਭੇਜੇ ਜਾਣਗੇ। ਸ਼ੱਰਾਅ ਤੇ ਇਕ ਹਿਸਾਬ ਏ। ਇਥੇ ਮੁਹਰ ਦੀ ਲੋੜ ਏ।" ਸ਼ਹਿਨਸ਼ਾਹ ਨੂੰ ਬਹਾਨਾ ਚਾਹੀਦਾ ਸੀ। ਕਾਫਰ ਦਾ ਫਤਵਾ ਦਿੱਤਾ ਤੇ ਕਤਲ ਦਾ ਹੁਕਮ ਦਿੱਤਾ।

ਜੱਲਾਦ ਦੇ ਹੱਥ ਵਿਚ ਨੰਗੀ ਤਲਵਾਰ ਵੇਖੀ ਤੇ ਆਖਿਆ ਕਿਆ ਬੇਨਿਆਜ਼ੀ ਏ। ਜਿਸ ਰੰਗ ਵਿਚ ਵੀ ਆਵੇ ਉਹ ਪਰਵਾਨ ਏ। ਸਰਮੱਦ ਨੂੰ ਜੱਲਾਦ ਦੀ ਤਲਵਾਰ ਵਿਚੋਂ ਵੀ ਖ਼ੁਦਾ ਨਜ਼ਰ ਆ ਰਿਹਾ ਸੀ। ਸਰਮੱਦ ਦਾ ਨਾਂ ਅੱਜ ਵੀ ਜ਼ਿੰਦਾ ਏ ਪਰ ਔਰੰਗਜ਼ੇਬ ਨੂੰ ਕੋਈ ਨਹੀਂ ਜਾਣਦਾ। ਬਾਦਸ਼ਾਹ ਦੀ ਵੀ ਕੋਈ ਔਕਤ ਹੁੰਦੀ ਏ। ਬਾਦਸ਼ਾਹ ਵਕਤ ਦਾ ਏ ਤੇ ਫੇਰ ਉਹ ਮੁੱਠ ਮਿੱਟੀ ਦੀ।

ਸ਼ਾਹ ਨੇ ਫੈਸਲਾ ਕਰ ਲਿਆ ਸੀ ਕਿ ਦਾਰਾ ਦਾ ਕੋਈ ਹਮਾਇਤੀ ਨਹੀਂ ਛੱਡਣਾ। ਦਾਰਾ ਦਾ ਕੋਈ ਨਾਂ ਵੀ ਨਾ ਲਵੇ। ਗੁਰੂ ਉਹਦੀਆਂ ਅੱਖਾਂ ਵਿਚ ਰੜਕ ਰਹੇ ਸਨ। ਬਾਦਸ਼ਾਹ ਆਪ ਦੱਖਣ ਜਾਣ ਦੀਆਂ ਤਿਆਰੀਆਂ ਵਿਚ ਰੁਝਾ ਹੋਇਆ ਸੀ। ਉਹ ਚਾਹੁੰਦਾ ਸੀ ਕਿ ਪੰਜਾਬ ਵਿਚੋਂ ਗੁਰੂਆਂ ਦਾ ਨਾਂ ਨਿਸ਼ਾਨ ਹੀ ਮਿਟਾ ਦਿਓ ਤੇ ਫੇਰ ਪੰਜਾਬ ਵਿਚੋਂ ਕੋਈ ਤਾਕਤ ਹਕੂਮਤ ਨਾਲ ਟੱਕਰ ਲੈਣ ਦੀ ਜੁਰਅਤ ਨਹੀਂ ਕਰੇਗੀ।

ਪਾਤਸ਼ਾਹ ਤੇ ਐਵੇਂ ਰੇਤ ਦੀਆਂ ਕੰਧਾਂ ਉਸਾਰ ਰਿਹਾ ਸੀ। ਹਵਾਈ ਕਿਲੇ ਉਸਾਰਨਾ ਚਾਹੁੰਦਾ ਸੀ। ਅਹਿਲਕਾਰ ਵੀ ਸੁਣ ਰਹੇ ਸਨ। ਗੁਰਾਂ ਦਾ ਨਾਂ ਮਿਟਾਣਾ ਏਸ ਤਰ੍ਹਾਂ ਦੀ ਗੱਲ ਸੀ। ਜਿੱਦਾਂ ਅਜੇ ਤੱਕ ਕੋਈ ਵਜੂਦ ਵੀ ਨਜ਼ਰ ਨਹੀਂ ਸੀ ਆਉਂਦਾ। ਰੱਬ ਦਾ ਨਾਂ ਮਿੱਟਾ ਦਿੱਤਾ ਪਰ ਨਹੀਂ, ਆਪ ਮਿੱਟ ਜਾਏਗਾ ਬੰਦਾ ਪਰ ਰੱਬ ਦਾ ਨਾਂ ਨਹੀਂ ਮਿਟ ਸਕਦਾ। ਬਾਦਸ਼ਾਹ ਤੇ ਬਹੁਤ ਕੁਝ ਚਾਹੁੰਦਾ ਸੀ ਪਰ ਹੁੰਦਾ ਉਹੀ ਕੁਝ ਏ ਜਿਹੜਾ ਕੁਦਰਤ ਨੂੰ ਮੰਨਜ਼ੂਰ ਏ।

ਗੁਰੂ ਹਰਿਰਾਏ ਨੇ ਫੌਜਾਂ ਰੱਖੀਆਂ, ਤਖ਼ਤ ਤੇ ਬੈਠੇ, ਘੋੜਿਆਂ ਦੀ ਨੁਮਾਇਸ਼ ਵੀ ਕੀਤੀ ਤਾਂ ਜੋ ਸਿੱਖ ਸਮਝ ਜਾਣ ਕਿ ਗੁਰੂਆਂ ਕੋਲ ਵੀ ਘੋੜੇ ਹਨ। ਜਿਹੜੇ ਘੋੜੇ ਗੁਰੂ ਕੋਲ ਹਨ ਹਕੂਮਤ ਨੇ ਕਦੀ ਅੱਖ ਮੱਲ ਕੇ ਵੀ ਨਹੀਂ ਵੇਖੇ। ਹਾਥੀ ਤੇ ਸਵਾਰੀ ਇਕ ਫਕੀਰ ਦੀ। ਸ਼ਾਹੀ ਜਾਹੋ ਜਲਾਲ

ਤੇ ਉਹ ਵੀ ਇਕ ਗੁਰੂ ਦਾ। ਗੁਰੂ ਹੈ ਕੀ, ਕੋਈ ਬਾਦਸ਼ਾਹ ਏ। ਸੂਬੇਦਾਰ ਏ। ਹੈ ਤੇ ਇਕ ਡੇਰੇ ਦਾ ਰਾਖਾ। ਗੁਰੂਆਂ ਦਾ ਕੰਮ ਏ ਆਪਣੀ ਫਕੀਰੀ ਵਿਚ ਮਸਤ ਰਹਿਣਾ। ਸ਼ਾਹੀ ਸ਼ਾਨੋ ਸ਼ੌਕਤ ਨਾਲ ਉਹਦਾ ਕੋਈ ਵਾਸਤਾ ਨਹੀਂ, ਮੈ ਯੇਹ ਬਾਤੇਂ ਪਸੰਦ ਨਹੀਂ ਕਰਤਾ।

ਫਕੀਰ ਆਪਣੇ ਲਿਬਾਸ ਵਿਚ ਰਹੇ। ਅਸੀਂ ਅਗਰ ਫਕੀਰਾਂ ਨੂੰ ਇਜਾਜ਼ਤ ਦੇ ਦਿੱਤੀ ਏ ਤਾਂ ਫੇਰ ਜਨਤਾ ਵਿਚ ਸਾਡੀ ਬਰੋਬਰੀ ਕਿਉਂ ਕੋਈ ਕਰੇ। ਸਾਨੂੰ ਅੱਖਾਂ ਵਿਖਾਉਣੀਆਂ ਬਗਾਵਤ ਦਾ ਬੀ ਬੋਇਆ ਜਾ ਰਿਹਾ ਏ। ਇਹ ਬਗਾਵਤ ਕਿਸੇ ਦਿਨ ਧਮਾਕਾ ਵੀ ਕਰ ਸਕਦੀ ਏ। ਅਜੇ ਬਗਾਵਤ ਭੁਬਲ ਵਿਚ ਦੱਬੀ ਹੋਈ ਏ। ਹਵਾ ਲੱਗੀ ਤਾਂ ਸ਼ੋਅਲੇ ਜ਼ਰੂਰ ਭੜਕਣਗੇ। ਔਰੰਗਜ਼ੇਬ ਆਪਣੀ ਹਕੂਮਤ ਵਿਚ ਕਿਸੇ ਤਰ੍ਹਾਂ ਦੀ ਵੀ ਬਗਾਵਤ ਬਰਦਾਸ਼ਤ ਨਹੀਂ ਕਰ ਸਕਦਾ। ਉਹ ਭਾਵੇਂ ਸਿਆਸੀ ਹੋਵੇ ਤੇ ਭਾਵੇਂ ਮਜ਼ਹਬੀ। ਬਗਾਵਤ ਆਖ਼ਰ ਬਗਾਵਤ ਏ!

ਘੋੜੇ ਤੇ ਪਲਾਕੀ ਮਾਰੀ ਤੇ ਘੋੜੇ ਚੜ੍ਹੇ ਹੀ ਫ਼ੁਰਮਾਨ ਜਾਰੀ ਕੀਤਾ। ਪੰਜਾਬ ਦੇ ਨਵਾਬ ਖਲੀਲ ਉਲਾ ਖਾਂ ਨੂੰ, "ਗੁਰਾਂ ਨਾਲ ਨਜਿਠਿਆ ਜਾਏ" ਮੈਂ ਸਿਰਫ ਹੁਕਮ ਦੀ ਪਾਲਣਾ ਚਾਹੁੰਦਾ ਹਾਂ। ਫੌਜ ਦੀ ਵਰਤੋਂ ਕਰੋ ਜਾਂ ਕੋਈ ਸਿਆਸੀ ਚਾਲ ਚਲੋ ਜਾਂ ਮਿੱਠੀ ਛੁਰੀ ਨਾਲ ਮਾਰੋ। ਗੁੜ ਦਿਉ ਜਾਂ ਜ਼ਹਿਰ। ਮੈਨੂੰ ਸਿਰਫ ਇਕੋ ਗੱਲ ਸੁਣਨ ਨੂੰ ਚਾਹੀਦੀ ਏ ਕਿ ਪੰਜਾਬ ਵਿਚ ਕੋਈ ਗੁਰਾਂ ਦਾ ਨਾਂ ਨਹੀਂ ਲੈ ਸਕਦਾ। ਗੁਰੂ ਹੈਨ ਕੀ। ਫਕੀਰ ਤੇ ਬਾਦਸ਼ਾਹ ਦੀ ਟੱਕਰ। ਇਹਦੀ ਕੋਈ ਬਰੋਬਰੀ ਥੋੜ੍ਹੀ ਏ।

ਘੋੜੇ ਨੇ ਸੁੰਮ ਚੁੱਕੇ। ਸਰਕਾਰਾਂ ਦੱਖਣ ਵੱਲ ਕੂਚ ਕਰ ਗਈਆਂ। ਪੰਜਾਬ ਦਾ ਤੇ ਰਬ ਹੀ ਰਾਖਾ ਏ।

□

੧੫

ਕੱਚਾ ਮਾਸ

ਗਿੱਚੀ ਮਰੋੜ ਦੇਣਾ ਚਾਹੁੰਦਾ ਸੀ ਪੰਜਾਬ ਵਿਚ ਵਸਦੇ ਸਿਰ ਕੱਢ ਬੰਦਿਆਂ ਦੀ ਸ਼ਹਿਨਸ਼ਾਹ। ਗੁਰੂਆਂ ਤੇ ਖਾਸ ਨਜ਼ਰ ਅਨਾਇਤ ਸੀ। ਜਦੋਂ ਵੀ ਬਗਾਵਤ ਦੀ ਚੰਗਿਆੜੀ ਚਮਕੀ ਉਹਨੂੰ ਹਵਾ ਸਿਰਫ ਗੁਰੂ ਹੀ ਦੇ ਸਕਦੇ ਹਨ। ਗੁਰੂ ਚਾਹੁੰਣ ਤੇ ਉਹਨੂੰ ਸ਼ੋਅਲਾ ਬਣਾ ਦੇਣ ਤੇ ਜਾਂ ਜ਼ਰਾ ਕੁ ਨਜ਼ਰ ਸਵੱਲੀ ਕਰ ਦੇਣ ਤਾਂ ਚੰਗਿਆੜੀ ਭੁਬਲ ਵਿਚ ਹੀ ਦਮ ਤੋੜ ਜਾਏਗੀ। ਬਾਦਸ਼ਾਹ ਇਕ ਗੱਲੋਂ ਹੋਰ ਵੀ ਡਰਦਾ ਸੀ ਕਿ ਮੈਂ ਸਿੱਧਾ ਗੁਰੂਆਂ ਨੂੰ ਹੱਥ ਨਹੀਂ ਪਾ ਸਕਦਾ। ਕਿਉਂਕਿ ਹਕੂਮਤ ਅੱਗੇ ਇਕ ਵੇਰਾਂ ਬਦਨਾਮ ਹੋ ਚੁੱਕੀ ਏ। ਏਸ ਲਈ ਉਹ ਕੁਝ ਹੱਥ ਕੰਡੇ ਵਰਤਣਾ ਚਾਹੁੰਦਾ ਸੀ।

ਫੌਜ ਚੜ੍ਹੇ ਵੀ ਨਾਂ ਵੀ ਨਾ ਲੱਗੇ ਸ਼ਹਿਨਸ਼ਾਹ ਦਾ। ਕੰਮ ਵੀ ਹੋ ਜਾਏ ਡਾਂਗ ਦੂਜੇ ਦੇ ਮੋਢੇ ਤੇ ਰੱਖ ਕੇ ਚਲਾਉਂਦਾ ਸੀ। ਦਸ ਹਜ਼ਾਰੀ ਮਨਸਵ ਖਾਂ ਉੱਤੇ ਨਜ਼ਰ ਟਿਕੀ ਅਤੇ ਹੁਕਮ

ਦਿੱਤਾ ਕਿ ਕੀਰਤਪੁਰ ਦੀ ਇਟ ਨਾਲ ਇਟ ਖੜਕਾ ਦਿਓ ਸ਼ਾਹੀ ਦਰਬਾਰ ਤੁਹਾਡੇ ਨਾਲ ਏ। ਫੌਜ ਦੀ ਲੋੜ ਏ ਤਾਂ ਫੌਜ ਲੈ ਜਾਓ। ਦੌਲਤ ਦੀ ਘਾਟ ਹੋਵੇ ਤਾਂ ਪੂਰੀ ਕਰੋ ਖਜ਼ਾਨੇ ਵਿਚੋਂ। ਕੀਰਤਪੁਰ ਵਿਚ ਕੋਈ ਸਿਖ ਨਜ਼ਰ ਨਹੀਂ ਆਉਣਾ ਚਾਹੀਦਾ। ਹੂੰਝਾ ਫੇਰ ਸੁਟੋ ਨਾ ਤੰਦ ਰਹੇ ਤੇ ਨਾ ਤਾਣੀ। ਵੀਹ ਹਜ਼ਾਰੀ ਮਨਸਫਦਾਰ ਜ਼ਾਲਮ ਖਾਂ ਆ ਨਿਤਰ ਤੇ ਬੀੜਾ ਚੁਕ।

ਲਾਲਚ ਬੁਰੀ ਬਲਾ ਏ। ਫਕੀਰਾਂ ਨੂੰ ਐਵੇਂ ਕਿਉ ਛੇੜਿਆ ਜਾਏ। ਫਕੀਰ ਆਖ਼ਰ ਤੇ ਫਕੀਰ ਏ ਨਾ। ਮਾਲਾ ਫੜਨ ਵਾਲਿਆਂ ਤਲਵਾਰ ਕੀ ਚੁਕਣੀ ਏ। ਐਵੇਂ ਸੁਤੇ ਸ਼ੇਰਾਂ ਨੂੰ ਕਿਉਂ ਜਗਾਇਆ ਜਾਏ। ਅਸਾਂ ਇਹਨਾਂ ਨੂੰ ਮਜਬੂਰ ਕਰਨਾ ਏ ਕਿ ਤੁਸੀਂ ਵੀ ਤਲਵਾਰ ਫੜਨੀ ਸਿਖੋ। ਜੇ ਇਨ੍ਹਾਂ ਨੂੰ ਛੇੜੀਏ ਹੀ ਨਾ ਤੇ ਇਹ ਮਾਲਾ ਦੇ ਮਣਕਿਆਂ ਦੇ ਵਿਚ ਹੀ ਰੁਝੇ ਰਹਿਣ ਤਾਂ ਫੇਰ ਇਹ ਤਲਵਾਰ ਇਹ ਆਪਣੀ ਹਯਾਤੀ ਵਿਚ ਕਦੇ ਵੀ ਨਹੀਂ ਚੁਕਣਗੇ। ਇਨ੍ਹਾਂ ਵਲ ਨਜ਼ਰ ਨਾ ਉਠਾ ਕੇ ਵੇਖੀ ਜਾਏ। ਇਹ ਆਪੇ ਅਨਾੜੀ ਰਹਿਣਗੇ। ਪਰ ਹੁਣ ਸ਼ਹਿਨਸ਼ਾਹ ਦਾ ਹੁਕਮ ਏ। ਏਸ ਲਈ ਕੀਰਤਪੁਰ ਦੀ ਤਬਾਹੀ ਲਾਜ਼ਮੀ ਏ।

ਜ਼ਾਲਮ ਖਾਂ ਦਿਲੋਂ ਤੇ ਨਹੀਂ ਚਾਹੁੰਦਾ ਪਰ ਸਰਕਾਰੀ ਹੁਕਮ ਵੀ ਤੇ ਨਹੀਂ ਸੀ ਟਾਲ ਸਕਦਾ। ਬਹਾਨਾ ਕੋਈ ਨਹੀਂ ਸੀ ਬਸ ਇਕੋ ਰਾਹ ਸੀ ਹਮਲਾ ਕਰ ਦਿਓ।

ਫੌਜ ਚੜ੍ਹ ਪਈ। ਨੌਬਤ ਖੜਕੀ, ਨਗਾਰੇ ਵਜੇ। ਘੋੜਿਆਂ ਦੀਆਂ ਕਤਾਰਾਂ ਆਣ ਜੁੜੀਆਂ।

—ਕਿਧਰ ਜਾਣ ਦਾ ਵਿਚਾਰ ਏ, ਮਨਸਫਦਾਰ ਜੀ।

—ਹੁਕਮ ਕੀਰਤਪੁਰ ਵਲ ਹੋਇਆ ਏ। ਕਾਫ਼ਲੇ ਦਾ ਮੂੰਹ ਓਧਰ ਮੋੜ ਦਿਓ।

—ਖਾਂ ਸਾਹਿਬ ਫਕੀਰਾਂ ਤੇ ਹਮਲਾ ਕਰਦਿਆਂ ਸ਼ਰਮ ਨਾ ਆਊ?

—ਸ਼ਰਮ ਤੇ ਆਉਂਦੀ ਏ ਪਰ ਸਰਕਾਰੀ ਹੁਕਮ ਏ। ਸੱਪ ਦੇ ਮੂੰਹ ਵਿਚ ਕੋੜ੍ਹ ਕਿਰਲੀ ਆ ਗਈ ਏ। ਡੁਬ ਮਰੋ, ਛਪੜ ਵਿਚ ਨੱਕ ਡੋਬ ਕੇ। ਟਕਰ ਲੈਣ ਦਾ ਮਜ਼ਾ ਤਾਂ ਆਉਂਦਾ ਏ ਜੇ ਮੁਕਾਬਲੇ ਤੇ ਵੀ ਟਕਰ ਹੋਵੇ।

ਸਪ ਦੇ ਮੂੰਹ ਵਿਚ ਕੋੜ੍ਹ ਕਿਰਲੀ ਜੇ ਛੱਡੇ ਤੇ ਲਾਜ ਲਗੇ ਜੇ ਖਾਵੇ ਤੇ ਕੋੜ੍ਹ ਹੋਵੇ।

—ਉਨ੍ਹਾਂ ਤੈਨੂੰ ਆਖਣਾ ਤੇ ਕੁਝ ਨਹੀਂ ਤੇ ਮੂੰਹੋ ਕੁਝ ਬੋਲਣਾ ਵੀ ਨਹੀਂ ਪਰ ਜੇ ਬਚੂ ਉਨ੍ਹਾਂ ਬਦ ਦੁਆ ਦੇ ਦਿੱਤੀ ਤਾਂ ਤੇਰੀਆਂ ਸੱਤੇ ਕੁਲਾਂ ਨਸ਼ਟ ਹੋ ਜਾਣਗੀਆਂ। ਕਿਉਂਕਿ ਉਨ੍ਹਾਂ ਦਾ ਕੋਈ ਕਸੂਰ ਨਹੀਂ। ਐਵੇਂ ਕਿਸੇ ਦੇ ਘਰ ਵਿਚ ਵੜਨਾ ਉਥਲ ਪੁਥਲ ਕਰ ਦੇਣਾ ਘਰ। ਘਰ ਲੁਟਣਾ ਕੋਈ ਬਹਾਦਰੀ ਨਹੀਂ।

—ਬਾਦਸ਼ਾਹ ਦਾ ਹੁਕਮ ਟਾਲਿਆ ਨਹੀਂ ਜਾ ਸਕਦਾ ਤੇ ਨਾ ਹੀ ਕਹਿਰ-ਏ-ਖ਼ੁਦਾ ਤੋਂ ਬਚਿਆ ਜਾ ਸਕਦਾ ਏ।

—ਇਕ ਪਾਸੇ ਖੂਹ ਏ ਤੇ ਦੂਜੇ ਪਾਸੇ ਖਾਈ। ਧੌਣ ਦੂਹਾਂ ਪਾਸਿਓਂ ਟੁਟੇਗੀ।

—ਅਜੇ ਵੀ ਵਕਤ ਹੈ ਤੌਬਾ ਕਰ ਲਵੋ।

—ਖਾਂ ਸਾਹਿਬ ਦਰਵੇਸ਼ਾਂ ਤੇ ਹੱਥ ਨਹੀਂ ਚੁਕੀਦਾ।

—ਹਕੂਮਤ ਏਸ ਤਰ੍ਹਾਂ ਨਹੀਂ ਚਲਦੀ। ਸਹੀ ਕਦਮ ਚੁਕਿਆਂ ਹਕੂਮਤ ਦੇ ਪੈਰ ਡਗਮਗਾ ਜਾਂਦੇ ਹਨ।

ਗੁਰੂ ਤੇ ਕੀਰਤਪੁਰ ਵਿਚ ਬੈਠੇ ਸਨ ਉਨ੍ਹਾਂ ਨੂੰ ਤੇ ਚਿਤ ਚੇਤਾ ਹੀ ਨਹੀਂ ਸੀ। ਪਰ ਦ੍ਰਿਸ਼ਟੀ ਤੇ ਬਲਵਾਨ ਸੀ।

ਉਸੇ ਰਾਤੀ ਖਾਂ ਸਾਹਿਬ ਨੇ ਸ਼ਰਾਬ ਪੀਤੀ, ਕੱਚਾ ਗੋਸ਼ਤ ਖਾਧਾ, ਅੱਧ ਭੁਜਾ। ਬੜਾ ਸਵਾਦ ਸੀ। ਜਿਹਾ ਢਿੱਡ ਵਿਚ ਸੂਲ ਉਠਿਆ ਹਜ਼ੂਰ ਨੇ ਰਾਤ ਵੀ ਨਾ ਕੱਟੀ ਤੇ ਅੱਲਾਹ ਨੂੰ ਪਿਆਰੇ ਹੋ ਗਏ। ਕੀਰਤਪੁਰ ਦੀ ਜੂਹ ਅਜੇ ਬਹੁਤ ਦੂਰ ਸੀ।

ਸ਼ਾਹੀ ਨਜ਼ਰ ਨੇ ਇਕ ਹੋਰ ਚੋਣ ਕੀਤੀ। ਜਰਨੈਲ ਦੌਦੇ ਖਾਂ ਨਿਤਰਿਆ। ਕੰਧਾਰ ਦਾ ਰਹਿਣ ਵਾਲਾ ਸੀ। ਖੁਦਾ ਦਾ ਡਰ ਤੇ ਸੀ ਪਰ ਅਗੇ ਕੋਈ ਪੇਸ਼ ਨਾ ਚਲੀ। ਰਬ ਨੇੜੇ ਕੇ ਘਸੁੰਨ। ਦੋਵਾਂ ਖਾਨਾਂ ਨੇ ਫੈਸਲਾ ਕਰ ਲਿਆ ਕਿ ਕੀਰਤਪੁਰ ਤੇ ਹਮਲਾ ਕੀਤਾ ਜਾਏ। ਫੌਜ ਨੂੰ ਤਿਆਰੀ ਦਾ ਹੁਕਮ ਦੇ ਦਿੱਤਾ। ਘੋੜ ਸਵਾਰ ਨਿਕਲੇ ਇਕ ਤੋਂ ਇਕ ਵੱਧ। ਕੀਰਤਪੁਰ ਵੀ ਕੋਈ ਗਲ ਏ। ਚਾਰ ਬੰਦੇ ਜਾਣ ਤੇ ਕੀਰਤਪੁਰ ਨੂੰ ਨਿਵਾ ਲੈਣਗੇ।

—ਅੱਲਾਹ ਦੇ ਘਰ ਦੇ ਪਹਿਰੇਦਾਰ ਹਨ ਹਜ਼ੂਰ ਗੁਰੂ। ਵਿਚਾਰ ਕੇ ਕਦਮ ਚੁਕਿਆ ਜਾਏ। ਅੱਲਾਹ ਵਾਲਿਆਂ ਨੂੰ ਛੇੜਿਆ ਨਹੀਂ ਜਾਂਦਾ। ਟਕਰ ਲੈਣੀ ਏ ਤਾਂ ਬਰਾਬਰ ਦੇ ਬੰਦੇ ਨਾਲ ਲਵੋ। ਉਹ ਤੇ ਸਾਧੂ ਹਨ, ਸੰਤ ਹਨ, ਫਕੀਰ ਹਨ। ਉਨ੍ਹਾਂ ਨਾਲ ਲੜਦਿਆਂ ਤੁਹਾਨੂੰ ਸ਼ਰਮ ਨਾ ਆਊ।

—ਸ਼ਰਮ ਕਾਹਦੀ ? ਸ਼ਾਹੀ ਹੁਕਮ ਏ ਅਸੀਂ ਤੇ ਹੁਕਮ ਦੇ ਗੁਲਾਮ ਹਾਂ।

—ਗ਼ਲਤ ਹੁਕਮ ਤੇ ਵੀ ਅਮਲ ਕੀਤਾ ਜਾਏਗਾ। ਸਾਨੂੰ ਉਹਦੇ ਬਾਰੇ ਸੋਚਣ ਦੀ ਕੋਈ ਜ਼ਰੂਰਤ ਨਹੀਂ। ਕਿਉਂਕਿ ਸ਼ਾਹੀ ਹੁਕਮ ਏ ਭਾਵੇਂ ਅਗੇ ਖੂਹ ਹੋਵੇ, ਡਿਗਦਿਆ ਹੀ ਮਰ ਜਾਈਏ।

—ਨੌਕਰੀ ਤੇ ਫਿਰ ਨਖ਼ਰਾ ਕਾਹਦਾ। ਨੌਕਰੀ ਦਾ ਮਤਲਬ ਈ ਏ ਜੀਅ ਹਜ਼ੂਰੀ।

—ਯਾਰ ਤੇ ਹਮਲਾ ਹੀ ਕਰਨਾ ਏ ਤਾਂ ਫੇਰ ਬਰਾਬਰ ਦੀ ਸੱਟ ਲਭੋ। ਜ਼ਰਾ ਤਲਵਾਰ ਪਰਖਣ ਦਾ ਮਜ਼ਾ ਆਵੇ। ਗੁਰੂ ਤੇ ਗਊ ਹਨ। ਬੇਦੋਸ਼ਿਆਂ ਤੇ ਹਮਲਾ ਕਰਨਾ ਬੇਇਨਸਾਫੀ ਏ। ਖੁਦਾ ਦੇ ਕਹਿਰ ਤੋਂ ਡਰੋ। ਗੁਨਾਹ ਕੀਤਾ ਵੀ ਤੇ ਬੇਲਜ਼ਤ ਨਹੀਂ ਹੋਣਾ ਚਾਹੀਦਾ।

—ਬਚੂ ਬੜੀਆਂ ਡੀਂਗਾਂ ਮਾਰਨਾ ਏਂ, ਸ਼ਾਹੀ ਗੁੱਸੇ ਦਾ ਅਜ਼ਾਬ ਨਹੀਂ ਡਿੱਠਾ। ਸ਼ਾਹੀ ਹੁਕਮ ਅੱਖਾਂ ਤੋਂ ਅੰਨ੍ਹਾ ਤੇ ਕੰਨਾਂ ਤੋਂ ਬੋਲਾ ਹੁੰਦਾ ਏ। ਜੇ ਸੌ ਘਰ ਉਜੜ ਵੀ ਜਾਣਗੇ ਤਾਂ ਫੇਰ ਹਕੂਮਤ ਦੇ ਮੱਥੇ ਤੇ ਕਿਹੜਾ ਸ਼ਿਕਨ ਆ ਚਲਿਆ ਏ। ਸੌ ਬੰਦਿਆਂ ਦੇ ਲਹੂ ਨਾਲ ਲੋਟੇ ਭਰੇ ਜਾਣ ਤੇ ਵੁਜ਼ੂ ਨਹੀਂ ਹੁੰਦਾ ਬਾਦਸ਼ਾਹ ਦਾ। ਬਾਦਸ਼ਾਹ ਦਾ ਹੁਕਮ ਏ ਪਾਲਣਾ ਜ਼ਰੂਰੀ ਏ।

—ਮੈਂ ਤੇ ਬਿਨ ਆਈ ਮੌਤ ਨਹੀਂ ਮਰਨਾ। ਅੱਖੀਂ ਵੇਖ ਕੇ ਮੌਤ ਨੂੰ ਮੁੱਲ ਨਹੀਂ ਖਰੀਦਣਾ ਤੁਸਾਂ ਜੇ ਡੁਬਣਾ ਏ ਤਾਂ ਡੁਬ ਕੇ ਵੇਖੋ ਮੈਂ ਤੇ ਕੰਢੇ ਤੇ ਤਮਾਸ਼ਾ ਵੇਖਾਂਗਾ।

—ਸ਼ਾਇਦ ਤੂੰ ਮੇਰੀ ਤਲਵਾਰ ਦੀ ਧਾਰ ਅਜੇ ਤਕ ਨਹੀਂ ਵੇਖੀ। ਮੈਂ ਸ਼ਾਹੀ ਹੁਕਮ ਦੇ ਮੁਤਾਬਕ ਤੈਨੂੰ ਹੁਕਮ ਦੇ ਰਿਹਾ ਹਾਂ।

—ਹਜ਼ੂਰ ਮੈਂ ਤੁਹਾਡੇ ਹੁਕਮ ਦੀ ਪਾਲਣਾ ਨਹੀਂ ਕਰ ਸਕਦਾ, ਏਸ ਲਈ ਕਿ ਹੁਕਮ ਵਿਚ ਅਕਲਮੰਦੀ ਵਾਲੀ ਕੋਈ ਗੱਲ ਨਹੀਂ। ਹਕੂਮਤਾਂ ਦੀ ਮੂਰਖਾਂ ਦੀ ਪੰਚਾਇਤ ਏ। ਅਕਲਮੰਦ ਨੂੰ ਚਾਹੀਦਾ ਏ ਉਥੋਂ ਉਠ ਜਾਏ।

—ਹਕੂਮਤ ਅਗੇ ਨਾਂਹ ਕਰਨ ਵਾਲੇ ਦੀ ਸਜਾ ਮੌਤ ਏ।

—ਚੰਗਾ ਖਾਂ ਸਾਹਿਬ ਅਸਲਾਮਾ ਲੇਕਮ। ਫਿਰ ਮਿਲਾਂਗੇ। ਮੈਂ ਜ਼ਰਾ ਘਰ ਵਾਲਿਆਂ ਦੀ ਸੁਖ ਸਾਂਦ ਪੁਛ ਆਵਾਂ। ਮੈਂ ਤੁਹਾਨੂੰ ਕੀਰਤਪੁਰ ਹੀ ਆਣ ਕੇ ਮਿਲਾਂਗੇ।

—ਤੇਰੇ ਬੋਲਾਂ ਵਿਚੋਂ ਬਗ਼ਾਵਤ ਦੀ ਬੋ ਆਉਂਦੀ ਏ।

—ਮਜ਼ਲੂਮਾਂ ਤੇ ਹਮਲਾ ਕਰਨਾ ਨਿਹੱਥਿਆਂ ਤੇ ਤਲਵਾਰ ਚੁਕਣੀ ਗੁਨਾਹ-ਏ-ਅਜ਼ੀਮ ਏ।

—ਇਹ ਗੁਸਤਾਖ਼ੀ ਏ, ਮੈਨੂੰ ਦਰਬਾਰ ਵਿਚ ਸ਼ਕਾਇਤ ਕਰਨੀ ਪਊ।

—ਅੱਛਾ ਉਹ ਮੰਜ਼ਲ ਅਜੇ ਦੂਰ ਏ। ਮੈਂ ਘਰ ਵਾਲਿਆਂ ਦੀ ਖ਼ੈਰ ਖ਼ੈਰੀਅਤ ਤੇ ਪੁਛ ਆਵਾਂ।

—ਰਾਤ ਗੁਜ਼ਾਰਨੀ ਏ ਗੁਜ਼ਰ ਜਾਏਗੀ। ਦਿਨ ਚੜ੍ਹਦਾ ਏ ਤੇ ਕੁਝ ਹੱਥ ਪੈਰ ਮਾਰਾਂਗੇ।

—ਦਾਊਦ ਖਾਂ ਜੇ ਅੱਲਾ ਨੇ ਜੇ ਤੈਨੂੰ ਦਿਨ ਚੜ੍ਹਨ ਦਾ ਮੂੰਹ ਹੀ ਨਾ ਵਿਖਾਇਆ ਤਾਂ ਫੇਰ।

—ਜਾ-ਜਾ ਕੰਮ ਕਰ, ਅੱਲਾ ਕੋਈ ਏਨਾ ਬੇਇਨਸਾਫ਼ ਥੋੜ੍ਹਾ ਏ।

—ਘੋੜਾ ਕਾਠੀ ਸਣੇ ਖਲੋਤਾ ਹੋਇਆ ਸੀ। ਪਰ ਸਵਾਰ ਨਾ ਰਿਹਾ। ਅੱਲਾਹ ਨੇ ਚੁਕ ਲਿਆ ਰਾਤ ਦੀ ਬੁਕਲ ਵਿਚ ਹੀ।

ਗੁਰੂ ਹਰਿਗੋਬਿੰਦ ਨੇ ਬਖਸ਼ਸ਼ ਕੀਤੀ ਸੀ ਗੁਰੂ ਹਰਿ ਰਾਏ ਉਤੇ।

—ਜੋ ਤੁਹਾਡੇ ਉਤੇ ਵਾਰ ਕਰੇਗਾ, ਜਾਂ ਸੰਕਲਪ ਵੀ ਕਰੇਗਾ ਉਸ ਦਾ ਨਾਸ਼ ਹੋ ਜਾਏਗਾ। ਜਾਵੋ ਗੁਰੂ ਰਾਖਾ!

ਮਹਿਮਾ ਪਰਕਾਸ਼ ਵਾਲਾ ਖਾਮੋਸ਼ ਕਿਸ ਤਰ੍ਹਾਂ ਰਹਿ ਸਕਦਾ ਏ :—

"ਪੁਨਿ ਔਰ ਅਮੀਰ ਕੀਆ ਠੌਰ ਤਾ ਕੇ ਰੋਗ ਭਇਆ ਕੁਛ ਔਰ।
ਕੇਤਕ ਬਾਰ ਫੌਜ ਪਠਾਈ, ਜੋ ਗੁਰ ਪਰ ਕਰੇ ਚੜ੍ਹਤੋ ਜਾਈ।

ਸ਼ਾਮਤ ਸ਼ਾਇਦ ਇਕ ਹੋਰ ਵੀ ਆ ਗਈ। ਸਹਾਰਨਪੁਰ ਦੇ ਮਾਹਰ ਖਾਂ ਨੇ ਹਿਕ ਤੇ ਮਾਰ ਕੇ ਦਰਬਾਰ ਵਿਚੋਂ ਬੀੜਾ ਚੁਕ ਲਿਆ ਕਿ ਮੈਂ ਹਮਲਾ ਕਰਾਂਗਾ ਕੀਰਤਪੁਰ ਤੇ। ਸਣੇ ਘੋੜੇ ਚੁਕ ਕੇ ਲਿਆਵਾਂਗਾ ਗੁਰੂ ਨੂੰ ਪਤਾ ਨਹੀਂ ਉਹ ਕੀ ਬਣਿਆ ਬੈਠਾ ਏ। ਸਾਡੇ ਚਟੇ ਤਾਂ ਕਦੇ ਰੁਖ ਵੀ ਹਰੇ ਨਹੀਂ ਹੋਏ।

—ਖਾਂ ਸਾਹਿਬ ਫਰਾਊਨ ਨਹੀਂ ਬਣੀਦਾ। ਅੱਲਾਹ ਦਾ ਵੀ ਕੋਈ ਵਜੂਦ ਏ। ਆਖਣ ਵਾਲਾ ਪਹਿਲਾ ਬੰਦਾ ਸੀ।

—ਕਿਧਰ ਚਲੇ ਹਨ, ਖਾਨ, ਕੀਰਤਪੁਰ? ਅੱਲਾਹ ਨੂੰ ਢਾਹੁਣ? ਦੂਜੇ ਬੰਦੇ ਦੇ ਬੋਲ ਸਨ।

—ਇਹ ਕੋਈ ਦੂਜਾ ਖ਼ੁਦਾ ਪੈਦਾ ਹੋ ਗਿਆ ਏ। ਮੈਂ ਤੇ ਇਕੋ ਖ਼ੁਦਾ ਦਾ ਨਾਂ ਸੁਣਿਆ ਏ। ਨਾਹਰ ਖ਼ਾਂ ਦੇ ਬੋਲ ਸਨ।

—ਅੱਲਾਹ ਤੇ ਇਕੋ ਈ ਏ ਪਰ ਅੱਲਾਹ ਵਾਲੇ ਵੀ ਹਨ। ਖਾਂ ਉਨ੍ਹਾਂ ਗੁਰੂਆਂ ਦੀ ਅੱਲਾਹ ਨਾਲ ਯਾਰੀ ਏ ਬਾਜ਼ ਆ ਜਾ, ਕੋਈ ਬਹਾਨਾ ਕਰ ਦੇ। ਹਕੂਮਤ ਅੱਗੇ। ਬੀਮਾਰ ਬਣ ਜਾ। ਇਸ ਗੁਨਾਹ ਤੋਂ ਬਚ ਜਾਏਂਗਾ।

—ਟਟਹਿਣੇ ਤੋਂ ਨਾ ਡਰਾਓ। ਸਾਡੀ ਬਹਾਦਰੀ ਨੂੰ ਨਾ ਲਲਕਾਰੋ। ਬਿੱਲੀ ਵਿਖਾ ਕੇ ਬੁਜ਼ਦਿਲ ਨਾ ਬਣਾਓ।

—ਨਹੀਂ ਖਾਨ ਅਸੀਂ ਤੈਨੂੰ ਗ਼ਲਤ ਰਾਹ ਨਹੀਂ ਪਾ ਰਹੇ। ਉਹ ਵਲੀ ਹਨ। ਮੁਸਲਮਾਨ ਨਹੀਂ ਤੇ ਫੇਰ ਕੀ ਹੋਇਆ ਖ਼ੁਦਾ ਨਾਲ ਯਰਾਨਾ ਤੇ ਹੈ ਨਾ। ਜੇ ਤਲਵਾਰਾਂ ਦੀ ਉਲੀ ਲਾਹੁਣੀ ਹੋਵੇ ਤਾਂ ਫੇਰ ਸਾਹਮਣੇ ਵਾਲਾ ਦੁਸ਼ਮਣ ਸਾਂਵਾਂ ਹੋਣਾ ਚਾਹੀਦਾ ਏ।

—ਬਾਦਸ਼ਾਹ ਤੇ ਕੀਰਤਪੁਰ ਦੇ ਨਾਂ ਤੋਂ ਥਰ ਥਰ ਕੰਬਦਾ ਏ।

—ਉਹ ਜਾਣਦਾ ਏ ਕਿ ਕੀਰਤਪੁਰ ਦੀ ਅਜ਼ਮਤ ਕੀ ਏ। ਏਸ ਲਈ ਤੇ ਤੁਹਾਨੂੰ ਹੀ ਏਸ ਭੱਠੀ ਵਿਚ ਝੋਕਣਾ ਚਾਹੁੰਦਾ ਏ।

—ਦਿੱਲੀ ਦਾ ਤਖ਼ਤ ਤਲਵਾਰ ਨਾਲ ਆਕਾਸ਼ ਤੇ ਜਿੱਤ ਸਕਦਾ ਏ ਪਰ ਲੋਕਾਂ ਦੇ ਦਿਲ ਤੇ ਹਕੂਮਤ ਸਿਰਫ਼ ਗੁਰੂ ਹੀ ਕਰ ਸਕਦਾ ਏ।

—ਇਨਕਾਰ ਕਰੀਏ ਤਾਂ ਫੇਰ ਸਰੇ ਬਜ਼ਾਰ ਕਤਲ। ਇਸ ਤੋਂ ਘੱਟ ਕੋਈ ਸਜ਼ਾ ਨਹੀਂ। ਜਾਣ ਦਿਓ ਮੋੜੋ ਨਾ ਜੋ ਸਾਡੇ ਕਰਮਾਂ ਵਿਚ ਲਿਖਿਆ ਏ, ਹੋਣਾ ਉਹੋ ਕੁਝ ਹੈ। ਮੌਤ ਤੇ ਦੋਹੀਂ ਪਾਸੀਂ ਏ ਪਰ ਏਧਰ ਮੌਤ ਦੀ ਘੋੜੀ ਖ਼ੂਬਸੂਰਤ ਤੇ ਸ਼ਿੰਗਾਰੀ ਹੋਈ ਏ। ਚਲੋ ਅੱਲਾਹ ਦਾ ਨਾਂ ਲੈ ਕੇ ਮੈਦਾਨ-ਏ-ਕਰਬਲਾ ਵਿਚ।

—ਗਿੱਦੜ ਦੀ ਜਦ ਮੌਤ ਆਉਂਦੀ ਏ ਤਾਂ ਉਹ ਮਸੀਤੀ ਚੜ੍ਹ ਕੇ ਮੂਤਦਾ ਏ।

ਸਹਾਰਨਪੁਰ ਤੋਂ ਅਜੇ ਪਹਿਲਾ ਹੀ ਪੜਾਅ ਕੀਤਾ ਸੀ। ਦਾਲਆ ਜਮਨਾ ਨਗਰ ਤੋਂ ਚਾਰ ਮੀਲ ਦੀ ਵਿੱਥ ਤੇ ਸੀ। ਅਜੇ ਘੋੜੇ ਤੋਂ ਉਤਰੇ ਹੀ ਸਨ ਸੁੱਖ ਨਾਲ, ਕਿ ਇਕ ਦਮ ਹੈਜ਼ੇ ਦੀ ਵਬਾ ਫੈਲ ਗਈ। ਨਾ ਹਕੀਮਾਂ ਦੇ ਵੱਸ ਦੀ ਰਹੀ ਤੇ ਨਾ ਵੈਦਾਂ ਦੇ ਹੱਥ ਸ਼ਫਾ ਰਹੀ। ਬੱਸ ਇਕੋ ਹੀ ਨਾਂ ਬਾਕੀ ਸੀ ਤੇ ਉਹ ਸੀ ਅੱਲਾਹ ਦਾ ਨਾਂ। ਜਿਹੜਾ ਵੀ ਬਚਿਆ ਉਹ ਅੱਲਾਹ ਦਾ ਨਾਂ ਲੈ ਕੇ। ਹੈਜ਼ੇ ਨੇ ਕਈ ਸਿਕੰਦਰ ਮੌਤ ਦੀ ਗੋਦ ਵਿਚ ਸੁਆ ਦਿੱਤੇ।

ਨਾਹਰ ਖਾਨ ਇਕੱਲਾ ਹੀ ਅੱਲਾਹ ਦੇ ਘਰ ਹੱਜ ਕਰਨ ਨਾ ਗਿਆ ਨਾਲ ਹੋਰ ਵੀ ਕਈ ਸਾਥੀ ਲੈ ਲੱਥਾ। ਆਪ ਤੇ ਮਰਿਓਂ ਬ੍ਰਾਹਮਣਾ ਨਾਲ ਜਜਮਾਨ ਵੀ ਗਾਲੇ।

—ਇਹ ਗੁਰੂ ਦੀ ਕਰੋਪੀ ਦਾ ਸ਼ਿਕਾਰ ਹੋਏ ਹਨ। ਅਸਾਂ ਹੁਸੈਨ ਦਾ ਕਤਲ ਕਰਨ ਵਾਸਤੇ ਨੌਕਰੀ ਨਹੀਂ ਕਰਨੀ। ਬੰਦੇ ਦਾ ਮੁਕਾਬਲਾ ਬੰਦਾ ਤੇ ਕਰੇ ਪਰ ਅੱਲਾਹ ਦਾ ਮੁਕਾਬਲਾ ਕੌਣ ਕਰੂ।

□

੧੬ ~~੮੬~~

ਚਿੱਠੀ

ਹਕੂਮਤ ਕਦੀ ਵੀ ਕਿਸੇ ਦੀ ਬਰੋਬਰੀ ਨੂੰ ਕਬੂਲ ਨਹੀਂ ਕਰਦੀ। ਦੂਜਾ ਹੋਰ ਹੁੰਦਾ ਕੌਣ ਏ। ਆਪਣੇ ਆਪ ਨੂੰ ਇਹ ਆਖਣ ਵਾਲਾ ਕਿ ਮੈਂ ਲੋਕਾਂ ਦੇ ਦਿੱਲ ਤੇ ਰਾਜ ਕਰਦਾ ਹਾਂ। ਰਾਜ ਭਾਗ ਦਾ ਮਾਲਕ ਤੇ ਸਿਰਫ ਆਲਮਗੀਰ ਏ। ਹਿੰਦੁਸਤਾਨ ਵਿਚ ਹੋਰ ਦੂਸਰਾ ਕੋਈ ਬਾਦਸ਼ਾਹ ਨਹੀਂ। ਜੰਗਲ ਵਿਚ ਸਿਰਫ ਇਕੋ ਸ਼ੇਰ ਹੁੰਦਾ ਏ ਉਸੇ ਨੂੰ ਜੰਗਲ ਦਾ ਬਾਦਸ਼ਾਹ ਆਖਿਆ ਜਾਂਦਾ ਏ। ਭਾਵੇਂ ਜੰਗਲ ਵਿਚ ਹੋਰ ਵੀਹ ਸ਼ੇਰ ਹੋਣ। ਉਨ੍ਹਾਂ ਵਿਚ ਤੁਸੀਂ ਕਿਸੇ ਨੂੰ ਬਾਦਸ਼ਾਹ ਨਹੀਂ ਆਖ ਸਕਦੇ!

ਦੁਨੀਆਂ ਦਾ ਮਾਲਕ ਖ਼ੁਦਾ ਤੇ ਜ਼ਮੀਨ ਦਾ ਮਾਲਕ ਬਾਦਸ਼ਾਹ। ਮੁਗ਼ਲ ਸ਼ਹਿਨਸ਼ਾਹ ਨੂੰ ਲੋਕ ਦੂਜਾ ਖ਼ੁਦਾ ਮੰਨਦੇ ਹਨ, ਭਾਵੇਂ ਜੁੱਤੀ ਦੇ ਡਰੋਂ ਤੇ ਭਾਵੇਂ ਰੁਤਬੇ ਲੈਣ ਲਈ।

ਗੁਰੂ ਕੌਣ ਹਨ, ਗੁਰੂ ਹੈਨ ਕੀ ਚੀਜ਼। ਗੁਰੂਆਂ ਨੂੰ ਕੀ ਹੱਕ ਏ ਹਕੂਮਤ ਵਿਚ ਲੱਤ ਅੜਾਉਣ ਦਾ। ਜਿਨ੍ਹੂੰ ਮੈਂ ਚਾਹਵਾਂ ਗੁਰੂ ਬਣਾ ਦੇਵਾਂ। ਬਾਦਸ਼ਾਹ ਦੀ ਬੜੀ ਤਾਕਤ ਏ। ਗੁਰੂ ਮੇਰੀ ਗੱਲ ਸੁਣਨ ਕਿਉਂ ਨਾ। ਜੇ ਗੁਰੂਆਂ ਨੇ ਮੇਰੇ ਰਾਜ ਵਿਚ ਵਸਣਾ ਏ ਤਾਂ ਉਨ੍ਹਾਂ ਨੂੰ ਮੇਰੇ ਇਸ਼ਾਰਿਆਂ ਤੇ ਚਲਣਾ ਹੀ ਪਊ। ਮੈਂ ਨਹੀਂ ਚਾਹੁੰਦਾ ਕਿ ਕੋਈ ਗੁਰੂ ਮੇਰੇ ਮੁਕਾਬਲੇ ਤੇ ਆਪਣੇ ਆਪ ਨੂੰ ਰੂਹਾਨੀ ਬਾਦਸ਼ਾਹ ਵੀ ਆਖੇ। ਔਰੰਗਜ਼ੇਬ ਇਸ ਤਰ੍ਹਾਂ ਸੋਚ ਰਿਹਾ ਸੀ।

ਫੌਜ ਚਾੜ੍ਹੀ ਤੇ ਨਾਕਾਮ ਸਾਬਤ ਹੋਈ। ਲੜਾਈ ਤਕ ਦੀ ਨੌਬਤ ਹੀ ਨਾ ਆਈ। ਪਹਿਲਾਂ ਹੀ ਫਾਤਿਆ ਪੜ੍ਹਿਆ ਗਿਆ। ਦਰਬਾਰ ਵਲੋਂ ਇਕ ਚਿੱਠੀ ਭੇਜੀ ਗਈ, ਮਜ਼ਮੂਨ ਕੁਝ ਇਸ ਤਰ੍ਹਾਂ ਦਾ ਸੀ:

ਗੁਰੂ ਨਾਨਕ ਦਾ ਘਰ ਬੇਲਾਗ, ਸੱਚੇ ਫਕੀਰਾਂ ਦਾ ਏ। ਬੁੱਤ ਪ੍ਰਸਤੀ, ਧੂਣੀ ਰਮਾਉਣੀ, ਕਬਰਾਂ ਪੂਜਣੀਆਂ। ਜਟਾਂ ਵਧਾਉਣੀਆਂ ਕੋਈ ਬਨਾਵਟ ਨਹੀਂ। ਸਿੱਧਾ ਸਾਦਾ ਧਰਮ ਏ।

ਤੁਮ ਹਮਾਰੀ ਹਕੂਮਤ ਮੇਂ ਖ਼ਲਲ ਪੈਦਾ ਕਰਤੇ ਹੋ, ਭਲਾ ਨਹੀਂ। ਹਮ ਆਪ ਸੇ ਮੇਲ ਮਿਲਾਪ ਕਰਨਾ ਚਾਹਤੇ ਹੈਂ। ਦਾਰਾ ਕੋ ਤੁਮਨੇ ਬਾਦਸ਼ਾਹੀ ਦੀ ਥੀ ਵੁਹ ਕਹਾਂ ਹੈ, ਕਿਧਰ ਗਈ। ਅਬ ਤੁਮਕੋ ਹਮੇਂ ਮਿਲਨੇ ਕਾ ਸ਼ੌਕ ਹੈ। ਤੁਮ ਕੋ ਜ਼ਰੂਰ ਮਿਲਨਾ ਚਾਹੀਏ। ਹਕੂਮਤ ਆਪ ਕਾ ਇਹਤਰਾਮ ਕਰੇਗੀ। ਇਹ ਚਿੱਠੀ ਇਕ ਦੀਵਾਨ ਸ਼ਿਵ ਦਿਆਲ ਲੈ ਕੇ ਆਇਆ ਕੀਰਤਪੁਰ। ਚਿੱਠੀ ਵਾਚੀ ਗਈ। ਤੇ ਭਰੇ ਦੀਵਾਨ ਵਿਚ ਪੜ੍ਹ ਕੇ ਸੁਣਾਈ ਗਈ। ਵਿਚਾਰਾਂ ਹੋਈਆਂ।

ਬਾਦਸ਼ਾਹ ਨਾਲ ਬਣਾ ਕੇ ਰਖਣੀ ਚਾਹੀਦੀ ਏ। ਤਾ ਕਿ ਹੋਰ ਕੋਈ ਬਖੇੜਾ ਨਾ ਵਧੇ।

ਬਾਦਸ਼ਾਹ ਨਾਲ ਸਾਡਾ ਵਾਸਤਾ ਕੀ ਏ, ਅਸਾਂ ਕੋਈ ਰੁਤਬੇ ਲੈਣੇ ਹਨ।

ਜੇ ਤਲਾਅ ਵਿਚ ਰਹਿਣਾ ਏ ਤਾਂ ਮਗਰਮੱਛ ਨਾਲ ਦੋਸਤੀ ਕਰਨੀ ਹੀ ਪਊ।

ਗੁਰੂ ਨਾਨਕ ਦਾ ਘਰ ਇਨ੍ਹਾਂ ਗੱਲਾਂ ਤੋਂ ਬੇਨਿਆਜ਼ ਏ। ਤੁਸੀਂ ਜੋ ਕੁਝ ਵੀ ਆਖ ਰਹੇ ਹੋ ਇਹ ਦੁਨੀਆਂਦਾਰੀ ਏ। ਅਸਾਂ ਧਰਮ ਕੀਤਾ ਏ। ਅਸਾਂ ਕਿਸੇ ਦੀ ਜ਼ਮੀਨ ਤੇ ਕੋਈ ਕਬਜ਼ਾ ਨਹੀਂ ਕਰਨਾ। ਕਿਸੇ ਦਾ ਹੱਕ ਨਹੀਂ ਮਾਰਨਾ। ਅਸੀਂ ਆਪਣੀ ਲਗਨ ਵਿਚ ਮਸਤ ਹਾਂ। ਅਸਾਂ ਓਸ ਜ਼ਾਲਮ ਦੇ ਮੱਥੇ ਨਹੀਂ ਲਗਣਾ, ਮਿਲਣਾ ਤੇ ਬੜੀ ਦੂਰ ਦੀ ਗੱਲ ਏ। ਡਰ, ਡਰਾਵੇ, ਹਮਲੇ, ਹੱਲੇ ਤੇ ਤੁਸਾਂ ਵੇਖ ਹੀ ਲਏ ਹਨ। ਗੁਰੂ ਘਰ ਦਾ ਇਹ ਕੁਝ ਨਹੀਂ ਵਿਗਾੜ ਸਕੇ, "ਸਿਰ ਉਪਰਿ ਠਾਢਾ ਗੁਰ ਸੂਰਾ"।

ਚਿੱਠੀ ਦਾ ਜਵਾਬ ਇਉਂ ਦਿਓ, ਫ਼ੁਰਮਾਇਆ ਗੁਰੂ ਹਰਿ ਰਾਇ ਨੇ—

"ਮੇਰਾ ਕੋਈ ਵਾਸਤਾ ਤੇਰੇ ਸਿਉ ਨਹੀਂ ਹੈ।
ਮੈਂ ਕਿਸੇ ਦਾ ਮੁਲਕ ਨਹੀਂ ਨੱਪਿਆ। ਨਾ ਹੀ ਤੇਰੇ ਕੋਈ ਦਾਮ ਦੇਣੇ ਹਨ।"

ਸਭ ਤੋਂ ਵੱਡੀ ਗੱਲ ਜੋ ਦੀਨ ਦੁਨੀਆਂ ਦੇ ਬਾਦਸ਼ਾਹ ਨੇ ਆਖੀ ਉਹ ਇਹ ਸੀ,

"ਨਾ ਤੈਨੂੰ ਕੋਈ ਖਰਾਜ ਦੇਣਾ ਏ ਤਾ ਨਾ ਹੀ ਕੁਝ ਲੈਣ ਦੀ ਖਾਹਿਸ਼ ਏ। ਖਰਾਜ ਰਾਜੇ ਦੇਂਦੇ ਹਨ ਫਕੀਰ ਨਹੀਂ—

"ਤੇਰੇ ਦਾਮ ਨਹੀਂ ਹਮ ਦੇਨੇ, ਅਰ ਨਹਿ ਖਾਹਿਸ਼ ਤੁਮ ਤੇ ਲੈਨੇ,
ਪੀਰ ਮੁਰੀਦੀ ਨਾਹਿ ਨ ਕੋਈ।"

ਦਾਰਾ ਨੂੰ ਤਖ਼ਤ ਮਿਲਣ ਵਾਲੀ ਗੱਲ ਲਿਖੀ ਏ। ਜ਼ਰਾ ਗਹੁ ਨਾਲ ਵੇਖੋ, ਦਿਲ ਦੀ ਅੱਖ ਖੋਲ੍ਹ। ਤੇਰੇ ਕੋਲ ਦਿੱਲ ਦੀ ਅੱਖ ਹੀ ਨਹੀਂ ਜੋ ਹੈ ਵੀ ਤਾਂ ਉਹਦੇ ਨਾਲ ਵੇਖਣਾ ਨਹੀਂ ਚਾਹੁੰਦਾ। ਤੇਰਾ ਦਿੱਲ ਜੋ ਆਵਾਜ਼ ਦੇਂਦਾ ਹੈ ਤੂੰ ਮਹਿਸੂਸ ਕਰਦਾ ਏਂ ਪਰ ਦਸਣਾ ਨਹੀਂ ਚਾਹੁੰਦਾ। ਇਸੇ ਲਈ ਕਿ ਤੂੰ ਬਾਦਸ਼ਾਹ ਏਂ। ਅਸੀਂ ਫ਼ਕੀਰ ਹਾਂ। ਸਾਡੇ ਕੋਲ ਕੋਈ ਪਰਦਾ ਨਹੀਂ। ਅਸੀਂ ਜੋ ਸਮਝਦੇ ਹਾਂ, ਜੋ ਵੇਖਦੇ ਹਾਂ, ਲੋਕਾਂ ਨੂੰ ਦੱਸ ਦਿੰਦੇ ਹਾਂ। ਦੀਨੀ ਪਾਤਸ਼ਾਹੀ ਤੇ ਦਾਰਾ ਨੂੰ ਮਿਲੀ ਏ ਉਹ ਅਜ ਵੀ ਲੋਕਾਂ ਦੇ ਦਿਲ ਤੇ ਰਾਜ ਕਰ ਰਿਹਾ ਏ। ਤੇਰੀ ਝੂਠੀ ਪਾਤਸ਼ਾਹੀ ਏ ਇਸ ਹਵਾ ਦਾ ਇਕ ਬੁਲ੍ਹਾ ਵੀ ਨਹੀਂ ਸਹਿਣਾ ਤੇ ਉਹਨੂੰ ਕਦੀ ਆਂਚ ਨਹੀਂ ਆ ਸਕਦੀ—

ਹਮਾਰੀ ਕਿਸੀ ਸੋ ਊਚੀ ਨੀਮੀ ਨਾਹੀ।
ਅਰ ਕਿਸੈ ਸੋ ਦਾਵਾ ਨਹੀਂ ਹਮਾਰੀ ਤਰਫ ਸੇ ਖਲਲ ਨਹੀਂ।
ਖਲਲ ਤੇਰੀ ਮਤਿ ਮੈਂ ਹੈ। ਅਰ ਦਾਰਾ ਸ਼ਕੋਹ ਕੋ ਬਾਦਸ਼ਾਹੀ ਦੀਨ ਦੀਆ ਹੈ।
ਸੋ ਤੁਮ ਕੋ ਦੇਖਨੇ ਨਹੀਂ ਆਵਤੀ।

ਚਿੱਠੀ ਦਰਬਾਰ ਵਿਚ ਪੁਜੀ ਬਾਦਸ਼ਾਹ ਬੜਾ ਸਟਪਟਾਇਆ, ਸੱਟ ਖਾਧੇ ਸੱਪ ਵਾਂਗੂੰ ਕਈ ਮਰੋੜੇ ਖਾਧੇ ਭੂਤਰੇ ਸ਼ੇਰ ਵਾਂਗੂੰ ਬੜ੍ਹਕਾਂ ਵੀ ਮਾਰੀਆਂ। ਚਿੱਠੀ ਨੇ ਬਾਦਸ਼ਾਹ ਦਾ ਖਾਣਾ, ਪੀਣਾ, ਸੌਣਾ ਹਰਾਮ ਕਰ ਦਿੱਤਾ। ਇਕ ਮਾਮੂਲੀ ਜਿਹਾ ਧੂਣਾ ਇਕ ਅਨਾਥਾਂ ਦੀ ਟੋਲੀ, ਇਹ ਸਾਧਾਂ ਦੀ ਟੁਕੜੀ। ਇਹ ਬੇਸਹਾਰੇ ਲੋਕਾਂ ਦਾ ਜੱਥਾ। ਯਾਰੋ ਹਕੂਮਤ ਨੂੰ ਟਿਚ ਸਮਝਦਾ ਏ।

ਗੋਲਕੰਡਾ, ਬੀਜਾ ਪੁਰ ਅੱਖਾਂ ਵਿਖਾਵੇ, ਉਹਦਾ ਤੇ ਕੋਈ ਮਤਲਬ ਹੋਇਆ। ਇਹ ਨਾ ਤਿੰਨਾਂ ਵਿਚ ਤੇ ਨਾ ਤੇਰਾਂ ਵਿਚ। ਇਹ ਵੀ ਬਾਦਸ਼ਾਹ ਨੂੰ ਘੂਰਦੇ ਹਨ।

ਮੈਂ ਹਿੰਦੁਸਤਾਨ ਦਾ ਸ਼ਹਿਨਸ਼ਾਹ ਯਾਰੋ ਇਹ ਕੀੜੇ ਮਕੌੜੇ ਵੀ ਪਰ ਮਾਰ ਰਹੇ ਹਨ।

ਹਕੂਮਤ ਦੇ ਭੱਥੇ ਵਿਚ ਅਜੇ ਬੜੇ ਤੀਰ ਹਨ। ਔਰੰਗਜ਼ੇਬ ਦਾ ਗੁੱਸਾ ਮੌਤ ਦਾ ਇਕ ਫਰਿਸ਼ਤਾ ਏ।

ਆਓ, ਇਕ ਵਾਰ ਮੇਰੇ ਕੋਲ ਆਓ, ਬੱਤੀਆਂ ਦੰਦਾਂ ਵਿਚੋਂ ਜੋ ਮੰਗੋਗੇ ਉਹ ਮਿਲੂ। ਬਾਦਸ਼ਾਹ ਖ਼ੁਦਾ ਤੋਂ ਬਾਅਦ ਦੂਜੀ ਤਾਕਤ ਦਾ ਨਾਂ ਏ।

□

੭੭

ਦੂਤ ਆਇਆ

ਮੂੰਹ ਵਿਚ ਰਾਮ ਰਾਮ ਤੇ ਬਗਲ ਵਿਚ ਛੁਰੀ। ਮੂੰਹ ਦਾ ਮਿੱਠਾ ਤੇ ਅੰਦਰੋਂ ਜ਼ਹਿਰ ਦੀ ਪੁੜੀ। ਛੱਤੀ ਪਤਣ ਤਰਿਆ ਦੂਤ। ਚਿੱਠੀ ਲੈ ਕੇ ਆਇਆ। ਛਲੀਏ, ਮੀਸਣੇ, ਕਪਟੀ ਤੇ ਧੋਖੇਬਾਜ਼। ਬਿਲਕੁਲ ਦੁੱਧ ਧੋਤੇ ਕਪੜੇ ਸਨ। ਬਗਲੇ ਵਰਗਾ ਰੰਗ। ਚਿੱਠੀ ਵਿਚੋਂ ਅਤਰ ਦੀ ਖੁਸ਼ਬੂ ਆ ਰਹੀ ਸੀ ਪਰ ਚਿੱਠੀ ਵਿਚ ਜ਼ਹਿਰ ਲੁਕਿਆ ਹੋਇਆ ਸੀ।

ਮਿੱਠੀਆਂ ਮਿੱਠੀਆਂ ਗੱਲਾਂ ਨਾਲ ਭਰਮਾਇਆ ਗਿਆ ਸੀ ਪਰ ਅੰਦਰੋਂ ਨੀਅਤ ਖੋਟੀ

ਸੀ। ਦੂਤ ਨੇ ਹੱਥ ਬੰਨ੍ਹੇ ਤੇ ਅਰਜ਼ ਕੀਤੀ ਸਤਿਗੁਰੂ ਤੁਸੀਂ ਜਿੰਨਾ ਬਾਦਸ਼ਾਹ ਸਲਾਮਤ ਨੂੰ ਬੁਰਾ ਸਮਝਦੇ ਹੋ ਉਹ ਉਨਾ ਬੁਰਾ ਨਹੀਂ। ਮਾਂਹ ਕਿਸੇ ਨੂੰ ਬਾਦੀ ਤੇ ਕਿਸੇ ਨੂੰ ਨਰੋਏ। ਬਾਦਸ਼ਾਹ ਤੋਂ ਹਰ ਆਦਮੀ ਕਦੀ ਖੁਸ਼ ਨਹੀਂ ਹੋ ਸਕਦਾ। ਹਜ਼ੂਰ ਬਾਦਸ਼ਾਹ ਬੜਾ ਚਾਹਵਾਨ ਏ। ਦੀਦਾਰ ਕਰਨ ਦੀ ਬੜੀ ਖਾਹਿਸ਼ ਰਖਦਾ ਏ।

—ਸਤਿਗੁਰਾਂ ਫੁਰਮਾਇਆ, ਉਹ ਕਪਟ ਨਾਲ ਭਰਿਆ ਪਿਆ ਏ। ਉਹ ਚਾਹੁੰਦਾ ਏ ਕਿ ਅਸੀਂ ਇਹ ਗੱਲ ਆਖੀਏ ਕਿ ਬਾਦਸ਼ਾਹ ਬਹੁਤ ਰਹਿਮ ਦਿਲ ਏ। ਇਨਸਾਫ ਪਸੰਦ ਏ। ਗ਼ਰੀਬ ਨਿਵਾਜ਼ ਏ। ਇਹਦੇ ਨਾਲ ਸਾਰੇ ਕੀਤੇ ਗੁਨਾਹਾਂ ਤੇ ਪਰਦਾ ਪੈ ਜਾਏਗਾ ਤੇ ਸਾਡੇ ਬੋਲ ਇਸ ਤਰ੍ਹਾਂ ਪੱਥਰ ਤੇ ਲੀਕ ਬਣ ਜਾਣਗੇ। ਸਾਰੇ ਲੋਕ ਥੋੜ੍ਹੇ ਜਾਣਦੇ ਹਨ ਕਿ ਉਸ ਕੀ ਕੀ ਕਾਰੇ ਕੀਤੇ ਹੋਏ ਹਨ।

—ਨਹੀਂ ਸਰਕਾਰ ਤੁਸੀਂ ਗ਼ਲਤ ਫਹਿਮੀ ਵਿਚ ਹੋ। ਬਾਦਸ਼ਾਹ ਬਹੁਤ ਨੇਕਦਿਲ ਇਨਸਾਨ ਏ ਤੁਸੀਂ ਇਕ ਵਾਰ ਮਿਲ ਕੇ ਵੇਖੋ।

—ਅਸੀਂ ਬਾਦਸ਼ਾਹ ਨੂੰ ਕਿਉਂ ਨਹੀਂ ਮਿਲਦੇ ਅਸੀਂ ਉਹਨੂੰ ਮਿਲਣਾ ਵੀ ਨਹੀਂ। ਇਸ ਨਾ ਮਿਲਣ ਵਿਚ ਪੰਜ ਕਾਰਨ ਹਨ। ਤੁਸੀਂ ਜਾ ਕੇ ਦੱਸ ਦਿਓ।

ਜਿਹੜੇ ਖ਼ੁਦਾ ਦਾ ਰਾਹ ਜਾਣ ਗਏ ਹਨ। ਜਿਨ੍ਹਾਂ ਨੇ ਖ਼ੁਦਾ ਨਾਲ ਇਸ਼ਕ ਕਰ ਲਿਆ ਏ ਉਹ ਛਲੀਏ ਬਾਦਸ਼ਾਹ ਤੋਂ ਨਹੀਂ ਡਰਦੇ—

'ਜੋ ਨਿਸ਼ੰਗ, ਮਰਾ. ਲਖਬੇ, ਖ਼ੁਦਾਇ, ਨਹੀਂ ਤਰਾਸ ਨੌਰੰਗੇ ਤੇ ਪਾਇ।

ਔਰੰਗਜ਼ੇਬ ਦੀਨ ਦਾਰ ਨਹੀਂ ਹੈ, ਜਰਾ ਸੋਂ ਦ੍ਰੋਹ ਮਚਾਚੋਂ', ਜਗਤ ਧ੍ਰੋਹੀ ਹੈ। ਤ੍ਰਿਤੀਏ ਪਿਤਾ ਭ੍ਰਾਤਾ ਸੰਘਾਰੇ। ਭਰਾਵਾਂ ਦੇ ਖ਼ੂਨ ਵਿਚ ਤਰ ਕੇ ਪਿਤਾ ਦੀ ਛਾਤੀ ਤੇ ਪੈਰ ਰੱਖ ਕੇ ਤਖ਼ਤ ਤੇ ਬੈਠਾ ਹੈ। ਫਹੀਮ ਹਿਜੜੇ ਦੇ ਹੱਥੀਂ ਉਸ ਹਕੀਮ ਮੁਕਰਮ ਖਾਨ ਤੋਂ ਜ਼ਹਿਰ ਲੈ ਕੇ ਭੇਜਿਆ ਸੀ ਕਿ ਪਿਤਾ ਸ਼ਾਹ ਜਹਾਨ ਨੂੰ ਜ਼ਹਿਰ ਖੁਆ ਦੇਵੇ। ਇਹਦੇ ਬਦਲੇ ਜਾਗੀਰ ਦੇਵਾਂਗਾ। ਪਰ ਉਹ ਹਕੀਮ ਖਾਨਦਾਨੀ ਤੇ ਅਸੂਲ ਦਾ ਪੱਕਾ ਸੀ। ਉਸ ਬਾਦਸ਼ਾਹ ਦਾ ਹੁਕਮ ਨਾ ਮੰਨਿਆ ਤੇ ਜ਼ਹਿਰ ਆਪ ਖਾ ਲਿਆ ਪਰ ਧਰੋਹ ਨਹੀਂ ਕਮਾਇਆ। ਹਕੀਮੀ ਦੇ ਪੇਸ਼ੇ ਨੂੰ ਲਾਜ ਨਹੀਂ ਲੱਗਣ ਦਿੱਤੀ।

ਚੌਥਾ ਸੰਤ ਕਰੇ ਦੁਖਿਆਰੇ। ਕਿੰਨੇ ਮਹਾਂ ਪੁਰਸ਼, ਸੰਤਾਂ, ਸੂਫ਼ੀ, ਫਕੀਰਾਂ ਨੂੰ ਦੁਖੀ ਕਰ ਰਿਹਾ ਏ ਤੇ ਉਨ੍ਹਾਂ ਨੂੰ ਜਾਨੋਂ ਮਾਰ ਰਿਹਾ ਏ। ਦਰਬਾਰ ਵਿਚ ਸੱਦਣਾ, ਨਵੇਂ ਕਪੜੇ ਦੇਣੇ। ਤੇ ਆਖਣਾ ਸਾਹਮਣੇ ਪਾ। ਗੋਦੜੀ ਲੁਹਾ ਲੈਣੀ। ਸਾਰੀ ਹਯਾਤੀ ਦੀ ਇਕੱਠੀ ਕੀਤੀ ਪੂੰਜੀ ਜਿੰਨੀ ਵੀ ਰਖੀ ਹੁੰਦੀ ਸੀ ਉਹ ਸਾਰੀ ਜ਼ਬਤ ਕਰ ਲੈਣੀ। ਤੇ ਮਗਰੋਂ ਮੌਤ ਦੀ ਸਜ਼ਾ ਦੇ ਦੇਣੀ। ਕੀ ਇਹ ਸ਼ੇਵਾ ਏ ਬਾਦਸ਼ਾਹਾਂ ਦਾ ? ਉਹ ਮੁਸਲਮਾਨ ਨਹੀਂ। ਮੁਸਲਮਾਨਾਂ ਨੂੰ ਕਤਲ ਕਰਦਾ ਏ ਤੇ ਖੁਸ਼ ਹੁੰਦਾ ਏ।

ਮੁਲਾਂ ਸ਼ਾਹ, ਬਖਸ਼ਾਨੀ ਦੀ ਭਰੇ ਦਰਬਾਰ ਵਿਚ ਇੱਜ਼ਤ ਲੈ ਲਈ। ਇਲਾਹਾਬਾਦ ਦੇ ਪ੍ਰਸਿੱਧ ਫਕੀਰ ਸ਼ੇਖ ਮੁਹੀਬ-ਉਲਾਹ ਦੇ ਪੈਰੋਕਾਰਾਂ ਨੂੰ ਤਸੀਹੇ ਦੇ ਕੇ ਹਲਾਕ ਕੀਤਾ। ਕਾਦੀਆਂ ਦੇ ਸ਼ੇਖ ਨਿਆਮਤ ਉਲਾ ਨਾਰਨੌਲ ਵਾਲਿਆਂ ਨੂੰ ਜੋ ਉਸ ਵੇਲੇ ਬੰਗਾਲ ਵਿਚ ਸਨ ਏਨੇ ਤਸੀਹੇ ਦਿੱਤੇ ਕਿ ਉਨ੍ਹਾਂ ਨੂੰ ਅਪਾਹਜ ਬਣਾ ਦਿੱਤਾ। ਸ਼ੇਖ ਬਰਹਾਜ ਸ਼ਾਸਤਰੀ ਦਾ ਸਿਰ ਜੁਦਾ ਕਰ ਦਿੱਤਾ। ਸ਼ਾਹ-ਉਦ-ਦੌਲਾ ਗੁਜਰਾਤ ਵਾਲੇ ਦੇ ਚੇਲੇ, ਬਹਾਵਲ ਸ਼ਾਹ, ਉਸ ਦੇ ਪੁੱਤ ਪੋਤਰੇ, ਬੇਗਮ ਸਭ ਨੂੰ ਜਲਾਦ

ਦੇ ਹਵਾਲੇ ਕਰ ਦਿੱਤਾ। ਜਦ ਖੂਨ ਦੀਆਂ ਤਤੀਰੀਆਂ ਨਿਕਲੀਆਂ ਤਾਂ ਬੜਾ ਖਿੜਖਿੜਾ ਕੇ ਹਸਿਆ। ਸ਼ਾਹ ਜਹਾਂਗੀਰ ਦਰਵੇਸ਼ ਅਸਤ, ਸ਼ਾਹ ਹੁਸੈਨ ਦੂਰ, ਸ਼ਾਹਦਰੇ ਵਾਲੇ ਸ਼ੇਖ ਹਸਨ ਫਰੀਦ ਲਾਹੌਰੀ ਤੇ ਹੋਰ ਕਿੰਨਿਆਂ ਦੇ ਨਾਂ ਹਨ। ਮੈਂ ਇਕ ਹੋਰ ਗੁਨਾਹਗਾਰ ਹਾਂ। ਗਰਦਨ ਜ਼ਨੀ ਕੀਤੀ ਤੇ ਉਨ੍ਹਾਂ ਦੇ ਸਿਰਾਂ ਦੀ ਨੁਮਾਇਸ਼ ਦਿੱਲੀ ਦੇ ਦਰਵਾਜ਼ੇ ਤੇ ਕੀਤੀ ਗਈ। ਇਹ ਮੇਰੀ ਨਿਹਮਤ ਏ। ਇਹ ਮੇਰਾ ਇਨਸਾਫ ਏ। ਤੁਸੀਂ ਜ਼ਬਾਨ ਖੋਲ੍ਹ ਕੇ ਵੇਖੋ। ਮੈਨੂੰ ਜ਼ਬਾਨ ਖਿਚਣੀ ਆਉਂਦੀ ਏ।

ਅਜੇ ਪੰਜਵੀਂ ਗੱਲ ਬਾਕੀ ਏ। ਉਹ ਸੁਣ ਲੈ ਤਾਂ ਕਿ ਤੈਨੂੰ ਦੱਸਣ ਵਿਚ ਆਸਾਨੀ ਰਹੇ।

"ਬ੍ਰਹਮ ਗਿਆਨ ਜਿਸ ਹੋਵਾ, ਤਿਸ ਕੋ ਹਤਿ ਪੁਨ ਸੁਖ ਸੋ ਸੋਵਾ।"

ਬ੍ਰਹਮ ਗਿਆਨੀ ਸਰਮੱਦ ਵਰਗੇ ਨੂੰ ਸ਼ਾਹੀ ਮਸਜਿਦ ਦੀਆਂ ਸੀੜ੍ਹੀਆਂ ਤੇ ਕਤਲ ਕਰ ਦਿੱਤਾ ਕੀ ਅਜੇ ਤਕ ਸ਼ਰਮ ਨਹੀਂ ਸੂ ਆਈ? ਇੰਨੇ ਪਾਪ ਕਮਾਉਣ ਵਾਲੇ ਦੁਸ਼ਟ ਨੂੰ ਕੌਣ ਮਿਲਣ ਜਾਏ—

"ਇਤਯਾਦਿਕ ਮਨ ਪਾਪਨਿ ਪੁਸ਼, ਕੌਣ ਸੰਤ ਮਿਲਿਹੈ ਇਸ ਦੁਸ਼ਟ" ਗੱਲ ਚਰਚਾ ਦਾ ਵਿਸ਼ਾ ਬਣ ਗਈ।

ਦੂਤ ਨੇ ਹੱਥ ਬੰਨ੍ਹ ਕੇ ਅਰਜ਼ ਧੀਤੀ ਸਤਿਗੁਰੂ ਮੈਂ ਸੇਵਕ ਹਾਂ। ਗੁਰੂ ਘਰ ਦਾ ਸ਼ਰਧਾਲੂ ਹਾਂ। ਮੈਨੂੰ ਹਿੰਦੂ ਧਰਮ ਨਾਲ ਪਿਆਰ ਏ। ਅਸੀਂ ਸਭ ਕੁਝ ਜਾਣਦੇ ਹੋਏ ਵੀ ਜ਼ਬਾਨ ਤੋਂ ਕੁਝ ਬੋਲ ਨਹੀਂ ਸਕਦੇ। ਅਸੀਂ ਨੌਕਰੀ ਕਰਦੇ ਹਾਂ। ਪਰ ਮੈਂ ਇਕ ਅਰਜ਼ ਜ਼ਰੂਰ ਕਰਾਂਗਾ। ਤੁਸੀਂ ਨਹੀਂ ਜਾਣਾ ਨਾ ਜਾਵੋ ਪਰ ਬਾਦਸ਼ਾਹ ਦੀਆਂ ਅੱਖਾਂ ਤੇ ਪੂੰਝਣੀਆਂ ਪੈਣਗੀਆਂ। ਤੁਸੀਂ ਆਪਣੇ ਪੁੱਤਰ ਨੂੰ ਭੇਜ ਦਿਓ।

—ਹਾਂ ਦੂਤ ਦੀ ਗੱਲ ਸਿਆਣੀ ਏ। ਸੱਪ ਵੀ ਮਰ ਜਾਏ ਤੇ ਲਾਠੀ ਵੀ ਨਾ ਟੁੱਟੇ।

—ਜੇ ਅਸੀਂ ਨਾ ਭੇਜੀਏ ਤਾਂ ਫੇਰ ਕਿਹੜੀ ਬਿੱਲੀ ਨਿੱਛ ਜਾਊ?

—ਅਜੇ ਤੇ ਕੁਝ ਨਹੀਂ ਹੋਵੇਗਾ ਪਰ ਵਕਤ ਪੈਣ ਤੇ ਜ਼ਰੂਰ ਕੋਈ ਮੁਸੀਬਤ ਖੜੀ ਹੋ ਜਾਏਗੀ। ਬਾਦਸ਼ਾਹ-ਏ-ਵਕਤ ਨਾਲ ਜੇ ਬਣ ਸਕੇ ਤਾਂ ਜ਼ਰੂਰ ਬਣਾ ਕੇ ਰਖਣੀ ਚਾਹੀਦੀ ਏ।

ਹਾਂ ਸਰਕਾਰ ਸਾਹਿਬਜ਼ਾਦੇ ਦੇ ਜਾਣ ਨਾਲ ਗੁਰੂ ਨਾਨਕ ਦੇ ਦਰਬਾਰ ਦੀ ਸੋਝੀ ਜ਼ਰੂਰ ਹੋ ਜਾਏਗੀ ਪਾਤਸ਼ਾਹ ਨੂੰ। ਵਿਚਾਰਾਂ ਹੋਣ ਲੱਗ ਪੈਣਗੀਆਂ। ਆਖ਼ਰਕਾਰ ਸੌ ਹੱਥ ਰੱਸਾ ਤੇ ਸਿਰੇ ਤੇ ਗੰਢ। ਫੈਸਲਾ ਉਹੋ ਹੀ ਹੋਇਆ ਕਿ ਸਾਹਿਬਜ਼ਾਦਾ ਦਿੱਲੀ ਜਾਏ ਤੇ ਵੇਖੇ ਜਲਾਲ ਮੁਗਲ ਦਰਬਾਰ ਦਾ ਤੇ ਅਜ਼ਮਤ ਵਿਖਾਏ ਗੁਰੂ ਨਾਨਕ ਦਰਬਾਰ ਦੀ।

ਸਾਹਿਬਜ਼ਾਦਾ ਰਾਮ ਰਾਏ ਨੂੰ ਹੁਕਮ ਜਾਰੀ ਹੋ ਗਿਆ, ਜਾਓ ਸਾਹਿਬਜ਼ਾਦੇ ਤਿਆਰੀ ਕਰੋ।

□

ਛਣ ਛਣ ਕਰਦੇ ਸ਼ਿੰਗਾਰੇ ਘੋੜੇ ਬਾਹਰ ਨਿਕਲੇ। ਘੋੜਿਆਂ ਦੇ ਪਿੰਡੇ ਤੇ ਕਿਤੇ ਮੱਖੀ ਨਹੀਂ ਸੀ ਬਹਿੰਦੀ, 22 ਘੋੜ ਸਵਾਰ ਨਾਲ ਸਨ। ਸਾਹਿਬਜ਼ਾਦੇ ਲਈ ਘੋੜਾ ਅਨੋਖੀ ਸ਼ਾਨ ਵਾਲਾ ਸੀ ਤੇ ਨਾਲ ਤੋਰਿਆ ਭਾਈ ਬਹਿਲਾ। ਬਹਿਲੇ ਦੀ ਕਰਨੀ ਤੋਂ ਖੁਸ਼ ਹੋ ਕੇ ਗੁਰੂ ਅਰਜਨ ਦੇਵ ਨੇ ਫ਼ੁਰਮਾਇਆ ਸੀ, "ਭਾਈ ਬਹਿਲੋ ਸਭ ਤੋਂ ਪਹਿਲੋ"।

ਉਹਦੇ ਦੋ ਪੁੱਤ ਭਾਈ ਗੁਰਦਾਸ ਤੇ ਤਾਰਾ। ਦੀਵਾਨ ਦਰਗਾਹੀਆ ਮਲ ਨੂੰ ਵੀ ਨਾਲ ਤੋਰਿਆ ਇਕ ਜੱਥਾ ਬਣ ਗਿਆ। ਇਕ ਟੋਲੀ ਸਾਹਿਬਜ਼ਾਦੇ ਦੇ ਨਾਲ ਸੀ।

ਗੁਰੂ ਹਰਿਰਾਏ ਨੇ ਸਾਹਿਬਜ਼ਾਦੇ ਰਾਮ ਰਾਏ ਨੂੰ ਆਪਣੇ ਕੋਲ ਬਿਠਾਇਆ। ਗੁਰਦਾਸ, ਤਾਰਾ ਤੇ ਦਰਗਾਹੀਆ ਮਲ ਹੱਥ ਜੋੜੀ ਖੜੇ ਸਨ।

—ਸੁਣ ਬੇਟਾ, ਅਜ ਤੇਰੇ ਤੇ ਬੜੀ ਵੱਡੀ ਜ਼ਿੰਮੇਵਾਰੀ ਪਾਈ ਏ ਅਸਾਂ।

ਇਹ ਸਾਰੀ ਕੌਮ ਦੀ ਇੱਜ਼ਤ ਦਾ ਸਵਾਲ ਏ। ਤੂੰ ਗੁਰੂ ਦੀ ਅੰਸ਼ ਏਂ। ਗੁਰੂ ਦੀ ਸੰਤਾਨ ਏ। ਗੁਰੂ ਦੀ ਗੱਦ ਵਿਚ ਖੇਡਿਆ ਏਂ। ਤੇ ਗੁਰੂ ਦੇ ਵਿਹੜੇ ਵਿਚ ਤੇਰੀ ਪਾਲਣਾ ਹੋਈ ਏ। ਗੁਰੂ ਘਰ ਦੀ ਮਰਿਆਦਾ ਨੂੰ ਤੂੰ ਚੰਗੀ ਤਰ੍ਹਾਂ ਜਾਣਦਾ ਏਂ, ਇਸ ਲਈ ਬੇਟਾ ਹੁਣ ਤੂੰ ਸਾਡੀ ਜਗ੍ਹਾ ਤੇ ਜਾ ਰਿਹਾ ਏਂ। ਅਸਾਂ ਆਪਣੀ ਪੱਗ ਤੇਰੇ ਸਿਰ ਤੇ ਰੱਖ ਦਿੱਤੀ ਏ। ਹੁਣ ਤੂੰ ਸਾਰੀ ਕੌਮ ਦਾ ਸਿਪਾਹ-ਸਾਲਾਰ ਏਂ। ਗਠੜੀ ਭਾਰੀ ਨਹੀਂ ਪਰ ਜ਼ਿੰਮੇਵਾਰੀ ਬਹੁਤ ਵੱਡੀ ਏ।

ਇਕ ਬਾਦਸ਼ਾਹ ਦੂਜੇ ਬਾਦਸ਼ਾਹ ਕੋਲ ਤੈਨੂੰ ਭੇਜ ਰਿਹਾ ਏ। ਉਧਰ ਹਿੰਦੁਸਤਾਨ ਦਾ ਸ਼ਹਿਨਸ਼ਾਹ ਏ ਤੇ ਇਧਰ ਗੁਰੂ ਨਾਨਕ ਦੀ ਗੱਦੀ ਏ। ਇਕ ਪਾਸੇ ਦੁਨਿਆਵੀ ਤਖ਼ਤ ਏ ਤੇ ਦੂਜੇ ਪਾਸੇ ਰੂਹਾਨੀ ਗੱਦੀ।

ਦੋਹਾਂ ਗੱਦੀਆਂ ਵਿਚ ਪਾਸਕੂ ਨਹੀਂ। ਤੇਰੇ ਮੱਥੇ ਤੇ ਤਿਲਕ ਲਾ ਕੇ ਪੂਰੇ ਅਖਤਿਆਰ ਦੇ ਕੇ ਤੈਨੂੰ ਤੋਰ ਰਹੇ ਹਾਂ। ਤੇਰੀ ਸਹਾਇਤਾ ਲਈ ਦੀਵਾਨ ਦਰਗਾਹੀਆ ਮਲ, ਗੁਰਦਾਸ ਤੇ ਤਾਰਾ ਤੇਰੇ ਨਾਲ ਹਨ। ਇਸ ਲਈ ਤੂੰ ਸ਼ਹਿਨਸ਼ਾਹ ਦੇ ਜਾਹੋ ਜਲਾਲ, ਸ਼ਾਨੋ ਸ਼ੌਕਤ ਨੂੰ ਵੇਖ ਕੇ ਘਬਰਾਉਣਾ ਨਹੀਂ। ਸ਼ਾਹ ਨੂੰ ਖੁਸ਼ ਕਰਨ ਲਈ ਖੁਸ਼ਾਮਦ ਦਾ ਸਹਾਰਾ ਨਹੀਂ ਲੈਣਾ। ਬਾਦਸ਼ਾਹ ਜੋ ਪੁਛੇ ਸਾਫ਼ ਨਿੱਝਕ ਹੋ ਕੇ ਆਖਣਾ ਏ। ਡਰਨਾ ਨਹੀਂ। ਉਹ ਤੇਰਾ ਕੁਝ ਨਹੀਂ ਵਿਗਾੜ ਸਕਦਾ। ਗੁਰੂ ਘਰ ਦੀ ਮਰਿਆਦਾ ਵਿਚ ਤੂੰ ਪਲਿਆ ਏਂ। ਤੇਰੇ ਲਹੂ ਵਿਚ ਤਾਸੀਰ ਏ ਆਪਣੇ ਬਜ਼ੁਰਗ ਗੁਰੂਆਂ ਦੀ।

ਅਸੀਂ ਤੇਰੇ ਅੰਗ ਸੰਗ ਹਾਂ। ਤੇਰੀ ਰਸਨਾ ਤੇ ਗੁਰੂ ਨਾਨਕ ਦੇਵ ਦੀ ਸ਼ਕਤੀ ਨਿਵਾਸ ਕਰ ਰਹੀ ਏ। ਜੋ ਕੁਝ ਤੂੰ ਚਾਹੇਂਗਾ ਉਹੋ ਰੰਗ ਵਰਤ ਜਾਏਗਾ। ਸੰਭਲ ਕੇ ਵਰਤਣਾ ਇਹ ਸ਼ਕਤੀਆਂ। ਆਪਣੇ ਬਜ਼ੁਰਗਾਂ ਨੂੰ ਕਦੇ ਛੁਟਿਆਣਾ ਨਹੀਂ, ਡਰਨਾ ਨਹੀਂ। ਗੁਰੂ ਅਮਰਦਾਸ ਦਾ ਫ਼ੁਰਮਾਨ ਯਾਦ ਰੱਖਣਾ। ਤ੍ਰਿਸ਼ਨਾ ਦਾ ਤਿਆਗ ਤੇ ਰੱਬ ਦੇ ਭੈਅ ਵਿਚ ਰਹਿਣਾ ਸ੍ਰੇਸ਼ਟ ਕਰਨੀ ਏ।

"ਤ੍ਰਿਸ਼ਨਾ ਛੋਡੇ ਭੈ ਵਸੇ ਨਾਨਕ ਕਰਣੀ ਸਾਰ।"

ਰਿਧੀਆਂ ਸਿਧੀਆਂ ਦੀਆਂ ਸਾਰੀਆਂ ਬਖਸ਼ਸ਼ਾਂ ਤੇਰੀ ਝੋਲੀ ਵਿਚ ਪਾ ਕੇ ਤੋਰ ਰਹੇ ਹਾਂ। ਘੁੜਾਲੀ ਦੇ ਭਾਈ ਪੰਜਾਬ ਤੇ ਜੋਤੀ ਖੁਸ਼ਹਾਲ ਵੀ ਨਾਲ ਤੋਰ ਰਹੇ ਹਾਂ।

ਪੱਗ ਨੂੰ ਦਾਗ ਨਾ ਲਗੇ। ਹੁਣ ਕਿਸੇ ਗੱਲ ਦੀ ਊਣ ਨਹੀਂ। ਪੁੱਤ ਮੋਢੇ ਲੁਵਾ ਕੇ ਨਾ ਆਵੀਂ। ਕੱਲ ਤੋਂ ਤੂੰ ਇਸ ਗੱਦੀ ਦੀ ਪੰਡ ਚੁਕਣੀ ਏ। ਜੇ ਤੈਨੂੰ ਕਿਸੇ ਹੋਰ ਚੀਜ਼ ਦੀ ਲੋੜ ਹੋਵੇ ਤਾਂ ਮੰਗ ਲਵੀਂ। ਪਰ ਕੁੱਲ ਨੂੰ ਦਾਗੀ ਨਾ ਕਰੀਂ।

ਸਾਹਿਬਜ਼ਾਦੇ ਰਾਮ ਰਾਏ ਨੇ ਹੱਥ ਜੋੜੇ ਤੇ ਅਰਜ਼ ਕੀਤੀ, ਜਦੋਂ ਤੁਸੀਂ ਮੇਰੇ ਅੰਗ ਸੰਗ ਹੋ ਤਾਂ ਫੇਰ ਮੈਨੂੰ ਕਿਸੇ ਗੱਲ ਦੀ ਘਾਟ ਕਿਦਾਂ ਹੋ ਸਕਦੀ ਏ। ਤੁਸੀਂ ਬੇਫਿਕਰ ਹੋ ਜਾਓ, ਰਾਮ ਰਾਏ ਮੋਢੇ ਲੁਆ ਕੇ ਨਹੀਂ ਆਉਣ ਲੱਗਾ।

ਦਿੱਲੀ ਦਾ ਤਖ਼ਤ ਏ। ਉਥੇ ਵਡਿਆਂ ਵਡਿਆਂ ਦੀ ਫੂਕ ਨਿਕਲ ਜਾਂਦੀ ਏ। ਜਿਨ੍ਹਾਂ ਨੇ ਸ਼ਹਿਨਸ਼ਾਹ ਦੀਆਂ ਇਕ ਵਾਰ ਅੱਖਾਂ ਵੇਖ ਲਈਆਂ ਉਨ੍ਹਾਂ ਸਾਰੀ ਹਯਾਤੀ ਵਿਚ ਅੱਖ ਉਘੇੜ ਕੇ ਨਹੀਂ ਵੇਖਿਆ। ਇਹ ਇਕ ਬਹੁਤ ਵੱਡਾ ਇਮਤਿਹਾਨ ਏ। ਡਰਨਾ ਨਹੀਂ ਥਿੜਕਣਾ ਨਹੀਂ। ਗ਼ਲਤ ਬਿਆਨੀ ਨਹੀਂ ਕਰਨੀ। ਬਾਦਸ਼ਾਹ ਨੇ ਤੇ ਹਵਾ ਵਿਚ ਤਲਵਾਰਾਂ ਮਾਰਨੀਆਂ ਨੇ। ਇਹ ਫੋਕੀਆਂ ਤਲਵਾਰਾਂ ਤੇਰੇ ਤੇ ਅਸਰ ਨਹੀਂ ਕਰਨਗੀਆਂ। ਫੌਜਾਂ, ਘੋੜੇ, ਹਾਥੀਆਂ ਦੀਆਂ ਕਤਾਰਾਂ ਦੀਆਂ ਕਤਾਰਾਂ ਤੈਨੂੰ ਭੈਅ ਭੀਤ ਨਾ ਕਰਨ। ਇਹ ਤੇਰਾ ਕੁਝ ਨਹੀਂ ਵਿਗਾੜ ਸਕਦੀਆਂ ਪਰ ਜੇ ਡੋਲ ਗਿਉਂ ਤਾਂ ਫੇਰ ਸਮਝ ਤੇਰਾ ਫੱਕਾ ਵੱਜ ਗਿਆ ਤੇ ਕੌਮ ਦਾ ਵੀ ਸਿਰ ਝੁਕ ਗਿਆ। ਜਵਾਨ ਮਰਦ ਬਣ ਕੇ ਜਾਹ, ਜਿੱਤ ਤੇਰੇ ਪੈਰ ਚੁੰਮੇਗੀ। ਬਾਰ ਬਾਰ ਸਮਝਾ ਰਹੇ ਸਨ ਸਤਿਗੁਰੂ ਹਰਿ ਰਾਏ, ਆਪਣੇ ਪੁੱਤਰ ਰਾਮ ਰਾਏ ਨੂੰ।

—ਪਿਤਾ ਜੀ ਮੈਂ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ। ਬਾਦਸ਼ਾਹ ਦਾ ਰੁਤਬਾ ਭਾਵੇਂ ਕਿੰਨਾ ਵੀ ਵੱਡਾ ਏ ਪਰ ਮੇਰੀਆਂ ਅੱਖਾਂ ਚੁੰਧਿਆਉਣ ਨਹੀਂ ਲੱਗੀਆਂ। ਪਿੱਠ ਲੱਗ ਜਾਏ ਇਹ ਗੱਲ ਨਾ ਮੁਮਕਿਨ ਏ।

—ਦੀਵਾਨ ਸਾਹਿਬ, ਗੁਰਦਾਸ, ਭਾਈ ਤਾਰਾ ! ਸਾਹਿਬਜ਼ਾਦਾ ਡੋਲੇ ਨਾ। ਤੁਹਾਡੀ ਵੀ ਕੁਝ ਜ਼ਿੰਮੇਂਵਾਰੀ ਬਣਦੀ ਏ।

—ਸਤਿਗੁਰੂ ਤੁਹਾਡੀਆਂ ਰਹਿਮਤਾਂ, ਬਖਸ਼ਸ਼ਾਂ ਸਾਡੇ ਨਾਲ ਹਨ ਤਾਂ ਫੇਰ ਸਾਨੂੰ ਕਾਹਦਾ ਡਰ ਏ।

—ਅੱਛਾ ਸਤਿਗੁਰੂ ਰਾਖਾ, ਰਖੋ ਪੈਰ ਰਕਾਬ ਤੇ ਵਧੋ ਗੁਰੂ ਨਾਨਕ ਦੇਵ ਦਾ ਨਾਂ ਲੈ ਕੇ। ਹਾਂ ਇਕ ਗੱਲ ਰਹਿ ਗਈ ਏ। ਆਹ ਲਵੋ, ਬੀੜ, ਜੇ ਜ਼ਰਾ ਦਿੱਲ ਡੋਲੇ ਤਾਂ ਬੀੜ ਤੁਹਾਨੂੰ ਹੌਸਲਾ, ਤਸੱਲੀ ਤੇ ਜੁਰਅਤ ਬਖਸ਼ੇਗੀ।

—ਅੰਗ ਸੰਗ ਹਨ ਗੁਰੂ, ਧੰਨ ਬਾਬਾ ਨਾਨਕ, ਧੰਨ ਗੁਰੂ ਹਰਿਰਾਏ, ਤੇਰੀ ਓਟ।

ਕਾਫਲਾ ਚਲਿਆ। ਰੋਪੜ, ਖਰੜ, ਘੜੂੰਦੇ, ਸ਼ਾਹਬਾਦ, ਥਾਨੇਸਰ, ਪਾਣੀਪਤ ਤੋਂ ਹੁੰਦਾ ਹੋਇਆ ਮੰਜ਼ਲਾਂ ਮਾਰਦਾ ਦਿੱਲੀ ਪੁੱਜ ਗਿਆ।

ਟਿਕਾਣਾ ਮਜਨੂੰ ਟਿੱਲੇ ਕੀਤਾ, ਮਿਰਜ਼ਾ ਰਾਜਾ ਜੈ ਸਿੰਘ ਦੇ ਮਹਿਲ ਵਿਚ।

ਸਾਹਿਬਜ਼ਾਦੇ ਨੂੰ ਕਰਤਾ ਪੁਰਖ ਦੇ ਨਾਂ ਨਾਲ ਸਦਿਆ ਜਾਂਦਾ ਸੀ।

□

੧੯

ਜ਼ਹਿਰੀਲੀ ਪੁਸ਼ਾਕ

ਲਓ ਵੇਖੋ ਦਿੱਲੀ ਦਰਬਾਰ, ਲਾਲ ਕਿਲ੍ਹਾ ਦਿੱਲੀ ਦਾ। ਸ਼ਹਿਨਸ਼ਾਹ-ਏ-ਹਿੰਦ, ਵੇਖਦਿਆਂ ਹੀ ਪੈਰਾਂ ਥਲਿਓਂ ਜ਼ਮੀਨ ਨਾ ਸਰਕ ਜਾਏ ਤਾਂ ਫੇਰ ਸ਼ਹਿਨਸ਼ਾਹ ਕਾਹਦਾ ਹੋਇਆ। ਜਦ ਕੋਈ ਸੂਰਮਾ ਮੈਦਾਨ-ਏ-ਜੰਗ ਦਾ ਵਿਜੇਤਾ, ਬੱਜਰ ਜੁੱਸੇ ਵਾਲਾ ਸੂਰਮਾ, ਰਾਜਾ, ਮਹਾਰਾਜਾ ਦਰਬਾਰ ਵਿਚ ਦਾਖ਼ਲ ਹੋਵੇ, ਮੁਗ਼ਲ ਸ਼ਹਿਨਸ਼ਾਹ ਦਾ ਦਰਬਾਰ ਮਜ਼ਾਕ ਨਹੀਂ ਸੀ।

ਗੁਰੂ ਦਾ ਭਾਵੇਂ ਪੁੱਤ ਸੀ ਪਰ ਹੈ ਤਾਂ ਬੱਚਾ ਹੀ ਸੀ ਨਾ। ਖਰਾਂਟ ਤਜਰਬੇਕਾਰ, ਛੱਤੀ ਪੱਤਣ ਤਰਿਆ ਹੋਇਆ, ਖਾਂਗੜ, ਜਿਹਦੀ ਤਲਵਾਰ ਦਾ ਲਿਸ਼ਕਾਰਾ, ਨਾ ਗੋਲਕੁੰਡਾ ਸਹਾਰ ਸਕਿਆ ਤੇ ਨਾ ਬੀਜਾਪੁਰ। ਰਾਜਪੂਤਾਂ ਨੇ ਵੀ ਆਪਣੀ ਗਰਦਨ ਝੁਕਾ ਦਿੱਤੀ ਸੀ। ਓਸ ਸ਼ਹਿਨਸ਼ਾਹ ਦੇ ਰੂ-ਬਰੂ ਜਾਣਾ ਸੀ ਸਹਿਬਜ਼ਾਦੇ ਗੁਰੂ ਹਰਿਰਾਇ ਦੇ ਨੇ।

ਔਰੰਗਜ਼ੇਬ ਨੇ ਸੁਲਤਾਨਪੁਰ ਲੋਧੀ ਤਾਲੀਮ ਹਾਸਿਲ ਕੀਤੀ ਸੀ। ਉਹ ਜਾਣਦਾ ਸੀ ਕਿ ਗੁਰੂ ਨਾਨਕ ਦਾ ਘਰਾਣਾ ਕੀ ਸੀ ਪਰ ਮਚਲਾ ਬਣਿਆ ਬੈਠਾ ਹੋਇਆ ਸੀ। ਉਹ ਆਖਦਾ "ਮੈਂ ਸੁਣਿਆ ਏ ਗੁਰੂ ਨਾਨਕ ਪਹੁੰਚੇ ਹੋਏ ਫਕੀਰ ਸਨ, ਖ਼ੁਦਾ ਨਾਲ ਉਨ੍ਹਾਂ ਦਾ ਯਰਾਨਾ ਗੂੜ੍ਹਾ ਸੀ" ਪਿਦਰੇ ਸੁਲਤਾਨ ਬੂਦ, ਗੱਲ ਹੁਣ ਦੀ ਕਰੋ। ਹੁਣ ਗੱਦੀ ਤੇ ਕੌਣ ਏ। ਓਸ ਆਪਣਾ ਕੀ ਰੁਤਬਾ ਹਾਸਲ ਕੀਤਾ ਏ। ਉਹਦੀ ਕਿੰਨੀ ਕੁ ਪਹੁੰਚ ਏ।

—ਸ਼ਹਿਨਸ਼ਾਹੇ ਆਲਮ! ਗੁਰੂ ਨਾਨਕ ਦੀ ਗੱਦੀ ਪੀਰਾਂ ਫਕੀਰਾਂ ਦੀ ਗੱਦੀ ਏ। ਹਜ਼ਰਤ ਮੀਆਂ ਮੀਰ ਵੀ ਸਜਦੇ ਕਰਦੇ ਰਹੇ ਸਨ। ਸਿਰ ਮੌਰ ਮੰਨੀ ਜਾਂਦੀ ਏ ਗੱਦੀ। ਸਾਰੇ ਪੰਜਾਬ ਦੇ ਦਿਲ ਤੇ ਰਾਜ ਕਰਦੇ ਸਨ ਗੁਰੂ ਨਾਨਕ, ਖ਼ੁਦਾ ਨਾਲ ਉਨ੍ਹਾਂ ਦੀ ਸਿੱਧੀ ਗੱਲਬਾਤ ਸੀ।

—ਪਰ ਜਿਹੜਾ ਸਾਡੇ ਦਰਬਾਰ ਵਿਚ ਆ ਰਿਹਾ ਏ ਉਹ ਕੀ ਏ।

—ਵੇਖਣ ਨੂੰ ਤਾਂ ਬੱਚਾ ਏ ਪਰ ਗੁਰੂਆਂ ਦਾ ਪੁੱਤ ਏ। ਪਰ ਆਪ ਜੇ ਗੁਰੂ ਨਾ ਹੋਵੇਗਾ ਤਾਂ ਗੁਰੂਆਂ ਵਰਗਾ ਜ਼ਰੂਰ ਹੋਵੇਗਾ। ਕਰਾਮਾਤ ਵਿਚ ਨਿਪੁੰਨ ਹੋਣਾ ਚਾਹੀਦਾ ਹੈ। ਗੁਰੂ ਨੇ ਆਪਣਾ ਨੁਮਾਇੰਦਾ ਚੁਣ ਕੇ ਭੇਜਿਆ ਏ। ਉਮਰ ਛੋਟੀ ਏ, ਤਜਰਬਾ ਵਿਸ਼ਾਲ ਹੋਵੇਗਾ।

—ਅੱਛਾ ਵੇਖੀ ਜਾਊ। ਉਸ ਸ਼ਹਿਨਸ਼ਾਹ ਦੀਆਂ ਅੱਖਾਂ ਦਾ ਦੀਦਾਰ ਨਹੀਂ ਨਾ ਕੀਤਾ। ਤੁਸੀਂ ਪਹਿਲਾਂ ਆਪਣਾ ਜਲਵਾ ਵਿਖਾਓ ਤਾਂ ਕਿ ਉਹਦੇ ਪਹਿਲੇ ਹੀ ਝਟਕੇ ਵਿਚ ਪੈਰ ਉਖੜ ਜਾਣ ਅਤੇ ਜ਼ਮੀਨ ਤੇ ਉਹਦਾ ਖੜਾ ਹੋਣਾ ਮੁਸ਼ਕਲ ਹੋ ਜਾਏ।

ਖ਼ੂਬਸੂਰਤ ਤੋਹਫਾ, ਖਿਲਅਤ ਬਾਦਸ਼ਾਹ ਵਲੋਂ ਭੇਜੀ ਗਈ। ਇਹ ਸਭ ਕੁਝ ਪਹਿਲੀ ਮਿਲਣੀ ਤੋਂ ਪਹਿਲਾਂ ਦੀ ਗੱਲ ਹੈ। ਕਾਜ਼ੀ ਲੈ ਕੇ ਗਿਆ। ਸੁਨਹਿਰੀ ਮੋਤੀਆਂ ਜੜੀ ਪੁਸ਼ਾਕ, ਤਸ਼ਤਰੀ ਵਿਚ ਰਖੀ। ਸਾਹਿਬਜ਼ਾਦੇ ਦੇ ਹਜ਼ੂਰ ਪੇਸ਼ ਕੀਤੀ ਗਈ। ਇਹ ਪਹਿਲੀ ਸੁਗਾਤ ਸੀ। ਜਾਣੀ ਜਾਣ ਰਾਮ ਰਾਏ ਨੇ ਇਹ ਸਾਜ਼ਿਸ਼ ਤਾੜ ਲਈ।

ਲਓ ਪਹਿਨੋ, ਬਾਦਸ਼ਾਹ ਨੇ ਬੜੀ ਅਕੀਦਤ ਨਾਲ ਇਹ ਪੁਸ਼ਾਕ ਭੇਜੀ ਏ, ਕਾਜ਼ੀ ਆਖ ਰਿਹਾ ਸੀ। ਕਾਜ਼ੀ ਦਿਲ ਵਿਚ ਹੀ ਸੋਚ ਰਿਹਾ ਸੀ ਕਿ ਵਿਸ਼ ਵਿਚ ਭਿੱਜੀ ਜ਼ਹਿਰੀਲੀ ਪੁਸ਼ਾਕ ਸਰੀਰ ਨਾਲ ਲੱਗੀ ਤੇ ਬੰਦਾ ਗਿਆ ਜਹਾਨੋਂ।

ਰਾਮਰਾਇ ਨੇ ਸਤਿਨਾਮ ਸ੍ਰੀ ਵਾਹਿਗੁਰੂ ਕਹਿ ਕੇ ਗੱਲ ਵਿਚ ਪਾ ਲਈ।

ਕਾਜ਼ੀ ਨੇ ਸਮਝਿਆ ਚਲੋ ਇਕ ਜੂਠ ਲੱਭੀ। ਬੜਾ ਬਣੀ ਫਿਰਦਾ ਸੀ ਗੁਰੂ ਦਾ ਪੁੱਤ।

ਜਿਸ ਤਰ੍ਹਾਂ ਚੰਦਨ ਦੇ ਰੁੱਖ ਨਾਲ ਲੱਗ ਕੇ ਸੱਪ ਨੂੰ ਸੀਤਲਤਾ ਮਿਲਦੀ ਏ ਇਸੇ ਤਰ੍ਹਾਂ ਬਾਬਾ ਜੀ ਦੇ ਸਰੀਰ ਨਾਲ ਲੱਗਣ ਕਰਕੇ ਪੁਸ਼ਾਕ ਦਾ ਜ਼ਹਿਰ ਜਾਂਦਾ ਰਿਹਾ। ਇਹ ਕਰਾਮਾਤ ਬਦੋ ਬਦੀ ਗੱਲ ਪੈ ਗਈ। ਜੇ ਸਾਹਿਬਜ਼ਾਦਾ ਜ਼ਰਾ ਜਿੰਨੀ ਢਿੱਲ ਵਰਤ ਜਾਂਦਾ ਤਾਂ ਇਕ ਹੀ ਝਟਕਾ ਖਾਣਾ ਸੀ ਦੁਨੀਆ ਤਿਆਗਣ ਵਿਚ। ਅਕਲਮੰਦੀ ਤੋਂ ਕੰਮ ਲਿਆ। ਕਾਜ਼ੀ ਦੇ ਹੱਥਾਂ ਦੇ ਤੋਤੇ ਉਡ ਗਏ। ਜਦ ਬਾਦਸ਼ਾਹ ਨੇ ਸੁਣਿਆ ਤਾਂ ਹੈਰਾਨੀ ਦੀ ਹੱਦ ਨਾ ਰਹੀ ਬਾਦਸ਼ਾਹ ਦੀ।

ਬਾਲਕ ਸਾਧਾਰਨ ਵਿਅਕਤੀ ਨਹੀਂ। ਗੁਰੂ ਦਾ ਪਰਤਾਪ ਓਸ ਆਪਣੇ ਨਾਲ ਗੱਠੜੀ ਬੰਨ੍ਹ ਕੇ ਆਂਦਾ ਏ।

ਇਸ ਨੂੰ ਪਹਿਲੀ ਕਰਾਮਾਤ ਹੀ ਆਖਿਆ ਜਾ ਸਕਦਾ ਏ।

ਹਕੂਮਤ ਬੜੇ ਹੱਥ ਕੰਡੇ ਜਾਣਦੀ ਏ। ਦੂਜੀ ਸ਼ਤਰੰਜ ਵਿਛਾਈ ਗਈ। ਫਾਹੀ ਗੱਡ ਦਿੱਤੀ ਪੰਛੀ ਫਸਾਉਣ ਲਈ। ਅਜੇ ਮਿਲਣੀ ਦਾ ਵਕਤ ਨਹੀਂ ਸੀ ਆਇਆ। ਅਜੇ ਬਾਹਰੋਂ ਬਾਹਰ ਹੀ ਹਕੂਮਤ ਆਪਣਾ ਰੰਗ ਵਿਖਾਉਣ ਲੱਗੀ, ਕਾਜ਼ੀ ਆਖਣ ਲੱਗਾ ਸ਼ਹਿਨਸ਼ਾਹ ਮੈਂ ਸਾਹਿਬਜ਼ਾਦੇ ਨੂੰ ਅਜ ਦਾਅਵਤ ਤੇ ਸਦਿਆ ਏ। ਮੈਂ ਤਜਵੀਜ਼ ਕੀਤੀ ਏ, ਕਿ ਇਕ ਡੂੰਘਾ ਖੂਹ ਏ ਤੇ ਉਹਦੇ ਉਤੇ ਚਿੱਟੀ ਚਾਦਰ ਵਿਛਾਈ ਜਾਏ। ਕਿਸੇ ਨੂੰ ਕੰਨੋ ਕੰਨੀ ਖ਼ਬਰ ਨਾ ਹੋਵੇ। ਜਦ ਸਾਹਿਬਜ਼ਾਦਾ ਆਏ ਉਹਦਾ ਆਸਣ ਖੂਹ ਉਤੇ ਲੱਗਾ ਹੋਵੇਗਾ। ਜਦ ਬੈਠੇਗਾ ਘੜੰਮ ਖੂਹ ਵਿਚ। ਸਾਰੀ ਗੁਰਿਆਈ ਰੇਤੇ ਆ ਜਾਊ ਤੇ ਫੇਰ ਮਿੰਨਤਾਂ ਸਾਡੀਆਂ ਕਰੂ ਅਤੇ ਅਸੀਂ ਉਹਨੂੰ ਬਾਹਰ ਕਢਾਂਗੇ ਤੇ ਬੱਸ ਫੇਰ ਮਤੀਹ ਹੋ ਗਿਆ। ਜਿਸ ਤਰ੍ਹਾਂ ਮਰਜ਼ੀ ਫੇਰ ਉਹਦੀ ਨਕੇਲ ਖਿੱਚੀ ਫਿਰੋ ਤੇ ਉਹ ਫੇਰ ਸਾਡੇ ਟੁਕੜਿਆਂ ਤੇ ਪਲਣ ਜੋਗਾ ਹੀ ਰਹਿ ਜਾਏਗਾ।

ਕਾਜ਼ੀ ਸਾਹਿਬ ਤੁਹਾਡੀ ਗੱਲ ਮੈਨੂੰ ਪਸੰਦ ਆਈ। ਅਜ ਇਹੋ ਚਾਲ ਅਜ਼ਮਾ ਕੇ ਵੇਖੀ ਜਾਏ। ਸਾਡੇ ਕਿੰਨੇ ਕੁ ਵਾਰ ਝਲ ਸਕਦਾ ਏ। ਹੈ ਤੇ ਬਲੂੰਗੜਾ ਈ ਨਾ। ਆਪਣੇ ਆਪ ਵਿਚ ਕਿੰਨਾ ਵੱਡਾ ਵੀ ਖ਼ੁਦਾ ਹੋਵੇ ਹਕੂਮਤ ਦੀ ਝਾਲ ਝਲਣਾ ਉਹਦੀ ਤਾਕਤ ਤੋਂ ਬਾਹਰ ਏ। ਅਜੇ ਮਦਾਰੀ ਦੇ ਥੈਲੇ ਵਿਚ ਬੜੇ ਕਰਤੱਬ ਬਾਕੀ ਨੇ।

ਦਾਅਵਤ ਕਾਜ਼ੀ ਦੀ ਸਾਹਿਬਜ਼ਾਦਾ ਰਾਮ ਰਾਏ ਤੇ ਨਾਲ ਦੀਵਾਨ ਦਰਗਾਹੀਆ ਮਲ। ਦੋ ਚਾਰ ਬੰਦੇ ਹੋਰ ਨਾਲ ਸਨ।

ਬਹੁਤ ਖੂਬਸੂਰਤ ਆਸਣ ਏ। ਚਾਦਰ ਖੂੰਭੇ ਚੜ੍ਹੀ ਹੋਈ ਏ, ਕਿਆ ਕਮਾਲ। ਦਾਦ ਦੇਣੀ ਪਊ ਇਹਦੀ ਤਰਤੀਬ ਦੀ। ਦਰਗਾਹੀਆ ਮਲ ਆਖ ਰਿਹਾ ਸੀ।

ਦੀਵਾਨ ਸਾਹਿਬ ਕਾਜ਼ੀ ਚਲਾਕ ਤੇ ਹੈ ਪਰ ਹੈ ਭੋਲਾ। ਫਾਹੀ ਗੱਡੀ ਏ, ਦਾਣੇ ਖਲੇਰੇ ਹਨ ਬੜੀ ਚਤੁਰਾਈ ਨਾਲ। ਇਹ ਕਾਢ ਕਾਜ਼ੀ ਦੀ ਆਪਣੀ ਏ। ਰਾਮ ਰਾਏ ਮੁਸਕਰਾਇਆ ਤੇ ਆਖਣ ਲੱਗਾ ਕਾਜ਼ੀ ਜੀ ਆਪ ਕੀ ਅਨਾਇਤ ਕਾ ਬਹੁਤ ਸ਼ੁਕਰੀਆ। ਆਸਨ ਲਗਾਨਾ ਆਪ ਕੋ ਖੂਬ ਆਤਾ ਹੈ। ਕਿਆ ਆਪ ਕਾਂਸ਼ੀ ਕੇ ਰਹਿਨੇ ਵਾਲੇ ਹੈ।

ਆਪ ਨੇ ਖੂਬ ਪਹਿਚਾਨਾ ਮੈਂ ਕਾਂਸ਼ੀ ਕਾ ਹੀ ਬਾਦਸ਼ਾਹ ਹੂੰ। ਮਹਾਤਮਾਉਂ ਕੇ ਆਸਨ ਕਿਸ ਤਰ੍ਹਾਂ ਲਗਤੇ ਰਹੇ ਹੈਂ ਦੇਖਤਾ ਰਹਾ ਹੂੰ, ਬੋਲ ਕਾਜ਼ੀ ਦੇ ਸਨ।

ਸਤਿਨਾਮ ਦਾ ਉਚਾਰਨ ਕੀਤਾ ਸਾਹਿਬਜ਼ਾਦੇ ਨੇ। ਨਿਧੜਕ ਓਸ ਗੱਡੀ ਫਾਹੀ ਤੇ ਆਸਣ ਜਾ ਜਮਾਇਆ। ਆਸਣ ਸੁਮੇਰ ਪਰਬਤ ਵਾਂਗੂੰ ਅਚਲ ਹੋ ਗਿਆ।

—ਧੰਨ ਹਨ ਨਾਨਕ ਸ਼ਾਹ ਪੀਰ। ਸਾਹਿਬਜ਼ਾਦੇ ਤੁਮ ਪਰ ਮੁਝੇ ਬਲਾ ਲੇਨੇ ਕੋ ਜੀਅ ਚਾਹਤਾ ਹੈ। ਮਗਰ ਕਿਆ ਕਰੂੰ ਨੌਕਰੀ ਹੈ।

—ਕਾਜ਼ੀ ਸਾਹਿਬ ਯੇਹ ਫਕੀਰੋਂ ਕੇ ਲੀਏ ਬਹੁਤ ਮਾਮੂਲੀ ਬਾਤ ਹੈ। ਆਪ ਬਹਿਤੇ ਦਰਿਆ ਪਰ ਭੀ ਚਾਦਰ ਬਿਛਾ ਦੇਤੇ ਤੋ ਭੀ ਕੋਈ ਬਾਤ ਨਾ ਥੀ।

ਇਹਨੂੰ ਦੂਜੀ ਕਰਾਮਾਤ ਸਮਝ ਲਵੋ। ਸਾਹਿਬਜ਼ਾਦਾ ਕਰਾਮਾਤ ਵਿਖਾਉਣਾ ਨਹੀਂ ਸੀ ਚਾਹੁੰਦਾ ਪਰ ਜ਼ਬਰਦਸਤੀ ਉਹਦੇ ਗਲ ਕਰਾਮਾਤ ਠੋਸੀ ਜਾਂਦੀ। ਜਾਂ ਜਾਨ ਤੋਂ ਜਾਏ ਜਾਂ ਕਰਾਮਾਤ ਦਾ ਸਹਾਰਾ ਲਵੇ।

ਗਲ ਵਿਚ ਪਾਇਆ ਢੋਲ ਵਜਾ ਰਿਹਾ ਸੀ। ਹਕੂਮਤ ਆਪਣੇ ਦਾਅ ਪੇਚ ਖੇਡ ਰਹੀ ਸੀ।

□

੮੦

ਫੁਲ ਹੀ ਫੁਲ

—ਕਾਜ਼ੀ ਆਖਣ ਲਗਾ, ਸ਼ਹਿਨਸ਼ਾਹ ਇਹ ਬੱਚਾ ਨਹੀਂ, ਕਿਸੇ ਉਸਤਾਦ ਦਾ ਚੰਡਿਆ ਹੋਇਆ ਸ਼ਗਿਰਦ ਏ। ਉਮਰ ਵਿਚ ਛੋਟਾ ਏ ਪਰ ਤਜਰਬੇ ਵਿਚ ਹੰਢਿਆ ਹੋਇਆ ਏ। ਇਹਦੇ ਵਿਚ ਕੋਈ ਗੈਬੀ ਤਾਕਤ ਏ। ਗੁਰੂ ਨਾਨਕ ਦੀ ਗੱਦੀ ਬੜੀ ਬਲਵਾਨ ਏ, ਸ਼ਕਤੀਸ਼ਾਲੀ ਏ। ਸੂਫੀ ਫਕੀਰ ਹਮੇਸ਼ਾ ਹੀ ਏਸ ਗੱਦੀ ਦਾ ਪਾਣੀ ਭਰਦੇ ਰਹੇ ਹਨ।

—ਬੇਗਰਜ਼ ਗੱਦੀ ਨਸ਼ੀਨ ਹਨ। ਕੋਈ ਵੈਰ ਨਹੀਂ, ਵਿਰੋਧ ਨਹੀਂ। ਹਰ ਇਕ ਨੂੰ ਨਿਘਾ ਪਿਆਰ ਦੇਂਦੇ ਹਨ। ਸਨਮਾਨ ਦੇਣਾ, ਇਜ਼ਤ ਕਰਨੀ ਸਿਰਫ ਇਹੋ ਹੀ ਜਾਣਦੇ ਨੇ ਬਾਕੀ ਅਸੀਂ ਸਾਰੇ ਆਪਣੀ ਫੜਲੀ ਵਜਾਉਂਦੇ ਹਾਂ ਕੋਈ ਇਕ ਦੂਜੇ ਨੂੰ ਨਹੀਂ ਗਿਣਦਾ। ਇਨ੍ਹਾਂ ਫਕੀਰਾਂ, ਸੰਤਾਂ ਮਹਾਤਮਾਵਾਂ, ਸੂਫੀ ਫਕੀਰਾਂ ਦੇ ਕਲਾਮ ਨੂੰ ਸਿਰ ਤੇ ਚੁਕ ਲਿਆ ਏ ਤੇ ਆਪਣੇ ਗਰੰਥ ਵਿਚ ਬੜੇ ਸਤਿਕਾਰ ਨਾਲ ਸ਼ਾਮਲ ਕੀਤਾ ਏ। ਇਹ ਇਨ੍ਹਾਂ ਦੀ ਦਰਿਆ ਦਿਲੀ ਏ।

—ਇਨ੍ਹਾਂ ਵਿਚ ਜੋ ਖੂਬੀਆ ਹਨ ਉਹ ਮੈਂ ਭਲੀ ਭਾਂਤ ਜਾਣਦਾ ਹਾਂ! ਇਨ੍ਹਾਂ ਦੇ ਨਿਘੇ ਪਿਆਰ ਮੁਹੱਬਤ ਦੀਆਂ ਧੁੰਮਾਂ ਹਨ। ਪਰ ਅਸੀਂ ਸਭ ਕੁਝ ਜਾਣਦੇ ਹੋਏ ਵੀ ਕੁਝ ਨਹੀਂ ਜਾਣਨਾ।

—ਅਸਾਂ ਤੇ ਕਰਤਾ ਪੁਰਖ ਨੂੰ ਕੱਖਾਂ ਤੋਂ ਹੌਲਾ ਕਰਨਾ ਏ। ਉਹਨੂੰ ਏਨਾ ਭੈ ਭੀਤ ਕਰਨਾ ਏ ਕਿ ਉਹ ਸ਼ਾਹੀ ਤਖ਼ਤ ਨੂੰ ਝੁਕ ਝੁਕ ਸਲਾਮਾਂ ਕਰਦਾ ਨਾ ਥੱਕੇ। ਉਹਦੀ ਸਾਰੀ ਗੁਰਿਆਈ ਉਹਦੇ ਪੱਲੇ ਬੰਨ੍ਹਾ ਦਿਉ ਤੇ ਉਹਨੂੰ ਬੁਜ਼ਦਿਲ, ਡਰਪੋਕ ਬਣਾ ਕੇ ਘਰ ਨੂੰ ਤੋਰੋ। ਜਦ ਇਹ ਦੂਜੀ ਵਾਰ ਦਿੱਲੀ ਆਵੇ ਤਾਂ ਇਹਨੂੰ ਸਾਡਾ ਮੁਥਾਜ ਹੋਣਾ ਚਾਹੀਦਾ ਏ। ਇਹੋ ਹੀ ਸਾਡੇ ਰਾਜ ਦੀ ਪਾਲਸੀ ਏ।

—ਸ਼ਹਿਨਸ਼ਾਹ ਫੇਰ ਪਹਿਲਾਂ ਇਹਦੀ ਸ਼ਕਤੀ ਨੂੰ ਨਸ਼ਟ ਕੀਤਾ ਜਾਏ। ਇਹਦੀ ਗੈਬੀ ਤਾਕਤ, ਪਵਿਤਰਤਾ, ਅਕੀਦੇ, ਤੇ ਕਿਸੇ ਈਮਾਨ ਤੇ ਹਾਸਲ ਹੁੰਦੀ ਏ। ਜਦ ਇਹ ਆਪਣੇ ਧਰਮ

ਤੋਂ ਡੋਲ ਗਿਆ ਤਾਂ ਗ਼ੈਬੀ ਤਾਕਤ ਆਪੇ ਹੀ ਪਰ ਲਾ ਕੇ ਉਡ ਜਾਏਗੀ। ਅਤੇ ਇਹ ਇਕ ਆਮ ਮੁੰਡੇ ਵਰਗਾ ਮੁੰਡਾ ਰਹਿ ਜਾਏਗਾ। ਕਾਜ਼ੀ ਦੇ ਬੋਲ ਸਨ।

—ਫੇਰ ਇਹਦਾ ਇਲਾਜ ਕੀ ਸੋਚਿਆ ਜੇ। ਇਹਨੂੰ ਕਿਸ ਤਰ੍ਹਾਂ ਸ਼ੀਸ਼ੇ ਵਿਚ ਉਤਾਰਿਆ ਜਾਏ।

—ਇਹਨੂੰ ਗਊ ਦਾ ਮਾਸ ਖਵਾਇਆ ਜਾਏ। ਇਹ ਪਹਿਲਾਂ ਧਰਮ ਹੀਨ ਹੋਵੇ ਤਾਂ ਫੇਰ ਇਹਦੀਆਂ ਸਾਰੀਆਂ ਤਾਕਤਾਂ ਜ਼ਾਇਲ ਹੋ ਜਾਣਗੀਆਂ।

ਫੇਰ ਕਾਜ਼ੀ ਸਾਹਿਬ ਦੇਰ ਕਿਸ ਗਲ ਦੀ ਏ ਅਜ ਹੀ ਹੋ ਜਾਏ।

ਨਹੀਂ ਸ਼ਹਿਨਸ਼ਾਹ ਮੇਰੀ ਵਲੋਂ ਭੇਜਿਆ ਗੋਸ਼ਤ ਉਸ ਨਹੀਂ ਖਾਣਾ। ਸ਼ਾਹੀ ਬਾਵਰਚੀ ਲੈ ਕੇ ਜਾਏ ਤਾਂ ਸ਼ਾਇਦ ਖਾ ਲਵੇ। ਟੁਕੜੇ ਥਹਿ ਹੋ ਜਾਣਗੇ।

—ਕਾਜ਼ੀ ਸਾਹਿਬ ਬਾਵਰਚੀ ਦੇ ਨਾਲ ਤੁਸੀਂ ਵੀ ਜਾਓ ਤੇ ਓਸ ਦਾਅਵਤ ਵਿਚ ਵੀ ਸ਼ਾਮਲ ਹੋਵੋ। ਇਹ ਤਮਾਸ਼ਾ ਤੁਹਾਡੀਆ ਅੱਖਾਂ ਸਾਹਮਣੇ ਹੋਣਾ ਚਾਹੀਦਾ ਏ। ਫੁਰਮਾਨ ਸ਼ਹਿਨਸ਼ਾਹ ਦਾ ਸੀ।

ਸਰ ਤਸਲੀਮੇ ਖ਼ਮ, ਗੋਲੀਆਂ ਕੀਹਦੀ ਤੇ ਗਹਿਣੇ ਕਿਹਦੇ। ਨੌਕਰੀ ਕੀ ਤੇ ਨਖ਼ਰਾ ਕੀ। ਕਾਜ਼ੀ ਮਨ ਹੀ ਮਨ ਵਿਚ ਸੋਚ ਰਿਹਾ ਸੀ।

ਬਾਵਰਚੀ ਨੇ ਗਊ ਦੇ ਗੋਸ਼ਤ ਨੂੰ ਬਕਰੇ ਦੇ ਗੋਸ਼ਤ ਵਿਚ ਇਸ ਤਰ੍ਹਾਂ ਰਲਾ ਮਿਲਾ ਦਿੱਤਾ ਏ ਕਿ ਕੋਈ ਉਸਤਾਦ ਭਾਵੇਂ ਪਛਾਣ ਸਕੇ। ਜ਼ਬਾਨ ਦਾ ਸਵਾਦ ਭਾਵੇਂ ਜ਼ਰੂਰ ਦਸੇਗਾ। ਇਕ ਵਾਰ ਜ਼ਬਾਨ ਤੇ ਜਾਣਾ ਚਾਹੀਦਾ ਏ। ਅੱਖਾਂ ਨਾ ਪਹਿਚਾਣ ਸਕਣਗੀਆਂ। ਬਾਵਰਚੀ ਦੀ ਸਾਰੀ ਉਮਰ ਲੰਘ ਜਾਏਗੀ। ਹੱਥ ਕਟਾ ਦਿਓ ਕਾਜ਼ੀ ਸਾਹਿਬ ਜੇ ਤੁਸੀਂ ਵੀ ਪਛਾਣ ਜਾਓ। ਸਾਡੀ ਉਸਤਾਦੀ ਕਾਹਦੀ ਹੋਈ। ਜੇ ਉਂਗਲੀਆਂ ਚਟ-ਚਟ ਕੇ ਨਾ ਖਾਵੋ ਤਾਂ ਸਾਨੂੰ ਬਾਵਰਚੀ ਨਾ ਆਖਣਾ, ਭੰਗੀ ਆਖਣਾ, ਬਾਵਰਚੀ ਤਸੱਲੀਆਂ ਦੇ ਰਿਹਾ ਸੀ।

—ਇਹ ਗੱਲ ਤੇ ਵਕਤ ਹੀ ਦੱਸੂ। ਤੁਸੀਂ ਲੈ ਕੇ ਆਏ ਹੋ ਨਾ ਤਸ਼ਤਰੀ, ਵਾਜਿਆਂ ਗਾਜਿਆਂ ਨਾਲ। ਸ਼ਾਹੀ ਹਿਫਾਜ਼ਤ ਕਰਨ ਵਾਲੇ ਪਹਿਰੇਦਾਰ ਨਾਲ ਹਨ ਨਾ। ਤਸ਼ਤਰੀ ਤੇ ਸ਼ਾਹੀ ਮੁਹਰ ਲਗੀ ਹੋਈ ਏ ਨਾ ਚਲੋ ਫੇਰ ਨਗਾਰੇ ਤੇ ਨੌਬਤਾਂ ਨਾਲ।

—ਆਓ ਕਾਜ਼ੀ ਸਾਹਿਬ, ਅਜ ਕਿਧਰ, ਇਹ ਨਗਾਰੇ, ਨੌਬਤਾਂ, ਇਹ ਸ਼ਾਹੀ ਜਲੂਸ ਕਿਧਰ ਚਲਿਆ ਏ। ਰਾਮ ਰਾਏ ਨੇ ਆਖਿਆ।

—ਬਾਦਸ਼ਾਹ ਨੇ ਹਜ਼ੂਰ ਦੀ ਦਾਅਵਤ ਲਈ ਖਾਣਾ ਬਾਵਰਚੀ ਦੀ ਨਿਗਰਾਨੀ ਵਿਚ ਭੇਜਿਆ ਏ। ਸ਼ਾਹੀ ਮੁਹਰ ਲਗੀ ਹੋਈ ਏ, ਦਰੋਗਾ ਨਾਲ ਏ।

—ਜ਼ਹੇ ਕਿਸਮਤ, ਖੁਸ਼-ਆਮਦੀਦ! ਬਾਦਸ਼ਾਹ ਸਾਡੇ ਤੇ ਅਜਕਲ ਬਹੁਤ ਮਿਹਰਬਾਨ ਹਨ।

—ਮਹਿਮਾਨ ਨਿਵਾਜ਼ੀ ਤੇ ਦੁਨੀਆ ਵਿਚ ਮਸ਼ਹੂਰ ਏ ਮੁਗਲਾਂ ਦੀ। ਤੇ ਨਾਲੇ ਤੁਸੀਂ ਤੇ ਹਕੂਮਤ ਦੇ ਸੱਦੇ ਹੋਏ ਮਹਿਮਾਨ ਹੋ।

ਕਿਸੇ ਨੇ ਅੱਖ ਝਮਕਣ ਨਾ ਦਿੱਤੀ। ਦਸਤਰ ਖਾਨ ਵਿਛ ਗਿਆ, ਤਸ਼ਤਰੀ ਰਖੀ ਗਈ।

ਸਾਹਿਬਜ਼ਾਦੇ ਰਾਮਰਾਏ ਨੇ ਭਾਂਪ ਲਈ। ਇਹ ਵੀ ਕੋਈ ਸ਼ਾਹੀ ਸ਼ਾਜਸ਼ ਏ। ਖੈਰ ਕੋਈ ਗਲ ਨਹੀਂ।

ਪੰਜ ਚਾਰ ਰੁਮਾਲਾਂ ਨਾਲ ਢੱਕੀ ਹੋਈ ਸੀ ਤਸ਼ਤਰੀ। ਸਾਰੇ ਅਹਿਲਕਾਰ, ਕਾਜ਼ੀ, ਤੇ ਹੋਰ ਸਾਥੀ ਸਾਰੇ ਦੇ ਸਾਰੇ ਖੜੇ ਸਨ।

ਦਰਗਾਹੀਆ ਮਲ ਆਖਣ ਲੱਗਾ, ਸ਼ਹਿਨਸ਼ਾਹ ਅਜਕਲ ਬਹੁਤ ਮਿਹਰਬਾਨ ਏ ਸ਼ਾਹਿਬਜ਼ਾਦੇ ! ਸ਼ਾਹੀ ਦਾਅਵਤ, ਸ਼ਾਹੀ ਖਾਣਾ ਕਿਆ ਬਾਤ, ਕਿਆ ਨਜ਼ਾਕਤ।

ਤੁੰਮਾਂ ਖੰਡ ਵਿਚ ਗਲੇਫਿਆ ਹੋਇਆ ਏ।

ਬਾਵਰਚੀ ਕਹੀਂ ਬੀਜਾ ਪੁਰ ਕਾ ਰਹਿਨੇ ਵਾਲਾ ਤੋ ਨਹੀਂ ?

—ਨਹੀਂ, ਹਜ਼ੂਰ ਮੈਂ ਰਹਿਨੇ ਵਾਲਾ ਤੋ ਹੈਦਰਾਬਾਦ ਕਾ ਹੂੰ, ਮਗਰ ਸਾਰੀ ਉਮਰ ਬੀਜਾਪੁਰ ਮੇਂ ਗੁਜ਼ਾਰੀ ਹੈ।

—ਹਮ ਤੋ ਹੁਕਮ ਕੇ ਗ਼ੁਲਾਮ ਹੈ। ਜੈਸਾ ਹੁਕਮ ਵੈਸਾ ਖਾਨਾ। ਖਾਨਾ ਪਕਾਤੇ ਹੂਏ ਉਮਰ ਗੁਜ਼ਰ ਗਈ ਸਰਕਾਰ।

ਲਿਆਓ ਦੇਖੀਏ, ਬਾਦਸ਼ਾਹ ਨੇ ਅਜ ਸਾਡੇ ਲਈ ਕੀ ਸੁਗਾਤ ਭੇਜੀ ਏ। ਆਜ ਕਾ ਖਾਨਾ ਤੋ ਕਿਸੀ ਖਾਸ ਕਿਸਮ ਕਾ ਹੋਗਾ।

—ਮੁਗ਼ਲ ਦਸਤਰਖ਼ਾਨ ਕਾ ਬਿਹਤਰੀਨ ਔਰ ਲਾਜਵਾਬ ਸਾਲਨ ਹੈ।

—ਕਾਜ਼ੀ ਦੇ ਕਹਿਣ ਤੇ ਬਾਦਸ਼ਾਹ ਨੇ ਸਾਡੇ ਲਈ ਸ਼ਾਹੀ ਬਾਵਰਚੀ ਨੂੰ ਵੀ ਤਕਲੀਫ ਦਿੱਤੀ ਏ।

ਪਹਿਲਾ ਰੁਮਾਲ ਚੁਕਿਆ ਸਤਿ ਨਾਮ।

ਦੂਜਾ ਚੁੱਕਿਆ, ਸਤਿ ਨਾਮ।

ਤੀਜਾ ਚੁਕਿਆ, ਸਤਿ ਨਾਮ।

ਚੌਥੇ ਦੀ ਵਾਰੀ ਸੀ, ਵਾਹਿਗੁਰੂ। ਜਦ ਪੰਜਵਾਂ ਚੁਕਿਆ ਤੇ ਰਾਮ ਰਾਏ ਬੋਲ ਉਠਿਆ, ਸਤਿਨਾਮ ਸ੍ਰੀ ਵਾਹਿਗੁਰੂ। ਰਾਮਰਾਇ ਨੇ ਆਪਣੇ ਹੱਥੀਂ ਮੁਹਰ ਤੋੜੀ, ਢਕਣ ਖੁੱਲ੍ਹਾ। ਖੁਸ਼ਬੂ ਬੜੀ ਆਈ।

ਮਹਿਕ ਨਾਲ ਮੁਅੱਤਰ ਹੋ ਗਿਆ ਵਿਹੜਾ। ਜਦ ਤਸ਼ਤਰੀ ਵਿਚ ਵੇਖਿਆ ਤੇ ਫੁੱਲ ਹੀ ਫੁੱਲ ਸਨ।

—ਸ਼ਹਿਨਸ਼ਾਹ ਨੇ ਮਜ਼ਾਕ ਕੀਤਾ ਏ ਕਾਜ਼ੀ ਸਾਹਿਬ। ਬਾਵਰਚੀ ਕੀ ਖਾਣਾ ਤੂੰ ਪਕਾਇਆ ਸੀ ?

—ਹਾਂ ਸਰਕਾਰ ਮੈਂ ਆਪ ਪਕਾਇਆ ਤੇ ਆਪ ਭਰੀ ਤਸ਼ਤਰੀ। ਮੇਰੇ ਸਾਹਮਣੇ ਸ਼ਾਹੀ ਮੁਹਰ ਲਾਈ ਦਰੋਗੇ ਨੇ।

—ਲਾਜਵਾਬ ਸਾਲਨ ਕਿਥੇ ਹੈ ? ਬਾਵਰਚੀ ਤੂੰ ਸਾਲਨ ਦੀ ਤਸ਼ਤਰੀ ਭੁੱਲ ਗਿਆ ਏਂ। ਗੁਲਾਬ ਦੇ ਫੁੱਲਾਂ ਵਾਲੀ ਤਸ਼ਤਰੀ ਲੈ ਆਇਆ ਏਂ।

—ਕਮਾਲ ਏ, ਇਹ ਖ਼ੁਦਾਈ ਕਰਿਸ਼ਮਾ ਏ ਜਾਂ ਗ਼ੈਬੀ ਤਾਕਤ।

ਮੈਂ ਆਪਣੇ ਹੱਥੀਂ, ਤੇ ਵਿਚ ਦਰੋਗਾ ਬੋਲ ਪਿਆ, ਮੈਂ ਆਪ ਮੁਹਰ ਲਾਈ ਏ।

—ਕਿਉਂ ਕਾਜ਼ੀ ਸਾਹਿਬ ਤੁਸਾਂ ਵੀ ਆਪਣੇ ਵਲੋਂ ਕੋਈ ਸਫਾਈ ਪੇਸ਼ ਕਰਨੀ ਏ।

ਸ਼ਰਮਸਾਰ, ਨੀਵੀਆਂ ਅੱਖਾਂ, ਸ਼ਰਮਾਏ, ਮੁਰਝਾਏ ਚਿਹਰੇ, ਜ਼ਮੀਨ ਵਿਚ ਧੱਸ ਜਾਣਾ ਚਾਹੁੰਦੇ ਸਨ ਪਰ ਜ਼ਮੀਨ ਨੇ ਵਿਹਲ ਨਾ ਦਿੱਤੀ।

ਸਾਰੀ ਦਿੱਲੀ ਵਿਚ ਧੁੰਮ ਪੈ ਗਈ ਕਰਤਾ ਪੁਰਖ ਦੀ। ਇਹ ਕੋਈ ਇਲਾਹੀ ਨੂਰ ਏ। ਖ਼ੁਦਾਈ ਤਾਕਤ ਏ। ਇਹ ਕੰਮ ਬੱਚਾ ਨਹੀਂ ਕਰ ਸਕਦਾ। ਗੁਰੂ ਨੇ ਵਟਾਇਆ ਹੋਇਆ ਭੇਸ ਏ।

ਬਾਦਸ਼ਾਹ ਵੀ ਹੈਰਾਨ ਸੀ। ਕਾਜ਼ੀ ਦੀਆਂ ਤੇ ਲੱਤਾਂ ਕੰਬ ਰਹੀਆਂ ਸਨ। ਉਸਦੀ ਅਕਲ ਜਵਾਬ ਦੇ ਗਈ ਸੀ।

ਕਰਤਾ ਪੁਰਖ, ਗ਼ੈਬੀ ਤਾਕਤ ਦਾ ਮਾਲਕ। ਇਹਨਾਂ ਦੀ ਤਸਬੀ ਖ਼ੁਦਾ ਦੀਆਂ ਗੱਲਾਂ ਕਰਦੀ ਏ।

□

੮੧

ਬੱਕਰਾ

ਬਾਦਸ਼ਾਹ ਨੇ ਸਿੱਕਾ ਮੰਨ ਲਿਆ ਸੀ ਕਰਤਾ ਪੁਰਖ ਦਾ। ਬਾਦਸ਼ਾਹ ਆਪਣਾ ਸਿੱਕਾ ਨਹੀਂ ਸੀ ਮੰਨਾ ਸਕਿਆ। ਹੇਠੀ ਮਹਿਸੂਸ ਕਰ ਰਹੇ ਸਨ, ਕਾਜ਼ੀ, ਅਹਿਲਕਾਰ।

—ਇਕ ਬਲੂੰਗੜਾ ਜਿਹਾ ਯਾਰੋ ਸਾਨੂੰ ਉਂਗਲੀਆਂ ਤੇ ਨਚਾ ਰਿਹਾ ਏ। ਸਾਰੀ ਅਕਲ ਬੋ ਹੋ ਗਈ ਉਹਦੀ ਚਤੁਰਾਈ ਵੇਖ ਕੇ।

—ਕਾਜ਼ੀ ਸਾਹਿਬ ਤੁਹਾਡਾ ਮੂੰਹ ਮਿੱਠਾ ਨਹੀਂ ਨਾ ਹੋਇਆ। ਜਦ ਤਕ ਤੁਹਾਡੇ ਮੂੰਹ ਨੂੰ ਘਿਉ ਸ਼ਕਰ ਨਹੀਂ ਨਾ ਲੱਗਦਾ ਉਹ ਵੀ ਸੁੱਖ ਦਾ ਸਾਹ ਨਹੀਂ ਲੈ ਸਕਦਾ।

—ਅਜੇ ਬਾਦਸ਼ਾਹ ਦੇ ਮੱਥੇ ਨਹੀਂ ਲੱਗਾ, ਇਕ ਵਾਰ ਸਾਹਮਣੇ ਹੋ ਗਿਆ ਤੁਹਾਨੂੰ ਵੀ ਨੌਂ ਦੋ ਗਿਆਰਾਂ ਹੋਣਾ ਪਊ।

—ਹਮਾਰੀ ਤੋ ਜਾਨ ਅਜ਼ਾਬ ਮੇਂ ਆ ਗਈ। ਹਮ ਜੋ ਚਾਲ ਚਲਤੇ ਹੈਂ ਮਾਤ ਖਾ ਜਾਤੀ ਹੈ।

—ਕੱਦ ਵਿਚ ਛੋਟਾ ਏ ਕਰਤਾ ਪੁਰਖ। ਪਰ ਅਕਲ ਵਿਚ ਕਦਾਵਰ ਏ।

ਤੰਬੂ ਅਜ ਜਮਨਾ ਕਿਨਾਰੇ ਚੰਦੂਾਵਲ ਖੇੜੇ ਤੇ ਲੁਆ ਦਿੱਤਾ ਏ। ਦਿੱਲੀ ਦੀਆਂ ਸੰਗਤਾਂ ਦਰਸ਼ਨ ਕਰਨ ਆ ਰਹੀਆਂ ਹਨ। ਪਤਾ ਨਹੀਂ ਇਹਨਾਂ ਨੂੰ ਖੁਸ਼ਬੂ ਕਿਥੋਂ ਆ ਗਈ ਏ। ਲੰਗਰ ਲਈ ਰਸਦ ਬਾਦਸ਼ਾਹ ਨੇ ਭੇਜ ਦਿੱਤੀ ਏ। ਬਰਤਨ ਵੀ ਬਾਵਰਚੀ ਵੀ। ਲੰਗਰ ਵਿਚ ਬਾਦਸ਼ਾਹ ਦੀ ਖੁਸ਼ਬੂ ਆਉਣੀ ਚਾਹੀਦੀ ਏ।

—ਲੰਗਰ ਫਕੀਰਾਂ ਦਾ ਹੋਵੇ ਤੇ ਉਹਦੇ ਵਿਚ ਬਾਦਸ਼ਾਹ ਦਾ ਨਾਂ ਨਹੀਂ ਆ ਸਕਦਾ। ਰਸਦ ਹੀ ਭੇਜੀ ਏ ਨਾ, ਮਰਿਆਦਾ ਤਾਂ ਨਹੀਂ ਨਾ ਬਦਲੀ।

—ਇਕ ਬੱਕਰਾ ਲੈ ਜਾਓ ਤੇ ਪੀਰ ਕਰਤਾ ਪੁਰਖ ਨੂੰ ਆਪ ਜਾ ਕੇ ਆਓ। ਕਹਿਣਾ ਬਾਦਸ਼ਾਹ ਨੇ ਲੰਗਰ ਵਾਸਤੇ ਭੇਜਿਆ ਏ। ਹੋਰ ਕਿਸੇ ਚੀਜ਼ ਦੀ ਲੋੜ ਏ ਤਾਂ ਹੁਕਮ ਕਰੋ।

ਲੰਗਰ ਵਿਚ ਬੱਕਰੇ ਦਾ ਗੋਸ਼ਤ ਨਹੀਂ ਰਿੰਨ੍ਹਿਆ ਜਾ ਸਕਦਾ। ਕਾਜ਼ੀ ਅਜੇ ਵੀ ਬਾਜ਼ ਨਹੀਂ ਆਉਂਦਾ ਬਾਦਸ਼ਾਹ ਨੂੰ ਉਕਸਾਈ ਜਾਂਦਾ ਏ। ਬੱਕਰਾ ਭੇਜਣ ਦਾ ਕੀ ਮਤਲਬ। ਲੰਗਰ ਏ, ਦਾਅਵਤ ਨਹੀਂ ਬੋਲ ਸਨ ਕਰਤਾ ਪੁਰਖ ਦੇ।

—ਇਹ ਸਭ ਸ਼ਰਾਰਤ ਕਾਜ਼ੀ ਦੀ ਈ ਏ। ਕਾਜ਼ੀ ਦੇ ਰੁਤਬੇ ਨੂੰ ਆਂਚ ਆ ਰਹੀ ਏ।

ਚਿੱਟੀ ਦਾਹੜੀ ਤੇ ਐਵੇਂ ਵਿਖਾ ਰਿਹਾ ਏ। ਰਿਸ਼ਵਤ ਚਿੱਟੇ ਦਿਨ ਵਿਚ ਲਈ ਜਾਂਦੀ ਏ। ਪਾਰਸਾ ਬਣੀ ਬੈਠਾ ਏ, ਕਾਜ਼ੀ ਤੋਂ ਲੋਕ ਦੁੱਖੀ ਹਨ, ਰਕਮ ਰਿਸ਼ਵਤ ਦੀ ਜ਼ਿਆਦਾ ਹੈ। ਲੋਕ ਦੇ ਨਹੀਂ ਸਕਦੇ। ਕੰਮ ਉਥੇ ਹੀ ਅੜੇ ਪਏ ਹਨ। ਅਰਜ਼ੀ ਤੋਂ ਪਹਿਲਾਂ ਪੈਸੇ ਗਿਣਨੇ ਚਾਹੀਦੇ ਹਨ। ਜਦ ਤਕ ਅਰਜ਼ੀ ਨੂੰ ਪੈਰ ਨਹੀਂ ਲਗਦੇ ਉਹ ਤੁਰੇਗੀ ਕਿਦਾਂ। ਲੋਕ ਦੁੱਖੀ ਹਨ ਕਰਨ ਕੀ। ਕੋਈ ਦਾਦ ਫਰਿਆਦ ਸੁਣਨ ਵਾਲਾ ਨਹੀਂ।

—ਚਿੱਟੀ ਦਾਹੜੀ ਐਬਾਂ ਨਾਲ ਭਰੀ ਹੋਈ ਏ। ਪਰ ਦਿਖਾਵਾ ਦੁੱਧ ਧੋਤੀ ਏ ਦਾਹੜੀ। ਰੰਗ ਦੁੱਧ ਪੱਥਰੀ ਵਰਗਾ।

—ਬੱਕਰਾ ਕਾਜ਼ੀ ਦੇ ਪੋਲ ਖੋਲ੍ਹ ਕੇ ਰੱਖ ਦੇਵੇਗਾ। ਬੱਕਰੇ ਦੀ ਕੁਰਬਾਨੀ ਕਾਜ਼ੀ ਹੱਥੋਂ ਦੁੱਖੀ ਜਨਤਾ ਸੁੱਖ ਦੀ ਨੀਂਦ ਸੌਂਵੇਗੀ। ਕਾਜ਼ੀ ਤੇ ਗੁਮਰਾਹ ਕਰ ਰਿਹਾ ਏ ਬਾਦਸ਼ਾਹ ਨੂੰ।

—ਲੰਗਰ ਕੱਲ ਨੂੰ ਤੇ ਅਜ ਬਾਦਸ਼ਾਹ ਵਲੋਂ ਦਾਅਵਤ ਰਾਮਰਾਇ ਨੇ ਫ਼ੁਰਮਾਇਆ।

—ਜਿਹਨੂੰ ਤੁਸੀਂ ਦਾਅਵਤ ਆਖ ਰਹੇ ਹੋ ਉਹਨੂੰ ਲੰਗਰ ਸਮਝੀ ਬੈਠਾ ਏ।

ਜਾਣਦਾ ਬੁਝਦਾ ਅਨਭੋਲ ਬਣਿਆ ਬੈਠਾ ਹੈ ਬਾਦਸ਼ਾਹ। ਸੁਲਤਾਨਪੁਰ ਲੋਧੀ ਵਿਚ ਓਸ ਲੰਗਰ ਦੀ ਮਰਿਆਦਾ ਵੇਖੀ ਨਹੀਂ, ਜਾਣੀ ਨਹੀਂ, ਸੁਣੀ ਨਹੀਂ। ਸਭ ਕੁਝ ਮਾਲੂਮ ਏ ਪਰ ਉਹ ਦਾਅਵਤ ਨੂੰ ਲੰਗਰ ਦੀ ਸ਼ਕਲ ਦੇਣਾ ਚਾਹੁੰਦਾ ਏ। ਬਾਦਸ਼ਾਹ ਦੀ ਦੌਲਤ ਨਾਲ ਲੰਗਰ ਨਹੀਂ ਚਲਦੇ। ਵੇਖ ਲੈਣਾ ਏਨੀ ਰਸਦ ਆਉਣ ਦੇ ਬਾਵਜੂਦ ਅੱਧੇ ਬੰਦੇ ਭੁੱਖੇ ਜਾਣਗੇ। ਇਹ ਗੁਰੂ ਦੇ ਲੰਗਰ ਨੂੰ ਹੀ ਬਖਸ਼ਸ਼ ਏ ਕਿ ਕੋਈ ਬੰਦਾ ਭੁੱਖਾ ਨਹੀਂ ਜਾਂਦਾ। ਬਰਕਤ ਗੁਰੂ ਪਾਉਂਦਾ ਏ ਲੰਗਰ ਵਿਚ।

—ਹੁਕਮ ਸੀ, ਦਾਅਵਤ ਏ, ਬਾਵਰਚੀ ਆਇਆ ਹੋਇਆ ਏ। ਬਰਿਆਨੀ ਬਣੇ ਬੱਕਰੇ ਦੇ ਗੋਸ਼ਤ ਦੀ। ਸਰਕਾਰੀ ਅਹਿਲਕਾਰਾਂ ਆਉਣਾ ਏ। ਦਸਤਰਖਾਨ ਸਜੇ ਤੇ ਸਹੀ। ਕਰਤਾ ਪੁਰਖ ਦਾ ਫ਼ੁਰਮਾਨ ਸੀ।

—ਅਸੀਂ ਪਰਦੇਸੀ ਹਾਂ ਬਾਵਰਚੀ ਸਾਹਿਬ। ਦਾਅਵਤ ਦਾ ਇੰਤਜ਼ਾਮ ਬਾਦਸ਼ਾਹ ਵਲੋਂ ਏ। ਦਸਤਰਖਾਨ ਜਦ ਚੁਣਿਆ ਜਾਏ। ਲੋਕ ਬਰਿਆਨੀ ਵੀ ਖਾਣ ਤੇ ਗੁਣ ਗਾਉਣ ਬਾਦਸ਼ਾਹ ਦੇ।

—ਹਾਂ, ਬੱਕਰੇ ਦੀ ਇਕ ਟੰਗ ਸਾਡੇ ਲਈ ਵੱਖ ਰੱਖ ਲੈਣੀ। ਮੈਂ ਆਪਣੀ ਰਸੋਈ ਵਿਚ ਭੇਜ ਦੇਵਾਂਗਾ। ਤਾ ਕਿ ਜਿਹੜੇ ਬੰਦੇ ਅਛੂਤ ਬਣਦੇ ਹਨ ਉਹ ਵੀ ਢਿੱਡ ਭਰ ਕੇ ਖਾ ਸਕਣ। ਬਾਕੀ ਸਾਰਾ ਗੋਸ਼ਤ ਤੁਸੀਂ ਵਰਤੋ। ਕੋਈ ਸ਼ਕਾਇਤ ਨਾ ਮਿਲੇ। ਹੋ ਸਕਦਾ ਏ ਬਾਦਸ਼ਾਹ ਸਲਾਮਤ ਵੀ ਤਸ਼ਰੀਫ ਲਿਆਉਣ। ਸਾਡੀ ਇੱਜ਼ਤ ਹੁਣ ਤੁਹਾਡੇ ਹੱਥ ਵਿਚ ਏ। ਕਰਤਾ ਪੁਰਖ ਨੇ ਆਦੇਸ਼ ਦਿੱਤਾ।

—ਮੈਂ ਸਾਰੀ ਉਮਰ ਦਾਅਵਤਾਂ ਵਿਚ ਹੀ ਹੰਢਾਈ ਏ। ਤੁਸੀਂ ਫਿਕਰ ਕਿਉਂ ਕਰਦੇ ਹੋ। ਜੋ ਲੋਕ ਉਂਗਲਾਂ ਨਾ ਚੱਟਣ ਤੇ ਸਾਡੀ ਕਾਹਦੀ ਹੋਈ ਕਾਰੀਗਰੀ, ਬੋਲ ਬਾਵਰਚੀ ਦੇ ਸਨ।

ਇਕ ਟੰਗ ਬੱਕਰੇ ਦੀ ਕਾਜ਼ੀ ਦੇ ਘਰ ਭੇਜ ਦਿੱਤੀ। ਬਰਿਆਨੀ ਕਾਜ਼ੀ ਦੇ ਘਰ ਵੀ ਪੱਕੀ ਤੇ ਦਾਅਵਤ ਵਿਚ ਵੀ। ਖਾਣ ਪੀਣ ਵਾਲੇ ਤੇ ਚਲੇ ਗਏ ਖਾ ਪੀ ਕੇ ਘਰ ਨੂੰ। ਮਗਰੋਂ ਇਕ ਸ਼ਾਮਤ ਹੋਰ ਆ ਗਈ। ਸਾਰੇ ਲੋਕ ਘਰ ਨੂੰ ਜਾ ਚੁੱਕੇ ਸਨ। ਰਾਮਰਾਇ ਨੇ ਦੀਵਾਨ ਦਰਗਾਹੀਆ ਮਲ ਨੂੰ ਆਖਿਆ ਬੱਕਰੇ ਦੀਆਂ ਅਸਥੀਆਂ ਟੋਏ ਵਿਚ ਗੱਡ ਦਿਓ। ਵੇਖਿਓ ਕੋਈ ਹੱਡੀ ਬਾਹਰ ਨਾ ਰਹਿ ਜਾਏ। ਖੱਲ ਵੀ ਨਾਲ ਹੀ ਦੱਬ ਦਿੱਤੀ।

ਰਾਤੀਂ ਲੋਕ ਘੁਰਾੜੇ ਮਾਰ ਖ਼ੂਬ ਸੁੱਤੇ। ਦਿਨ ਚੜ੍ਹਿਆ ਹਰਕਾਰਾ ਸ਼ਾਹੀ ਆ ਗਿਆ। ਹਜ਼ੂਰ ਬਾਦਸ਼ਾਹ ਸਲਾਮਤ ਨੇ ਯਾਦ ਕੀਤਾ ਏ।

ਦੀਵਾਨ ਦਰਗਾਹੀਆ ਮਲ ਵੀ ਨਾਲ ਹੀ ਸਨ। ਸ਼ਾਹੀ ਮਹੱਲ ਵੱਲ ਜਾ ਪੁੱਜੇ ਸਨ। ਪਰ ਬਾਦਸ਼ਾਹ ਦੀਵਾਨ ਏ-ਖਾਸ ਬੈਠਾ ਹੋਇਆ ਸੀ।

—ਪੀਰ ਜੀ ਇਹ ਬੱਕਰਾ ਜੋ ਗ਼ਲਤੀ ਨਾਲ ਮੈਂ ਤੁਹਾਨੂੰ ਭੇਜ ਦਿੱਤਾ ਸੀ ਉਹ ਤੇ ਸਾਹਿਬਜ਼ਾਦੇ ਦਾ ਸੁਖਣਾ ਦਾ ਬੱਕਰਾ ਸੀ। ਹੁਣ ਕੀ ਕੀਤਾ ਜਾਏ?

—ਕਰਤਾ ਪੁਰਖ ਮੁਸਕਰਾਇਆ, ਸ਼ਹਿਨਸ਼ਾਹਨੇ ਸੁਖਣਾ ਦਾ ਬੱਕਰਾ ਸਾਨੂੰ ਹੀ ਭੇਜਣਾ ਸੀ? ਲੋਕ ਤੇ ਬੱਕਰਾ ਚਬਾ ਗਏ।

—ਪੀਰ ਜੀ ਗਜ਼ਬ ਹੋ ਜਾਏਗਾ। ਉਹ ਤੇ ਦਰਗਾਹ ਦੀ ਅਮਾਨਤ ਏ, ਹੁਣੇ ਕੁਝ ਕਰੋ।

—ਮਰਾ ਹੂਆ ਜਾਨਵਰ ਮੈਂ ਜ਼ਿੰਦਾ ਕੈਸੇ ਕਰ ਦੂੰ। ਉਸ ਕਾ ਤੋ ਕੋਈ ਨਾਮੋ ਨਿਸ਼ਾਨ ਹੀ ਬਾਕੀ ਨਹੀਂ। ਕਰਤਾ ਪੁਰਖ ਦੇ ਬੋਲ ਸਨ।

—ਸ਼ਹਿਜ਼ਾਦੇ ਨੇ ਤੋ ਤਮਾਮ ਮਹੱਲ ਸਰ ਪਰ ਉਠਾ ਰਖਾ ਹੈ, ਅਬ ਤੋਂ ਕੁਛ ਕਰਨਾ ਹੀ ਹੋਗਾ।

—ਬੰਦੇ ਨੂੰ ਖ਼ੁਦਾ ਨਹੀਂ ਬਣਾਇਆ ਜਾਂਦਾ। ਮੈਂ ਖ਼ੁਦਾ ਦੇ ਨਿਜ਼ਾਮ ਵਿਚ ਕਿਸ ਤਰ੍ਹਾਂ ਖਲਲ ਪਾ ਸਕਦਾ ਹਾਂ।

ਦੀਵਾਨ ਦਰਗਾਹੀਆ ਮਲ ਨੂੰ ਆਖਿਆ ਕਰਤਾ ਪੁਰਖ ਨੇ। ਜਾਓ ਦੀਵਾਨ ਜੀ! ਟੋਏ ਵਿਚੋਂ ਬੱਕਰਾ ਕੱਢ ਲਿਆਓ ਬਾਦਸ਼ਾਹ ਨੇ ਕਿਹੜਾ ਰੋਜ਼-ਰੋਜ਼ ਆਖਣਾ ਏ।

ਦੀਵਾਨ ਗਏ ਤੇ ਲੈ ਆਏ ਬੱਕਰਾ। ਬੱਕਰੇ ਬੁਲਾਉਂਦਾ ਆ ਗਿਆ ਮਿਆਉ-ਮਿਆਉ ਕਰਦਾ।

—ਬਾਦਸ਼ਾਹ ਸਲਾਮਤ ਵੇਖੋ, ਇਹ ਬੱਕਰਾ ਤੁਹਾਡਾ ਹੈ?

—ਪੀਰ ਜੀ ਇਹ ਬੱਕਰਾ ਤਾਂ ਸਾਡਾ ਹੀ ਏ, ਇਹਦੀਆਂ ਤਿੰਨ ਲੱਤਾਂ ਹਨ, ਚੌਥੀ ਕਿਥੇ ਗਈ।

ਇਹਦੀ ਚੌਥੀ ਲੱਤ ਤੁਹਾਡੇ ਕਾਜ਼ੀ ਦੇ ਘਰ ਹੈ। ਉਨ੍ਹਾਂ ਨੂੰ ਕਹੋ ਕਿ ਚੌਥੀ ਲੱਤ ਉਹ ਲਾ ਦੇਣ। ਕਰਤਾ ਪੁਰਖ ਨੇ ਆਖਿਆ।

—ਇਹਦਾ ਮਤਲਬ ਏ ਕਿ ਕਾਜ਼ੀ ਰਿਸ਼ਵਤ ਖੋਰ ਏ। ਬਾਦਸ਼ਾਹ ਦੀਆਂ ਅੱਖਾਂ ਸ਼ਰਮਾ ਗਈਆਂ। ਧੰਨ ਹੋ ਪੀਰ ਜੀ ਤੁਸੀਂ ਧੰਨ ਹੋ, ਮੇਰੀਆਂ ਤੇ ਅਜ ਹੀ ਅੱਖਾਂ ਖੁਲ੍ਹੀਆਂ ਨੇ। ਬਾਦਸ਼ਾਹ ਮੱਧਮ ਬੋਲਾਂ ਵਿਚ ਬੋਲ ਰਿਹਾ ਸੀ। ਇਹ ਵੀ ਮਜਬੂਰੀ ਵਿਚ ਕਰਾਮਾਤ ਬਣ ਗਈ।

□

੮੨

ਮਿੱਟੀ ਮੁਸਲਮਾਨ ਕੀ

ਫਾਹੀਆਂ ਤੇ ਬੜੀਆਂ ਸੁੱਟੀਆਂ, ਜਾਲ ਵੀ ਬੜੇ ਵਿਛਾਏ ਪਰ ਨਾ ਜਾਲ ਵਿਚ ਫਸਿਆ ਤੇ ਨਾ ਫਾਹੀਆਂ ਵਿਚ। ਸਾਰੇ ਦੀਵਾਨ ਨੂੰ ਨਿਕੇ ਜਿਹੇ ਬਾਲਕ ਨੇ ਅੱਗੇ ਲਾ ਲਿਆ ਏ।

—ਆਲਮ ਪਨਾਹ ਇਕ ਨੁਕਤਾ ਮੇਰੀ ਗੰਢ ਵਿਚ ਬੱਝਾ ਹੋਇਆ ਏ ਸੁਲਤਾਨਪੁਰ ਲੋਧੀ ਦੀ ਤਾਲੀਮ ਨੂੰ ਅਜ ਤਕ ਕੋਈ ਵੰਗਾਰਨ ਵਾਲਾ ਨਹੀਂ ਜੰਮਿਆ। ਪੰਜਾਬੀ ਨੂੰ ਜਦ ਤਕ ਪੰਜਾਬੀ ਨਹੀਂ ਮਿਲਦਾ ਉਨਾ ਚਿਰ ਤਕ ਉਹਦੇ ਟੁਕੜੇ ਥਹਿ ਨਹੀਂ ਹੁੰਦੇ।

ਸ਼ਹਿਨਸ਼ਾਹ ਸਾਡੇ ਤੇ ਚਟੇ ਰੁਖ ਕਦੇ ਹਰੇ ਨਹੀਂ ਹੋਏ। ਇਹ ਸਾਹਿਬਜ਼ਾਦਾ ਕਿਸ ਬਾਗ ਦੀ ਮੂਲੀ ਏ। ਜੇ ਅਸੀਂ ਨੂਠੇ ਵਿਚ ਪਾਣੀ ਨਾ ਪਿਲਾ ਦਿੱਤਾ ਤਾਂ ਅਸੀਂ ਕਾਹਦੇ ਪਠਾਣ ਹੋਏ। ਅਫਜ਼ਲ ਖਾਨ ਆਖ ਰਿਹਾ ਸੀ।

ਕਾਜ਼ੀ ਤੇ ਮੈਦਾਨ ਛੱਡ ਗਿਆ। ਕਰਤਾ ਪੁਰਖ ਦਾ ਜਾਦੂ ਸਾਡੇ ਚਿਰ ਚੜ੍ਹ ਕੇ ਬੋਲ ਰਿਹਾ ਏ।

ਬੇਟੇ ਇਕ ਥੋੜਾ ਜਿਹਾ ਰੌਲਾ ਏ। ਲੋਕਾਂ ਨੂੰ ਲੱਖ ਵਾਰ ਸਮਝਾਇਆ ਪਰ ਬੇਸਮਝ ਸਮਝਦੇ ਹੀ ਨਹੀਂ—

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ। ਘੜਿ ਭਾਂਡੇ ਇਟਾਂ ਕੀਆ, ਜਲਦੀ ਕਰੇ ਪੁਕਾਰ।
ਜਲਿ ਜਲਿ ਰੋਵੈ ਬਪੁੜੀ, ਝੜਿ ਝੜਿ ਪਵਹਿ ਅੰਗਿਆਰ।
ਨਾਨਕ ਜਿਨਿ ਕਰਤੈ ਕਾਰਨੁ ਕੀਆ, ਸੋ ਜਾਣੈ ਕਰਤਾਰ।

ਇਸਲਾਮ ਦਾ ਅਕੀਦਾ ਏ ਕਿ ਰੋਜ਼ੇ ਮਹਿਸ਼ਰ ਵਾਲੇ ਦਿਨ ਇਹ ਰੂਹਾਂ ਕਬਰਾਂ ਵਿਚੋਂ ਉਠ ਕੇ ਬਾਹਰ ਨਿਕਲ ਆਉਣਗੀਆਂ ਤੇ ਫੇਰ ਹਿਸਾਬ ਕਿਤਾਬ ਹੋਵੇਗਾ ਅਮਲਾਂ ਦਾ। ਗੁਰੂ ਨਾਨਕ ਦੇਵ ਫੁਰਮਾਉਂਦੇ ਹਨ ਕਿ ਜੇ ਇਹ ਸਚਾਈ ਏ ਤਾਂ ਘੁਮਿਆਰ ਕਬਰਾਂ ਦੀ ਚੀਕਣੀ ਮਿੱਟੀ ਚੁੱਕ ਨਾ ਲਿਆਵੇ। ਭਾਂਡਾ ਘੜ ਪਕਾਉਣ ਲਈ ਆਵੀ ਵਿਚ ਨਾ ਪਾਵੇ। ਜਦ ਅੱਗ ਨੇ ਭਾਂਡੇ ਨੂੰ ਸੁਰਖ ਕਰਨਾ ਹੈ ਤਾਂ ਰੂਹਾਂ ਨੇ ਤਾਂ ਚੀਕਾਂ ਮਾਰਨੀਆਂ ਹਨ ਪਰ ਐਸਾ ਤੇ ਕਦੇ ਕਿਸੇ ਨੇ ਵੇਖਿਆ ਨਹੀਂ।

ਅਸਲ ਵਿਚ ਏਸ ਗੱਲ ਦੇ ਪਿਛੇ ਇਕ ਸਾਜ਼ਸ਼ ਕੰਮ ਕਰ ਰਹੀ ਏ ਕਿ ਕਰਤਾ ਪੁਰਖ ਦੀ ਗੁਰਬਾਣੀ ਜਿਹੜੀ ਕੀਰਤਪੁਰ ਤੋਂ ਪੱਲੇ ਬੰਨ੍ਹ ਕੇ ਲਿਆਇਆ ਸੀ ਉਹਦਾ ਭਾਂਡਾ ਫੋੜਨਾ ਸੀ ਉਹਨੂੰ ਬਦਨਾਮ ਕਰਨਾ ਸੀ ਤਾ ਕਿ ਨਾ ਉਹ ਗੁਰੂ ਦੇ ਘਰ ਦਾ ਰਹੇ ਤੇ ਨਾ ਘਾਟ ਦਾ।

—ਮੇਰੇ ਦਰਬਾਰ ਦਾ ਜਾਹੋ ਜਲਾਲ ਏਨਾ ਏ ਕਿ ਸਾਹਿਬਜ਼ਾਦਾ ਉਹਦੀ ਝਾਲ ਨਹੀਂ ਝਲ ਸਕੇਗਾ ਤੇ ਬਾਣੀ ਨੂੰ ਮੇਰੇ ਡਰ ਵਿਚ ਆ ਕੇ ਸੁਭੈਕੀ ਬਦਲ ਦੇਵੇਗਾ। ਤਲਵਾਰਾਂ ਬੜੇ ਜੋਧਿਆਂ ਦੇ ਮੂੰਹ ਭੰਨ ਦਿੰਦੀਆਂ ਹਨ। ਇਹ ਬਲੂੰਗੜਾ ਆਪਣੇ ਆਪ ਨੂੰ ਕੀ ਸਮਝਦਾ ਹੈ।

ਦਰਬਾਰ ਵਿਚ ਇਕ ਤਰ੍ਹਾਂ ਦਾ ਰੌਲਾ ਪੈ ਗਿਆ। ਮੁਸਲਮਾਨ ਦੇ ਹਜੂਮ ਵਿਚ ਬਹੁਤ ਸ਼ੋਰ ਸ਼ਰਾਬਾ ਸੀ। ਉਹ ਤੇ ਮਰਨ ਮਾਰਨ ਨੂੰ ਤਿਆਰ ਸਨ। ਹੋ ਸਕਦਾ ਸੀ ਕਿ ਕੋਈ ਮਨਚਲਾ ਸਾਹਿਬਜ਼ਾਦੇ ਦੀ ਧੌਣ ਹੀ ਲਾਹ ਸੁਟਦਾ।

ਇਹ ਤੇ ਇਸਲਾਮ ਤੇ ਸਿੱਧੀ ਚੋਟ ਏ। ਹਜ਼ਰਤ ਮੁਹੰਮਦ ਸਾਹਿਬ ਨੂੰ ਝੂਠਾ ਬਨਾਉਣ ਲਈ ਇਹ ਹਮਲਾ ਏ। ਅਸੀਂ ਬਰਦਾਸ਼ਤ ਨਹੀਂ ਕਰ ਸਕਦੇ। ਉਸ ਗਰੰਥ ਨੂੰ ਜਿਹਦੇ ਵਿਚ ਇਹ

ਸ਼ਬਦ ਲਿਖਿਆ ਹੋਇਆ ਏ ਜਲਾ ਦੇਣਾ ਚਾਹੀਦਾ ਏ। ਉਹਨੂੰ ਜ਼ਬਰਦਸਤੀ ਹਕੂਮਤ ਦਿੱਲੀ ਮੰਗਵਾਵੇ ਤੇ ਉਹਦਾ ਅਸੀਂ ਇਕ ਇਕ ਵਰਕਾ ਕਰਕੇ ਜਮਨਾ ਦੇ ਪਾਣੀ ਵਿਚ ਰੋੜ੍ਹ ਦੇਵਾਂਗੇ।

—ਕਾਫਰਾਂ ਦੀ ਏਨੀ ਵੱਡੀ ਜੁਰਅਤ? ਕਾਫਰ ਦੀ ਹੁਣੇ ਹੀ ਏਸੇ ਘੜੀ ਸੰਘੀ ਮਰੋੜ ਸੁਟੋ।

—ਇਸਲਾਮ ਵਿਚ ਕਾਫਰ ਨੂੰ ਮਾਰਨਾ ਸਵਾਬ ਏ।

ਮਨਚਲਿਆਂ ਨੇ ਦਰਬਾਰ ਵਿਚ ਤਲਵਾਰਾਂ ਸੂਤ ਲਈਆਂ। ਔਰੰਗਜ਼ੇਬ ਨੂੰ ਆਪਣੀ ਜਾਨ ਬਚਾਉਣੀ ਮੁਸ਼ਕਲ ਹੋ ਗਈ।

—ਯੇਹ ਬਾਤ ਦਰਬਾਰ ਕੇ ਆਦਾਬ ਕੇ ਖਿਲਾਫ ਹੈ। ਜਿਸ ਕੀ ਆਬ ਆਵਾਜ਼ ਭੀ ਆਈ ਉਸ ਕੀ ਹਲਕ ਸੇ ਜ਼ਬਾਨ ਖੀਂਚ ਲਈ ਜਾਏਗੀ। ਸਭ ਕੀ ਤਲਵਾਰੇਂ ਛੀਨ ਲੋ। ਯੇਹ ਕੈਸੀ ਗੁਸਤਾਖ਼ੀ ਹੈ। ਹਮੇਂ ਪੜਤਾਲ ਕਾ ਮੌਕਾ ਦੋ, ਅਫਜ਼ਲ ਖਾਨ ਝੂਠ ਬੋਲ ਰਿਹਾ ਏ। ਜਾਂ ਗੁਰੂਆਂ ਨੇ ਠੀਕ ਕਿਹਾ ਹੈ। ਹਕੂਮਤ ਇਸ ਕੀ ਖ਼ੁਦ ਜਾਂਚ ਕਰਵਾਏਗੀ। ਔਰੰਗਜ਼ੇਬ ਨੇ ਸ਼ਾਹੀ ਫੁਰਮਾਨ ਸਾਦਰ ਕੀਤਾ।

ਦੀਵਾਨ ਵਿਚ ਖਾਮੋਸ਼ੀ ਛਾ ਗਈ ਪਰ ਅਜੇ ਵੀ ਗੁੱਸੇ ਦੀਆਂ ਚੰਗਿਆੜੀਆਂ ਲਿਸ਼ਕਾਂ ਮਾਰ ਰਹੀਆਂ ਸਨ। ਔਰੰਗਜ਼ੇਬ ਦੇ ਸਾਹਮਣੇ ਕੌਣ ਬੋਲ ਸਕਦਾ ਸੀ। ਮਚੀ ਅੱਗ ਇਕ ਵਾਰ ਤੇ ਦੱਬੀ ਗਈ। ਦੀਵਾਨ-ਏ-ਖਾਸ ਸੁਸਰੀ ਵਾਂਗੂੰ ਸੌਂ ਗਿਆ। ਜਿਵੇਂ ਸੱਪ ਸੁੰਘ ਗਿਆ ਹੋਵੇ ਦੀਵਾਨੇ ਖਾਸ ਨੂੰ।

ਸਾਹਿਬਜ਼ਾਦੇ ਦੀਆਂ ਲੱਤਾਂ ਕੰਬਣ ਲੱਗ ਪਈਆਂ। ਏਸ ਦਰਬਾਰ ਵਿਚ ਵੱਡਿਆਂ-ਵੱਡਿਆਂ ਦੇ ਪਸੀਨੇ ਛੁੱਟ ਜਾਂਦੇ ਹਨ। ਹੁਣ ਜਾਦੂ ਸਿਰ ਚੜ੍ਹ ਕੇ ਬੋਲਣ ਲੱਗ ਪਿਆ ਸੀ।

—ਕਰਤਾ ਪੁਰਖ ਕਿਆ ਯੇਹ ਬਾਤ ਸੱਚ ਹੈ, ਐਸਾ ਹੀ ਲਿਖਾ ਹੈ ਗੁਰੂ ਗਰੰਥ ਸਾਹਿਬ ਮੇਂ?

ਮਿਟੀ ਬੇਈਮਾਨ ਕੀ ਪੇੜੈ ਪਈ ਘੁਮਿਆਰ, ਅਸੀਂ ਏਸ ਤਰ੍ਹਾਂ ਪੜ੍ਹਦੇ ਹਾਂ, ਬੋਲ ਰਾਮ ਰਾਏ ਦੇ ਸਨ।

ਦੀਵਾਨ ਦਰਗਾਹੀਆ ਮਲ ਸੋਚ ਰਿਹਾ ਸੀ ਤੁੱਕ ਸਿਰਫ ਜਾਨ ਬਚਾਉਣ ਲਈ ਬਦਲੀ ਏ।

ਪਰ ਇਹਦੀ ਸਜ਼ਾ ਮੌਤ ਤੋਂ ਵੀ ਭਿਆਨਕ ਏ।

ਹੁਣ ਤੇ ਵੇਲਾ ਕਢੋ ਤੇ ਅੱਗੇ ਦੀ ਗੁਰੂ ਜਾਣੇ। ਰਾਮ ਰਾਏ ਨੇ ਏਸ ਤਰ੍ਹਾਂ ਵਿਚਾਰਿਆ।

—ਸ਼ਹਿਨਸ਼ਾਹ ਅਜ ਮੇਰੀ ਤਬੀਅਤ ਕੁਝ ਨਾਸਾਜ਼ ਏ, ਇਜਾਜ਼ਤ ਦਿਓ, ਕਲ ਮਿਲਾਂਗੇ।

'ਮਿਟੀ ਬੇਈਮਾਨ ਕੀ ਪੇੜੈ ਪਈ ਘੁਮਿਆਰ' ਰਾਮ ਰਾਏ ਦੇ ਦਿਮਾਗ ਵਿਚ ਇਹ ਤੁਕ ਬਾਰ ਬਾਰ ਘੁਮ ਰਹੀ ਸੀ।

ਇਹਦੀ ਸਜ਼ਾ ਕੀ ਹੋ ਸਕਦੀ ਏ। ਮੌਤ ਤੋਂ ਵੀ ਖਤਰਨਾਕ। ਨਾ ਬੰਦਾ ਜੀ ਸਕੇ ਤੇ ਨਾ ਮਰ ਹੀ ਸਕੇ। ਵਿਚੇ ਹੀ ਲਟਕਿਆ ਫਿਰੇ। ਮਰਨਾ ਚਾਹੇਗਾ ਰਾਮ ਰਾਏ ਪਰ ਮਰ ਨਹੀਂ ਸਕੇਗਾ। ਜਿਉਣਾ ਮੌਤ ਤੋਂ ਵੀ ਬੁਰਾ ਹੋ ਜਾਏਗਾ।

ਭੈਅ ਵਿਚ ਹੀ ਪਤਾ ਨਹੀਂ ਮੇਰੇ ਮੂੰਹ ਵਿਚੋਂ ਕੀ ਨਿਕਲ ਗਿਆ। ਸਾਹਿਬਜ਼ਾਦਾ ਨਿਮੋਝੂਣਾ ਜਿਹਾ ਹੋਇਆ ਆਪਣੇ ਡੇਰੇ ਵਿਚ ਮੁੜ ਆਇਆ। ਨੀਂਦ ਅੱਖਾਂ ਵਿਚੋਂ ਉਡ ਗਈ, ਦਿਲ ਦਾ ਸਕੂਨ ਗਿਆ। ਹੁਣ ਕੀ ਬਣੂ, ਗੁਰੂ ਜਾਣੇ। □

੮੩

ਸਾਡੇ ਮੱਥੇ ਨਾ ਲੱਗੇ

ਆਪਣੇ ਆਪ ਨੂੰ ਕਰਤਾ ਪੁਰਖ ਆਖਣ ਵਾਲਾ ਹੁਣ ਸਾਡੀ ਕੁੜਿਕੀ ਵਿਚ ਫਸ ਗਿਆ ਏ ਹੁਣ ਨਿਕਲੂ ਤਾਂ ਫੇਰ ਜਾਣਾਂਗੇ। ਪੰਜਾਬੀ ਜਦ ਹੱਥ ਪਾਉਂਦਾ ਹੈ ਫੇਰ ਉਹਦੇ ਲਈ ਕੋਈ ਦਰਵਾਜ਼ਾ ਖੁਲ੍ਹਾ ਨਹੀਂ ਰਖਦਾ। ਸਿਰਫ ਇਕ ਖਿੜਕੀ ਉਹ ਵੀ ਤੇ ਛੱਤ ਉਦੀ ਖੁਲ੍ਹੀ ਹੁੰਦੀ ਹੈ। ਹਾਰ ਮੰਨ, ਹਥਿਆਰ ਸੁਟ ਤੇ ਕੰਨਾਂ ਨੂੰ ਹੱਥ ਲਾ ਕੇ ਨੱਸ ਜਾ ਖਿੜਕੀ ਦੀ ਮੋਰੀ ਵਿਚੋਂ। ਜਾ ਤੇਰੇ ਤੇ ਰਹਿਮ ਕੀਤਾ। ਤੂੰ ਪੰਜਾਬੀ ਭਰਾ ਏਂ ਕਦੀ ਯਾਦ ਕਰੇਂਗਾ। ਜਦੋਂ ਵੀ ਕੋਈ ਕੰਮ ਆਉਂਦਾ ਏ ਤਾਂ ਉਹ ਪੰਜਾਬੀ, ਭਾਵੇਂ ਉਹ ਮੁਸਲਮਾਨ ਹੋਵੇ ਤੇ ਭਾਵੇਂ ਹਿੰਦੂ। ਪੰਜਾਬੀ ਹਮੇਸ਼ਾ ਪੰਜਾਬੀਆਂ ਵਾਂਗ ਸੋਚਦਾ ਹੈ। ਪੰਜਾਬੀ ਜਦ ਕਿਸੇ ਨੂੰ ਖੂਹ ਵਿਚ ਧੱਕਾ ਦੇਊ ਤਾਂ ਪਹਿਲਾਂ ਉਹਦੇ ਨਿਕਲ ਜਾਣ ਲਈ ਰਾਹ ਰਖ ਲਵੇਗਾ। ਪੰਜਾਬੀ ਪੰਜਾਬੀ ਨਾਲ ਧੋਖਾ ਕਿਉਂ ਕਰੇ। ਹਕੂਮਤ ਤੇ ਚਾਰ ਦਿਨ ਦੀ ਚਾਨਣੀ ਏ।

ਪੰਜਾਬੀ ਨੇ ਤੇ ਹਮੇਸ਼ਾ ਆਪਣੇ ਨਾਲ ਰਹਿਣਾ ਏ। ਗਵਾਂਢੀ ਏ। ਉਹਦਾ ਮਰਨਾ ਜੀਣਾ ਹਮੇਸ਼ਾ ਸਾਂਝਾ ਏ। ਹਕੂਮਤ ਸੌ ਵਾਰ ਬਖੇੜ ਪਾਵੇ ਪੰਜਾਬੀ ਆਖ਼ਰ ਪੰਜਾਬੀ ਏ।

ਭਰਾ ਏ, ਦੁਸ਼ਮਣ ਏ ਤਾਂ ਵੀ ਭਰਾ ਏ।

ਪੰਜਾਬੀ ਪੰਜਾਬੀ ਦਾ ਕਦੇ ਬੁਰਾ ਨਹੀਂ ਮੰਗ ਸਕਦਾ। ਜਦੋਂ ਸਾਡੀਆਂ ਮੜ੍ਹੀਆਂ ਤੇ ਕਬਰਾਂ ਸਾਂਝੀਆਂ ਹਨ ਤਾਂ ਫੇਰ ਪੰਜਾਬੀ ਨੂੰ ਪੰਜਾਬੀ ਦਾ ਪੱਖ ਪੂਰਨਾ ਹੀ ਪਵੇਗਾ। ਪੰਜਾਬੀ ਗ਼ਲਤ ਏ, ਪੰਜਾਬੀ ਠੀਕ ਨਹੀਂ, ਇਹ ਦੂਜੀ ਗੱਲ ਏ। ਪਰ ਜਦੋਂ ਸਵਾਲ ਪੈਦਾ ਹੁੰਦਾ ਏ ਕਿ ਤੂੰ ਕੌਣ ਏਂ। ਮੈਂ ਪੰਜਾਬੀ ਹਾਂ ਤਾਂ ਫੇਰ ਝਟ ਹੀ ਮੂੰਹ ਵਿਚੋਂ ਔਲ ਨਿਕਲਣਗੇ, ਲਖ ਲਾਹਨਤ ਜੇ ਤੂੰ ਪੰਜਾਬੀ ਦਾ ਬੁਰਾ ਮੰਗੇਂ।

ਪੰਜਾਬੀ ਗ਼ਲਤ ਏ ਨਾ ਕੋਈ ਗਲ ਨਹੀਂ। ਪੰਜਾਬੀ ਸਿਰਫ ਪੰਜਾਬ ਲਈ ਸੋਚ ਰਿਹਾ ਏ। ਪੰਜਾਬੀਓ ਤੁਹਾਡੀ ਸ਼ਾਨ ਸਿਰਫ ਪੰਜਾਬ ਦੇ ਨਾਲ ਏ। ਪੰਜਾਬ ਜਿਉਂਦਾ ਏ ਤੇ ਤੁਸੀਂ ਵੀ ਜਿਉਂਦੇ ਹੋ। ਜੇ ਪੰਜਾਬ ਮਰ ਗਿਆ ਤਾਂ ਤੁਹਾਨੂੰ ਕਿਸੇ ਨੇ ਕੌਡੀਆਂ ਦੇ ਭਾਅ ਨਹੀਂ ਪੁੱਛਣਾ। ਪੰਜਾਬ ਨਾਲ ਹੀ ਤੁਹਾਡੀ ਸ਼ਾਨ ਏ। ਪੰਜਾਬ ਤੋਂ ਬਗੈਰ ਵੀ ਹਕੂਮਤ ਦੀ ਗਤੀ ਨਹੀਂ। ਪੰਜਾਬ ਪੱਗ ਏ ਹਿੰਦੁਸਤਾਨ ਦੀ। ਪੰਜਾਬ ਚਿਹਰਾ ਮੁਹਰਾ ਏ ਹਿੰਦੁਸਤਾਨ ਦਾ। ਜੇ ਪੰਜਾਬ ਜੀਂਦਾ ਏ ਤਾਂ ਸਮਝੋ ਸਾਰਾ ਹਿੰਦੁਸਤਾਨ ਜੀਉਂਦਾ ਏ। ਪੰਜਾਬ ਖਾੜਕੂਆਂ ਦਾ ਦੇਸ਼ ਏ। ਭਾਵੇਂ ਅਕਲ ਘਟ ਏ ਪਰ ਬਹਾਦਰੀ ਵਿਚ ਸਭ ਤੋਂ ਅੱਗੇ ਹਨ। ਪੰਜਾਬੀ ਭਾਵੇਂ ਥੋੜ੍ਹੇ ਨੇ, ਆਟੇ ਵਿਚ ਲੂਣ। ਪੰਜਾਬੀ ਪੰਜਾਬੀ ਦਾ ਬੁਰਾ ਕਿਉਂ ਮੰਗੇ। ਮੁਸਲਮਾਨ ਏ ਤਾਂ ਫੇਰ ਕੀ ਹੋਇਆ, ਸਾਡਾ ਭਰਾ ਏ, ਵਖਰਾ ਹੋ ਗਿਆ ਏ। ਵੱਖਰੇ ਹੋਏ ਪੁੱਤ ਨੂੰ ਲੋਕ ਪੁੱਤ ਨਹੀਂ ਮੰਨਦੇ। ਪੁੱਤ ਤੇ ਵੱਖਰੇ ਹੁੰਦੇ ਆਏ ਹਨ। ਚੁਲ੍ਹੇ ਅੱਡ ਹੁੰਦੇ ਆਏ ਹਨ, ਲਹੂ ਵੱਖਰਾ ਨਹੀਂ ਹੁੰਦਾ।

ਮੁਸਲਮਾਨ ਤੇ ਹਿੰਦੂ ਵਾਲੀ ਕੋਈ ਗੱਲ ਨਹੀਂ। ਇਹ ਤੇ ਹਕੂਮਤ ਦੇ ਬਖੇੜੇ ਹਨ। ਹਕੂਮਤ ਨਹੀਂ ਚਾਹੁੰਦੀ ਕਿ ਦੋਵੇਂ ਕੌਮਾਂ ਇਕਠੀਆਂ ਬੈਠ ਕੇ ਖਾ ਸਕਣ, ਸੋਚ ਸਕਣ। ਦੁਫੇੜ ਪਈ ਰਹੇ ਤੇ ਹਕੂਮਤ ਦੀਆਂ ਪੌਂ ਬਾਰਾਂ। ਜੇ ਇਨ੍ਹਾਂ ਆਪਸ ਵਿਚ ਜੱਫੀਆਂ ਪਾ ਲਈਆਂ ਤਾਂ ਫੇਰ ਹਕੂਮਤ ਗਈ।

ਸਿੱਖ ਸ਼ਕਤੀਸ਼ਾਲੀ ਹੋ ਰਹੇ ਹਨ। ਇਹ ਕਿਸੇ ਦਿਨ ਰਾਜੇ ਜ਼ਰੂਰ ਬਣਨਗੇ। ਭਾਵੇਂ ਉਹਨੂੰ ਗੁਰੂਆਂ ਦੀ ਬਖਸ਼ਸ਼ ਸਮਝ ਲਵੋ ਜਾਂ ਇਹ ਅੰਦਾਜ਼ਾ ਲਾ ਲਵੋ ਕਿ ਸਿੱਖ ਇਕ ਨਾ ਇਕ ਦਿਨ ਪੰਜਾਬ ਦੇ ਹੁਕਮਰਾਨ ਜ਼ਰੂਰ ਹੋਣਗੇ। ਸਮੇਂ ਦੇ ਰੰਗ ਦਸ ਰਹੇ ਹਨ। ਵੈਸੇ ਹਕੂਮਤ ਆਪਣੇ ਪੈਰ ਜਮਾ ਰਹੀ ਏ। ਪਰ ਜਦ ਤਕ ਰੁਖ ਜੜ੍ਹ ਤੋਂ ਪੁਟਿਆ ਨਹੀਂ ਜਾਂਦਾ। ਪੁੰਗਾਰੇ ਨੂੰ ਕੋਈ ਰੋਕ ਨਹੀਂ ਸਕਦਾ। ਹਕੂਮਤਾਂ ਆਈਆਂ ਬਦਲ ਗਈਆਂ ਪਰ ਪੁੰਗਾਰੇ ਨੂੰ ਕੌਣ ਰੋਕੂ।

ਸਤਿਲੁਜ ਦੀਆਂ ਲਹਿਰਾਂ ਵਿਚ ਤੂਫਾਨ ਠਾਠਾਂ ਮਾਰ ਰਿਹਾ ਸੀ। ਗੁਰੂ ਭਵਨ ਵਿਚ ਬੈਠਿਆਂ ਨੂੰ ਕੰਬਣੀ ਜਿਹੀ ਆਈ। ਇਹ ਕੀ ਹਨੇਰ ਮਾਰਿਆ ਏ ਸਾਹਿਬਜ਼ਾਦੇ ਨੇ। ਡਰ ਗਿਆ ਏ ਪਾਜੀ। ਸੱਤਾਂ ਪੀੜ੍ਹੀਆਂ ਦੀ ਕਮਾਈ ਖੂਹ ਵਿਚ ਪਾ ਦਿੱਤੀ। ਜੇ ਅਸਾਂ ਹਕੂਮਤ ਦੇ ਮਤੀਹ ਰਹਿਣਾ ਸੀ ਤਾਂ ਫੇਰ ਸ਼ਹਾਦਤ ਦੇਣ ਦੀ ਕੀ ਲੋੜ ਸੀ। ਕੌਮਾਂ ਧਰਮ ਦੇ ਨਾਂ ਤੇ ਜਿਊਂਦੀਆਂ ਹਨ। ਬੁਜ਼ਦਿਲ, ਡਰਾਕਲ, ਧਰਮ ਦੀ ਦੀਵਾਰ ਵਿਚ ਮਘੋਰੇ ਪਾ ਦਿੰਦੇ ਹਨ।

"ਤੁਰਕੇਸ਼ਵਰ ਕੋ ਰਾਖਯੋ ਮਾਨ, ਸਬਦ ਬਿਪਰਜੇ ਕੀਨ ਬਖਾਨਿ
ਪਹਿਲੇ ਪਾਤਸ਼ਾਹ ਕੇ ਬਾਕ ਫੇਰ ਸਕਹਿ ਕੋ ਇਨ ਮਤਿ ਰਾਕ।"

ਕੰਗਾਲ ਬੁਧੀ ਵਾਲਾ ਵਾਕ ਉਲਟ ਸਕਦਾ ਏ। ਉਹ ਹੁਣ ਸਾਡੇ ਕੰਮ ਦਾ ਨਹੀਂ।

ਮਨ ਬੇਚੈਨ ਸੀ। ਪਰ ਮਨ ਤੇ ਕਾਬੂ ਕੀਤਾ। ਜਿਗਰ ਦਾ ਟੁਕੜਾ ਸੀ। ਪਰ ਓਧਰ ਸਾਰੀ ਕੌਮ ਦੀ ਹਯਾਤੀ ਦਾ ਸਵਾਲ ਸੀ। ਯਕਦਮ ਫੈਸਲਾ ਦੇ ਦਿੱਤਾ।

ਚਿੱਠੀ ਦੀ ਇੰਤਜ਼ਾਰ ਨਾ ਕੀਤੀ। ਹਰਕਾਰਾ ਤੇ ਅਠਵਾਰੇ ਵਿਚ ਆਏਗਾ।

ਰਾਮ ਰਾਏ ਸ਼ਾਹੀ ਰੋਹਬ ਵਿਚ ਆ ਗਿਆ। ਕਮਜ਼ੋਰ ਮਨ ਏ। ਐਸ਼ ਵਿਚ ਪੈ ਗਿਆ। ਗੁਰੂ ਆਸ਼ੇ ਨੂੰ ਭੁੱਲ ਗਿਆ। ਗੁਰੂ ਘਰ ਸੁਤੰਤਰ ਹੈ। ਉਹਨੂੰ ਕਹਿ ਦਿਓ ਕਿ ਹੁਣ ਸਾਡੇ ਮੱਥੇ ਨਾ ਲੱਗੇ। ਗੁਰੂ ਹਰਿ ਰਾਏ ਦਾ ਹੁਕਮ ਸੀ।

□

੬੪

ਪੀਰ ਰਾਮ ਰਾਜਾ

—ਮਛਰਿਆ ਵਹਿੜਕਾ ਖੂਹ ਵਿਚ ਡਿਗ ਪਵੇ ਤਾਂ ਸਭ ਤੋਂ ਪਹਿਲਾਂ ਉਹਨੂੰ ਰੱਸੀਆਂ ਨਾਲ ਜੂੜ ਲੈਣਾ ਚਾਹੀਦਾ ਏ। ਇਕ ਪਲ ਦੇਰ ਨਹੀਂ ਕਰਨੀ ਚਾਹੀਦੀ। ਉਹਨੂੰ ਉਸ ਵੇਲੇ ਖੱਸੀ ਕਰ ਦੇਣਾ ਚਾਹੀਦਾ ਏ ਤਾਂ ਕਿ ਸਾਰੀ ਜ਼ਿੰਦਗੀ ਉਹ ਬੜ੍ਹਕ ਮਾਰਨ ਦੀ ਹਿੰਮਤ ਨਾ ਕਰੇ।

—ਹੁਣ ਦਿਓ ਲਾਲਚ, ਜਗੀਰਾਂ ਦੇ ਪਟੇ ਲਿਖ ਦਿਓ। ਗੁਰੂ ਨੇ ਉਹਨੂੰ ਘਰ ਨਹੀਂ ਵੜਨ ਦੇਣਾ।

—ਹੁਣ ਇਹ ਸਦਾ ਲਈ ਤੁਹਾਡੇ ਟੁਕੜਿਆਂ ਤੇ ਪਲੇਗਾ। ਜੇ ਬਾਦਸ਼ਾਹ ਵਿਚ ਹਿੰਮਤ ਏ ਤਾਂ ਏਸ ਸਾਹਿਬਜ਼ਾਦੇ ਨੂੰ ਪਿਓ ਦੇ ਮੁਕਾਬਲੇ ਤੇ ਗੁਰੂ ਬਣਾ ਦੇਵੇ। ਸਿੱਖ ਕੌਮ ਵਿਚ ਫੁਟ ਪੈ

ਜਾਏਗੀ। ਦੋ ਗੁਰੂ ਹੋ ਜਾਣਗੇ। ਫਿਰ ਇਹ ਕੌਮ ਕਦੇ ਵੀ ਸਿਰ ਨਹੀਂ ਚੁੱਕ ਸਕੇਗੀ, ਅਫ਼ਜ਼ਲ ਖਾਂ ਨੇ ਆਖਿਆ।

—ਤੂੰ ਨਜੂਮੀ ਥੋੜ੍ਹਾ ਏਂ ਕਿ ਪਿਓ ਨੇ ਪੁੱਤ ਨੂੰ ਗਲ ਨਾਲ ਨਹੀਂ ਲਾਉਣਾ। ਉਸ ਕਿਹੜੀ ਖ਼ੁਨਾਮੀ ਕੀਤੀ ਏ।

—ਬਹੁਤ ਵੱਡੀ ਗ਼ਲਤੀ। ਸਾਰੀ ਉਮਰ ਦੀ ਕਮਾਈ ਕੌਮ ਦੀ ਵਿਰਾਸਤ ਨੂੰ ਬਦਲ ਕੇ ਰੱਖ ਦਿੱਤਾ ਏ। ਗੁਰੂ ਗਰੰਥ ਸਾਹਿਬ ਤੇ ਕੌਣ ਈਮਾਨ ਲਿਆਏਗਾ। ਪੁੱਤ ਨੂੰ ਤਜ ਕੇ ਹੀ ਇਹ ਮਰਿਆਦਾ ਕਾਇਮ ਰੱਖੀ ਜਾ ਸਕਦੀ ਏ। ਜਿਦਾਂ ਕੁਰਾਨ ਮਜੀਦ ਵਿਚੋਂ ਕੋਈ ਆਇਤ ਨਹੀਂ ਬਦਲੀ ਜਾਂਦੀ। ਏਸੇ ਤਰ੍ਹਾਂ ਗੁਰੂ ਗਰੰਥ ਸਾਹਿਬ ਵਿਚੋਂ ਬਾਣੀ ਬਦਲਣ ਦਾ ਹੱਕ ਕਿਸੇ ਗੁਰੂ ਨੂੰ ਵੀ ਨਹੀਂ। ਤੀਰ ਨਿਸ਼ਾਨੇ ਤੇ ਲੱਗਾ ਏ। ਇਹਦੇ ਨਾਲ ਤੇ ਹੁਣ ਇਹੋ ਹੀ ਹੋਣੀ ਏ। ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ। ਮੈਂ ਪੰਜਾਬ ਵਿਚ ਜੰਮਿਆ ਹਾਂ, ਮੈਂ ਜਾਣਦਾ ਹਾਂ, ਸਿੱਖ ਧਰਮ ਦੇ ਅਸੂਲ। ਅਫ਼ਜ਼ਲ ਖਾਂ ਦੇ ਬੋਲ ਸਨ।

—ਵਾਲੀਏ ਹਿੰਦੁਸਤਾਨ, ਅਫ਼ਜ਼ਲ ਖਾਂ ਦੇ ਬੋਲਾਂ ਵਿਚ ਪੇਸ਼ੀਨਗੋਈ ਲੁਕੀ ਹੋਈ ਏ।

—ਅਫ਼ਜ਼ਲ ਖਾਂ ਤੇਰੀ ਸਲਾਹ ਤਰਾਜ਼ੂ ਤੇ ਤੋਲਣ ਦੇ ਲਾਇਕ ਏ। ਤੂੰ ਦੁਨੀਆ ਨੂੰ ਹੰਢਾ ਕੇ ਵੇਖਿਆ ਏ। ਸ਼ਹਿਨਸ਼ਾਹ ਨੇ ਆਖਿਆ।

—ਜਿੰਨਾ ਚਿਰ ਜੀ ਚਾਹੇ, ਜਿੰਨੇ ਦਿਨ ਹਜ਼ੂਰ ਦੀ ਮਰਜ਼ੀ ਏ ਉਹਦੇ ਕੋਲੋਂ ਕਰਾਮਾਤਾਂ ਵੇਖੋ। ਇਹ ਹੁਣ ਗੁਰੂ ਨਹੀਂ ਰਿਹਾ, ਇਕ ਮਦਾਰੀ ਬਣ ਗਿਆ ਏ। ਜਾਦੂਗਰ ਪੈਸੇ ਦੇ ਲਾਲਚ ਵਿਚ ਆਪਣਾ ਕਸਬ ਵੇਚਦਾ ਏ। ਇਹ ਵੀ ਆਪਣੇ ਕਸਬ ਦਾ ਮੁੱਲ ਮੰਗੇਗਾ। ਰੀਝ ਲਾਹ ਲਵੋ। ਗ਼ਬਾਰ ਕੱਢ ਲਵੋ ਦਿਲ ਦੇ। ਗੁਰੂ ਦੀ ਬਖਸ਼ਸ਼ ਉਨਾ ਚਿਰ ਹੀ ਉਹਦੇ ਨਾਲ ਰਹਿਣੀ ਏ ਜਦ ਤੱਕ ਇਹ ਦਿੱਲੀ ਵਿਚ ਏ।

ਇਹਨੂੰ ਤੇ ਇਹਦੇ ਗੁਰੂ ਨੂੰ ਵੀ ਪਾਣੀ ਤੋਂ ਪਤਲਾ ਕਰ ਛੱਡੂ। ਨਾ ਫੇਰ ਬਾਂਸ ਰਹੇ ਤੇ ਨਾ ਫਿਰ ਵੱਜੇ ਬਾਂਸਰੀ। ਗੰਨੇ ਵਿਚ ਰਸ ਏ। ਦੰਦਾਂ ਥੱਲੇ ਦੇ ਕੇ ਰਸ ਚੂਸ ਲਵੋ ਤੇ ਫੋਕ ਨੂੰ ਰੂੜ੍ਹੀ ਤੇ ਸੁੱਟ ਦਿਓ। ਲਵੋ ਆ ਗਿਆ ਏ ਸਾਹਿਬਜ਼ਾਦਾ। ਜ਼ਰਾ ਗ਼ੌਰ ਨਾਲ ਵੇਖੋ। ਹੁਣ ਉਹਦੇ ਚਿਹਰੇ ਤੇ ਪਹਿਲੇ ਵਾਲਾ ਜਲਾਲ ਨਹੀਂ। ਰੰਗਤ ਉੱਡ ਗਈ ਏ। ਰੰਗ ਫਿੱਕਾ ਪੈ ਗਿਆ ਏ। ਫੁਲ ਉਨਾ ਚਿਰ ਈ ਏ ਜਦ ਤਕ ਖੁਸ਼ਬੂ ਏ। ਅਫ਼ਜ਼ਲ ਖਾਂ ਦੇ ਬੋਲ ਜ਼ਰਾ ਮਧਮ ਹੋਏ।

ਦਰਬਾਰ ਵਿਚ ਯਕਦਮ ਆਸਣ ਬਦਲਿਆ ਗਿਆ। ਰਾਮ ਰਾਏ ਨੇ ਮਹਿਸੂਸ ਕੀਤਾ ਪਰ ਮਜਬੂਰੀ ਸੀ। ਹੁਣ ਬੜ੍ਹਕਾਂ ਖਤਮ ਹੋ ਚੁੱਕੀਆਂ ਸਨ। ਉਹਦੀ ਬੁਕਲ ਵਿਚ ਚੋਰ ਲੁਕਿਆ ਬੈਠਾ ਸੀ।

—ਕਰਤਾ ਪੁਰਖ ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਲੋਕ ਤੈਨੂੰ ਕਰਤਾ ਪੁਰਖ ਕਿਉਂ ਆਖਦੇ ਨੇ।

—ਲਾਸ਼ਰੀਕ ਏ, ਇਹਦੇ ਮੁਕਾਬਲੇ ਵਿਚ ਦੂਸਰਾ ਕੋਈ ਨਹੀਂ। ਆਪ ਕਾ ਕਿਸ ਨੇ ਰੱਖਾ ਹੈ ਯੇਹ ਨਾਮ। ਨਾਮ ਕੋਈ ਦੂਸਰਾ ਨਹੀਂ ਰਖ ਸਕਤਾ। ਇਕ ਹੋਰ ਸ਼ਕ ਸੀ।

—ਲੋਕਾਂ ਦੀ ਜ਼ਬਾਨ ਨੂੰ ਕੋਈ ਜੰਦਰਾ ਨਹੀਂ ਮਾਰ ਸਕਦਾ। ਮੂਰਖ ਐਵੇਂ ਮੈਨੂੰ ਕਰਤਾ ਪੁਰਖ ਦੇ ਨਾਂ ਨਾਲ ਸਦਦੇ ਹਨ। ਮੇਰਾ ਨਾਂ ਰਾਮ ਰਾਏ ਹੈ। ਵੈਸੇ ਦੋ ਨਾਂਵਾਂ ਨਾਲ ਮਸ਼ਹੂਰ ਹਾਂ।

—ਆਜ ਹਮ ਤੁਮ ਕੋ ਏਕ ਔਰ ਨਾਮ ਬਖਸ਼ੇਂਗੇ, ਰਾਮ ਰਾਏ ਨਹੀਂ, ਰਾਜਾ ਰਾਮ, ਨਹੀਂ ਇਹ ਵੀ ਮੈਨੂੰ ਪਸੰਦ ਨਹੀਂ। ਸ਼ਾਹੀ ਖ਼ਿਲਅਤ ਕੇ ਸਾਥ ਨਾਮ ਕੀ ਤਖ਼ਤੀ ਵੀ ਲਿਖੀ ਮਿਲੇਗੀ।

ਅਗਰ ਬਾਪ ਤੁਮ ਕੋ ਘਰ ਸੇ ਬੇਦਖ਼ਲ ਕਰ ਦੇਗਾ ਜਿਦਾ ਤੈਨੂੰ ਡਰ ਏ ਅਸੀਂ ਤੇਰੇ ਵੀ ਬਾਪ ਹਾਂ। ਬਾਦਸ਼ਾਹ ਰਿਆਇਆ ਕਾ ਬਾਪ ਹੋਤਾ ਹੈ। ਹਮ ਤੁਮ ਕੋ ਮਾਲਾ ਮਾਲ ਕਰ ਦੇਂਗੇ। ਬਾਦਸ਼ਾਹ ਦੁਨੀਆ ਮੇਂ ਦੂਸਰੀ ਤਾਕਤ ਕਾ ਨਾਮ ਹੈ।

ਬਾਦਸ਼ਾਹ ਸਲਾਮਤ ਮੇਰਾ ਦਿੱਲੀ ਵਿਚ ਵਕਤ ਜ਼ਿਆਦਾ ਲੱਗ ਗਿਆ ਏ। ਮੈਂ ਕਰਤਾਰਪੁਰ ਜਲਦੀ ਜਾਣਾ ਏ। ਮੇਰੇ ਪਿੱਛੇ ਪਿਤਾ ਜੀ ਕਿਤੇ ਗੱਦੀ ਦਾ ਫੈਸਲਾ ਨਾ ਕਰ ਦੇਣ, ਰਾਮ ਰਾਏ ਦੇ ਬੋਲ ਸਨ।

ਕੁਛ ਮੇਵੇ ਖਾਨੇ ਕੋ ਤਬੀਅਤ ਮਚਲ ਰਹੀ ਹੈ। ਦਸਤਰਖਾਨ ਵਿਚ ਜੋ ਕੁਝ ਖਾਂਦਾ ਹਾਂ ਫਿੱਕਾ ਫਿੱਕਾ ਹੈ, ਕੋਈ ਸਵਾਦ ਨਹੀਂ ਆਇਆ। ਏਸੇ ਬਹਾਨੇ ਰਾਮ ਰਾਏ ਨੇ ਕਰਾਮਾਤਾਂ ਦੀਆਂ ਗਠੜੀਆਂ ਖੋਲ੍ਹ ਸੁਟੀਆਂ ਤੇ ਬਾਦਸ਼ਾਹ ਨੂੰ ਹੈਰਾਨ ਕਰ ਦਿੱਤਾ। ਖਜ਼ਾਨੇ ਦਾ ਮਾਲ, ਹੀਰੇ ਜਵਾਹਰਾਤ ਹਰਮ ਦੀਆਂ ਬੇਗਮਾਂ ਦੀਆਂ ਰਮਜ਼ਾਂ। ਪਤਾ ਨਹੀਂ ਜੋਸ਼ ਵਿਚ ਆਏ ਰਾਮ ਰਾਏ ਨੇ ਕੀ-ਕੀ ਕੜ੍ਹ ਤੋੜੇ ਜਿਦਾ ਕੋਈ ਹਿਸਾਬ ਨਹੀਂ।

ਅਜ ਕੋ ਜਿਵਾਇ, ਬੈਠੇ ਕੂਪ ਪਰ ਜਾਇ।
ਫੱਲ ਮੱਕੇ ਤੇ ਮੰਗਾਇ, ਹਿਤੂ ਬੇਗਮ ਬਤਾਈਐ।
ਪਦਮਨੀ ਆਨਿ ਚੰਦ ਦੂਜੋ ਅਸਮਾਨ ਭਯੋ,
ਤੋਸ਼ੇ ਖਾਨੇ ਥਾਨ ਕਰਿ ਗਿਨਤੀ ਸੁਨਾਈਐ।
ਕੇਹਰੀ ਅਖੇਰ ਕੋ ਜਨਮ ਬਾਜ ਪੂਰਬ ਕੇ,
ਫਲ ਦੇਵ ਰੁਖ ਕੇ ਚਿਕਰ ਸਯਾਮਤਾਈਏ।
ਜਮਨਾ ਪੈ ਫਿਰੇ, ਉਚੇ ਹਰੇ, ਮਤਯ ਕਰੀ ਚਰੇ।
ਜੀਹ ਤਾਕ, ਤਾਰੇ ਦਿਨ ਧਨ ਜੀਤ ਪਾਈਐ।

ਦੀਵਾਨ ਦਰਗਾਹੀਆ ਮਲ ਦੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ। ਆਖਣ ਲੱਗਾ ਪੁੱਤ ਕੁੱਲ ਦਾ ਨਾਂ ਰੌਸ਼ਨ ਕਰਦੇ ਹਨ। ਤੇ ਪੁੱਤ ਕੁਲਾਂ ਨੂੰ ਗਾਲ ਵੀ ਦੇਂਦੇ ਹਨ।

ਹਮ ਤੁਮ ਕੋ ਪੀਰ-ਏ-ਹਿੰਦ ਬਨਾ ਦੇਂਗੇ। ਆਜ ਸੇ ਤੁਮ ਪੀਰ ਰਾਜਾ ਰਾਮ ਹੋ। ਦਿੱਲੀ ਦਰਬਾਰ ਤੁਮ ਕੋ ਜਾਗੀਰੇਂ ਦੇ ਕੇ ਖੁਸ਼ ਕਰੇਗਾ। ਔਰੰਗਜ਼ੇਬ ਨੇ ਇਕ ਫ਼ੁਰਮਾਨ ਜਾਰੀ ਕੀਤਾ।

□

ਜਿਨਿ ਜਿਨ ਨਾਮੁ ਧਿਆਇਆ ਤਿਨ ਕੇ ਕਾਜ ਸਰੇ।
ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ।
ਸਰਬ ਸੁਖਾ ਨਿਧ ਚਰਣ ਹਰਿ ਭਉਜਲੁ ਬਿਖਮੁ ਤਰੇ।
ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ।
ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ।
ਪਾਰਬ੍ਰਹਮ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ।
ਮਾਹ ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ।
ਨਾਨਕ ਮੰਗੈ ਦਰਸ ਦਾਨ ਕਿਰਪਾ ਕਰਹੁ ਹਰੇ।

੧੪ ਅੰਤਿਕਾ

੮੫

ਦੁੱਧ ਫਿਟਿਆ

ਸਤਿਲੁਜ ਬਿਫਰਿਆ, ਲਹਿਰਾਂ ਵਿਚ ਤੂਫ਼ਾਨ ਦੇ ਭੂਤਨੇ ਨੇ ਖਰੂਦ ਮਚਾ ਦਿੱਤਾ। ਢੁੱਡਾਂ ਮਾਰ ਰਹੀਆਂ ਸਨ ਲਹਿਰਾਂ ਕੰਢਿਆਂ ਨੂੰ। ਦਰਿਆਵਾਂ ਦੇ ਕੰਢੇ ਭੰਨ ਦਿੱਤੇ। ਪਾਣੀ ਦੀਆਂ ਛੱਲਾਂ ਬਾਹਰ ਆਉਣ ਲੱਗ ਪਈਆਂ। ਕੀਰਤਪੁਰ ਦੀ ਜ਼ਿੰਦਗੀ ਖੇਰੂੰ ਖੇਰੂੰ ਹੋ ਗਈ। ਲੋਕ ਡਰ ਰਹੇ ਸਨ ਤੂਫ਼ਾਨ ਆਉਣ ਵਾਲਾ ਏ। ਅਜੇ ਤੇ ਤੂਫ਼ਾਨ ਨੇ ਮੁੱਢ ਹੀ ਬੰਨ੍ਹਿਆ ਏ। ਹੜ੍ਹ ਆ ਰਿਹਾ ਏ। ਹੁਣ ਕੀਰਤਪੁਰ ਦਾ ਬਚਣਾ ਮੁਸ਼ਕਲ ਹੋ ਗਿਆ ਏ। ਗੁਰੂ ਹਰਿ ਰਾਏ ਇਕ ਰੇਤ ਦੇ ਟਿਬੇ ਤੇ ਬੈਠੇ ਪਰੇਸ਼ਾਨ ਸਨ। ਸੰਗਤ ਜੁੜ ਰਹੀ ਸੀ।

—ਸਤਿਲੁਜ ਦੀਆਂ ਲਹਿਰਾਂ ਵਿਚ ਤੂਫ਼ਾਨ ਦਾ ਵਹਿੜਕਾ ਮੱਛਰ ਗਿਆ ਏ। ਪਾਣੀ ਕੀਰਤਪੁਰ ਦੀਆਂ ਗਲੀਆਂ ਵਿਚ ਗੇੜੇ ਮਾਰ ਰਿਹਾ ਏ। ਲੋਕਾਂ ਵਿਚ ਭਾਜੜ ਪੈ ਗਈ ਏ, ਇਕ ਸੇਵਕ ਆਖ ਰਿਹਾ ਸੀ।

—ਘਬਰਾਉਣ ਵਾਲੀ ਕੋਈ ਗਲ ਨਹੀਂ, ਇਹਨੂੰ ਵੀ ਆਪਣਾ ਜ਼ੋਰ ਵਿਖਾਕੇ ਵੇਖ ਲੈਣ ਦਿਓ। ਚਿੰਤਾ ਕਰਨ ਦੀ ਕੀ ਗਲ ਏ। ਹਰ ਇਕ ਜਿਸ ਵਿਚ ਜ਼ੋਰ ਦੀ ਸ਼ਕਤੀ ਏ, ਜ਼ੋਰ ਲਾ ਕੇ ਵੇਖਦਾ ਏ। ਇਹ ਤੇ ਸਮੇਂ-ਸਮੇਂ ਦੀ ਗਲ ਏ। ਤੁਸਾਂ ਵੀ ਆਪਣਾ ਜ਼ੋਰ ਵਿਖਾ ਲਿਆ ਏ। ਘਰ ਵਾਲਿਆਂ ਘਰ ਥੋੜ੍ਹਾ ਛੱਡ ਜਾਣਾ ਏ। ਪ੍ਰਾਹੁਣਾ ਆਇਆ ਏ ਤੇ ਪ੍ਰਾਹੁਣੇ ਘਰ ਥੋੜ੍ਹਾ ਸੰਭਾਲ ਲੈਣਾ ਏ। ਪ੍ਰਾਹੁਣਾ ਇਕ ਦਿਨ ਜਾਂ ਦੋ ਦਿਨ। ਸਤਿਗੁਰਾਂ ਫੁਰਮਾਇਆ।

—ਪਰ ਜਨਤਾ ਵਿਚ ਆਪੋ ਧਾਪੀ ਪੈ ਗਈ ਏ। ਪਾਣੀ ਦੀਆਂ ਲਹਿਰਾਂ ਤੇ ਲੋਕਾਂ ਦੇ ਚੌਕਿਆਂ ਵਿਚ ਆਣ ਵੜੀਆਂ ਹਨ।

—ਪਾਣੀ ਚੜ੍ਹਿਆ ਏ ਲੱਥ ਜਾਏਗਾ। ਜਵਾਨੀ ਦਾ ਜੋਸ਼ ਏ ਚਾਰ ਦਿਨ। ਪਾਣੀ ਹਮੇਸ਼ਾ ਚੜ੍ਹੇ ਨਹੀਂ ਰਹਿੰਦੇ। ਹੜ੍ਹ ਅਜੇ ਆਇਆ ਏ, ਆਪੇ ਲੱਥ ਜਾਏਗਾ। ਕੁਝ ਦੇਰ ਲਈ ਤੁਸੀਂ ਘਰ

ਛੱਡ ਦਿਓ ਉਚੀ ਥਾਂ ਤੇ ਆਣ ਬੈਠੋ। ਸਤਿਲੁਜ ਅਜੇ ਗੁੱਸੇ ਵਿਚ ਏ। ਉਹਦੀਆਂ ਤਿਊੜੀਆਂ ਵਿਚ ਗੁੱਸੇ ਦੀ ਜਵਾਲਾ ਏ। ਪਾਣੀ ਨੇ ਕਿਸੇ ਦੀ ਦੀਵਾਰ ਨਹੀਂ ਢਾਹੁਣੀ। ਪਾਣੀ ਕਿੰਨਾ ਵੀ ਚੜ੍ਹ ਆਵੇ ਤੁਸੀਂ ਸਬਰ ਤੋਂ ਕੰਮ ਲਵੋ। ਡੰਗਰ, ਵੱਛੇ ਨੂੰ ਲਹਿਰਾਂ ਦੇ ਰਹਿਮੋ ਕਰਮ ਤੇ ਛਡ ਦਿਓ ਜਿੰਨਾ ਪਾਣੀ ਚੜ੍ਹਨਾ ਸੀ ਚੜ੍ਹ ਗਿਆ ਏ, ਏਸ ਤੋਂ ਉੱਤੇ ਨਹੀਂ ਚੜ੍ਹਨਾ।

ਸਤਿਗੁਰ ਲੋਕੀ ਤੇ ਦਿਲ ਛੱਡੀ ਬੈਠੇ ਹਨ, ਜਾਨ ਦੇ ਲਾਲੇ ਪਏ ਹੋਏ ਹਨ।

—ਪਾਣੀ ਤੋਂ ਡਰ ਗਏ ਹਨ, ਕੀਰਤਪੁਰ ਵਾਲੇ, ਅਜੇ ਤੇ ਬਹੁਤ ਹੜ੍ਹ ਆਉਣੇ ਹਨ। ਤੇ ਅਸਾਂ ਉਨ੍ਹਾਂ ਦਾ ਮੁਕਾਬਲਾ ਕਰਨਾ ਏ। ਨਾਮ ਜਪੋ, ਬਾਣੀ ਪੜ੍ਹੋ ਪਾਣੀ ਮੁੜ ਜਾਏਗਾ।

—ਕੁਰਲਾਹਟ ਮਚ ਗਈ ਏ, ਚੀਕਾਂ ਮਾਰ ਰਹੇ ਹਨ ਲੋਕ। ਲੋਕਾਂ ਦੀ ਜਾਨ ਮੁਠ ਵਿਚ ਆ ਗਈ ਏ।

—ਡਰਾਕਲ, ਪਾਣੀ ਤੋਂ ਖੌਫ਼ ਖਾ ਰਹੇ ਹਨ। ਸਤਿਲੁਜ ਅਜੇ ਐਵੇਂ ਬਿਫਰ ਪਿਆ ਏ, ਜੇਰਾ ਕਰ ਹਾਲੇ ਸਤਿਲੁਜ, ਹਾਲੇ ਸਮਾਂ ਨਹੀਂ ਆਇਆ।

ਵਕਤ ਤੋਂ ਪਹਿਲਾਂ ਏਨਾ ਜੋਸ਼, ਇਹ ਗੁੱਸਾ, ਇਹ ਗ਼ਰੂਰ ਮੂਧੜੇ ਮੂੰਹ ਸੁਟੇਗਾ। ਗੁਰੂ ਵੀ ਪਰੇਸ਼ਾਨ ਸਨ।

ਅਧਾ ਪਿੰਡ ਟਿਬੇ ਤੇ ਆਣ ਬੈਠਾ। ਗੁਰੂ ਹਰਿ ਰਾਇ ਵਿਚਾਰਾਂ ਦੀ ਭੌਣੀ ਵਿਚ ਗਵਾਚ ਗਏ।

—ਸਤਿਗੁਰ ਇਹ ਉਦਾਸੀ, ਇਹ ਪਰੇਸ਼ਾਨੀ, ਇਹ ਵਿਚਾਰਾਂ ਦੀ ਮਾਲਾ।

—ਮੈਂ ਪਾਣੀ ਤੋਂ ਨਹੀਂ ਘਬਰਾਇਆ, ਮੈਨੂੰ ਪਾਣੀ ਦਾ ਕੋਈ ਡਰ ਨਹੀਂ। ਦਰਿਆਵਾਂ ਵਿਚ ਹੜ੍ਹ ਆਉਂਦੇ ਹੀ ਹਨ। ਜੇ ਲਹਿਰਾਂ ਖਰੂਦ ਨਾ ਕਰਨ ਤਾਂ ਫੇਰ ਇਨ੍ਹਾਂ ਨੂੰ ਲਹਿਰਾਂ ਕੌਣ ਆਖੇ। ਦਰਿਆ ਜੇ ਇਕਸਾਰ ਵਗਦਾ ਰਹੇ ਤਾਂ ਫੇਰ ਦਰਿਆ ਕੀ ਹੋਇਆ। ਮੈਨੂੰ ਤੇ ਡਰ ਏ ਰਾਮ ਰਾਏ ਵਰਗਾ ਜਿਨੂੰ ਅਸੀਂ ਟਿੱਕਾ ਮੰਨਦੇ ਸਨ, ਆਪਣੇ ਪੈਰਾਂ ਤੋਂ ਥਿੜਕ ਸਕਦਾ ਏ। ਤੇ ਫਿਰ ਦੂਜਾ ਕੌਣ ਏ ਏਸ ਜਹਾਜ਼ ਨੂੰ ਕੰਢੇ ਲਾਉਣ ਵਾਲਾ। ਕੌਮ ਦੇ ਜਹਾਜ਼ ਨੂੰ ਬਚਾਉਣ ਲਈ ਕੋਈ ਸਿਧੀ, ਭਗਤੀ, ਤਿਆਗ ਦਾ ਰਾਹ ਲਭਣ ਦੀ ਲੋੜ ਏ। ਰਾਮ ਰਾਏ ਨੂੰ ਬਖਸ਼ਸ਼ਾਂ ਦਿੱਤੀਆਂ, ਰਹਿਮਤਾਂ ਦੀ ਅਸ਼ੀਰ ਵਾਦ ਦੇ ਕੇ ਤੋਰਿਆ ਪਰ ਉਹ ਪਾਜੀ ਹਕੂਮਤ ਦਾ ਜਲਾਲ ਵੇਖ ਕੇ ਥਿੜਕ ਗਿਆ ਤੇ ਹੁਣ ਕੌਮ ਦਾ ਕੀ ਬਣੂ, ਸਤਿਗੁਰਾਂ ਫੁਰਮਾਇਆ।

—ਸਮਾਂ ਬੜਾ ਬਲਵਾਨ ਏ, ਜ਼ਰੂਰਤ ਈਜਾਦ ਦੀ ਮਾਂ ਏ। ਦੀਵਾਨ ਦਰਗਾਹੀਆ ਮਲ ਆ ਗਿਆ ਸੀ ਤੇ ਓਹਦੇ ਬੋਲ ਉਭਰੇ।

—ਸਤਿਗੁਰ ਦਿੱਲੀ ਦਰਬਾਰ ਦਾ ਜਾਹੋ ਜਲਾਲ ਹੀ ਏਨਾ ਸੀ ਕਿ ਸਾਹਿਬਜ਼ਾਦੇ ਦੇ ਪੈਰ ਉਖੜ ਹੀ ਜਾਣੇ ਸਨ। ਉਹ ਬਹੁਤ ਵਡੇ ਰਾਹਕਾਰ ਹਨ, ਧੋਖੇਬਾਜ਼ ਹਨ। ਦੌਲਤ ਉਨ੍ਹਾਂ ਦਾ ਸਭ ਤੋਂ ਵਡਾ ਹਥਿਆਰ ਏ।

ਪਾਣੀ ਉਤਰ ਰਿਹਾ ਏ, ਲਹਿਰਾਂ ਮੁੜ ਰਹੀਆਂ ਨੇ, ਦਰਿਆ ਸ਼ਾਂਤ ਹੋ ਰਿਹਾ ਸੀ। ਹੁਣ ਲੋਕਾਂ ਵਿਚ ਧੀਰਜ ਬਝ ਰਹੀ ਸੀ। ਹੜ੍ਹ ਲੱਥ ਜਾਏਗਾ, ਇਕ ਬੰਦਾ ਆਖ ਰਿਹਾ ਸੀ। ਪਾਣੀ ਤੇ ਲੱਥ ਹੀ ਜਾਏਗਾ ਪਰ ਬੰਦਿਆਂ ਤੇ ਚੜ੍ਹਿਆ ਪਾਣੀ ਕਿਵੇਂ ਲੱਥੇਗਾ।

ਕੀਰਤਪੁਰ ਹੁਣ ਅੱਗ ਦੇ ਦਹਾਨੇ ਤੇ ਖੜਾ ਏ। ਆਗੂ, ਮੋਹ ਲੋਭ ਅਤੇ ਮਾਇਆ ਦੀ ਸੁੰਦਰੀ ਤੇ ਮੋਹਿਤ ਹੋ ਰਹੇ ਹਨ। ਸਤਿਲੁਜ ਤੇਰਾ ਬਿਫ਼ਰਨਾ ਕੋਈ ਨਾਜਾਇਜ਼ ਨਹੀਂ। ਜੇ ਤੂੰ ਨਾ

ਬਿਫਰੇਂਗਾ ਤਾਂ ਹੋਰ ਕੌਣ ਬਿਫਰੇਗਾ। ਪਰ ਨਹੀਂ ਸਤਿਲੁਜ ਅਜੇ ਜੇਰਾ ਕਰ ! ਸਾਨੂੰ ਵਿਸ਼ਵਾਸ ਏ ਕੀਰਤਪੁਰ ਵਾਲੇ ਨਿਸ਼ਚੇ ਇਰਾਦੇ ਦੇ ਪੱਕੇ, ਲੋਹੇ ਦੀ ਲੱਠ ਵਾਂਗੂੰ ਜੰਮਣਗੇ।

—ਕੀ ਕਮਜ਼ੋਰੀ ਆ ਗਈ ਏ ਸਿੱਖਾਂ ਵਿਚ। ਸਿਖ ਆਪਣੇ ਇਰਾਦੇ ਦੇ ਬੜੇ ਪੱਕੇ ਹਨ।

—ਰਾਮ ਰਾਏ ਤੇ ਸਾਡੀਆਂ ਬੜੀਆਂ ਉਮੀਦਾਂ ਸਨ ਪਰ ਉਸਤੇ ਖੋਤਾ ਹੀ ਖੂਹ ਵਿਚ ਪਾਂ ਦਿੱਤਾ ਏ।

—ਦਰਿਆਵਾਂ ਦੇ ਹੜ੍ਹ ਬੜੇ ਬੜੇ ਪੱਥਰ ਰੋੜ੍ਹ ਕੇ ਲੈ ਜਾਂਦੇ ਹਨ। ਘੁੰਮਣ-ਘੇਰੀ ਵਿਚ ਫਸ ਗਿਆ ਸਾਹਿਬਜ਼ਾਦਾ।

—ਸਾਡੇ ਮੱਥੇ ਨਾ ਲਗੇ, ਜਿਧਰ ਮੂੰਹ ਸੂ ਓਧਰ ਚਲਿਆ ਜਾਵੇ। ਗੁਰਾਂ ਦਾ ਫੁਰਮਾਨ ਸੀ।

—ਚਿਠੀ ਭੇਜ ਦਿੱਤੀ ਏ, ਰੋਪੜ ਤੋਂ ਹੀ ਮੁੜ ਗਿਆ ਹੋਵੇਗਾ। ਗ਼ਲਤੀ ਦਾ ਅਹਿਸਾਸ ਤੇ ਹੋ ਗਿਆ ਸੂ, ਗ਼ਲਤੀ ਕਰ ਗਿਆ ਏ। ਅੜ ਜਾਂਦਾ ਇਕ ਸ਼ਹਾਦਤ ਹਰ ਹੋ ਜਾਂਦੀ। ਸ਼ਹਾਦਤਾਂ ਤੇ ਹੋਣੀਆਂ ਹੀ ਸਨ, ਦੀਵਾਨ ਦਰਗਾਹੀਆ ਮਲ ਦੇ ਬੋਲ ਸਨ।

—ਸ਼ਹਾਦਤ ਤੇ ਹੁਣ ਵੀ ਹੋਵੇਗੀ ਪਰ ਅਜੇ ਸਮਾਂ ਨਹੀਂ। ਬੇੜੀ ਪੱਤਣਾਂ ਤੇ ਹੀ ਨਾ ਡੁਬ ਜਾਏ ਦੀਵਾਨ ਜੀ !

—ਸਤਿਗੁਰ ਸੰਗਤ ਨੂੰ ਰਾਹ ਦਸਣ। ਇਸ ਜਹਾਜ਼ ਨੂੰ ਕਿੰਨੇ ਵੱਡੇ ਖਤਰੇ ਹਨ।

"ਆਪ ਆਪ ਹੁਇ ਸਭ ਮੋ ਗਏ"

ਜਦ ਹਰ ਕੋਈ ਆਪਣੀ ਹੋਂਦ ਜਤਾਏਗਾ, ਆਪਣੀ ਮਰਿਆਦਾ ਚਲਾਉਣ ਦਾ ਯਕੀਨ ਕਰੇਗਾ ਹਰ ਕੋਈ ਰਾਟੀਕੀਨ ਬਣਨ ਦੀ ਕੋਸ਼ਿਸ਼ ਕਰੇਗਾ ਤਾਂ ਫੇਰ ਕੌਮ ਨੇ ਤੇ ਥਿੜਕਣਾ ਹੀ ਹੋਇਆ।

ਆਗੂ ਜਦ 'ਅਰਥ ਲੋਭ ਕੇ ਬਸੀ ਪਰ੍ਹੇ', ਤਾਂ ਇਹ ਬੇੜਾ ਡੋਲ ਜਾਏਗਾ।

ਪਾਖੰਡ ਦੀ ਪੂਜਾ ਕਰਨ ਨਾਲ ਛੇਕ ਹੁੰਦੇ ਹਨ। ਕਾਚੇ ਪਾਚਿਆ, ਕੱਚੇ ਭਾਂਡੇ ਵੀ ਕਦੀ ਤੋੜ ਚੜ੍ਹੇ ਹਨ। ਥੋੜ੍ਹ ਦਿਲੀਆਂ ਤੋਂ ਵੀ ਕਦੀ ਮੰਜ਼ਲ ਮੁਕੀ ਹੈ, ਅਧ ਵਿਚ ਹੀ ਦਮ ਤੋੜ ਜਾਂਦੇ ਹਨ।

ਬਸ, ਇਲਾਜ ਇਕੋ ਹੀ ਏ, ਮਰਿਆਦਾ, ਤੇ ਪੰਥਕ ਰਹਿਣੀ ਪੱਕੀ ਕੀਤੀ ਜਾਏ। ਗੁਰੂ ਤੇ ਵਿਸ਼ਵਾਸ਼ ਅਟਲ ਹੋਵੇਗਾ, ਜਾਨਹਿ ਸਤਿਗੁਰ ਏਕ ਅਖੰਡਾ।

ਫੀਤੀ ਫੀਤੀ ਹੋਇਆ, ਪੋਰਾ ਪੋਰਾ ਹੋਇਆ, ਟੁਕੜੇ-ਟੁਕੜੇ ਹੋਇਆ ਬੇੜਾ ਵੀ ਜੁੜ ਜਾਂਦਾ ਏ। ਗਲ ਵਿਸ਼ਵਾਸ ਦੀ ਏ। ਦੋਖੀ ਨੂੰ ਉਚਿਤ ਦੰਡ ਮਿਲੇ ਤਾਂ ਫ਼ੇਰ ਉਹ ਕਦੀ ਸਿਰ ਨਾ ਚੁਕਣਗੇ।

ਧਰਮ ਚਲ ਹੀ ਤਦੇ ਸਕਦਾ ਏ, ਨਾ ਰਿਸ਼ਤੇਦਾਰੀ ਵੇਖੀ ਜਾਏ ਤੇ ਨਾ ਹੀ ਪੁਤ ਦੇ ਸਾਕ ਨਾਲ ਹੀ ਪਿਆਰ ਕੀਤਾ ਜਾਏ। ਮਰਿਆਦਾ ਦੀ ਪਾਲਣਾ ਜ਼ਰੂਰੀ ਏ, ਪੁਤ ਜ਼ਰੂਰੀ ਨਹੀਂ। ਤਿਆਗ, ਬੇਟੇ ਦਾ ਤਿਆਗ, ਰਾਮ ਰਾਏ ਦਾ ਮੂੰਹ ਲਾਹੌਰ ਵਲ ਸੀ, ਉਹ ਓਧਰ ਚਲਾ ਗਿਆ।

□

ਕੰਦੂਈ

ਗੱਲ ਇਹ ਪਛੇਤਰੀ ਏ, ਗੁਰੂ ਹਰਿਰਾਏ ਆਪਣੇ ਆਸਣ ਤੇ ਬਿਰਾਜਮਾਨ ਸਨ । ਸੂਰਜ ਦੇਵਤੇ ਨੇ ਅਜੇ ਝਾਤੀ ਨਹੀਂ ਸੀ ਮਾਰੀ, ਆਪਣੇ ਰਾਜ ਵਿਚ । ਜ਼ਰਾ ਕੁ ਲੋਅ ਲੱਗੀ ਤੇ ਲੋਕ ਆਖਣ ਦਿਨ ਚੜ੍ਹ ਗਿਆ ਏ, ਪ੍ਰਭਾਤ ਹੋਣ ਵਾਲੀ ਏ । ਸੰਗਤਾਂ ਇਸ਼ਨਾਨ, ਧਿਆਨ ਕਰਕੇ ਮਾਲਾ ਲੈ ਕੇ ਬੈਠ ਗਈਆਂ । ਸਾਹਿਬਜ਼ਾਦਿਆਂ ਨੇ ਆਪਣੀਆਂ ਪੀੜ੍ਹੀਆਂ ਸੰਭਾਲ ਲਈਆਂ ਸਨ । ਨਿਕੇ-ਨਿਕੇ ਹੱਥਾਂ ਵਿਚ ਨਿੱਕੀਆਂ-ਨਿੱਕੀਆਂ ਮਾਲਾਂ ਸਨ, ਸੁੰਦਰ ਸੋਹਣੀਆਂ ।

ਪਾਠ ਤੇ ਬੈਠੇ ਸਨ ਸਾਹਿਬਜ਼ਾਦੇ, ਸੂਰਜ ਦੇਵ ਨੇ ਮੂੰਹ ਵਿਖਾਇਆ ।

ਸਾਹਿਬਜ਼ਾਦੇ ਬੜੇ ਮਗਨ ਸਨ ਪਾਠ ਵਿਚ, ਕਿੰਨੀਆਂ ਸੋਹਣੀਆਂ ਲਗਦੀਆਂ ਹਨ ਇਨ੍ਹਾਂ ਦੇ ਹੱਥਾਂ ਵਿਚ ਫੜੀਆਂ ਮਾਲਾਵਾਂ । ਇਕ ਸੇਵਕ ਨੇ ਆਖਿਆ ।

ਬਿਰਤੀ ਇਕਾਗਰ ਕਰਨ ਦੀ ਜਾਚ ਆ ਗਈ ਏ । ਹੱਥ ਪੱਕ ਗਏ ਹਨ ਮਾਲਾ ਤੇ ਦੂਜੇ ਸੇਵਕ ਦਾ ਖਿਆਲ ਸੀ ।

—ਗੁਰੂ ਘਰ ਵਿਚ ਹਮੇਸ਼ਾ ਗੱਦੀ ਦਾ ਝਗੜਾ ਪੈਂਦਾ ਏ । ਇਹਦਾ ਕੋਈ ਹੋਰ ਹੱਲ ਨਹੀਂ, ਜਿਦ੍ਹੇ ਨਾਲ ਝਗੜੇ ਦੀ ਨੌਬਤ ਹੀ ਨਾ ਆਵੇ ।

—ਗੱਦੀ ਈ ਝਗੜੇ ਦੀ ਜੜ੍ਹ ਏ, ਸੂਲਾਂ ਦੀ ਸੇਜ ਏ ਗੱਦੀ । ਹੁਣ ਤੇ ਗੱਦੀ ਲਹੂ ਦੀ ਪਿਆਸੀ ਏ । ਜਦ ਗੱਦੀ ਦਾ ਸਵਾਲ ਸਾਹਮਣੇ ਆਉਂਦਾ ਏ ਤਾਂ ਫੇਰ ਭਰਾ ਭਰਾ ਨਹੀਂ ਰਹਿੰਦਾ । ਪਿਓ ਪੁਤ ਦਾ ਰਿਸ਼ਤਾ ਕਾਇਮ ਨਹੀਂ ਰਹਿ ਸਕਦਾ । ਲਹੂ ਸਫੈਦ ਹੋ ਜਾਂਦਾ ਏ । ਤਖ਼ਤ ਵਾਸਤੇ ਝਗੜਾ ਕੀਤਾ ਜਾਵੇ ਤਾਂ ਕੋਈ ਲਾਭ ਹੋਵੇ, ਪਰ ਏਥੇ ਨਾ ਕੋਈ ਜ਼ਮੀਨ, ਨਾ ਖਜ਼ਾਨਾ, ਨਾ ਦੌਲਤ, ਖਾਲੀ ਫੋਕੀ ਗੱਦੀ, ਐਵੇਂ ਡਾਂਗਾਂ ਚੁਕੀ ਫਿਰਦੇ ਹਨ, ਤਪ, ਤਿਆਗ, ਸਾਧਨਾ ਲੋਕਾਂ ਦੇ ਦੁਖ ਆਪਣੀ ਝੋਲੀ ਵਿਚ ਪਾ ਲੈਣੇ । ਲੋਕ ਆਰਾਮ ਨਾਲ ਸੌਣ ਤੇ ਗੱਦੀ ਵਾਲਾ ਸਾਰੀ ਰਾਤ ਪਾਸੇ ਮਾਰ ਕੇ ਕਟੇ । ਨਾ ਦਿਨੇ ਚੈਨ ਤੇ ਨਾ ਰਾਤੀ ਚੈਨ । ਹੁਣ ਗੱਦੀ ਭਾਰੀ ਹੁੰਦੀ ਜਾ ਰਹੀ ਏ । ਹਕੂਮਤ ਦੀਆਂ ਨਜ਼ਰਾਂ ਹੁਣ ਗੱਦੀ ਤੇ ਹਨ । ਗੱਦੀ ਹੁਣ ਲਹੂ ਮੰਗੇਗੀ । ਹਾਲਾਤ ਏਸ ਤਰ੍ਹਾਂ ਦੇ ਬਣ ਰਹੇ ਹਨ । ਗੁਰਾਂ ਫੁਰਮਾਇਆ ।

ਸੁਨੇਹਾ ਧੀਰ ਮਲ ਦਾ ਵੀ ਆ ਗਿਆ ਏ, ਉਹ ਆਖਦਾ ਏ, ਰਾਮ ਰਾਏ ਦਾ ਸਰਕਾਰੇ, ਦਰਬਾਰੇ ਬੜਾ ਅਸਰ ਰਸੂਖ ਬਣ ਗਿਆ ਏ । ਬਾਦਸ਼ਾਹ ਨਾਲ ਗਰਾਹੀਆਂ ਸਾਂਝੀਆਂ ਹੋ ਗਈਆਂ ਨੇ । ਬਾਦਸ਼ਾਹ ਚਾਹੁੰਦਾ ਏ ਕਿ ਗੱਦੀ ਰਾਮ ਰਾਏ ਨੂੰ ਦਿੱਤੀ ਜਾਏ । ਨਾ ਦੇਣ ਨਾਲ ਦੁਬਿਧਾ ਪਏਗੀ । ਗੱਦੀ ਤੇ ਵੱਡੇ ਭਰਾ ਦਾ ਹੱਕ ਏ । ਇਹ ਇਕ ਚਿੱਠੀ ਸੀ ।

—ਅਸਾਂ ਅਜੇ ਗੱਦੀ ਦਾ ਫੈਸਲਾ ਨਹੀਂ ਕੀਤਾ । ਧੀਰ ਮਲ ਨੂੰ ਕਿਥੋਂ ਸੁਪਨਾ ਆ ਗਿਆ ਏ ।

ਲਾਹੌਰ ਤੋਂ ਮੀਆਂ ਮੀਰ ਦੇ ਚੇਲਿਆਂ ਸ਼ਾਹ ਦੀ ਗੱਲ ਸੁਣੀ ਤੇ ਸੀ ਪਰ ਇਨਕਾਰ ਕਰ ਦਿੱਤਾ ਸੀ । ਰਾਮ ਰਾਏ ਵੀ ਉਥੇ ਗਿਆ ਕਿ ਤੁਸੀਂ ਮੇਰੇ ਨਾਲ ਚਲੋ । ਮੈਂ ਗਲਤ ਕਦਮ ਚੁਕ ਤੇ ਲਿਆ ਏ ਪਰ ਪਿਤਾ ਨੇ ਮੈਨੂੰ ਮਾਫ਼ ਨਹੀਂ ਕਰਨਾ । ਤੁਸੀਂ ਮੈਨੂੰ ਮੇਰੀ ਭੁਲ ਬਖਸ਼ਵਾ ਸਕਦੇ ਹੋ । ਪਰ ਉਨ੍ਹਾਂ ਇਹ ਆਖਿਆ ਕਿ ਅਸੀਂ ਤੇਰੇ ਨਾਲ ਨਹੀਂ ਜਾ ਸਕਦੇ । ਕਿਉਂਕਿ ਤੇਰਾ ਕੰਮ ਗੁਰ

ਮਰਿਆਦਾ ਤੋਂ ਉਲਟ ਏ। ਤੂੰ ਆਪਣਾ ਕੋਈ ਹੋਰ ਟਿਕਾਣਾ ਲੱਭ। ਬਾਦਸ਼ਾਹ ਜਗੀਰ ਦੇ ਸਕਦਾ ਏ। ਕਿਸੇ ਦਾ ਝੁੱਗਾ ਉਜਾੜ ਕੇ ਉਹਨੂੰ ਰੜੇ ਮੈਦਾਨ ਵਿਚ ਬਿਠਾ ਸਕਦਾ ਏ। ਜਦੋਂ ਯਰਾਨਾ ਗੰਢਿਆ ਗਿਆ ਤਾਂ ਫੇਰ ਯਾਰ ਨੂੰ ਸਾਂਵਾਂ ਬਣਾਉਣਾ ਪਊ। ਰਾਮ ਰਾਏ ਹੁਣ ਹੱਥ ਪੈਰ ਮਾਰ ਰਿਹਾ ਏ।

ਤੁਸੀਂ ਦਸੋ ਮੈਂ ਕੌਣ ਹਾਂ, ਗੱਦੀ ਦਾ ਫੈਸਲਾ ਕਰਨ ਵਾਲਾ। ਇਹਦਾ ਫੈਸਲਾ ਤਾਂ ਧੁਰ ਦਰਗਾਹੋਂ ਪਹਿਲਾਂ ਹੀ ਹੋਇਆ ਹੁੰਦਾ ਏ। ਗੁਰਗੱਦੀ ਦੀ ਲੀਹ ਤੇ ਗੁਰੂ ਨਾਨਕ ਨੇ ਪਹਿਲਾਂ ਹੀ ਪਾਈ ਹੋਈ ਏ। ਓਸੇ ਲੀਹ ਤੇ ਅਸੀਂ ਤੁਰੇ ਜਾ ਰਹੇ ਹਾਂ। ਸਿਰਫ ਇਕ ਵਾਰ ਕਹਿਣਾ ਨਹੀਂ ਸੀ ਨਾ ਮੰਨਿਆ, ਹਾਂ ਕਰ ਦੇਂਦੇ। ਨਾਂਹ ਕਰਕੇ ਮਣ ਪੱਕੇ ਦਾ ਸਿਰ ਫੇਰ ਦਿੱਤਾ। ਕੀ ਬਾਬਾ ਸਿਰੀ ਚੰਦ, ਲਖਮੀ ਦਾਸ, ਸਭ ਗੁਣਾਂ ਦੀ ਗੁਥਲੀ ਨਹੀਂ ਸਨ। ਲੋਕਾਂ ਵਿਚ ਮਾਣ ਮਰਿਆਦਾ ਬਣੀ ਹੋਈ ਸੀ ਪਰ ਨਹੀਂ, ਅਸੂਲ, ਅਸੂਲ ਏ, ਪਲੇਠੀ ਦੇ ਪੁੱਤ ਗੋਡੇ ਮੁਢ ਬੈਠੇ ਰਹਿ ਗਏ ਤੇ ਦਾਸ ਗੱਦੀ ਲੈ ਗਿਆ।

ਲਹਿਣਾ ਗੁਰੂ ਅੰਗਦ ਦੇਵ ਬਣ ਗਿਆ। ਗੱਲ ਏਥੇ ਹੀ ਨਾ ਮੁੱਕੀ, ਪਿਓ ਨੂੰ ਗੱਦੀ ਕਿਉਂ ਮਿਲ ਗਈ, ਹਿੰਦੁਸਤਾਨ ਦਾ ਤਖ਼ਤ ਮਿਲ ਗਿਆ ਏ। ਪੁੱਤ ਤੇ ਜੱਦੀ ਜਾਇਦਾਦ ਸਮਝਦੇ ਸਨ, ਰਾਣੀ ਖਾਂ ਬਣ ਬੈਠੇ। ਗੱਦੀ ਅਮਰੂ ਲੈ ਗਿਆ। ਤੇ ਫੇਰ ਵਾਰੀ ਆਈ ਗੁਰੂ ਰਾਮਦਾਸ ਦੀ।

ਪੁੱਤਾਂ ਆਪ ਵੀ ਸਭ ਕੁਝ ਕਰ ਵਿਖਾਇਆ, ਜੋ ਕੁਝ ਪਿਛੇ ਹੁੰਦਾ ਆਇਆ ਸੀ। ਲੋਕਾਂ ਕੋਲੋਂ ਵੀ ਰਾਮ ਲੀਲਾ ਸੁਣੀ ਸੀ ਪਰ ਨਹੀਂ। ਪਰ ਉਨ੍ਹਾਂ ਦਾ ਦਿਮਾਗ ਸਤਵੇਂ ਆਸਮਨ ਤੇ ਸੀ। ਉਹ ਕੀ ਜਾਣਦੇ ਸਨ ਜੇਠੇ ਨੂੰ। ਘੁੰਙਣੀਆਂ ਵੇਚਣ ਵਾਲਾ ਗੁਰਗੱਦੀ ਦਾ ਮਾਲਕ ਬਣ ਗਿਆ। ਪੁਤ ਹੱਥ ਮਲਣ ਜੋਗੇ ਰਹਿ ਗਏ।

ਗੁਰੂ ਰਾਮਦਾਸ ਬਣੇ, ਫੇਰ ਕਿਹੜੀ ਅਕਲ ਆ ਗਈ ਪੁੱਤਾਂ ਨੂੰ। ਪੁੱਤ ਤੇ ਉਦੋਂ ਵੀ ਡਾਂਗਾਂ ਚੁੱਕੀ ਫਿਰਦੇ ਸਨ। ਪ੍ਰਿਥੀ ਚੰਦ ਨੇ ਕੀ ਕੀ ਬਖੇੜੇ ਨਹੀਂ ਸਨ ਪਾਏ ਪਰ ਗੱਦੀ ਜਿਹਦੇ ਕਰਮਾਂ ਵਿਚ ਲਿਖੀ ਸੀ ਉਸੇ ਨੂੰ ਮਿਲੀ। ਗੁਰੂ ਅਰਜਨ ਦੇਵ ਦੇ ਸਾਹਮਣੇ ਪ੍ਰਿਥੀ ਚੰਦ ਡਾਂਗ ਲੈ ਕੇ ਖਲੋ ਗਿਆ ਪਰ ਗੁਰ ਮਰਿਯਾਦਾ ਫੇਰ ਵੀ ਨਾ ਟੁੱਟੀ। ਵੱਡਾ ਭਰਾ ਖੜਤਾਲਾਂ ਵਜਾਉਂਦਾ ਰਹਿ ਗਿਆ ਤੇ ਬਾਜ਼ੀ ਮਾਰ ਗਿਆ ਛੋਟਾ ਭਰਾ ਅਰਜਨ। ਗੁਰੂ ਅਰਜਨ ਨੇ ਮਿਹਰਬਾਨ ਨੂੰ ਮੁਤਬੰਨਾ ਬਣਾ ਲਿਆ ਭਰਾ ਦਾ ਪੁੱਤ ਲੈ ਕੇ। ਏਸ ਕਰਕੇ ਕਿ ਪੁੱਤ ਦੇ ਦਿਲ ਅੰਦਰ ਭਾਂਬੜ ਮਚ ਰਿਹਾ ਏ ਠੰਡਾ ਹੋ ਜਾਏਗਾ। ਭਰਾ ਨੂੰ ਇਹ ਵਿਸ਼ਵਾਸ ਹੋ ਜਾਓ ਕਿ ਗੱਦੀ ਉਹਦੇ ਪੁੱਤ ਨੂੰ ਮਿਲ ਰਹੀ ਏ। ਲੋਭੀ ਤੇ ਲਾਲਚੀ ਦੀ ਅੱਗ ਮੱਠੀ ਨਹੀਂ ਹੁੰਦੀ। ਗੁਰੂ ਹਰਿਗੋਬਿੰਦ ਨੂੰ ਗੱਦੀ ਦੀ ਸੰਭਾਲ ਮਿਲੀ। ਮਿਹਰਬਾਨ ਵੀ ਥੜ੍ਹੇ ਤੇ ਬੈਠਾ ਰਹਿ ਗਿਆ। ਹੁਣ ਵੇਖੋ ਕੁਦਰਤ ਦੇ ਰੰਗ। ਪੁੱਤ ਸਾਰੇ ਦੇ ਸਾਰੇ ਹੱਥ ਝਾੜ ਕੇ ਲਾਂਭੇ ਹੋ ਗਏ ਤੇ ਗੁਣਾ ਪਿਆ ਸਾਡੇ 'ਤੇ, ਪੁੱਤਾਂ ਨੂੰ ਗੱਦੀ ਨਹੀਂ ਮਿਲੀ। ਕਿਥੇ ਗਿਆ ਉਹ ਹੱਕ, ਪੋਤਰੇ ਗੱਦੀ ਦੇ ਮਾਲਕ ਬਣੇ, ਰਾਮ ਰਾਏ ਨੂੰ ਗੱਦੀ ਲਈ ਤਿਆਰ ਕਰਨ ਦਾ ਸਾਡਾ ਖ਼ਿਆਲ ਸੀ ਪਰ ਉਹ ਦੌਲਤ ਦੀ ਤਿਲਕਣ ਤੇ ਤਿਲਕ ਪਿਆ। ਦੰਦ ਤੇ ਭਜਣੇ ਹੀ ਸਨ। ਹੁਣ ਅਜੇ ਫੈਸਲਾ ਨਹੀਂ ਹੋਇਆ। ਫੈਸਲਾ ਵਕਤ ਸਿਰ ਹੋਣਾ ਏ ਪਰ ਧੀਰ ਮਲ ਵੀ ਤੇ ਖ਼ਾਬ ਵੇਖ ਰਿਹਾ ਏ। ਤੇ ਰਾਮ ਰਾਏ ਨੂੰ ਐਵੇਂ ਝੂਠੇ ਸ਼ੀਸ਼ ਮਹਿਲਾਂ ਦੇ ਸੁਪਨੇ ਵਿਖਾਏ ਜਾ ਰਹੇ ਹਨ। ਗੱਦੀ ਲੈਣ ਲਈ ਬੜੀ ਤਪੱਸਿਆ ਦੀ ਜ਼ਰੂਰਤ ਏ। ਬੁਜ਼ਦਿਲ, ਡਰਾਕਲ, ਲੋਭੀ ਗੱਦੀ ਤੇ ਕਿਸ ਤਰ੍ਹਾਂ ਬਿਰਾਜੇਗਾ। ਗੱਦੀ ਤੇ ਹੁਣ ਲਹੂ ਮੰਗਦੀ ਏ। ਸ਼ਹਾਦਤ ਦੇਣ ਦੀ ਰੁਤ ਆਈ ਏ ਤੇ ਇਨ੍ਹਾਂ ਫਸਲੀ ਬਟੇਰਿਆਂ ਨੇ ਬੁਕਲ ਮਾਰ ਕੇ ਲਾਂਭੇ ਹੋ ਜਾਣਾ ਏ। ਕੌਮ ਡੁਬ ਜਾਏਗੀ। ਜਿਹੜਾ ਸਿਰ

ਕਟਾ ਸਕਦਾ ਏ ਉਹ ਆਵੇ ਮੈਦਾਨ ਵਿਚ। ਗੱਦੀ ਦਾ ਫੈਸਲਾ ਫੇਰ ਵੀ ਮੇਰੇ ਹੱਥ ਵਿਚ ਨਹੀਂ। ਉਹ ਫੈਸਲਾ ਓਸ ਵੇਲੇ ਹੋਵੇਗਾ ਜਦ ਉਹਦਾ ਵਕਤ ਆਏਗਾ। ਗੱਦੀ ਤੇ ਮੁਹਰ ਲੱਗੀ ਹੋਈ ਏ। ਉਹ ਸਾਨੂੰ ਵੀ ਨਹੀਂ ਪਤਾ, ਮੁਹਰ ਕਿਸ ਦੀ ਲੱਗੀ ਏ। ਧੀਰ ਮਲ ਨੂੰ ਵੀ ਸੁਨੇਹਾ ਭੇਜ ਦਿਓ ਕਿ ਉਹ ਵੀ ਭਲੇ ਮੂੰਹੋਂ ਫਿਕਾ ਨਾ ਪਵੇ। ਕੁਦਰਤ ਦੇ ਰੰਗ ਵੇਖੋ। ਗੁਰੂ ਹਰਿਰਾਏ ਬਚਨ ਕਰ ਰਹੇ ਸਨ।

ਹਾਂ, ਮੈਂ ਗੱਲਾਂ ਗੱਲਾਂ ਵਿਚ ਆਪਣੀ ਗੱਲ ਤੋਂ ਜ਼ਰਾ ਕੁ ਹੱਟ ਗਿਆ ਹਾਂ। ਮੈਂ ਤੁਹਾਨੂੰ ਪਿਛਲੀ ਗੱਲ ਦੱਸਣ ਲੱਗਾ ਹਾਂ। ਉਹ ਸਮਾਂ ਬਹੁਤ ਸੋਹਣਾ, ਬਹੁਤ ਸੁਹਾਵਣਾ ਸੀ। ਸਰਘੀ ਵੇਲਾ ਸੀ ਪਰਭਾਤ ਨੇ ਸੁਨਹਿਰੀ ਚੁੰਨੀ ਲਈ ਹੋਈ ਸੀ, ਛੱਣ ਛੱਣ ਕਰਦੀ ਆਣ ਵੜੀ ਵਿਹੜੇ ਵਿਚ। ਪਰਭਾਤੀ ਕੋਈ ਗਾ ਰਿਹਾ ਸੀ।

ਆਓ ਸੇਵਕੋ, ਪਰਖ ਕਰੋ, ਕਿਹੜਾ ਸਾਹਿਬਜ਼ਾਦਾ ਭਜਨ ਵਿਚ ਮਗਨ ਏ ਤੇ ਕਿਹੜਾ ਪਾਖੰਡ ਕਰਕੇ ਅੱਖੀਆਂ ਮੀਟੀ ਬੈਠਾ ਏ। ਆਹ ਲਵੋ ਮੈਥੋਂ ਕੰਦੂਈ।

ਹਰਕ੍ਰਿਸ਼ਨ ਨੂੰ ਕੰਦੂਈ ਚੁੱਭੀ ਤੇ ਉਹ ਅਡੋਲ ਸਨ। ਉਨ੍ਹਾਂ ਨੂੰ ਪਤਾ ਵੀ ਨਾ ਲੱਗਾ ਕਿ ਕਿਸੇ ਨੇ ਕੰਦੂਈ ਖੋਭੀ ਵੀ ਏ। ਕੰਦੂਈ ਲਹੂ ਨਾਲ ਲਿਬੜੀ ਹੋਈ ਸੀ।

ਵਾਰੀ ਆਈ ਰਾਮ ਰਾਏ ਦੀ। ਅਜੇ ਕੰਦੂਈ ਮਾੜੀ ਜਿਹੀ ਚੁੱਭੀ ਵੀ ਨਹੀਂ ਸੀ, ਮਸਾਂ ਛੁਹਾਈ ਹੀ ਸੀ, ਤ੍ਰਭਕ ਉਠਿਆ। ਇਹ ਲੀਲਾ ਵੇਖ ਰਹੇ ਸਨ, ਗੁਰੂ ਹਰਿਰਾਏ। ਖਾਮੋਸ਼ ਸਨ। ਇਹ ਨਜ਼ਾਰਾ ਗੁਰੂ ਵੀ ਤੱਕ ਰਹੇ ਸਨ ਤੇ ਸੰਗਤ ਵੀ ਦਰਸ਼ਨ ਕਰ ਰਹੀ ਸੀ।

—ਇਕ ਸਿੱਖ ਨੇ ਹੱਥ ਜੋੜ ਤੇ ਅਰਜ਼ ਕੀਤੀ, ਹਜ਼ੂਰ ਆਪ ਦੇ ਹੀ ਇਹ ਦੋ ਲਾਲ ਹਨ। ਇਨ੍ਹਾਂ ਦੋਹਾਂ ਵਿਚੋਂ ਆਪ ਨੂੰ ਕਿਹੜਾ ਪਿਆਰਾ ਏ।

ਪੁੱਤਰ ਤੇ ਸਾਰੇ ਹੀ ਪਿਆਰੇ ਹੁੰਦੇ ਹਨ। ਕੌਣ ਆਖ ਸਕਦਾ ਏ ਕਿ ਮੇਰੀ ਸੱਜੀ ਅੱਖ ਮੈਨੂੰ ਪਿਆਰੀ ਏ ਤੇ ਖੱਬੀ ਮੈਨੂੰ ਪਿਆਰੀ ਨਹੀਂ। ਅੱਖਾਂ ਦੋਵੇਂ ਪਿਆਰੀਆਂ ਹੀ ਹਨ। ਦੋਵੇਂ ਪੀੜ੍ਹੀਆਂ ਤੇ ਬੈਠੇ ਪੰਜ ਗਰੰਥੀ ਪੜ੍ਹ ਰਹੇ ਸਨ ਸਾਹਿਬਜ਼ਾਦੇ।

ਪੀੜ੍ਹਿਆਂ ਦੇ ਪਾਵਿਆਂ ਵਿਚ ਕੰਦੂਈ ਖੋਭੀ ਜਾਏ ਤੇ ਫੇਰ ਮੈਨੂੰ ਆਣ ਕੇ ਦੱਸਣਾ ਕੀ ਵਾਪਰੀ। ਕਿਹਦਾ ਪੀੜ੍ਹਾ ਹਿਲਿਆ ਏ।

ਪਾਵੇ ਵਿਚ ਸੂਈ ਖੋਭਣ ਦੀ ਕੋਸ਼ਿਸ਼ ਕੀਤੀ ਫਿਰ ਕੰਦੂਈ ਨਾਲ ਵੀ ਹੱਥ ਅਜ਼ਮਾਇਆ ਪਰ ਉਹ ਪਾਵੇ ਵਿਚ ਜਾਏ ਹੀ ਨਾ। ਲਕੜੀ ਵਿਚ ਸੂਈ ਜਾਣ ਲਈ ਜ਼ੋਰ ਲੱਗਦਾ ਸੀ।

'ਨਹਿ ਪਾਵ ਮਹਿ ਪ੍ਰਵੇਸ਼ਹਿ ਆਗੇ'।

ਵਾਰੀ ਹੁਣ ਆਈ ਹਰਕ੍ਰਿਸ਼ਨ ਦੀ। ਹਰ ਗੱਲ ਵਿਚ ਬਾਲਪਨ ਸੀ। ਉਹ ਜਿਹੜਾ ਵੀ ਕੰਮ ਕਰਦੇ ਭੋਲੇ ਜਿਹੇ ਇਰਾਦੇ ਨਾਲ। ਸਿੱਖ ਹੈਰਾਨ ਸਨ ਕਿ ਸਤਿਗੁਰੂ ਅਜ ਕੰਦੂਈ ਨਾਲ ਇਹ ਕੀ ਕੌਤਕ ਕਰ ਰਹੇ ਹਨ। ਪਰੀਖਿਆ ਹੋ ਰਹੀ ਏ। ਗੁਰੂ ਦੀਆਂ ਗੁਰੂ ਹੀ ਜਾਣੇ।

ਪੀੜ੍ਹੀ ਦੇ ਪਾਵੇ ਵਿਚ ਕੰਦੂਈ ਖੋਭੀ ਗਈ। ਇਹ ਸਾਰੀ ਦੀ ਸਾਰੀ ਅੰਦਰ ਖੁਭ ਗਈ। ਪਾਵਾ ਲੱਕੜ ਦਾ ਸੀ ਜਾਂ ਮੋਮ ਦਾ। ਪਰ ਨਹੀਂ ਪਾਹਵਾ ਤੇ ਲੱਕੜੀ ਦਾ ਹੀ ਸੀ। ਲਗਨ, ਪਿਆਰ ਤੇ ਸ਼ਰਧਾ ਤੇ ਬਿਰਤੀ ਨੇ ਹਿਰਦਾ ਵੀ ਮੁਲਾਇਮ ਕਰ ਦਿੱਤਾ ਸੀ। ਲੱਕੜੀ ਦੀ ਕੀ ਮਜਾਲ,ਸੀ, ਆਤਮਾ ਵੀ ਸ਼ੁੱਧ ਕਰ ਦਿੱਤੀ ਸੀ। ਸਰੀਰ ਕੋਮਲ ਏਨਾ ਹੋ ਗਿਆ ਸੀ ਕਿ ਸੂਈ ਚੁਭਣ ਦਾ ਅਹਿਸਾਸ ਹੀ ਨਾ ਹੋਇਆ।

'ਹੁਤੋ ਮੋਮ ਸਮ, ਸਭ ਗਡ ਗਈ ਰਹਿਬੋ ਨਿਕਾਸ਼, ਬੀਚ ਲੈ ਭਈ'

ਓਸ ਸਿੱਖ ਨੇ ਸਾਰੀ ਵਾਪਰੀ ਘਟਨਾ ਗੁਰੂ ਹਰਿਰਾਏ ਜੀ ਨੂੰ ਆਣ ਦੱਸੀ।

ਸਤਵੇਂ ਪਾਤਸ਼ਾਹ ਨੇ ਉੱਤਰ ਦਿੱਤਾ, ਗੁਰੂ ਦੀ ਉਪਮਾ ਇਹੋ ਹੀ ਏ ਜਿਸਦੀ ਦ੍ਰਿਸ਼ਟੀ ਨਾਲ ਹੀ ਰੁੱਖ ਹਰੇ ਹੋ ਜਾਣ, ਮੁਰਦੇ ਜੀ ਪੈਣ। ਬੁਜ਼ਦਿਲ, ਕਾਇਰ, ਸਾਹਸੀ ਹੋ ਜਾਣ। ਇਹ ਗੱਲ ਲੋਕ ਜਾਣ ਗਏ ਸਨ। ਲੋਕ ਮਹਿਸੂਸ ਕਰ ਰਹੇ ਸਨ। ਜਿਹੜੀ ਗੱਲ ਰਾਮ ਰਾਏ ਕਰਦਾ ਏ ਲੋਕ ਸੁਣਦੇ ਤੇ ਹਨ ਪਰ ਉਹ ਬਹੁਤ ਜਲਦੀ ਭੁੱਲ ਜਾਂਦੀ ਏ। ਚੇਤੇ ਨਹੀਂ ਰਹਿੰਦੀ। ਹਰਿ ਕ੍ਰਿਸ਼ਨ ਭਾਵੇਂ ਅਜੇ ਬਾਲ ਹੀ ਸਨ ਪਰ ਜਿਹੜੀ ਗੱਲ ਉਹ ਕਰਦੇ ਹਨ ਉਹ ਲੋਕਾਂ ਦੇ ਸੀਨੇ ਤੇ ਅਮਿਟ ਛਾਪ ਛੱਡਦੀ ਏ।

ਗੁਰੂ ਹਰਿਰਾਏ ਨੇ ਫੈਸਲਾ ਕਰ ਲਿਆ ਕਿ ਗੁਰਗੱਦੀ ਦੀ ਪੰਡ ਹਰਿ ਕ੍ਰਿਸ਼ਨ ਹੀ ਚੁੱਕ ਸਕਦਾ ਏ, ਪੰਡ ਭਾਰੀ ਏ ਤਾਂ ਕੀ ਹੋਇਆ।

ਕੰਦੂਈ ਨੇ ਕਸਵੱਟੀ ਦਾ ਕੰਮ ਕੀਤਾ। ਪਰਖ ਕਰਕੇ ਵਿਖਾ ਦਿੱਤੀ। ਕਿਹੜਾ ਖਰਾ ਏ ਤੇ ਖੋਟ ਕਿਸ ਵਿਚ ਕਿੰਨੀ ਕੁ ਏ। ਕਸਵੱਟੀ ਨੇ ਤੇ ਸੱਚ ਹੀ ਬੋਲਣਾ ਸੀ ਨਾ।

□

੭੭

ਮੂੰਹ ਮੁਹਾਂਦਰਾ

ਮਾਤਾ ਕਿਸ਼ਨ ਕੌਰ ਦੀ ਕੁੱਖ ਵਿਚੋਂ 7 ਜੁਲਾਈ, 1656 ਈਸਵੀ ਨੂੰ ਕੀਰਤਪੁਰ ਦੇ ਮਹਿਲ ਵਿਚ ਪ੍ਰਕਾਸ਼ ਹੋਇਆ ਇਕ ਬਾਲਕ ਦਾ। ਗੁਰੂ ਹਰਿਰਾਏ ਨੇ ਜਨਮ ਵੇਲੇ ਹੀ ਭਵਿੱਖ ਵਾਕ ਕੀਤੇ ਸਨ ਕਿ ਜੋ ਕਾਰਜ ਇਹ ਨਿਭਾਉਣਗੇ ਹੋਰ ਕੋਈ ਨਹੀਂ ਨਿਭਾ ਸਕਦਾ। ਉਮਰ ਭਾਵੇਂ ਛੋਟੀ ਹੀ ਏ ਪਰ ਕੌਮ ਲਈ ਸੰਗੋ ਮੀਲ ਦਾ ਕੰਮ ਦੇਣਗੇ।

ਪ੍ਰਸਿੱਧ ਕਵੀ ਵੀ ਕਈ ਵਾਰ ਬੜੀਆਂ ਖੂਬਸੂਰਤ ਗੱਲਾਂ ਕਰ ਜਾਂਦੇ ਹਨ। ਪਿਓ ਤੇ ਪਿਓ ਹੀ ਈ ਸੀ ਪਰ ਪੁੱਤ ਨੇ ਚਾਰ ਕਦਮ ਅਗੇ ਹੜਪਾ ਮਾਰਿਆ। ਇਹ ਗੱਲ ਕਵਰੇਸ਼ ਲਿਖਦਾ ਏ।

'ਚਿਹਰਾ ਬੜਾ ਮਨਮੋਹਣਾ ਸੀ, ਵੇਖਦਿਆਂ ਭੁਖ ਲੱਥਦੀ, ਤ੍ਰਿਸ਼ਨਾ ਮੁਕ ਜਾਂਦੀ। ਜੀ ਕਰਦਾ ਏ ਵੇਖਦੇ ਹੀ ਜਾਈਏ। ਵੇਖਦਿਆਂ ਮਨ ਨੂੰ ਖਿੱਚ ਪੈਂਦੀ। ਜਦੋਂ ਰਿੜ੍ਹਦਾ ਤਾਂ ਇੰਜ ਲਗਦਾ ਜਿਵੇਂ ਪ੍ਰਕਾਸ਼ਮਾਨ ਹੋਏ ਹਨ। ਤੇ ਜਦੋਂ ਬਹਿੰਦੇ ਤਾਂ ਇੰਜ ਲਗਦੇ ਜਿਵੇਂ ਅੰਤਰ ਧਿਆਨ ਹੋਏ ਹਨ। ਕੀਰਤਨ ਤੇ ਪਾਠ ਇਕ ਚਿਤ ਬੈਠ ਕੇ ਸੁਣਦੇ। ਜਦ ਆਪ ਪਾਠ ਕਰਨ ਦੇ ਯੋਗ ਹੋਏ ਤੇ ਮਿੱਠੀ ਤੇ ਸੁਰੀਲੀ ਆਵਾਜ਼ ਵਿਚ ਪਾਠ ਕਰਦੇ। ਸਰੀਰ ਤੇ ਛੋਹਲੇ ਸਨ, ਸੁਭਾਅ ਦੇ ਸੀਤਲ। ਹੱਥੀਂ ਸੇਵਾ ਕਰਨ ਦੇ ਆਦੀ। ਪਿਤਾ ਵਾਂਗੂੰ ਸੰਗਤ ਨੂੰ ਪ੍ਰਸ਼ਾਦ ਛਕਾ ਕੇ ਬਹੁਤ ਪ੍ਰਸੰਨ ਹੁੰਦੇ।

ਨੁਹਾਰ ਬੜੀ ਤਿੱਖੀ ਸੀ। ਨੈਣ ਕਮਲ ਵਰਗੇ ਸਨ। ਛੱਬ ਬਹੁਤ ਸੁੰਦਰ ਤੇ ਮਨਮੋਹਣੀ ਸੀ।

ਕਿਸੇ ਵੱਲ ਵੇਖਦੇ ਤਾਂ ਇੰਜ ਜਾਪਦਾ ਜਿੱਦਾਂ ਕਿਰਪਾ ਕਰ ਰਹੇ ਹੋਣ। ਬਖਸ਼ਸ਼ਾਂ ਵੰਡ ਰਹੇ ਸਨ। ਜਦ ਬੋਲਦੇ ਤਾਂ ਇਉਂ ਜਾਪਦਾ ਜਿੱਦਾਂ ਗਿਆਨ ਦਾ ਸੂਰਜ ਚੜ੍ਹ ਗਿਆ ਏ।

ਗੁਰੂ ਹਰਿਰਾਏ ਨੇ ਆਪਣੇ ਨਾਲ ਹੀ ਰਖਿਆ ਤੇ ਸਮੇਂ ਦੇ ਨਾਲ ਨਾਲ ਦੀਵਾਨ ਦੀ ਮਰਿਆਦਾ, ਸੰਗਤ ਨਾਲ ਪਿਆਰ ਕਰਨ ਦੀ ਜਾਚ ਦੱਸੀ। ਬਾਣੀ ਵਿਚ ਲੀਨ ਹੋਣ ਦੀ ਘੁੰਡੀ ਖੋਲ੍ਹੀ। ਕਰਨੀ ਤੇ ਕਥਨੀ ਵਿਚ ਪੂਰਾ ਜ਼ੋਰ ਲਾ ਕੇ ਤਰਾਜ਼ੂ ਤੇ ਤੋਲ ਕੇ ਵੇਖਿਆ ਸਾਹਿਬਜ਼ਾਦਾ।

ਪਿਤਾ ਨੇ ਹਰ ਗੱਲ ਸਮਝਾਈ ਆਪਣੇ ਗੋਡੇ ਮੁੱਢ ਬਿਠਾ ਕੇ। ਬੇਟੇ ਦੀ ਜ਼ਿੰਮੇਵਾਰੀ ਨਿਭਾਉਣਾ ਹੀ ਇਨਸਾਨ ਲਈ ਅਮੋਲ ਜੀਵਨ ਏ।

ਹਰਿ ਕ੍ਰਿਸ਼ਨ ਪ੍ਰਿਥਵੀ ਸਮਾਨ ਧੀਰਜਵਾਨ ਅਤੇ ਪਹਾੜ ਵਾਂਗੂੰ ਅਟਲ ਸਨ।

ਹਰ ਵੇਲੇ ਹਿਰਦੇ ਵਿਚ ਨਾਮ ਵਸਿਆ ਰਹਿੰਦਾ। ਨਾਮ ਨਾਲ ਜੁੜੇ ਰਹਿੰਦੇ। ਦੁੱਖ ਰੂਪੀ ਹਰਨ ਵਾਂਗੂ ਉਨ੍ਹਾਂ ਦੀ ਭਬਕ ਵਾਂਗੂ ਨੱਸ ਜਾਂਦੇ। ਰੱਬ ਦੀ ਮੂਰਤੀ ਸਨ।

ਸਿਮਰਹਿ ਨਾਮ ਕਿ ਸੁਨਿ ਹੈ ਕਾਨਿਨ,
ਦੁੱਖ ਮ੍ਰਿਗਨਿ ਕੋ ਸਿੰਘ ਜਮ ਜਾਨਨ।

ਹਰਿ ਕ੍ਰਿਸ਼ਨ ਆਪਣੇ ਪਿਤਾ ਹਰਿ ਰਾਇ ਜੀ ਦੇ ਨਕਸ਼ੇ ਕਦਮ ਤੇ ਚੱਲ ਰਹੇ ਸਨ। ਬਾਲਪਨ ਖੂਬਸੂਰਤ ਤੇ ਹੁੰਦਾ ਈ ਏ ਤੇ ਕਸ਼ਿਸ਼ ਨਾਲ ਵੀ ਭਰਿਆ ਹੁੰਦਾ ਏ ਚਿਹਰਾ।

ਪੂਰੀ ਦੇਖ ਭਾਲ ਕੀਤੀ ਜਾ ਰਹੀ ਸੀ। ਗੁਰਾਂ ਦੀਆਂ ਨਜ਼ਰਾਂ ਵਿਚ ਈ ਇਹ ਫੁਲ ਖਿੜ ਰਿਹਾ ਸੀ ਤੇ ਭਰ ਜੋਬਨ ਤੇ ਆ ਰਿਹਾ ਸੀ। ਬੂਟਾ ਗੁਲਾਬ ਦਾ ਹਰ ਕ੍ਰਿਸ਼ਨ।

ਬੂਟਾ ਪਰਵਰਿਸ਼ ਮੰਗਦਾ ਏ। ਮਾਲੀ ਦੀ ਦੇਖ ਰੇਖ ਵਿਚ ਪਲੇ ਓਸ ਖੂਬਸੂਰਤ ਤੇ ਆਪੇ ਹੀ ਹੋਣਾ ਹੋਇਆ।

ਗੁਰਗੱਦੀ ਦਾ ਤੇ ਇਕ ਤਰ੍ਹਾਂ ਦਾ ਫੈਸਲਾ ਹੋ ਹੀ ਗਿਆ ਸੀ। ਵੱਡਾ ਪੁੱਤਰ ਤੇ ਲਾਹੌਰ ਦੀਆਂ ਗੱਲੀਆਂ ਕੱਛ ਰਿਹਾ ਸੀ। ਉਹ ਹੁਣ ਏਥੇ ਨਾ ਆਇਆ। ਛੋਟੇ ਸਾਹਿਬਜ਼ਾਦੇ ਨੂੰ ਤਿਆਰ ਕਰਨਾ ਫਰਜ਼ ਬਣਦਾ ਸੀ। ਘੜਿਆਲ ਵੱਜ ਰਿਹਾ ਸੀ। ਘੜਿਆਲ ਆਖ ਰਿਹਾ ਸੀ ਕਿ ਵਕਤ ਘੱਟ ਏ ਤੇ ਕੰਮ ਮੁਕਣੇ ਹੀ ਨਹੀਂ। ਪਰ ਫੇਰ ਵੀ ਜਿਹੜਾ ਕੰਮ ਹੋ ਸਕਦਾ ਹੈ ਕਰ ਲਵੋ। ਪਰ ਅਸੀਂ ਤੇ ਮੁਨਾਦੀ ਹੀ ਦੇ ਸਕਦੇ ਹਾਂ ਮੇਰਾ ਕੰਮ ਹੈ ਸੁੱਤੇ ਬੰਦੇ ਨੂੰ ਜਗਾਉਣਾ।

ਮੈਂ ਵੀ ਕੁਝ ਲੱਗਦਾ ਹਾਂ, ਮੇਰਾ ਵੀ ਕੁਝ ਰਿਸ਼ਤਾ ਹੈ ਏਸ ਧਰਤੀ ਨਾਲ।

ਮੈਥੋਂ ਜੋ ਸੁਨੇਹਾ ਲੈਣਾ ਹੈ ਲਵੋ, ਮੈਨੂੰ ਆਪਣਾ ਸੁਨੇਹਾ ਦਿਓ। ਉਹ ਮੈਂ ਦੂਰ ਦੂਰ ਤੱਕ ਪਹੁੰਚਾ ਦੇਵਾਂਗਾ। ਮੈਂ ਪਹਾੜਾਂ ਵਿਚੋਂ ਜ਼ਰਖੇਜ਼ ਮਿੱਟੀ ਰੋੜ੍ਹ ਕੇ ਲਿਆਉਂਦਾ ਹਾਂ। ਤੇ ਖਲੇਰ ਦੇਂਦਾ ਹਾਂ ਮੈਦਾਨਾਂ ਵਿਚ। ਏਸੇ ਲਈ ਕਿ ਮੈਦਾਨ ਵਾਲੇ ਖੁਸ਼ਹਾਲ ਹੋਣ। ਮੇਰਾ ਨਾਂ ਸਤਿਲੁਜ ਏ। ਪੰਜਾਬ ਦੀ ਹਰ ਹੇਠੀ ਜੇਠੀ ਨਾਲ ਮੇਰੀ ਲਹੂ ਮਾਸ ਦੀ ਰਿਸ਼ਤੇਦਾਰੀ ਏ। ਮੈਂ ਵੀ ਏਸੇ ਧਰਤੀ ਦਾ ਜੰਮਪਲ ਹਾਂ; ਇਹ ਵੱਖਰੀ ਗੱਲ ਏ ਕਿ ਮੇਰਾ ਜਨਮ ਕਸ਼ਮੀਰ ਵਿਚ ਹੋਇਆ। ਮੈਂ ਰਿੜ੍ਹਨਾ ਸਿੱਖਿਆ ਮੈਦਾਨ ਦੇ ਖੁਲ੍ਹੇ ਡੁੱਲ੍ਹੇ ਵਿਹੜਿਆਂ ਵਿਚ। ਮੈਂ ਜਵਾਨੀ ਚੜ੍ਹਿਆ ਤੇ ਮੇਰਾ ਹਿਰਦਾ ਵੀ ਵਿਸ਼ਾਲ ਹੋ ਗਿਆ। ਮੈਨੂੰ ਵੀ ਦੁਨੀਆ ਦੀ ਵਾ ਲੱਗੀ। ਮੈਂ ਵੀ ਹਕੂਮਤਾਂ ਦੇ ਰੋਜ਼ ਨਵੇਂ ਨਵੇਂ ਖਰੂਦ ਵੇਖਦਾ ਹਾਂ। ਹਕੂਮਤ ਦੀਆਂ ਅੱਖਾਂ ਹੁਣ ਕੀਰਤਪੁਰ ਤੇ ਲੱਗੀਆਂ ਹੋਈਆਂ ਹਨ। ਮੈਨੂੰ ਆਪਣੀ ਜਵਾਨੀ ਦੀ ਕਸਮ ਜਦੋਂ ਵਕਤ ਆਇਆ ਮੈਂ ਆਪਣੇ ਲਹੂ ਵਿਚ ਨਹਾ ਕੇ ਦੁਸ਼ਮਣ ਦਾ ਮੁਕਾਬਲਾ ਕਰਾਂਗਾ। ਲੰਘਣਾ ਤੇ ਮੇਰੇ ਪਾਣੀਆਂ ਦੇ ਵਿਚੋਂ ਦੀ ਈ ਏ ਨਾ, ਇੰਦਰ ਦੇਵਤੇ ਦਾ ਸਾਨੂੰ ਵਰਦਾਨ ਏ।

ਅਸੀਂ ਜਿਹਨੂੰ ਚਾਹੀਏ ਪਾਰ ਲੰਘਣ ਦੇਈਏ ਜਿਨੂੰ ਚਾਹੀਏ ਰਾਹ ਵਿਚ ਰੋਕ ਦੇਈਏ। ਸਾਨੂੰ ਕੀਰਤਪੁਰ ਨਾਲ ਹਮਦਰਦੀ ਏ। ਦਿੱਲੀ ਵਲੋਂ ਜਿਹੜਾ ਵੀ ਚੜ੍ਹ ਕੇ ਆਏਗਾ ਉਹ ਸਾਡਾ ਪਾਣੀ ਹੀ ਗੰਦਾ ਕਰੇਗਾ। ਲਹੂ ਨਾਲ ਰੰਗੇਗਾ ਸਾਡਾ ਪਾਣੀ ਜਿਹੜਾ ਦੁੱਧ ਵਰਗਾ ਚਿੱਟਾ ਤੇ ਅੰਮ੍ਰਿਤ ਵਰਗਾ ਪਵਿੱਤਰ ਏ। ਮੇਰੀ ਬੁਕਲ ਵਿਚ ਹੜ੍ਹ ਲੁਕਿਆ ਹੋਇਆ ਏ, ਮੇਰੀਆਂ ਬਾਹਵਾਂ ਵਿਚ ਤੂਫਾਨ ਗੂੰਜ ਰਿਹਾ ਹੈ। ਮੇਰੇ ਡੌਲਿਆਂ ਵਿਚ ਇੰਦਰ ਦੀਆਂ ਭੁਜਾਵਾਂ ਦਾ ਬਲ ਏ। ਮੇਰੀ ਛਾਤੀ ਤੇ ਪੈਰ ਧਰ ਕੇ ਉਹ ਲੰਘ ਸਕਦਾ ਏ। ਜਿਹੜਾ ਸਾਡੇ ਨਾਲ ਪਿਆਰ ਕਰੇ। ਵੈਰੀ ਸਾਡੀ ਮਰਜ਼ੀ ਤੋਂ ਬਗੈਰ ਪਾਰ ਕਿਸ ਤਰ੍ਹਾਂ ਹੋ ਜਾਏਗਾ। ਅਸੀਂ ਰੋਜ਼ ਬਾਣੀ ਸੁਣਦੇ ਹਾਂ, ਗੁਰੂਆਂ ਦੇ ਬਚਨ ਸੁਣ ਸੁਣ ਕੇ ਸਾਡੇ ਹਿਰਦੇ ਪਵਿੱਤਰ ਹੋ ਗਏ ਹਨ। ਨਵੀਂ ਜੋਤ ਜਗਣ ਵਾਲੀ ਏ। ਚੋਣ ਹੋਣੀ ਏ।

ਸਤਿਲੁਜ ਅਜੇ ਵੀ ਬੋਲ ਰਿਹਾ ਸੀ। ਨਿੱਜੀ ਸੁਖਾਂ ਦਾ ਤਿਆਗ ਕਰਕੇ ਸਰਿਸ਼ਟੀ ਦੇ ਉਧਾਰ ਲਈ ਜੁਟ ਜਾਣਾ ਗੁਰੂ ਘਰ ਵਿਚ ਹਰ ਚੋਣ ਨਤੀਜੇ ਤੋਂ ਬੇਪ੍ਰਵਾਹ ਹੋ ਕੇ ਕੀਤੀ ਜਾਂਦੀ ਹੈ। ਮੈਂ ਅਗੇ ਵੀ ਫੈਸਲੇ ਹੁੰਦੇ ਵੇਖੇ ਹਨ।

ਦੋਵੇਂ ਭਰਾ ਇਕੋ ਮਾਂ ਦੇ ਪੁੱਤ ਹਨ। ਦੋਵਾਂ ਨੇ ਇਕੋ ਮਾਂ ਦਾ ਦੁੱਧ ਪੀਤਾ ਏ। ਗੁਰੂ ਜੋਤ ਤੇ ਸੂਰਜ ਦੀਆਂ ਕਿਰਨਾਂ ਦੋਹਵਾਂ ਤੇ ਇਕੱਠੀਆਂ ਪਈਆਂ ਹਨ। ਜਦ ਇਕੋ ਜਿਹੀ ਰੌਸ਼ਨੀ ਸੂਰਜ ਦੇਵਤੇ ਨੇ ਵੰਡੀ ਏ। ਖ਼ਾਲੀ ਹਿਰਦੇ ਤੇ ਡੂੰਘਿਆਂ ਟੋਇਆਂ ਤੇ ਜਿਹੜੀ ਰੌਸ਼ਨੀ ਪਈ ਉਹ ਵਿਚੇ ਹੀ ਅਲੋਪ ਹੋ ਗਈ। ਹਿਵੇ ਘਰ, ਬਰਫ ਦੀਆਂ ਚੋਟੀਆਂ ਤੇ ਪਈਆਂ ਕਿਰਨਾਂ, ਚਮਕ ਉਠੀ ਬਰਫ। ਛੱਣ ਛੱਣ ਕੇ ਬਰਫ ਪਿਘਲੀ। ਜਗਤ ਨੂੰ ਸੀਤਲ ਬਣਾਉਣ ਲਈ! ਚੰਦਰਮਾ ਵਰਗੀ ਠੰਡ ਵਰਤੀ। ਠਰੀ ਚਾਨਣੀ ਹਰ ਇਕ ਨੇ ਮਾਣੀ। ਕਿਰਨਾਂ ਇਕੋ ਜਿਹੇ ਤੇਜ ਵਾਲੀਆਂ ਹਨ। ਪਹਾੜਾਂ ਤੇ ਉਹਦਾ ਆਪਣਾ ਚਮਤਕਾਰ ਏ ਤੇ ਜੇ ਉਹ ਕਿਰਨਾਂ ਨਵੇਂ ਨਰੋਏ ਨੀਵੇਂ ਟੋਇਆਂ ਤੇ ਪੈਣ ਤਾਂ ਉਹ ਮੱਧਮ ਹੋ ਜਾਂਦੀਆਂ ਹਨ।

ਗੁਰੂ ਦਾ ਹੁਕਮ ਸੀ, ਜਿਹੜਾ ਮੇਰੇ ਪੁੱਤਰ ਰਾਮ ਰਾਏ ਦੇ ਮੱਥੇ ਲਗੇਗਾ ਉਹ ਮੇਰਾ ਸਿੱਖ ਨਹੀਂ। ਰਾਮ ਰਾਏ ਪੁੱਤ ਨਹੀਂ ਚੰਡਾਲ ਏ। ਡਰਾਕਲ ਏ, ਬੁਜ਼ਦਿਲ ਏ। ਤੇ ਦੂਜੇ ਪਾਸੇ ਸ੍ਰੀ ਹਰਿ ਕ੍ਰਿਸ਼ਨ ਧਿਆਈਏ ਜਿਸ ਡਿਠਿਆਂ ਸਭ ਦੁਖ ਜਾਏ।

ਅਜੇ ਵੀ ਫੈਸਲਾ ਬਾਕੀ ਏ। ਖ਼ਾਲੀ ਰਸਮ ਏ। ਰਸਮ ਹੀ ਤੇ ਹਰਿ ਗਈ ਏ। ਹੋਰ ਬਾਕੀ ਕੀ ਏ। ਗੁਰਗੱਦੀ ਦਾ ਫੈਸਲਾ ਤਾਂ ਹੋ ਗਿਆ ਏ, ਮੈਂ ਸਤਿਲੁਜ ਹਾਂ, ਮੈਂ ਕੀ ਲੈਣਾ ਏ ਝੂਠ ਬੋਲ ਕੇ। ਮੈਂ ਤੁਹਾਡਾ ਬਚੜਾ ਹਾਂ। ਮੈਂ ਤੁਹਾਡਾ ਪੁੱਤ ਹਾਂ। ਮੈਂ ਤੁਹਾਡੇ ਨਾਲ ਜੀਵਾਂਗਾ, ਤੁਹਾਡੇ ਨਾਲ ਮਰਾਂਗਾ।

□

੮੮

ਗੁਰ ਗੱਦੀ

ਅਚਾਨਕ ਨਾ ਕੋਈ ਜਾਣੇ ਤੇ ਨਾ ਕੋਈ ਬੁਝੇ, ਕੋਈ ਕਿਆਸ ਵੀ ਨਹੀਂ ਸੀ ਕਰ ਸਕਦਾ ਕਿ ਅੱਜ ਕੀ ਹੋਣਾ ਏ। ਰੋਜ਼ ਵਾਂਗੂ ਅੱਜ ਵੀ ਦੀਵਾਨ ਲੱਗਾ ਸੀ । ਸਿਰਫ ਘੋੜਿਆਂ ਦੇ ਤਬੇਲੇ ਵਿਚ ਜ਼ਰਾ ਕੁ ਜਿੰਨੀ ਹਿੱਲ ਜੁੱਲ ਸੀ। ਕੁਝ ਘੋੜੇ ਰੱਸਾ ਤੁੜਵਾ ਰਹੇ ਸਨ। ਸਤਿਲੁਜ ਵੀ ਬਿਫਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਲਹਿਰਾਂ ਵਿਚ ਜੋਸ਼ ਤੇ ਸੀ ਪਰ ਉਦਾਸੀ ਭਰਿਆ। ਰਾਗੀ ਆਪਣੀ ਵਜਦ ਵਿਚ ਗਾ ਰਿਹਾ ਸੀ ਪਰ ਵੈਰਾਗ ਵਿਚ। ਦੀਵਾਨ ਵਿਚ ਜੋਤ ਤੇ ਜਗ ਰਹੀ ਸੀ ਪਰ ਲਾਟ ਨੂੰ ਕੰਬਣੀ ਆਉਂਦੀ ਸੀ ਫੇਰ ਜਗਣ ਲੱਗ ਪੈਂਦੀ। ਫੁੱਲ ਜ਼ਰਾ ਕੁ ਕੁਮਲਾਏ ਜਿਹੇ ਲੱਗਦੇ ਸਨ। ਸੈਰ ਗਾਹ ਵਿਚ ਪੱਤਿਆਂ ਦੇ ਝੜਨ ਦੀ ਆਵਾਜ਼ ਸੀ। ਗੁਲਾਬ ਦੇ ਫੁੱਲ ਟਹਿਕ ਤੇ ਰਹੇ ਸਨ ਪਰ ਉਨ੍ਹਾਂ ਦੇ ਮੂੰਹ ਤੇ ਪਤਝੜ ਦਾ ਮਾੜਾ ਜਿਹਾ ਪਰਛਾਵਾਂ ਵੀ ਸੀ। ਗੁਰੂ ਹਰਿਰਾਏ ਦੇ ਚਿਹਰੇ ਤੇ ਰੌਣਕ ਅੱਜ ਪਹਿਲਾ ਤੋਂ ਜ਼ਿਆਦਾ ਸੀ। ਕੀਰਤਨ ਹੋ ਰਿਹਾ ਸੀ। ਸੰਗਤ ਆ ਰਹੀ ਸੀ। ਸੰਗਤ ਜਾ ਰਹੀ ਸੀ।

ਗੁਰੂ ਦੇ ਦਿਲ ਦੀਆਂ ਕੌਣ ਜਾਣੇ। ਕੁਦਰਤ ਅੱਜ ਕੀ ਖੇਡ ਰਚਾਉਣਾ ਚਾਹੁੰਦੀ ਸੀ।

ਸਤਿਗੁਰਾਂ ਨੇ ਜ਼ਰਾ ਕੁ ਸਤਿਲੁਜ ਵੱਲ ਵੇਖਿਆ ਤੇ ਆਖਿਆ ਭਲਿਆ ਲੋਕਾ ਸਬਰ ਤੋਂ ਕੰਮ ਲੈ ਏਨੇ ਉਤਾਵਲੇ ਨਹੀਂ ਹੋਈਦਾ। ਅਜੇ ਵਕਤ ਏ, ਇੰਤਜ਼ਾਰ ਕਰ, ਭਰਾਵਾਂ ਨਾਲ ਭਰਾਵਾਂ ਦੀ ਕਤਾਰ ਵਿਚ ਖੜਾ ਹੋਣਾ ਸਿੱਖ। ਮਛਰਿਆਂ ਸਿੱਰ ਪਾਟ ਜਾਂਦਾ ਏ, ਹੁਕਮ ਸੀ :

ਸਤਿਲੁਜ ਅਜੇ ਜੇਰਾ ਕਰ ! ਬੱਸ ਠੱਲ ਪੈ ਗਈ। ਲਹਿਰਾਂ ਮੱਧਮ ਹੋ ਗਈਆਂ। ਇਕ ਸੁਰ ਵਿਚ ਵੱਗਣ ਲੱਗ ਪਿਆ। ਲਹਿਰਾਂ ਦੀ ਆਵਾਜ਼ ਵਿਚ ਮਧੁਰਤਾ ਸੀ, ਲਗਨ ਸੀ, ਸੋਜ਼ ਸੀ।

ਜ਼ਬਾਨ ਵਾਲੇ ਜ਼ਬਾਨ ਨਹੀਂ ਸਮਝਦੇ। ਪਰ ਬੇਜ਼ੁਬਾਨੇ ਜ਼ਬਾਨ ਸਮਝ ਜਾਂਦੇ ਹਨ।

ਸਿਰਫ ਬਾਬੇ ਬੁੱਢੇ ਦੀ ਸੰਤਾਨ ਵਿਚੋਂ ਇਕ ਨੂੰ ਹੁਕਮ ਸੀ। ਅੱਜ ਤੇਰੀ ਲੋੜ ਏ। ਸਾਡਾ ਪਹਿਰਾ ਖਤਮ ਹੋ ਗਿਆ ਏ। ਵਕਤ ਸਿਰ, ਵੇਲੇ ਨੂੰ ਧਿਆਨ ਵਿਚ ਰੱਖਣਾ ਅੱਜ ਈ, ਹੁਣੇ ਹੀ। ਥੋੜ੍ਹੀ ਦੇਰ ਬਾਅਦ ਤੇਰਾ ਕੰਮ ਆਰੰਭ ਹੋਣਾ ਏ।

—ਸਤਿਗੁਰੂ ਇਹ ਕੀ। ਬੱਸ, ਜੋਤਿ ਵਿਚ ਜੋਤਿ ਪ੍ਰਵੇਸ਼ ਕਰੇਗੀ।

—ਪਰ ਅਜੇ ਤੇ ਤੁਸਾਂ ਗੋਹੜੇ ਵਿਚੋਂ ਪੂਣੀ ਵੀ ਨਹੀਂ ਕਤੀ।

ਬੰਦਾ ਸਾਰੇ ਕੰਮ ਆਪਣੀ ਜ਼ਿੰਦਗੀ ਵਿਚ ਨੇਪਰੇ ਨਹੀਂ ਚਾੜ੍ਹ ਸਕਦਾ। ਕੰਮ ਅਧੂਰੇ ਰਹਿ ਹੀ ਜਾਂਦੇ ਹਨ। ਦੀਵਾਨ ਦੀ ਸਮਾਪਤੀ ਤੋਂ ਪਹਿਲਾਂ ਬਾਕੀ ਸਾਰੀ ਗੱਲ ਪਰਦੇ ਵਿਚ ਸੀ।

ਕੀਰਤਨ ਦੀ ਸਮਾਪਤੀ ਤੋਂ ਬਾਅਦ ਗੁਰੂ ਹਰਿਰਾਏ ਆਪਣੇ ਆਸਣ ਤੇ ਬੈਠੇ ਬੋਲ ਹੀ ਪਏ।

—ਲੋਭੀ ਲੋਕ ਆਪੋ ਧਾਪੀ ਵਿਚ ਪੈ ਜਾਣਗੇ। ਗੁਰੂ ਦੇ ਜਲਾਲ ਨੂੰ ਤੋੜਨ ਫੋੜਨ ਦੀ ਕੋਸ਼ਿਸ਼ ਕਰਨਗੇ। ਕਰਾਮਾਤਾਂ ਵਿਖਾ ਕੇ, ਖੰਭ ਖਲੇਰ ਕੇ, ਆਪਣਾ ਜਾਲ ਵਿਛਾਉਣਗੇ ਪਰ ਤੁਸਾਂ ਦਰਿੜ ਰਹਿਣਾ ਏ। ਗੁਰੂ ਕੋਈ ਸਰੀਰ ਨਹੀਂ ਜੋਤਿ ਏ। ਅਨੁਭਵ ਹੈ। ਉਹੋ ਹੀ ਹੁੰਦਾ ਹੈ ਜਿਹੜਾ ਬਾਣੀ ਵਿਚ ਹੈ।

ਯਕਦਮ ਕਾਹਲੀ ਵਿਚ ਕੋਈ ਇਸ਼ਾਰਾ ਦੇਣ ਤੋਂ ਬਗੈਰ, ਇਲਾਹੀ ਹੁਕਮ ਸਾਦਰ ਕੀਤਾ।

ਚੌਰ ਕਰਨ ਵਾਲੇ ਸਿੱਖ ਨੂੰ ਹੁਕਮ ਦਿੱਤਾ, ਚੌਰ ਹੁਣ ਮੇਰੇ ਉਤੇ ਨਹੀਂ ਕਰਨੀ। ਹੁਣ ਤੁਸੀਂ ਚੌਰ ਹਰਿ ਕ੍ਰਿਸ਼ਨ ਉਤੇ ਕਰੋ।

ਸੰਗਤ ਵਿਚ ਖਾਮੋਸ਼ੀ ਦੀ ਲਹਿਰ ਛਾ ਗਈ। ਇਹ ਕੀ ਬਣਨ ਵਾਲਾ ਏ।

ਆਪਣੇ ਸਿੰਘਾਸਨ ਤੋਂ ਉਠੇ ਤੇ ਆਪਣੇ ਤਖ਼ਤ ਤੇ ਹਰਿ ਕ੍ਰਿਸ਼ਨ ਨੂੰ ਬਿਠਾ ਦਿੱਤਾ। ਚੌਰ ਕਰਨ ਵਾਲੇ ਨੇ ਆਪਣਾ ਰੁਖ਼ ਬਦਲਿਆ ਤੇ ਮੂੰਹੋਂ ਬੋਲਿਆ, "ਧੰਨ ਗੁਰੂ ਹਰ ਕ੍ਰਿਸ਼ਨ ਜੀ" "ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠਿਆਂ ਸਭ ਦੁਖ ਜਾਇ।"

ਪੰਜ ਪੈਸੇ ਤੇ ਇਕ ਨਾਰੀਅਲ ਇਕ ਥਾਲੀ ਵਿਚ ਰਖਿਆ ਹੋਇਆ ਦੁਸ਼ਾਲੇ ਨਾਲ ਢਕਿਆ ਆ ਗਿਆ।

—ਲਿਆਵੋ ਅੱਗੇ, ਤਿਲਕ ਦਾ ਵੀ ਸਾਮਾਨ ਲੈ ਆਏ ਹੋ।

ਪੰਜ ਪੈਸੇ ਤੇ ਨਾਰੀਅਲ ਰੱਖਿਆ ਤੇ ਪੰਜ ਪਰਦੱਖਣਾ ਲਈਆਂ। ਆਪਣੇ ਪੁੱਤ ਹਰਿ ਕ੍ਰਿਸ਼ਨ ਦੀਆਂ। ਗੁਰੂ ਹਰਿਰਾਇ ਨੇ ਆਪਣੇ ਪੁੱਤ ਅੱਗੇ ਮੱਥਾ ਟੇਕਿਆ। ਜੋਤਿ ਜੋਤਿ ਵਿਚ ਪ੍ਰਵੇਸ਼ ਕਰ ਗਈ।

ਭਾਈ ਗੁਰਦਿਤਾ ਜੀ ਨੇ ਤਿਲਕ ਲਗਾਇਆ, ਜੈਕਾਰੇ ਗੂੰਜੇ, ਨਰਿਸਿੰਙਿਆਂ ਨੇ ਐਲਾਨ ਕਰ ਦਿੱਤਾ ਨਵੇਂ ਗੁਰੂ ਦਾ।

ਗੁਰੂ ਹਰਿਰਾਇ ਨੇ ਗੁਰੂ ਨਾਨਕ ਸਮਾਨ ਆਦਰ ਦਿੱਤਾ ਆਪਣੇ ਸਾਹਿਬਜ਼ਾਦੇ ਨੂੰ।

'ਹਾਥ ਜੋਰ ਕੇ ਮਸਤਕ ਟੇਕਿਓ, ਸ੍ਰੀ ਨਾਨਕ ਬਪੁ ਸੁਤ ਕੋ ਭੇਟਿਓ।"

ਸਾਡੇ ਸਮਾਨ ਹੀ ਗੁਰੂ ਹਰਿ ਕ੍ਰਿਸ਼ਨ ਜੀ ਹਨ। ਲੋਕ ਪਰਲੋਕ ਦੇ ਇਹ ਮਾਲਕ ਹਨ। ਇਨ੍ਹਾਂ ਦੇ ਪਾਸ ਹੀ ਮੁਕਤੀ ਦੀ ਕੁੰਜੀ ਹੈ। ਗੁਰੂਤਾ ਇਨ੍ਹਾਂ ਦੇ ਪਾਸ ਹੀ ਹੈ। ਸ਼ਰਧਾ ਧਾਰ ਜੋ ਵੀ ਲੜ ਫੜੇਗਾ ਸਭ ਫਲ ਪ੍ਰਾਪਤ ਹੋਣਗੇ—

'ਮਾਲਕ ਲੋਕ ਪਰਲੋਕਹਿ ਕੇਰਾ, ਫਲ ਪ੍ਰਾਪਤ ਜਿਹ ਭਾਉ ਘਨੇਰਾ'।

ਸਤਿਗੁਰੂ ਹਰਿਰਾਇ ਨੇ ਸੰਗਤ ਅੱਗੇ ਹੱਥ ਜੋੜੇ, ਨਵਾਂ ਗੁਰੂ ਮੁਬਾਰਕ। ਸੰਗਤ ਵਿਚੋਂ ਇਕ ਇਕ ਨੇ ਸਿਰ ਨਿਵਾਇਆ ਤੇ ਭੇਟਾਂ ਦਿੱਤੀਆਂ। ਫੌਜਾਂ ਨੇ ਸਲਾਮੀ ਦਿੱਤੀ—

'ਧੁਜਨਿ ਮਹਿ ਧੌਸੇ ਧੰਕਾਰੇ'।

ਨਗਾਰੇ ਵਜਾਉਣਾ ਸੁਤੰਤਰਤਾ ਦਾ ਇਕ ਚਿੰਨ੍ਹ ਸੀ। ਖ਼ਬਰਾਂ ਪਲਾਂ ਵਿਚ ਪੁੱਜ ਗਈਆਂ। ਗੁਰਗਦੀ ਜਿਹਦੀ ਕਿਸਮਤ ਵਿਚ ਲਿਖੀ ਹੋਈ ਸੀ ਉਹਨੂੰ ਮਿਲ ਗਈ।

ਰਾਮ ਰਾਏ ਨੇ ਜਦ ਖ਼ਬਰ ਸੁਣੀ, "ਗਿਰਯੋ ਮੂਰਛਾ ਖਾਈ"।

□

੮੯

ਅੰਗੀਠਾ

6 ਅਕਤੂਬਰ, 1661 ਵਾਲੇ ਦਿਨ ਗੁਰੂ ਹਰਿਰਾਏ ਨੇ ਆਖ਼ਰੀ ਦਰਸ਼ਨ ਕੀਤੇ ਸੰਗਤ ਦੇ ਅਤੇ ਨਵੇਂ ਗੁਰੂ ਅੱਗੇ ਮੱਥਾ ਟੇਕਿਆ।

ਫ਼ੁਰਮਾਇਆ, "ਸਰੀਰ ਦਾ ਸਾਥ ਥੋੜ੍ਹੇ ਚਿਰ ਦਾ ਏ। ਜਿਵੇਂ ਬਦਲ ਆਪਣਾ ਸਰੀਰ ਢਾਲ ਕੇ ਜਲ ਦੀ ਵਰਖਾ ਕਰਦਾ ਏ। ਠੰਡ ਵਰਤਾ ਦਿੰਦਾ ਏ। ਤਪਸ਼ ਭਜਦੀ ਭੱਜ ਜਾਂਦੀ ਏ। ਖੇਤਾਂ ਵਿਚ ਨਵਾਂ ਜੀਵਨ ਉਭਰ ਆਉਂਦਾ ਏ। ਰੂਹ ਖਿੜ ਉਠਦੀ ਏ। ਨਵੀਂ ਜ਼ਿੰਦਗੀ ਤੇ ਨਵਾਂ ਜੀਵਨ ਪ੍ਰਦਾਨ ਕਰਦਾ ਏ ਬਦਲ। ਬਹਾਰਾਂ ਨਸ਼ਿਆ ਜਾਂਦੀਆਂ ਹਨ। ਭੜੋਲੀਆਂ ਭਰ ਦੇਂਦਾ ਏ ਬਦਲ ਤੇ ਫੇਰ ਬਦਲ ਮੁਘੜ ਮਾਰ ਕੇ ਸਾਗਰ ਵਿਚ ਲੀਨ ਹੋ ਜਾਂਦਾ ਹੈ।

ਸਰੀਰ ਨੇ ਤੇ ਬਿਨਸਨਾ ਈ ਏ। ਅੱਜ ਕੀ ਤੇ ਕੱਲ ਕੀ। ਗੁਰੂ ਜੋਤਿ ਸਦਾ ਕਾਇਮ ਹੈ। ਗੁਰੂ ਮੇਘ ਨਿਆਈਂ ਏ। ਭਾਂਡਾ ਘੜਿਆ ਸਭ ਨੇ ਵੇਖਿਆ ਏ ਤੇ ਭਜਦੇ ਨੂੰ ਵੀ ਤੇ ਸੰਗਤ ਨੇ ਵੇਖਣਾ ਈ ਏ ਨਾ। ਇਹ ਹੁਣ ਪ੍ਰਤੱਖ ਗੁਰੂ ਹਰਿ ਕ੍ਰਿਸ਼ਨ ਵਿਚ ਹਨ।

ਮੇਰੀ ਸਰਬਤ ਸੰਗਤਿ ਪਰ ਬੜੀ ਖੁਸ਼ੀ ਹੈ, ਅਬ ਮੈਂ ਜੋਤੀ ਜੋਤ ਸਮਾਵਤਾ ਹੂੰ।
ਤੁਮ ਕੋ ਸਤਿਗੁਰੂ ਹਰਿਕ੍ਰਿਸ਼ਨ ਵਿਦਮਾਨ ਹੈ, ਗੁਰੂ ਗੁਰੂ ਜਪਨਾ।

ਕੀਰਤਨ ਭਜਨ ਕਰਨਾ। ਗੁਰੂ ਗੁਰੂ ਕਰਤ ਰਹਿਨਾ।

ਬੱਸ ਏਨਾ ਹੀ ਆਖਿਆ, ਨੈਣ ਮੁੰਧ ਲਏ ਤੇ ਉਥੇ ਹੀ ਬਿਰਾਜ ਗਏ ਜਿਥੇ ਪਾਠ ਪਏ ਸੁਣਦੇ ਸਨ। ਚਿਤ ਬਿਰਤੀ ਨੂੰ ਰੋਕਿਆ ਤੇ ਇੰਜ ਅਭੇਦ ਹੋ ਗਏ ਜਿਵੇਂ ਜਲ ਵਿਚ ਜਲ ਸਮਾ ਜਾਂਦਾ ਹੈ। ਸੰਗਤ ਸੁਣਦਿਆਂ ਸਾਰ ਹੀ ਉਮਡ ਪਈ। ਗੁਰੂ ਹਰਿ ਕ੍ਰਿਸ਼ਨ ਜੀ ਨੇ ਕੀਰਤਨ ਆਰੰਭ ਕਰਵਾ ਦਿੱਤਾ।

ਗੁਰੂ ਹਰਿਰਾਏ ਬਹੁਤ ਗੁਣਾਂ ਦੇ ਮਾਲਕ ਸਨ, ਉਨ੍ਹਾਂ ਵਿਚ ਕਰੋਧ ਲੇਸ਼ ਮਾਤਰ ਵੀ ਨਹੀਂ ਸੀ। ਸਦਾ ਇਕ ਰਸ ਵਿਚਰੇ। ਸਤ ਜਤ, ਆਨੰਦ ਦਾ ਸੰਗਮ ਉਨ੍ਹਾਂ ਦਾ ਹਿਰਦਾ ਸੀ—

'ਰਿਦਾ ਏਕ ਰਸ ਪਰਮ ਪੁਨੀਤ, ਸਤਿ ਚਿਤ ਸੁ ਚੀਤ'
ਬੱਸ ਜੀਵਨ ਦੀ ਏਨੀ ਹੀ ਲੀਲਾ ਸੀ, ਜੋਤਿ ਵਾਲੇ ਨੇ ਜੋਤ ਸੰਭਾਲ ਲਈ।

ਪਤਾਲ ਪੁਰੀ ਵਿਚ ਚੰਦਨ ਦੀ ਚਿਤਾ ਚਿਣੀ ਗਈ ਤੇ ਅਗਨ ਭੇਟਾ ਗੁਰੂ ਹਰਿ ਕ੍ਰਿਸ਼ਨ ਜੀ ਨੇ ਕੀਤੀ। ਸੰਗਤ ਦੇ ਨੈਣ ਛਲਕ ਪਏ। ਸਿਸਕੀ ਦੀਆਂ ਆਵਾਜ਼ਾਂ ਆ ਰਹੀਆਂ ਸਨ। ਹਉਕੇ, ਹਾਵੇ, ਅੰਗੀਠੇ ਨੂੰ ਸਾਰੀ ਸੰਗਤ ਨੇ ਨਮਸ਼ਕਾਰ ਕੀਤਾ। ਅਗਨੀ ਦੀ ਭੇਟ ਹੋ ਗਈ। ਪੰਜ ਤੱਤ ਵਾਯੂਮੰਡਲ ਵਿਚ ਸਮਾ ਗਏ।

ਗੁਰੂ ਮਹਾਰਾਜ ਹਰਿ ਕ੍ਰਿਸ਼ਨ ਜੀ ਦਾ ਇਹ ਪਹਿਲਾ ਫ਼ੁਰਮਾਨ ਸੀ। ਜਿਵੇਂ ਸਰੀਰ ਤੇ ਪਾਏ ਕਪੜੇ ਥੋੜ੍ਹੇ ਦਿਨਾਂ ਵਿਚ ਹੀ ਹੰਢ ਜਾਂਦੇ ਹਨ। ਤੇ ਫੇਰ ਬੰਦਾ ਉਹੀ ਕਪੜੇ ਨਹੀਂ ਪਹਿਨਦਾ ਸਗੋਂ ਨਵੇਂ ਕਪੜੇ ਪਾਉਂਦਾ ਹੈ। ਅਤੇ ਉਪਰੰਤ ਉਤਾਰ ਛੱਡਦਾ ਹੈ। ਇਵੇਂ ਹੀ ਇਹ ਸਰੀਰ ਜੀਰਣ ਹੋ ਜਾਂਦਾ ਹੈ। ਕੰਧ ਭਾਵੇਂ ਕਿੰਨੀ ਵੀ ਲੰਬੀ ਕਿਉਂ ਨਾ ਹੋਵੇ, ਕੋਈ ਕਿੰਨਾ ਚਿਰ ਦੌੜ ਸਕਦਾ ਹੋਵੇ, ਕੰਧ ਦਾ ਸਿਰਾ ਆਖ਼ਰ ਤੇ ਆਉਣਾ ਹੀ ਏ—

'ਜੈਸੇ ਬਸਤਰ ਦੇਹ ਓਢਾਲ, ਦਿਨ ਦੋਇ ਚਾਰ ਭੋਰਾਹਾ,
ਭੀਤਿ ਊਪਰੇ ਕੇਤਕੁ ਧਾਈਐ, ਅੰਤ ਓਰ ਕੋ ਆਹਾ।''

ਸਾਨੂੰ ਸੱਚੇ ਪਾਤਸ਼ਾਹ ਸਮਝਾ ਗਏ ਹਨ ਕਿ ਹਮੇਸ਼ਾ ਨਾਮ ਨੇ ਹੀ ਰਹਿਣਾ ਏ। ਕਰਨੀ ਹੈ, ਸੱਚ ਹੈ, ਕਰਨ ਕਾਰਨ ਸਭ ਦੇ ਸਿਰ ਤੇ ਮੌਜੂਦ ਹੈ—

'ਕਰਣ ਕਾਰਣ ਸਭ ਮੈ ਸਿਰਿ ਤੋਹੀ।'

ਆਤਮਾ ਪ੍ਰਮਾਤਮਾ ਵਿਚ ਮਿਲ ਗਈ।

ਚੌਥਾ ਸੀ, ਸਾਰੀ ਸੰਗਤ ਦੀ ਭੀੜ ਜੁੜੀ ਹੋਈ ਸੀ। ਫੁੱਲ ਚੁਣਨ ਲਈ ਇਕੱਠ ਜਮ੍ਹਾ ਸੀ। ਜਦ ਭਸਮ ਨੂੰ ਫਰੋਲਿਆ ਗਿਆ, ਤਾਂ ਲੋਕਾਂ ਦੇ ਹੱਥਾਂ ਤੇ ਤੋਤੇ ਉਡ ਗਏ। ਸਿਰਫ ਭਸਮ ਹੀ ਭਸਮ ਸੀ। ਫੁੱਲਾਂ ਦਾ ਕਿਤੇ ਨਾਂ ਵੀ ਨਹੀਂ ਸੀ। ਗੁਰੂ ਸਰੀਰ ਨਹੀਂ ਜੋਤਿ ਹਨ—

'ਕਾਸਟ ਜਰੇ ਭਸਮ ਤਿਸ ਥਾਵਾ, ਬੀਨਤਿ ਫੂੱਲ ਨਹੀਂ ਕਿਛ ਪਾਵਾ।'

ਗੁਰੂ ਹਰਿਰਾਏ ਨੇ ਸੱਚ ਨੂੰ ਤੇ ਸੱਚ ਨੂੰ ਹਮੇਸ਼ਾ ਉਚਾ ਰਖਿਆ। ਉਹ ਨਿਰਭਉ, ਨਿਰਵੈਰ ਸਨ।

☐ ਸਮਾਪਤ